ੴ ਸਤਿਗੁਰ ਪ੍ਰਸਾਦਿ ॥

# ਬਿਪ੍ਰਨ ਕੀ ਰੀਤ ਤੋਂ

## ਸੱਚ ਦਾ ਮਾਰਗ

(ਦਸਵਾਂ ਭਗ)

# ਬਿਚਿਤ੍ਰ ਨਾਟਕ

## (ਗੁਰੂ-ਬਾਣੀ ਦੀ ਕਸਵੱਟੀ ਉਤੇ)

ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ ॥
ਜਿਨਿ ਜੁਆਲਾ ਜਗੁ ਜਾਰਿਆ, ਸੁ ਜਨ ਕੇ ਉਦਕ ਸਮਾਨ ॥

ਸ੍ਰੀ ਅਕਾਲ ਸਹਾਇ ਸੁਸਾਇਟੀ (ਰਜਿ:)
**4399 ਗਲੀ ਨੰ: ੪, ਰਣਜੀਤਪੁਰਾ, ਡਾਕ: ਖ਼ਾ;ਸਾ ਕਾਲਜ, ਅੰਮ੍ਰਿਤਸਰ**
**ਫ਼ੋਨ/ਫੈਕਸ: 0183-212547**

**ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ**

# ੴ ਸਤਿਗੁਰ ਪ੍ਰਸਤਦਿ

**ਵਿਸ਼ਾ ਸੂਚੀ** **ਦਸਵਾਂ ਭਾਗ**


੧- ਅਰੰਭਕ ਬੇਨਤੀ ੧

੨ ਪੰਥਕ ਆਗੂ ਜਥੇਦਾਰ ਸਾਹਿਬਾਨ ਅਤੇ ਸ੍ਰੀ ਦਸਮ ਗ੍ਰੰਥ ਨੂੰ ਸ੍ਰੀ ਦਸਮ ਗੁਰੂ ਨਾਨਕ ਸਾਹਿਬ ਦਸ਼ਮੇਸ਼ ਜੀ ਦੀ ਲਿਖਤ ਸਿੱਧ ਕਰ ਰਹੇ ਵਿਦਵਾਨਾਂ ਦੀ ਸੇਵਾ ਵਿਚ ਲਿਖੀ ਚਿਠੀਆਂ ੫

੩- ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਸਵੱਟੀ ਤੇ ਪਰਖਣ ਦੀ ਲੋੜ ਦਾ ਪਿਛੋਕੜ **ਦਾ ਪਿਛੋਕੜ**-- ੪੪

੪- ਬਚਿੱਤ੍ਰ ਨਾਟਕ--ਪਹਿਲਾ ਕਾਂਡ--ਪਹਿਲਾ ਅਧਿਆਇ ੫੫

੫- " ਕਾਲ " ਸ਼ਬਦ ਬਾਰੇ ਗੁਰਮਤਿ ਵਿਚਾਰ- ੬੨

੬- ਦੂਜਾ ਅਧਿਆਇ-- ੬੭

੭- ਅਕਾਲਪੁਰਖ ਤੇ ਵੀ ਝੂਠ ਦਾ ਪਰਛਾਵਾਂ ? ੬੮

੮- ਖ਼ਾਲਸਾ ਪੰਥ ਨੂੰ ਔਝੜੇ ਪਾਉਣ ਵਾਲਾ ਝਿਣਾਵਣਾਂ ਝੂਠ (ੳ) ੬੯

੯- ਭੁਲੇਖਾ ਪਾਉਣ ਲਈ ਲਿਖੇ ਝੂਠ ਦਾ ਦੂਜਾ ਪੱਖ (ਅ) ੭੨

੧੦- ਤੀਜਾ ਅਧਿਆਇ--ਕੁਸ਼ੀਆਂ ਨੂੰ ਬੇਦੀ ਦਾ ਸ੍ਰੀ ਗਣੇਸ਼ ੭੩

੧੧ ਚੌਥਾ ਅਧਿਆਇ ਕੁਸ਼ੀ ਵੀ ਰਘੁਬੰਸਿਆਂ ਤੋਂ ਬੇਦੀ ਬਣ ਗਏ ? ੭੫

੧੨ ਤ੍ਰੇਤਾ ਜੁਗ ਵਿਚ ਹੀ ਗੁਰੂ ਨਾਨਕ ਜੀ ਦੇ ਅਵਤਾਰੀ ਹੋਣ ਦੀ ਭਵਿਖ ਬਾਣੀ ? ੭੬

੧੩ ਗੁਰੂ ਨਾਨਕ ਜੀ ਦੀ ਗੁਰਿਆਈ ਦੀਆਂ ਵੰਡੀਆਂ ? ੭੮

੧੪- ਗ੍ਰੰਥ ਵਧਨ ਦੇ ਡਰ ਵਾਲਾ, ਮੁੜ ਮੁੜ ਉਹੀ ਕੋਝਾ ਝੂਠ-ਢੁੱਚਰ ੭੯

੧੫- ਰਾਮਾਇਣ ਗਾਥਾ ਦੇ ਅਧਾਰ ਤੇ ਵਿਚਾਰ ਗੋਚਰਾ ਬੜਾ ਜ਼ਰੂਰੀ ਪੱਖ ੮੦

੧੬- ਪੰਜਵਾਂ ਅਧਿਆਇ--ਸਤਿਗੁਰੂ ਨਾਨਕ ਜੀ ਦੇ ਵਡੱਕੇ ਬੇਦੀਆਂ ਦੀ ਦੁਰਦਸ਼ਾ ? ੮੨

੧੭ ਤੀਸਰੇ ਪੰਥ ਦੇ ਸਿਰਜਣਹਾਹ ਸ੍ਰੀ ਗੁਰੂ ਨਾਨਕ (ਮ:੧) --ਸਚਈ ਸਿਰ ਚੜ੍ਹ ਬੋਲੀ ? ੮੩

੧੮- ਦਸ਼ਮੇਸ਼ ਜੀ ਕੀ ਦਸਵੇਂ ਗੁਰੂ ਨਾਨਕ ਨਹੀਂ ਸਨ ? ੮੪

੧੯- ਗੁਰਮਤਿ ਗਿਆਨ ਦੀ ਹੋਰ ਵੀ ਵੱਧ ਖੰਡਨਾ ੮੪

੨੦- ਛੇਵਾਂ ਅਧਿਆਇ--ਹੇਮ ਕੁੰਡ ਵਾਲੀ ਕਥਿ ਤਪੱਸਿਆ ਅਤੇ ਗੁਰਮਤਿ ੯੦

੨੧- ਅਕਾਲ ਪੁਰਖ ਨਾਲ ਹੋਈ ਗਲ ਬਾਤ ? ੯੬

੨੨- ਗੁਰੂ-ਬਾਣੀ ਦੀ ਖੰਡਨਾਂ ? ੧੦੨

੨੩- ਵੱਡੇ ਤੋਂ ਵੱਡੇ ਝੂਠ ਨੂੰ ਪੂਜਨੀਕ ਬਨਾਉਂਣ ਵਾਂਲੇ ਲਿਖਾਰੀ ਦਾ ਅਮੋਘ ਬਾਣ ? ੧੦੫

੨੪- **ਦੁਸ਼ਟ** ਪਦ ਅਤੇ ਗੁਰਮਤਿ ੧੦੭
੨੫- **' ਦੁਸ਼ਟ ਦਮਨ ' ਜਾਂ ' ਦੁਸ਼ਟ ' ਦੋਵੇਂ, ਬਿੱਪ੍ਰੀ ਬੋਲੀ?** ੧੦੯
੨੬- ਸਤਵਾਂ ਅਧਿਆਇ-- ਅਬ ਕਬਿ ਜਨਮ ਕਥਨੰ--ਗੁਰੂ ਬਾਣੀ ਦੀ ਕਅਵੱਟੀ ਤੇ ੧੧੧
੨੭- ਅਠਵਾਂ ਅਧਿਆਇ--ਅਬ ਰਾਜ ਸਾਜ ਕਥਨੰ-- ੧੧੫
੨੮- ਨੌਵਾਂ ਅਧਿਆਇ- ਅਬ ਨਦਉਣ ਕਾ ਜੁੱਧ ਬਰਨਨੰ- ੧੧੭
੨੯- ਦਸਵਾਂ ਅਧਿਆਇ-- ਚੋਰਾਂ ਨੂੰ ਚੁਨ ਚੁਨ ਕੇ ਮਰਨ ਦੇ ਸਾਕੇ ੧੧੮
੩੦- ਯਾਰਵਾਂ ਅਧਿਆਇ--ਹੁਸੈਨੀ ਜੁੱਧ ੧੧੯
੩੧- ਬਾਰ੍ਹਵਾਂ ਅਧਿਆਇ-- ਜੁਝਾਰ ਸਿੰਘ ਦਾ ਜੁੱਧ ੧੨੦
੩੨- ਤੇਰ੍ਹਵਾਂ ਅਧਿਆਇ--(ਔਰੰਗਜ਼ੇ ਦੇ ਵਡੇ ਪੁੱਤਰ ਬਹਾਦਰਸ਼ਾਹ) ਸ਼ਹਜਾਦੇ ਕੋ ਆਗਮਨ ਮਦ੍ਰ ਦੇਸ਼ ੧੨੧
੩੩- ਚੌਧਵਾਂ ਅਧਿਆਇ--ਸਰਬ ਕਲ ਕੋ ਬੇਨਤੀ ਬਰਨਨੰ --ਅੰਤਮ ਅਧਿਆਇ 130--136

**੧ੴ ਸਤਿਗੁਰ ਪ੍ਰਸਾਦਿ ॥**

# ਬਿਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ

**(ਦਸਵਾਂ ਭਾਗ)**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਤੇ ਸ੍ਰੀ ਦਸਮਗ੍ਰੰਥ ਜੀ

**(Part 1)**

## ਅਰੰਭਕ ਬੇਨਤੀ

ਪੁਸਤਕ ਲਿਖਣ ਦੀ ਮਨ ਵਿਚ ਵਿਚਾਰ ਆਉਣ ਬਾਰੇ ਅਤੇ ਲਿਖਣਾ ਅਰੰਭ ਕਰਨ ਦੀ ਪ੍ਰੇਰਨਾ ਬਾਰੇ ਅਤੇ ਨਾਲ ਹੀ ਕੁਝ ਆਪਣੇ ਬਾਰੇ ਪੁਸਤਕ ਦੇ ਪਹਿਲੇ ਭਾਗ ਦੇ ਅਰੰਭ ਵਿਚ ਬੜੇ ਵਿਸਥਾਰ ਨਾਲ ਲਿਖਿਆ ਗਿਆ ਹੈ। ਫਿਰ ਵੀ ਸ੍ਰੀ ਦਸਮ ਗ੍ਰੰਥ ਜੀ ਬਾਰੇ ਉਚੇਚੀ ਪੁਸਤਕ ਲਿਖਣ ਦੇ ਵਿਚਾਰ ਦੀ ਗੱਲ ਉਚੇਚੇ ਤੌਰ ਤੇ ਲਿਖ ਦੇਣੀ ਇਸ ਲਈ ਜ਼ਰੂਰੀ ਹੈ ਕਿਉਂਕਿ ਸ੍ਰੀ ਬਚਿੱਤ੍ਰ ਨਾਟਕ ਦੇ ਕਾਫ਼ੀ ਹਿੱਸੇ ਬਾਰੇ ਲਗ-ਪਗ ਸਾਰੇ ਪੰਥ ਵਿਚ ਬੜੀ ਸ਼ਰਧਾ ਬਣੀ ਹੋਈ ਹੈ। ਬਹੁਤੇ ਸਿੱਖ ਸ੍ਰੀ ਦਸਮ ਗ੍ਰੰਥ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੁੱਲ ਹੀ ਸਮਝਦੇ ਅਤੇ ਸਤਿਕਾਰਦੇ ਹਨ। ਆਉ ਏਥੇ ਵੀ ਖਾਲਸਾ ਜੀ ਦੇ ਪਿਛੋਕੜ ਤੋਂ ਗੱਲ ਵਿਚਾਰਨੀ ਅਰੰਭ ਕਰੀਏ ।

ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ, ਖ਼ਾਲਸਾ ਪੰਥ ਉਹ ਨਹੀਂ ਰਿਹਾ ਜੋ ਸੰਨ ੧੭੦੮ ਵਿਚ ਸੀ। ਦਿਨੋ ਦਿਨ ਪੰਥ ਵਿਚ ਆ ਰਹੇ ਵਿਗਾੜ ਦਾ ਠੀਕ ਠੀਕ ਕਾਰਨ, ਇਸ ਨਿਮਾਣੇ ਦਾਸਰੇ ਨੇ ਲੱਭਣਾ ਚਾਹਿਆ। ਸਤਿਗੁਰਾਂ ਦੇ ਪਾਵਨ ਨਾਮਣੇ ਨਾਲ ਜੁੜੇ ਹੋਏ ਇਨ੍ਹਾਂ ਬਚਨਾਂ ਵੱਲ ਧਿਆਨ ਗਿਆ--

**ਜਬ ਲਗ ਖਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਆ ਮੈਂ ਸਾਰਾ ।**
**ਜਬ ਇਹ ਗਹੇ ਬਿਪ੍ਰਨ ਕੀ ਰੀਤ । ਮੈਂ ਨਾ ਕਰੂੰ ਇਨਕੀ ਪਰਤੀਤ ।**

ਬੜੀ ਪੁੱਛ ਪੜਤਾਲ ਕੀਤੀ ਕਿ, ਕੀ ਵਾਕਿਆ ਹੀ ਦਸਮ ਸਤਿਗੁਰਾਂ ਦਾ ਇਨ੍ਹਾਂ ਬਚਨਾਂ ਦਾ ਨਿੱਜੀ ਸੰਬੰਧ ਹੈ। ਸ੍ਰੀ ਅਕਾਲ ਤਖ਼ਤ ਤੱਕ ਕਿਸੇ ਨੇ ਵੀ ਇਹ ਨਹੀਂ ਆਖਿਆ ਕਿ ਇਨ੍ਹਾਂ ਬਚਨਾਂ ਨਾਲ ਦਸ਼ਮੇਸ਼ ਜੀ ਦਾ ਕੋਈ ਸੰਬੰਧ ਨਹੀਂ। ਤਾਂ ਫਿਰ ਸਤਿਗੁਰਾਂ ਦਾ ਅਟੱਲ ਬਚਨ ਹੈ ਕਿ ਜਦੋਂ ਤੱਕ ਵੀ ਖ਼ਾਲਸਾ ਨਿਆਰਾ ਰਹੇਗਾ, ਤੇਜ ਪ੍ਰਤਾਪ ਕਾਇਮ ਰਹੇਗਾ। ੧੬੯੯ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਅਤੇ ੧੭੯੯ ਵਿਚ ਸਤਿਗੁਰਾਂ ਨੇ ਲਾਹੌਰ ਫ਼ਤਹਿ ਕਰਵਾ ਦਿੱਤਾ ? ਆਪਣੇ ਨਿਆਰੇ ਖ਼ਾਲਸਾ ਜੀ ਨੂੰ ਅਧਿਆਤਮਕ ਤੇਜ ਪ੍ਰਤਾਪ ਦੇ ਨਾਲ ਸਾਰੇ ਦਾ ਸਾਰਾ ਸਿਆਸੀ ਤੇਜ ਪ੍ਰਤਾਪ ਵੀ ਬਖ਼ਸ਼ਸ਼ ਕਰ ਦਿੱਤਾ। ਬਚਨਾ ਦੇ ਸੂਰੇ ਸਤਿਗੁਰਾਂ ਨੇ ਗ਼ਰੀਬ ਸਿੰਘ ਨੂੰ ਰਾਜ ਭਾਗ ਦੇਣ ਵਾਲਾ ਬਚਨ ਪੂਰਾ ਕਰ ਦਿੱਤਾ ਸੀ। (੧) ਤਸੱਲੀ ਹੋ ਗਈ ਕਿ, ਤੇਜ ਪ੍ਰਤਾਪ ਦਾ ਖੁੱਸ ਜਾਣਾ ਸਿੱਧ ਕਰਦਾ ਹੈ ਕਿ ਅਸੀਂ ਨਿਆਰੇ ਬਿਲਕੁਲ ਨਹੀਂ ਰਹੇ। (੨) ਹੁਣ ਇਹ ਵੇਖਣਾ ਸੀ ਕਿ, ਉਹ ਰੀਤ ਕਿਹੜੀ ਹੈ ਜਿਸ ਦੇ ਕਾਰਨ ਅਸਾਂ ਸਤਿਗੁਰਾਂ ਦੀ ਨਜ਼ਰ ਵਿਚ ਬੇਪ੍ਰਤੀਤੇ ਬਣ ਜਾਣਾ ਸੀ। ਸਖ਼ਤ ਚਿੰਤਾ ਲੱਗ ਗਈ-- ਕੀ ਕਿਤੇ ਅਸੀ ਬਿੱਪ੍ਰਨ ਕੀ ਰੀਤ ਦੇ ਧਾਰਨੀ ਬਣ ਕੇ ਸਤਿਗੁਰਾਂ ਦੀਅ ਨਜ਼ਰਾਂ ਵਿਚ ਬੇਪ੍ਰਤੀਤੇ ਵੀ ਤਾਂ ਨਹੀਂ ਬਣ ਚੁੱਕੇ ।

੧੯੮੫ ਤੋਂ ਇਸ ਪੱਖੋਂ ਵੀ ਖੋਜ ਕਰਨੀ ਅਰੰਭ ਕਰ ਦਿੱਤੀ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਮਿਹਰ ਦਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੁੱਚੇ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸਮਝਿਆ। ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਚੰਗੀ ਤਰ੍ਹਾਂ ਘੋਖਿਆ। ਬਿੱਪ੍ਰਾਂ ਦੀਆਂ ਰੀਤਾਂ ਨੂੰ ਸਮਝਣ ਲਈ ਹਿੰਦੂਆਂ ਦੇ ਜਿੰਨੇ ਵੀ ਪੁਰਾਤਨ ਗ੍ਰੰਥ ਪੰਜਾਬੀ ਵਿਚ ਛਪੇ, ਮਿਲ ਸਕੇ ਧਿਆਨ ਨਾਲ ਪੜ੍ਹੇ । ਤਸੱਲੀ ਹੋ ਗਈ ਕਿ ਅਸੀਂ ਨਿਆਰੇ ਵੀ ਨਹੀਂ ਰਹੇ ਅਤੇ ਸਾਡੀ ੯੯ % ਪੰਥਕ ਮਰਯਾਦਾ ਵੀ ਬ੍ਰਾਹਮਣੀ ਰੀਤਾਂ ਨੂੰ ਕਬੂਲ ਕਰ ਚੁੱਕੀ ਹੈ। ਅਸੀਂ ਐਵੇ ਵਿਖਾਵੇ ਦੇ ਦਰਸ਼ਨੀ ਸਿੱਖ ਹੀ ਹਾਂ, ਅਸਲ ਵਿਚ ਅਸੀਂ ਸਤਿਗੁਰੂ ਜੀ ਤੋਂ ਦੁਰੇਡੇ ਹੁੰਦੇ ਹੋਏ ਮੂਰਤੀਆਂ ਵਾਲੇ ਮੰਦਰਾਂ ਦੇ ਨੇੜੇ ਬਹੁਤਾ ਪੁੱਜ ਚੁੱਕੇ ਹਾਂ। ਇਸ ਖੋਜ ਦੇ ਦੌਰਾਨ ਦਾਸ ਦੀ ਬੁੱਧੀ ਨੇ ਇਹ ਵੀ ਕਬੂਲ ਕਰ ਲਿਆ ਕਿ ਗੁਰਮਤਿ ਮਰਯਾਦਾ ਦਾ **ਜਿੰਨਾ ਘਾਤ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨੇ ਕੀਤਾ ਹੈ** ਏਨੀ ਸਖ਼ਤ ਹਾਨੀ ਹੋਰ ਕਿਸੇ ਪਾਸਿਉਂ ਨਹੀਂ ਪੁੱਜੀ।

ਸ੍ਰੀ ਦਸਮ ਗ੍ਰੰਥ ਜੀ ਬਾਰੇ ਪੰਥ ਵਿਚ ਦੇਰ ਦਾ ਵਿਵਾਦ ਹੈ ਅਤੇ ਇਸ ਅਦਭੁਤ ਗ੍ਰੰਥ ਦੀ ਅਸਲੀਯਤ ਸਮਝ ਕੇ ਉਸ ਤੋਂ ਪੰਥ ਨੂੰ ਸੁਚੇਤ ਕਰਨ ਦੀ ਦਲੇਰੀ ਜਿਸ ਨੇ ਵੀ ਕੀਤੀ, ਉਸ ਨੂੰ ਪੰਥ ਵਿਚੋਂ ਖ਼ਾਰਜ ਕਰਕੇ, ਪੰਥ ਦੇ ਸੱਚੇ ਹਿਤੈਸ਼ੀਆਂ ਨੂੰ ਨਮੋਸ਼ੀ ਦੇ ਖੂਹ ਵਿਚ ਧੱਕ ਦਿੱਤਾ ਜਾਂਦਾ ਰਿਹਾ ਸੀ। ਇਸ ਵਿਸ਼ੇ ਨੂੰ ਹੱਥ ਪਾਉਣਾ ਨੰਗੀ ਬਾਂਹ, ਭੂੰਡਾ ਦੇ ਖੱਖਰ ਵਿਚ ਧਸਾ ਦੇਣ ਵਾਲੀ ਮੂਰਖਤਾਈ ਹੋ ਦਿੱਸੀ।

ਇਹ ਗੱਲ ਤਾਂ ਸਪੱਸ਼ਟ ਸੀ ਕਿ, ਪੰਥ ਦੇ ਆਗੂ ਜਥੇਦਾਰ ਸਾਹਿਬਾਨ ਸੱਚ ਬੋਲਣ ਵਾਲਿਆਂ ਨੂੰ ਜਾਂ ਇਸ ਗ੍ਰੰਥ ਦੀ ਅਸਲੀਯਤ ਨੰਗੀ ਕਰਨ ਲਈ ਸੱਚ ਲਿਖਣ ਵਾਲਿਆਂ ਸੁਹਿਰਦ ਅਤੇ ਸੱਚੇ ਪੰਥਕ ਹਿਤੈਸ਼ੀਆਂ ਨੂੰ ਤਨਖਾਹੀਏ ਘੋਸ਼ਤ ਕਰਦੇ ਪੰਥ ਵਿਚੋਂ ਤਾਂ ਬੇਸ਼ਕ ਕੱਢਦੇ ਰਹੇ ਹੋਣਗੇ ਪਰ ਉਨ੍ਹਾਂ ਵਿਚੋਂ ਕਿਸੇ ਨੇ ਵੀ ਇਸ ਗ੍ਰੰਥ ਪੰਥਕ ਤੌਰ ਤੇ ਨਿਰ-ਵਿਵਾਦ ਘੋਸ਼ਤ ਨਾ ਕਰਵਾਇਆ। ਰਤਨ ਸਿੰਘ ਜੱਗੀ ਨੇ, ਹਰਿੰਦਰ ਸਿੰਘ ਮਹਿਬੂਬ ਨੇ ਅਤੇ ਸ਼ਹੀਦ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਸਵਰਗਵਾਸੀ ਗੁਰਮੁਖਿ ਪਿਆਰੇ ਸ: ਹਰਭਜਨ ਸਿੰਘ ਜੀ ਨੇ ਵੀ ਇਸ ਗ੍ਰੰਥ ਬਾਰੇ ਵਿਰੋਧੀ ਵਿਚਾਰ ਲਿਖੇ ਹਨ। ਕੀ ਮੈਂ ਵੀ ਲਿਖ ਦਿਆਂ ? ਪਰ ਮੈਨੂੰ ਕਿਸੇ ਦੀ ਰੀਸ ਕਰਨ ਦੀ ਕੀ ਲੋੜ। ਆਪ ਇਸ ਗ੍ਰੰਥ ਨੂੰ ਅਰਥਾਂ ਸਮੇਤ ਪੜ੍ਹ-ਬੁੱਝ ਕੇ ਗੁਰੂ ਬਾਣੀ ਦੀ ਕਸਵੱਟੀ ਤੇ ਪਰਖਿਆ। ਏਡਾ ਪਹਾੜ ਜਿੱਡਾ ਝੂਠ ਅਤੇ ਏਡੀ ਘਾਤਕ ਅਸ਼ਲੀਲਤਾ ? ਹਿਰਦਾ ਗਿਲਾਨੀ ਨਾਲ ਭਰ ਗਿਆ। ਪੱਕਾ ਯਕੀਨ ਬਣ ਗਿਆ ਕਿ ਇਹ ਕੁਝ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੋੜਨ ਵਾਲੇ ਸੁਹਿਰਦ ਗੁਰਸਿੱਖ ਕਦੇ ਨਹੀਂ ਹੋ ਸਕਦੇ। ਜ਼ਰੂਰ ਕਿਤੇ ਬੜਾ ਤਕੜਾ ਖੋਟ ਹੈ ਜੋ ਪੰਥ ਦਾ ਘਾਤ ਹੁੰਦਾ ਵੇਖਣਾ ਲੋਚਦਾ ਹੈ। ਇਸ ਗ੍ਰੰਥ ਦੀ ਅਸਲੀਯਤ ਨੰਗੀ ਕਰਨ ਦੇ ਨਾਲ ਹੀ, ਗੁਰਮਤਿ ਦਾ ਸੱਚ ਪੰਥ ਦੇ ਸਾਹਮਣੇ ਜ਼ਰੂਰ ਰੱਖਣਾ ਹੈ ਭਾਵੇ ਚਰਖੜੀ ਤੇ ਚੜ੍ਹਨਾ ਪੈ ਜਾਵੇ।

ਕੁਰਾਹੇ ਪੈ ਚੁੱਕੇ ਇਸ ਦੂਲੇ ਪੰਥ ਨੂੰ ਸੁਚੇਤ ਕਰਨ ਲਈ--**ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** ਪੁਸਤਕ ਲਿਖਣੀ ਅਰੰਭ ਕਰ ਦਿੱਤੀ। ਰਾਤ ਦਿਨ ਦੀ ਕਰੜੀ ਘਾਲਣਾ ਦਾ ਸਦਕਾ ਪੁਸਤਕ ਦਾ ਪਹਿਲਾਂ ਭਾਗ ੧੯੯੫ ਵਿਚ ਰੀਲੀਜ਼ ਹੋ ਗਿਆ। ਪੁਸਤਕ ਵਿਚ ਕਰੀਬ ੬੦ ਸਫ਼ਿਆਂ ਤੇ ਸ੍ਰੀ ਬਚਿੱਤ੍ਰ ਨਾਟਕ ਅਤੇ ਕ੍ਰਿਸ਼ਨ ਅਵਤਾਰ ਤੇ ਬੜੀ ਕਰੜੀ ਆਲੋਚਣਾ ਵੀ ਲਿਖ ਦਿੱਤੀ। ਸੰਸਾਰ ਦੇ ਅੱਡ ਦੇਸ਼ਾਂ ਵਿਚ ਜਿੱਥੇ ਵੀ ਉਹ ਪੁਸਤਕ ਪੁੱਜੀ ਪਰਸ਼ੰਸਾ ਪੱਤਰਾਂ ਦਾ ਤਾਂਤਾ ਬੱਝ ਗਿਆ। ਸ਼ੁਕਰ ਹੈ ਪੰਥ ਸੱਚ ਸਮਝਣ ਲਈ ਉਤਾਵਲਾ ਹੈ। ਪੁੱਛਾਂ ਆਂਉਂਦੀਆਂ ਕਿ ਅਗਲਾ ਭਾਗ ਕਦੋਂ ਛਪੇਗਾ ? ਸਿਵਾਏ ਮੁੱਖ ਬੰਦ ਲਿਖਣ ਵਾਲੇ ਗਿਆਨੀ ਭਗਤ ਸਿੰਘ ਜੀ ਦੇ, ਸ੍ਰੀ ਬਚਿੱਤ੍ਰ ਨਾਟਕ ਆਦਿ ਵਿਰੁੱਧ ਲਿਖੇ ਦਾ ਕਿਸੇ ਨੇ ਕੋਈ ਬੁਰਾ ਨਾ ਮਨਾਇਆ। ਗਿਆਨੀ ਭਗਤ ਸਿੰਘ ਜੀ ਨੇ ਦਾਸ ਤੋਂ ਬਚਨ ਲੈ ਲਿਆ ਕਿ ਅਗਲੇ ਐਡੀਸ਼ਨ ਵਿਚ ਪੁਸਤਕ ਵਿਚਲੇ ਦਸਮ ਗ੍ਰੰਥ ਸਾਹਿਬ ਵਿਰੁੱਧ ਲਿਖੇ ਪੱਤਰੇ ਘਟਾ ਦਿਆਂ। ਬਚਨ ਪੂਰਾ ਕਰ ਦਿੱਤਾ। ਦੂਜਾ ਐਡੀਸ਼ਨ ਅਤੇ ਉਸ ਦੇ ਪੰਜ ਭਾਗ ਹੋਰ ਛਪ ਕੇ ਤਿਆਰ ਹੋ ਗਏ।

ਇੱਕ ਅਡਰਾ ਭਾਗ ਦਸਮ ਗ੍ਰੰਥ ਬਾਰੇ ਨਾ ਲਿਖਿਆ ਤਾਂ ਅਰੰਭੇ ਵਿਸ਼ੇ ਨਾਲ ਬੇਇਨਸਾਫ਼ੀ ਹੋਵੇਗੀ। ੨੦ ਫ਼ਰਵਰੀ ੧੯੯੬ ਨੂੰ ਟੌਹੜਾ ਸਾਹਿਬ ਜੀ ਵੱਲ ਲਿਖੀ ਚਿੱਠੀ ਵਿਚ ਹੋ ਰਹੀਆਂ ਹੋਰ ਗੰਭੀਰ ਕੁਰੀਤੀਆਂ ਦੇ ਜ਼ਿਕਰ ਦੇ ਨਾਲ, ਦਸਮ ਗ੍ਰੰਥ ਬਾਰੇ ਪਏ ਵਿਵਾਦ ਨੂੰ ਇੱਕ ਪਾਸੇ ਲਾਉਣ ਦੀ ਜੋਦੜੀ ਵੀ ਲਿਖ ਭੇਜੀ। ਉਨ੍ਹਾਂ ਨੇ ਗਿਆਨੀ ਭਗਤ ਸਿੰਘ ਨੂੰ ਕਨਵੀਨਰ ਥਾਪ ਕੇ ਆਪਣੀ ਮਰਜ਼ੀ ਦੀ ਕਮੇਟੀ ਬਣਾ ਲੈਣ ਦੇ ਆਦੇਸ਼ ਦੇ ਦਿੱਤੇ। ਸ੍ਰੀ ਦਸਮ ਗ੍ਰੰਥ ਬਾਰੇ ਦੋ ਟੁੱਕ ਪੰਥਕ ਫੈਸਲਾ ਕਰਾਉਣ ਲਈ ਸੁਹਿਰਦ ਗਿਆਨੀ ਭਗਤ ਸਿੰਘ ਜੀ ਦੀ ਸੇਵਾ ਲੱਗ ਗਈ। ਗਿਆਨੀ ਜੀ ਦਾ ਦਾਸ ਨੂੰ ਆਦੇਸ਼ ਆ ਗਿਆ ਕਿ ਉਹ ਆਪ ਕੈਨੇਡਾ ਪੁੱਜ ਕੇ ਦਾਸ ਨਾਲ ਦਸਮ ਗ੍ਰੰਥ ਬਾਰੇ ਵਿਚਾਰਾਂ ਕਰਨੀਆਂ ਚਾਹਣਗੇ । ਹਿਰਦਾ ਬਾਗੋ ਬਾਗ ਹੋ ਗਿਆ। ਵੇਖਾਂਗੇ ਅੱਖੀ ਵੇਖ ਕੇ ਮੱਖੀ ਨਿਗਲੀ ਜਾਣ ਦੀ ਗੱਲ ਗਿਆਨੀ ਜੀ ਕਿਸ ਉਚੇਚੀ ਯੋਗਤਾ ਨਾਲ ਮੰਨਣਜੋਗ ਬਣਾ ਲੈਣਗੇ ? ਕਈ ਪ੍ਰਕਾਰ ਦੇ ਵਲਵਲਿਆਂ ਨਾਲ ਭਰੇ ਹਿਰਦੇ ਤੋਂ ਗਿਆਨੀ ਜੀ ਦੇ ਦਰਸ਼ਨਾਂ ਦੀਆਂ ਉਡੀਕਾਂ ਲਾਈ ਬੈਠਾਂ ਸਾਂ ਕਿ, ਹਿਰਦੇ ਨੂੰ ਚੀਰ ਦੇਣ ਵਾਲੀ ਖ਼ਬਰ ਸੁਣ ਲਈ। ਟਰੱਕ-ਸਕੂਟਰ ਦੁਰਘਟਨਾਂ ਦੇ ਕਾਰਨ ਗਿਆਨੀ ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ।

੧੦ ਮਈ ੧੯੯੭ ਨੂੰ **SGPC** ਦੇ ਸਕੱਤਰ ਭਾਈ ਸੁਰਜੀਤ ਸਿੰਘ ਦੀ ਸੇਵਾ ਵਿਚ ਅਥਵਾ ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਦੀ ਸੇਵਾ ਵਿਚ, ਸ੍ਰੀ ਬਚਿੱਤਰ ਨਾਟਕ ਬਾਰੇ ਲਿਖੇ ਗੁਰਮਤਿ ਵਿਚਾਰ ਲਿਖ ਭੇਜੇ। ਕੋਈ ਉਤਰ ਨਾ ਆਇਆ। ਜਨਵਰੀ ੧੯੯੮ ਵਿਚ ਦਿੱਲੀ ਦੇ ਬਾਬਾ ਵਿਰਸਾ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਸੈਮੀਨਾਰ ਕਰਵਾਇਆ। ਦਾਸ ਨੇ ਸਮੁੱਚੇ ਬਚਿਤ੍ਰ ਨਾਟਕ ਬਾਰੇ ਲਿਖੇ ਗੁਰਮਤਿ ਵਿਚਾਰ--ਬਾਬਾ ਵਿਰਸਾ ਸਿੰਘ ਜੀ ਅਤੇ ਸੈਮੀਨਅਰ ਦੇ ਕਨਵੀਨਰ ਭਾਈ ਕਿਰਪਾਲ ਸਿੰਘ ਦੀ ਸੇਵਾ ਵਿਚ ਭੇਜਣ ਦੇ ਨਾਲ ਸੈਮੀਨਾਰ ਵਿਚ ਭਾਗ ਲੈਣ ਵਾਲੇ ਜਿੰਨਿਆਂ ਵਿਦਵਾਨਾ ਦਾ ਪਤਾ ਲੱਗ ਸਕਿਆ (ਮਾਤਾ ਸੁੰਦਰੀ ਕਾਲਜ ਦਿੱਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ,, ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਗੁਰਸਿੱਖ **PHD** ਸਹਿਬਾਨ) ਸਾਰਿਆਂ ਦੀ ਸੇਵਾ ਵਿਚ ਉਸ ਖਰੜੇ ਦੇ ਉਤਾਰੇ ਭੇਜ ਦਿੱਤੇ। ਹਰ ਇੱਕ ਵਿਦਵਾਨ ਦੀ ਸੇਵਾ ਵਿਚ ਏਹੀ ਜੋਦੜੀ ਸੀ, ਕਿ ਦਾਸ ਦੀ ਗ਼ਲਤੀ ਗੁਰਮਤਿ ਦੇ ਅਧਾਰ ਤੇ ਸਮਝਾ ਦਿੱਤੀ ਜਾਵੇ ਦਾਸ ਇਸ ਖਰੜੇ ਨੂੰ ਛਾਪੇਖ਼ਾਨੇ ਭੇਜਣ ਤੋਂ ਪਹਿਲਾਂ ਸੋਧ ਕਰ ਲਵੇਗਾ । ਅਤੇ ਜੇ ਕੋਈ ਗੁਰਮੁਖ ਪਿਆਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚੋਲਗੀ ਅਨੁਸਾਰ ਇਹ ਸਪੱਸ਼ਟ ਕਰ ਦੇਵੇ ਕਿ ਸ੍ਰੀ

ਦਸਮ ਗ੍ਰੰਥ ਸੌਹਿਬ ਜੀ ਦੀ ਅਸਲੀਯਤ ਤੋਂ ਆਮ ਗੁਰਸਿੱਖਾਂ ਨੂੰ ਜਾਣੂ ਕਰਵਾਇਆ ਜਾਣ ਤੇ ਗੰਭੀਰ ਪੰਥਕ ਨੁਕਸਾਨ ਦਾ ਕਾਰਨ ਬਣ ਜਾਣਾ ਹੈ ਤਾਂ ਦਾਸ ਇਸ ਗ੍ਰੰਥ ਦੀ ਅਸਲੀਅਤ ਆਮ ਗੁਰ ਸਿੱਖਾਂ ਗੋਚਰੀ ਨਹੀਂ ਕਰਨ ਲਈ ਲਿਖੇ ਹੋਏ ਇਸ ਸਭ ਕੁਝ ਨੂੰ ਨਹੀਂ ਛਪਵਾਵੇਗਾ।

ਕਿਉਂਕਿ ਦਾਸ ਨੇ ਦਸਮ ਗ੍ਰੰਥ ਸਾਹਿਬ ਬਾਰੇ ਨਿਰਣੇ ਦੀ ਵਿਚੋਲਗੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪੀ ਹੋਈ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਦੀ ਛਾਂ ਹੇਠ ਲਿਖੀ ਦਲੀਲ ਨੂੰ ਕੱਟਿਆ ਵੀ ਕੇਵਲ ਗੁਰੂ ਬਾਣੀ ਦੇ ਆਸਰੇ ਹੀ ਜਾਣਾ ਹੈ, ਸ਼ਾਇਦ ਇਸ ਕਾਰਨ ਕਿਸੇ ਪਾਸਿਉਂ ਵੀ ਕੋਈ ਟਿੱਪਣੀ ਪ੍ਰਾਪਤ ਨਾ ਹੋਈ। ਡਾ: ਜੋਧ ਸਿੰਘ ਜੀ ਨੇ ਅਤੇ ਦਿੱਲੀ ਦੇ ਭਾਈ ਕਿਰਪਾਲ ਸਿੰਘ ਜੀ ਨੇ ਐਵੇ ਬੇਦਲੀਲੇ ਢੁੱਚਰ ਲਿਖ ਭੇਜੇ ਪਰ ਜੋ ਦਾਸ ਨੇ ਉਤਰ ਵਿਚ ਲਿਖਿਆ ਉਸ ਤੋਂ ਦੋਵੇਂ ਵਿਦਵਾਨ ਚੁੱਪ ਸਾਧ ਬੈਠੇ। ਮਿਤੀ ੨੬ ਦਸੰਬਰ ਨੂੰ ਦੋਬਾਰਾ ਯਾਦ ਪੱਤਰ ਭੇਜੇ ਪਰ ਇਉਂ ਅਨੁਭਵ ਹੁੰਦਾ ਹੈ ਕਿ ਜ਼ਮੀਰ ਦੀ ਆਵਾਜ਼ ਸੁਣ ਕੇ ਸੱਚ ਲਿਖਣ ਦੀ ਹਿੰਮਤ ਗੁਆਚ ਚੁੱਕੀ ਹੈ । ਚਲੋ ਇਹ ਸ਼ਗੁਨ ਵੀ ਮਾੜਾ ਨਹੀਂ ਹੈ ਕਿ, ਨਿਰੋਲ ਝੂਠ ਦੋਬਾਰਾ ਲਿਖ ਭੇਜਣ ਦਾ ਹੌਸਲਾ ਵੀ ਇਨ੍ਹਾਂ ਕੇਸਾਧਾਰੀ ਵਿਦਵਾਨਾ ਨੂੰ ਨਹੀਂ ਪਿਆ।

ਪਟਿਆਲੇ ਦੇ ਪਿਆਰਾ ਸਿੰਘ ਪਦਮ, ਜਲੰਧਰ ਦੇ ਗੁਸ਼ਰਨਜੀਤ ਸਿੰਘ ਜੀ ਲਾਂਬਾ, ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਾਹਿਬਾਨ ਸਾਰਿਆਂ ਕੋਲ ਖਰੜੇ ਦਾ ਉਤਾਰਾ ਪੁੱਜ ਚੁੱਕਾ ਹੈ। ਅੰਤ ਵਿਚ ਇਹ ਬੇਨਤੀ **ਇੰਟਰ ਨੈਟ** ਤੇ ਪਾਉਣ ਲਈ (ਮਿਤੀ ੧੫ ਦਸੰਬਰ ੧੯੯੮ ਨੂੰ) ਡਾ: ਜਸਵਿੰਦਰ ਸਿੰਘ ਜੀ ਡੀਟਾਇਟ ਵੱਲ ਭੇਜ ਦਿੱਤੀ। ਇਹ ਵੀ ਲਿਖ ਦਿੱਤਾ ਕਿ ਤਿੰਨ ਮਹੀਨੇ ਜੇ ਕੋਈ ਅਜੇਹਾ ਗੁਰਮਤਿ ਸੁਝਾ, ਖਰੜੇ ਦੇ ਸਫ਼ਿਆਂ ਦੇ ਹਵਾਲੇ ਨਾਲ ਅਤੇ ਗੁਰੂਬਾਣੀ-ਹੁਕਮਾਂ ਨਾਲ ਗੁੰਦਿਆ ਹੋਇਆ, ਨਾ ਆਇਆ ਤਾਂ ਇਹ ਗ੍ਰੰਥ ਛਪ ਕੇ ਪੰਥ ਦੇ ਦਰਬਾਰ ਵਿਚ ਪੁੱਜ ਜਾਵੇਗਾ। ਜੇ ਫਿਰ ਕਿਸੇ ਨੇ ਬੇਦਲੀਲਾ ਅਤੇ ਮਨਮਤਿ ਤੇ ਅਧਾਰਤ ਪੁਸਤਕ ਦੀ ਵਿਰੋਧਤਾ ਵਿਚ ਰੌਲਾ ਪਾਇਆ ਤਾਂ ਸਾਰੇ ਖ਼ਰਚਾਂ ਦਾ ਹਰਜਾਨਾਂ ਅਦਾਲਤੀ ਤੌਰ ਤੇ ਵੀ ਮੰਗਿਆ ਜਾਣ ਵਿਚ ਝਿਜਕ ਨਹੀਂ ਕੀਤੀ ਜਾਵੇਗੀ। ਮੰਗ ਆਉਣ ਤੇ ਖਰੜੇ ਦਾ ਉਤਾਰਾ ਡਾ: ਜਸਵਿੰਦਰ ਸਿੰਘ ਜੀ ਡੀਟਾਇਟ **ਈ ਮੇਲ** ਦੁਆਰਾ ਭੇਜ ਸਕਦੇ ਸਨ। ਫਿਰ ਏਹੀ ਸੂਚਨਾ ਇੰਟਰਨੈਟ ਦੇ ਹੋਰ ਨੰਬਰਾਂ ਤੇ ਵੀ ਪਵਾਈ ਜਿਥੋਂ ਵੀ **ਈ ਮੇਲ** ਦੁਆਰਾ ਖਰੜਾ ਉਪਲਭਦ ਹੈ।

ਹੁਣ ਵੀ ਜੇ ਕਿਸੇ ਸੁਹਿਰਦ ਗੁਰਸਿੱਖ ਨੇ ਗੁਰਬਾਣੀ ਦੀ ਕਸਵੱਟੀ ਤੇ ਪੂਰਾ ਉਤਰਦਾ ਸੁਝਾ ਭੇਜਿਆ ਤਾਂ ਉਸ ਨੂੰ ਸਤਿਗੁਰਾਂ ਦਾ ਹੁਕਮ ਮੰਨ ਕੇ ਉਸਦੀ ਪਾਲਣਾ ਕੀਤੀ ਜਾਵੇਗੀ । ਇਹ ਕੋਈ ਦਲੀਲ ਨਹੀਂ ਹੈ ਕਿ, " ਅਸੀਂ ਹੁਣ ਬੜਾ ਅੱਗੇ ਲੰਘ ਚੁੱਕੇ ਹਾਂ, ਪਿੱਛੇ ਮੁੜਨਾ ਸਾਡੇ ਲਈ ਅਸੰਭਵ ਬਣ ਚੁੱਕਾ ਹੈ "। ਕਿਸੇ ਖੂਹ ਦੇ ਕੰਢੇ ਤੇ ਪੁੱਜ ਕੇ ਜੇ ਇਹ ਪਤਾ ਲੱਗ ਜਾਵੇ ਕਿ ਸਾਡਾ ਅਗਲਾ ਕਦਮ ਪਾਤਾਲ ਵਿਚ ਗ਼ਰਕ ਕਰਕੇ ਸਾਨੂੰ ਸਦਾ ਲਈ ਮਿਟਾ ਦੇਵੇਗਾ, ਤਾਂ ਪਿੱਛੇ ਮੁੜਨ ਵਿਚ ਕਾਹਲ ਕਰਨ ਤੋਂ ਕੋਈ ਮੂਰਖ ਹੀ ਝਿਜਕੇਗਾ । ਸਿਆਣਪ ਪਿੱਛੇ ਹਟ ਆਉਣ ਵਿਚ ਹੀ ਮੰਨੀ ਜਾਵੇਗੀ। ਆਪਣੇ ਪਿਛੋਕੜ ਵੱਲ ਧਿਆਨ ਮਾਰੀਏ । ਬ੍ਰਾਹਮਣੀ ਰੀਤਾਂ ਦੇ ਧਾਰਨੀ ਹੋਣ ਦੀ ਗੱਲ ਤਾਂ ਕਿਤੇ ਰਹੀ, ਅਸੀਂ ਤਾਂ ਕਦੇ ਪੱਕੇ ਪੱਥਰ ਪੂਜ ਅਥਵਾ ਮੂਰਤੀ ਪੂਜ ਅਤੇ ਪਿੱਤ੍ਰਾਂ ਨੂੰ ਪਾਣੀ ਦੇਣ ਵਾਲੇ ਹੀ ਸਾਂ । ਪੱਥਰ ਨੂੰ ਰੱਬ ਮੰਨਣ ਵਿਚ ਸਾਨੂੰ ਵੀ ਸੁਰਗਾਂ ਦੀ ਪ੍ਰਾਪਤੀ ਲੁਕੀ ਨਜ਼ਰ ਆਇਆ ਕਰਦੀ ਸੀ। ਕਈ ਪੀੜ੍ਹੀਆਂ ਤੋਂ ਬਣਦੇ ਆ ਰਹੇ ਅਨੇਕਤਾ ਦੀ ਪੂਜਾ ਵਾਲੇ ਸੰਸਕਾਰਾਂ ਦੀ ਪਕੜ ਨੂੰ ਇੱਕੋ ਝਟਕੇ ਝਾੜ ਸੁੱਟਣ ਲੱਗਿਆਂ, ਅਤੇ ਠਾਕੁਰਾਂ ਪ੍ਰਤੀ ਬਣੇ ਪੱਕੇ ਵਿਸ਼ਵਾਸ਼ਾਂ ਤੋਂ ਮੁਕਤਿ ਹੋ ਕੇ, ਸਤਿਗੁਰੂ ਨਾਨਕ ਸਾਹਿਬ ਜੀ ਦੇ ਸਿੱਖ ਬਣਨ ਲਗਿਆਂ ਅਸਾਂ, ਜ਼ਰਾ ਜਿੰਨੀ, ਝਿਜਕ ਜਾਂ ਸ਼ਰਮ ਨਹੀਂ ਸੀ ਮੰਨੀ। ਹਜ਼ਾਰਾਂ ਸਾਲਾਂ ਤੋਂ ਅਗਿਆਨਤਾ ਦੇ ਹਨੇਰੇ ਖੂਹ ਨੂੰ ਆਪਣਾ ਪੱਕਾ ਘਰ ਬਣਾਈ ਬੈਠਿਆਂ ਨੇ ਉਸ ਦਾ ਤਿਆਗ ਕਰਨ ਲੱਗਿਆਂ ਜ਼ਰਾ ਵੀ ਢਿੱਲ ਨਾ ਕਰਨ ਵਾਲੇ ਅੱਜ ਅਸੀਂ, ਆਪਣੀਆਂ ਹੀ ਭੁੱਲਾਂ ਦੇ ਕਾਰਨ ਜਿਸ ਝੂਠ ਖਾਤੇ ਵਿਚ ਨਿੱਘਰ ਰਹੇ ਹਾਂ, ਉਸ ਵਿਚੋਂ ਬਾਹਰ ਨਿਕਲ ਆਉਂਣ ਵਿਚ ਝਿਜਕ ਅਥਵਾ ਸੰਗ ਕਿਉਂ ਮੰਨੀਏ ? ਸਾਡੇ ਵਿਚ ਅਜੇਹੀ ਕਮਜ਼ੋਰੀ ਕੇਵਲ ਓਨਾ ਚਿਰ ਹੀ ਹੈ, ਜਿੰਨਾ ਚਿਰ ਅਸੀ **ਮਨਮੁੱਖ** ਹਾਂ । ੧੯੩੯ ਤੋਂ ਅਸੀਂ ਆਜ਼ਾਦ ਹਸਤੀ ਬਣਨ ਲਈ ਲਗਾਤਾਰ ਤਰਲੇ ਲਈ ਆ ਰਹੇ ਹਾਂ, ਪਰ ਸਾਡੀ ਕੋਈ ਵੀ ਅਰਦਾਸ ਕਦੇ ਨਹੀਂ ਸੁਣੀ ਗਈ,--ਕਾਰਨ ? ਕਿਉਂਕਿ ਅਸੀਂ ਆਪਣੇ ਉਪਕਾਰੀ ਸਤਿਗੁਰਾਂ ਦੇ ਸਾਰੇ ਉਪਕਾਰ ਭੁੱਲ ਭੁਲਾ ਕੇ ਆਪਣੇ ਸੱਚੇ ਮਿੱਤ੍ਰ-ਸਖਾਈ ਸਤਿਗੁਰੂ ਜੀ ਵੱਲ ਪਿੱਠ ਕਰਕੇ ਕੇ ਕਿਸੇ ਦੂਜੇ (ਦਸਮਗ੍ਰੰਥ ਦੇ ਲਿਖਾਰੀ) ਦੇ ਮਾਇਆ ਜਾਲ ਰੂਪ ਜਿਲ੍ਹਣ ਵਿਚ ਡੁੱਬੇ ਰਹਿਣ ਵਿਚ ਆਪਣੀ ਕਲਿਆਣ ਮੰਨ ਬੈਠੇ ਹਾਂ । --**ਖਸਮੁ ਛੋਡਿ ਦੂਜੈ ਲੱਗੈ, ਡੁਬੇ ਸੇ ਵਣਜਾਰਿਆ ॥**[੪੭੦] ਆਪਣੀ ਮਤਿ ਅਨੁਸਾਰ ਮਿਥੇ ਧਰਮ-ਕਰਮਾਂ ਵਿਚ ਹੀ ਸੰਤੁਸ਼ਟ ਰਹਿਣਾ ਗਿੱਝ ਚੁੱਕੇ ਅਕ੍ਰਿਤਘਣ ਮਨਮੁਖਾਂ, ਦੀ ਸਾਡੀ ਅਰਦਾਸ ਜੋਦੜੀ ਕੌਣ ਸੁਣੇ---

> **ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥ ਅੰਮ੍ਰਿਤੁ ਛੋਡਿ ਬਿਖੁ ਲਗੇ, ਬਿਖੁ ਖਟਣਾ ਬਿਖੁ ਰਾਸਿ ॥ ਬਿਖੁ ਖਾਣਾ ਬਿਖੁ ਪੈਨਣਾ ਬਿਖੁ ਕੇ ਮੁਖਿ ਗਿਰਾਸ ॥ ਐਥੈ, ਦੁਖੋ ਦੁਖੁ ਕਮਾਵਣਾ ਮੁਇਆ ਨਰਕਿ ਨਿਵਾਸੁ ॥ ਮਨਮੁਖ ਮੁਹਿ ਮੈਲੈ, ਸਬਦੁ ਨ ਜਾਣਨੀ ਕਾਮ ਕ੍ਰੋਧਿ ਵਿਣਾਸੁ ॥ ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ॥ ਜਮ ਪੁਰ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸੁ ॥ ਨਾਨਕ ਪੂਰਬ ਲਿਖਿਆ ਕਮਾਵਣਾ ਗੁਰਮੁਖਿ ਨਾਮਿ ਨਿਵਾਸੁ ॥ ੨ ॥**[੫੮੬]-੩

ਹਨੇਰੇ ਤੋਂ ਚਾਨਣੇ ਵਲ ਨੂੰ ਮੁੜ ਆਉਣ ਵਿਚ ਝਿਜਕ ? ਅਜੇਹੀ ਕਮਜ਼ੋਰੀ ਦੀ ਗੱਲ ਸੂਰਬੀਰ ਖ਼ਾਲਸਾ ਜੀ ਦੇ ਮੁਖੋਂ ? ਜਦ ਆਪਣੀ ਭੁੱਲ ਦਾ ਗਿਆਨ ਹੋ ਜਾਵੇ ਤਾਂ ਸਿਆਣਿਆਂ ਦਾ ਕਥਨ ਹੈ ਕਿ ਕੋਠੇ ਤੇ ਚੜ੍ਹ ਕੇ ਦੁਹਾਈ ਦੇ ਕੇ ਆਪਣੀ ਭੁੱਲ ਨੂੰ ਉੱਚੀ ਸੁਰ ਵਿਚ ਕਬੂਲ ਕਰਨਾਂ ਬਹਾਦਰੀ ਹੈ। ਅੱਜ ਸਾਡਾ ਸੰਤ-ਸ੍ਰਮਤਾਈ ਵਾਲਾ ਪਿਛੋਕੜ ਤਾਂ ਸਗੋਂ ਇਹ ਮੰਗ ਕਰਦਾ ਹੈ ਕਿ, ਅਸੀਂ ਬਾਬਾ ਅਟੱਲ ਜੀ ਦੇ ਬੁਰਜ ਦੀ ਸਿੱਖ਼ਰ ਤੇ ਪੁੱਜ ਕੇ ਆਪਣੀਆਂ ਭੁੱਲਾਂ ਦਾ ਨਗਾਰਾ ਜਾ ਖੜਕਾਈਏ। ਤਾਂ ਜੋ ਸਾਡਾ ਵਿਰੋਧੀ ਸੁਣ ਕੇ ਤਸੱਲੀ ਕਰ ਲਵੇ ਕਿ,--" ਉਸ ਦੇ ਸਾਰੇ ਬਾਣ ਨਕਾਰਾ ਹੋ ਕੇ ਧਰਤੀ ਵਿਚ ਜਾ ਧਸੇ ਹਨ।" **ਬੁੱਧ ਧਰਮ** ਵਰਗੀਆਂ ਵਡੀਆਂ ਕੌਮਾਂ ਨੂੰ ਆਪਣੇ ਵਿਚ ਸਮਾ ਕੇ ਉਸ ਦੀ ਅੱਡਰੀ ਹੋਂਦ ਨੂੰ ਮਲੀਆ ਮੇਟ ਕਰਦੇ ਆ ਰਹੇ ਹਿੰਦੂ-ਮਹਾਂਸਾਗਰ ਵਿਚ ਖ਼ਾਲਸਾ ਜੀ ਨੇ ਕਦੇ ਪੈਰ ਨਹੀਂ ਪਾਉਣਾ। ਡੇਰ ਨਾਲ ਹੀ ਸਹੀ ਪਰ ਆਖ਼ਰ ਖ਼ਾਲਸਾ ਜੀ ਨੇ ਆਪਣੀ ਅੱਡਰੀ ਹੋਂਦ ਦੀ

ਅਸਲੀਯਤ ਨੂੰ ਪਛਾਨ ਲਿਆ ਹੈ। ਖ਼ਾਲਸੇ ਦੀ ਅੱਡਰੀ ਹੋਂਦ ਦਾ ਵੈਰੀ ਇਹ ਸੋਚਣ ਤੇ ਮਜਬੂਰ ਹੋ ਜਾਵੇ ਕਿ, ਅੱਜ ਉਸ ਦਾ ਭਲਾ ਵੀ ਏਸੇ ਵਿਚ ਹੀ ਹੈ ਕਿ, ਖ਼ਾਲਸਾ ਜੀ ਨੂੰ ਸਰਕਾਰੀ ਤੌਰ ਤੇ ਅੱਡਰੀ ਕੌਮ ਮੰਨ ਲਵੇ।

ਇਸ ਗ੍ਰੰਥ ਨੂੰ ਧਿਆਨ ਨਾਲ ਪੜ੍ਹਨ ਪਿੱਛੋਂ ਕੇਵਲ ਉਹੀ ਸਿੱਖ ਆਪਣੀ ਆਤਮਾ ਦੀ ਆਵਾਜ਼ ਅਣ-ਸੁਣੀ ਕਰ ਸਕੇਗਾ ਜਿਸ ਦੀ ਜ਼ਮੀਰ ਮਰ ਚੁੱਕੀ ਹੈ, ਜਿਹੜਾ ਅੰਦਰੋਂ ਹਿੰਦੂ ਬਣ ਚੁੱਕਾ ਹੈ, ਅਥਵਾ ਜਿਹੜਾ ਪੰਥ ਧਰੋਈ ਭੇਖੀ ਗੁਰੂ ਦਾ ਸਿੱਖ ਹੋਣ ਦਾ ਸੁਆਂਗ ਰਚਾਈ ਬੈਠਾ ਹੈ। ਲਗ ਪਗ ਢਾਈ ਕ੍ਰੋੜ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਵਿਚੋਂ ਢਾਈ ਲੱਖ ਖ਼ਾਲਸਾ ਵੀ ਜੇ ਜਾਗਰਤ ਅਵਸਥਾ ਵਿਚ ਆ ਕੇ ਪਲਟਾ ਖਾ ਲਵੇ, ਤਾਂ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਦਰੋਂ ਪੂਰਨ ਆਸ ਹੈ ਕਿ, ਸਮੁੱਚਾ ਗੁਰੂ-ਪੰਥ ਆਪਣੀ ਪਹਿਲੀ ਨੁਹਾਰ ਵੱਲ ਜ਼ਰੂਰ ਪਲਟ ਆਵੇਗਾ। ਆਉ ਉਸੇ ਪਾਤਸ਼ਾਹ ਜੀ ਦੀ ਚਰਨੀ ਢੈ ਪਈਏ ਅਤੇ ਉਸੇ ਦੇ ਬਚਨਾ ਵਿਚ ਉਸੇ ਅੱਗੇ ਪੁਕਾਰਾਂ ਕਰੀਏ--

**ਮੋਹਿ ਅਨਾਥ ਪ੍ਰਿਅ ਨਾਥ ਜਿਉ ਜਾਨਹੁ ਤਿਉ ਰਖਹੁ ॥ ਚਤੁਰਾਈ ਮੋਹਿ ਨਾਹਿ ਰੀਝਾਵਉ ਕਹਿ ਮੁਖਹੁ ॥ ਨਹ ਚਤੁਰ ਸੁਘਰਿ ਸੁਜਾਨ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ ॥ ਨਹ ਰੂਪ ਧੂਪ ਨ ਨੈਣ ਬੰਕੇ ਜਹ ਭਾਵੈ ਤਹ ਰਖੁ ਤੁਹੀ ॥ ਜੈ ਜੈ ਜਇਅੰਪਹਿ ਸਗਲ ਜਾ ਕਉ ਕਰੁਣਾਪਤਿ ਗਤਿ ਕਿਨਿ ਲਖਹੁ ॥ ਨਾਨਕੁ ਪਇਅੰਪੈ ਸੇਵ ਸੇਵਕੁ ਜਿਉ ਜਾਨਹੁ ਤਿਉ ਮੋਹਿ ਰਖਹੁ ॥ ੩ ॥**[੮੪੭]-੧-੩

**ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥ ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥ ੨ ॥**[੭੩੫]

ਗੁਰਮਤਿ ਅਨੁਸਾਰ ਜੀਵਨ ਢਾਲਣ ਦੀ ਆਹਰੇ ਲੱਗੇ ਗੁਰਮੁਖਾਂ ਦੇ ਚਰਨਾਂ ਦੀ ਧੂੜ--

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਤੇ ਸ੍ਰੀ ਦਸਮ ਗ੍ਰੰਥ ਜੀ

## ਅੱਡਰੀ ਪੁਸਤਕ ਲਿਖਣ ਦੀ ਲੋੜ ਦਾ ਪਿਛੋਕੜ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ--ਦਸਾਂ ਸਤਿਗੁਰਾਂ ਦੀ ਜੋਤਿ* ਦੇ ਮਾਲਕ--ਕਹਿਣ ਤੋਂ ਕੀ, ਸਾਡਾ ਭਾਵ ਇਹ ਹੈ ਕਿ, ਦਸਾਂ ਸਤਿਗੁਰਾਂ ਦੀਆਂ ਦਸੇ ਜੋਤਾਂ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹਨ ? ਪਰ ਸਾਡਾ ਗੁਰਮਤਿ ਵਿਸ਼ਵਾਸ਼ ਤਾਂ ਇਹ ਹੈ ਕਿ, ਬਾਕੀ ੯ ਗੁਰੂ ਸਾਹਿਬਾਨ ਦੇ ਸਰੀਰ ਹੀ ਕੇਵਲ ਅੱਡ ਅੱਡ ਸਨ, ਜੋਤਿ ਅਤੇ ਜੁਗਤਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਵਿਚਰਦੀ ਆ ਰਹੀ ਸੀ-**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**[੯੬੬] ਦਾਸ ਦੇ ਵਿਚਾਰ ਅਨੁਸਾਰ **ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ** ਕਹਿਣ ਦੀ ਥਾਂ--" ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ **ਸਦੀਵੀ ਪ੍ਰਕਾਸ਼-ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ** ਕਹਿਣਾ ਸਚਾਈ ਦੇ ਬਹੁਤਾ ਨੇੜੇ ਹੈ। ਭਾਵੇਂ **ਅਸੀਂ ਆਪਣੇ ਮਨ ਦੀਆਂ ਸਹਸ ਸਿਆਣਪਾਂ** ਦੇ ਆਸਰੇ ਸਿੱਧ ਕਰ ਲਈਏ ਕਿ, ਅਰਦਾਸ ਵਿਚ ਕੇਵਲ ਇੱਕ ਜੋਤਿ ਦੀ ਹੀ ਗੱਲ ਕੀਤੀ ਜਾ ਰਹੀ ਹੁੰਦੀ ਹੈ "- ਪਰ, ਇਸ ਅਸਲੀਅਤ ਤੋਂ ਪੂਰੀ ਤਰ੍ਹਾਂ ਮੁੱਕਰਿਆ ਨਹੀਂ ਜਾ ਸਕਦਾ ਕਿ ਪੰਥਕ ਅਰਦਾਸ ਵਿਚ ਨੌਂ ਗੁਰੂ ਸਾਹਿਬਾਨ ਦਾ ਅੱਡ ਅੱਡ ਜ਼ਿਕਰ ਕਰਨ ਉਪ੍ਰੰਤ--**ਸਭ ਥਾਈ ਹੋਇ ਸਹਾਇ** । ਕਹਿ ਕੇ ਫਿਰ-" ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ! **ਸਭ ਥਾਈਂ ਹੋਇ ਸਹਾਇ**। ਅਤੇ ਇਸ ਤੋਂ ਅੱਗੇ-- **ਦਸਾਂ ਪਾਤਸ਼ਾਹੀਆਂ ਦੀ ਜੋਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀਦਾਰ--ਦੀ ਨਿਖੇੜਵੀ ਗੱਲ** - ਕਹਿਣ ਨਾਲ, ਅਸੀਂ ਅਛੋਪਲੇ ਹੀ ਏਕਤਾ ਤੋਂ ਅਨੇਕਤਾ ਦੇ ਪੁਜਾਰੀ ਬਣਨ ਦੀ ਰੁਚੀ ਕਬੂਲ ਕਰ ਰਹੇ ਹੁੰਦੇ ਹਾਂ।

[* **Foot note:--ਪੁਸਤਕ ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ**" ਦੇ ਸਤਵੇਂ ਭਾਗ ਦੇ ਸਤਵੇਂ ਕਾਂਡ ਵਿਚ ਜੀਵ ਆਤਮਾ ਅਥਵਾ ਜਤਿ ਦੇ ਕਈ ਰੂਪਾਂ ਬਾਰੇ ਗੁਰਮਤਿ ਵਿਚਾਰ ਲਿਖੇ ਹੋਏ ਹਨ- ਜਿਵੇ:-- (੧) **ਸਭ ਮਹਿ ਜੋਤਿ ਜੋਤਿ ਹੈ ਸੋਇ** ॥[੬੬੩] (੨) **ਪਰਮ ਜੋਤਿ ਪਰਖੋਤਮੋ ਜਾ ਕੇ ਰੇਖ ਨ ਰੂਪ** ॥ [੮੫੭] (੩) **ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥[੬੩੮] (੪) ਮੈ ਅੰਧੁਲੇ ਨਾਵੈ ਕੀ ਜੋਤਿ ॥[੧੨੭੫] (੫) ਜਜੈ ਜੋਤਿ ਹਿਰਿ ਲਈ ਤੇਰੀ, ਅੰਤਿ ਗਇਆ ਪਛੁਤਾਵਹਿਗਾ**॥[੪੩੪] (੬) **ਦਾਤ ਜੋਤਿ ਸਭ ਸੂਰਤਿ ਤੇਰੀ** ॥ [੧੨੫੧] (੭) **ਨਾਨਕ ਏਕੁ ਜੋਤਿ ਦੋਇ ਮੂਰਤੀ ਸਬਦਿ ਮਿਲਾਵਾ ਹੋਇ** ॥ [੩੦] (੮) **ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ** ॥[੬੫੫] (੯) **ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ** ॥[੧੧੯੯] (੧੦) **ਤਤ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ** ॥[੫੯੯] ਅੱਡ ਅੱਡ ੧੧ ਲੇਖਾਂ ਵਿਚ ਗੁਰਬਾਣੀ ਦੇ ੬੫ ਪਰਮਾਣਾ ਦੇ ਅਧਾਰ ਤੇ ਬੜੀ ਖੋਹਲ ਕੇ ਗੁਰਮਤਿ ਵਿਚਾਰ ਅੰਕਿਤ ਹੈ]

ਇਤਿਹਾਸਕ ਸਚਾਈ ਹੈ ਕਿ, ਹਿੰਦੂ ਧਰਮ ਦੀ ਰਸਮ ਅਨੁਸਾਰ, ਜਦ ਬੇਦੀ ਕੁਲ ਦਾ ਪ੍ਰੋਹਿਤ, ਕਰੀਬ ੯ ਸਾਲ ਦੀ ਉਮਰ ਦੇ ਗੁਰੂ ਨਾਨਕ ਸਾਹਿਬ ਜੀ ਦੇ ਗਲ ਵਿਚ, ਜਨੇਊ ਪਾਉਣ ਲੱਗਾ ਸੀ ਤਾਂ ਸਤਿਗੁਰਾਂ ਨੇ,--**ਹੋਇ ਪੁਰਾਣਾ ਸੁਟੀਐ, ਭੀ ਫਿਰਿ ਪਾਈਐ ਹੋਰੁ ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥ ੨ ॥** [੪੭੧] ਪੁਰਾਣਾ ਹੋ ਕੇ ਟੁੱਟ ਜਾਣ ਵਾਲੇ ਸੂਤਰ ਦੇ ਜਨੇਊ ਦੀ ਥਾਂ ਪਾਂਡੇ ਕੋਲੋਂ ਸਦਾ ਹੀ ਮਨੁੱਖ ਦੇ ਨਾਲ ਨਿਭਨ ਵਾਲੇ ਸੱਚੇ ਜਨੇਊ ਦੀ ਮੰਗ ਕਰਦਿਆਂ ਜਦ ਇਉਂ ਫ਼ੁਰਮਾਨ ਕੀਤਾ--

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਇਹੁ ਤੁਟੈ ਨ ਮਲੁ ਲਗੈ**
**ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਨਸ ਨਾਨਕਾ ਜੋ ਗਲਿ ਚਲੇ ਪਾਇ ॥ ਚਉਕੜਿ ਮੁਲਿ ਅਣਾਇਆ, ਬਹਿ ਚਉਕੈ ਪਾਇਆ ॥**
**ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥੀਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥ ੧ ॥** [੩੭੧]-ਵਾਰ-੨

ਇਹ ਗੁਰੂ ਫ਼ੁਰਮਾਨ ਸੁਣਦੇ ਸਾਰ, ਹਜ਼ਾਰਾਂ ਸਾਲਾਂ ਤੋਂ ਹਿੰਦੂ ਜਗਤ ਦੇ ਗੁਰੂ (**ਕਬੀਰ ਬਾਮਨੁ ਗੁਰੂ ਹੈ ਜਗਤ ਕਾ .....**) [੧੩੭੭] ਬਣੀ ਬੈਠੇ ਪ੍ਰੋਹਿਤ ਨੂੰ, ਆਪਣੇ ਹੇਠੋਂ ਗੁਰਿਆਈ ਦੀ ਗੱਦੀ ਸਰਕਦੀ ਅਨੁਭਵ ਹੋਈ। ਸਾਰਾ ਬ੍ਰਾਹਮਣ ਵਰਗ ਗੁਰੂ ਨਾਨਕ ਸਾਹਿਬ ਜੀ ਦੇ ਗਿਆਨ ਦਾ ਕੱਟੜ ਵਿਰੋਧੀ ਬਣ ਖਲੋਤਾ। ਕੇਵਲ ਇੱਕ ਅਕਾਲ ਦੇ ਉਪਾਸ਼ਕ ਬਣ ਰਹੇ ਸਤਿਗੁਰੂ ਜੀ ਦੇ ਖ਼ਾਲਸਾ ਜੀ ਨੂੰ ਮੁੜ ਅਨੇਕਤਾ ਦਾ ਪੁਜਾਰੀ ਬਨਾਉਣ ਲਈ, ਬ੍ਰਾਹਮਣ, ਕਈ ਪ੍ਰਕਾਰ ਦੀਆਂ ਵਿਉਂਤਾ ਬਨਾਉਣ ਲੱਗ ਪਿਆ ਸੀ (=ਪੁਸਤਕ ਦੇ ਪਿਛਲੇ ਭਾਗਾਂ ਵਿਚ ਪ੍ਰੋਹਿਤਵਾਦੀ ਉਨ੍ਹਾਂ ਕੁਟਲ ਯੋਜਨਾਵਾਂ ਦਾ ਜ਼ਿਕਰ ਨਾਲੋ ਨਾਲ ਕੀਤਾ ਜਾਂਦਾ ਰਿਹਾ ਹੈ) ਸੰਨ-੧੭੦੮ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਸੌਂਪ ਕੇ ਦਸ਼ਮੇਸ਼ ਜੀ ਨਿਜ-ਧਾਮ ਨੂੰ ਪਿਆਣਾ ਕਰ ਗਏ। ਖ਼ਾਲਸਾ ਜੀ ਨੂੰ ਜਾਨ-ਲੇਵਾ, ਬੜੇ ਭਇਨਕ ਖ਼ਤਰਿਆਂ ਦਾ ਟਾਕਰਾ ਕਰਦਿਆਂ ਪਹਾੜਾਂ, ਜੰਗਲਾਂ ਮਰੂ ਥਲਾਂ ਵਿਚ ਰਹਿਣਾ ਪਿਆ। ਸਮਾਂ ਤਾੜ ਕੇ ਉਦਾਸੀ-ਨਿਰਮਲੇ- ਸੰਪ੍ਰਦਾਈ- ਡੇਰੇਦਾਰ-ਮਹੰਤ-ਰੂਪ **ਪ੍ਰੋਹਿਤ** ਸਾਡੇ ਧਰਮ ਅਸਥਾਨਾ ਦਾ ਸੰਚਾਲਕ ਅਥਵਾ ਸਾਡਾ **ਧਾਰਮਿਕ ਆਗੂ** ਆ ਬਣਿਆਂ, ਜਿਸ ਨੇ ਆਉਂਦਿਆਂ ਹੀ ਇਹ ਮਸ਼ਹੂਰ ਕਰੀ ਜਾਣ ਵਿਚ ਜ਼ਰਾ ਢਿੱਲ ਨਹੀਂ ਸੀ ਲਾਈ ਕਿ ਜੇ ਉਹ ਖ਼ਾਲਸਾ ਜੀ ਦੇ ਧਰਮ ਅਸਥਾਨਾ ਦੀ ਸੰਭਾਲ ਕਰਕੇ ਸਿੱਖੀ ਦਾ ਪਰਚਾਰ ਨਾ ਕਰੀ ਰੱਖਦੇ ਤਾਂ ਸਤਿਗੁਰਾਂ ਦੀ ਸਿੱਖੀ ਖ਼ਤਮ ਹੋ ਜਾਣੀ ਸੀ। ਆਪੇ ਆ ਬਣਿਆ ਇਹ ਕੁਟਲ ਧਰਮ-ਆਗੂ, ਫਿਰ, ਨਿਝੱਕ ਹੋ ਕੇ ਖ਼ਾਲਸਾ ਪੰਥ ਵਿਚ ਅਜੇਹੀ ਮਰਯਾਦਾ ਨੂੰ ਗੁਰਮਤਿ-ਮਰਯਾਦਾ ਬਣਾਉਂਦਾ ਗਿਆ ਜਿਸ ਤੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਪ੍ਰਤੀ ਬਣਿਆਂ ਅਟੱਲ ਵਿਸ਼ਵਾਸ਼ ਢਿੱਲਾ ਪੈਣ ਦੇ ਨਾਲ ਸਾਡੇ ਅੰਦਰ ਅਨੇਕਤਾ ਦੀ ਪੂਜਾ ਦੇ ਸੰਸਕਾਰ ਮੁੜ ਸੁਰਜੀਤ ਹੁੰਦੇ ਗਏ। (ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪ੍ਰਕਰਮਾਂ ਤੋਂ ਅਰੰਭ ਹੋ ਕੇ ਕਈ ਗੁਰੂ ਦੁਆਰਿਆਂ ਵਿਚ ਮੂਰਤੀਆਂ ਦੀ ਪੂਜਾ ਹੁੰਦੀ ਰਹੀ ?--ਹਰਿਮੰਦਰ ਸਾਹਿਬ ਵਿਚ ਰੁਖ ਦੀ, ਜਲ ਦੀ ਅਥਵਾ ਪੱਥਰ ਦੀ ਪੂਜਾ ਹੁੰਦੀ ਅੱਜ ਵੀ ਵੇਖੀ ਜਾ ਸਕਦੀ ਹੈ)

ਅਸੀਂ ਕਈ ਤਰ੍ਹਾਂ ਦੇ ਤਸੀਹੇ ਝੱਲਦਿਆਂ ਕਈ ਕੁਰਬਾਨੀਆਂ ਦਿੱਤੀਆਂ, ਸਿਆਸੀ ਪੈਂਤੜੇ ਬਾਜ਼ੀ ਵਾਲੇ ਵੀ ਬਥੇਰੇ ਪਾਪੜ ਵੇਲੇ, ਪਰ ਜਿਸ ਪ੍ਰੋਹਿਤ ਜੀ ਨੇ ਸਾਨੂੰ ਮੁੜ ਮੰਦਰਾਂ ਵਿਚ ਹੀ ਟੱਲ ਖੜਕਾਉਂਦੇ ਵੇਖਣ ਦੀ ਉਡੀਕ ਲਾਈ ਹੋਈ ਹੈ ਉਹ ਭਲਾ ਸਾਨੂੰ ਤੀਜੀ ਕੌਮ ਮੰਨਣ ਲਈ ਤਿਆਰ ਕਿਵੇਂ ਹੋ ਸਕਦਾ ਸੀ? ਸਾਡੇ ਹੀ ਧਰਮ ਅਸਥਾਨਾਂ ਵਿਚ ਬੈਠ ਕੇ ਸਾਡੀ ਨਿਆਰੀ ਆਭਾ ਨੂੰ ਨਸ਼ਟ ਕਰਨ ਦੇ ਮਨਸੂਬੇ ਘੜਦੇ ਰਹਿਣ ਵਾਲੇ, (ਨਿਰਮਲੇ, ਉਦਾਸੀ, ਮਹੰਤ ਆਦਿ ਭੇਖਾਂ ਵਾਲੇ ਸਿੱਖੀ ਦੇ ਕਥਿਤ ਪਰਚਾਰਕ ਅਤੇ ਸਾਧ-ਭੇਖਾਂ ਵਾਲੇ ਡੇਰੇਦਾਰ-ਰੂਪ) ਇਸ ਬਹੁਰੂਪੀਏ ਪ੍ਰੋਹਿਤ ਨੂੰ ਅਸੀਂ ਸਿੱਖੀ ਦਾਂ ਸੱਚਾ ਪਰਚਾਰਕ ਆਪਣਾ ਅੰਗ ਮੰਨ ਬੈਠੇ। ਪ੍ਰੋਹਿਤ-ਵਾਦੀ ਪਰਚਾਰ ਵਿਧੀ ਦੀ ਹੀ ਕਰਾਮਾਤ ਹੈ ਕਿ, ਅਸੀਂ ਇਸ ਸਚਾਈ ਨੂੰ ਲਗ ਪਗ ਭੁੱਲ ਹੀ ਗਏ ਹਾਂ ਕਿ, ਖ਼ਾਲਸਾ ਪੰਥ ਦੀ ਰੂਪਰੇਖਾ ਤਿਆਰ ਕਰ ਕੇ, ਇਸ ਦੀ ਸਿਰਜਣਾ ਦਾ ਅਰੰਭ ਕਰਨਾ, **ਸਤਿਗੁਰੂ ਨਾਨਕ ਸਾਹਿਬ ਜੀ ਦੀ ਹੀ ਕਰਾਮਾਤ ਹੈ**। ਅੱਜ ਅਸੀਂ ਭਾਈ ਗੁਰਦਾਸ ਜੀ ਦੇ ਇਨ੍ਹਾਂ ਬਚਨਾਂ ਨੂੰ---**ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ**--ਸੁਣਨਾ ਵੀ ਸ਼ਾਇਦ ਪਸੰਦ ਨਾ ਕਰਦੇ ਹੋਈਏ ? ਹਾਏ ! ਜੇ ਕਿਤੇ ਅਸਾਂ ਭਾਈ ਗੁਰਦਾਸ ਜੀ ਦੀ ਇਹ ਸੱਚੀ ਗੱਲ ਸੁਣ ਲਈ ਤਾਂ ਖ਼ਾਲਸਾ ਜੀ ਦੇ ੧੬੯੯ ਦੀ ਵੈਸਾਖੀ ਵਾਲੇ **ਜਨਮ ਦਿਨ ਦਾ** ਕੀ ਬਣੇਗਾ ? ਹੁਣ ਤਾਂ ਸਚੁ ਵਲੋਂ ਅੱਖੀਆਂ ਮੀਟੀ ਰੱਖਣ ਵਿਚ ਹੀ ਭਲਾਈ ਹੈ। ਭਾਵੇਂ ਉਨ੍ਹਾਂ ਰੱਸਿਆਂ ਦਾ ਪਤਾ ਲੱਗ ਵੀ ਜਾਵੇ ਜਿਹੜੇ ਸਾਡੇ ਬੇੜੇ ਨੂੰ ਮੰਜਧਾਰ ਵਿਚ ਬੰਨ੍ਹੀ ਖਲੋਤੇ ਹਨ, ਫਿਰ ਵੀ ਅੱਜ ਉਨ੍ਹਾਂ (ਰੱਸਿਆਂ) ਨੂੰ ਵੱਢ ਕੇ ਪਰ੍ਹਾਂ ਵਗਾਹ ਮਾਰਨ ਨਾਲੋਂ ਮੰਜਧਾਰ ਵਿਚ ਡੁੱਬ ਮਰਨਾ ਹੀ ਸਾਡੇ ਲਈ **.......?** ਅੱਜ (ਸੰਨ ੧੯੯੮-੯੯) ਵਿਚ SGPC ਦੇ ਪ੍ਰਧਾਨ ਸਾਹਿਬ ਸ੍ਰੀ ਗੁਰਚਰਨ ਸਿੰਘ ਜੀ ਟੋਹੜਾ ਅਤੇ ਉਨ੍ਹਾਂ ਦੇ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ

ਸਾਹਿਬ ਰਣਜੀਤ ਸਿੰਘ ਜੀ--ਅਥਵਾ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੀ (ਚੀਫ਼ ਮਿਨਿਸਟਰੀ ਅਤੇ ਸ੍ਰੋਮਣੀ ਅਕਾਲੀ ਦਲ ਦੀ) ਜਥੇਦਾਰੀ ਵਿਚ ਇਉਂ ਅਨੁਭਵ ਹੋਣ ਲੱਗ ਪਿਆ ਹੈ ਕਿ ਅਸੀਂ ਸਾਰਾ ਸਾਹ-ਸਤ ਗੁਆ ਕੇ ਆਪਣੀ ਸ਼ਕਲ ਸੂਰਤ ਗੁਆਉਣ ਵਾਲੇ ਰਸਤੇ ਪੈ ਜਾਣ ਵਿਚ ਪੰਥ ਦੀ ਭਲਾਈ ਮੰਨਣ ਲੱਗ ਪਏ ਹਾਂ। (ਪੜ੍ਹੋ--ਇਸ ਪੁਸਤਕ ਦੇ ਨੌਵੇਂ ਭਾਗ ਦਾ ਛੇਵਾ ਕਾਂਡ--**ਚਿੱਠੀਆਂ**--)

**ਭਾਵੇਂ ਇਸ** ਸਚਾਈ ਨੂੰ ਕਿਸੇ ਵੀ ਦਲੀਲ ਨਾਲ ਝੁਠਲਾਇਆ ਨਹੀਂ ਜਾ ਸਕਦਾ ਕਿ ਗੁਰੂ ਨਾਨਕ ਸਾਹਿਬ ਜੀ ਦੇ ਦਸਾਂ ਸਰੂਪਾਂ ਦੀ ਘਾਲਣਾ ਦਾ ਸਦਕਾ ਹੀ, **ਉਸ** ਪੂਰਨ ਮਨੁੱਖ ਸੰਤ-ਸੂਰਮੇ ਦੀ ਸਿਰਜਣਾ ਸੰਭਵ ਹੋ ਸਕੀ ਸੀ, **ਜਿਸ ਸੰਤ-ਸੂਰਮੇ ਖ਼ਾਲਸੇ ਨੂੰ** ਸੰਬੋਧਨ ਕਰਕੇ ਦਸਮ ਗੁਰੂ ਨਾਨਕ ਸਾਹਿਬ ਸ੍ਰੀ ਦਸ਼ਮੇਸ਼ ਜੀ ਨੇ **ਸੱਜਣ ਸੂਰਾ--ਇਸ਼ਟ ਸੁਹਿਰਦ-ਸਤਿਗੁਰ ਪੂਰਾ**, ਫ਼ੁਰਮਾਨ ਕੀਤਾ ਸੀ। ਫਿਰ ਵੀ ਅਸੀ ਖ਼ਾਲਸਾ ਪੰਥ ਦਾ ਜਨਮ ੧੬੯੯ ਵਾਲੀ ਬਿਸਾਖੀ ਨੂੰ ਅਤੇ ਖ਼ਾਲਸਾ ਪੰਥ ਦੇ ਜਨਮ ਦਾਤਾ ਕੇਵਲ ਦਸ਼ਮੇਸ਼ ਜੀ ਨੂੰ ਹੀ ਸਿੱਧ ਕਰਨ ਲਈ ਟਿੱਲ ਲਾਈ ਤੁਰੇ ਜਾਣਾ ਹੈ। ਜਦ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸਥਾਪਤ ਕੀਤੇ ਪਿਤਾ ਪੁੱਤਰ ਵਾਲੇ ਨਾਤੇ ਦੀ ਪਛਾਣ ਹੀ ਭੁੱਲ ਚੁੱਕੇ ਹਾਂ ਤਾਂ ਅਸੀਂ ਭਾਈ ਗੁਰਦਾਸ (ਜੀ) ਦੇ ਬਚਨਾਂ ਨੂੰ--ਅਥਵਾ ਇਸ ਪੁਸਤਕ ਦੇ (ਪੰਜਵੇ ਭਾਗ ਦੇ ਦੂਜੇ ਕਾਂਡ ਦੇ ਅੱਠਵੇਂ) ਲੇਖ--**ਜਨਮਿਆ ਕਿ ਪ੍ਰਗਟਿਆ ?** ਨੂੰ ਕੀ ਜਾਣੀਏ?

ਆਉ ਸੁਹਿਰਦਤਾ ਨਾਲ ਵਿਚਾਰ ਕੇ ਨਿਰਣਾ ਕਰੀਏ--ਕੀ ਭਲਾ, ਸਾਨੂੰ ਆਪਣੇ ਸਤਿਗੁਰਾਂ ਨਾਲ ਕਰੀਬ ੨੦੦ ਸਾਲ ਪਹਿਲਾਂ ਤੋਂ ਬਣ ਚੁੱਕੇ ਇਸ ਰਿਸ਼ਤੇ ਦਾ ਕਦੇ ਚੇਤਾ ਵੀ ਆਇਆ ?-- (੧) **ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ ॥ ੨ ॥** [੩੧੨]-ਵਾ-੨੦ (੨) **ਪਿਤਾ ਜਾਤਿ ਤਾ ਹੋਈਐ, ਗੁਰੁ ਤੁਠਾ ਕਰੇ ਪਸਾਉ ॥**[੮੨] (੩) **ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ ॥ ੧ ॥** [੬੧੮] **(੪) ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥ ੨ ॥** [੧੩੧੦] (੫) **ਸਿਰ ਊਪਰਿ ਮਾਤ ਪਿਤਾ ਗੁਰਦੇਵ ॥ ਸਫਲ ਮੂਰਤਿ ਜਾ ਕੀ ਨਿਰਮਲ ਸੇਵ ॥** [੬੭੭] ਅਤੇ ਫਿਰ ਆਪਣੇ ਗੁਰਸਿਖ ਸਪੁੱਤਰਾਂ ਲਈ ਸਤਿਗੁਰਾਂ ਦੀਆਂ ਡੂੰਘੀਆਂ ਸੱਧਰਾਂ ਭਰਪੂਰ ਇਸ ਫ਼ੁਰਮਾਨ ਤੋਂ ਕੀ ਸਾਡੇ ਹਿਰਦੇ ਕਦੇ ਦਰੱਵੇ ਹਨ ? ਕੀ, ਸਾਡੇ ਹਿਰਦਿਆਂ ਵਿਚ ਕਦੇ ਆਪਣੇ ਗੁਰਦੇਵ ਪਿਤਾ ਜੀ ਲਈ ਆਪਣੇ ਸਕੇ ਗੁਰੂ-ਪਿਤਾ ਵਾਲਾ ਸਨੇਹ ਜਾਗਿਆ ?--

**ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥**
**ਤਿਉ ਸਤਿਗੁਰੁ ਗੁਰਸਿੱਖ ਰਾਖਤਾ ਹਰਿ ਪ੍ਰੀਤਿ ਪਿਆਰਿ ॥੧॥ ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥**
**ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥ ੧ ॥ ਰਹਾਉ ॥ ਜੈਸੀ ਗਗਨਿ**
**ਫਿਰੰਤੀ ਊਡਤੀ ਕਪਰੇ ਬਾਗੇ ਵਾਲੀ ॥ ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ ॥**
**ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ ॥ ੨ ॥**[੧੬੮] -੭-੧੩-੫੧

**ਅਰਥ:**--ਜਿਵੇਂ ਮਾਂ ਪੁੱਤਰ ਨੂੰ ਜਨਮ ਦੇ ਕੇ ਉਸ ਨੂੰ ਆਪਣੀ ਨਜ਼ਰ ਹੇਠ ਰੱਖਦੀ ਹੈ ਤੇ ਪਾਲਦੀ ਹੈ (ਘਰ ਵਿਚ) ਅੰਦਰ ਬਾਹਰ ਕੰਮ ਕਰਦੀ ਹੋਈ ਖਿਨ ਖਿਨ ਪਿਆਰ ਕਰ ਕੇ ਉਸ ਪੁੱਤਰ ਦੇ ਮੂੰਹ ਵਿਚ ਗਿਰਾਹੀ ਦਿੰਦੀ ਰਹਿੰਦੀ ਹੈ । ਏਸੇ ਤਰ੍ਹਾਂ ਸਤਿਗੁਰੂ ਸਿੱਖਾਂ ਨੂੰ ਪਰਮਾਤਮਾ ਦੀ ਪ੍ਰੀਤਿ (ਦੀ ਆਤਮਕ ਖ਼ੁਰਾਕ) ਦੇ ਕੇ ਪਿਆਰ ਨਾਲ ਸੰਭਾਲਦਾ ਹੈ । ੧ । ਹੇ ਮੇਰੇ ਰਾਮ ! ਹੇ ਵਾਹਿਗੁਰੂ ਜੀ ! ਅਸੀਂ ਤੇਰੇ ਅੰਞਾਣ ਬੱਚੇ ਹਾਂ । ਸ਼ਾਬਾਸ਼ੇ ਉਪਦੇਸ਼ ਦਾਤੇ ਗੁਰੂ ਸਤਿਗੁਰੂ ਨੂੰ, ਜਿਸ ਨੇ ਹਰਿ-ਨਾਮ ਦਾ ਉਪਦੇਸ਼ ਦੇ ਕੇ ਸਾਨੂੰ ਸਿਆਣੇ ਬਣਾ ਦਿੱਤਾ ਹੈ । ੧ । ਰਹਾਉ । ਜਿਵੇਂ ਚਿੱਟੇ ਖੰਭਾਂ ਵਾਲੀ (ਕੂੰਜ) ਆਸਮਾਨ ਵਿਚ ਉੱਡਦੀ ਫਿਰਦੀ ਹੈ, ਪਰ ਉਹ ਪਿੱਛੇ ਰਹੇ ਹੋਏ ਆਪਣੇ ਨਿੱਕੇ ਨਿੱਕੇ ਬੱਚਿਆਂ ਵਿਚ ਆਪਣਾ ਚਿੱਤ ਰੱਖਦੀ ਹੈ, ਸਦਾ ਉਨ੍ਹਾਂ ਨੂੰ ਆਪਣੇ ਹਿਰਦੇ ਵਿਚ ਸਾਂਭਦੀ ਹੈ ਸੰਭਾਲਦੀ ਹੈ, ਇਸੇ **ਤਰ੍ਹਾਂ ਗੁਰੂ ਤੇ ਸਿੱਖ ਦੀ ਪ੍ਰੀਤਿ ਹੈ, ਗੁਰੂ ਆਪਣੇ ਸਿੱਖਾਂ ਨੂੰ ਹਰੀ ਦੀ ਪ੍ਰੀਤਿ ਦੇ ਕੇ ਉਨ੍ਹਾਂ ਨੂੰ ਆਪਣੀ ਜਿੰਦ ਦੇ ਨਾਲ ਰੱਖਦਾ ਹੈ । ੨ ।**

**ਗੁਰੂ-ਬਾਣੀ ਦੇ ਅਜੇਹੇ ਬਚਨਾਂ** ਦੀ ਕੋਈ ਪਰਵਾਹ ਕਰਨੀ ਹੁੰਦੀ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਸਾਂ ਸਰੂਪਾਂ ਦੇ ਸੁਮਿੱਲਤ ਯਤਾਨਾ ਦੀ ਸੱਚੀ ਗੱਲ ਭੁੱਲ ਭੁਲਾ ਕੇ ਅਸਾਂ ਖ਼ਾਲਸਾ ਜੀ ਦੇ ਜਨਮ ਦਾਤਾ ਕੇਵਲ ਦਸ਼ਮੇਸ਼ ਜੀ ਨੂੰ ਹੀ ਪ੍ਰਸਿੱਧ ਕਰਨ ਲਈ ਉਹੀ ਢੰਗ ਕਿਉਂ ਵਰਤਣਾ ਸੀ ਜੋ ਬ੍ਰਾਹਮਣ ਨੇ ਆਪਣੇ ਅੱਡੋ ਅੱਡਰੇ ਅਵਤਾਰਾਂ ਦੀ ਅੱਡ ਅੱਡ ਜੈ-ਜੈਕਾਰ ਬੁਲਾਉਣ ਲਈ ਵਰਤਿਆ ਹੋਇਆ ਹੈ ? ਭਾਵ--ਸੰਸਾਰ ਵਿਚ ਕਈ ਰਾਮਚੰਦ੍ਰ ਹਨ। ਇੱਕ ਰਾਮ ਉਹ ਵੀ ਹੈ ਜਿਹੜਾ ਸ੍ਰਿਸ਼ਟੀ ਦੇ ਕਣ ਕਣ ਵਿਚ ਰਮਿਆਂ ਹੋਇਆ ਹੈ। ਪਰ ਬ੍ਰਾਹਮਣ ਅਤੇ ਉਸ ਦੇ ਚੇਲੇ--**ਸੀਆ ਪਤੀ ਰਾਮਚੰਦ੍ਰ ਦੀ ਜੈ** -- ਪੁਕਾਰਦੇ ਹਨ। ਭਾਵ, **ਜੈ** ਕੇਵਲ ਉਸੇ ਰਾਮ ਦੀ, ਜਿਹੜਾ ਸੀਤਾ ਜੀ ਦਾ ਪਤੀ ਸੀ--ਏਵੇਂ ਹੀ **ਜੈ** ਰਾਧੇ ਕ੍ਰਿਸ਼ਨ--ਕੁਆਰੀ ਰਾਧਾ ਦੇ ਪ੍ਰੇਮੀ ਕ੍ਰਿਸ਼ਨ ਜੀ ਤੋਂ ਬਿਨਾਂ ਕਿਸੇ ਦੂਜੇ ਕ੍ਰਿਸ਼ਨ ਦੀ ਜੈ, ਕ੍ਰਿਸ਼ਨ-ਭਗਤ ਹਿੰਦੂ ਵੀਰ ਕਿਉਂ ਬੋਲੇ ? ਅਸੀਂ ਵੀ ਦਸਾਂ ਸਤਿਗੁਰਾਂ ਵਿਚੋਂ ਦਸ਼ਮੇਸ਼ ਜੀ ਦਾ ਸਰੂਪ ਅੱਡਰਾ ਕਰਨ ਲਈ, ਖ਼ਾਲਸਾ ਜੀ ਦੀ ਮਾਤਾ ਸਾਹਿਬ (ਦੇਵਾਂ ਕਿ ਕੌਰ ?) ਜੀ ਨੂੰ ਮੰਨਦੇ ਹਾਂ । ਭਾਵ, ਅਸੀਂ ਵੀ ਕੇਵਲ ਉਸੇ ਦਸਮ ਸਤਿਗੁਰੂ ਨਾਨਕ ਸਾਹਿਬ ਜੀ ਦੇ ਬੇਟੇ ਹੋਣ ਦਾ ਐਲਾਨ ਕਰ ਰਹੇ ਹੁੰਦੇ ਹਾਂ, ਜਿਹੜੇ ਮਾਤਾ ਸਾਹਿਬ ਕੌਰ ਜੀ ਦੇ ਪਤੀ ਹਨ ? ਸ੍ਰੀ ਰਾਮ ਚੰਦਰ ਜੀ ਦੀ ਪਛਾਣ ਜਿਵੇਂ **ਸੀਆ ਜੀ** ਦੇ ਨਾਲ ਨੱਥੀ ਹੋਣ ਕਰਕੇ, ਦਸ਼ਰਥ ਪੁੱਤਰ ਰਾਮ ਜੀ ਦੀ ਹੀ ਜੈ ਬੋਲਦੇ ਹੋਏ, ਉਸ ਰਮੇ ਹੋਏ ਰਾਮ ਤੋਂ ਅੱਡਰੇ ਹੋ ਦਿੱਸਦੇ ਹਨ। ਏਵੇਂ ਹੀ ਅਸੀਂ ਇਸ ਸਚਾਈ ਨੂੰ ਕਿਸੇ ਅਕੱਟ ਦਲੀਲ ਨਾਲ ਰੱਦ ਨਹੀਂ ਕਰ ਸਕਦੇ ਕਿ, ਦਸਮ ਸ੍ਰੀ ਗੁਰੂ ਨਾਨਕ ਜੀ ਦੇ ਸਰੂਪ ਦੀ ਪਛਾਣ ਸਾਹਿਬ ਕੌਰ ਜੀ ਨਾਲ ਜੋੜ ਕੇ, ਅਸੀਂ ਵੀ ਮਾਤਾ ਸੁਲੱਖਣੀ ਜੀ ਦੇ ਪਤੀ, ਸਤਿਗੁਰੂ ਨਾਨਕ ਸਾਹਿਬ ਜੀ ਨਾਲੋਂ ਉਪ੍ਰੋਕਤ ਵਰਣਨ ਗੁਰੂ ਬਾਣੀ ਵਿਚਲਾ ਰਿਸ਼ਤਾ ਤੋੜ ਰਹੇ ਹੁੰਦੇ ਹਾਂ। ਦਸ਼ਮੇਸ਼ ਜੀ ਦੇ ਨਾਮ ਨਾਲ ਉਚੇਚੇ ਤੌਰ ਤੇ ਉਨ੍ਹਾਂ ਦੀ ਪਤਨੀ ਨੂੰ ਆਪਣੀ ਮਾਤਾ ਮੰਨ ਕੇ ਅਸੀਂ ਦਸ਼ਮੇਸ਼ ਜੀ ਨੂੰ ਦਸਮ ਗੁਰੂ ਨਾਨਕ ਜੀ ਕਹਿਣ ਦਾ ਹੱਕ ਵੀ ਗੁਆ ਲੈਂਦੇ ਹਾਂ। ਗੁਰਿਆਈ ਤੋਂ ਪਹਿਲਾਂ, ਸਤਿਗੁਰਾਂ ਦੇ ਪਰਵਾਰ ਦੇ ਸਾਰੇ ਜੀਆਂ ਸਮੇਤ, ਸਾਰੇ ਹੀ ਸਤਿਗੁਰਾਂ ਦੇ ਸਿੱਖ ਗੁਰੂਭਾਈ, ਸਤਿਸੰਗੀ ਭੈਣ-ਭਰਾ ਹੀ ਹੁੰਦੇ ਰਹੇ ਹਨ। ਗੁਰੂ ਭਾਈਆਂ ਦੇ ਰਿਸ਼ਤੇ ਵਿਚੋਂ ਕੇਵਲ ਉਹੀ ਗੁਰ ਸਿੱਖ ਨਿਖੜਦੇ ਰਹੇ ਹਨ, ਜਿਹੜੇ ਗੁਰੂ ਪਦਵੀ ਦੇ ਮਾਲਕ ਥਾਪੇ ਜਾਂਦੇ ਸਨ। ਉਂਜ, ਗੁਰਮਤਿ ਵਿਚ ਛੋਟੇ ਨੂੰ ਪੁਤਰੀ ਪੁੱਤਰ, ਬਰਾਬਰ ਦੇ ਨੂੰ ਭੈਣ ਭਾਈ ਅਤੇ ਵਡੇ ਨੂੰ ਮਾਤਾ ਪਿਤਾ ਤੁੱਲ ਸਤਕਾਰ ਕਰਨ ਦਾ ਵਿਧਾਨ ਪ੍ਰਚਲਤ ਸੀ। ਬਿੰਦੀ ਮਾਤਾ ਪਿਤਾ ਕੇਵਲ ਕੁਦਰਤ ਹੀ ਬਣਾ ਸਕਦੀ ਹੈ।' **ਗ੍ਰੰਥ ਲਿਖਣ ਦੀ**

**ਲੋੜ ਦਾ ਪਿਛੋਕੜ** ' ਲੇਖ ਨੂੰ ਅੱਗੇ ਤੋਰਨ ਤੋਂ ਪਹਿਲਾਂ, ਆਉ ਸਤਿਗੁਰੂ ਦੀਆਂ ਇੱਕ ਤੋਂ ਵੱਧ ਸ਼ਾਦੀਆਂ ਬਾਰੇ ਅਤੇ ਮਾਤਾ ਸਾਹਿਬ ਕੌਰ ਜੀ ਦੀ ਦਸ਼ਮੇਸ਼ ਜੀ ਨਾਲ ਸ਼ਾਦੀ ਬਾਰੇ ਗੁਰਮਤਿ ਵਿਚਾਰਾਂ ਕਰ ਲਈਏ:--

## ਸਤਿਗੁਰਾਂ ਦੀਆਂ ਵਾਧੂ ਸ਼ਾਦੀਆਂ ਦਾ ਝਮੇਲਾ ?---

ਭਾਸ਼ਾ ਵਿਭਾਗ ਪੰਜਾਬ ਵਲੋਂ ਛਪਵਾਏ **ਮਹਾਨ ਕੋਸ਼ ਗ੍ਰੰਥ** ਅਨੁਸਾਰ--ਨਵੀਨ ਅਤੇ ਪੁਰਾਤਨ ਗੁਰੂ ਇਤਿਹਾਸ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਵਿਚੋਂ ਕਿਸੇ ਦੀਆਂ ਵੀ ਇੱਕ ਤੋਂ ਵੱਧ ਪਤਨੀਆਂ ਹੋਣ ਬਾਰੇ ਕਿਸੇ ਪੁਸਤਕ ਵਿਚ ਕੋਈ ਜ਼ਿਕਰ ਨਹੀਂ ਮਿਲਦਾ ਹੈ। ਪਰ ਜਦੋਂ ਹੀ ਸਤਿਗੁਰਾਂ ਨੇ ਪੀਰੀ ਦੇ ਨਾਲ ਮੀਰੀ ਦੀ ਕਿਰਪਾਨ ਪਾ ਕੇ ਲਿਬਾਸ ਅਤੇ ਰਹਿਣ ਬਹਿਣ ਸ਼ਾਹਾਨਾ ਕਰ ਲਿਆ, ਤਾਂ ਅਚਨਚੇਤ ਸ਼ਾਦੀਆਂ ਦੀ ਗਿਣਤੀ ਵਧਣੀ ਅਰੰਭ ਹੋ ਗਈ ? ਉਦਾਹਰਣ ਵਜੋਂ, ਸ੍ਰੀ ਮਾਨ ਪੰਥ ਰਤਨ ਵਿਦਯਾਮਾਰਤੰਡ ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ --ਬਿਨਾ ਕੋਈ ਕਾਰਨ ਲਿਖਿਆਂ ਕਿ ਛੇਵੇਂ ਸਤਿਗੁਰਾਂ ਤੋਂ ਇੱਕ ਤੋਂ ਵੱਧ ਸ਼ਾਦੀਆਂ ਕਰਨ ਦੀ ਲੋੜ ਕਿਸ ਕਾਰਨ ਆ ਪਈ ਸੀ--- ਆਪਣੀ ਪੁਸਤਕ ' ਗੁਰਬਾਣੀ ਪਾਠ ਦਰਸ਼ਨ ( ਸ਼ਫ਼ਾ ੧੮ ਅਤੇ ੧੯) ਵਿਚ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਤਿੰਨ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀਆਂ ਅੱਠ (੮) ਸ਼ਾਦੀਆਂ ? ਅਤੇ ਫਿਰ ਉਸੇ ਪੁਸਤਕ ਦੇ ੨੨ ਸਫ਼ੇ ਤੇ ਦਸਮ ਸਤਿਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਸ਼ਾਦੀਆਂ ਲਿਖੀਆਂ ਹਨ।

ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਅੱਠ ਸਾਲ ਦੀ ਅਵਸਥਾ ਵਿਚ ਹੀ ਨਿਜ ਧਾਮ ਨੂੰ ਸਿਧਾਰ ਗਏ ਸਨ-- ਸ਼ਾਇਦ ਇਸ ਕਾਰਨ ਉਨ੍ਹਾਂ ਦੇ ਨਾਮ ਨਾਲ ਕੋਈ ਸ਼ਾਦੀ ਨਾ ਮੜ੍ਹੀ ਜਾ ਸਕੀ। ਗੁਰਬਾਣੀ ਦੇ ਸਿਧਾਂਤ ਨੂੰ ਵਿਗਾੜਨ ਵਾਲੇ ਕੋੜੇ ਰਲੇ, ਪਹਿਲਾਂ ਗੁਰਬਾਣੀ ਵਿਚ ਅਤੇ ਫਿਰ ਗੁਰੂ ਇਤਿਹਾਸ ਵਿਚ, ਨਿਰੰਤਰ ਪਾਈ ਆ ਰਹੇ (ਗੁਰਮਤਿ ਸਿਧਾਂਤ ਦੇ ਮੁੱਢਲੇ ਪੱਕੇ ਵੈਰੀ) **ਬਿੱਪ੍ਰ ਜੀ** ਨੇ ਗੁਰੂ ਤੇਗ਼ ਬਹਾਦਰ ਜੀ ਦੇ ਘਰ ਦੂਜੀ ਇਸਤ੍ਰੀ ਸ਼ਾਇਦ ਇਸ ਕਰਕੇ ਵਿਖਾਉਣ ਦੀ ਲੋੜ ਨਹੀਂ ਸਮਝੀ, ਕਿਉਂਕਿ ਕੁਟਲ ਅਤੇ ਪਰਲੇ ਦਰਜੇ ਦੇ ਚਲਾਕ ਪ੍ਰੋਹਿਤ ਜੀ ਨੇ, ਇਨ੍ਹਾਂ ਦੀ ਪਾਵਨ ਪਵਿੱਤਰ ਅਤੇ ਜੀਵਨ-ਮੁਕਤਿ ਤਿਆਗੀ ਸ਼ਖ਼ਸ਼ੀਅਤ ਨੂੰ ਵਰਤ ਕੇ ਗੁਰਮਤਿ ਵਿਰੋਧੀ, ਬ੍ਰਾਹਮਣੀ ਜਪ-ਤਪ ਵਾਲੀ ਮਰਯਾਦਾ ਤੇ ਗੁਰੂ-ਨਾਨਕ-ਪਦਵੀ ਦੀ ਮੋਹਰ ਲੁਆ ਲਈ ਸੀ। ਭਾਵ, ਉਨ੍ਹਾਂ ਕੁਟਲ ਲਿਖਤਾਂ ਦੇ ਅਧਾਰ ਤੇ ਅਸਾਂ ਯਕੀਨ ਬਣਾ ਲਿਆ ਸੀ ਕਿ, ਸ੍ਰੀ ਗੁਰੂ ਤੇਗ਼ ਬਹਾਦੁਰ ਜੀ ੨੭/੨੮ ਸਾਲ ਤੱਕ ਭੋਰੇ ਵਿਚ ਬੈਠੇ ਤਪ ਸਾਧਦੇ ਰਹੇ ਸਨ। ਪਰ ਅਸਾਂ ਇਹ ਕਦੇ ਨਾ ਵਿਚਾਰਿਆ ਕਿ, ਬ੍ਰਾਹਮਣ ਤਪੀਸਰਾਂ ਵਾਂਗ ਹੀ ਇਨ੍ਹਾਂ ਦੇ ਇਸ਼ਨਾਨ ਪਾਣੀ, ਖਾਣ ਪੀਣ, ਟੱਟੀ ਪਿਸ਼ਾਬ ਆਦਿ ਬਾਰੇ ਕਿਤੇ ਕੋਈ ਜ਼ਿਕਰ ਕਿਸ ਕਾਰਨ ਨਹੀਂ ਲਿਖਿਆ ਮਿਲਦਾ ? ਪਿਤਾ ਨੂੰ ਏਸੇ ਜਨਮ ਵਿਚ ਮਹਾਨ ਤਪੱਸਵੀ ਵਿਖਾ ਲੈਣ ਦੀ ਸਫ਼ਲਤਾ ਨੇ, ਉਨ੍ਹਾਂ ਦੇ ਸਪੁੱਤਰ ਦਸ਼ਮੇਸ਼ ਨੂੰ ਕਥਿਤ ਪਿਛਲੇ ਜਨਮ ਵਿਚ ਲਖਾਂ-ਕ੍ਰੋੜਾਂ ਵਰ੍ਹੇ ਤਪ ਸਾਧਦੇ ਹੋਇਆਂ ਵਿਖਾ ਲੈਣ ਉਪ੍ਰੰਤ ਰੱਬ ਨਾਲ ਸਾਖਸ਼ਾਤ ਮੁਲਾਕਾਤ ਹੋਣ ਵਾਲੀ ਅਣਹੋਣੀ ਗੱਲ, ਸੱਚ ਬਣਾ ਲਈ । ਦਸ਼ਮੇਸ਼ ਜੀ ਨੂੰ ਧੁਰੋਂ ਹੀ ਰੱਬੀ ਸ਼ਕਤੀਆਂ ਨਾਲ ਮਾਲਾ ਮਾਲ ਹੋ ਕੇ ਆਏ, ਜਨਮ ਤੋਂ ਹੀ ਕ੍ਰਿਸ਼ਨ ਜੀ ਵਰਗੇ ਕੌਤਕ ਅਤੇ ਕਰਾਮਾਤਾਂ ਕਰਦੇ ਵਿਖਾ ਕੇ, ਜਨਮ-ਸਿੱਧ ਵਿਸ਼ਨੂੰ ਦੇ ਅਵਤਾਰ ***** ਸਿੱਧ ਕਰਕੇ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤ ਤੋਂ ਬੇਮੁਥਾਜ ਕਰ ਵਖਾਇਆ। ਫਿਰ, ਇਸ ਜਨਮ ਵਿਚ ਉਨ੍ਹਾਂ ਦੀਆਂ ਸ਼ਾਦੀਆਂ ਵੀ ਤਿੰਨ ਲਿਖ ਦੇਣੀਆਂ ਕਿਹੜੀ ਔਖੀ ਗੱਲ ਸੀ ?

[***** Foot note:--ਪੜ੍ਹੋਂ (੧) ਸ੍ਰੀ ਮਾਨ ਪੰਥ ਰਤਨ ਵਿਦਯਾ ਮਾਰਤੰਡ ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਲਿਖੇ **ਗੁਰਬਾਣੀ ਪਾਠ ਦਰਸ਼ਨ** ਗ੍ਰੰਥ ਦਾ -੪੭--ਸਫ਼ਾ, ਵਿਸ਼ਨੂੰ ਦਾ ਚਤੁਰਭੁੱਜੀ ਅਵਤਾਰ, ਕਲਜੁਗ ਵਿਚ ਦਸਮ ਸਰੂਪ ਧਾਰਨ ਕਰਕੇ ਆਉਣ ਦਾ ਬਚਨ ਕਰ ਰਹੇ ਹਨ। ਅਤੇ (੨) ਗਿਆਨੀ ਈਸ਼ਰ ਸਿੰਘ ਨਾਰਾ ਦੀ ਲਿਖੀ ਪੁਸਤਕ-" **ਕ੍ਰਿਸ਼ਨ ਭਗਵਾਨ ਅਤੇ ਕਲਗੀਧਰ** ' ਪੁਸਤਕ]

## ਗੰਭੀਰ ਸ਼ੰਕੇ

ਛੇਵੇ ਪਾਤਿਸ਼ਾਹ ਜੀ ਤੋਂ ਅਰੰਭ ਹੋ ਕੇ--" ਏਕਾ ਨਾਰੀ ਜਤੀ ਬਖਾਨੈ "--ਗੁਰਮਤਿ ਦੇ ਅਨਕੂਲ ਕਥਨ ਤੋਂ ਉਲਟ, ਸਤਿਗੁਰਾਂ ਨੂੰ ਵੱਧ ਇਸਤ੍ਰੀਆਂ ਨਾਲ ਸ਼ਾਦੀਆਂ ਕਰਵਾਉਣ ਦੀ ਲੋੜ ਕਿਸ ਕਾਰਨ ਪਈ ? ਭਰਮਾ ਭੁਲੇਖਿਆ ਅਤੇ ਅਗਿਆਨਤਾ ਦੇ ਆਸਰੇ ਹੀ ਪੂਜਨੀਕ ਬਣੇ, ਚੜ੍ਹਤ ਚੜ੍ਹਾਵੇ ਦੀ ਮਾਇਆ ਦੀ ਲੁੱਟ ਤੇ ਮੌਜਾਂ ਮਾਣ ਰਹੇ ਡੇਰਾਵਾਦੀਏ ਲਿਖਾਰੀਆਂ ਨੇ, ਸੰਗਤਾਂ ਨੂੰ ਗੁਰਮਤਿ ਦੀ ਠੀਕ ਜਾਣਕਾਰੀ ਦੇ ਕੇ ਸਿੱਖ ਜਗਤ ਵਿਚ ਪਏ ਭਰਮ ਦੂਰ ਕਰਨ ਦੀ ਤਾਂ ਲੋੜ ਹੀ ਮੁਕਾਈ ਹੋਈ ਹੈ । ਮਹਾਨ ਕੋਸ਼ ਵਿਚੋਂ ਵੀ ਛੇਵੇਂ ਪਾਤਸ਼ਾਹ ਜੀ ਤੋਂ ਅਚਨਚੇਤ ਇੱਕ ਤੋਂ ਵੱਧ ਸ਼ਾਦੀਆਂ ਕਰਨ ਦੀ ਉਚੇਚੀ ਲੋੜ ਵਧ ਜਾਣ ਦੇ ਕਾਰਨਾਂ ਬਾਰੇ ਕੋਈ ਟੋਹ ਨਹੀਂ ਮਿਲੀ। ਹਰ ਪੱਖੋਂ ਬ੍ਰਾਹਮਣੀ ਰੀਤਾਂ ਵਾਲੇ ਪਏ ਰਲਿਆਂ ਦੀ ਪੜਤਾਲ ਦੀ ਸੇਵਾ ਅਰੰਭ ਕਰੀ ਬੈਠੇ ਇਸ **ਨਿਮਾਣੇ ਅਤੇ ਨਾਚੀਜ਼, ਦਾਸਰੇ ਦੇ ਮਨ-ਚਿਤ ਨੇ,** ਹੇਠ ਲਿਖੇ ਗੰਭੀਰ ਸ਼ੰਕੇ ਕਬੂਲ ਕੀਤੇ ਹੋਏ ਹਨ:--

ਕਾਮ ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵਿਕਾਰਾਂ ਲਈ ਮਰ ਜਾਣ ਵਾਲੀ, ਨਿਰਲੇਪਤਾ ਨੂੰ, ਸਤਿਗੁਰੂ ਜੀ ਨੇ ਗੁਰਬਾਣੀ ਵਿਚ " **ਜੀਵਤ ਮਰਨਾਂ** ' ਬੇਅੰਤ ਵਾਰੀ ਫ਼ੁਰਮਾਨ ਕੀਤਾ ਹੈ। ਏਸੇ **ਜੀਵਤ ਮਰਨ** ਨੂੰ ਅਕਾਲ ਪੁਰਖ ਵਿਚ ਸਮਾਉਣਾ ਮੰਨਿਆਂ ਹੈ। ਕਈ ਗੁਰੂ ਸ਼ਬਦਾਂ ਵਿਚੋਂ, ਉਦਾਹਰਣ ਵਜੋਂ ਕੇਵਲ ਪੰਜ ਮੁਖਵਾਕ ਇਸ ਪ੍ਰਕਾਰ ਹਨ:--(੧)---**ਜੀਵਤ ਮਰੈ ਬੁਝੈ ਪ੍ਰਭੁ ਸੋਇ ॥ ਤਿਸੁ ਜਨ ਕਰਮਿ ਪਰਾਪਤਿ ਹੋਇ ॥ ੧ ॥** [੭੪੧[--(੨)-- ਜੀਵਤ **ਮਰੈ ਤਾ ਮੁਕਤਿ ਪਾਏ, ਸਚੈ ਨਾਇ ਸਮਾਇਆ ॥ ੧੪ ॥**[੧੦੬੭]-- (੩)-- **ਜਿਹ ਬਾਝੁ ਨ ਜੀਆ ਜਾਈ ॥ ਜਉ ਮਿਲੈ ਤ ਘਾਲ ਅਘਾਈ ॥ ਸਦ ਜੀਵਨੁ ਭਲੋ ਕਹਾਂਹੀ ॥ ਮੂਏ ਬਿਨੁ ਜੀਵਨੁ ਨਾਹੀ ॥ ੧ ॥**[੬੫੫]--(੪)-- **ਜੀਵਤ ਮਰੈ, ਮਰਿ ਮਰਣੁ ਸਵਾਰੈ ॥ ਗੁਰ ਕੈ ਸਬਦਿ ਸਾਚੁ ਉਰਧਾਰੈ ॥ ੧ ॥ ਰਹਾਉ ॥**[੧੧੭੪]-੯

(੫) **ਮਃ ੩ ॥ ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥ ਜੇਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ ॥ ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥ ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥ ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥ ੨ ॥** [੫੫੫]-ਵਾ੧੭

**ਅਰਥ:**--ਮੈਨੂੰ ਤਾਂ ਇਹ ਵੀ ਪਤਾ ਨਹੀਂ ਕਿ (ਸੱਚਾ) ਮਰਨਾ ਕੀ ਹੁੰਦਾ ਹੈ ਤੇ ਸਾਨੂੰ ਕਿਵੇਂ ਮਰਨਾ ਚਾਹੀਦਾ ਹੈ, ਜੇ ਮਾਲਕ ਮਨੋਂ ਨਾ ਵਿਸਾਰੇ, ਤਾਂ ਸੁਖਾਲਾ ਮਰਨਾ ਹੁੰਦਾ ਹੈ (ਭਾਵ, ਮਨੁੱਖ ਸੌਖਾ ਹੀ ਮਾਇਆ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ--ਹਿਰਦੇ ਵਿਚ ਪ੍ਰਭੂ ਦੀ ਸਦੀਵੀ ਯਾਦ ਟਿਕਾਈ ਰੱਖਣ ਨਾਲ ਵਿਕਾਰਾਂ ਲਈ ਮਨੁੱਖ ਮੁਰਦਾ ਹੋ ਜਾਂਦਾ ਹੈ) । ਮਰਨ ਤੋਂ ਸਾਰਾ ਸੰਸਾਰ ਡਰਦਾ ਹੈ, ਹਰ ਕੋਈ ਜੀਊਣਾ ਚਾਹੁੰਦਾ ਹੈ, ਗੁਰੂ ਦੀ ਕਿਰਪਾ ਨਾਲ ਜੋ ਮਨੁੱਖ ਜੀਊਂਦਾ ਹੀ ਮਰਦਾ ਹੈ, ਉਹੀ ਪਰਮਾਤਮਾ ਦੀ ਰਜ਼ਾ ਨੂੰ ਸਮਝਦਾ ਹੈ, (ਪ੍ਰਭੂ ਦੀ ਰਜ਼ਾ ਵਿਚ ਰਹਿਣ ਵਾਲਾ ਜੀਊਂਦਾ ਹੀ ਵਿਕਾਰਾਂ ਵਲੋਂ ਮਰ ਚੁੱਕਾ ਹੁੰਦਾ ਹੈ--ਏਹੀ ਹੈ ਉਹ ਮਨੁੱਖ ਜਿਸ ਨੂੰ ਸਤਿਗੁਰਾਂ ਨੇ ਜੀਵਨ-ਮੁਕਤਿ ਕਿਹਾ ਹੈ) । ਹੇ ਨਾਨਕ ! ਇਸ ਤਰ੍ਹਾਂ ਦੀ ਮੌਤ ਜੋ ਮਰਦਾ ਹੈ, (ਭਾਵ, ਜੋ ਮਨੁੱਖ ਪ੍ਰਭੂ ਦੀ ਰਜ਼ਾ ਵਿਚ ਤੁਰਦਾ ਹੈ) ਉਸ ਨੂੰ ਅਟੱਲ ਜੀਵਨ ਮਿਲ ਜਾਂਦਾ ਹੈ । ੨ ।

ਸਦੀਵੀ ਜੀਵਨ ਜੀਊਣ ਦਾ ਸਬਕ ਸਿਖਾਉਣ ਆਏ **ਸਦ-ਜੀਵੇ ਸਤਿਗੁਰਾਂ ਬਾਰੇ** ਇਹ ਵਿਚਾਰ ਬਣ ਲੈਣਾ ਕਿ, ਉਨ੍ਹਾਂ ਨੇ ਰਾਜਿਆਂ ਮਹਾਰਾਜਿਆਂ ਵਾਂਗ ਵਾਧੂ ਵਿਆਹ ਕਾਮ ਵਾਸਨਾ ਦੀ ਪੂਰਤੀ ਲਈ ਕਰਾਏ ਸਨ, ਇੱਕ ਅਜੇਹਾ ਪਾਪ ਹੋਵੇਗਾ ਜੋ ਕਦੇ ਵੀ ਮਾਫ਼ ਨਹੀਂ ਹੋ ਸਕਦਾ । ਫਿਰ ਕੀ, ਇਹ ਸ਼ਾਦੀਆਂ ਔਲਾਦ ਦੀ ਥੁੜ ਕਾਰਨ ਸਨ ? ਆਉ ਇਸ ਪੱਖ ਨੂੰ ਇਤਿਹਾਸਕ ਤੱਥਾਂ ਦੀ ਸਹਾਇਤਾ ਨਾਲ ਵਿਚਾਰ ਵੇਖਦੇ ਹਾਂ।

ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦੇ ਲਿਖੇ ' ਗੁਰਬਾਣੀ ਪਾਠ ਦਰਸ਼ਨ ' ਗ੍ਰੰਥ ਦੇ ੧੭ ਸਫ਼ੇ ਅਨੁਸਾਰ **ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ ੧੬੬੩ ਬਿ: ਜੇਠ ਸੁਦੀ ਚੌਥ, ੨੫ ਮਈ ੧੬੦੬ ਈ ਨੂੰ ਹੋਈ** । ਮਹਾਨ ਕੋਸ਼ ਦੇ ੮੦ ਸਫ਼ੇ ਤੇ ਵੀ ਸਤਿਗੁਰਾਂ ਦੀ ਸ਼ਹਾਦਤ ਦੀ ਏਹੀ ਤਾਰੀਖ਼ ਲਿਖੀ ਹੋਈ ਹੈ।

**(ੳ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ-- ਮਹਾਨ ਕੋਸ਼ ਦੇ** ਸਫ਼ਾ ੨੬੫ ਅਨੁਸਾਰ **ਜੀ**---ਜਨਮ ੨੧ ਹਾੜ (ਵੁਦੀ ੬) ਸੰਮਤ ੧੬੫੨ (੧੪ ਜੂਨ ਸਨ ੧੫੯੫)--ਸ਼ਾਦੀਆਂ---(੧) ਡਲਾ ਨਿਵਾਸੀ ਨਾਰਾਇਣਦਾਸ ਦੀ ਸੁਪੁਤ੍ਰੀ ਦਮੋਦਰੀ ਜੀ ਨਾ**ਲ ੧੨ ਭਾਦੋਂ ਸੰਮਤ ੧੬੬੧** (ਕਰੀਬ ਨੌ ਸਾਲ ਦੀ ਉਮਰ?) (੨) ਬਕਾਲਾ ਨਿਵਾਸੀ ਹਰੀ ਚੰਦ ਦੀ ਸੁਪੁਤ੍ਰੀ **ਨਾਨਕੀ ਜੀ** ਨਾਲ **੮ ਵੈਸਾਖ ਸੰਮਤ ੧੬੭੦** । (੩)-- ਮੰਡਿਆਲੀ ਨਿਵਾਸੀ ਹਰੀ ਚੰਦ ਦੀ ਸੁਪੁਤ੍ਰੀ **ਮਹਾਂਦੇਵੀ ੧੧ ਸਾਉਣ ੧੫੭੨** ਵਿਚ। ਗੁਰਬਾਣੀ ਪਾਠ ਦਰਸ਼ਨ ਵਿਚ ਸਤਿਗੁਰੂ ਜੀ ਦੀਆਂ ਕਥਿਤ ਸ਼ਾਦੀਆਂ ਦੀ ਤਾਰੀਖ ਨਹੀਂ ਲਿਖੀ ਹੋਈ ।

ਸਤਿ ਗੁਰੂ ਅਰਜਨ ਦੇਵ ਜੀ ਦੀ ਆਪਣੀ ਸ਼ਾਦੀ ਕਰੀਬ ੧੭ ਸਾਲ ਦੀ ਉਮਰ ਵਿਚ ਹੋਈ ਸੀ ਫਿਰ ਆਪਣੇ ਇਕਲੋਤੇ ਸਪੁੱਤਰ ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਦੀ ਸ਼ਾਦੀ ੯ ਸਾਲ ਦੀ ਛੋਟੀ ਉਮਰ ਵਿਚ ਹੀ ਕਰ ਦੇਣ ਦੀ ਕਾਹਲ, ਵਡੇ ਗੰਭੀਰ ਅਤੇ ਪਰਮ-ਧੀਰਜਵਾਨ ਪੰਚਮ ਸਤਿਗੁਰਾਂ ਜੀ ਨੂੰ ਕਿਸ ਮਜਬੂਰੀ ਕਾਰਨ ਆ ਪਈ ? ਗੁਰੂ ਇਤਿਹਾਸ ਲਿਖਣ ਵਾਲਿਆਂ ਨੇ ਤਕੜੀ ਹੇਰਾ-ਫੇਰੀ ਤੋਂ ਕੰਮ ਲਿਆ ਲੱਗਦਾ ਹੈ।

**(ਅ) ਛੱਟਮ ਪੀਰ ਛੇਵੇਂ ਸਤਿਗੁਰੂ ਨਾਨਕ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੰਤਾਨ**

ਗੁਰਬਾਣੀ ਪਾਠ ਦਰਸ਼ਨ ਗ੍ਰੰਥ ਦੇ ਸਫ਼ਾ ੧੮ ਅਨੁਸਾਰ:-- -ਸਪੁੱਤਰ--(ਬਾਬਾ ਗੁਰਦਿੱਤਾ ਜੀ, (੨) ਬੀਬੀ ਵੀਰੋ ਜੀ (ਦੋਨੋ ਮਾਤਾ ਦਮੋਦਰੀ ਜੀ ਦੇ)। (੩) ਅਣੀ ਰਾਏ ਜੀ । (੪) ਸ੍ਰੀ ਗੁਰੂ ਤੇਗ਼ ਬਹਾਦਰ ਜੀ। (੫) ਬਾਬਾ ਅਟੱਲ ਰਾਏ ਜੀ (ਤਿੰਨੇਂ ਮਾਤਾ ਨਾਨਕੀ ਜੀ ਦੇ) । (੬) ਸੂਰਜ ਮੱਲ ਜੀ ਮਾਤਾ ਮਰਵਾਹੀ ਜੀ ਦੇ ।

੧) ਬਾਬਾ ਗੁਰਦਿੱਤਾ ਜੀ--(ਮਾਤਾ-ਦਾਮੋਦਰੀ ਤੋਂ) ਕਤਕ ਸੁਦੀ ੧੫ ਸਮੰਤ ੧੬੭੦- ਡਰੌਲੀ --(ਮਹਾਨ ਕੋਸ਼ ਸਫ਼ਾ-੪੧੬)
(੨) ਬੀਬੀ ਵੀਰੋ ਜੀ ( " " " " " ) ਸੰਮਤ ੧੬੭੨- ਅੰਮ੍ਰਿਤਸਰ---(ਮ: ਕੋ: ਸਫ਼ਾ-੮੭੯)
(੩) ਬਾਬਾ ਸੂਰਜ ਮੱਲ ਜੀ (ਮਾਤਾ ਮਹਾਂਦੇਵੀ ਤੋਂ) ਸੰਮਤ ੧੬੭੪- ਅੰਮ੍ਰਿਸਰ---(ਮ: ਕੋ: ਸਫ਼ਾ-੨੨੫)
(੪) ਬਾਬਾ ਅਣੀਰਾਇ ਜੀ (ਮਾਤਾ ਦਾਮੋਦਰੀ ਤੋਂ) ੨੬ ਮਾਘ ਸੰਮਤ ੧੬੭੫- ਅੰਮ੍ਰਿਤਸਰ---(ਮ: ਕੋ: ਸਫ਼ਾ-੫੧)
(੫) ਬਾਬਾ ਅਟੱਲ ਜੀ (ਮਾਤਾ ਮਹਾਂਦੇਵੀ) ਫੱਗਨ ਸੁਦੀ ੪ ਸੰਮਤ ੧੬੭੬- ਅੰਮ੍ਰਿਤਸਰ---(ਮ: ਕੋ: ਸਫ਼ਾ ੪੯)

ਮਹਾਨ ਕੋਸ਼ ਅਨੁਸਾਰ ਇਨ੍ਹਾਂ ਦੀ ਮਾਤਾ ਦਾ ਅਤੇ ਸੂਰਜ ਮੱਲ ਜੀ ਦੀ ਮਾਤਾ ਦਾ ਨਾਮ **ਮਹਾਂਦੇਵੀ** ਹੈ ਪਰ ਸੂਰਜ ਪ੍ਰਕਾਸ਼ ਵਿਚ ਮਾਤਾ ਦਾ ਨਾਮ ਨਾਨਕੀ ਲਿਖਿਆ ਹੈ । ਜਿਸ ਦਾ ਜੋ ਜੀ ਕਰੇ ਕਿਸੇ ਵੀ ਇਸਤ੍ਰੀ ਦਾ ਨਾਮ ਅਤੇ ਪਤਾ ਲਿਖ ਦੇਵੇ ਖ਼ਾਲਸਾ ਜੀ ਨੇ ਸੱਚ ਮੰਨ ਕੇ ਉਸ ਪਿੰਡ ਗੁਰਦੁਆਰਾ ਝਟ ਬਣਾ ਲੈਣਾ ਹੋਇਆ ?

(੬) **ਸਤਿਗੁਰੂ ਤੇਗ਼ ਬਹਾਦੁਰ ਜੀ ਦਾ ਜਨਮ**--੫ ਵੈਸਾਖ--ਸੰਮਤ ੧੬੭੮ ਅੰਮ੍ਰਿਤ ਸਰ ਵਿਖੇ----**ਸ਼ਾਦੀ**-- ੧੫ ਅੱਸੂ ੧੬੮੯ -- ੧੧ ਸਾਲ ੭ ਮਹੀਨੇ ਦੀ ਉਮਰ**) ਗੁਰਿਆਈ**-- ੨੪ ਚੇਤ ਸੰਮਤ ੧੭੨੨ (੨੦ ਮਾਰਚ ਸਨ ੧੬੬੫) ਅਤੇ **ਸ਼ਹਾਦਤ**--੧੨ ਮਘਰ ਸੰਮਤ ੧੭੩੨-- ੧੧ ਨਵੰਬਰ ਸੰਨ ੧੬੭੫] [ਮ: ਕੋ ਸਫ਼ਾ-੬੦੦]

ਛੇ ਬਚਿਆਂ ਦੇ ਜਨਮ ਦੇ ਉਪ੍ਰੋਕਤ ਵੇਰਵੇ ਤੋਂ ਯਕੀਨ ਨਾਲ ਇਹ ਨਹੀਂ ਕਿਹਾ ਜਾ ਸਕਦਾ ਕਿ ਏਨੇ ਏਨੇ ਫ਼ਰਕ ਨਾਲ ਸਾਰੇ ਬੱਚੇ ਇਕੋ ਮਾਤਾ ਜੀ ਦੇ ਪੇਟੋਂ ਪੈਦਾ ਹੋਣੇ ਸੰਭਵ ਨਹੀਂ ਸਨ। ਉਪ੍ਰੋਕਤ ਲਿਖਤ ਅਨੁਸਾਰ ਸਤਿਗੁਰਾਂ ਦੀ ਉਮਰ ਅਜੇ ਮਸਾਂ ੧੬ ਸਾਲ ਦੀ ਹੋਈ ਸੀ ਕਿ ਔਲਾਦ ਪੈਦਾ ਹੋਣੀ ਅਰੰਭ ਹੋ ਗਈ। ਸੋ ਔਲਾਦ ਦੀ ਥੁੜ ਕਾਰਨ ਵੀ ਹੋਰ ਸ਼ਾਦੀਆਂ ਕਰਨ ਦੀ ਸਤਿਗੁਰਾਂ ਨੂੰ ਕੋਈ ਲੋੜ ਨਹੀਂ ਸੀ। ਉਂਜ ਵੀ ਮਨੁੱਖ ਨੂੰ ਅਕਾਲਪੁਰਖ ਦੀ ਰਜ਼ਾ ਵਿਚ ਰਹਿਣ ਜੋਗ ਬਣਾ ਰਹੇ ਸਤਿਗੁਰਾਂ ਦੇ ਪਿਤਾ ਗੁਰਦੇਵ, ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਉਮਰ ਕਰੀਬ ੩੨ ਸਾਲ ਹੋ ਗਏ ਸੀ ਜਦ ਇਕਲੋਤੇ ਸਾਹਿਬਜ਼ਾਦਾ, ਸਾਹਿਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ ਸੀ। ਵਿਰੋਧੀਆਂ ਦੀਆਂ ਲਿਖਤਾਂ ਤੋਂ ਵੀ ਉਨ੍ਹਾਂ ਦੇ ਮਨ ਵਿਚ ਦੂਜੀ ਸ਼ਾਦੀ ਦਾ ਸੰਕਲਪ ਤੱਕ ਆਇਆ ਵੀ ਸਿੱਧ ਨਹੀਂ ਹੁੰਦਾ। ਫਿਰ ਛੇਵੇਂ ਥਾਂ ਆ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਜੋਤਿ ਨੂੰ ਇੱਕ ਤੋਂ ਵੱਧ ਸ਼ਾਦੀਆਂ ਦੀ ਲੋੜ ? ਇਹ ਅਨਰਥ ਅਸਾਂ ਕਵੇਂ ਮੰਨ ਲਿਆ ? ਜੋਤਿ ਦੇ ਨਾਲ ਜੀਵਨ-ਜੁਗਤਿ ਵੀ **ਸਾਇ** ਰੱਖਣ ਦੀ ਪਾਬੰਦੀ ਦਾ ਕੀ ਬਣਿਆਂ ? (੧) " **ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ।**[੯੬੬] " ਅਤੇ ਸਾਧ ਦੇ ਬਚਨ ਦੀ ਅਟੱਲਤਾ ਬਾਰੇ ਸਤਿਗੁਰਾਂ ਦਾ ਇਹ ਸਪੱਸ਼ਟ ਫ਼ੁਰਮਾਨ--

**ਸਾਰਗ ਮਹਲਾ ੫ ॥ ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥ ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥ ੧ ॥ ਰਹਾਉ ॥ ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥ ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥ ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥ ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥ ੨ ॥ ਰਾਜ ਬਿਨਾਸੀ ਤਾਮ ਬਿਨਾਸੀ, ਸਾਤਕੁ ਭੀ ਬੇਨਾਧਾ ॥ ਦ੍ਰਿਸ਼ਟਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥ ੩ ॥ ਆਪੇ ਆਪਿ ਆਪ ਹੀ ਆਪੇ ਆਪਨ ਖੇਲੁ ਦਿਖਾਧਾ ॥ ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ, ਨਾਨਕ ਗੁਰ ਮਿਲਿ ਲਾਧਾ ॥ ੪ ॥ ੬ ॥**[੧੨੦੪]

ਜਤਿ ਅਤੇ ਜੁਗਤਿ ਉਹੀ ਰਹਿਣ ਵਾਲਾ ਸਾਧ ਬਚਨ ਕਦੇ ਨਹੀਂ ਸੀ ਖਿਸਕ ਸਕਦਾ। ਸਤਿਗੁਰੂ ਜੀ ਦੀਆਂ ਸ਼ਾਦੀਆਂ ਇਕਿ ਤੋਂ ਵੱਧ ਮੰਨਣ ਵਾਲੇ ਅਸੀਂ, ਕੀ ਆਪਣੇ ਸਤਿਗੁਰਾਂ ਦੇ ਉਪ੍ਰੋਕਤ ਮੁਖ ਵਾਕਾਂ ਦੀ ਖਿਲੀ ਆਪ ਹੀ ਨਹੀਂ ਉਡਾ ਰਹੇ ? **ਅਸੰਭਵ ਨੂੰ ਸੰਭਵ ਮੰਨੀ ਜਾ ਰਹੇ ਮਾਇਆ-ਮਦ ਦੀ ਘੂਕੀ ਵਿਚ ਸੁੱਤੇ ਹੇ ਖ਼ਾਲਸਾ ਜੀਓ !** ਆਓ, ਜਾਗ੍ਰਤ ਅਵਸਥਾ ਵਿਚ ਆਈਏ, ਅਤੇ ਬਿਬੇਕ ਬੁਧੀ ਨਾਲ ਗੁਰਮਤਿ ਵਿਚਾਰ ਨਾਲ ਜੁੜ ਕੇ, ਉਸ ਅਨੁਸਾਰ ਗੁਰੂ ਇਤਹਾਸ ਵਿਚ ਦਰੁਸੱਤੀ ਕਰ ਲਈਏ ।

(ਅ) **ਸਤਿਗੁਰੂ ਹਰਿ ਰਾਇ ਜੀ**-- ਮਹਾਨ ਕੋਸ਼ ਦੇ ੨੬੭ ਸਫ਼ੇ ਤੇ ਸਤਿਗੁਰਾਂ ਦੇ ਜਨਮ ਦੀ ਤਾਰੀਖ਼ **੨੦ ਮਾਘ (ਸੁਦੀ ੧੨) ਸੰਮਤ ੧੬੮੬**-- (੨੬ ਫ਼ਰਵਰੀ ਸੰਨ ੧੬੩੦ ਲਿਖੀ ਹੈ।

ਸ਼ਾਇਦ ਸੀਸ ਤੇ ਸ਼ਾਹੀ ਕਲਗ਼ੀ ਹੋਣ ਦੇ ਕਾਰਨ ਭਿੰਡਰਾਂ ਵਾਲੇ ਮਹਾਂਪੁਰਖਾਂ ਨੇ ਸਤਿਗੁਰੂ ਜੀ ਦੀਆਂ ਕਥਿਤ ਅੱਠ ਸ਼ਾਦੀਆਂ ਦਾ ਵੇਰਵਾ ਇਸ ਪ੍ਰਕਾਰ ਲਿਖਿਆ ਹੈ--੧- ਮਾਤਾ ਕ੍ਰਿਸ਼ਨ ਕੌਰ ਜੀ । ੨- ਚੰਦ ਕੌਰ ਜੀ । ੩- ਰਾਮ ਕੌਰ ਜੀ। ੪- ਕੋਟ ਕਲਿਆਣੀ ਜੀ । ੫ ਤੋਖੀ ਜੀ । ੬- ਅਣੋਖੀ ਜੀ । ੭- ਲਾਡੋ ਜੀ । ੮- ਪਰੇਮ ਕੌਰ ਜੀ । ਮਹਾਨ ਕੋਸ਼ ਦੇ ੨੬੭ ਸਫ਼ੇ ਤੇ ਸਤਿਗੁਰਾਂ ਦੀਆਂ ਸ਼ਾਦੀਆਂ ਬਾਰੇ ਕੇਵਲ ਏਨਾ ਹੀ ਲਿਖਿਆ ਹੈ--**ਹਾੜ ਸੁਦੀ ੩ ਸੰਮਤ ੧੬੯੭** ਨੂੰ ਅਨੂਪ ਸ਼ਹਿਰ (ਜ਼ਿਲਾ ਬੁਲੰਦ ਸ਼ਹਿਰ ਯੂ ਪੀ) ਨਿਵਾਸੀ **ਦਯਾ ਰਾਮ** ਦੀਆਂ ਪੁਤ੍ਰੀਆਂ ਨਾਲ ਹੋਇਆ । ੨੦ ਮਾਘ ੧੬੮੬ ਨੂੰ ਸਤਿਗੁਰਾਂ ਦਾ ਜਨਮ ਅਤੇ ਹਾੜ ਸੁਦੀ ੩ ੧੬੯੭ ਨੂੰ ਲਗਪਗ ੧੧ ਸਾਲ ਦੀ ਉਮਰ ਵਿਚ ਸ਼ਾਦੀ ? ਭਾਈ ਦਯਾ ਰਾਮ ਕੋਈ ਰਜਵਾੜਾ ਤਾਂ ਹੈ ਹੀ ਨਹੀਂ ਸੀ ਜੋ ਉਸ ਦੀਆਂ ਬੇਅੰਤ ਰਾਣੀਆਂ ਵਿਚੋਂ ਅੱਠ ਕੁੜੀਆਂ ਦੀ ਉਮਰ ਕਰੀਬ ੧੧ ਸਾਲ ਦੇ ਹੀ ਲਗ ਪਗ ਪੁੱਜ ਚੁੱਕੀ ਸੀ। ਇਕ ਮਾਤਾ ਪਿਤਾ ਤੋਂ ਜਨਮੀਆ ਅੱਠ ਬੀਬੀਆਂ ? ਜੇ ਪਹਿਲੀ ਬੀਬੀ ਦੀ ਉਮਰ ਸਤਿਗੁਰਾਂ ਦੇ ਬਰਾਬਰ ੧੧ ਸਾਲ ਹੀ ਮਿਥ ਲਈਏ ਅਤੇ ਸਾਲ ਸਾਲ ਦੇ ਫਰਕ ਨਾਲ ਬਾਕੀ ੭ ਬੀਬੀਆਂ ਜਨਮਦੀਆਂ ਰਹੀਆਂ ਹੋਣ ਤਾਂ ਸ਼ਾਦੀ ਸਮੇਂ ਅਠਵੀ ਬੀਬੀ ਮਸਾਂ ੩/੪ ਸਾਲ ਦੀ ਹੋਣੀ ਹੈ। ਉਂਜ ਆਮ ਹਾਲਤਾਂ ਵਿਚ ਬਚਿਆਂ ਦੀ ਪਾਲਣਾ ਵਾਲੇ ਨਿਯਮ ਨੂੰ ਮੁੱਖ ਰੱਖ ਕੇ ਦੋ ਬਚਿਆਂ ਦੀ ਪੈਦਾਇਸ਼ ਦਾ ਦਰਮਿਆਨੀ ਫਰਕ ਸਾਲ ਤੋਂ ਵਧ ਹੋਣਾ ਕੁਦਰਤੀ ਨਿਯਮ ਹੈ। ਏਡੀਆਂ ਛੋਟੀਆਂ ਛੋਟੀਆਂ ਸਾਰੀਆਂ ਬਚੀਆਂ ਨੂੰ ਘਰੋਂ ਕੱਢ ਕੇ ੧੧ ਸਾਲ ਦੇ ਨੀਂਗਰ ਜੀ ਦੇ ਹਵਾਲੇ ਕਰ ਦੇਣੀਆਂ--ਕਿਸ ਮਜਬੂਰੀ ਦੇ ਕਾਰਨ ? ਗੱਲ ਮੰਨਣ ਜੋਗ ਨਹੀਂ ਬਣਦੀ। (ਧਿਆਨ ਰਹੇ ਕਿ ਆਤਮਕ ਬਜ਼ੁਰਗੀ ਦੇ ਨਾਲ ਸਰੀਰਕ ਕਿਰਿਆ ਵੀ ਅਸਮਾਨੀ ਚੜ੍ਹ ਜਾਣੀ ਜ਼ਰੂਰੀ ਸ਼ਰਤ ਨਹੀਂ ਹੈ) ਪਰ ਜਿਸ ਖ਼ਾਲਸਾ ਜੀ ਨੇ ਗੁਰਮਤਿ ਦੇ ਸਾਰੇ ਸਿਧਾਂਤ ਛਿੱਕੇ ਤੇ ਰੱਖ ਦਿੱਤੇ ਹੋਣ, ਅਤੇ ਦਸ਼ਮੇਸ਼ ਜੀ ਨੂੰ ਅਜੇਹੇ ਥਾਂ ਲੱਖਾ-ਕ੍ਰੋੜਾਂ ਵਰ੍ਹੇ ਤਪ ਸਾਧਦੇ ਮੰਨ ਕੇ ਗੁਰਦੁਆਰਾ ਜਾ ਬਣਾਇਆ ਜਿਸ ਥਾਂ ਆਕਸੀਜਨ ਦੀ ਘਾਟ ਦੇ ਕਾਰਨ ਲਗਾਤਾਰ ਛੇ ਮਹੀਨੇ ਰਹਿਣਾ ਵੀ ਕਠਨ ਹੈ, ਉਸ ਖ਼ਾਲਸਾ ਜੀ ਨੂੰ ਅਜੇਹੀਆਂ ਵਿਚਾਰਾਂ ਵਿਚ ਪੈਣ ਦੀ ਕੀ ਲੋੜ। ਜਿਧੱਰ ਵੀ ਕੁਟਲ ਇਤਿਹਾਸਕਾਰ ਨੇ ਉਂਗਲ ਕਰ ਦਿੱਤੀ, ਗੁਰਮਤਿ ਨੂੰ ਪਿੱਠ ਦੇਣ ਗਿੱਝੇ ਸ਼ਰਧਾਵਾਨ (ਅਸ਼ਰਧਕ-) ਖ਼ਾਲਸਾ ਜੀ ਨੇ ਝਟ ਪਟ ਯਾਦਗਾਰ ਬਣਾ ਦੇਣੀ ਸਤਿਗੁਰਾਂ ਦੀ ਉਚੇਚੀ ਸੇਵਾ ਮੰਨ ਲਈ ?

" ਪਰ ਸਾਡਾ ਵੀ ਕੀ ਵੱਸ। ਹਜ਼ਾਰਾਂ ਸਾਲ, ਪੀਹੜੀ-ਦਰ-ਪੀਹੜੀ ਅਸੀਂ ਬ੍ਰਾਹਮਣੀ ਪੁਰਾਣਾ ਵਿਚਲੀਆਂ ਝੂਠ ਅਤੇ ਨਿਰਮੂਲ ਕਹਾਣੀਆਂ ਦੇ ਅਧਾਰ ਤੇ ਬੇਸ਼ੁਮਾਰ ਤੀਰਥ ਸਿਰਜ ਕੇ ਉਨ੍ਹਾਂ ਦੀ ਯਾਤਰਾ ਤੋਂ ਆਪਣਾ ਲੋਕ ਅਤੇ ਪਰਲੋਕ ਸੁਆਰਦੇ ਰਹਿਣ ਵਾਲੇ ਸੰਸਕਾਰ ਲਈ ਫਿਰਦੇ ਅਸੀਂ ਅੱਜ ਆਪਣੇ ਸਤਿਗੁਰਾਂ ਦੇ ਇਤਿਹਾਸ ਵਿਚ ਪਏ ਵਡੇ ਤੋਂ ਵਡੇ ਰਲੇ ਬਾਰੇ ਸੱਚ-ਝੂਠ ਦੀ ਪਰਖ ਦੇ ਝਮੇਲੇ ਵਿਚ ਕਿਉਂ ਪਈਏ? ਭਾਵੇਂ, ਝੂਠ ਲਿਖਤਾਂ ਦੇ ਅਧਾਰ ਤੇ ਹੀ ਸਹੀ, ਪਰ ਜਿਹੜੇ ਤੀਰਥ ਅਸੀਂ ਬਣਾ ਰਹੇ ਹਾਂ ਸਾਡਾ ਲੋਕ ਪਰਲੋਕ ਤਾਂ ਉਹ ਵੀ ਬਿਨਾ ਕਿਸੇ ਹੀਲ-ਹੁੱਜਤ ਤੋਂ ਸੁਆਰੀ ਜਾ ਰਹੇ ਹਨ। ਅਸੀਂ ਭਲਾ ਇਸ ਸੁਖਾਵੇਂ ਭਰਮ-ਜਾਲ ਵਿਚੋਂ ਕਿਉਂ ਨਿਕਲੀਏ ? ਧੁਰ ਕੀ ਬਾਣੀ ਦਾ ਫ਼ੁਰਮਾਨ ਕੀ ਹੈ? ਇਹ ਜਾਣਨ ਵਾਲੇ ਝੰਜਟ ਵਿਚ ਅਸੀਂ ਭਲਾ ਕਿਉਂ ਪਈਏ ?" ਵਾਹ ਖ਼ਾਲਸਾ ਜੀ ਵਾਹ ਤੁਸੀਂ ਅਤੇ ਵਾਹ-ਵਾ ਤੁਹਾਡਾ ਸਿੱਖੀ ਸਿਦਕ। (ਭਾਗਾਂ ਵਾਲੇ ਸੂਝਵਾਨ ਵਿਰਲੇ ਗੁਰਮੁਖਿ ਪਿਆਰੇ ਖਿਮਾ ਕਰਨ ਜੀ)

ਮਹਾਨ ਕੋਸ਼ ਦੇ ੧੦੩੫ ਸਫ਼ੇ ਅਨੁਸਾਰ ਬਾਬਾ ਰਾਮ ਰਾਇ ਜੀ ਦਾ ਜਨਮ ਸੰਮਤ ੧੭੦੩ ਵਿਚ ਕੀਰਤ ਪੁਰ ਹੋਇਆ । ਅਤੇ ਮ:ਕੋ: ਸਫ਼ਾ ੨੬੫ ਅਨੁਸਾਰ ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਮਾਤਾ ਕ੍ਰਿਸ਼ਨ ਕੌਰ ਤੋਂ ਸੋਮਵਚਾਰ ੮ ਸਾਵਣ (ਬਦੀ ੧੦) ਸੰਮਤ ੧੭੧੩ (੭ ਜੁਲਾਈ ਸਨ ੧੬੫੬) ਨੂੰ ਕੀਰਤ ਪੁਰ ਵਿਖੇ ਹੋਇਆ । ਭਾਵ ਰਾਮ ਰਾਏ ਜੀ ਤੋਂ ਕਰੀਬ ੧੦ ਸਾਲ ਬਾਅਦ ਗੁਰੂ ਹਰਿਕ੍ਰਿਸ਼ਣ ਜੀ ਦਾ ਆਗਮਨ ਹੋਇਆ। ਜੇ ਸਾਡੀ ਸ਼ਰਧਾ ਇਸ ਤੱਥ ਤੇ ਆ ਟਿਕੇ ਕਿ, ਅਸਲ ਵਿਚ **ਗੁਰਦੇਵ ਜੀ ਦੀ ਸ਼ਾਦੀ ਕੇਵਲ ਇੱਕ ਹੀ ਸੀ, ਜੇ, (ਮਾਤਾ) ਹਰਿਕ੍ਰਿਸ਼ਨ ਕੌਰ ਜੀ** ਹੀ ਦੋਹਾਂ ਸਾਹਿਜ਼ਾਦਿਆਂ ਦੇ ਜਨਮ ਦਾਤੇ ਮੰਨ ਲਈਏ ਤਾਂ, ਗੁਰਮਤਿ ਦੇ ਅਨਕੂਲ ਬਣੇ ਇਸ ਭਰੋਸੇ ਨੂੰ ਰੱਦ ਕਰਨ ਲਈ ਕੋਈ ਅਕੱਟ ਗੁਰਮਤਿ-ਦਲੀਲ ਲੱਭਣੀ ਅਸੰਭਵ ਹੈ ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ**--ਪੋਹ ਸੁਦੀ ਸਤਵੀ ਸੰਮਤ ੧੭੨੩ ਮੁਤਾਬਕ ੧ ਜਨਵਰੀ ੧੬੬੬-- ਆਗਮਨ (ਗੁਰਬਾਣੀ ਪਾਠ ਦਰਸ਼ਨ ਸਫ਼ਾ ੨੨)

ਗੁਰੂ ਤੇਗ਼ਬਹਾਦਰ ਸਾਹਿਬ ਜੀ ਦੇ ਘਰ ਮਾਤਾ ਗੁਜਰੀ ਜੀ ਤੋਂ ਪਟਨੇ ਸ਼ਹਿਰ (ਬਿਹਾਰ) ਵਿਖੇ ਪੋਹ ਸੁਦੀ ੭ (੨੨ ਪੋਹ) ਛਨਿਛਰਵਾਰ ਸੰਮਤ ੧੭੨੩ (੨੨ ਦਿਸੰਬਰ ੧੬੬੬) ਨੂੰ [ਮਹਾਨ ਕੋਸ਼ ਸਫ਼ਾ ੪੨੯]

ਸਪੁੱਤਰ-- ੧- ਬਾਬਾ ਅਜੀਤ ਸਿੰਘ ਜੀ-- ਜਨਮ ਸੰਮਤ ੧੭੪੬ ਮਾਤਾ ਸੁੰਦਰੀ (ਮ: ਕੋ: ਸਫ਼ਾ- ੪੮) । ਪਰ ਗੁਰਬਾਣੀ ਪਾਠ ਦਰਸ਼ਨ ਵਿਚ ਭਿੰਡਰਾਂ ਵਾਲੇ ਸੰਤਾਂ ਨੇ ਮਾਤਾ ਸੁੰਦਰ ਕੌਰ ਅਤੇ ਸੰਮਤ ੧੭੪੬ ਹੀ ਲਿਖਿਆ ਹੈ । ਮਹੀਨਾ ਤਾਰੀਖ਼ ਦੋਹੀਂ ਥਾਈ ਚੁੱਪ ?

੨- ਬਾਬਾ ਜੁਝਾਰ ਸਿੰਘ ਜੀ-- ਜਨਮ ਮ: ਕੋ: ੫੨੭ - ਸੰਮਤ ੧੭੪੭ ਹੈ-ਪਰ ਗੁਰਬਾਣੀ ਪਾਠ ਦਰਸ਼ਨ ਗ੍ਰੰਥ ਸਫ਼ਾ ੨੨ **ਜਨਮ ਦਾ ਸੰਮਤ ੧੭੪੯** ਹੈ। ਮਿਤੀ ਅਥਵਾ ਮਹੀਨਾ ਦੋਹੀ ਥਾਈਂ ਨਹੀਂ ਹੈ।

੩- ਬਾ: ਜੋਰਾਵਰ ਸਿੰਘ ਜੀ- ਜਨਮ ਮਘਰ ਸੁਦੀ ੩ ਸੰਮਤ ੧੭੫੩ ਮਾਤਾ ਜੀਤੋ ਜੀ ਤੋਂ। ਸ਼ਹੀਦੀ- ੧੩ ਪੋਹ ੧੭੬੧ (ਮ:ਕੋ: ਸਫ਼ਾ ੫੩੭) ਗੁਰਬਾਣੀ ਪਾਠ ਦਰਸ਼ਨ ਵਿਚ ਜਨਮ ਦਾ ਸੰਮਤ ੧੭੫੨ ਲਿਖਿਆ ਹੈ।

੪- ਬ: ਫ਼ਤਹਿ ਸਿੰਘ ਜੀ--ਜਨਮ ਫੱਗਣ ਸੁਦੀ ੭ ਸੰਮਤ ੧੭੫੫ ਮਾਤਾ ਜੀਤੋ ਜੀ ਤੋਂ । ਸ਼ਹੀਦੀ ੧੩ ਪੋਹ ੧੭੬੧ (ਮ:ਕੋ: ਸਫ਼ਾ-੮੦੮) ਗੁਰਬਾਣੀ ਪਾਠ ਦਰਸ਼ਨ ਅਨੁਸਾਰ ਜਨਮ ਦਾ ਸੰਮਤ ੧੭੫੪ ਹੈ । ਦੋਹਾਂ ਗ੍ਰੰਥਾਂ ਦਾ ਕਈ ਥਾਂਈ ਮਤਭੇਤ ਹੈ। ਕੁਝ ਵੀ ਹੋਵੇ ਤਾਰੀਖ਼ਾਂ ਤੋਂ ਸਪੱਸ਼ਟ ਹੈ ਕਿ ਸ੍ਰੀ ਰਾਮ ਚੰਦਰ ਅਤੇ ਉਨ੍ਹਾਂ ਦੇ ਤਿੰਨ ਭਾਈਆਂ ਦੇ ਜਨਮ ਸਮੇ ਜਿਹਾ ਕੌਤਕ, ਗੁਰੂ ਘਰ ਵਿਚ ਕਦੇ ਨਹੀਂ ਵਰਤਿਆ। ਜੇ ਏਥੇ ਵੀ ਇਹ ਭਰੋਸਾ ਬਣਾ ਲਈਏ ਕਿ ਚਾਰੇ ਸਾਹਿਬਜ਼ਾਦਿਆਂ ਦਾ ਜਨਮ ਇਕੋ ਇੱਕ ਮਾਤਾ ਜੀਤੋ ਜੀ ਉਰਫ਼ ਸੁੰਦਰੀ ਜੀ ਦੀ ਕੁਖੋਂ ਹੀ ਹੋਇਆ ਸੀ ਤਾਂ ਗੁਰਮਤਿ ਅਨੁਸਾਰ ਬਣੇ ਇਸ ਭਰੋਸੇ ਨੂੰ ਰੱਦ ਕਰਨ ਵਾਲੀ ਅਕੱਟ ਗੁਰਮਤਿ-ਦਲੀਲ ਕਿਸੇ ਨੂੰ ਨਹੀਂ ਲੱਭ ਸਕੇਗੀ। ਉਂਜ ਵੀ ਜੀਤੋ ਜੀ ਅਤੇ ਸੁੰਦਰੀ ਜੀ ਦੇ ਜਨਮ ਅਤੇ ਸ਼ਾਦੀਆਂ ਦਾ ਹਾਲ ਮਹਾਨ ਕੋਸ਼ ਵਿਚੋਂ ਧਿਆਨ ਨਾਲ ਪੜ੍ਹਿਆਂ (ਗੁਰੂ ਮਤਿ ਦੇ ਵਿਰੋਧੀ ਕੁਟਲ ਮਨਮੁੱਖ, ਜਾਂ ਗੁਰਮਤਿ ਤੋਂ ਅਗਿਆਨੀ ਲਿਖਾਰੀ-) ਇਤਿਹਾਸਕਾਰਾਂ ਵਲੋਂ ਗੁਰੂ ਇਤਿਹਾਸ ਵਿਚ ਰਲਾਏ ਖੋਟ ਦੀ ਸਮਝ ਆ ਜਾਂਦੀ ਹੈ ।-

## ਬਿਬੇਕ ਵਿਚਾਰਾਂ:--

(੧) ਮਹਾਨ ਕੋਸ਼ ਸਫ਼ਾ--੫੨੫-- **ਜੀਤੋ ਮਾਤਾ**--ਲਾਹੌਰ ਨਿਵਾਸੀ ਹਰਿਦਾਸ ਸੁਭਿਖੀਏ ਖੱਤਰੀ ਦੀ ਸਪੁਤ੍ਰੀ, ਜਿਸ ਦਾ ਵਿਆਹ ੨੩ ਹਾੜ ਸੰਮਤ ੧੭੩੪ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਆਨੰਦਪੁਰ ਦੇ ਨੇੜੇ **ਗੁਰੂ ਕੇ ਲਹੌਰ** ਹੋਇਆ । (ਉਸ ਸਮੇ ਸਤਿਗੁਰੂ ਜੀ ਕਰੀਬ ੧੧ ਸਾਲ ਦੇ ਸਨ। ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ੧੨ ਮੱਘਰ ੧੭੩੨--ਸ਼ਾਦੀ ਤੋਂ ੨ ਸਾਲ ਪਹਿਲਾਂ ਹੋ ਚੁੱਕੀ ਸੀ।)

(੨) ਮਹਾਨ ਕੋਸ਼ ਸਫ਼ਾ--੨੧੩ ਅਨੁਸਾਰ-- **ਸੁੰਦਰੀ ਮਾਤਾ**---" ਲਹੌਰ ਨਿਵਾਸੀ ਰਾਮਸਰਨ **ਕੁਮਾਰਵ** ਖਤ੍ਰੀ ਦੀ ਸਪੁਤ੍ਰੀ ਜਿਸ ਦਾ ਅਨੰਦ ੭ ਵੈਸਾਖ ਸੰਮਤ ੧੭੪੧ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ"।

### ਸ਼ੰਕਿਆਂ ਦਾ ਵੇਰਵਾ--

(੧) ਧਿਆਨ ਦੇਣ ਵਾਲੀ ਪਹਿਲੀ ਗੱਲ ਇਹ ਹੈ ਕਿ, ਮਾਤਾ ਸੁੰਦਰੀ ਜੀ ਵੀ ਮਾਤਾ ਜੀਤੋ ਜੀ ਵਾਂਗ ਲਾਹੌਰ ਦੇ ਹੀ ਵਾਸੀ ਮਾਪਿਆਂ ਦੀ ਸਪੁੱਤ੍ਰੀ ਸਨ । ਜਦ ਜੀਤੋ ਜੀ ਦੇ ਵਿਆਹ ਲਈ ਉਚੇਚੇ ਤੌਰ ਤੇ ਗੁਰੂ ਕੇ ਲਾਹੌਰ ਦੀ ਸਿਰਜਣਾ ਕਰਨੀ ਪਈ ਸੀ ਤਾਂ ਸੁੰਦਰੀ ਜੀ ਦਾ ਅਨੰਦਕਾਰਜ ਕਿਸ ਥਾਂ ਹੋਇਆ ਸੀ ? (ੳ) ਕੀ ਇਨ੍ਹਾਂ ਦੇ ਮਾਪਿਆਂ ਦੀ ਬ੍ਰਾਦਰੀ ਨੇ ਸਤਿਗੁਰਾਂ ਨੂੰ ਵਿਆਹ ਲਈ ਲਾਹੌਰ ਆਉਣ ਲਈ ਨਹੀਂ ਸੀ ਆਖਿਆ ? (ਅ) ਕੀ, ੧੭੪੧ ਤੱਕ ਕੋਈ ਹੋਰ ਹਾਲਾਤ ਬਦਲ ਗਏ ਸਨ ? (ੲ) ਅਜੇਹੇ ਸੰਕਿਆਂ ਦੀ ਨਿਵਰਤੀ ਲਈ ਕਿਸੇ ਲਿਖਾਰੀ ਨੇ ਵੀ ਕੋਈ ਠੋਸ ਜਾਣਕਾਰੀ ਕਿਸ ਕਾਰਨ ਨਹੀਂ ਲਿਖੀ ?

(੨) ਜਿਸ ਮਾਤਾ ਜੀਤੋ ਜੀ ਦਾ ਵਿਆਹ ੧੭੩੪ ਵਿਚ ਹੋਇਆ ਉਸ ਦੀ ਕੁੱਖੋਂ ਨਹੀਂ, ਸਗੋਂ ਵਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦਾ ਜਨਮ, ਉਸ ਮਾਤਾ ਵਿਚੋਂ ਹੋਇਆ ਦਰਸਾਇਆ ਹੈ ਜਿਸ ਦਾ ਵਿਆਹ ਸੰਮਤ ੧੭੪੧ ਵਿਚ, ਭਾਵ, ਮਾਤਾ ਜੀਤੋ ਜੀ ਦੇ ਵਿਆਹ ਦੇ ਕਰੀਬ ਸਤ (੭) ਸਾਲ ਮਗਰੋਂ ਹੋਇਆ ਸੀ।

(੩) ਫਿਰ ਉਹ ਕਿਹੜੀ ਕਰਾਮਾਤ ਕੀ ਵਰਤ ਗਈ ਕਿ, ੧੭੪੭ ਤੋਂ ਲੈ ਕੇ ੧੭੫੫ ਤੱਕ ਮਾਤਾ ਜੀਤੋ ਜੀ ਦੀ ਕੁੱਖ ਤੋਂ ਤਾਂ ਤਿੰਨ ਸਾਹਿਬਜ਼ਾਦਿਆਂ ਨੇ ਜਨਮ ਲਿਆ, ਪਰ ਮਾਤਾ ਸੁੰਦਰੀ ਜੀ ਜਿਨ੍ਹਾਂ ੧੭੪੧ ਵਿਚ ਆ ਕੇ ਸਪੁੱਤ੍ਰ ਨੂੰ ਜਨਮ ਦੇਣ ਵਿਚ ਪਹਿਲ ਕੀਤੀ ਸੀ, ਉਨ੍ਹਾਂ ਦੇ ਕੋਈ ਹੋਰ ਔਲਾਦ ਜਨਮ ਨਾ ਲੈ ਸਕੀ ?

(੪) ਮਾਤਾ ਜੀਤੋ ਜੀ ਦਾ ਦਿਹਾਂਤ ਸੰਮਤ ੧੭੫੭ ਵਿਚ ਹੋਇਆ ਲਿਖਿਆ ਹੈ ਜਦ ਕਿ ਮਹਾਨ ਕੋਸ਼ ਦੇ ੨੧੩ ਸਫ਼ੇ ਤੇ ਮਾਤਾ ਸੁੰਦਰੀ ਜੀ ਦਾ ਦਿਹਾਂਤ ਦਿੱਲੀ ਵਿਖੇ ੧੮੦੪ ਵਿਚ ਹੋਇਆ ਲਿਖਿਆ ਹੈ। ਮਾਤਾ ਜੀਤੋ ਜੀ ਦੇ ਹੁੰਦਿਆਂ (੧੭੪੧ ਵਿਚ) ਮਾਤਾ ਸੁੰਦਰੀ ਜੀ ਨਾਲ ਦੂਜੀ ਸ਼ਾਦੀ ਦਾ ਕੀ ਅਰਥ ? ਕਿਆ ਅਜੀਬ ਝਮੇਲਾ ਹੈ ?

(੫) ਜੇ ਅਸੀਂ ਸੱਚੇ ਹਿਰਦੇ ਤੋਂ ਦਸ਼ਮੇਸ਼ ਜੀ ਨੂੰ ਵੀ ਦਸਮ ਗੁਰੂ ਨਾਨਕ ਹੀ ਮੰਨਦੇ ਹਾਂ ਤਾਂ, ਫਿਰ ਉਨ੍ਹਾਂ ਦੀ ਦੂਜੀ ਸ਼ਾਦੀ ਦਾ ਖ਼ਿਆਲ ਮਨ ਵਿਚ ਲਿਆਉਣ ਵਾਲੇ ਅਸੀ--**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ**-ਗੁਰੂ ਫ਼ੁਰਮਾਨ ਦੀ ਖੰਡਨਾ ਦਾ ਦੋਸ਼, ਅਭੁੱਲ ਦਸ਼ਮੇਸ਼ ਜੀ ਦੇ ਸਿਰ ਮੜ੍ਹਨ ਦੇ ਘੋਰ ਪਾਪ ਤੋਂ ਕਿਸ ਦਲੀਲ ਨਾਲ ਬਚ ਸਕਦੇ ਹਾਂ ?

ਦਾਸ ਦਾ ਅਟੱਲ ਵਿਸ਼ਵਾਸ਼ ਹੈ ਕਿ, ਦਸ਼ਮੇਸ਼ ਜੀ ਦੇ ਮਹਿਲ ਕੇਵਲ ਇੱਕ ਮਾਤਾ ਜੀਤੋ ਜੀ ਉਰਫ਼ ਮਾਤਾ ਸੁੰਦਰੀ ਅਥਵਾ **ਸੁੰਦਰ ਕੌਰ** ਜੀ ਹੀ ਸਨ। ਸਤਿਗੁਰੂ ਨਾਨਕ ਜੀ ਦੀ ਹੀ ਜੋਤਿ ਅਤੇ ਜੁਗਤਿ ਦੀ ਮਾਲਕੀ ਦੀ ਨਿਰੰਤਰ ਪਾਬੰਦੀ ਲਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਪੱਸ਼ਟ ਬਚਨਾਂ ਦੇ ਹੁੰਦਿਆਂ, ਕਿਸੇ ਵੀ ਗੁਰੂ ਸਾਹਿਬ ਦੀ ਦੂਜੀ ਸ਼ਾਦੀ ਨੂੰ ਸੱਚ ਮੰਨ ਲੈਣ ਵਾਲੇ ਨੂੰ, ਗੁਰ ਕਾ ਸਿੱਖ ਕਿਵੇਂ ਮੰਨਿਆਂ ਜਾ ਸਕਦਾ ਹੈ ?

**ਭਾਈ ਵੀਰ ਸਿੰਘ ਜੀ** ਦਾ ਇਹ ਲਿਖਣਾ ਬਿਲਕੁੱਲ ਸੱਚ ਸਿੱਧ ਹੋ ਰਿਹਾ ਹੈ ਕਿ, ਆਪਣੀ ਨੋਂਹ ਰਾਣੀ (ਸਾਡੇ ਮਾਤਾ) ਜੀਤੋ ਜੀ ਦੀ ਸੁੰਦਰਤਾ ਵੇਖ ਕੇ ਮਾਤਾ ਗੁਜਰੀ ਜੀ ਨੇ ਉਨ੍ਹਾਂ ਦਾ ਨਾਮ **ਸੁੰਦਰੀ** ਰੱਖ ਦਿੱਤਾ ਸੀ। ਅੱਜ ਤੱਕ ਵੀ ਰਿਵਾਜ ਤੁਰਿਆ ਆ ਰਿਹਾ ਹੈ ਕਿ ਸੱਸਾਂ ਆਪਣੀ ਨੋਂਹ ਦਾ ਨਾਮ ਆਪਣੀ ਮਰਜ਼ੀ ਦਾ ਰੱਖ ਲਿਆ ਕਰਦੀਆਂ ਹਨ। ਦਾਸ ਦੀ ਸੁਪੱਤਨੀ ਦਾ ਪੇਕਾ ਨਾਮ, ਪ੍ਰਕਾਸ਼ ਕੌਰ ਹੈ, ਪਰ ਦਾਸ ਦੇ ਮਾਤਾ ਜੀ ਨੇ

ਪਹਿਲੇ ਦਿਨ ਆਉਂਦੀ ਨੂੰ ਸਤਿਗੁਰਾਂ ਦੀ ਹਜ਼ੂਰੀ ਵਿਚ ਲੈ ਜਾ ਕੇ, ਮੁੱਖਵਾਕ ਦੇ ਪਹਿਲੇ ਅੱਖਰ ਤੋਂ ਦਾਸ ਦੀ ਸਿੰਘਣੀ ਦਾ ਨਾਮ ਜਗਜੀਤ ਕੌਰ ਰਖ ਲਿਆ ਸੀ। ਏਕਾ ਨਾਰੀ ਵਾਲੇ ਆਪਣੇ ਉਪਦੇਸ਼ ਦੀ ਆਪ ਹੀ ਉਲੰਙਣਾ ਕਰਨ ਵਾਲੀ ਭੁੱਲ, ਅਭੁੱਲ ਸਤਿਗੁਰੂ ਸਾਹਿਬਾਨ ਦੇ ਨਿਰਮਲ ਆਚਰਨ ਨਾਲ ਜੋੜਨੀ ਅਸਿੱਖੀ ਹੈ ।

ਵਡਾ ਦੁੱਖ ਤਾਂ ਇਹ ਬਣ ਰਿਹਾ ਹੈ ਕਿ, ਵੈਰੀਆਂ ਦੇ ਜਾਲ ਵਿਚ ਫ਼ਸੇ ਹੋਏ ਅਸੀਂ, ਉਸੇ ਬ੍ਰਾਹਮਣੀ ਝੂਠ ਨੂੰ ਸਤਿਗੁਰਾਂ ਦੀ ਪਾਵਨ ਪਵਿੱਤ੍ਰ ਜੀਵਨੀ ਦਾ ਹਿੱਸਾ ਬਣਾਈ ਜਾਣ ਵਿਚ ਸਿੱਖੀ ਦੀ ਸੇਵਾ ਮੰਨ ਬੈਠੇ ਹੋਏ ਹਾਂ, ਜਿਹੜਾ ਕੁਫ਼ਰ ਗੁਰਮਤਿ ਦੇ ਅਨੂਪਮ ਸਿਧਾਂਤ ਨੂੰ ਦੂਸ਼ਤ ਕਰਕੇ ਖ਼ਾਲਸਈ ਆਨ ਬਾਨ ਸ਼ਾਨ ਦਾ ਖ਼ਾਤਮਾ ਕਰਨ ਲਈ ਵੈਰੀਆਂ ਨੇ ਪਾਵਨ ਪਵਿੱਤਰ ਗੁਰੂ ਇਤਿਹਾਸ ਵਿਚ ਰਲਾਇਆ ਸੀ। ਆਉ ਗੁਰਮੁਖਾਂ ਵਾਲੀ ਜਾਗ੍ਰਤ ਅਤੇ ਸਾਵਧਾਨ ਅਵਸਥਾ ਵਿਚ ਵਿਚਰਦਿਆਂ ਇਕਾਗਰ ਚਿਤ ਹੋ ਕੇ ਸਤਿਗੁਰਾਂ ਦੇ ਸਬਦ ਦੀ ਵਿਚਾਰ ਨਾਲ ਜੁੜੀਏ:--

**ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥ ਸਾਚੇ ਕੀ ਲਿਵ ਗੁਰਮਤਿ ਜਾਤੀ ॥ ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ॥੪॥ ਕੂੜੇ ਆਵੈ ਕੂੜੇ ਜਾਵੈ॥ ਕੂੜੇ ਰਾਤੀ ਕੂੜੁ ਕਮਾਵੈ॥ ਸਬਦਿ ਮਿਲੇ ਸੇ ਦਰਗਹ ਪੈਧੇ ਗੁਰਮੁਖਿ ਸੁਰਤਿ ਸਮਾਈ ਹੇ ॥ ੫ ॥ ਕੂੜਿ ਮੁਠੀ ਠਗੀ ਠਗਵਾੜੀ ॥ ਜਿਉ ਵਾੜੀ ਓਜਾੜਿ ਉਜਾੜੀ ॥ ਨਾਮ ਬਿਨਾ ਕਿਛੁ ਸਾਦਿ ਨ ਲਾਗੈ ਹਰਿ ਬਿਸਰਿਐ ਦੁਖੁ ਪਾਈ ਹੇ ॥ ੬ ॥ ਭੋਜਨੁ ਸਾਚੁ ਮਿਲੈ ਆਘਾਈ ॥ ਨਾਮ ਰਤਨੁ ਸਾਚੀ ਵਡਿਆਈ ॥ ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ ॥੭ ॥** [੧੦੨੪]-੫

# ਮਾਤਾ ਸਾਹਿਬ ਦੇਵਾਂ (ਕੌਰ) ਜੀ ਨਾਲ ਅਨੰਦ ਕਾਰਜ ?--

ਮਹਾਨਕੋਸ਼ ਦੇ ੧੭੯ ਸਫ਼ੇ ਦੀ ਲਿਖਤ ਇਸ ਪ੍ਰਕਾਰ ਹੈ---**ਸਾਹਿਬ ਕੌਰ ਮਾਤਾ**--ਰੁਹਤਾਸ ਨਿਵਾਸੀ ਭਾਈ ਰਾਮੂ-ਬਸੀ ਖਤ੍ਰੀ ਦੀ ਸਪੁੱਤ੍ਰੀ, ਜਿਸ ਦਾ **ਅਨੰਦ ੧੮ ਵੈਸਾਖ ਸੰਮਤ ੧੭੫੭** ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਹੋਇਆ। **ਕਿਸ ਥਾਂ ਤੇ ਕਿਸ ਲੋੜ ਕਾਰਨ ਅਨੰਦ ਹੋਇਆ ? ਹਰ ਪਾਸੇ ਚੁੱਪ ਕਿਉਂ ਵਰਤੀ ਹੋਈ ਹੈ ?**

ਪਰ ਏਧਰ ਸਾਹਿਬ ਕੌਰ ਜੀ ਬਾਰੇ ਰਾਗੀਆਂ, ਢਾਡੀਆਂ ਅਤੇ ਮਾਨ ਸਿੰਘ ਝੌਰ ਵਰਗੇ ਪੰਥ ਵਿਚ ਮੰਨੇ ਹੋਏ ਆਲਮ ਫ਼ਾਜ਼ਿਲ ਪਰਚਾਰਕ ਤੋਂ ਅਤੇ ਪੰਥ ਵਿਚ ਮਹਾਂਨ ਵਿਦਵਾਨ ਮੰਨੇ ਗਏ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਦੀ ਜ਼ਬਾਨੀ ਛੋਟੇ ਹੁੰਦਿਆਂ ਤੋਂ ਸਾਹਿਬ ਕੌਰ ਜੀ ਦਾ ਦਸ਼ਮੇਸ਼ ਜੀ ਨਾਲ ਰਿਸ਼ਤਾ ਹੋਣ ਬਾਰੇ ਜੋ ਸੁਣਦੇ ਆਏ ਹਾਂ ਉਹ ਦੋ ਭਾਗਾਂ ਵਿਚ ਇਸ ਪ੍ਰਕਾਰ ਹੈ:--

**(੧)** ਕਲ਼ਗੀਧਰ ਜੀ ਦੇ ਦਰਸ਼ਨਾਂ: ਨੂੰ ਰੁਹਤਾਸ ਜ਼ਿਲਾ ਜੇਹਲਮ (ਪਾਕਿਸਤਾਨ) ਤੋਂ ਆਈ ਸੰਗਤ ਨਾਲ ਆਏ **ਰਾਮੂ ਖਤਰੀ** ਦੇ ਪਰਵਾਰ ਨਾਲ ਉਨ੍ਹਾਂ ਦੀ ਪੁੱਤ੍ਰੀ ਬੀਬੀ ਸਾਹਿਬ ਦੇਵਾਂ ਜੀ ਵੀ ਸ੍ਰੀ ਅਨੰਦਪੁਰ ਪੁੱਜੇ ਸਨ। ਸੰਗਤ ਨੇ ਦਸ਼ਮੇਸ਼ ਜੀ ਦੀ ਸੇਵਾ ਵਿਚ ਬੇਨਤੀ ਕੀਤੀ ਕਿ, " ਇਸ ਬੀਬੀ ਦੇ ਸੁਪਨੇ ਵਿਚ ਤੁਹਾਡਾ ਵਿਆਹ ਇਸ ਨਾਲ ਹੋ ਜਾਣ ਤੇ ਇਸ ਬੀਬੀ ਜੀ ਦੀ ਲਗਨ ਤੁਹਾਡੇ ਚਰਨਾ ਵਿਚ ਲੱਗ ਗਈ। ਸਾਰੀ ਸੰਗਤ ਇਸ ਨੂੰ ਮਾਤਾ ਜੀ ਕਹਿਣ ਲੱਗ ਪਈ ਹੈ । ਹੁਣ ਤੁਹਾਡੇ ਬਿਨਾ ਇਸ ਨੂੰ ਕੌਣ ਕਬੂਲੇ ? " ਸਤਿਗੁਰਾਂ ਨੇ ਕਿਹਾ ਕਿ, ਉਹ ਗ੍ਰਿਹਸਤ ਦਾ (ਭਾਵ, ਭੋਗ ਵਿਲਾਸ ਦਾ) ਤਿਆਗ ਕਰ ਚੁੱਕੇ ਹਨ। ਫਿਰ ਵੀ ਜੇ ਇਹ ਬੀਬੀ ਸੇਵਾ ਵਿਚ ਰਹਿਣਾ ਚਾਹੇ ਤਾਂ ਸ਼ਾਦੀ ਹੋ ਸਕਦੀ ਹੈ।

ਭੋਗ ਵਿਲਾਸ ਦੀ ਲਾਲਸਾ ਛੱਡ ਦੇਵੇ ਤਾਂ ਬਾਕੀ ਹਰ ਤਰ੍ਹਾਂ ਨਾਲ ਦਸ਼ਮੇਸ਼ ਜੀ ਪਤੀ ਬਣ ਸਕਦੇ ਸਨ, ਨਹੀਂ ਤਾਂ ਬੀਬੀ ਜੱਥੇ ਮਰਜ਼ੀ ਹੈ ਚਲੀ ਜਾਵੇ ? ਵਿਚਾਰੇ ਅਲ੍ਹੜ ਨੌਜਵਾਨ ਬੀਬੀ ਜੀ ਲਈ ਬੜੀ ਕਰੜੀ ਚਨੌਤੀ ਦੀ ਘੜੀ ਬਣ ਗਈ। ਅਖੇ, ਕੁਦਰਤੀ ਨੇਮਾਂ ਦੀ ਉਲੱਙਣਾ ਵਾਲੀ ਇਸ ਨਿਆਰੀ ਸ਼ਰਤ ਨੂੰ ਉਨ੍ਹਾਂ ਨੇ ਮੰਨ ਲਿਆ ਤੇ ਸਤਿਗੁਰਾਂ ਨੇ ਸਾਹਿਬ ਦੇਵਾਂ ਜੀ ਨਾਲ ਸ਼ਾਦੀ ਕਰ ਲਈ।

{ਨੋਟ:-- ਸਾਹਿਬ ਦੇਵਾਂ (ਕੌਰ) ਜੀ ਨੇ ਅੰਮ੍ਰਿਤ ਛਕਿਆ ਸੀ ਕਿ ਨਹੀਂ, ਇਸ ਦਾ ਜ਼ਿਕਰ ਕਿਸੇ ਵੀ ਪੁਰਾਤਨ ਇਤਿਹਾਸਕ ਪੁਸਤਕ ਵਿਚ ਨਹੀਂ ਮਿਲਦਾ । ਸਾਰੇ ਲਿਖਾਰੀ ਮਾਤਾ ਸਾਹਿਬਦੇਵਾਂ ਹੀ ਲਿਖਦੇ ਆ ਰਹੇ ਸਨ। ਭਾਈ ਵੀਰ ਸਿੰਘ ਜੀ ਨੇ ਤਾਂ ਸ੍ਰੀ ਕਲਗੀਧਰ ਚਮਤਕਾਰ ਵਿਚ ਖੰਡੇ ਬਾਟੇ ਦੇ ਅੰਮ੍ਰਿਤ ਦਾ ਜ਼ਿਕਰ ਤੱਕ ਨਹੀਂ ਕੀਤਾ। ]

**(੨)** ਇੱਕ ਦਿਨ ਮਾਤਾ ਸਹਿਬ ਕੌਰ ਜੀ ਨੇ ਸਤਿਗੁਰਾਂ ਦੀ ਸੇਵਾ ਕਰਦਿਆਂ ਯੋਗ ਸਮਾਂ ਤਾੜ ਕੇ, ਪੁੱਤਰ ਦੀ ਇਛਿਆ ਪ੍ਰਗਟ ਕੀਤੀ। ਸਤਿਗੁਰਾਂ ਨੇ ਆਖਿਆ ਕਿ ਸਮਾ ਆਉਣ ਤੇ **ਸਦ-ਜੀਵਾ ਸੰਤ-ਸੂਰਮਾ** ਖ਼ਾਲਸਾ ਸਪੁੱਤਰ ਤੁਹਾਡੀ ਝੋਲੀ ਵਿਚ ਪਾ ਦਿਆਂਗੇ।

ਗੁਰਬਾਣੀ ਪਾਠ ਦਰਸ਼ਨ ਦੇ ਸਫ਼ਾ ੨੨ ਅਨੁਸਾਰ--ਖ਼ਾਲਸਾ ਪੰਥ ੧੭੫੬ ਬਿ: ਨੂੰ ਮਾਤਾ ਸਾਹਿਬ ਕੌਰ ਜੀ ਦੇ ਝੋਲੀ ਪਾਇਆ ਗਿਆ ਸੀ। ਕਿਆ ਵਚਿੱਤਰ ਖੇਡ ਹੈ ਮਹਾਨ ਕੋਸ਼ ਅਨੁਸਾਰ ਬੀਬੀ ਜੀ ਦਾ ਅਨੰਦ ਸੰਮਤ ੧੭੫੭ ਵਿਚ ਹੋ ਰਿਹਾ ਹੈ ਪਰ ਬ੍ਰਹਮ ਗਿਆਨੀ ਸੰਤ ਮਹਾਂਪੁਰਖ ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਅਨੁਸਾਰ ਸੰਮਤ ੧੭੫੬ (ਦਸ਼ਮੇਸ਼ ਜੀ ਨਾਲ ਸ਼ਾਦੀ ਹੋਣ ਤੋਂ ਇੱਕ ਸਾਲ ਪਹਿਲਾਂ ਹੀ ?) ਖ਼ਾਲਸਾ ਜੀ ਸਾਹਿਬਕੌਰ ਜੀ ਦੀ ਝੋਲੀ ਵਿਚ ਪਾ ਦਿੱਤੇ ਗਏ ? ਏਡਾ ਸੱਖ਼ਤ ਇਤ੍ਰਾਜ਼ ਜਣਕ ਭਾਣਾ ? ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਮੜ੍ਹੀਆਂ ਹੋਈਆਂ ਲਗਪਗ ਸਾਰੀਆਂ ਗੱਲਾਂ ਬ੍ਰਾਹਮਣ ਦੇ ਲਿਖੇ ਪੁਰਾਣਾ ਵਿਚਲੇ ਕੁਫ਼ਰ ਨੂੰ ਵੀ ਮਾਤ ਪਾਉਂਦੀਆਂ ਨਜ਼ਰ ਆ ਰਹੀਆਂ ਹਨ। ਝੂਠਾ ਕਿਸ ਨੂੰ ਮੰਨੀਏ ? ਇੱਕ ਪਾਸੇ ਭਾਸ਼ਾ ਵਿਭਾਗ ਵਲੋਂ ਛਪਵਾਇਆ ਹੋਇਆ ਸੁਲਝੇ ਹੋਏ ਉੱਚ ਕੋਟੀ ਦੇ ਵਿਦਵਾਨ ਅਤੇ ਸੂਝਵਾਨ ਗੁਰਸਿੱਖ ਭਾਈ ਸਾਹਿਬ ਕਾਨ੍ਹ ਸਿੰਘ ਜੀ ਦਾ ਲਿਖਿਆ ਵਿਸ਼ਾਲ ਗ੍ਰੰਥ, **ਮਹਾਨ ਕੋਸ਼**, ਅਤੇ ਦੂਜੇ ਪਾਸੇ ਬੜੀ ਪੰਥ-ਸਨਮਾਨਤ ਧਾਰਮਿਕ ਹਸਤੀ, ਸ੍ਰੀ ਮਾਨ ਪੰਥ ਰਤਨ ਵਿਦਯਾਮਾਰਤੰਡ, ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੀ ਟਕਸਾਲ ਦੇ ਮੁਖੀ ਦਾ ਲਿਖਿਆ ਗੁਰਬਾਣੀ **ਪਾਠ ਦਰਸ਼ਨ ਗ੍ਰੰਥ** ? ਅਜੇਹੇ ਗੰਭੀਰ ਭੁਲੇਖੇ ਦਾ ਜਾਂ ਬੜੀ ਵੱਡੀ ਉਕਾਈ ਦਾ ਕੀ ਕਾਰਨ ? ਆਉ ਪਹਿਲਾਂ ਹੋਰ ਗੁਰਮਤਿ ਸ਼ੰਕਿਆਂ ਬਾਰੇ ਵਿਚਾਰ ਕਰ ਲਈਏ, ਸ਼ਾਇਦ ਇਸ ਗੰਭੀਰ ਭੁਲੇਖੇ ਦੇ ਅਸਲ ਕਾਰਨ ਦਾ ਵੀ ਠੀਕ ਥਹੁ-ਪਤਾ ਚੱਲ ਹੀ ਜਾਵੇ:--

## ਸ਼ੰਕੇ:--

**(੧) ਸਤਿਗੁਰਾਂ ਨਾਲ ਅਨੰਦ, ਇਸ ਸ਼ਰਤ ਤੇ ਹੋਇਆ ਕਿ ਸਾਹਿਬ ਕੌਰ ਜੀ ਸਾਰੀ ਉਮਰ ਜਤੀ ਰਹਿਣਗੇ।**

**(ੳ)** ਸਭਿਅਤਾ ਦੀ ਸਿਖ਼ਰ ਦੇ ਪੁੱਜਣ ਦਾ ਮਾਣ ਕਰ ਰਿਹਾ ਅੱਜ ਦਾ ਮਨੁੱਖ ਵੀ ਕਦੇ, ਜੰਗਲੀ ਜਾਨਵਰਾਂ ਵਾਂਗ ਮਾਤਾ, ਪਿਤਾ, ਧੀ ਭੈਣ ਆਦਿ ਰਿਸ਼ਤਿਆਂ ਤੋਂ ਅਣਜਾਣ ਜੰਗਲੀ ਪਸ਼ੂਆਂ ਵਾਂਗ ਵਡੇ ਵਡੇ ਵੱਗਾਂ ਦੇ ਵਸੇਬੇ ਵਾਲੀ ਜ਼ਿੰਦਗੀ ਗੁਜ਼ਾਰਦਾ ਰਿਹਾ ਹੈ। ਹੋਲੀ ਹੌਲੀ ਵਿਕਾਸ ਕਰੀ ਆਇਆ ਫਿਰ ਸਮਾਜੀ ਜ਼ਿੰਦਗੀ ਨੂੰ ਪਵਿੱਤਰ ਬਣਾਈ ਰੱਖਣ ਲਈ ਸ਼ਾਦੀ ਦਾ ਰਿਵਾਜ ਤੁਰਿਆ। ਅਰੰਭ ਤੋਂ ਹੀ ਸ਼ਾਦੀ ਦਾ ਮੁੱਖ ਮੰਤਵ, ਕਾਮ ਤ੍ਰਿਪਤੀ ਦਾ **ਸਨਮਾਨਜੋਗ ਸਾਧਨ** ਮਿਥਿਆ ਜਣਾ ਹੀ ਸੀ। ਸਨਤਾਨ ਦੀ ਲਾਲਸਾ ਦੀ ਗੱਲ ਦੂਜੇ ਨੰਬਰ ਤੇ ਸੀ। ਇਸਤ੍ਰੀਆਂ ਨੂੰ ਮਰਦ ਦੀ ਕਾਮ ਤ੍ਰਿਪਤੀ ਲਈ ਸਹੇੜਿਆ ਇੱਕ ਯੰਤਰ ਹੀ ਮੰਨਿਆਂ ਜਾਂਦਾ ਰਿਹਾ ਹੈ। ਇੱਕ ਮਰਦ ਸੈਂਕੜੇ ਇਸਤ੍ਰੀਆਂ ਨੂੰ ਵਿਆਹ ਸਕਦਾ ਸੀ। ਪੁਸਤਕ ਦੇ ਪਹਿਲੇ ਭਾਗ ਵਿਚ ਅਸਾਂ ਹਿੰਦੂਆਂ ਦੇ ਧਰਮ ਗ੍ਰੰਥਾਂ ਦੇ ਹਵਾਲੇ ਨਾਲ ਪੜ੍ਹਿਆ ਹੈ ਕਿ, ਇੱਕ ਮਰਦ ਦੇ ਘਰ ਸੈਂਕੜੇ ਇਸਤ੍ਰੀਆਂ ਹੋਇਆ ਕਰਦੀਆਂ ਸਨ। ਸ੍ਰੀ ਕ੍ਰਿਸ਼ਣ ਜੀ ਦੇ ਘਰ ਤਾਂ ਸੋਲਾਂ ਹਜ਼ਾਰ ਇੱਕ ਸੌ ਅੱਠ (੧੬੧੦੮) ਰਾਣੀਆਂ ਪਟਰਾਣੀਆਂ ਸਨ। ਅਤੇ ਭਾਗਵਤ ਪੁਰਾਣ ਵਿਚ ਸਾਰੀਆਂ ਦੇ ਪੇਟੋਂ ਦਸ-ਦਸ ਕਾਕੇ ਅਤੇ ਇੱਕ ਇੱਕ ਕਾਕੀ ਦਾ ਜਨਮ ਹੋਇਆ ਵੀ ਲਿਖਿਆ ਹੋਇਆ ਹੈ। ਅੱਜ ਵੀ ਖੁਸਰੇ ਮਰਦ ਨਾਲ ਕੋਈ ਇਸਤਰੀ ਅਤੇ ਖੁਸਰੀ ਬੀਬੀ ਨਾਲ ਕੋਈ ਮਰਦ ਸ਼ਾਦੀ ਨਹੀਂ ਕਰਦਾ । ਹੌਲੀ ਹੌਲੀ ਪਤੀ ਪਤਨੀ ਦਾ ਪ੍ਰੇਮ, ਧਰਮ ਦਾ ਅੰਗ ਬਣ ਗਿਆ ਅਤੇ ਪਰਿਵਾਰਕ ਜੀਵਨ ਦੇ ਹੋਰ ਕਈ ਗੁਣਾ ਦੇ ਕਾਰਨ ਗ੍ਰਿਹਸਤ- ਆਸਰਮ ਦੀ ਪ੍ਰਧਾਨਗੀ ਮੰਨੀ ਜਾਣ ਲੱਗ ਪਈ।

ਜੇ ਪਤੀ ਪਤਨੀ ਦੋਹਾਂ ਵਿਚੋਂ ਇੱਕ ਧਿਰ ਦੂਜੇ ਦੀ ਕਾਮ ਤ੍ਰਿਪਤੀ ਕਰਨ ਦੇ ਅਸਮਰਥ ਹੋਵੇ ਤਾਂ ਗ੍ਰਿਹਸਤੀ ਜੀਵਨ ਵੱਡਾ ਬੇ-ਰਸਾ ਹੋ ਜਾਂਦਾ ਹੈ । ਕੇਵਲ ਕਾਮ ਤ੍ਰਿਪਤੀ ਦੇ ਚਸਕੇ ਦੀ ਅਸੰਤੁਸ਼ਟਤਾ ਦੇ ਕਾਰਨ ਕਈ ਸ਼ਾਦੀਆਂ ਖ਼ਤਮ ਹੋਈਆਂ । ਸੰਸਾਰ ਵਿਚ ਕੇਵਲ ਕਾਮ ਅਗਲੀ ਦੀ ਤ੍ਰਿਪਤੀ ਦੀ ਖ਼ਾਤਰ ਬੜੇ ਘਿਣਾਵਣੇ ਪਾਪ ਕਰਕੇ ਮਨੁੱਖ (ਇਸਤ੍ਰੀ-ਮਰਦ ) ਫਾਸੀਆਂ ਦੇ ਤਖ਼ਤੇ ਤੇ ਨਿਰੰਤਰ ਪੁੱਜਦੇ ਆ ਰਹੇ ਹਨ। ਕਿਸੇ ਦੂਜੇ ਧਰਮ ਦਾ, ਜੋਗੀ, ਜਪੀ ਤਪੀ ਅਤੇ ਚਿਲੇ ਕੱਟਣ ਦੇ ਪਖੰਡ ਰਚਾ ਬੈਠਣ ਵਾਲਾ ਕੋਈ ਫ਼ਕੀਰ ਤਾਂ ਭਾਵੇ ਅਜੇਹੀ ਨਿਰਦਾਇਤਾ ਵਾਲੀ ਸ਼ਰਤ ਕਿਸੇ ਬੀਬੀ ਤੇ ਲਾ ਸਕਦਾ ਹੋਵ ਪਰ ਕਿਸੇ ਨੌਜਵਾਨ ਇਸਤ੍ਰੀ ਨਾਲ ਸ਼ਾਦੀ ਕਰਨ ਤੋਂ ਪਹਿਲਾਂ ਅਨੂਪਮ ਸਤਿਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਮਾਲਕ ਮਰਦ ਅਗੰਮੜੇ, ਦਸ਼ਮੇਸ਼ ਜੀ, ਅਜੇਹੇ ਬਚਨ ਆਪਣੀ ਮੁਬਾਰਕ ਜਬਾਨ ਤੋਂ ਕਦੇ ਕਿਸੇ ਵੀ ਹਾਲਤ ਨਹੀਂ ਸਨ ਕਹਿ ਸਕਦੇ।

**(ਅ)** ਗ੍ਰਿਹਸਤ ਦੇ ਤਿਆਗੀ ਬਣੇ ਵਡੇ ਜਪੀਆਂ ਤਪੀਆਂ ਨਾਲ ਹੋਏ ਸਤਿਗੁਰਾਂ ਦੇ ਬਚਨ ਅਥਵਾ ਉਨ੍ਹਾਂ ਪ੍ਰਤੀ ਉਚਾਰੇ ਹੋਏ ਗੁਰੂ ਬਾਣੀ ਦੇ ਪਾਵਨ ਸ਼ਬਦ, ਜੇ ਧਿਆਨ ਨਾਲ ਪੜ੍ਹੇ ਹੋਣ, ਜੇ ਕਾਮ ਬਾਰੇ ਗੁਰਮਤਿ ਸਿਧਾਂਤ ਸਮਝਿਆ ਹੋਵੇ ਤਾਂ ਉਪ੍ਰੋਕਤ ਲਿਖਿਆ ਸਭ ਕੁਝ ਗੁਰਮਤਿ ਦੇ ਅਨਕੂਲ ਹੋ ਦਿੱਸਣਾ ਹੈ। ਘਰ ਘਾਟ ਛੱਡ ਕੇ ਸੰਨਿਆਸੀ ਹੋਏ ਫਿਰਦਿਆਂ ਦੇ ਅੱਡ ਅੱਡ ਭੇਖਾਂ ਦੀ, ਉਨ੍ਹਾਂ ਦੇ ਜਪਾਂ ਤਪਾਂ ਦੇ ਅਤੇ ਵਿਖਾਵੇ ਦੇ ਹੋਰ ਧਰਮ ਕਰਮਾਂ ਦੇ ਜ਼ਿਕਰ ਨਾਲ, ਅਥਵਾ ਨੰਗੇ ਸਰੀਰ ਤੇ ਸੁਆਹ ਮਲ ਕੇ ਪੂਰਨ ਤਿਆਗੀ ਬਣ ਕੇ ਲੋਕਾਂ ਲਈ ਪੂਜਨੀਕ ਬਣੇ ਫਿਰਦਿਆਂ ਦੀ ਅੰਦਰੂਨੀ ਹਾਲਤ, ਸਾਰੀਆਂ ਕਾਮਨਾਵਾਂ ਅਤੇ ਵਿਕਾਰਾਂ ਨੂੰ ਮਾਰ ਲੈਣ ਦਾ ਪਖੰਡ ਰਚਾਈ ਫਿਰਦੇ ਸੰਨਿਆਸੀਆਂ ਦੀ ਅਸਲੀਯਤ ਨੰਗੀ ਕਰ ਰਹੇ ਗੁਰੂ ਸ਼ਬਦ-- ਮਾਰੂ ਮ: ੧ ॥ ਵਿਚ ਸਤਿਗੁਰੂ ਨਾਨਕ ਜੀ ਦੇ (ਚਾਰ ਚਾਰ ਪੰਗਤੀਆਂ ਦੇ) ੯ ਤੁਕਾਂ ਵਾਲੇ ਅਨਮੋਲ ਫ਼ੁਰਮਾਨ ਵਿਚਲਾ ਸਪੱਸ਼ਟ ਸੰਕੇਤ -- **<u>ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥</u> [੧੦੧੩]-੭** ਅਤੇ ਫਿਰ ਪ੍ਰਭਾਤੀ ਰਾਗ ਵਿਚ ਵੀ ਅਜੇਹੇ ਤਿਆਗੀ ਜਪੀ ਤਪੀ ਬਾਰੇ ਸਤਿਗੁਰਾਂ ਦਾ ਫ਼ੁਰਮਾਨ--**ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥ ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥ ਕਾਨ ਫਰਾਇ ਹਿਰਾਏ ਟੂਕਾ ॥ ਘਰਿ ਘਰਿ ਮਾਗੈ ਤ੍ਰਿਪਤਾਵਨ ਤੇ ਚੂਕਾ ॥ <u>ਬਨਿਤਾ ਛੋਡਿ ਬਦ ਨਦਰਿ ਪਰ ਨਾਰੀ॥</u> ਵੇਸਿ ਨ ਪਾਈਐ ਮਹਾ ਦੁਖਿਆਰੀ ॥ ੫ ॥[੧੩੪੯]-੨।** ਏਥੇ ਹੀ ਬੱਸ ਨਹੀਂ ਰਾਮਕਲੀ ਰਾਗ ਵਿਚ ਕਈ ਜਪੀਆਂ ਤਪੀਆਂ, ਗਿਆਨੀਆਂ ਧਿਆਨੀਆਂ ਆਦਿ ਵਡੇ ਤਿਆਗੀਆਂ ਦਾ ਜਿੰਨ੍ਹਾਂ ਨੇ ਮਨ ਦੀਆਂ ਸਾਰੀਆਂ ਕਾਮਨਾਵਾਂ ਮਾਰ ਲੈਣ ਦਾ ਢੋਲ ਵਜਾਇਆ ਹੋਇਆ ਸੀ, ਵਡੇ ਤਿਆਗੀ ਸਿਧ ਸਾਧਕਾਂ ਮੁਨੀਆਂ ਅਤੇ ਕਈ ਦੇਵਤਿਆਂ ਦਾ ਜ਼ਿਕਰ ਕਰਕੇ ਸਤਿਗੁਰਾਂ ਨੇ ਫ਼ੁਰਮਾਨ ਕੀਤਾ ਕਿ, ਕੋਈ ਜਿੰਨਾ ਮਰਜ਼ੀ ਹੈ ਯਤਨ ਕਰ ਲਵੇ ਪਰ ਕਾਮ ਵਾਸਨਾਂ ਨੂੰ ਨਹੀਂ ਮੁਕਾ ਸਕਦਾ। ਸਗੋਂ, ਕਾਮ ਵੱਸ ਹੋਇਆ ਮਨੁੱਖ, ਨਰਕੀ ਕੀੜਾ ਬਣਨੋ ਵੀ ਨਹੀਂ ਝਿਜਕਦਾ---**ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥[੯੦੫-੬]-੬** ਕਿਸੇ ਨੌਜਵਾਨ ਬੀਬੀ ਕੋਲੋਂ ਸ਼ਾਦੀ ਦਾ ਅਰਥ ਕਾਮਯਾਬ ਅਤੇ ਅਨੰਦਮਈ ਸੁਹਾਗ-ਰਾਤ ਦੇ ਥਾਂ ਕੁਦਰਤ ਦੇ ਨਿਯਮਾਂ ਦੀ ਖੰਡਨਾ ਵਾਲਾ ਬਚਨ, ਕੇਵਲ ਤਿਆਗੀ ਹੋਣ ਦਾ ਵਿਖਾਵਾ ਰਚਾ ਕੇ ਲੋਕਾਂ ਨੂੰ ਲੁੱਟਦੇ ਫਿਰਦੇ ਪਖੰਡੀ, ਹੀ ਲੈ ਸਕਦੇ ਹਨ। ਘਟ ਘਟ ਦੀ ਜਾਣਨਹਾਰ, ਸਰਬੱਤ ਦੇ ਸੱਚੇ ਸੱਜਣ, ਵਡਪਰਉਪਕਾਰੀ, ਮਹਾਂ ਬਲੀ ਮੇਰੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਮੱਥੇ, ਏਡੇ ਨਿਰਦਈਆ ਵਾਲਾ ਦੂਸ਼ਨ ? ਜ਼ਬਾਨਾ ਅਥਵਾ ਕਲਮਾਂ ਕਿਉਂ ਨਾ ਸੜ ਜਾਣ ਅਜੇਹੇ ਪਰਚਾਰਕਾਂ ਲਿਖਾਰੀਆਂ ਦੀਆਂ ।

**(ੲ)** ਸਤਿਗੁਰਾਂ ਦਾ ਫ਼ਤਵਾ ਹੈ ਕਿ ਸੰਸਾਰ ਵਿਚ ਅਜੇਹਾ ਮਹਾਂਪੁਰਖ, ਅਵਤਾਰ, ਪੇਗੰਬਰ ਅਥਵਾ ਕੋਈ ਵੀ ਮਨੁੱਖ (-ਜੀਵ) ਪੈਦਾ ਕਦੇ ਨਾ ਹੋਇਆ ਹੈ ਨਾ ਕਦੇ ਸੰਸਾਰ ਤੇ ਜਨਮ ਹੀ ਲੈ ਸਕੇਗਾ, ਜਿਸ ਨੇ ਸਰੀਰ ਵਿਚੋਂ ਖ਼ਾਰਜ ਹੁੰਦੇ ਕਾਮ ਦਾ ਰਸ (ਯੋਗ ਜਾਂ ਅਯੋਗ ਢੰਗ ਨਾਲ) ਸਾਰੀ ਉਮਰ ਕਦੇ ਸੁਪਨੇ ਵਿਚ ਵੀ ਨਾ ਮਾਣਿਆਂ ਹੋਵੇ। ਜਿਹੜੇ ਲੋਕ ਦਸਮ ਗ੍ਰੰਥ ਦਾ ਚ੍ਰਿਤਰੋ ਪਾਖਿਯਾਨ ਭਾਗ, ਦਸ਼ਮੇਸ਼ ਜੀ ਦਾ ਹੀ ਲਿਖਿਆ ਹੋਣ ਦੀ ਵਕਾਲਤ ਕਰਦੇ ਥੱਕਦੇ ਨਹੀਂ, ਉਹ ਭਲੀ-ਭਾਂਤੀ ਜਾਣਦੇ ਹਨ ਕਿ, ਉਸ ਗ੍ਰੰਥ ਵਿਚ ਅਜੇਹੀਆਂ ਕਈ ਇਸਤ੍ਰੀਆਂ ਦੀਆਂ ਗਾਥਾਵਾਂ ਹਨ ਜਿੰਨ੍ਹਾਂ ਨੇ ਕੇਵਲ ਕਾਮ ਵੱਸ ਹੋ ਕੇ ਆਪਣੇ ਪਤੀ ਭਗਵਾਨਾਂ ਨਾਲ ਧਰੋਹ ਕੀਤਾ ਅਥਵਾ ਉਨ੍ਹਾਂ ਨੂੰ ਬੁਰੇ ਹਾਲੀਂ ਕੋਹ ਕੋਹ ਕੇ ਕਤਲ ਕੀਤਾ। **ਪਹਿਲੇ ਸਰੂਪਾ ਵਿਚ ਦਸਮ ਗੁਰੂ ਨਾਨਕ ਸਾਹਿਬ ਜੀ ਦੇ ਲਿਖੇ** (ਪੜ੍ਹੋ ਅਠਵੇਂ ਭਾਗ ਦਾ ਪੰਜਵਾਂ ਕਾਂਡ) **ਕਾਮ ਬਾਰੇ ਬੇਅੰਤ ਗੁਰੂ ਬਾਣੀ ਸ਼ਬਦ। ਸਤਿਗੁਰਾਂ ਦਾ ਫ਼ੁਰਮਾਨ ਹੈ ਕਿ**

**ਕਾਮ ਦਾ ਵੇਗ ਮਨੁੱਖ ਦੀ ਅਕਲ ਮਾਰ ਲੈਂਦਾ ਹੈ**-ਂ ਕਾਮ ਂ ਦੇ ਵੱਸ ਪਿਆ ਮਨੁੱਖ ਅਜੇਹੇ ਕਾਰੇ ਕਰ ਬੈਠਦਾ ਹੈ ਜਿਨ੍ਹਾਂ ਦਾ ਪਛਤਾਵਾ ਸਾਰੀ ਉਮਰ ਪਿੱਛਾ ਨਹੀਂ ਛੱਡਦਾ। ਗੁਰੂ-ਬਾਣੀ ਦਾ ਫ਼ੁਰਮਾਨ ਹੈ ਕਿ ਕਾਮ ਦਾ ਵੇਗ ਅਜੇਹਾ ਜ਼ਬਰਦਸਤ ਚੋਰ ਹੈ ਜੋ ਗਿਆਨਵਾਨ ਮਨੁੱਖ ਦਾ ਗਿਆਨ-ਰਤਨ ਚੋਰੀ ਕਰ ਲੈਂਦਾ ਹੈ:---

**ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥**
**ਮੈ ਅਨਾਥੁ, ਪ੍ਰਭ, ਕਹਉ ਕਾਹਿ ॥ ਕੋ ਕੋ ਨ ਬਿਗੂਤੋ, ਮੈ ਕੋ ਆਹਿ ॥ ੧ ॥**
**ਮਾਧਉ, ਦਾਰੁਨ ਦੁਖੁ ਸਹਿਓ ਨ ਜਾਇ ॥ ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥ ੧ ॥ ਰਹਾਉ ॥**
**ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਹਮਾਦਿ ॥ ਕਬਿ ਜਨ ਜੋਗੀ ਜਟਾ ਧਾਰਿ ॥**
**ਸਭ ਆਪਨ ਅਉਸਰ ਚਲੇ ਸਾਰਿ ॥ ੨ ॥ ਤੂ ਅਥਾਹੁ, ਮੋਹਿ ਥਾਹ ਨਾਹਿ ॥ ਪ੍ਰਭ ਦੀਨਾਨਾਥ, ਦੁਖੁ**
**ਕਹਉ ਕਾਹਿ ॥ ਮੇਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ, ਗੁਨ ਰਉ ਕਬੀਰ ॥ ੩ ॥**[੧੧੯੪]-੫

**ਅਰਥ**:--ਹੇ ਮੇਰੇ ਮਾਧੋ ! ਆਪਣੀ ਚੰਚਲ ਮੱਤ ਅੱਗੇ ਮੇਰੀ ਕੋਈ ਪੇਸ਼ ਨਹੀਂ ਜਾਂਦੀ । ਇਹ ਡਾਢਾ ਭਿਆਨਕ ਦੁੱਖ ਹੁਣ ਮੈਥੋਂ ਸਹਾਰਿਆ ਨਹੀਂ ਜਾਂਦਾ **। ੧ । ਰਹਾਉ ।** ਮੇਰੇ ਇਸ ਤਨ ਮਨ ਵਿਚਲੇ ਕਾਮਦੇਵ ਚੋਰ ਗਿਆਨ-ਰੂਪ ਮੇਰਾ ਰਤਨ (ਮੇਰੇ ਅੰਦਰੋਂ) ਚੁਰਾ ਲਿਆ ਹੈ (ਭਾਵ, ਜਿਸ ਨੇ ਮੇਰੀ ਸਮਝ ਵਿਗਾੜ ਦਿੱਤੀ ਹੈ) । ਹੇ ਪ੍ਰਭੂ ! ਮੈਂ ਬੜਾ ਆਜਜ਼ ਹੋ ਗਿਆ ਹਾਂ, (ਆਪਣਾ ਦੁੱਖ ਤੈਥੋਂ ਬਿਨਾ ਮੈਂ ਹੋਰ) ਕਿਸ ਨੂੰ ਦੱਸਾਂ ? (ਇਸ ਕਾਮ ਦੇ ਹੱਥੋਂ) ਕੌਣ ਕੌਣ ਖ਼ੁਆਰ ਨਹੀਂ ਹੋਇਆ ? ਮੇਰੀ ਗ਼ਰੀਬ ਦੀ ਕੀ ਪਾਇਆਂ ਹੈ ? **। ੧ ।** ਸਨਕ, ਸਨੰਦਨ, (=ਦੋਵੇਂ ਕਥਿਤ ਬ੍ਰਹਮਾ ਦੇ ਕਥਿਤ ਪੁੱਤਰ), ਸ਼ਿਵ, ਸੁਕਦੇਵ ਵਰਗੇ (ਵੱਡੇ ਵੱਡੇ ਰਿਸ਼ੀ ਤਪੀ) ਕਮਲ ਦੀ ਨਾਭੀ ਤੋਂ ਜਨਮੇ ਹੋਏ ਬ੍ਰਹਮਾ ਆਦਿਕ, ਕਵੀ ਲੋਕ, ਜੋਗੀ ਜਟਾਧਾਰੀ ਸਾਧੂ--ਇਹ ਸਭ (ਕਾਮ ਤੋਂ ਡਰਦੇ) ਆਪੋ ਆਪਣੇ ਵੇਲੇ ਦਿਨ-ਕਟੀ ਕਰ ਕੇ ਚਲੇ ਗਏ **। ੨ ।** ਕਬੀਰ ਸਾਹਿਬ ਦਾ ਫ਼ੁਰਮਾਨ--(ਕਾਮ ਆਦਿਕ ਤੋਂ ਬਚਨ ਲਈ ਇੱਕੋ ਪ੍ਰਭੂ ਹੀ ਆਸਰਾ ਹੈ, ਉਸ ਅੱਗੇ ਇਉਂ ਅਰਜ਼ੋਈ ਕਰ--) ਹੇ ਸੁਖਾਂ ਦੇ ਪ੍ਰਭੂ ! ਹੇ ਦੀਨਾਨਾਥ ਪਰਮੇਸ਼ਵਰ ! ਤੂੰ ਡੂੰਘੇ ਜਿਗਰੇ ਵਾਲਾ ਹੈਂ, ਮੈਂ (ਤੇਰੇ ਗੰਭੀਰ ਸਮੁੰਦਰ ਵਰਗੇ ਦਿਲ ਦੀ) ਹਾਥ ਨਹੀਂ ਪਾ ਸਕਦਾ । ਮੈਂ ਹੋਰ ਕਿਸ ਅੱਗੇ ਅਰਜ਼ੋਈ ਕਰਾਂ ? ਮਾਇਆ ਤੋਂ ਪੈਦਾ ਹੋਇਆ ਇਹ ਮੇਰਾ ਸਾਰੀ ਉਮਰ ਦਾ ਦੁੱਖ ਦੂਰ ਕਰ, ਤਾਂ ਜੁ ਮੈਂ ਤੇਰੇ ਗੁਣ ਚੇਤੇ ਕਰ ਸਕਾਂ । ੩ ।

**ਇਸਤਰੀ ਪੁਰਖ ਕਾਮਿ ਵਿਆਪੇ ਜੀਉ, ਰਾਮਨਾਮ ਕੀ ਬਿਧਿ ਨਹੀ ਜਾਣੀ ॥**
**ਮਾਤ ਪਤਾ ਸੁਤ ਭਾਈ ਖਰੇ ਪਿਆਰੇ ਜੀਉ, ਡੂਬਿ ਮੁਏ ਬਿਨੁ ਪਾਣੀ ॥....੨ ॥** [੨੪੬]-੪

**ਅਰਥ**:--(ਮਾਇਆ ਦੇ ਮੋਹ ਦੇ ਪ੍ਰਭਾਵ ਹੇਠ ਆਏ) ਇਸਤ੍ਰੀ ਅਤੇ ਮਰਦ ਕਾਮ-ਵਾਸਨਾ ਵਿਚ ਫਸੇ ਰਹਿੰਦੇ ਹਨ, ਪਰਮਾਤਮਾ ਦਾ ਨਾਮ ਸਿਮਰਨ ਦੀ ਜਾਚ ਨਹੀਂ ਸਿੱਖਦੇ । ਮਾਂ ਪਿਉ ਪੁੱਤਰ, ਭਰਾ ਹੀ ਬਹੁਤ ਪਿਆਰੇ ਲੱਗਦੇ ਹਨ, (ਪਰਵਾਰ-ਰੂਪ ਮਾਇਆ ਦੇ ਸਰੋਵਰ ਵਿਚ) ਪਾਣੀ ਨਹੀਂ, (ਪਾਣੀ ਦੇ ਥਾਂ ਮੋਹ ਹੈ ਉਸ ਵਿਚ) ਡੁੱਬ ਕੇ (ਨਕਾ-ਨਕ ਫਸ ਕੇ) ਆਤਮਕ ਮੌਤ ਸਹੇੜਦੇ ਹਨ ।

**ਪਾਪੀ ਹੀਐ ਮੈ ਕਾਮੁ ਬਸਾਇ ॥ ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥ ੧ ॥ ਰਹਾਉ ॥**[੧੧੯੬]-੨

**ਅਰਥ**:--ਪਾਪਾਂ ਵਿਚ ਫਸਾਉਣ ਵਾਲੀ ਕਾਮ-ਵਾਸਨਾ (ਮਨੁੱਖ ਦੇ) ਹਿਰਦੇ ਵਿਚ ਟਿਕੀ ਰਹਿੰਦੀ ਹੈ, ਇਸ ਵਾਸਤੇ (ਮਨੁੱਖ ਦਾ) ਚੰਚਲ ਮਨ ਕਾਬੂ ਨਹੀਂ ਆ ਸਕਦਾ ।੧। ਰਾਹਾਉ ।

ਜਿਸ ਕਾਮ ਬਾਰੇ ਦਸ਼ਮੇਸ਼ ਜੀ ਦੇ ਪਿਤਾਮਾ ਗੁਰਦੇਵ, ਪੰਚਮ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਇਹ ਫ਼ੁਰਮਾਨ:--

**ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥ ਚਿਤ ਹਰਣੰ ਤ੍ਰੈ ਲੋਕ ਗੰਮੵੰ, ਜਪ**
**ਤਪ ਸੀਲ ਬਿਦਾਰਣਹ* ॥ ਅਲਪ ਸੁਖ ਅਵਿਤ, ਚੰਚਲ, ਊਚ ਨੀਚ ਸਮਾਵਣਹ ॥**
**ਤਵ ਭੈ ਬਿਮੁੰਚਿਤ ਸਾਧ ਸੰਗਮ, ਓਟ ਨਾਨਕ ਨਾਰਾਇਣਹ ॥ ੪੬ ॥** [੧੩੫੮]

ਅਰਥ:--ਹੇ ਕਾਮ ! ਤੂੰ (ਜੀਵਾਂ ਨੂੰ ਆਪਣੇ ਵੱਸ ਵਿਚ ਕਰ ਕੇ) ਨਰਕ ਵਿਚ ਅਪੜਾਉਣ ਵਾਲਾ ਹੈਂ, ਅਤੇ ਕਈ ਜੂਨਾਂ ਵਿਚ ਭਟਕਾਉਣ ਵਾਲਾ ਹੈ । ਤੂੰ ਜੀਵਾਂ ਦੇ ਮਨ ਭਰਮਾ ਲੈਂਦਾ ਹੈਂ, ਤਿੰਨਾਂ ਹੀ ਲੋਕਾਂ ਵਿਚ ਤੇਰੀ ਪਹੁੰਚ ਹੈ, ਤੂੰ ਜੀਵਾਂ ਦੇ ਜਪ ਤਪ ਤੇ ਸੁੱਧ ਆਚਰਨ ਨਾਸ ਕਰ ਦਿੰਦਾ ਹੈਂ ।

ਹੇ ਚੰਚਲ ਕਾਮ ! ਤੂੰ ਸੁਖ ਤਾਂ ਥੋੜਾ ਹੀ ਦਿੰਦਾ ਹੈਂ, ਪਰ ਇਸੇ ਨਾਲ ਤੂੰ ਜੀਵਾਂ ਨੂੰ (ਸੁੱਧ ਆਚਰਨ ਦੇ) ਧਨ ਤੋਂ ਸੱਖਣਾ ਕਰ ਦਿੰਦਾ ਹੈਂ । ਜੀਵ ਉੱਚੇ ਹੋਣ, ਨੀਵੇਂ ਹੋਣ, ਸਭਨਾਂ ਵਿਚ ਤੂੰ ਪਹੁੰਚ ਜਾਂਦਾ ਹੈ । ਸਾਧ (-ਗੁਰੂ ਗ੍ਰੰਥ ਸਾਹਿਬ ਦੀ) ਸੰਗਤਿ ਵਿਚ ਪਹੁੰਚਿਆਂ ਤੇਰੇ ਡਰ ਤੋਂ ਖ਼ਲਾਸੀ ਹੈ । ਗੁਰਦੇਵ ਜੀ ਦਾ ਫ਼ੁਰਮਾਨ-- (ਸਾਧ ਗੁਰੂ ਗ੍ਰੰਥ ਸਾਹਿਬ ਦੇ ਸੰਗ ਵਿਚ ਜਾ ਕੇ) ਪ੍ਰਭੂ ਦੀ ਸਰਨ ਲੈ । ੪੬ । * [**Foot note:--**ਰਾਮਾਇਣ ਦੀ Video Documentary ਵਿਚ, **ਵਿਸ਼ਵਾਮਿਤ੍ਰ** ਨਾਮੀ ਬੜਾ ਪ੍ਰਸਿੱਧ ਰਿਖੀ, ਇਕ ਸੁੰਦਰ ਅਪੱਛਰਾ ਦੇ ਪ੍ਰੇਮ-ਜਾਲ ਵਿਚ ਫਸ ਕੇ, ਆਪਣਾ ਕਈ ਸਾਲਾਂ ਦਾ ਤਪ, ਨਸ਼ਟ ਕਰਦਾ ਦਰਸਾਇਆ ਹੋਇਆ ਹੈ । (੨) ਸਿੱਖ ਇਤਿਹਾਸ ਵਿਚ ਵੀ ਢਾਂਡੀਆਂ, ਰਾਗੀਆਂ ਪਰਚਾਰਕਾਂ ਆਦਿ ਨੇ ਇੱਕ ਸਾਖੀ ਵਿਚ ਦਸ਼ਮੇਸ਼ ਜੀ ਦੇ ਨਿਕਟਵਰਤੀ, ਭਾਈ ਜੋਗਾ ਸਿੰਘ ਨਾਮਕ ਸਿਦਕੀ ਸਿੱਖ ਨੂੰ, ਹੁਸ਼ਿਆਪੁਰ ਦੀ ਕਿਸੇ ਵੇਸਵਾ ਨੂੰ ਵੇਖ ਕੇ ਸਿਦਕ ਤੋਂ ਡੋਲਿਆਂ ਹੋਇਆ ਦਰਸਾ ਕੇ ਸੰਗਤਿ ਕੋਲੋਂ ਮਾਇਆ ਠੱਗ ਖਾਣ ਦਾ ਪਰਪੰਚ ਰਚਾਇਆ ਹੋਇਆ ਹੈ । ਭਾਂਵੇਂ ਇਸ ਕਹਾਣੀ ਨੂੰ ਪੰਥ ਵਿਰੋਧੀਆਂ ਨੇ ਹੀ ਕਿਸੇ ਕਿਤਾਬ ਵਿਚ ਲਿਖ ਦਿੱਤਾ ਹੋਵੇ ਪਰ ਇਹ ਗਥਾ ਇੱਕ ਸਾਖੀ ਦੇ ਰੂਪ ਵਿਚ ਗੁਰੂ ਦਰਬਾਰਾਂ ਦਾ ਸਿੰਗਾਰ ਬਣ ਰਹੀ ਹੁੰਦੀ ਹੈ। ਕੁਦਰਤ ਦੇ ਇਸ ਨਿਯਮ ਦੀ ਅਟੱਲਤਾ ਸਪੱਸ਼ਟ ਹੈ ਕਿ, ਸੰਸਾਰ ਵਿਚ ਕੋਈ ਜੀਵ ਕਾਮ-ਰਸ ਤੋਂ ਅਣਜਾਣ ਨਹੀਂ ਰਹਿ ਸਕਦਾ ]

ਜਵਾਨੀ ਚੜ੍ਹ ਰਹੀ ਬੀਬੀ ਜੀ ਤੋਂ ਕਾਦਰ ਦਾ ਮੂੰਹ ਚਿੜਾਉਣ ਵਾਲਾ ਬਚਨ (Promise) ਲੈਣ ਦੀ ਗੱਲ, ਉਸ ਸੁਜਾਨ ਸਤਿਗੁਰੂ ਜੀ ਦੇ ਪਾਵਨ ਨਾਮਣੇ ਨਾਲ ਮੜ੍ਹਨੀ, ਜੋ ਆਏ ਹੀ ਗ੍ਰਿਹਸਤ ਵਿਚ ਸੱਚਾ ਉਦਾਸੀ ਜੀਵਨ ਬਿਤਾਉਣ ਦੀ ਜਾਚ ਸਿਖਾਉਣ ਸਨ ? ਸ਼ਾਦੀ ਕਰਨ ਲਈ ਕਾਦਰ ਦੇ ਅਟੱਲ ਨਿਯੱਮ ਦੀ ਖੰਡਨਾ ਵਾਲੀ ਸ਼ਰਤ ? ਰਾਤ ਦਿਨ ਆਪਣੇ ਪਤੀ ਦੀ ਸੇਵਾ ਕਰਦਿਆਂ ਹੋਇਆਂ " ਕਾਮ ਭੋਗ ਦਾ ਪੂਰਾ ਤਿਆਗ " ? ਅੱਗ ਕੋਲ ਵੱਸਦੀ ਮੋਮ ਨੂੰ ਕਦੇ ਵੀ ਨਰਮ ਨਾ ਹੋਣ ਦਾ ਆਦੇਸ਼ ? ਅਜੇਹੀ ਅਣਹੋਣੀ ਗੱਲ ਦੀ ਆਸ ਇੱਕ ਜਵਾਨੀ ਚੜ੍ਹ ਰਹੀ ਅਲ੍ਹੜ ਬਾਲੜੀ ਕੋਲੋਂ " ?

**(ਸ) ਇਸ ਗੱਲ ਨੂੰ ਵੀ ਝਟ ਪਟ ਰੱਦ ਨਹੀਂ ਕੀਤਾ ਜਾ ਸਕਦਾ ਕਿ, ਇਸ ਦੇਸ਼ ਵਿਚ ਪੱਥਰ-ਰੂਪੀ ਭਗਵਾਨ ਨਾਲ ਸ਼ਾਦੀ ਦੀ ਗੱਲ ਚੱਲੀ ਸੀ ਤਾਂ ਹਜ਼ਾਰਾਂ ਬੀਬੀਆਂ ਨੇ ਰਾਮਜਣੀਆਂ ਦਾ ਰੂਪ ਧਾਰ ਲੈਣ ਵਿਚ ਕੀ ਪੁੰਨ ਅਤੇ ਫਲੀਆਂ ਵਾਲਾ ਅਨੰਦ ਨਹੀਂ ਮਾਣਿਆਂ ? ਕੇਵਲ ਸੁਪਨਾ ਆਉਣ ਨਾਲ ਕੋਈ ਬੀਬੀ ਸੰਗਤ ਦੀ ਮਾਤਾ ਅਤੇ ਫਿਰ ਦਸ਼ਮੇਸ਼ ਜੀ ਵਰਗੇ ਮਹਾਂਬਲੀ ਗੁਰੂ-ਪਰਮੇਸ਼ਰ ਦੀ ਪਤਨੀ ਬਣ ਸਕਦੀ ਹੁੰਦੀ ਤਾਂ ਕਈ ਬੀਬੀਆਂ ਨੂੰ ਅਜੇਹੇ ਸੁਪਨੇ ਵੀ ਆਉਣੇ ਅਰੰਭ ਹੋ ਜਾਣੇ ਸਨ ਕਿ, ਦਸ਼ਮੇਸ਼ ਜੀ ਬਿਨਾ ਕਿਸੇ ਸ਼ਰਤ ਦੇ ਉਸ ਦੇ ਪਤੀ ਬਣਨ ਲਈ ਮਜਬੂਰ ਹੋ ਜਾਇਆ ਕਰਦੇ । ਜਿਵੇਂ, (ਕਥਿਤ**

**ਤੌਰ ਤੇ) ਪੰਚਮ ਪਾਤਸ਼ਾਹ ਜੀ ਦੇ ਦਰਸ਼ਨਾਂ ਨੂੰ ਆਇਆ ਮੰਡੀ ਦਾ ਰਾਜਾ--" ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥ " ਪੰਗਤੀ ਸੁਣ ਦੇ ਮੁੜ ਗਿਆ ਅਤੇ ਸੁਪਨੇ ਵਿਚ ਚੂੜ੍ਹਿਆਂ ਦੇ ਘਰ ਜਾ ਪੈਦਾ ਹੋਇਆ ਅਤੇ ਸਾਰੀ ਉਮਰ ਜ਼ਿਮੀਦਾਰਾ ਦੀ ਨੌਕਰੀ ਕਰਦਾ, ਧੀਆਂ ਪੁੱਤਰਾਂ ਵਾਲਾ ਹੋ ਕੇ ਮਰਿਆ--ਗੁਰੂ ਦਰਬਾਰਾਂ ਵਿਚ ਹੀ ਦਰਸਾਇਆ ਜਾ ਰਿਹਾ ਹੁੰਦਾ ਹੈ । ਸੁਪਨੇ ਦੀ ਉਸ ਗੱਲ ਵਾਂਗ ਕੀ, ਕੋਈ ਬੀਬੀ ਏਥੋਂ ਤੱਕ ਨਹੀਂ ਸੀ ਪੁੱਜ ਸਕਣੀ ਕਿ ਸੁਪਨੇ ਵਿਚ ਸਤਿਗੁਰੂ ਜੀ ਤੋਂ ਮੇਰੀ ਕੁਖੋਂ ਇੱਕ ਜਾਂ ਵੱਧ ਕਾਕਿਆਂ ਨੇ ਜਨਮ ਲਿਆ ਸੀ ? ਸਾਧਾਰਨ ਮਨੁੱਖ ਦੇ ਅਚਰਨ ਵਿਚ ਅਜੇਹੀਆਂ ਕਮਜ਼ੋਰਿਆਂ ਦੇ ਆ ਜਾਣ ਦਾ ਸਤਿਗੁਰਾਂ ਨੂੰ ਪੂਰਨ ਗਿਆਨ ਸੀ। ਇਸ ਲਈ ਇਸ ਨਿਰਮੂਲ ਕਹਾਣੀ ਨਾਲ ਸਤਿਗੁਰਾਂ ਦਾ ਦੂਰ ਦਾ ਵੀ ਵਸਤਾ ਨਹੀਂ ਮੰਨਿਆਂ ਜਾ ਸਕਦਾ। ਅਜੇਹੀ ਘਟਨਾ ਕਦੇ ਦਸ਼ਮੇਸ਼ ਪਿਤਾ ਜੀ ਦੇ ਦਰਬਾਰ ਵਿਚ ਵਰਤੀ ਸੀ--ਇਤਿਹਾਸ ਵਿਚ ਅਜੇਹਾ ਲਿਖਿਆ ਜਾਣਾ, ਨਿਰੰਦੇਹ ਗੰਭੀਰ ਸਾਜ਼ਸ਼ ਅਤੇ ਕੁਟਲਤਾ ਦੀ ਦੇਣ ਹੈ ।**

**ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ ॥**
**ਸੁਤੜੀ ਸੋ ਸਹੁ ਡਿਠੁ, ਤੈ ਸੁਪਨੇ ਹਉ ਖੰਨੀਐ ॥ ੨ ॥**[੧੧੦੦] ।

(ਹ) **ਇਹ ਦਲੀਲ ਕਿ** ਸਤਿਗੁਰਾਂ ਦੀ ਮਿਹਰ ਹੋਵੇ ਤਾਂ ਕਾਮ ਕਦੇ ਤੰਗ ਨਹੀਂ ਕਰਦਾ---ਗੁਰਮਤਿ ਵਿਰੋਧੀ ਭਰਮ ਪੈਦਾ ਕਰਨ ਵਾਲਾ ਬੇ-ਦਲੀਲਾ ਢੁੱਚਰ ਹੈ। ਕਾਦਰ ਦੇ ਨਿੱਯਮਾਂ ਦੀ ਖੰਡਨਾਂ ਵਾਲਾ ਬਚਨ ਮਿਹਰ ਨਹੀਂ, ਸਗੋਂ ਕਹਿਰ ਹੋ ਨਿਬੜਦਾ ਹੈ। ਫਿਰ ਸਤਿਗੁਰੂ ਨਾਨਕ ਸਾਹਿਬ ਤਾਂ ਆਏ ਹੀ ਕਾਦਰ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਹੋਇਆ ਗ੍ਰਿਹਸਤ ਦੇ ਫ਼ਰਜ ਨਿਭਾਉਣ ਦਾ ਸਿਧਾਂਤ ਸਿਖਾਉਣ ਸਨ। ਸਤਿਗੁਰਾਂ ਦਾ ਦਿਲੋਂ ਸੰਗ ਪ੍ਰਾਪਤ ਹੋ ਜਾਣ ਵਾਲਿਆਂ ਵਡਭਾਗੀਆਂ ਨੂੰ ਤਾਂ ਸਗੋਂ--**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ੨ ॥**[੫੨੨] ਹਿਰਦੇ ਤੋਂ ਦਸ਼ਮੇਸ਼ ਜੀ ਦੇ ਸੰਗੀਆਂ ਨੂੰ ਤਾਂ ਸਗੋਂ ਜੀਵਨ ਦੇ ਸਾਰੇ ਰਸ ਮਾਣਦਿਆਂ, ਕਾਦਰ ਦੇ ਸਾਰੇ ਨਿੱਯਮ-ਰੂਪ ਹੁਕਮਾਂ ਦੀ ਪਾਲਣਾ ਕਰਦਿਆਂ ਨਿਰਬਾਣ-ਪਦ ਅਥਵਾ ਗੁਰਮੁਖ-ਪਦ ਦੀ ਪ੍ਰਾਪਤੀ ਕਰ ਸਕਣ ਦੀ ਸਮਰਥਾ ਪ੍ਰਾਪਤ ਹੁੰਦੀ ਹੈ। ਸਤਿਗੁਰਾਂ ਦੀ ਮਨੋ ਨੇੜਤਾ ਪ੍ਰਾਪਤ ਕਰ ਲੈਣ ਵਾਲਿਆਂ ਨੂੰ ਸਗੋਂ ਗ੍ਰਹਸਤੀ ਜੀਵਨ ਦੇ ਸਾਰੇ ਨਿੱਯਮ ਨਿਭਾਉਂਦਿਆਂ, ਦੁਰਲੱਭ ਮਨੁੱਖਾ ਦੇਹੀ ਦਾ ਹਰ ਰਸ ਸੰਜਮ ਵਿਚ ਰਹਿ ਕੇ ਮਾਣਦਿਆਂ ਹੱਸਦਿਆਂ ਖੇਡਦਿਆਂ ਅਤੇ ਦੂਜਿਆਂ ਨੂੰ ਖ਼ੁਸ਼ੀ ਰੱਖਣ ਲਈ ਸਦਾ ਯਤਨ-ਸ਼ੀਲ ਰਹਿੰਦਿਆਂ, ਹਰ ਪੱਖੋਂ ਨਿਰਲੇਪਤਾ ਦਾ ਜੀਵਨ ਗੁਜ਼ਾਰਦਿਆਂ ਪ੍ਰਭੂ ਦੇ ਦਰਬਾਰ ਵਿਚ ਮਾਣ ਪ੍ਰਾਪਤ ਕਰ ਸਕਣ ਦੀ ਜੀਵਨ-ਜਾਚ ਆਉਂਣੀ ਹੁੰਦੀ ਹੈ। ਸ਼ਾਦੀ ਕਰਨ ਸਮੇ ਜਵਾਨੀ ਚੜ੍ਹ ਰਹੇ ਸਾਥੀ ਤੋਂ ਕਾਮ-ਇਛਿਆ ਨੂੰ ਮਾਰੀ ਰੱਖਣ ਪ੍ਰਣ ਲੈ ਕੇ ਗੁਰਮਤਿ ਦੀ ਖੰਡਨਾਂ ਵਾਲਾ ਕਰਮ ਪਰਮ-ਗਿਆਨੀ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਮੜ੍ਹਨਾ, ਸਿੱਖੀ ਦੇ ਵਿਰੋਧੀਆਂ ਦੀ ਚਾਲ ਤੋਂ ਛੁੱਟ ਹੋਰ ਦੂਜੀ ਗੱਲ ਹੋ ਹੀ ਨਹੀਂ ਸਕਦੀ। [ਨੋਟ:--ਇਹ ਵੀ ਨਾ ਭੁੱਲੀਏ--**ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾ ਮਿਲੈ ਜਾ ਮਨੁ ਰਹੈ ਹਦੂਰਿ ॥ ੨ ॥**[੮੪] ਸਰੀਰ ਕਰਕੇ ਨੇੜਤਾ ਉਨ੍ਹਾਂ ਦੋ ਪਠਾਣ ਭਰਾਵਾਂ ਨੂੰ ਵੀ ਪ੍ਰਾਪਤ ਸੀ ਜਿਨ੍ਹਾਂ ਨੇ ਸਤਿਗੁਰਾਂ ਤੇ ਜਾਨ ਲੇਵਾ ਵਾਰ ਕਰਨ ਲਈ ਸਤਿਗੁਰਾਂ ਦਾ ਅਤੇ ਸੰਗਤਿ ਦਾ ਵਿਸ਼ਵਾਸ਼ ਜਿੱਤਣਾ ਸੀ। ਉਹ ਵੀ ਕਈ ਮਹੀਨੇ ਸਤਿਗੁਰਾਂ ਦੀ ਬੜੀ ਸੇਵਾ ਕਰਦੇ ਰਹੇ ਸਨ। ਸਤਿਗੁਰਾਂ ਨੇ ਉਨ੍ਹਾਂ ਦੇ ਹੱਥੋਂ ਜ਼ਖਮੀ ਹੋ ਕੇ ਪ੍ਰਲੋਕ ਸਿਧਾਰਨ ਦਾ ਕੌਤਕ ਕੀ ਆਪਣੀ ਖ਼ੁਸ਼ੀ ਨਾਲ ਵਰਤਾਇਆ ਸੀ ? ਕੀ, ਸਤਿਗੁਰਾਂ ਨੇ ਆਤਮ ਹੱਤਿਆ ਕਰਨ ਦਾ ਇਹ ਨਿਆਰਾ ਢੰਗ ਵਰਤਿਆ ਸੀ ? ਕੀ, ਸਤਿਗੁਰੂ ਨਾਨਕ ਜੀ (ਪੁਹਲਾਂ ਸਰੂਪ ਵਾਂਗ) ਗੁਰਮਖਿ ਸਵੈ ਇਛਿਆ ਨਾਲ ਆਪਣੇ ਨਿਜ ਧਾਮ ਵਲ ਨੂੰ ਨਹੀਂ ਸੀ ਪਰਤ ਸਕਦਾ ? ਯਥਾ-**ਗੁਰਮਖਿ ਆਵੈ ਜਾਇ ਨਿਸੰਗੁ ॥ ਪਰਹਰਿ ਮੈਲੁ ਜਲਾਇ ਕਲੰਕੁ ॥**[੯੩੨] ਡੂਠ ਦਾ ਆਸਰਾ ਲੈਣ ਦੀ ਗੱਲ ਬਿੱਪ੍ਰੀ ਮਤਿ ਹੈ। ਜਵਾਨੀ ਚੜ੍ਹ ਰਹੀ ਅਲੱੜ੍ਹ ਬੀਬੀ ਨਾਲ ਗ਼ੈਰ-ਕੁਦਰਤੀ ਆਤਮਕ ਵਿਆਹ ? ਮਨ-ਹਿਰਦੇ ਤੋਂ ਅਜੇਹੇ ਵਿਆਹ ਨੂੰ ਸੱਚ ਮੰਨ ਲੈਣਾ, ਕਾਦਰ ਦੇ ਅਟੱਲ ਨਿਯਮ ਨਾਲ ਠੱਠਾ ਹੈ ।............

**(੨) ਕਹਾਣੀ ਦਾ ਦੂਜਾ ਪੱਖ**--ਪੁੱਤਰ ਪ੍ਰਾਪਤੀ ਦੀ ਇਛਿਆ ਦਾ ਪ੍ਰਗਟਾਵਾ ਅਤੇ ਦਸ਼ਮੇਸ਼ ਜੀ ਦਾ ਬਚਨ--

ਇਸਤ੍ਰੀ ਮਰਦ ਦੇ ਸੰਬੰਧਾਂ ਦੇ ਅਨੁਭਵ ਨੂੰ ਜੇ, ਬਿਬੇਕ ਬੁੱਧੀ ਦੇ ਨੇੜੇ ਢੁੱਕ ਲੈਣ ਦੇਈਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ, ਕਥਿਤ ਸਾਹਿਬ ਕੌਰ ਜੀ ਵਰਗੇ ਵਿਆਹੁਤਾ ਪਤਨੀ, ਵਲੋਂ ਆਪਣੇ ਪਤੀ ਕੋਲੋਂ ਪੁੱਤਰ ਦੀ ਮੰਗ ਦਾ ਸਪੱਸ਼ਟ ਅਰਥ ਉਸ ਕਾਮ ਭੋਗ ਦੀ ਮੰਗ ਹੀ ਬਣਦਾ ਹੈ ਜਿਸ ਤੋਂ ਉਨ੍ਹਾਂ ਨੂੰ ਵਾਂਜਿਆਂ ਰਖਿਆ ਗਿਆ ਸੀ। (ਮਾਤਾ) ਸਾਹਿਬ ਕੌਰ ਜੇਹੇ ਪਤੀ-ਬ੍ਰਤਾ ਅਤੇ ਸ਼ਰਮ ਹਯਾ ਦੇ ਪੁਤਲੇ ਸੁਪੱਤਨੀ ਜੀ, ਦਰਬਾਰ ਵਿਚ ਬੈਠੇ , ਜਾਂ ਕਿਸੇ ਵੀ ਦੂਜੇ ਦੀ ਹਾਜ਼ਰੀ ਸਮੇ, ਆਪਣੇ ਪਤੀ-ਗੁਰਦੇਵ ਜੀ ਤੋਂ, ਅਜੇਹੀ ਮੰਗ ਕਿਸੇ ਹਾਲਤ ਵਿਚ ਵੀ ਨਹੀਂ ਸਨ ਕਰ ਸਕਦੇ। ਸਪੱਸ਼ਟ ਹੈ ਕਿ ਅਜੇਹੀ ਮੰਗ ਇਕਾਂਤ ਵਿਚ, ਪਤੀ ਦੀ ਮੁੱਠੀ ਚਾਪੀ ਆਦਿ ਦੀ ਸੇਵਾ ਨਿਭਾਉਂਦਿਆਂ ਸਮੇ ਹੀ ਕੀਤੀ ਜਾਣੀ ਸੀ। ਫਿਰ ਹੈਰਾਨੀ ਹੈ ਕਿ, ਪਤੀ ਪਤਨੀ ਦੀ ਪਰਦੇ ਵਾਲੀ ਅਜੇਹੀ ਗੱਲ ਲਿਖਾਰੀਆਂ ਕੋਲ ਕਿਵੇ ਪੁੱਜੀ ? ਕੀ, ਦਸ਼ਮੇਸ਼ ਜੀ ਨੇ ਆਪ ਹੀ ਸੰਗਤ ਨੂੰ ਆ ਦਸਿਆ ਸੀ ਕਿ, ਅੱਜ ਰਾਤੀਂ ਸਾਹਿਬ ਕੌਰ ਆਪਣੇ ਬਚਨਾਂ ਤੋਂ ਥਿੜਕੀ ਫਿਰਦੀ, ਭਾਂਪ ਕੇ ਅਸਾਂ ਝੱਟ ਇਸ ਦੀ ਝੋਲੀ ਖ਼ਾਲਸਾ ਜੀ ਨੂੰ ਪਾ ਦਿੱਤਾ ਹੈ ? ਕਿੱਡੀ ਹਾਸੋ ਹੀਣੀ ਅਤੇ ਨਾ ਮੰਨਣ ਜੋਗ ਹੁੱਜਤ ਅਥਵਾ ਅਲੋਕਾਰ ਗੱਲ ਹੈ ? ਸਿੱਖ ਦਾ ਰੂਹਾਨੀ ਰਿਸ਼ਤਾ ਕੇਵਲ ਆਪਣੇ ਸਤਿਗੁਰੂ ਜੀ ਨਾਲ ਹੈ। ਅਤੇ ਬਿੰਦੀ ਔਲਾਦ ਕੇਵਲ ਜਨਮ ਦਾਤੀ ਮਾਤਾ ਦੀ ਹੀ ਮੰਨੀ ਜਾ ਸਕਦੀ ਹੈ। ਅਤੇ ਸੱਚੇ ਸਤਿਗੁਰੂ ਜੀ ਨਾਨਕ ਸਾਹਿਬ ਜੀ ਵਿਚ ਸਮਾਈ ਬਾਕੀ ਦਸੋਂ ਸਰੂਪ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਕ) ਸਾਡੇ ਮਾਤਾ-ਪਿਤਾ-ਪਰਮੇਸ਼ਰ ਸਭ ਕੁਝ ਸਤਿਗੁਰੂ ਜੀ ਹੀ ਹਨ--

**ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥ ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥**
**ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥ ੩ ॥**
**ਮੈ ਬਿਨੁ ਗੁਰੁ ਦੇਖੇ ਨੀਦ ਨ ਆਵੈ ॥ ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥**
**ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥ ੪ ॥ ੨ ॥**[੯੪]

ਸਾਰੇ ਤੱਥ ਵਿਚਾਰੇ ਬਿਨਾ ਖ਼ਾਲਸਾ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਕੇਵਲ ਉਸੇ ਪਾਵਨ ਸਰੂਪ ਨੂੰ ਖ਼ਾਲਸਾ ਜੀ ਦਾ ਜਨਮ ਦਾਤਾ ਮੰਨ ਲਿਆ ਜਿਨ੍ਹਾਂ ਨੇ ਮਾਤਾ ਸਾਹਿਬ ਦੇਵਾਂ ਜੀ ਨਾਲ (ਸਿਰਜਣਹਾਰ ਦੀ ਅਟੱਲ ਮਰਯਾਦਾ ਅਤੇ ਸਮਾਜ ਦੇ ਨੇਮਾ ਦੇ ਵਿਰੋਧ ਵਾਲਾ) ਕਥਿਤ ਆਤਮਕ ਵਿਆਹ ਕੀਤਾ ਹੋਇਆ ਸੀ ? ਫਿਰ ਸਾਡਾ ਰਿਸ਼ਤਾ ਮਾਤਾ ਸੁਲੱਖਣੀ ਜੀ ਦੇ ਪਤੀ--ਸ੍ਰੀ ਗੁਰੂ ਨਾਨਕ ਸਾਹਿਬ ਜੀ, (ਜਿਨ੍ਹਾਂ ਨੇ ਗੁਰੂ ਬਾਣੀ ਵਿਚ ਸਾਨੂੰ ਕਈ ਵਾਰੀ ਪੁਤਰੋ ਕਹਿ ਕੇ ਸਕੀ ਔਲਾਦ ਨਾਲੋਂ ਵੱਧ ਪਿਆਰਿਆ ਹੋਇਆ ਹੈ), ਦੇ ਨਾਲ ਕੀ ਰਿਹਾ ? ਹੈਰਾਨੀ ਹੈ ਕਿ, ਨਾਲ ਹੀ ਅਸੀਂ ਇਹ ਗੱਲ ਵੀ ਕਹੀ ਜਾਂਦੇ ਹਾਂ, ਕਿ, ਕੇਵਲ ਕਾਇਆਂ ਹੀ ਪਲਟਦੀ ਰਹੀ ਸੀ ਉਂਜ ਦਸਾਂ ਸਤਿਗੁਰਾਂ ਵਿਚ **ਜੋਤਿ** ਅਤੇ **ਜੁਗਤਿ** (ਪ੍ਰਿਥਮ) ਸਤਿਗੁਰੂ ਨਾਨਕ ਸਾਹਿਬ ਜੀ ਵਾਲੀ ਹੀ ਸੀ। । ਪਰ ਜੇ ਪੁੱਛ ਬੈਠੀਏ ਕਿ, ਧਾਰਮਿਕ ਤੌਰ ਤੇ ਪਤਨੀ ਦੀ ਪਛਾਣ ਜੁੜ ਜਾਣ ਨਾਲ ਵੀ ਕੀ, ਮਰਯਾਦਾ ਉਹੀ ਰਹਿ ਗਈ ? ਕੀ, ਇਸ ਤਰ੍ਹਾਂ ਪਤਨੀ ਦੀ ਭਾਈਵਾਲੀ ਦੇ ਕਾਰਨ **ਜੁਗਤਿ** ਵਿਚ ਸਪੱਸ਼ਟ ਫ਼ਰਕ ਤਾਂ ਨਹੀਂ ਪੈ ਰਿਹਾ ? ਕੀ ਸਤਿਗੁਰਾਂ ਦੇ ਇਸ ਪਾਵਨ ਬਚਨ---**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ ਦੀ ਕਿਸੇ ਪੱਖੋਂ ਖੰਡਨਾ ਤਾਂ ਨਹੀਂ ਸੀ ਹੋ ਰਹੀ ? ਫਿਰ ਕੀ** ਅਸੀਂ **ਜੋਤਿ** ਦਾ ਅਰਥ ਵੀ ਸਤਿਗੁਰਾਂ ਤੋਂ ਸਮਝਿਆ ਹੈ ? ਉਹ ਕਿਹੜੀ ਜੋਤਿ ਹੈ ਜੋ ਇੱਕ ਤੋਂ ਮਗਰੋਂ ਦੂਜੇ ਸਰੂਪ ਵਿਚ ਪ੍ਰਵੇਸ਼ ਕਰਦੀ ਆ ਰਹੀ ਹੈ ? ਕੀ ਇਹ ਜੋਤਿ ਉਹੀ ਨਹੀਂ ਹੈ ਜੋ---**ਸਭ ਮਹਿ ਜੋਤਿ ਜੋਤਿ ਹੈ ਸੋਇ**----ਹੈ ? ਕਥਿਤ ਤੌਰ ਤੇ ਸਮੁੱਚੇ ਪੰਥ ਵਲੋਂ ਤਿਆਰ ਕੀਤੀ ਸਿੱਖ ਰਹਿਤ ਮਰਯਾਦਾ ਦੇ ਖਰੜੇ ੩- (ੳ) ਅਰਦਾਸ ਵਿਚ ਲਫ਼ਜ਼ **ਜੋਤ** ਹੈ **ਜੋਤਿ** ਨਹੀਂ **।** ਯਾਦ ਰਹੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ **ਸਿਆਰੀ** ਤੋਂ ਬਿਨਾ **ਜੋਤ** ਪਦ, ਕੇਵਲ ਇੱਕ ਥਾਂ ਮਿਲ ਸਕਿਆ ਹੈ, ਉਹ ਵੀ ਬਲਦ ਨੂੰ ਜੋਤਨ ਦੇ ਅਰਥਾਂ ਵਿਚ-**ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ ॥ ੧ ॥**[੧੧੨੧] ਸਾਡੇ ਜਥੇਦਾਰ ਜੀ ਜਾਨਣ ਕਿ, ਅਰਦਾਸ ਦੇ ਨਮੂਨੇ ਵਿਚਲੀ **ਜੋਤ** ਕਿਥੋਂ ਅਤੇ ਕਿਵੇਂ ਆਈ? ਹਰ ਪਾਸੇ ਘਪਲੇ ਬਾਜ਼ੀ ? ਸੱਚ ਦੇ ਲੜ ਲਾਉਣ ਆਏ ਸਤਿਗੁਰਾਂ ਦਾ ਖ਼ਾਲਸਾ ਹਰ ਪਾਸਿਓਂ ਗੰਭੀਰ ਝੂਠ ਵਿਚ ਜਾ ਅਟਕਿਆ ?

ਪੰਥ ਨੂੰ ਝਟ-ਪਟ ਮਾਤਾ ਸਾਹਿਬ ਕੌਰ ਜੀ ਦੀ ਝੋਲੀ ਪਾਈ ਜਾਣ ਵਾਲੇ ਸੱਜਣ ਇਹ ਤਾਂ ਦੱਸ ਲਣੈ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪ ਗੁਰਿਆਂਈ ਸੌਂਪਣ ਵਾਲੇ ਦਸਮ ਸਤਗੁਰੂ ਨਾਨਕ ਜੀ ਸਾਹਿਬ ਕਲਗ਼ੀਧਰ ਪਿਤਾ ਜੀ ਨੇ ਗੁਰੂ ਬਾਣੀ ਦੇ ਇਸ ਗੁਰੂ ਫ਼ੁਰਮਾਨ ਨੂੰ ਕਿਸ ਮਜਬੂਰੀ ਕਾਰਨ ਬੇਲੋੜਾ ਮੰਨ ਲਿਆ ?--**ਤੂੰ ਗੁਰੁ ਪਿਤਾ ਤੂੰ ਹੈ ਗੁਰੁ ਮਾਤਾ ਤੂੰ ਗੁਰ ਬੰਧਪੁ ਮੇਰਾ ਸਖਾ ਸਖਾਇ ॥ ੩ ॥** [੧੬੭] [ਬਾਬਾ ਲਹਿਣਾ ਜੀ ਦੇ ਥਾਂ, ਸਤਿਗੁਰੂ ਨਾਨਕ ਸਾਹਿਬ ਜੀ ਦੀ ਚੋਣ ਵਿਚ ਜੇ ਕੋਈ ਭਾਗਾਂ ਵਾਲੀ ਇਸਤ੍ਰੀ ਆ ਗਈ ਹੁੰਦੀ ਤਾਂ ਸਰਬੱਤ ਵਿਚ ਬ੍ਰਹਮ ਵੇਖਣ ਵਾਲੇ ਸੱਚੇ ਪਾਤਸ਼ਾਹ ਜੀ ਨੇ ਆਪਣੀ ਜੋਤਿ ਜੁਗਤਿ ਦੀ ਮਾਲਕੀ ਉਸ ਨੂੰ ਸੌਂਪਣ ਲੱਗਿਆਂ ਵੀ ਕਦੇ ਢਿੱਲ ਨਹੀਂ ਸੀ ਲਾਉਣੀ । ਉਸ ਹਾਲਤ ਵਿਚ ਫਿਰ ਸਾਡੇ **ਪਿਤਾ, ਮਾਤਾ, ਸਖਾ, ਬੰਧਪ ਸਾਡੇ ਰਾਖੇ** ਉਨ੍ਹਾਂ ਨੇ ਹੀ ਹੋਣਾ ਸੀ ਉਂਜ) ਇਸਤ੍ਰੀ-ਮਾਤਾ ਦੀ ਲੋੜ, ਬਿੰਦੀ ਔਲਾਦ ਬਣਨ ਲਈ ਪੈਂਦੀ ਹੈ।

ਉੱਚੀ ਜੀਵਨ ਜੁਗਤਿ ਬਨਾਉਣ ਦੇ ਪਾਂਧੀਆਂ ਲਈ ਅਥਵਾ ਅਧਿਆਤਮਕ-ਮੰਡਲਾਂ ਵਿਚ ਸਾਰੀਆਂ ਰਿਸ਼ਤੇਦਾਰੀਆਂ ਕੇਵਲ ਗਿਆਨ ਦਾਤਾ ਸਤਿਗੁਰੂ ਜੀ ਨਾਲ ਹੀ ਬਣਦੀਆਂ ਹਨ। ਜੇ ਬਿੰਦੀ ਔਲਾਦ ਬਣਨਾ ਹੈ ਸਤਿਗੁਰਾਂ ਦੀ ਧਰਮ ਪਤਨੀ ਦੇ ਪੇਟੋਂ ਜਨਮ ਲੈਣਾ ਹੋਵੇਗਾ । ਮੁਤਬੰਨਾਂ ਮਾਤਾ ਪਿਤਾ ਮਾਇਆਕ ਸੰਸਾਰ ਦਾ ਰਿਸ਼ਤਾ ਹੈ । ਉਂਜ ਸਾਡੇ ਲਈ ਦਸੋਂ ਹੀ ਗੁਰੂ ਸਾਹਿਬਾਨ ਦੇ ਪਰਵਾਰ, ਸਾਡੇ ਲਈ ਇਕੋ ਜਿਹੇ ਅਥਵਾ ਸਾਂਵੇਂ ਸਤਿਕਾਰ-ਜੋਗ ਹੀ ਹੋਣੇ ਚਾਹੀਦੇ ਹਨ।

## ਸਾਹਿਬ ਕੌਰ ਜੀ ਦੀ ਝੋਲੀ ਪੈਣ ਨਾਲ ਖ਼ਾਲਸਾ ਪੰਥ ਨੂੰ ਲਾਭ ਹੋਇਆ ਕਿ ਹਾਨੀ ?

ਇਸ ਵਿਚ ਜ਼ਰਾ ਸ਼ੱਕ ਨਹੀਂ ਕਿ, ਕਿ ਸੰਸਾਰ ਵਿਚ ਸਿੱਖੀ ਸਿਧਾਂਤ ਦਾ ਪ੍ਰਗਟ ਹੋਣਾ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਕਰੜੀ ਘਾਲਣਾ ਦਾ ਚਮਤਕਾਰ ਹੈ। ਇਸ ਸਚਾਈ ਨੂੰ ਵੀ ਕਿਸੇ ਦਲੀਲ ਨਾਲ ਝੁਠਲਾਇਆ ਨਹੀਂ ਜਾ ਸਕਦਾ ਕਿ ਸੰਸਾਰ ਵਿਚ ਅਜੇਹਾ ਪਹਿਲੇ ਅਤੇ (ਸ਼ਾਇਦ) ਆਖ਼ਰੀ ਸੁਧਾਰਕ ਸਨ ਜਿਨ੍ਹਾਂ ਨੇ--ਕੇਵਲ ਸੱਚ ਦਾ ਸੁਨੇਹਾ ਦੇਣ ਲਈ, ਜਾਨ ਲੇਵਾ ਬਿਖੜੇ ਰਸਤਿਆਂ ਥਾਣੀਂ ਸੰਸਾਰ ਦੇ ਏਡੇ ਵਿਸ਼ਾਲ ਭਾਗ (ਅਜੋਕੇ ਪਕਿਸਤਾਨ, ਬੰਗਲਾ ਦੇਸ਼, ਬ੍ਰਹਮਾ ਅਤੇ ਲੰਕਾ ਸਮੇਤ ਸਾਰਾ ਭਾਰਤ ਦੇਸ਼, ਜੰਮੂ ਕਸ਼ਮੀਰ ਸਮੇ ਨੈਪਾਲ, ਲੱਦਾਖ, ਗੜਵਾਲ ਆਦਿ ਪਹਾੜੀ ਰਿਆਸਤਾਂ, ਅਫ਼ਗ਼ਾਨਿਸਤਾਨ ਈਰਾਨ, ਮੱਕਾ, ਬਗ਼ਦਾਦ, ਲਗ-ਪਗ ਸਾਰੇ ਅਰਬ ਦੇਸ਼ ਆਦਿ) ਵਿਚ ਹਜ਼ਾਰਾਂ ਮੀਲ ਪੈਦਲ ਸਫ਼ਰ ਕੀਤਾ ਸੀ। ਇਸ ਸਚਾਈ ਤੋਂ ਵੀ ਅਸੀਂ ਸਿਰ ਨਹੀਂ ਫੇਰ ਸਕਦੇ ਕਿ, ਮਨੁੱਖਤਾ ਦੀ ਭਲਾਈ ਲਈ ਜਿਹੜਾ ਦੈਵੀ ਗਿਆਨ ਉਨ੍ਹਾਂ ਨੇ ਲਿਖਿਆ, ਬਾਕੀ ਨੌ ਗੁਰੂ ਸਾਹਿਬਨ ਨੇ ਉਸੇ ਦੀ ਵਿਆਖਿਆ ਸਮਝਾਈ ਅਤੇ ਉਸੇ ਗਿਆਨ ਨੂੰ ਸਾਖ਼ਸ਼ਾਤ ਰੂਪ ਦੇਣ ਲਈ ਕੁਬਾਨੀਆਂ ਦੇ ਪੂਰਨੇ ਪਾਏ । ਇਹ ਸਭ ਕੁਝ ਮੰਨਦਿਆਂ ਹੋਇਆਂ ਵੀ ਅਸੀਂ ਮੂੰਹ ਨਾਲ ਭਾਵੇਂ ਕੁੱਝ ਵੀ ਕਹੀ ਜਾਈਏ ਪਰ ਘੋੜੇ ਚੜ੍ਹੀ ਅਸਲੀਯਤ ਇਹ ਹੈ ਕਿ ਅਸਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲ (ਪੰਥਕ ਤੌਰ ਤੇ) ਪਿੱਠ ਕਰ ਲਈ ਹੋਈ ਹੈ। ਸਿੱਖੀ ਦੇ ਅਸਲ ਜਨਮਦਾਤੇ--ਨਾਨਕਾਨਾ ਸਾਹਿਬ ਵਿਖੇ ਆਉਣ ਵਾਲੇ, ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਅਸੀਂ ਦੂਰ ਤੋਂ ਦੂਰ ਹੀ ਹੁੰਦੇ ਤੁਰੇ ਗਏ। ਇਸ ਕਥਨ ਵਿਚ ਜੇ ਕੋਈ ਭੁਲੇਖਾ ਹੈ ਤਾਂ ਆਉ ਆਪਣੇ ਅੰਦਰ ਝਾਤੀ ਮਾਰ ਵੇਖੀਏ ?

ਮਨੁੱਖਤਾ ਨੂੰ ਜਿਸ ਵਡਮੁੱਲੇ ਲਾਭ ਦੇ ਮਿਲਦੇ ਰਹਿਣ ਦੀ ਸੱਧਰ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ, ਛੱਟਮ ਪੀਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਕਰਕੰਵਲਾਂ ਨਾਲ ਕੀਤੀ ਸੀ, (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਤੋਂ ਅਣਜਾਣ ਰਹਿਣ ਦੇ ਕਾਰਨ) ਭਾਵੇਂ ਅਸੀਂ ਉਨ੍ਹਾਂ ਸ਼ੁੱਭ ਬਰਕਤਾਂ ਤੋਂ ਵਾਂਜੇ ਰਹਿ ਕੇ ਅਸੀਂ ਨਿਤ ਨਵੀਆਂ ਔਕੜਾ ਵਿਚ ਫਸਦੇ ਤੁਰੇ ਜਾ ਰਹੇ ਹਾਂ, ਪਰ ਨਿਰੰਦੇਹ ਇਹ ਪਾਵਨ ਅਕਾਲ-ਤਖ਼ਤ ਸਾਹਿਬ, ਸਤਿਗੁਰਾਂ ਦੀ ਬੜੀ ਅਰਥ ਭਰਪੂਰ ਅਨੂਪਮ ਦੇਣ ਹੈ । ਵੇਖਣ ਵਾਲੀ ਗੱਲ ਇਹ ਹੈ ਕਿ, ਇਸ ਇੱਕ ਤੋਂ ਵੱਧ ਹੋਰ ਤਖ਼ਤ, ਕਿਸ ਨੇ, ਕਦੋਂ ਅਤੇ ਕਿਸ ਸਿਧਾਂਤ ਨੂੰ ਮੁੱਖ ਰੱਖ ਕੇ ਸਿਰਜਣੇ ਅਰੰਭ ਕੀਤੇ ? {ਨੋਟ:--ਪੰਥ ਦੇ ਕੇਂਦਰੀ ਜਥੇਦਾਰ ਸਾਹਿਬਾਨ ਦੀ ਸੇਵਾ ਵਿਚ ਜੋਦੜੀ ਪੱਤਰ ਲਿਖ ਭੇਜੇ ਪਰ ਇਨ੍ਹਾਂ ਸ਼ੰਕਿਆਂ ਨੂੰ ਸਦਾ ਲਈ ਦੂਰ ਕਰਨ ਜੋਗ , ਗੁਰਮਤਿ ਦੀ ਕਸਵੱਟੀ ਤੇ ਪੂਰਾ ਉਤਰਦਾ ਸੋਧ ਪੱਤਰ, ਕਿਤੋਂ ਨਹੀਂ ਮਿਲਿਆ। ]) ਵਿਚਾਰ ਕੋਚਰੀਆਂ ਗੱਲਾਂ ਦਾ ਵੇਰਵਾ:--

੧) ਬਠਿੰਡੇ ਦੇ ਡਾਕਟਰ (ਸ: ਜੁਗਰਾਜ ਸਿੰਘ ਜੀ) ਦੇ ਨਾਲ ਦਾਸ ਉਨ੍ਹਾਂ ਦਿਨਾਂ ਵਿਚ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾਂ ਲਈ ਪੁੱਜਾ ਸੀ ਜਦ ਅਜੇ ਗੁਰਦੁਆਰਾ ਸਾਹਿਬ ਦੇ ਹਾਲ ਦੇ ਅੰਦਰ ਹੀ ਛੋਟੇ ਰੂਪ ਵਾਲਾ (ਵੇਲਾ-ਟਪਾਊ ?) ਪਾਵਨ ਤਖ਼ਤ ਸਿਰਜਿਆ ਹੋਇਆ ਸੀ। ਓਥੋਂ ਦੇ

ਸੇਵਾਦਾਰ ਜੀ ਨੇ ਸਾਨੂੰ ਇਕ ਮੋਹਰ **(Stamp)** ਦੇ ਦਰਸ਼ਨ ਕਰਾ ਕੇ ਸਮਝਾਇਆ ਕਿ--" ਇਸ ਮੋਹਰ ਦਾ ਏਥੋਂ ਪ੍ਰਾਪਤ ਹੋਣਾ ਸਿੱਧ ਕਰਦਾ ਹੈ ਕਿ ਦਸ਼ਮੇਸ਼ ਜੀ ਇਸ ਥਾਂ ਤੇ ਹੁਕਮਨਾਮੇ ਲਿਖਿਆ ਕਰਦੇ ਸਨ। ਸੋ, ਜਿਥੋਂ ਵੀ ਸਤਿਗੁਰੂ ਪਾਤਸ਼ਾਹ ਜੀ ਦਾ ਹੁਕਮ ਜਾਰੀ ਕੀਤਾ ਜਾਣਾ ਸਿੱਧ ਹੋਵੇ, ਖ਼ਾਲਸਾ ਪੰਥ ਨੇ ਉਸ ਥਾਂ ਨੂੰ ਤਖ਼ਤ ਮੰਨਿਆਂ ਹੈਂ " । ਸੇਵਾਦਾਰ ਜੀ ਨੇ ਤਖ਼ਤ ਸਾਹਿਬ ਦੀ ਜੋ ਵਿਆਖਿਆ ਸਮਝਾਈ ਉਸ ਤੋਂ ਉਪਜਦੇ ਸ਼ੰਕੇ:--

(ਉ) ਕੀ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਦੀ ਸਿਰਜਣਾ ਕੇਵਲ ਫ਼ੁਰਮਾਨ ਜਾਰੀ ਕਰਨ ਦੀ ਸਹੂਲਤ ਲਈ ਕੀਤੀ ਸੀ ? ਫਿਰ ਕੀ, ਕੀਰਤ ਪੁਰ ਸਾਹਿਬ ਵਿਖੇ ਵਿਚਰਦੇ ਸਮੇ, ਸਤਿਗੁਰਾਂ ਨੇ ਕੋਈ ਵੀ ਫ਼ੁਰਮਾਨ ਨਹੀਂ ਸੀ ਲਿਖਿਆ ? ਕੀ, ਸਤਿਗੁਰਾਂ ਦੀ ਸਿਖਿਆ ਅਥਵਾ, ਉਨ੍ਹਾਂ ਦਾ ਉਪਦੇਸ਼ ਸਾਡੇ ਲਈ ਹੁਕਮ ਨਹੀਂ ਸੀ ਸਮਝਿਆ ਜਾਂਦਾ ?

(ਅ) ਜੇ ਹੁਕਮ ਜਾਰੀ ਹੋਣ ਵਾਲੇ ਥਾਂ ਤੇ ਤਖ਼ਤ ਬਣਾਏ ਜਾਣੇ ਹੁੰਦੇ ਤਾਂ, **ਕੀ,** ਜੰਗ ਦੇ ਮੈਦਾਨ ਵਿਚ ਫ਼ੌਜਾਂ ਦੀ ਅਗਵਾਈ ਕਰਦੇ ਸਮੇਂ-- ਸ਼ਾਹੀ ਰਥਾਂ ਤੋਂ, ਹਾਥੀਆਂ ਦੀ ਪਿੱਠਾਂ ਤੋ ਅਥਵਾਂ ਘੋੜਿਆਂ ਦੀਆਂ ਕਾਠੀਆਂ ਤੋਂ-- ਰਾਜੇ, ਮਹਾਰਾਜੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਥਵਾ ਸ਼ਾਹਿਨ- ਸ਼ੈਹਨ-ਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ--ਕਈ ਬੜੇ ਜ਼ਰੂਰੀ ਫ਼ੁਰਮਾਨ ਜਾਰੀ ਨਹੀਂ ਸਨ ਕਰਦੇ ਰਹੇ ?

(ੲ) ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ--ਸਭ ਤੋਂ ਸ੍ਰੇਸ਼ਟ **ਹੁਕਮ** ਨਹੀਂ ਹਨ ?--**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥** ਫਿਰ ਕੀ, **ਰਾਮਸਰ ਸੋਰਟਵਰ** ਜਿੱਥੇ ਪੰਚਮ ਪਾਤਿਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ -ਰੂਪ--**ਹੁਕਮਾਉ** ਦੀ ਸਿਰਜਣਾ ਸੰਪਾਦਨਾ--ਕੀਤੀ ਸੀ, ਉਸ ਥਾਂ ਤੇ ਕਿਸ ਦਲੀਲ ਨਾਲ ਮਹਾਨ ਤਖ਼ਤ ਸਾਹਿਬ ਦੀ ਸਿਰਜਣਾ ਨਾ ਕੀਤੀ ਚਈ ?

(ਸ) ਇਤਿਹਾਸਕ ਤੱਥਾਂ ਤੋਂ ਸਪੱਸ਼ਟ ਹੈ, ਕਿ ਪਟਨਾ ਸਾਹਿਬ ਵਿਖੇ ਜਿਸ ਥਾਂ ਪਾਵਨ ਤਖ਼ਤ ਸਾਹਿਬ ਸਸ਼ੋਬਤ ਹਨ, ਉਸ ਪਾਵਨ ਥਾਂ ਤੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਤਿ ਜੁਗਤਿ ਦਾ ਮਾਲਕ (ਬਣਨ ਉਪ੍ਰੰਤ), ਕਿਸੇ ਵੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕੋਈ ਫ਼ੁਰਮਾਨ ਨਹੀਂ ਸੀ ਲਿਖਿਆ। **ਏਥੇ ਤਖ਼ਤ ਸਾਹਿਬ ਦੀ ਸਿਰਜਣਾ ਤੋਂ ਹੁਕਮ ਲਿਖੇ ਜਾਣ ਵਾਲੇ ਨਿੱਯਮ ਦੀ ਗੱਲ ਸੱਚ ਕਿਵੇਂ ਰਹੀ?**

(ਹ) ਅਤੇ ਜੇ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਮਾਲਕ ਸਤਿਗੁਰੂ ਜੀ ਦੇ ਜਨਮ ਅਸਥਾਨ ਨੂੰ ਤਖ਼ਤ ਬਣਾਏ ਜਾਣ ਦਾ ਸਿਧਾਂਤ ਮੰਨ ਲਿਆ ਜਾਵੇ, ਤਾਂ ਅਜੇਹਾ ਪਰਮ ਪਾਵਨ ਅਸਥਾਨ ਕੇਵਲ ਅਤੇ ਕੇਵਲ ਨਨਕਾਣਾ ਸਾਹਿਬ ਹੀ ਹੈ। [ਨੋਟ--ਸ੍ਰੀਮਾਨ ਪੰਥ ਰਤਨ ਵਿਦਿਯਾਮਾਰਤੰਡ ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਗੁਰਬਾਣੀ ਪਾਠ ਦਰਸ਼ਨ ਗ੍ਰੰਥ ਦੇ ੧੩ ਸਫ਼ੇ ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਬਾਰੇ =**ਗੱਦੀ ਸਮਾਂ---ਆਦਿ ਤੋਂ ਹੀ ਗੁਰੂ ਸਰੂਪ ਪ੍ਰਗਟੇ**--ਲਿਖਿਆ ਹੈ। ੧੪ ਤੋ ੨੨ ਸਫ਼ੇ ਤੱਕਂ ਤੱਕ ਗੁਰੂ ਸਾਹਿਬਾਨ ਨੂੰ ਗੁਰਿਆਈ ਮਿਲਣ ਦਾ ਬਾਕਾਇਦਾ ਸੰਮਤ ਅਤੇ ਤਾਰੀਖ਼ ਲਿਖੀ ਹੋਈ ਹੈ ] ਲਗ-ਪਗ ਸਾਰੇ ਇਤਿਹਾਸ-ਕਾਰਾਂ ਨੇ ਦਸ ਸਤਿਗੁਰਾਂ ਵਿਚੋਂ ਕੇਵਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਹੀ ਜਨਮ-ਸਿੱਧ ਗੁਰੂ ਲਿਖਿਆ ਹੈ। ਬਾਕੀ ਸਰੇ (ਬਾਬਾ ਲਹਿਣਾ ਜੀ ਦੇਵੀ ਦੀ ਪੂਜਾ ਤਿਆਗ ਕੇ ਅਤੇ ਬਾਬਾ ਅਮਰਦਾਸ ਜੀ ਗੰਗਾ-ਮੱਯਾ ਦੀ ਪੂਜਾ ਭੁੱਲ ਕੇ) ਗੁਰੂ ਨਾਨਕ ਸਾਹਿਬ ਜੀ ਦੇ ਘਰ ਦੇ ਟਹਿਲੂਏ ਸਿਦਕੀ ਸਿੱਖ ਬਣੇ ਸਨ। ਭਾਵ ਦਸ਼ਮੇਸ਼ ਜੀ ਤੱਕ ਗੁਰਿਅਈ ਪ੍ਰਾਪਤ ਹੋਣ ਦੇ ਉਪ੍ਰੰਤ ਹੀ ਗੁਰੂ ਨਾਨਕ ਸਾਹਿਬ ਦੀ ਜੋਤਿ ਜੁਗਤਿ ਦੇ ਮਾਲਕ ਪੂਰਨ ਸਤਿਗੁਰੂ ਬਣਦੇ ਰਹੇ ਸਨ। ਪਹਿਲਾਂ ਸਾਹਿਬਜ਼ਾਦੇ ਵੀ ਗੁਰੂ ਸਿੱਖਾਂ ਦੇ ਗੁਰੂ-ਭਾਈ ਹੀ ਸਨ । ਸਪੱਸ਼ਟ ਹੈ ਕਿ ਪਟਨਾ ਸਾਹਿਬ ਵਿਖੇ ਬਣੇ ਪਾਵਨ ਤਖ਼ਤ ਤੋਂ ਇਹ ਦੂਜਾ ਸਿਧਾਂਤ ਵੀ ਗ਼ਲਤ ਸਿੱਧ ਹੁੰਦਾ ਹੈ।

(ਕ) ਜੇ ਗੁਰੂ ਪੰਥ ਨੇ, ਗੁਰਿਆਈ ਪ੍ਰਪਤ ਸਤਿਗੁਰਾਂ ਦੇ **ਜੋਤੀ ਜੋਤਿ ਸਮਾਉਣ** ਵਾਲੀ ਥਾਂ ਤਖ਼ਤ ਬਨਾਉਣ ਦਾ ਸਿਧਾਂਤ ਮੰਨਿਆਂ ਹੁੰਦਾ ਤਾਂ ਨਾਦੇੜ ਵਿਖੇ ਸ੍ਰੀ ਹਜ਼ੂਰ ਸਾਹਿਬ ਜੀ ਦੇ ਨਾਲ--ਕਰਤਾਰ ਪੁਰ ਸਾਹਿਬ (ਪਾਕਿਸਤਾਨ)-- ਖਡੂਰ ਸਾਹਿਬ, ਗੋਇੰਦਵਾਲ, ਲਾਹੌਰ (ਪਾਕਿਸਤਾਨ), ਕੀਰਤ ਪੁਰ ਅਤੇ ਚਾਂਦਨੀ ਚੌਕ ਦਿੱਲੀ--ਇਨ੍ਹੀਂ ਸਾਰੇ ਥਾਈਂ ਵੀ ਜ਼ਰੂਰ ਤਖ਼ਤ ਬਣਾਉਣੇ ਸਨ।

## ਕੇਵਲ ਦਸ਼ਮੇਸ਼ ਜੀ ਦੀ ਜੀਵਨੀ ਨਾਲ ਸੰਬੰਧਤ ਥਾਵਾਂ ਤੇ ਹੀ, ਚਾਰੇ ਤਖ਼ਤ ਬਣਾਏ ਜਾਣ ਦਾ ਅਸਲ ਕਾਰਨ:--

ਸ੍ਰੀ ਬਿਚਿੱਤਰ ਨਾਟਕ ਦੇ ਪੰਜਵੇਂ ਅਧਿਆਇ ਦੀ--" **ਸਤਵੀਂ ਚੌਪਈ ਤੋਂ ਦਸਵੀਂ ਚੌਪਈ ਤੱਕ** " ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ--**ਜੋਤਿ ਓਹਾ ਜੁਗਤਿ ਸਾਇ**--ਵਾਲੀ ਦੈਵੀ ਮਰਯਾਦਾ, ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਤੱਕ ਪੁੱਜਦੀ ਦਰਸਾ ਕੇ ਉਨ੍ਹਾਂ ਚੋਹਾਂ ਸਤਿਗੁਰਾਂ ਨੂੰ ਉਸੇ ਇੱਕ ਜੋਤਿ ਦੇ ਮਾਲਕ ਦਰਸਾਇਆ ਹੋਇਆ ਹੈ । ਕਾਰਨ ਇਹ ਹੈ ਕਿ, ਕਹਾਣੀ ਅਨੁਸਾਰ ਹਜ਼ਰਾਂ ਸਾਲ ਪਹਿਲਾਂ ਕਥਿਤ ਬੇਦੀ ਕੁਲ ਰਾਜੇ ਨੇ ਕਥਿਤ ਸੋਢੀ ਕੁਲ ਰਾਜੇ ਨਾਲ ਬਚਨ ਕੀਤਾ ਹੋਇਆ ਸੀ ਕਿ ਉਹ ਕਲਜੁਗ ਵਿਚ ਜਨਮ ਲੈ ਕੇ, ਸੰਸਾਰ ਤੋਂ ਜਾਣ ਤੋਂ ਪਹਿਲਾਂ ਆਪਣਾ ਗੁਰਿਆ-ਰਾਜ ਸੋਢੀ ਕੁਲ ਵਿਚ ਜਨਮੇ ਉਸੇ ਨੂੰ ਹੀ ਸੌਂਪ ਦੇਣਗੇ । ਸਤਵੀਂ ਚੌਪਈ ਵਿਚ ਗੁਰੂ ਨਾਨਕ ਸਾਹਿਬ ਜੀ ਅਥਵਾ ਗੁਰੂ ਅਗਮਦ ਸਾਹਿਬ ਜੀ ਨੂੰ ਸੰਸਾਰ ਤੋਂ ਦੇਵ ਲੋਕ ਨੂੰ ਜਾਂਦੇ ਨਹੀਂ ਦਰਸਾਇਆ। ਪਰ ਜਦੋਂ ਹੀ ਗੁਰੂ ਅਮਰਦਾਸ ਜੀ ਨੇ ਸੋਢੀ ਕੁਲ ਅਮਰਦਾਸ ਜੀ ਨੂੰ ਗੁਰਿਆਈ ਸੌਂਪ ਦਿੱਤੀ ਤਾਂ ਅਠਵੀ ਚੌਪਈ ਦੀ ਅੰਤਲੀ ਸਤਰ ਇਉਂ ਹੈ--**ਅਮਰਦਾਸ ਸੁਰਪੁਰਿ ਮਗੁ ਲੀਆ ॥** ਭਾਵ ਸ੍ਰੀ ਰਾਮਦਾਸ ਜੀ ਦੇ ਗੁਰੂ ਬਣਦਿਆਂ ਹੀ ਗੁਰੂ ਅਮਰਦਾਰ ਜੀ (ਸੁਰਪਰਿ)-ਦੇਵਪੁਰੀ ਦੇ (ਮਗੁ)-ਰਸਤੇ ਪੈ ਗਏ । **ਨੌਵੀ** ਅਤੇ **ਦਸਵੀਂ** ਚੋਪਈ ਵਿਚ ਇਨ੍ਹਾਂ ਚੌਹਾਂ ਗੁਰੂ ਸਾਹਿਬਾਨ ਨੂੰ ਕੇਵਲ ਇੱਕ (ਸ੍ਰੀ ਗੁਰੂ ਨਾਨਕ ਜੀ ਦਾ ਹੀ) ਰੂਪ ਜਾਣਨ ਦੀ ਤਾਕੀਦ ਲਿਖੀ ਹੋਈ ਹੈ।

ਅੱਗੇ ੧੧ਵੀ ੧੨ਵੀਂ ਦੋ ਚੋਪਈਆਂ ਅਨੁਸਾਰ ਪੰਚਮ ਪਾਤਸ਼ਾਹ ਜੀ ਤੋਂ ਨੌਵੇਂ ਪਾਤਸ਼ਾਹ ਜੀ ਤੱਕ, ਸਾਰੇ ਸਤਿਗੁਰੂ ਸਾਹਿਬਾਨ ਬਾਰੇ, ਗੁਰੂ ਗੱਦੀ ਤੇ ਬਿਰਾਜਮਾਨ ਹੋਣ ਤੱਕ ਦਾ ਜ਼ਿਕਰ ਤੱਕ ਨਹੀਂ ਹੈ। ਸਗੋਂ ਜਟ ਪਰਲੋਕ ਸਿਧਰਾਦੇ ਤੁਰੇ ਗਏ ਦਰਸਾਏ ਹੋਏ ਹਨ:--

**ਰਾਮਦਾਸ ਹਰਿ ਸੋ ਮਿਲ ਗਏ ॥ ਗੁਰਤਾ ਦੇਤ ਅਰਜਨਹਿ ਭਏ ॥**
**ਜਬ ਅਰਜਨ ਪ੍ਰਭ ਲੋਕ ਸਿਧਾਏ ॥ ਹਰਿ ਗੋਬਿੰਦ ਤਿਹਨਾਂ ਠਹਿਰਾਏ॥ ੧੧ ॥**

[ਹੁਣ ਬਪੁ ਧਰਾ ਨਾ ਰਿਹਾ, ਦੀਪਕ ਤੋ ਦੀਪ ਵੀ ਨਾ ਜਗਿਆ ਅਤੇ ਅਰਜਨ ਦੇਵ ਜੀ ਨਹੀਂ ਸਗੋਂ " ਅਰਜਨਹਿ ਜਾ ਅਰਜਨ " ਬਣ ਗਏ?]

ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥ ਹਰੀਰਾਇ ਤਿਹ ਠਾਂ ਬੈਠਾਰੇ ॥
ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ ॥ ਤਿਨ ਤੇ **ਤੇਗ ਬਹਾਦਰ** ਭਏ ॥ ੧੨ ॥

ਭਾਵ ਨੌਂਵੇਂ ਸਤਿਗੁਰਾਂ ਤੱਕ ਸ੍ਰੀ ਗੁਰੂ ਨਾਨਕ ਜੀ ਦੀ ਜੋਤਿ ਜੁਗਤਿ ਤੋਂ ਬਿਨਾ ਹੀ ਵਿਚਰੇ ਦਰਸਾਏ ਹੋਏ ਹਨ। ਇਸ ਪੰਜਵੇਂ ਅਧਿਆਏ ਵਿਚ ਦਸ਼ਮੇਸ਼ ਜੀ ਦਾ ਜ਼ਿਕਰ ਕਿਸ ਕਾਰਨ ਨਹੀਂ ਹੈ ? ਇਹ ਸਮਝ ਪੁਸਤਕ ਪੜ੍ਹਨ ਤੇ ਆਵੇਗੀ । ਸ੍ਰੀ ਬਿਚਿਤ੍ਰ ਨਾਟਕ ਦੇ ਛੇਵੇਂ ਅਧਿਆਇ ਵਿਚ, ਦਸ਼ਮੇਸ਼ ਜੀ ਨੂੰ ਅਕਾਲ ਪਰਖ ਤੋਂ ਹੀ ਬਰਕਤਾਂ ਅਤੇ ਅਸੀਸਾਂ ਲੈ ਕੇ ਸੰਸਾਰ ਵਿਚ ਨਵਾਂ ਪੰਥ ਚਲਾਉਣ ਲਈ ਆਏ ਸਿੱਧ ਕੀਤਾ ਹੋਇਆ ਹੈ। ਭਾਵੇਂ ਜ਼ਬਾਨੀ ਦਸ਼ਮੇਸ਼ ਜੀ ਨੂੰ ਦਸਵੇਂ ਗੁਰੂ ਨਾਨਕ ਹੀ ਕਹਿ ਰਹੇ ਹਾਂ, ਪਰ ਇਸ ਵਿਚ ਜ਼ਰਾ ਵੀ ਅਤਿ-ਕਥਨੀ ਨਹੀਂ ਕਿ ਲਗ-ਪਗ ਸਾਰੇ ਸਿੱਖ ਜਗਤ ਨੇ ਵਾਸਤਵ ਵਿੱਚ, ਦਸ਼ਮੇਸ਼ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਮਾਲਕ ਹੋਣ ਦੀ ਪਾਬੰਦੀ ਤੋਂ ਮੁਕਤ ਧੁਰੋਂ ਸ਼ਕਤੀਆਂ ਦੇ ਮਾਲਕ ਬਣ ਕੇ ਅਕਾਲਪੁਰਖ ਦੀ ਨਿੱਜੀ ਅਸ਼ੀਰਵਾਦ ਲੈਣ ਉਪ੍ਰੰਤ ਨਵਾਂ ਪੰਥ ਚਲਾਉਣ ਆਏ ਮੰਨਿਆ ਹੋਇਆ ਹੈ।

ਪੰਥ ਵਲੋਂ ਬਣੇ ਚਾਰੇ ਤਖਤ ਕੇਵਲ ਦਸ਼ਮੇਸ਼ ਜੀ ਦੇ ਹੀ ਨਾਮ ਨਾਲ ਜੁੜੀਆਂ ਥਾਂਵਾਂ ਤੇ ਬਣਨ ਨਾਲ ਅਸੀਂ ਸਾਰੇ ਸਿੱਖ, ਇਸ ਇਲਜ਼ਾਮ ਤੋਂ ਕਿਵੇਂ ਬਚ ਸਕਦੇ ਹਾਂ ਕਿ--" ਸਾਰੇ ਗੁਰੂ ਸਾਹਿਬਾਨ ਨੂੰ ਇੱਕ ਹੀ ਜੋਤਿ ਜੁਗਤਿ ਦੇ ਮਾਲਕ ਹੋਣ ਦਾ ਢੰਡੋਰਾ ਦੇਣ ਵਾਲੇ ਇਨ੍ਹਾਂ ਸਿੱਖਾਂ ਨੇ-- ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਬਾਕੀ ਗੁਰੂ-ਸਰੂਪਾਂ ਦੀ ਮਹਾਨਤਾ ਵੱਲ ਵਾਸਤਵ ਵਿਚ, ਪੰਥਕ ਤੌਰ ਤੇ ਪਿੱਠ ਕਰ ਲਈ ਹੋਈ ਹੈ ? ਇਨ੍ਹਾਂ ਦੁਬਾਜਰਿਆਂ ਦਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੁੱਚੇ ( ੧੧ਵੇਂ ਸਰੂਪ ਤੱਕ) ਸਰੂਪ ਨਾਲ ਦਿਲੋਂ ਇਕਸਾਰ ਪਿਆਰ ਅਤੇ ਸ਼ਰਧਾ ਬਿਲਕੁਲ ਨਹੀਂ ਹੈ । ਇਨ੍ਹਾਂ ਦੇ ਮਨ ਵਿਚ ਹੋਰ ਹੈ ਅਤੇ ਕੁਹਿੰਦੇ ਕੁਝ ਹੋਰ ਹਨ। ਆਪਣੇ ਆਪ ਵਿਚ ਗੁਰੂ ਬਣੀ ਬੈਠਾ ਇਹ ਖ਼ਾਲਸਾ ਪੰਥ, ਸ੍ਰੀ ਗੁਰੂ-ਗ੍ਰੰਥ ਸਾਹਿਬ ਲਈ ਕੱਚਾ ਅਥਵਾ ਬੇਇਤਬਾਰਾ ਬਣ ਚੁੱਕਿਆ ਹੈ--**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ** ॥ ਲੋਕ ਵਿਖਾਵੇ ਲਈ ਸਿੰਘ ਬਣੇ ਬੈਠੇ ਸਾਨੂੰ ਅੰਮ੍ਰਿਤ ਧਾਰੀਆਂ ਨੂੰ ਸਿੱਖ ਮੰਨਣਾ ਤਾਂ ਕਿਤੇ ਰਿਹਾ, ਦਸਮ ਸਤਿਗੁਰੂ ਨਾਨਕ ਸਾਹਿਬ- ਸ੍ਰੀ ਕਲਗੀਧਰ ਪਾਤਸ਼ਾਹ ਜੀ ਤਾਂ ਸਾਨੂੰ ਮਰਦ ਅਥਵਾ ਮਨੁੱਖ ਵੀ ਨਹੀਂ ਮੰਨ ਰਹੇ --**ਹਮੂੰ ਮਰਦ ਬਾਇਅਦ ਸ਼ਵਦ ਸੁਖ਼ਨਵਰ ॥ ਨਾ ਸ਼ਿਕਮੇ ਫਿਗਰ ਦਰ ਦਹਾਨੇ ਦਿਗਰ ॥**

ਅਜੇਹੇ ਭਰਮ ਭੁਲੇਖੇ ਪਾਉਣ ਵਾਲੀ **ਅਗਿਆਨਤਾ ਦੀ ਧੁੰਧ**-- ਕਿਸ ਮਘੋਰੇ ਥਾਣੀ ਪੱਸਰਦੀ ਆ ਰਹੀ ਹੈ ? ਸੁਹਿਰਦਤਾ ਨਾਲ ਅਰੰਭੀ ਡੂੰਘੀ ਖੋਜ ਦਾ ਸਦਕਾ, ਸਤਿਗੁਰਾਂ ਦੀ ਬਖ਼ਸ਼ਿਸ਼, ਦਾਸ ਦੀ ਮਨ-ਬੁੱਧੀ ਨੇ ਕਬੂਲ ਕਰ ਲਿਆ ਕਿ, ਅਗਿਆਨਤਾ ਨੂੰ ਗੁਰਮਤਿ-ਗਿਆਨ ਦਾ ਭਰਮ ਬਣਾ ਕੇ ਤੀਸਰਾ ਪੰਥ **ਚਲਾਉਣ ਦਾ ਸੰਕਲਪ** ਅਤੇ ਸਿਰਜਣਾਂ ਦਾ **ਕਾਰਜ**, ਉਚੇਚੇ ਤੌਰ ਤੇ ਦਸ਼ਮੇਸ਼ ਜੀ ਨਾਲ ਜਾ ਜੋੜਨ ਦਾ **ਖ਼ਿਆਲ** ਪੈਦਾ ਕਰਨ ਦਾ **ਮੂਲ ਸੋਮਾਂ** ਦਸਮ ਗ੍ਰੰਥ ਸਾਹਿਬ ਅਥਵਾ ਉਸ ਦੇ ਪ੍ਰਸਿਧ ਭਾਗ, ਸ੍ਰੀ ਬਚਿਤ੍ਰ ਨਾਟਕ, ਚਰਿਤ੍ਰੋ ਪਾਖਯਾਨ, ਚੰਡੀ ਚਰਿਤ੍ਰ ਆਦਿ ਹਨ । ਸੱਚੇ ਸੁੱਚੇ ਗੁਰਸਿਖ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਯਾਰ੍ਵੇਂ (੧੧ਵੇਂ) **ਸਦੀਵੀ ਪ੍ਰਕਾਸ਼**, ਸਮਰੱਥ **ਸਤਿਗੁਰੂ,** ਸੱਚੇ ਹਿਰਦੇ ਤੋਂ ਮੰਨਦੇ ਅਤੇ ਸਤਿਕਾਰਦੇ ਸਨ, ਉਨ੍ਹਾਂ ਲਈ ਜ਼ਰੂਰੀ ਬਣਦਾ ਸੀ ਕਿ, ਕਿਸੇ ਪ੍ਰਕਾਰ ਦਾ ਧਾਰਮਿਕ ਨਿਰਣਾ ਕਰਨ ਤੋਂ ਪਹਿਲਾਂ, ਇਸ ਅਦਭੁਤ ਗ੍ਰੰਥ ਦੀ ਸਾਰੀ ਲਿਖਤ ਨੂੰ ਗੁਰੂ ਬਾਣੀ ਦੀ ਕਸਵੱਟੀ ਤੇ ਇਕ-ਸਾਰ ਪਰਖ ਲੈਂਦੇ। ਜੇ ਖੀਰ ਦੀ ਦੇਗ ਵਿਚ ਸੁਆਹ ਦੇ ਬੁੱਕ ਰਲ ਚੁੱਕੇ ਹੋਣ ਤਦ ਤਾਂ ਕੋਈ ਚਾਰਾ ਨਹੀਂ, ਪਰ ਡੁੱਲ੍ਹੇ ਬੇਰਾਂ ਦਾ ਕੁਝ ਨਹੀ ਵਿਗੜਿਆ ਹੁੰਦਾ । ਆਉ ਅਸੀਂ ਸਾਰੇ ਰਲ ਮਿਲ ਕੇ, ਸਤਿਗੁਰਾਂ ਦੇ ਚਰਨਾਂ ਵਿਚ ਧਿਆਨ ਧਰ ਕੇ ਅਰਦਾਸ ਕਰੀਏ ਕਿ ਉਹ ਸਾਡੇ ਨਿਤਾਣੇ ਭੁੱਲੜਾਂ ਦੇ ਸਿਰ ਤੇ ਮਿਹਰ ਦਾ ਹੱਥ ਰੱਖ ਕੇ ਸਮਰਥਾ ਬਖ਼ਸ਼ਿਸ਼ ਕਰਨ ਕਿ, ਅਸੀਂ, ਦਸਮ ਗ੍ਰੰਥ ਦੇ ਉਪ੍ਰੋਕਤ ਵਰਨਣ ਵਿਸ਼ੇਸ਼ ਭਾਗ ਨੂੰ, ਗੁਰੂ ਬਾਣੀ ਦੀ ਕਸਵੱਟੀ ਤੇ ਪਰਖ ਕੇ, ਸਰਬ ਪ੍ਰਵਾਣਤ ਨਿਰਣਾ ਲੱਭਣ ਵਿਚ ਸਫ਼ਲ ਹੋਈਏ:---

**ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥ ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥ ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ॥ ਸਾਧ ਜਨਾ ਕੈ ਸੰਗਿ ਭਵਜਲ ਬਿਖਮੁ ਤਰਿ ॥ ਸੇਵਹੁ ਸਤਿਗੁਰ ਦੇਵ ਅਗੈ ਨਾ ਮਰਹੁ ਡਰਿ॥ ਖਿਨ ਮਹਿ ਕਰੇ ਨਿਹਾਲੁ ਊਣੇ ਸੁਭਰ ਭਰਿ॥ ਮਨ ਕਉ ਹੋਇ ਸੰਤੋਖ ਧਿਆਈਐ ਸਦਾ ਹਰਿ ॥ ਸੋ ਲਗਾ ਸਤਿਗੁਰ ਸੇਵ ਜਾ ਕਉ ਕਰਮੁ ਹਰਿ ॥ ੬ ॥**[੫੧੯]

**ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥**
**ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥ ੩੩ ॥**[੧੩੬੬]

## ੧ ੴ ਸਤਿਗੁਰ ਪ੍ਰਸਾਦਿ ॥

# ਬਿਚਿੱਤ੍ਰ ਨਾਟਕ

## ਪਹਿਲਾ ਕਾਂਡ

੪

## ਪਹਿਲਾ ਅਧਿਆਇ

[**ਨੋਟ**:--ਬਚਿਤ੍ਰ ਨਾਟਕ ਦੀ ਬਾਣੀ ਦੇ ਪਦ ਅਰਥ ਜਾਂ ਅਰਥ ਉਹੀ ਲਿਖੇ ਜਾ ਰਹੇ ਹਨ ਜੋ ਇਸ ਗ੍ਰੰਥ ਦੇ ਵਡੇ ਉਪਾਸ਼ਕ, ਪੰਡਿਤ ਨਰੈਣ ਸਿੰਘ ਜੀ ਗਿਯਾਨੀ ਵਿਦਿਆ ਮਾਰਤੰਡ ਨੇ ਲਿਖੇ ਹਨ। ਕਿਤੇ ਕਿਤੇ ਭਾਈ ਰਣਧੀਰ ਸਿੰਘ ਜੀ ਦੇ ਰਚਿਤ " ਸ਼ਬਦਾਰਥ ਦਸਮ ਗ੍ਰੰਥ ਸਾਹਿਬ ' ਪੋਥੀ ਵਿਚੋਂ ਵੀ ਅਰਥ ਲਿਖੇ ਗਏ ਹਨ]

**ਦੋਹਰਾ ॥**

**ਨਮਸਕਾਰ ਸ੍ਰੀ ਖੜਗ ਕਉ ਕਰੌ ਸੁ ਹਿਤੁ ਚਿਤੁ ਲਾਇ ॥ ਪੂਰਨ ਕਰੌ ਗ੍ਰੰਥ ਇਹ ਤੁਮ ਮੁਹਿ ਕਰਹੁ ਸਹਾਇ ॥**

**ਅਰਥ**:--(ਸ੍ਰੀ ਖੜਗ) ਸੁੰਦਰ ਤਲਵਾਰ ਨੂੰ (ਮੈ) ਚਿੱਤ ਦਾ ਪ੍ਰੇਮ ਲਾ ਕੇ ਨਮਸਕਾਰ ਕਰਦਾ ਹਾਂ । (ਕਿਉਂਕਿ ਜੇ) ਤੁਸੀਂ ਮੇਰੀ ਸਹਾਇਤਾ (ਕਰੋਗੇ ਤਾਂ) ਮੈਂ ਇਸ ਪੁਸਤਕ ਨੂੰ ਪੂਰਾ ਕਰ ਲਵਾਂਗਾ ।

### ਤ੍ਰਿਭੰਗੀ ਛੰਦ ॥ ਸ੍ਰੀ ਕਾਲ ਜੀ ਕੀ ਉਸਤਤਿ

ਸ੍ਰੀ ਕਾਲ=ਕਾਲ ਸ੍ਰੀ=ਸ਼ਕਤੀ। ਮਾਰਨ ਵਾਲੀ ਸ਼ਕਤੀ, **ਜਿਸ ਵਿਚ ਮਾਰਨ ਦੀ ਤਾਕਤ ਹੈ,** ਤਲਵਾਰ। ਤਲਵਾਰ ਦੀ ਉਸਤਤ (ਉਪਮਾ) ਕਰਦੇ ਹਾਂ।

**ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥**
**ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥**
**ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ॥**
**ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿ ਪਾਰਣ ਜੈ ਤੇਗੰ ॥ ੨ ॥**

**ਪਦ ਅਰਥ**:--ਬਿਹੰਡੰ=ਬਿਹਡਨ, ਭਾਵ, ਚੰਗੀ ਤਰ੍ਹਾਂ ਕੱਟਨਾ, ਮੁਢੋਂ ਮਾਰ ਸੁਟਨਾ । ਮੰਡ= ਮੰਡਨ, ਸਜਾਉਣਾ, ਸੋਹਣਾ ਕਰਨਾ । ਬਰਬੰਡ=ਬਲਵਾਨ, ਪ੍ਰਬਲ । ਖਗ=ਤਲਵਾਰ।

**ਅਰਥ**:--- ਤਲਵਾਰ ਟੁਕੜੇ ਚੰਗੀ ਤਰ੍ਹਾਂ ਕਰਦੀ ਹੈ, ਮੂਰਖਾਂ ਦੇ ਦਲਾਂ ਦੇ ਟੁਕੜੇ ਕਰਦੀ ਹੈ, ਜੁਧ ਨੂੰ ਬਹੁਤ ਸੁੰਦਰ ਬਣਾ ਦੇਂਦੀ ਹੈ, (ਐਸੀ) ਬਲਵਾਨ ਹੈ, ਨਾ ਛੁੱਟਣ ਵਾਲਾ ਹੱਥ ਦਾ ਸੋਟਾ (ਦੰਡ) ਹੈ, ਵਡੇ ਤਿੱਖੇ ਤੇਜ ਵਾਲੀ ਹੈ, ਜਿਸਦੀ (ਜੋਤਿ) ਦਮਕ ਸੂਰਜ ਦੀ ਪ੍ਰਭਾ ਨੂੰ (ਅਮੰਡ) ਸ਼ੋਭਾ ਹੀਨ (ਫਿਕਿਆਂ) ਕਰ ਦੇਂਦੀ ਹੈ। (ਅਸ) ਤਲਵਾਰ ਸੰਤਾਂ ਨੂੰ ਸੁਖੀ ਕਰਨ ਵਾਲੀ ਹੈ। ਕੁਮਤੀਆਂ ਨੂੰ ਦਲ ਸੁਟਣ ਵਾਲੀ ਹੈ, ਪਾਪਾਂ ਨੂੰ ਨਾਸ ਕਰਨ ਵਾਲੀ ਹੈ, (ਓਹੀ) ਮੇਰਾ ਆਸਰਾ ਹੈ। ਹੇ ਤੇਗ ! (ਤੇਰੀ) ਜੈ ਜੈ (ਹੋਵੇ, ਕਿਉਂਕਿ ਤੂ ਹੀ ਜਿੱਤ ਦਾ ਕਾਰਨ ਹੈਂ, ਸ੍ਰਿਸ਼ਟੀ ਨੂੰ ਬਚਾਉਣ ਵਾਲੀ ਹੈਂ, ਮੇਰੀ ਹਰ ਤਰ੍ਹਾਂ ਪਾਲਣਾ ਕਰਨ ਵਾਲੀ ਹੈ, (ਤਾਂਤੇ ਤੇਰੀ) ਜੈ ਹੋਵੇ ।

**ਭਾਵ**--' ਖੰਡਾ ਪ੍ਰਿਥਮੈ ਸਾਜ ਕੇ ਜਿਨਿ ਸਭ ਸੰਸਾਰ ਉਪਾਇਆ" (ਵਾਰ ਚੰਡੀ) ਦੇ ਕਥਨ ਵਿਚ ਪ੍ਰਗਟ ਕੀਤਾ ਹੈ ਕਿ ਪਹਿਲੇ ਕਰਤਾਰ ਨੇ ਤਲਵਾਰ ਨੂੰ ਬਨਾਯਾ ਤੇ ਮਗਰੋਂ ਸੰਸਾਰ ਨੂੰ ਸਾਜਿਆ। ਇਸੇ ਕਰਕੇ ਸਤਿਗੁਰੂ ਜੀ ਨੇ ਪਹਿਲਾਂ ਤਲਵਾਰ ਦਾ ਮੰਗਲ ਕੀਤਾ ਹੈ ਅਤੇ ਇਸ ਨੂੰ ' ਜਗ ਕਾਰਨ ' ਨਾਮ ਨਾਲ ਯਾਦ ਕੀਤਾ ਹੈ। [**ਪੰਡਿਤ ਨਰੈਣ ਸਿੰਘ)**

**ਬਚਿਤ੍ਰ ਨਾਟਕ ਦੇ ਲਿਖਾਰੀ ਜੀ** ਪੈਰ ਪੈਰ ਤੇ ਆਪਣੀ ਬੋਲੀ ਬਦਲ ਰਹੇ ਹਨ ਇਸ ਲਈ ਇਸ ਬਚਿਤ੍ਰ ਕਾਵ ਦੀ ਅਟੁੱਟਵੀਂ ਵਿਚਾਰ ਕਰੀ ਜਾਣ ਨਾਲ ਹਰ ਪੱਖ ਦੇ ਨਿੱਖੇੜਵੇਂ ਅਰਥ ਸਮਝਣ ਵਿਚ ਝਮੇਲਾ ਪੈ ਜਾਣ ਦਾ ਡਰ ਹੈ। ਭੁਲੇਖੇ ਦੀ ਸੰਭਾਵਣਾ ਤੋਂ ਬਚਣ ਲਈ ਇਸ (ਪਹਿਲੇ) ਅਧਿਆਏ ਵਿਚਲੇ ਸ਼ਸਤਰਾਂ ਦੀ ਪੂਜਾ ਨਾਲ ਸੰਬੰਧਤ ਛੰਦ ਚੁਣ ਕੇ (ਗੁਰਮਤਿ ਦੀ ਕਸਵੱਟੀ ਤੇ) ਉਨ੍ਹਾਂ ਦੀ ਅੱਡਰੀ ਪਰਖ ਕਰ ਲੈਂਦੇ ਹਾਂ:--

**ਭੁਜੰਗ ਪ੍ਰਯਾਤ ਛੰਦ ॥**

**ਨਮੋ ਖਗ ਖੰਡੰ ਕ੍ਰਿਪਾਣੂ ਕਟਾਰੰ ॥ ਸਦਾ ਏਕ ਰੂਪੰ ਸਦਾ ਨਿਰ ਬਿਕਾਰੰ ॥**
**ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ ॥ ਜਿਨੈ ਚੌਦਹੂੰ ਜੋਤੰ ਬਿਥਾਰਿਯੰ ॥ ੮੭ ॥**

**ਅਰਥ**:--ਖੜਗ, ਖੰਡਾ, ਕਿਰਪਾਨ ਤੇ ਕਟਾਰ ਨੂੰ ਨਮਸਕਾਰ ਹੈ । ਜੋ ਸਦਾ ਇਕ ਰੂਪ ਹੈ, ਅਤੇ ਸਦਾ ਵਿਕਾਰਾਂ ਤੋਂ ਰਹਿਤ ਹੈ । (ਜਸਦੇ) ਹੱਥ ਵਿਚ ਬਾਣ ਹੈ, ਉਸ ਨੂੰ ਨਮਸਕਾਰ ਹੈ, ਅਤੇ (ਦੰਡ) ਸਲੋਤ੍ਰ ਫੜਨ ਵਾਲੇ ਨੂੰ ਨਮਸਕਾਰ ਹੈ ਜਿਸ ਨੇ ਆਪਣੀ ਜੋਤਿ ਚੌਦਾਂ ਲੋਕਾਂ ਵਿਚ ਖਿਲਾਰੀ ਹੋਈ ਹੈ । (ਗਿਆਨੀ ਜੀਓ ! ਰੱਬ ਤਾਂ ਦਸ਼ਮੇਸ਼ ਜੀ ਨੇ ਆਪ ਹੀ ਨਿਰਾਕਾਰ ਲਿਖਿਆ ਹੈ ਫਿਰ ਉਹ ਕਿਹੜਾ ਹੈ ਬਾਣ ਸਲੋਤਰ ਆਦਿ ਵਾਲਾ ਜਿਸ ਦੀ ਲੋ ਚੌਦਾਂ ਲੋਕਾਂ ਵਿਚ ਹੈ ?)

**ਨਮਸਕਾਰੰ ਮੋਰ ਤੀਰੰ ਤੁਫੰਗੰ ॥ ਨਮੋ ਖਗ ਅੱਦਗੰ ਅਭੇਯੰ ਅਭੰਗੰ ॥**
**ਗਦਾਯੰ ਗ੍ਰਿਸਟੰ ਨਮੋ ਸੈਸਥੀਯੰ ॥ ਜਿਨੈ ਤੁਲੀਯੰ ਬੀਰ ਬੀਯੋ ਨ ਬੀਯੰ ॥ ੮੮ ॥**

**ਅਰਥ**:--ਤੀਰ ਬੰਦੂਕ ਨੂੰ ਮੇਰੀ ਨਮਸਕਾਰ ਹੈ । (ਅਦੰਗ) ਚਮਕਦੀ ਹੋਈ ਤਲਵਾਰ ਨੂੰ ਨਮਸਕਾਰ ਹੈ, ਜੋ ਵਿੰਨੀ ਨਹੀਂ ਜਾਂਦੀ ਤੇ ਟੁਟਦੀ ਨਹੀਂ ਹੈ । (ਗ੍ਰਿਟੀ) ਵਡੀ ਭਾਰੀ ਗਾੜ੍ਹ ਸੈਹਥੀ(-ਬਰਛੀ) ਨੂੰ ਨਮਸ਼ਕਾਰ ਹੈ । ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ ।

**ਰਸਾਵਲ ਛੰਦ ॥**

**ਨਮੋ ਚਕ੍ਰ ਪਾਣੰ ॥ ਅਭੂਤੰ ਭਯਾਣੰ ॥ ਨਮੋ ਉਗ੍ਰਦਾੜੰ ॥ ਮਹਾਂ ਗ੍ਰਿਸ਼ਟ ਗਾੜੰ ॥ ੮੯ ॥**

**ਅਰਥ**:--ਚਕ੍ਰਧਾਰੀ ਨੂੰ ਨਮਸਕਾਰ ਹੈ । (ਜੋ) ਤੱਤਾਂ: ਤੋਂ ਬਿਨਾ ਹੀ ਹੋਯਾ ਹੈ । ਤਿਖੀਆਂ ਦਾੜ੍ਹਾਂ ਵਾਲੇ ਨੂੰ ਨਮਸਕਾਰ ਹੈ । ਜੋ ਵਡੀਆਂ ਮੋਟੀਆਂ ਤੇ ਮਜ਼ਬੂਤ ਹਨ । ੮੯ ।

**ਗੁਰੂ ਬਾਣੀ:--** ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥ ਅਸ੍ਚਰਜ ਰੂਪੰ ਰਹੰਤ ਜਨਮੰ ॥ ਨੇਤ ਨੇਤ ਕਥੰਤਿ ਬੇਦਾ ॥
ਊਚ ਮੂਚ ਅਪਾਰ ਗੋਬਿੰਦਹ ॥ ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬਡਭਾਗੀਅਹ ॥੫੭॥

**ਅਰਥ:--**ਉਸ ਦੇ ਹਥ ਵਿਚ ਨਾ ਸੰਖ ਹੈ, ਨਾ ਚੱਕ੍ਰ ਹੈ ਨਾ ਗਦਾ ਹੈ, ਨਾ ਹੀ ਉਹ ਸਾਂਵਲੇ ਰੰਗ ਦਾ ਹੈ। (ਭਾਵ ਨਾ ਉਹ ਵਿਸ਼ਨੂੰ ਹੈ ਨਾ ਹੀ ਉਹ ਕ੍ਰਿਸ਼ਨ ਹੈ) ਗੋਬਿੰਦ ਬੇਅੰਤ ਹੈ, (ਬਹੁਤ) ਉੱਚਾ ਹੈ, (ਬਹੁਤ) ਵਡਾ ਹੈ, ਵੇਦ ਆਖਦੇ ਹਨ ਕਿ ਉਸ ਵਰਗਾ ਹੋਰ ਕੋਈ ਨਹੀਂ ਹੈ। ਉਹ ਜਨਮ ਤੋਂ ਰਹਿਤ ਹੈ, ਉਸ ਦਾ ਰੂਪ ਅਚਰਜ ਹੈ (ਜੋ ਬਿਆਨ ਨਹੀਂ ਹੋ ਸਕਦਾ) ਉਹ ਅਬਿਨਾਸ਼ੀ ਪ੍ਰਭੂ ਗੁਰਮੁਖਾਂ ਦੇ ਹਿਰਦੇ ਵਿਚ ਵੱਸਦਾ ਹੈ। ਹੇ ਨਾਨਕ ! ਵਡੇ ਭਾਗਾਂ ਵਾਲੇ ਬੰਦੇ ਹੀ (ਇਹ ਗੱਲ) ਸਮਝਦੇ ਹਨ। ੫੭ ॥ ਸਪੱਸ਼ਟ ਹੈ ਕਿ ੮੯ ਨੰਬਰ ਛੰਦ ਗੁਰਬਾਣੀ ਦੀ ਖੰਡਣਾ ਕਰ ਰਿਹਾ ਹੈ।

**ਨਮੋ ਤੀਰ ਤੋਪੰ ॥ ਜਿਨੈ ਸਤ੍ਰ ਘੋਪੰ ॥ ਨਮੋ ਧੋਪ ਪੱਟੰ ॥ ਜਿਨੈ ਦੁਸਟ ਦੱਟੰ ॥ ੯੦ ॥**

**ਅਰਥ:**--ਤੀਰ ਤੇ ਤੋਪ ਨੂੰ ਨਮਸਕਾਰ ਹੈ । ਜਿਸਨੇ ਵੈਰੀਆਂ ਨੂੰ ਮਾਰਿਆ ਹੈ । ਧੋਪ (=ਬਿਨਾਂ ਵਿੰਗ ਤੋਂ ਸਿੱਧੀ ਤਲਵਾਰ, ਉਹ ਤਲਵਾਰ ਜਿਸ ਵਿਚ ਵਿੰਗ ਨਾ ਹੋਵੇ। ਪਟੰ=(ਕਿਰਚ ਵਾਂਗ ਸਿਧੀ ਤਲਵਾਰ-ਰੂਪ) ਨੂੰ ਨਮਸਕਾਰ ਹੈ । ਜਿਸ ਨੇ ਦੁਸ਼ਟਾਂ ਨੂੰ ਡਾਂਟਿਆ ਹੈ ।੯੦। [ਏਥੇ ਸਪੱਸ਼ਟ ਹੋ ਗਿਆ ਕਿ ਬਚਿਤ੍ਰ ਨਾਟਕ ਅਨੁਸਾਰ ਕਿਰਪਾਨ ਵਿਚ ਡਿੰਗ ਹੋਣਾ ਜ਼ਰੂਰੀ ਨਹੀ ਹੈ]

ਸ

**ਜਿਤੇ ਸਸਤ੍ਰ ਨਾਮੰ ॥ ਨਮਸਕਾਰ ਤਾਮੰ ॥ ਜਿਤੇ ਅਸਤ੍ਰ ਭੇਯੰ ॥ ਨਮਸਕਾਰ ਤੇਯੰ ॥ ੯੧ ॥**

**ਅਰਥ:**--ਜਿੰਨੇ ਨਾਮਾਂ ਦੇ ਸ਼ਸਤ੍ਰ ਹਨ ਤਿੰਨਾਂ ਨੂੰ ਨਮਸ਼ਕਾਰ ਹੈ ਜਿੰਨੇ (ਭੇਯੰ-ਭੇਦਾਂ) ਕਿਸਮਾ ਦੇ ਸ਼ਸਤਰ ਹਨ ਤਿਨਾਂ ਨੂੰ ਨਮਸਕਾਰ ਹੈ ।੯੧।

## ਏਥੋਂ ਤੱਕ ਦੀ ਲਿਖਤ ਤੋਂ ਉਪਜੇ ਗੰਭੀਰ ਸ਼ੰਕਿਆਂ ਦਾ ਵੇਰਵਾ ---

**(੧)** ਅਰਥਾਂ ਸਮੇਤ ਉਪਰੋਕਤ ਦੋਹਰੇ ਅਤੇ ਛੰਦ ਪੜ੍ਹਨ ਉਪ੍ਰੰਤ ਹੁਣ ਆਉ ਸੁਹਿਰਦਤਾ ਨਾਲ ਵਿਚਾਰੀਏ ਕਿ, ਜਦ ਏਹੀ ਤਲਵਾਰ ਨਿਰਦਈ ਲੁਟੇਰਿਆਂ ਦੇ, ਮਾਇਆ ਦੇ ਲਾਲਚੀ ਖ਼ੂਨੀ ਡਾਕੂਆਂ ਦੇ ਹੱਥਾਂ ਵਿਚ ਫੜੀ ਹੁੰਦੀ ਹੈ ਤਾਂ ਉਦੋਂ ਬਚਿਤ੍ਰ ਨਾਟਕ ਜੀ ਦੀ ਏਹੀ--' ਸੁਖ ਸੰਤਾਂ ਕਰਣੰ " ਖੜਗ, ਰੋਂਦੇ ਵਿਲਕਦੇ ਤਰਲੇ ਲੈਂਦੇ ਆਤੁਰ ਨਿਤਾਣਿਆਂ ਦਾ ਅਥਵਾ ਸੰਤ ਭਗਤਾਂ ਦਾ ਸੰਘਾਰ ਕਰਦੀ ਜ਼ਰਾ ਨਹੀਂ ਸੰਗਦੀ । ਇਤਿਹਾਸ ਗਵਾਹ ਹੈ ਕਿ ਜ਼ਾਲਮ ਔਰੰਗਜ਼ੇਬ ਦੀ ਤਲਵਾਰ ਨੇ ਸੰਤਾਂ ਮਹਾਂ ਪੁਰਖਾਂ ਦੀ ਕਦੇ ਰਖਿਆ ਨਹੀਂ ਸੀ ਕੀਤੀ ਸਗੋਂ ਤਸੀਹੇ ਦੇ ਕੇ ਉਨ੍ਹਾਂ ਦੇ ਸਦਾ ਟੋਟੇ ਕੀਤੇ ਸਨ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਜਦ ਸਿੰਘਾ ਦੇ ਸਿਰਾਂ ਦਾ ਮੁੱਲ ਦੇਣਾ ਅਰੰਭ ਕੀਤਾ ਸੀ, ਤਾਂ ਕੀ, ਉਸ ਦੇ ਫ਼ੌਜੀਆਂ ਦੀਆਂ ਤਲਵਾਰਾਂ ਨੇ ਬੇਦੋਸ਼ਿਆਂ ਦੇ ਸਿਰ ਕਤਲ ਕਰਨੋ ਨਾਂਹ ਕਰ ਦਿੱਤੀ ਸੀ? ਫਿਰ ਜਦ ਅਸੀਂ ਸਾਰੇ ਜਾਣਦੇ ਹਾਂ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਅਤੇ ਮਾਸੂਮ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ ਦਾ ਅਤੇ ਫ਼ਤਹਿ ਸਿੰਘ ਜੀ ਦਾ ਸੀਸ ਵੀ ਏਸੇ " ਜੈ ਤੇਗੰ ' ਨੇ ਹੀ ਉਤਾਰਿਆ ਸੀ-- ਇਸ ਦੀ ਜੈ ਜੈ ਬੋਲਣ ਵਾਲਿਆਂ ਨੂੰ ਸਾਨੂੰ, ਕੀ ਸ਼ਰਮ ਨਾਲ ਡੁੱਬ ਕੇ ਨਹੀਂ ਮਰ ਜਾਣਾ ਚਾਹੀਦਾ? ਫਿਰ ਜਦੋਂ ਇਨ੍ਹਾਂ ਛੰਦਾਂ ਦਾ ਪਾਠ ਗੁਰਬਾਣੀ ਸਮਝ ਕੇ ਕਰਦੇ ਹਾਂ, ਜਾਂ ਜਦੋਂ ਗੁਰੂ ਦਰਬਾਰ ਵਿਚ ਬੈਠੇ ਰਾਗੀਆਂ ਢਾਡੀਆਂ ਤੋਂ ਇਨ੍ਹਾਂ ਛੰਦਾਂ ਦਾ ਕੀਰਤਨ ਸੁਣ ਰਹੇ ਹੁੰਦੇ ਹਾਂ, ਤਾਂ ਕੀ, ਇਸ **ਖਗ ਜੀ** ਦੀਆਂ ਉਪ੍ਰੋਕਤ ਕਰਤੂਤਾਂ ਸਾਨੂੰ ਕਦੇ ਯਾਦ ਆਈਆਂ?

**(੨)** ਖੜਗ ਦੇ ਰੂਪ ਵਿਚ ਰੱਬ ਨੂੰ ਧਿਆਉਣ ਵਾਲੇ ਅਸੀਂ ਭੁੱਲ ਜਾਂਦੇ ਹਾਂ ਕਿ ਤਲਵਾਰ ਆਪਣੇ ਆਪ ਵਿਚ ਕਿਸੇ ਨੂੰ ਨਾ ਮਾਰਨ ਦੀ ਸ਼ਕਤੀ ਰੱਖਦੀ ਹੈ ਅਤੇ ਨਾ ਹੀ ਇਹ ਕਦੇ ਕਿਸੇ ਦੀ ਰਖਿਆ ਦੀ ਜ਼ਿਮੇਵਾਰੀ ਲੈ ਸਕਦੀ ਹੈ। ਜਿਸ ਦੇ ਹੱਥ ਵਿਚ ਉਸੇ ਦੀ ਬਣ ਗਈ--" ਸੂਫ਼ੀ ਕਵੀ ਸਯੱਦ ਵਾਰਸ ਸ਼ਾਹ ਦਾ ਕਥਨ ਤਾਂ ਇਉ ਹੈ--" ਵਾਰਸ ਧਨ, ਫਕੀਰ, **ਤਲਵਾਰ**, ਘੋੜਾ, ਚਾਰੇ ਥੋਕ ਨਾ ਕਿਸੇ ਦੇ ਯਾਰ ਮੀਆਂ। " ਏਧਰ ਏਕਤਾ ਦੇ ਪੁਜਾਰੀ ਬਨਾਉਣ ਆਏ ਸਤਿਗੁਰਾਂ ਦਾ ਸਿੱਖ, ਸ਼ਸਤਰਾਂ ਦੀ ਪੂਜਾ ਨੂੰ ਰਬ ਦੀ ਪੂਜਾ ਮੰਨ ਬੈਠਾ ਹੈ?

**(੩)** ਸਾਧ ਬਚਨ ਦੀ ਸੱਭ ਤੋਂ ਵੱਡੀ ਪਰਖ ਇਹ ਹੈ ਕਿ ਉਹ ਸਦੀਵੀ ਸੱਚ ਨਾਲ ਜੁੜਿਆ ਹੋਣ ਕਰਕੇ ਸਦਾ ਲਈ ਇਕਸਾਰ ਸੇਧ ਦੇਈ ਰੱਖਣ ਦੇ ਸਮਰੱਥ ਹੁੰਦਾ ਹੈ। ਬਚਿਤ੍ਰ ਨਾਟਕ ਦੀ ਇਹ ਬਾਣੀ ਸਦੀਵੀ ਸੱਚ ਵਾਲੀ ਨਹੀਂ ਮੰਨੀ ਜਾ ਸਕਦੀ। **(ੳ)** ਹਾਈਡਰੋਜਨ ਬੰਬ, ਦੂਰ ਮਾਰ ਮਿਜ਼ਾਈਲ, ਤੋਪਾਂ, ਅਤੇ ਲੜਾਕੇ ਹਵਾਈ ਜਹਾਜ਼ ਆਦਿ, ਅਜੋਕੇ ਤਬਾਹ-ਕਾਰੀ ਸ਼ਸਤਰਾਂ ਦੇ ਸਾਹਮਣੇ, ਤਲਵਾਰਾਂ ਤੀਰਾਂ ਖੰਡਿਆਂ ਦਾ ਅੱਜ ਕੀ ਮੁੱਲ ਰਹਿ ਚੁੱਕਾ ਹੈ ? **(ਅ)** ਕੀ ਸ਼ਸਤ੍ਰਾਂ ਨੇ ਆਪਣੇ ਆਪ ਵੀ ਕਦੇ ਕਿਸੇ ਵੈਰੀ ਤੇ ਹੱਲਾ ਬੋਲਿਆ ਹੈ ? **(ੲ)** ਕੀ ਸ਼ਸਤਰ ਨਿਰਾ ਵੈਰੀਆਂ ਨੂੰ ਹੀ ਮਾਰਦੇ ਹਨ ? ਜੇ ਸ਼ਸਤ੍ਰਾਂ ਦੇ ਪੁਜਾਰੀਆਂ ਦਾ ਬਣਿਆਂ ਐਟਮ ਬੰਬ, ਕਿਸੇ ਵੈਰੀ ਦੇ ਹਥ ਚੜ੍ਹ ਕੇ ਉਲਟਾ ਚਲਾ ਦਿੱਤਾ ਜਾਵੇ, ਤਾਂ ਕੀ ਉਹ ਆਪਣੇ ਪੁਜਾਰੀਆਂ ਨੂੰ ਪਛਾਣ ਕੇ ਤਬਾਹੀ ਕਰਨੋਂ ਰੁਕ ਜਾਵੇਗਾ? ਉਪ੍ਰੋਕਤ " ਜਿਤੇ ਸ਼ਸਤ੍ਰ ਨਾਮੰ **....** --ਵੈਰੀ ਦੇ ਹੱਥੇ ਚੜ੍ਹ ਕੇ, ਕੀ ਆਪਣੇ ਹੀ ਭਗਤਾਂ ਦਾ ਕੁਤਰਾ ਕਰਨੋਂ ਸੰਗ ਜਾਣਗੇ ?

ਵਲ ਵਿੰਗ ਪਾ ਕੇ ਜੇ ਅਸੀਂ ਵੀ ਹਿੰਦੂਆਂ ਵਾਂਗ ਸ਼ਸਤਰਾਂ ਅਸਤਰਾਂ ਨੂੰ ਰੱਬ ਮੰਨ ਰਹੇ ਹੋ ਤਾਂ ਅਜੇਹੀ ਸਿੱਖੀ ਬਾਝੋਂ ਕੀ ਥੁੜਿਆ ਹੈ? ਸ਼ਸਤਰਾਂ ਦਾ ਨਾਮ ਲੈ ਕੇ ਪੂਜਾ ਕਰਨ ਨੂੰ ਰੱਬ ਦੀ ਪੂਜਾ ਕਹਿਣਾ ਉਵੇਂ ਦਾ ਹੀ ਘਿਣਾਵਣਾ ਕੁਫ਼ਰ ਹੈ, ਜਿਹੜਾ ਮੂਰਤੀ ਦੀ ਪੂਜਾ ਕਰਨ ਵਾਲਿਆਂ ਨੂੰ **ਕਾਫ਼ਰ** ਬਣਾਉਂ ਦਾ ਹੈ। ਜੇ ਹਿੰਦੂਆਂ ਵਾਂਗ ਅਸਾਂ ਵੀ ਏਸ ਤਰ੍ਹਾਂ ਦੀ ਝੂਠ-ਬਾਣੀ ਦਾ ਪਾਠ ਕਰਨਾ ਹੈ ਤਾਂ, ਅਜੇਹੇ ਧਰਮ ਨਾਲੋਂ **ਨਾਸਤਕਤਾ ਕਿਵੇਂ ਮਾੜੀ ਰਹਿ ਗਈ ?**

## ਗੁਰਬਾਣੀ ਦੀ ਕਸਵੱਟੀ--

**(ੳ)** ਗੁਰੂ ਬਾਣੀ ਦਾ ਫ਼ੁਰਮਾਨ ਹੈ **ਕਰਤਾਰ** ਦੇ ਥਾਂ ਉਸ ਦੇ **ਕੀਤੇ ਹੋਏ** (ਮਨੁੱਖ ਅਤੇ ਬਾਕੀ ਜੀਵਾਂ ਸਮੇਤ ਕਿਸੇ ਪ੍ਰਕਾਰ ਦੇ ਪਦਾਰਥ) ਦੀ ਸਿਫ਼ਤ-ਸਾਲਾਹ ਨਹੀਂ ਕਰਨੀ ਚਾਹੀਦੀ:--

੧- **ਕੀਤਾ ਕਿਆ ਸਾਲਾਹੀਐ, ਕਰਿ ਵੇਖੈ ਸੋਈ ॥ ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਕੋਈ ॥... ੬ ॥** [੭੬੭]-੨-੫

੨- **ਕੀਤਾ ਕਿਆ ਸਾਲਾਹੀਐ ਕਰਿ ਦੇਖੈ ਸੋਈ ॥ ਜਿਨਿ ਕੀਆ ਸੋ ਮਨਿ ਵਸੈ ਮੈ ਅਵਰੁ ਨ ਕੋਈ ॥**

**ਸੋ ਸਾਚਾ ਸਾਲਾਹੀਐ ਸਾਚੀ ਪਤਿ ਹੋਈ ॥ ੩ ॥**[ਮਾਰੂ ਅਸਟ: ਮ: ੧ ॥ ੧੦੧੨]-੬

੩- **ਕੀਤਾ ਕਿਆ ਸਾਲਾਹੀਐ, ਕਰੇ ਸੋਇ ਸਾਲਾਹਿ ॥ ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ ॥... ੨ ॥**[ ੧੨੩੯]-ਵਾਰ-੪

੪- **ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ ॥ ਨਿਹਚਲੁ ਸਚਾ ਏਕੁ ਹੈ**
**ਗੁਰਮੁਖਿ ਬੂਝੈ ਸੁ ਨਿਹਚਲੁ ਹੋਈ ॥ ੬ ॥**[੧੦੮੮]-੬

੫- **ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥ ੧ ॥**
**ਵਾਹੁ ਮੇਰੇ ਸਾਹਿਬਾ ਵਾਹੁ ॥ ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥ ੧ ॥ ਰਹਾਉ ॥**[੭੫੫]-੧-੩

ਮਨੁੱਖਾ ਸਰੀਰ **ਕਰਤੇ** ਦੀ ਕਿਰਤ ਹੈ--**ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ ॥** ਹਵਾ, ਪਾਣੀ, ਅਗਨੀ, ਧਰਤੀ, ਆਕਾਸ਼, ਲੋਹਾ, ਸੋਨਾ ਤੇ ਹੋਰ ਧਾਤਾਂ ਅਤੇ ਲੱਕੜ ਆਦਿ ਸਭ ਕੁਝ ਪਰਮਾਤਮਾ ਦੀ ਕਿਰਤ ਹਨ। ਇਨ੍ਹਾਂ ਪਦਾਰਥਾਂ ਤੋਂ ਘਰ-ਘਾਟ, ਕਾਰਖ਼ਾਨੇ, ਮਸ਼ੀਨਾਂ, ਖੰਡੇ ਕਿਰਪਾਨਾ, ਸਮੇਤ ਹਰ ਪ੍ਰਕਾਰ ਦੇ ਸ਼ਸਤ੍ਰ ਆਦਿ ਸਾਰਾ ਕੁਝ ਮਨੁੱਖ ਦੀ ਕਿਰਤ ਹਨ। ਅੱਜ ਤੱਕ ਪਰਮਾਤਮਾਂ ਨੇ ਸਾਖ਼ਸ਼ਾਤ ਰੂਪ ਵਿਚ ਪਰਗ਼ਟ ਹੋ ਕੇ ਨਾ ਕਿਸੇ ਨੂੰ ਦਰਸ਼ਨ ਦਿੱਤਾ ਹੈ --**ਸਿਧ ਸਮਾਧ ਸਾਧ ਕਰਿ ਹਾਰੇ ਕਯੋ ਹੂੰ ਨ ਦੇਖਨ ਪਾਏ**– ਅਤੇ ਨਾ ਵਾਹਿਗੁਰੂ ਨੇ ਆਪ ਪ੍ਰਗਟ ਹੋ ਕੇ ਕੋਈ ਸ਼ਸਤਰ ਹੀ ਬਣਾਇਆ ਹੈ । ਸੋ ਖੰਡਾ ਤਾਂ ਪ੍ਰਭੂ ਦੇ " ਕੀਏ " (-ਮਨੁੱਖ) ਦੀ ਕਿਰਤ ਹੈ, ਭਾਵ ਸਾਰੇ ਸ਼ਸਤ੍ਰ " ਕੀਏ " ਦਾ ਵੀ " ਕੀਆ ਹਨ ।

ਕੇਵਲ ਕਰਤੇ ਦੀ ਸਿਫ਼ਤਿ ਸਾਲਾਹ ਅਤੇ ਸਿਰਜਣਹਾਰ ਦੀ ਪੂਜਾ ਬੰਦਨਾਂ ਸਿਖਾਉਣ ਆਏ ਗੁਰੂ ਨਾਨਕ ਜੀ, ਬਾਰੇ ਕਿਵੇਂ ਸੱਚ ਮੰਨ ਲਿਆ ਜਾਵੇ ਕਿ ਉਹ ਆਪਣੇ ਦਸਵੇ ਸਰੂਪ ਵਿਚ ਆ ਕੇ " **ਕਰਤੇ** " ਦੀ ਥਾਂ " ਕੀਏ " ਦੇ ਵੀ ਕੀਏ ਨੂੰ ਨਮਸਕਾਰਾਂ ਕਰਨ ਲੱਗ ਪਏ ਸਨ ?

**(ਅ)** ਗੁਰਮਤਿ ਦਾ ਇੱਕ ਅਟੱਲ ਸਿਧਾਂਤ ਇਹ ਵੀ ਹੈ ਕਿ ਜਿਹੜਾ ਵੀ ਪਦਾਰਥ ਅੱਖੀਆਂ ਨਾਲ ਵੇਖਿਆ ਜਾ ਸਕਦਾ ਹੈ (ਜਾਂ ਸਪੱਰਸ਼ ਦੁਆਰਾ ਅਨੁਭਵ ਕੀਤਾ ਜਾ ਸਕਦਾ ਹੈ) ਉਹ ਨਾਸਵੰਤ ਹੈ, ਅਥਵਾ ਅਜੇਹਾ ਸਭ ਕੁਝ ਮਨੁੱਖ ਦੇ ਨਾਲ ਨਹੀਂ ਨਿਭਦਾ--**ਨਦਰੀ ਆਵਦਾ ਨਾਲਿ ਨ ਚਲਈ, ਵੇਖਹੁ ਕੋ ਵਿਉਪਾਇ ॥**[੮੪] । ਨਾਸਵੰਤ ਪਦਾਰਥ ਦੀ ਪੂਜਾ ਮੂਰਖਤਾਈ ਹੈ--**ਦ੍ਰਿਸ਼ਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥**[੮੦੮] ਸਤਿਗੁਰਾਂ ਦਾ ਇਹ ਬਚਨ ਵੀ ਸਦਾ ਧਿਆਨ ਵਿਚ ਰੱਖਣ ਜੋਗ ਹੈ ਕਿ ਦ੍ਰਿਸ਼ਟਮਾਨ ਚੀਜ਼ਾਂ ਪ੍ਰਤੀ ਸ਼ਰਧਾ ਨਿਰੀ ਮੂਰਖਤਾਈ ਹੀ ਨਹੀਂ ਸਗੋਂ ਖ਼ੁਆਰ ਹੋ ਕੇ ਮਰਨ ਵਾਲਾ ਸਾਕਤ-ਪੁਣਾ ਹੈ-**ਜੋ ਦੀਸੈ ਸੋ ਸੰਗਿ ਨ ਗਇਓ ॥ ਸਾਕਤੁ ਮੂੜੁ ਲਗੇ ਪਚਿ ਮੁਇਓ ॥ ੩ ॥**[੨੪੧] ਜਿਸ **ਸ਼ਰਧਾ** ਨੇ ਇਹ (ਬਚਿਤ੍ਰ ਨਾਟਕ) ਗ੍ਰੰਥ, ਸ੍ਰੀ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਮੜ੍ਹਿਆ ਰਖਣ ਵਿਚ ਪੰਥਕ ਸੇਵਾ ਮੰਨੀ ਹੋਈ ਹੈ ਉਨ੍ਹਾਂ ਨੇ " ਸ੍ਰੀ ਖੜਗ " ਦੀ ਥਾਂ ਸ੍ਰੀ ਅਕਾਲ " ਜਾਂ ਸ੍ਰੀ ਭਗਵਾਨ " ਆਦਿ ਰੱਬ ਦਾ ਨਾਮ ਲਿਖ ਦੇਣਾ ਚਾਹਿਆ। ਪਰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਕਈ ਉਤਾਰੇ ਬੇਅੰਤ ਸ਼ਰਧਾਲੂਆਂ ਦੇ ਘਰੀਂ ਪੁੱਜ ਚੁੱਕੇ ਸਨ । ਅਜੇਹਾ ਭੁਲੇਖਾ-ਪਾਊ ਰਲਾ ਪਾਉਣ ਵਾਲਾ ਕੁ-ਕਾਰਜ ਅਸੰਭਵ ਬਣ ਗਿਆ।
ਲੋਹੇ ਦੇ ਬਣੇ ਘਾਤਕ ਸ਼ਸਤਰਾਂ ਅਸਤਰਾਂ ਦੀ ਪੂਜਾ ਕਰਨ ਦੀ ਰੀਤ ਤੋਰ ਲੈਣ ਲਈ ਅਥਵਾ ਖੰਡੇ ਨੂੰ ਰੱਬੀ ਸ਼ਕਤੀ ਦਾ ਭੁਲੇਖਾ ਪੱਕਾ ਕਰਨ ਲਈ ਸਮੱਗ੍ਰੀ ਤਿਆਰ ਕਰ ਰਿਹਾ ਵਿਦਵਾਨ ਜੇ ਨਾਲ ਹੀ ਇਹ ਲਿਖਦਾ ਹੈ--" **ਪਾਇ ਪਰੋ ਪਰਮੇਸਰ ਕੇ ਜੜ ਪਾਹਨ ਮੈਂ ਪਰਮੇਸਰ ਨਾਹਿ ॥** ੯੯ ॥ ਤਾਂ ਉਸ ਦੀ ਬੜੀ ਕਮਾਲ ਦੀ ਹੁਸ਼ਿਆਰੀ ਹੈ । ਕਿਤੇ ਕਿਤੇ ਅਜੇਹੀਆਂ ਕਥਿਤ ਚੰਗੀਆਂ ਟੂਕਾਂ ਚਪਲ-ਬੁੱਧੀ ਲਿਖਾਰੀ ਜੇ ਨਾ ਲਿਖਦਾ ਤਾਂ ਸਾਡੀ ਮੱਤ ਕਿਵੇ ਭੌਂਦੀ ? ਵੈਰੀਆਂ ਦੀ ਆਮਦਨ ਵਧਾਉਣ ਵਾਲਾ ਹੇਮਕੁੰਡ ਤੀਰਥ ਯੂ ਪੀ ਦੀਆਂ ਬਰਫ਼ਾਂ ਲੱਦੀਆਂ ਹੱਡ ਭੰਨਣੀ ਠੰਢ ਵਾਲੀਆਂ ਪਹਾੜੀਆਂ ਵਿਚ ਕਿਵੇਂ ਜਾ ਬਣਨਾ ਸੀ ?

**(ੲ)** ਬਿਬੇਕ ਹੀਨ ਅੰਧ ਵਿਸ਼ਵਾਸ਼, ਅਥਵਾ ਅੰਨ੍ਹੀ-ਸ਼ਰਧਾ ਨੇ ਫਿਰ, ਬਿਨਾ ਕਿਸੇ ਵਿਆਕਰਣਕ ਨਿਯਮ ਦੇ, ਜਾਂ ਰੀਤੀ ਰਿਵਾਜ ਵਾਲੇ ਕਿਸੇ ਇਤਿਹਾਸਕ ਪਿਛੋਕੜ ਦੇ--**ਖੜਗ** ਦਾ ਅਰਥ--" ਸੰਘਾਰ ਕਰਤਾ, ਤਲਵਾਰ ਰੂਪ-ਅਕਾਲ ਪੁਰਖ " ਲਿਖ ਦਿੱਤਾ (ਸ਼ਬਦਾਰਥ ਦਸਮ ਗ੍ਰੰਥ ਸਫ਼ਾ ੫੩) ਬਦਕਿਸਮਤੀ ਇਹ ਹੈ ਗੁਰੂ-ਮਤਿ ਦੀ ਘੋਰ ਖੰਡਨਾਂ ਦਾ ਅਪਰਾਧ ਕਰਨ ਦਾ ਧੰਦਾ, ਆਪਣਿਆਂ ਨੇ ਹੀ ਸਹੇੜ ਲਿਆ ਹੋਇਆ ਹੈ। ਵਡੇ ਦੁੱਖ ਤੇ ਪਸ਼ੇਮਾਨੀ ਵਾਲੀ ਸਥਿਤੀ ਇਹ ਬਣ ਖਲੋਤੀ ਹੈ ਕਿ ਸਿੱਖੀ ਸਿਧਾਂਤ ਦੇ ਜਨਮ ਦਾਤੇ ਜੀ, ਸ੍ਰੀ ਗੁਰੂ ਨਾਨਕ ਸਾਹਿਬ ਜੀ ਤਾਂ ਅਕਾਲਪੁਰਖ ਨੂੰ ਅਰੰਭਕ ਬਾਣੀ " ਮੂਲ (-ਮੰਤ੍ਰ) " ਵਿਚ **ਹੀ ਨਿਰਵੈਰ** ਲਿਖ ਰਹੇ ਹਨ, ਪਰ (ਆਪਣੇ ਆਪ ਨੂੰ ਗੁਰੂ ਵਾਲਾ, ਅਤੇ ਪੱਕਾ ਗੁਰ ਸਿੱਖ ਕਹਿਣ ਵਾਲੇ) ਅੰਮ੍ਰਿਤ ਧਾਰੀ ਸਿੰਘ ਜੀ ਨੇ (ਸਤਿਗੁਰੂ, ਗੁਰੂ ਨਾਨਕ ਜੀ ਦੀ ਆਸ਼ੇ ਅਤੇ ਸ਼ਰਧਾ ਦੇ ਉਲਟ) ਗੁਰੂ ਗ੍ਰੰਥ ਸਾਹਿਬ ਜੀ ਦੇ "**ਨਿਰਵੈਰ**" ਅਕਾਲਪੁਰਖ ਨੂੰ **ਸੰਘਾਰ ਕਰਤਾ ਵੈਰੀ** ਦੇ ਰੂਪ ਵਿਚ ਚਿਤਵ ਲਿਆ? ਗੁਰਬਾਣੀ ਵਿਚ ਜੇ ਅਕਾਲ ਪੁਰਖ ਨੂੰ ਮਾਰਨ ਵਾਲਾ ਕਿਹਾ ਹੈ ਤਾਂ ਉਸ ਨੂੰ ਰਖਿਆ ਕਰਨ ਵਾਲਾ ਵੀ ਨਾਲ ਹੀ ਫ਼ੁਰਮਾਇਆ ਹੈ-**ਮਾਰੈ ਰਾਖੈ ਏਕੋ ਆਪਿ ॥** [੨੮੧] **ਬਿਨੁ ਭਗਵੰਤ ਨਾਹੀ ਅਨ ਕੋਇ ॥ ਮਾਰੈ ਰਾਖੈ ਏਕੋ ਸੋਇ ॥**[੧੯੨]-- ਉਹ ਕਿਸੇ ਦਾ ਵੈਰੀ ਨਹੀ ਹੈ--**ਆਪੇ ਮਿਹਰ ਦਇਆ ਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ ॥੧॥**[੧੦੨੧]--**ਤੂ ਨਿਹਚਲੁ ਨਿਰਵੈਰੁ ਸਚੁ ਸਚਾ ਤੁਧ ਦਰਬਾਰੁ ॥** [੯੬੨] ਅਕਾਲਪੁਰਖ ਹੀ ਤਾਂ ਸੱਚਾ ਮਿੱਤਰ ਹੈ--

੬- **ਮੀਤੁ ਹਮਾਰਾ ਸੋਈ ਸੁਆਮੀ ॥ ਥਾਨ ਥਨੰਤਰਿ ਅੰਤਰਜਾਮੀ ॥**
**ਸਿਮਰਿ ਸਿਮਰਿ ਪੂਰਨ ਪਰਮੇਸੁਰ ਚਿੰਤਾ ਗਣਤ ਮਿਟਾਈ ਹੇ ॥**੮ ॥[ ੧੦੭੧/੭੨]-੧ ॥ ਅਤੇ ਫਿਰ--**ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥..** ੩ ॥[੪੩]-੫-੭੫-ਜੇ ਪੈਦਾ ਕੀਤਾ ਹੈ ਤਾਂ ਦੇਖ-ਭਾਲ ਵੀ ਆਪ ਹੀ ਕਰਦਾ ਹੈ--**ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਨਦਰਿ ਕਰੇਇ ॥...**॥੪॥[੯੯੪]-੨ ਅਤੇ--**ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ ॥** ੯ ॥[੭੬੭]-੫

ਪਿਆਰੇ ਪ੍ਰੀਤਮ ਦੀ ਭਾਖਿਆ ਹੀ ਭਾਉ (ਪਿਆਰ) ਹੈ--**ਭਾਖਿਆ ਭਾਉ ਅਪਾਰੁ**-- ਉਸ ਨੂੰ ਖੜਗ ਕਹਿਣ ਵਾਲੇ ਪਿਆਰਿਓ, ਪ੍ਰਭੂ ਤਾਂ ਸਾਡਾ ਹੈ ਹੀ ਮਾਤਾ ਪਿਤਾ--**ਪ੍ਰਭੁ ਆਪਿ ਸੁਆਮੀ ਆਪੇ ਰਾਖਾ ਆਪਿ ਪਿਤਾ ਆਪਿ ਮਾਇਆ ॥..**॥ ੧ ॥[੭੮੩]-੬-**੯-ਮਾਤ ਪਿਤਾ ਸੁਤ ਬੰਧਪੋ ਤੂੰ ਮੇਰੇ ਪ੍ਰਾਣ ਅਧਾਰੁ ॥....**॥ ੫ ॥[੨੦੩]-੧-੧੧੬ ਫਿਰ--**ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ ਜਨ ਨਾਨਕ ਬਖਸਿ ਮਿਲਾਇ ॥ ੫ ॥**[੮੮੧]-**੨ ਅਤੇ---ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**ਤੂ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥ ੧ ॥[੧੦੩]-੨੪-੩੧ ਦਇਆਲੂ ਅਕਾਲਪੁਰਖ ਜੀ ਨੂੰ ਸੰਘਾਰ ਕਰਤਾ ਤਲਵਾਰ-ਰੂਪ ਅਕਾਲਪੁਰਖ ਲਿਖਣ ਵਾਲੇ, **ਸਰਾਪੇ ਹੋਏ, ਹੇ ਮੇਰੇ ਹੱਥ ! ਅਜੇਹੀ ਗੁਰਮਤਿ ਵਿਰੋਧੀ ਭਾਸ਼ਾ ਲਿਖਣ ਤੋਂ ਪਹਿਲਂ ਤੂੰ ਚਿਖਾ ਵਿਚ ਸੜ ਕਉਂ ਨਾ ਗਿਆ?** ਦਸਮੇਂ ਜਾਮੇਂ ਵਿਚ ਆ ਕੇ ਅਕਾਲਪੁਰਖ ਲਈ ਵਰਤੀ ਜਾਣ ਵਾਲੀ ਭਾਸ਼ਾ ਬਦਲ ਜਾਣ ਦਾ ਕੋਈ ਕਾਰਨ ਵੀ ਨਾਲ ਹੀ ਕਿਸ ਕਾਰਨ ਨਾ ਲਿਖਿਆ ?

## (ਸ) ਕੀ ਸ਼ਸਤਰਾਂ ਦੇ ਰੂਪ ਵਿਚ ਅਕਾਲ ਪੁਰਖ ਵੇਖਣਾ ਵੀ ਘਿਣਾਵਣਾ ਬਿੱਪ੍ਰਵਾਦ ਹੀ ਤਾਂ ਨਹੀਂ ਹੈ ?

ਸੱਪ ਦੇ ਲੜ ਜਾਣ ਨਾਲ ਮੌਤ ਹੋਈ ਤਾਂ ਬ੍ਰਾਹਮਣ ਨੇ ਸੱਪ ਨੂੰ ਦੇਵਤਾ ਬਣਾ ਲਿਆ । ਹਰ ਪ੍ਰਕਾਰ ਦੇ ਭਰਮ ਨੂੰ ਲੁੱਟ ਦਾ ਸਾਧਨ ਬਣਾ ਲੈਣ ਵਿਚ ਨਿਪੁੰਨ ਬ੍ਰਾਹਮਣ ਨੇ ਸੱਪ ਨੂੰ ਨਾਗ-ਦੇਵਤਾ ਘੋਸ਼ਤ ਕਰਕੇ ਉਸ ਦੀਆਂ ਮੂਰਤੀਆਂ ਮੰਦਰਾਂ ਵਿਚ ਲਿਆ ਟਿਕਾਈਆਂ। ਮੌਤ ਦਾ ਭੈ ਏਨਾ ਵਧਿਆ ਕਿ ਸੱਪ ਤੋਂ **ਨਾਗ** ਬਣ ਕੇ ਪਹਿਲਾਂ ਸ਼ਿਵ ਜੀ ਦੀ ਧੌਣ ਦਾ ਹਾਰ ਬਣਿਆਂ, ਫਿਰ ਧਰਤੀ ਨੂੰ ਸਿੰਗਾਂ ਤੇ ਚੁਕੀ ਰੱਖਣ ਵਾਲੇ ਧੌਲੇ ਬੌਲਦ ਦੀ ਥਾਂ **ਸ਼ੇਸ਼-ਨਾਗ** ਬਣ ਕੇ **ਧਰਨੀ ਧਰ** ਬਣ ਬੈਠਾ। ਫਿਰ **ਵਿਸ਼ਨੂੰ ਦੀ ਸੇਜ** ਜਾ ਬਣਿਆ, ਉਥੋਂ ਰਾਮ ਜੀ ਦਾ ਭਾਈ **ਲਛਮਣ** ਅਤੇ ਫਿਰ ਕ੍ਰਿਸ਼ਨ ਜੀ ਦਾ ਵੱਡਾ ਭਾਈ **ਬਲਰਾਮ** ਬਣ ਗਿਆ। ਖੰਡੇ ਤੋਂ ਅਥਵਾ ਸ਼ਸਤਰਾਂ ਤੋਂ ਮੌਤ ਹੁੰਦੀ ਵੇਖ ਲਈ ਤਾਂ ਮਰਣ-ਕਾਲ ਤੋਂ ਤ੍ਰਾਸੇ ਹੋਏ ਕਮ-ਦਿਲੇ ਮਨੁੱਖ ਨੇ ਸ਼ਸਤ੍ਰਾਂ ਨੂੰ ਡੰਡੌਤ ਕਰ ਦਿੱਤੀ। ਸ਼ਸਤ੍ਰਾਂ ਦੀ ਪੂਜਾ ਹੁੰਦੀ ਮਹਾਂਭਾਰਤ ਫਿਲਮ ਵਿਚ ਦਰਸਾਈ ਹੋਈ ਹੈ। ਖੰਡੇ ਨੂੰ ਰੱਬ ਕਹਿਣ ਵਾਲੀ ਇਹ ਬੋਲੀ ਨਿਰੰਦੇਹ ਮੇਰੇ ਸਤਿਗੁਰਾਂ ਦੀ ਨਹੀਂ ਸਗੋਂ ਕੁਟਲ ਪ੍ਰੋਹਿਤ ਜੀ ਦੀ ਹੀ ਹੈ।

ਹੇ ਦਸ਼ਮੇਸ਼ ਜੀ ਦੇ ਪਿਆਰੇ ਖ਼ਾਲਸਾ ਪੰਥ ਜੀਓ ! ਸਮਝੋ ਇਸ ਫ਼ਰਕ ਨੂੰ। ਪਾਉ ਮੋੜੇ ਆਪਣੇ ਅਸਲੇ ਵਲ ਨੂੰ। ਦੁਹਾਈ ਸਿਜਣਹਾਰ ਦੀ, ਬਿੱਪ੍ਰਨ ਕੀ ਰੀਤ ਤੋਂ ਬਚੇ ਰਹਿਣ ਦੀ ਚਿਤਾਵਣੀ ਦੇਣ ਵਾਲੇ ਦਸ਼ਮੇਸ਼ ਜੀ ਨੂੰ ਹੀ ਬਿੱਪ੍ਰਵਾਦ ਦੇ ਲਿਖਾਰੀ ਨਾ ਬਣਾਉ। ਦਸਮ ਗੁਰੂ ਨਾਨਕ ਜੀ ਨੇ ਪਰਮਾਤਮਾ ਨੂੰ ਕਿਸੇ ਸ਼ਸਤਰ ਦੇ ਰੂਪ ਵਿਚ ਵੇਖਣ ਦਾ ਸਾਡਾ ਅਭਿਆਸ ਤਾਂ ਕਦੇ ਨਹੀਂ ਕਰਾਇਆ। ਖੜਗ ਅਥਵਾ ਤੇਗ਼ ਤਾਂ ਕੇਵਲ ਵੱਢ ਟੁੱਕ ਅਤੇ ਕਿਸੇ ਦੀ ਮੌਤ ਕਰਨ ਦੇ ਕੰਮ ਹੀ ਆਉਂਦੀ ਹੈ। ਪਰ ਪਿਆਰੇ ਅਤੇ ਬਰਕਤਾਂ ਵਾਲੇ ਦਸਮ ਗੁਰੂ ਨਾਨਕ ਸ੍ਰੀ ਕਲਗੀਧਰ ਜੀ ਨੇ ਤਾਂ, ਪਰਮਾਤਮਾਂ ਨੂੰ ਨੇੜੇ ਤੋਂ ਨੇੜੇ ਵਿਖਾ ਕੇ ਉਸ ਨਾਲ ਸਾਡੀ ਪਿਆਰੀ ਅਤੇ ਸਨੇਹਾਂ ਭਰੀ ਗੂੜ੍ਹੀ ਰਿਸ਼ਤੇਦਾਰੀ ਬਣਾਈ ਹੈ:--

੭- **ਹਰਿ ਜਨ ਨਿਕਟਿ ਨਿਕਟਿ ਹਰਿ ਜਨ ਹੈ ਹਰਿ ਰਾਖੈ ਕੰਠਿ ਜਨ ਧਾਰੇ ॥**
**ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ ਹਮ ਬਾਰਿਕ ਹਰਿ ਪ੍ਰਤਿਪਾਰੇ ॥ ੪ ॥**[੯੮੨]-੬-੧੯

## (ਹ)

ਤੇਗ਼ ਕੋਲ ਮੌਤ ਜਾਂ ਵੱਢ ਟੁੱਕ ਦੇ ਸਿਵਾ ਹੋਰ ਹੈ ਵੀ ਕੀ ? ਸ਼ਸਤ੍ਰਾਂ ਦਾ ਪੁਜਾਰੀ ਕ੍ਰੋਧ-ਅਗਨੀ ਵਿਚ ਤਾਂ ਭਾਵੇ ਸੜਦਾ ਰਹੇ, ਆਤਮਕ ਅਡੋਲਤਾ ਉਸ ਦੇ ਭਾਗਾਂ ਵਿਚ ਕਿਥੇ ? ਕਿਉਂਕਿ, " **ਜੈਸਾ ਸੇਵੇ, ਤੈਸੋ ਹੋਵੇ ॥** " [੨੨੩]--"**ਜਿਸੁ ਸਿਉ ਰਾਤਾ, ਤੈਸੋ ਹੋਵੈ ਸਚੇ ਸਚਿ ਸਮਾਇਆ ॥**[੬੪] ਅਤੇ ਫਿਰ---**ਸੋ ਜੀਵਤ ਜਿਹ ਜੀਵਤ ਜਪਿਆ ॥** [੨੫੯] ਸ਼ਸਤਰ ਬੇਜਾਨ ਹੈ । ਇਸ ਦਾ ਜਾਪ ਕਰਨ ਵਾਲਾ ਆਤਮਕ-ਜਿੰਦ ਦਾ ਮਾਲਕ ਕਿਵੇਂ ਰਹਿ ਸਕਦਾ ਹੈ। ਆਪਣੇ ਸਤਿਗੁਰਾਂ ਵਲੋਂ ਬਖ਼ਸ਼ਸ਼ ਵਿਚ ਮਿਲੀ ਹੋਈ "**ਨਿਆਰੀ ਜਿੰਦ ਜਾਨ** " ਖ਼ਾਲਸਾ ਗੁਆਈ ਜਾ ਰਿਹਾ ਹੈ। ਬਚਿਤ੍ਰ ਨਾਟਕ ਦੀ ਦੇਣ ਇਹ " ਜੈ ਤੇਗੰ " ਕੋਈ ਨਿਰਭੈ ਜੋਧਾ ਕਿਸੇ ਤੇਗ਼-ਭਗਤ ਦੇ ਹੱਥੋਂ ਖੋਹ ਕੇ ਉਸੇ ਦਾ ਅੰਤ ਕਰ ਸਕਦਾ ਹੈ, ਜਿਹੜਾ ਵਿਚਾਰਾ " **ਜੈ ਤੇਗ, ਜੈ ਤੇਗੰ** " ਦਾ ਜਾਪ, ਸਾਰੀ ਉਮਰ ਕਰਦਾ ਰਿਹਾ ਸੀ। ਨਿਰਭੈ ਅਤੇ ਅਣਖੀ ਸੂਰਮਾ ਹੀ ਸਦਾ ਸਲਾਹਿਆ ਜਾਂਦਾ ਹੈ, ਸ਼ਸਤਰਾਂ ਦੇ ਸੋਹਲੇ ਜਾਂ ਹਿੰਦੂ ਨੇ ਗਾਏ ਹਨ ਅਤੇ ਜਾਂ ਅੱਜ ਬਚਿਤ੍ਰਨਾਟਕ ਦੇ ਪੁਜਾਰੀਗ਼ਾ ਰਹੇ ਹਨ।

## (ਕ)

ਕੇਵਲ ਮਾਤ੍ਰ ਸ਼ਸਤਰਾਂ ਨੇ ਅੱਜ ਤੱਕ ਕਦੇ ਕੋਈ ਜੰਗ ਨਹੀਂ ਜਿੱਤੀ। ਜੇ ਤੁਪਕ, ਤੇਗ਼, ਸਰੋਹੀ ਤੀਰ ਆਦਿ ਨੂੰ ਹੀ ਰੱਬੀ ਸ਼ਕਤੀਆਂ ਦਾ ਰੂਪ ਦਿੱਤਾ ਜਾ ਰਿਹਾ ਹੈ, ਤਾਂ ਅੱਜ ਦੇ ਹਾਈਡਰੋਜਨ ਬੰਬ ਨੂੰ ਕਿੱਡੇ ਕੁ ਵਡੇ ਰੱਬ ਦੇ ਰੂਪ ਵਿਚ ਵੇਖਣਾ ਹੋਵੇਗਾ ? ਫਿਰ ਤੇਗ਼-ਰੱਬ, ਖੰਡਾ-ਰੱਬ ਜਾਂ ਬਾਣ-ਰੱਬ, ਕਿਸੇ ਹਾਈਡਰੋਜਨ-ਰੱਬ ਦੇ ਸਾਹਮਣੇ ਕੀ ਧਰਤੀ ਤੇ ਟਿਕਿਆ ਰਹਿ ਸਕੇਗਾ? ਮੌਤ ਤੋਂ ਡਰਿਆਂ ਹੋਇਆ ਨੇ ਹੀ ਮਾਰੂ ਖ਼ੂਨਖਾਰ ਦਰਿੰਦਿਆਂ ਨੂੰ ਦੇਵਤੇ ਬਣਾਇਆ ਸੀ। ਦੁਰਗਾ ਦੇ ਹੱਥ ਵਿਚ ਉਸ ਸਮੇ ਦੇ ਭਿਆਨਕ ਸ਼ਸਤ੍ਰ ਫੜਾਏ ਅਤੇ ਉਸ ਦੇਵੀ ਨੂੰ ਫਿਰ ਭਾਰਤ ਵਿਚਲੇ ਸੱਭ ਤੋਂ ਵੱਧ ਸ਼ਕਤੀ-ਸ਼ਾਲੀ ਅਤੇ ਖ਼ੂੰ-ਖ਼ਾਰ ਦਰਿੰਦੇ ਸ਼ੇਰ ਤੇ ਚੜ੍ਹੀ ਦਰਸਾਇਆ। ਰਾਮ ਦੇ ਹੱਥ ਵਿਚ ਧਨੁਖ ਅਤੇ ਬੜੀਆਂ ਭਿਆਨਕ ਤਬਾਹੀਆਂ ਕਰਨ ਵਾਲੇ ਬ੍ਰਹਮ-ਅਸਤਰ ਆਦਿ ਫੜਾਏ। ਕ੍ਰਿਸ਼ਨ ਜੀ ਨੇ ਬਾਲ ਉਮਰਾ ਲੰਘਦਿਆਂ ਹੀ ਸਾਰੀ ਉਮਰ ਆਪਣੇ ਹਥੋਂ (ਉਸ ਸਮੇਂ ਦਾ ਕਥਿਤ ਅਮੋਘ ਅਸਤਰ) **ਸੁਦਰਸ਼ਨ ਚੱਕਰ** ਕਦੇ ਨਹੀਂ ਤਿਆਗਿਆ। ਕ੍ਰਿਸ਼ਨ ਜੀ ਜਦੋਂ ਹੀ ਉਂਗਲੀ ਖੜੀ ਕਰਦੇ ਸਨ ਇਹ ਸਰਬ-ਭੱਖੀ ਚੱਕਰ ਝੱਟ ਉਂਗਲੀ ਤੇ ਆ ਘਣਘੋਰ ਪਾਉਂਦਾ ਦਰਸਾਇਆ

ਹੈ। ਸਦਾ-ਸ਼ਿਵ ਜੀ ਦੀ ਮਹਾਂਘਾਤਨੀ ਤ੍ਰਸ਼ੂਲ ਅਤੇ ਖੜੱਪਾ ਸੱਪ ਸਦਾ ਮੌਤ ਦਾ ਸੁਨੇਹਾ ਲੈ ਕੇ ਦਰਸ਼ਨ ਦੇ ਰਹੇ ਹੁੰਦੇ ਹਨ। ਮਹਾਂ ਕਾਲੀ, ਭੈਰੋਂ ਆਦਿ ਦੇ ਭਿਆਨਕ ਬੁੱਤ ਵੇਖਦਿਆਂ ਹੀ ਕਮਜ਼ੋਰ ਦਿਲ ਮਨੁੱਖ ਸਾਹ-ਸਤ ਗੁਆ ਬੈਠਦਾ ਹੈ। ਪਰ ਗੁਰਮਤਿ ਦਾ ਰੱਬ--" **ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ ॥ ਕੰਚਨ ਕਾਇਆ ਸੋਇਨੇ ਕੀ ਢਾਲਾ ॥** [੫੬੭] ਅਤੇ ਸੁਭਾਅ--

੮- **ਮਿਠ ਬੋਲੜਾ ਜੀ ਹਰਿ ਸੱਜਣੁ ਸੁਆਮੀ ਮੋਰਾ ॥ ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੇ ਕਉਰਾ ॥ ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥ ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥ ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥ ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥ ੧ ॥**[੭੮੪]-੧-੧੧

ਸਤਿਗੁਰੂ ਨਾਨਕ ਜੀ ਦਾ **ਨਿਰਭਉ** ਅਤੇ **ਨਿਰਵੈਰ** ਰੱਬ, ਆਪਣੇ ਨਾਲ ਜੁੜੇ ਮਨੁੱਖ ਨੂੰ ਅਜੇਹਾ ਨਿਰਭੈ ਕਰ ਦਿੰਦਾ ਹੈ ਕਿ ਉਹ-- " **ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥**[੧੪੨੭] ਅਤੇ-- **ਵਵਾ ਵੈਰ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥**[੨੫੯] ਦਾ ਉਪਦੇਸ਼ ਨਿਰੰਤਰਿ ਦੇ ਰਿਹਾ ਹੁੰਦਾ ਹੈ ।

**(ਖ)** ਅੱਗੇ ਤੁਰਨ ਤੋਂ ਪਹਿਲਾਂ ਆਉ ਗੁਰੂ ਗ੍ਰੰਥ ਸਾਹਿਬ ਜੀ ਦੇ ਖੰਡੇ ਅਤੇ ਖੜਗ ਦੇ ਦਰਸ਼ਨ ਕਰ ਲਈਏ :---

੯- **ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮ ਕੰਕਰ ਮਾਰਿ ਬਿਦਾਰੇ ॥..**॥ ੨ ॥ [੫੭੪]-੪

੧੦- **ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥ ...੧ ॥** [੬੨੮]

੧੧- **....ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ ॥ ੭ ॥** [੯੮੩]

੧੨- **....ਕਾਢਿ ਖੜਗੁ ਗੁਰ ਗਿਆਨੁ ਕਰਾਰਾ ਬਿਖੁ ਛੇਦਿ ਛੇਦਿ ਰਸੁ ਪੀਜੈ ॥ ੩ ॥**[੧੩੨੪]

੧੩- **..ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥**
**ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥..**॥੧੪ ॥ [੧੪੧੪]

ਸੰਸਾਰ ਵਿਚ ਪਹਿਲੇ ਅਤੇ ਆਖ਼ਰੀ ਧਰਮ ਗ੍ਰੰਥ " ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ' ਹਨ, ਜਿਨ੍ਹਾਂ ਨੂੰ ਸੰਤ-ਬਹਾਦਰਾਂ ਦੀ ਕੌਮ ਨੇ ਸਮਰਥ ਸਤਿਗੁਰੂ, ਅਤੇ ਤਖ਼ਤ ਚਵਰ ਦਾ ਮਾਲਕ ਸੱਚਾ ਪਾਤਿਸ਼ਾਸ਼ ਆਪਣੇ ਦਿਲਾਂ ਦੀ ਡੂੰਘਾਈ ਤੋਂ ਮੰਨ ਕੇ, ਉਸ ਨੂੰ ਸੱਚਾ ਪਾਤਿਸ਼ਾਹ ਜਾਣਿਆ (ਸੀ ਕਿ-) ਹੈ ?

ਗੁਰੂ ਗ੍ਰੰਥ ਸਾਹਿਬ ਜੀ ਰਤਨ, ਜਵਾਹਰ, ਮਾਣਕ ਰੂਪੀ ਸਿਖਿਆ ਦੇ ਅਨਮੋਲ ਗਿਆਨ ਦਾ ਅਜੇਹਾ ਅਥਾਹ ਭੰਡਾਰ ਹਨ ਕਿ ਇਹ **(-ਹੁਕਮ ਵਿਚ ਰਹਿ ਕੇ ਸਿਖਿਆ ਤੇ ਤੁਰਨ ਵਾਲਿਆਂ)**-ਆਪਣੇ ਸਿੱਖਾਂ ਨੂੰ ਉਚੇ ਆਚਰਨ ਵਾਲੀ ਜੀਵਨ ਜੁਗਤ ਵਾਲੇ, ਗ਼ਰੀਬਾਂ ਨਿਆਸਰਿਆਂ ਦੇ ਆਸਰੇ ਤੇ ਦੀਨਾ ਦੁਖੀਆਂ ਦੇ ਸੱਚੇ ਦਿਲੋਂ ਹਮਦਰਦ, ਸੱਚ ਦੀ ਰਾਖੀ ਲਈ ਹੱਸਦੇ ਹੱਸਦੇ ਕੁਰਬਾਨ ਹੋ ਜਾਣ ਵਾਲੇ, ਅਤੇ ਅਜੇਹੇ ਸੰਨਿਆਸੀ ਬਣਾਉਂਦੇ ਹਨ, ਕਿ, ਗ੍ਰਿਹਸਤੀ ਜੀਵਨ ਦੇ ਸਾਰੇ ਸੁੱਖ ਭੋਗਦਿਆਂ ਹੋਇਆਂ ਵੀ ਮਾਇਆ ਤੋਂ ਇਉਂ ਅਭਿੱਜ ਰਹਿੰਦੇ ਹਨ--" **ਜੈਸੇ ਜਲ ਮਹਿ ਕਮਲੁ ਨਿਰਾਲਮ ਮੁਰਗਾਈ ਨੈ ਸਾਣੇ ॥**[੯੩੮] ਅਥਵਾ ਜਿਵੇਂ--' **ਜਲ ਮਹਿ ਕਮਲ ਅਲੇਪ '॥**[੨੭੨]। ਸਤਿਗੁਰਾਂ ਨੇ ਅਜੇਹੇ ਅਨਮੋਲ **ਖੰਡੇ** ਅਤੇ **ਖੜਗ** ਦੀ ਬਖ਼ਸ਼ ਕੀਤੀ ਹੈ ਜਿਸ ਦੇ ਧਾਰਨੀ ਹੋਣ ਨਾਲ ਸੰਸਾਰੀਆਂ ਨੇ ਸੰਸਾਰ-ਅਖਾੜੇ ਵਿਚਲੇ ਯੁੱਧ ਵਿਚ ਬੜੀ ਲਾਹੇਵੰਦ ਅਤੇ ਚਿਰ ਰਹਿਣੀ ਜਿੱਤ ਪ੍ਰਾਪਤ ਕਰਦੇ ਰਹਿਣਾ ਹੁੰਦਾ ਹੈ। ਸੰਸਾਰ ਵਿਚ ਠੰਡੀ ਜੰਗ (ਭਾਵ, ਵਿਚਾਰਾਂ ਦੇ ਟਕਰਾਉ ਦੀ ਲੜਾਈ) ਸਦਾ ਛਿੜੀ ਰਹਿੰਦੀ ਹੈ। ਜਿਸ ਧਿਰ ਕੋਲ ਸ਼ੁੱਧ ਗਿਆਨ ਹੋਵੇ ਉਸੇ ਦੀ ਜਿੱਤ ਹੁੰਦੀ ਹੈ। ਸਾਡੇ ਕੋਲ ਕੇਵਲ ਗਿਆਨ ਦਾ ਅਨਮੋਲ ਖ਼ਜ਼ਾਨਾ ਹੀ ਨਹੀਂ ਹੈ ਸਗੋਂ ਨਾਲ ਹੀ ਮਿਠਾਸ ਭਰੇ ਬੋਲ-ਚਾਲ ਵਾਲੇ ਵਿਧੀ ਵਿਧਾਨ ਦਾ ਅਥਾਹ ਭੰਡਾਰ ਵੀ ਹੈ । ਨਿਰੰਕਾਰੀਆਂ ਨਾਲ ਸਿਧਾਂਦਕ ਲੜਾਈ ਸੀ । ਇਸ ਲੜਾਈ ਵਿਚ ਉਪਰੋਕਤ ਸ਼ਸਤਰਾਂ ਦੇ ਨਾਲ, ਸਤਿਗੁਰਾਂ ਤੋਂ ਸਿੱਖੀ ਹੋਈ ਬੋਲਣ-ਮਰਯਾਦਾ ਨਾਲ ਸੱਜ (ਸ਼ਸਤਰ ਧਾਰੀ ਹੋ) ਕੇ, ਮੈਦਾਨ ਵਿਚ ਨਿਤ੍ਰਨਾ ਚਾਹੀਦਾ ਸੀ। ਅਸੀਂ ਏਹੀ ਕਹਿੰਦੇ ਹਾਂ ਕਿ ਨਿਰੰਕਾਰੀਆਂ ਨੇ ਝੂਠ ਦੀ ਦੁਕਾਨ ਖੋਹਲੀ ਹੋਈ ਹੈ। ਭਾਵ, ਸੱਚ ਦਾ ਸੂਰਜ ਉਨ੍ਹਾਂ ਕੋਲ ਨਹੀਂ ਸਗੋਂ ਸਾਡੇ ਕੋਲ ਹੈ। ਫਿਰ ਅਸੀਂ ਸੱਚ ਦਾ ਸੂਰਜ ਅਜੇਹੇ ਸੁਚੱਜੇ ਢੰਗ ਨਾਲ ਅਸਮਾਨੀ ਚਾੜ੍ਹਦੇ ਕਿ ਝੂਠ ਦੀ ਰਾਤ ਆਪਣੇ ਆਪ ਦਿਨ ਵਿਚ ਬਦਲ ਜਾਂਦੀ। ਲੋਕਾਂ ਦੇ ਭਰਮ ਭੁਲੇਖੇ ਦੂਰ ਹੋ ਜਾਂਦੇ ਅਤੇ ਨਿਰੰਕਾਰੀਆਂ ਜਿਹੇ ਸਾਰੇ ਡੇਰਿਆਂ ਤੇ ਸੁੰਨ ਵਰਤ ਜਾਂਦੀ। ਪਰ ਸਾਡੇ ਮਨਮੁੱਖ ਜੋਸ਼ ਨੇ " **ਜੈ ਤੇਗੰ** " ਦੀ ਵਰਤੋਂ ਕਰਨ ਵਿਚ ਪੰਥਕ ਸੇਵਾ ਮੰਨ ਲਈ। ਨਤੀਜਾ ਉਲਟ ਹੋਇਆ। ਨਿਰੰਕਾਰੀਆਂ ਪ੍ਰਤੀ ਲੋਕਾਂ ਦੀ ਹਮਦਰਦੀ ਹੋਰ ਵੀ ਵਧੀ। ਉਨ੍ਹਾਂ ਦੇ ਡੇਰੇ ਰੌਣਕਾਂ ਵਧੀਆਂ। ਅਤੇ ਸਾਨੂੰ ਵੱਡੀ ਘਾਟ ਇਹ ਪਈ ਕਿ ਸਾਡੇ ਵਿਚ ਸੱਚੀ ਗੱਲ ਲਿਖਣ ਵਾਲੇ ਸੁਹਿਰਦ ਨੂੰ ਆਪਣੇ ਹੀ ਗੁਰੂ ਭਾਈਆਂ ਕੋਲੋਂ ਗੋਲੀ ਆ ਵੱਜਣ ਦਾ ਤੌਖ਼ਲਾ ਅਨੁਭਵ ਹੋਣਾ ਅਰੰਭ ਹੋ ਗਿਆ। ਆਜ਼ਾਦੀ ਦੀ ਜੀਵਣੀ ਪ੍ਰਾਪਤ ਕਰਨ ਲਈ ਛੇੜੇ ਪਿਛਲੇ ਸੰਘਰਸ਼ ਵਿਚ ਵੀ ਸਰਕਾਰ ਨਾਲ ਸਿਧਾਂਦਕ ਸੰਗਠਨ ਵਾਲੀ ਲੜਾਈ ਲੜਨ ਦੀ ਲੋੜ ਸੀ *****।

*** Foot note:--**ਇਸ ਦਲੀਲ ਨੂੰ ਠੀਕ ਤਰ੍ਹਾਂ ਸਮਝਣ ਲਈ ਪੁਸਤਕ ਦੇ ਪਹਿਲੇ ਭਾਗ ਦੇ ਚੌਥੇ ਕਾਂਡ ਵਿਚ ਛਪੀ ਚਿੱਠੀ ਪੜ੍ਹੋ । ਇਹ ਚਿੱਠੀ ਉਸ ਸਮੇ ਦੇ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰੋਫੈਸਰ ਦਰਸ਼ਨ ਸਿੰਘ ਜੀ ਨੂੰ ਲਿਖੀ ਸੀ]

ਅਸਾਂ ਮੋਟਰ ਸਾਈਕਲਾਂ ਨੂੰ ਅਤੇ ਪਸਤੌਲਾਂ ਨੂੰ ਆਜ਼ਾਦੀ ਦਾਤੇ ਮੰਨ ਲਿਆ । ਨਤੀਜਾ **?** ਅਸੀਂ ਸੈਂਕੜੇ ਸਾਲ ਹੋਰ ਪਿੱਛੇ ਜਾ ਪਏ ?

**(੧)** **ਸਾਡੇ ਸਰਬ ਉੱਚ ਧਰਮ ਅਸਥਾਨ ਦੀ ਪਾਵਣਤਾ ਫੌਜੀਆਂ ਦੇ ਪੈਰਾਂ ਹੇਠ ਰੁਲਦੀ ਸੰਸਾਰ ਨੇ ਵੇਖੀ ।**

**(੨)** **ਸਕਾਰੀ ਧੱਕੇ ਖੋਰੀ ਵਿਰੁੱਧ ਸ੍ਰੀ ਦਰਬਾਰ ਸਾਹਿਬ ਤੋਂ ਮੋਰਚੇ ਅਰੰਭ ਕਰ ਕੇ ਜਥੇ ਤੋਰ ਸਕਣ ਵਾਲੀ ਖੁਲ੍ਹ ਸਦਾ ਲਈ ਜਾਂਦੀ ਰਹੀ।**

**(੩)** **ਤੇਜਾ ਸਿੰਘ ਸਮੁਦਰੀ ਹਾਲ ਅਤੇ ਮੰਜੀ ਸਾਹਿਬ ਵਿਚਲੀ ਸੜਕ ਨੂੰ ਵੀ ਬੰਦ ਕਰਕੇ ਆਪਣਾ ਗੇਟ ਲਾ ਕੇ ਹਰਮੰਦਰ ਸਾਹਿਬ ਲਈ ਵੈਰੀ ਦਾ ਪਹੁੰਚਣਾ ਮੁਸ਼ਕਲ ਕਰ ਸਕਿਆ ਕਰਦੇ ਸਾਂ। ਉਹ ਸੜਕ ਵੀ ਆਪਣੀ ਨਾ ਰਹੀ ।** ( ਸਾਨੂੰ ਮੂਰਖ ਬਣਾਊਣ ਲਈ, ਸਰਕਾਰ ਇਸ ਸੜਕ ਨੂੰ ਕੁਝ ਸਮੇਂ ਲਈ ਸਾਡੇ ਹਵਾਲੇ ਕਰ ਵੀ ਸਕਦੀ ਹੈ । ਇੱਕ ਵਾਰੀ ਖੋਹ ਕੇ ਸਾਨੂੰ ਸਾਡੀ ਬੇਬਸੀ ਦਾ ਅਨੁਭਵ ਕਰਾ ਲਿਆ ਹੈ, ਕਿ ਹੁਣ ਅਸੀਂ ਇਸ ਨੂੰ ਬੰਦ ਕਰਕੇ ਸਰਕਾਰ ਵਿਰੁੱਧ ਕਿਲ੍ਹਾ ਬੰਦੀ ਨਹੀਂ ਕਰ ਸਕਦੇ)

**(੪)** **ਸ੍ਰੀ ਦਰਬਾਰ ਸਾਹਿਬ ਦਾ ਜਿਹੜਾ ਚੌਗਿਰਦਾ ਸਰਕਾਰ ਕੋਲੋਂ ਪਵਿਤ੍ਰ ਬਣਵਾ ਲਿਆ ਸੀ ਅਤੇ ਸਾਰੀਆਂ ਤਮਾਕੂ ਦੀਆਂ ਦੁਕਾਨਾਂ ਬੰਦ ਕਰਵਾ ਲਈਆਂ ਸਨ । ਅੱਜ (ਸੁਣਿਆਂ ਹੈ ਕਿ) ਉਸੇ ਸੜਕ (ਮੰਜੀ ਸਾਹਿਬ ਅਤੇ ਗੁਰੂ ਨਾਨਕ ਨਿਵਾਸ ਵਿਚਕਾਰਲੀ) ਤੇ ਤਮਾਕੂ ਪੀਣ ਵਾਲੇ ਸਪਾਹੀ ਬੂਟਾਂ ਅਤੇ ਵਰਦੀ ਸਮੇਤ ਗਸ਼ਤ ਕਰਦੇ ਹਨ ।**

**(੫)** **ਉਹੀ ਸਿਪਾਹੀ ਹਰਿਮੰਦਰ ਸਾਹਿਬ ਨੂੰ ਜਾਂਦੀ ਸੰਗਤਿ ਦੀ ਜਾਮਾ-ਤਲਾਸ਼ੀ ਕਰ ਰਹੇ ਹੁੰਦੇ ਹਨ । ਭਾਵ,** ਪਹਿਲਾਂ ਵਾਂਗ, ਸ੍ਰੀ ਦਰਬਾਰ ਸਾਹਿਬ ਦੀ ਹੱਦ ਦੇ ਅੰਦਰੋਂ ਹੁਣ ਆਜ਼ਾਦੀ ਦੀ ਲੜਾਈ ਲਈ ਜਥੇ, ਕਦੇ ਨਹੀਂ ਤੋਰੇ ਜਾ ਸਕਣੇ।

**ਸ਼ਸਤਰਾਂ ਦੀ ਵਰਤੋਂ** ਬੜੀ ਲੰਮੀ ਸੋਚ ਸਮਝ ਉਪ੍ਰੰਤ ਕਰਨੀ ਹੁੰਦੀ ਹੈ। ਜਿਵੇਂ ਮੱਸੇ ਰੰਘੜ ਦਾ ਰੰਘੜਾਊ **ਸਾਰੇ ਹੱਦ ਬੰਨੇ ਟੱਪ ਚੁੱਕਾ ਸੀ--" ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥ ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥"** ਵਾਲੀ ਹਾਲਤ ਬਣ ਚੁੱਕੀ ਸੀ। ਸੂਰਮਿਆਂ ਨੇ ਅਜੇਹੀ ਸੂਰਮਤਾਈ ਵਿਖਾਈ ਜੋ ਰਹਿੰਦੀ ਦੁਨੀਆਂ ਤੱਕ ਸਲਾਹੀ ਜਾਵੇਗੀ। ਜਦ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਿਲਦੇ ਸ਼ਸਤਰਾਂ ਦੇ ਥਾਂ ਉਨ੍ਹਾਂ ਹਥਿਆਰਾਂ ਦੀ ਪੂਜਾ ਕਰਨੀ ਸਿੱਖ ਰਹੇ ਹਾਂ ਜਿਹੜੇ ਵੈਰੀ ਦੇ ਹੱਥੇ ਚੜ੍ਹੇ ਆਪਣੀ ਪੂਜਾ ਕਰਨ ਵਾਲਿਆਂ ਦਾ ਹੀ ਸਰਬ-ਨਾਸ ਕਰ ਸਕਦੇ ਹਨ, ਫਿਰ ਪੰਥ ਵਿਚ ਸੁੱਖ-ਸਾਂਦ ਕਿਵੇਂ ਵਰਤੇ? ਪਾਠਕ ਸੱਜਣ ਜੀਓ ! ਈਮਾਨਦਾਰੀ ਨਾਲ ਆਪਣੇ ਮਨ ਕੋਲੋਂ ਪੁਛੋ, ਕੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁੰਦਿਆਂ ਕਿਸੇ ਹੋਰ ਨੂੰ ਗੁਰੂ ਧਾਰਨ ਦੀ ਕੋਈ ਲੋੜ ਬਾਕੀ ਰਹਿ ਜਾਂਦੀ ਹੈ ਜੀ ?

**ਵਿਚਾਰ ਅਤੇ ਜੋਦੜੀ:--ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸ਼ਸਤਰਾਂ ਤੋਂ ਬਿਨਾ ਮਨੁੱਖ ਲਈ ਇੱਜ਼ਤ ਨਾਲ ਜੀਊਣਾ ਮੁਸ਼ਕਲ ਹੈ। ਚੰਗੇ ਤੋਂ ਚੰਗੇ ਹਥਿਆਰਾਂ ਦੀ ਲੋੜ ਸਦਾ ਰਹਿੰਦੀ ਹੈ। ਸੰਸਾਰ ਅਖਾੜੇ ਦੇ ਯੁੱਧ ਵਿਚ ਫ਼ਤਹਿ ਪਾਉਣ ਲਈ ਦੇਗ਼ ਦੇ ਨਾਲ ਤੇਗ਼ ਦਾ ਹੋਣਾ ਵੀ ਜ਼ਰੂਰੀ ਹੈ। ਸ਼ਸਤਰਾਂ ਦੀ ਵੱਧ ਤੋਂ ਵੱਧ ਸੰਭਾਲ ਕਰਨੀ ਬੜੀ ਜ਼ਰੂਰੀ ਹੈ। ਪਰ ਸ਼ਸਤਰਾਂ ਦੀ ਪੂਜਾ ਕੇਵਲ ਬ੍ਰਾਹਮਣ ਦੀ ਦੇਣ ਹੈ । ਰੱਬੀ ਸ਼ਕਤੀ ਸਮਝ ਕੇ ਇਨ੍ਹਾਂ ਦੀ ਪੂਜਾ ਕਰਨ ਵਾਲਾ ਹਿੰਦੂ, ਪਹਿਲਾਂ ਸੈਂਕੜੇ ਸਾਲ ਮੁਸਲਮਾਨਾਂ ਕੋਲੋਂ ਆਪਣੀ ਪਤ ਬਾਜ਼ਾਰਾਂ ਵਿਚ ਨਿਲਾਮ ਕਰਵਾਉਂਦਾ ਰਿਹਾ, ਅਤੇ ਫਿਰ ਅੰਗ੍ਰੇਜ਼ ਦਾ ਗ਼ੁਲਾਮ ਰਿਹਾ । ਭਿਆਨਕ ਸ਼ਸਤਰਾਂ ਦੇ ਮਾਲਕ, ਅਮਰੀਕਾ, ਰੂਸ, ਇੰਗਲੈਂਡ, ਅਰਬ ਈਰਾਕ, ਚੀਨ ਆਦਿ ਬੇਅੰਤ ਦੇਸ਼ ਹਨ ਜਿੰਨ੍ਹਾਂ ਦਾ ਸੰਸਾਰ ਅਖਾੜੇ ਵਿਚ ਬੜਾ ਨਾਮਣਾ ਹੈ। ਵਿਸ਼ਾਲ ਰਾਜ-ਭਾਗਾਂ ਦੇ ਮਾਲਕ ਇਨ੍ਹਾਂ ਦੇਸ਼ਾਂ ਵਿਚੋਂ ਸ਼ਸਤਰਾਂ ਦੀ ਪੂਜਾ ਕਰਨੀ ਕੋਈ ਨਹੀਂ ਜਾਣਦਾ। ਸਗੋਂ ਸ਼ਸਤਰਾਂ ਦੀ ਪੂਜਾ ਦੀ ਗੱਲ ਸੁਣ ਕੇ ਸਾਰੇ ਮਖ਼ੌਲ ਕਰਦੇ ਹਨ। ਖ਼ਾਲਸਾ ਪੰਥ ਦੀ ਨਿਤ ਵੱਧ ਰਹੀ ਸ਼ਕਤੀ ਤੋਂ ਸੜ ਕੇ ਪੰਥ ਵਿਚ--ਜਿਤੇ ਸ਼ਸਤ੍ਰ ਨਾਮੰ ਨਸਮਕਾਰ ਤਾਮੰ**-ਵਾਲੀ ਸ਼ਸਤ੍ਰ ਮਾਲਾ ਦਾ ਜਾਪ ਅਤੇ ਆਪਣੀਆਂ ਹੋਰ ਰੀਤਾਂ ਬਿਪ੍ਰ ਨੇ ਹੀ ਵਾੜੀਆਂ ਹਨ। ਦੁਹਾਈ ਹੈ ਦਸ਼ਮੇਸ਼ ਜੀ ਦੇ ਨਾ ਦੀ । ਖ਼ਾਲਸਾ ਜੀ ! ਪਾਉ ਮੋੜਾ ਆਪਣੇ ਅਸਲੇ ਵੱਲ । ਅੱਜ ਜਿਸ ਜਿਲ੍ਹਣ ਵਿਚ ਤੁਸੀ ਫੱਸੇ ਹੋਏ ਹੋ ਉਸ ਵਿਚੋਂ ਨਿਕਲ ਕੇ ਵਾਪਸ ਮੁੜ ਆਉਣਾ, ਅਜੇਹੀ ਨਿਆਰੀ ਕਰਾਮਾਤ ਹੋਣੀ ਹੈ ਜਿਸ **ਦੀ ਕੋਈ ਮਿਸਾਲ ਇਤਿਹਾਸਕਾਰਾਂ ਨੂੰ ਕਿਤੋਂ ਨਹੀਂ ਮਿਲਣੀ**

**(੨) ਕਾਲ ਜੀ ਦੀ ਪੂਜਾ ?:--ਸ੍ਰੀ ਕਾਲ ਜੀ ਕੀ ਉਸਤਤਿ "** ਸਿਰਲੇਖ ਬਾਰੇ ਪੰਡਿਤ ਨਰੈਣ ਸਿੰਘ ਜੀ ਦੇ ਅਰਥਾਂ ਦੇ ਅਧਾਰ ਤੇ ਅਸੀਂ ਵਿਚਾਰ ਲਿਖ ਆਏ ਹਾਂ । ਪੰਡਿਤ ਜੀ ਨੇ ਕਾਲ ਦਾ ਅਰਥ ਵੀ ਤਲਵਾਰ ਹੀ ਕੀਤਾ ਹੈ । ਪਰ ਬਚਿਤ੍ਰ ਨਾਟਕ ਦੀ ਆਪਣੀ ਲਿਖਤ ਕੁਝ ਹੋਰ ਬੋਲਦੀ ਹੈ। ਉਪ੍ਰੋਕਤ ਤ੍ਰਿਭੰਗੀ ਛੰਦ ਨੰਬਰ ੨ ਵਿਚ ਤਲਵਾਰ-ਰੂਪ ਕਾਲ ਦੇ ਦਰਸ਼ਨ ਅਸਾਂ ਕਰ ਲਏ ਹਨ। ਸਿਰਲੇਖ ਉਹੀ ਹੈ ਪਰ:---

**ਭੁਜੰਗ ਪ੍ਰਯਾਤ ਛੰਦ**

**ਸਦਾ ਏਕ ਜੋਤਿਯੰ ਅਜੂਨੀ ਸਰੂਪੰ ॥ ਮਹਾਂ ਦੇਵ ਦੇਵੰ ਮਹਾ ਭੂਪ ਭੂਪੰ ॥**
**ਨਿਰੰਕਾਰ ਨਿਤਯੰ ਨਿਰੂਪੰ ਨ੍ਰਿਬਾਣੰ ॥ ਕਲੰਕਾਰਣੇਯੰ ਨਮੋ ਖੜਗ ਪਾਣੰ ॥ ੩ ॥**

**ਅਰਥ**:--(ਜੋ) ਸਦਾ ਇਕ ਪ੍ਰਕਾਸ਼ ਕਰਨ ਵਾਲਾ ਹੈ ਅਤੇ ਅਜੂਨੀ ਸਰੂਪ ਹੈ। (ਜੋ) ਵਡੇ ਦੇਵਤਿਆਂ ਦਾ ਦੇਵਤਾ ਹੈ ਅਤੇ ਰਾਜਿਆਂ ਦਾ ਰਾਜਾ ਹੈ। (ਜੋ) ਸਰੀਰ ਤੋਂ ਬਿਨਾਂ ਹੈ, ਨਿਤਯ ਹੈ, **ਰੂਪ ਤੋਂ ਬਿਨਾਂ ਤੇ ਬਾਣ ਤੋਂ ਰਹਿਤ ਹੈ।** (ਜੋ) ਸ਼ਕਤੀਆਂ ਦੇ ਕਰਨ ਵਾਲਾ ਅਤੇ **ਖੜਗ ਧਾਰੀ** ਹੈ, (ਉਸਨੂੰ) ਨਮਸ਼ਕਾਰ ਹੈ।

**ਸਦਾ ਏਕ ਜੋਤਯੰ ਅਜੂਨੀ ਸਰੂਪੰ ॥ ਮਹਾਂ ਦੇਵ ਦੇਵੰ ਮਹਾਂ ਭੂਪ ਭੂਪੰ ॥**
**ਨ ਰੰਕੰ ਨ ਰਾਯੰ ਨ ਰੂਪੰ ਨ ਰੇਖੰ ॥ ਨ ਰੰਗੰ ਨ ਰਾਗੰ ਅਪਾਰੰ ਅਭੇਖੰ ॥ ੪ ॥**
**ਨ ਰੂਪੰ ਨ ਰੇਖੰ ਨ ਰੰਗੰ ਨ ਰਾਗੰ ॥ ਨ ਨਾਮੰ ਨ ਠਾਮੰ ਮਹਾ ਜੋਤਿ ਜਾਗੰ ॥**
**ਨ ਦਵੈਖੰ ਨ ਭੇਖੰ ਨਿਰੰਕਾਰ ਨਿਤਯੰ ॥ ਮਹਾ ਜੋਗ ਜੋਗੰ ਸੁ ਪਰਮੰ ਪਵਿਤਯੰ ॥ ੫ ॥**

ਏਸੇ ਤਰ੍ਹਾਂ ਹੀ ਨਿਰੰਕਾਰ ਅਤੇ ਸਰਬ ਵਿਆਪੀ ਸਰੂਪ ਦੀ ਵਿਆਖਿਆ ਕੀਤੀ ਹੈ ਅਤੇ ਏਹ ਵਿਆਖਿਆ ੧੭ ਛੰਦ ਤੱਕ ਬੜੇ ਸੁੰਦਰ ਢੰਗ ਨਾਲ ਜਾਰੀ ਰਹਿੰਦੀ ਹੈ। ਬ੍ਰਾਹਮਣੀ ਗ੍ਰੰਥਾ ਦੇ ਲਿਖਣ ਢੰਗ ਤੋਂ ਅਣਜਾਣ ਗੁਰਸਿੱਖ ਪੱਕੀ ਤਰ੍ਹਾਂ ਭਰੋਸਾ ਕਰਨ ਲਈ ਮਜਬੂਰ ਹੋ ਜਾਂਦਾ ਹੈ ਕਿ ਇਹ ਲਿਖਤ ਗੁਰਬਾਣੀ ਦੇ ਅਨਕੂਲ ਹੋਣ ਦੇ ਕਾਰਨ ਦਸ਼ਮੇਸ਼ ਜੀ ਦੀ ਹੀ ਹੈ। ਨਿਰੋਲ ਝੂਠ ਨੂੰ ਰੱਬ ਬਣਾ ਕੇ ਮੰਦਰਾਂ ਵਿਚ ਟਿਕਾ ਕੇ ਪੂਜਾ ਕਰਵਾਉਣ ਦੀ ਵਿਧੀ ਵਿਚ ਨਿਪੁੰਨ ਬ੍ਰਾਹਮਣ ਆਪਣੇ ਉਸੇ ਢੰਗ ਨੂੰ ਵਰਤਦਾ ਹੈ ਜਿਸ ਦੁਆਰਾ ਉਹ ਹਿੰਦੂਆਂ ਕੋਲੋਂ ਪਹਾੜ ਜਿਡੇ ਝੂਠ ਦੀ ਪੂਜਾ ਕਰਵਾ ਲੈਣ ਵਿਚ ਸਫ਼ਲਤਾ ਪ੍ਰਾਪਤ ਕਰ ਚੁੱਕਾ ਸੀ। ਸਤਾਰ੍ਹਵੇਂ ਛੰਦ ਤੱਕ ਪਰਮਾਤਮਾਂ ਨੂੰ ਲੇਖੇ ਵਿਚ ਨਾ ਆਉਣ ਵਾਲਾ ਅਬਿਨਾਸ਼ੀ, ਅਗੰਮ, ਅਗਾਧ, ਨਿਰੰਅਕਾਰ, ਜਿਸ ਦਾ ਨਾ ਕੋਈ ਰੂਪ ਹੈ ਨਾ ਰੰਗ ਹੈ, ਆਦਿ ਲਗ ਪਗ ਉਹੀ ਕੁਝ ਲਿਖਦਾ ਹੈ ਜਿਵੇਂ ਗੁਰਬਾਣੀ ਵਿਚ ਨਿਰੰਕਾਰ ਦੀ ਸਿਫ਼ਤਿ ਹੈ। ਭਾਵ, ਬ੍ਰਾਹਮਣ

ਨੇ ਗੁਰੂ ਨਾਨਕ ਦੇਵ ਜੀ ਦੇ ਉਨ੍ਹਾਂ ਹੀ ਅਰਥਾਂ ਵਾਲੇ ਵਾਹਿਗੁਰੂ ਜੀ --" **ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ, ਸਹਸ ਮੂਰਤਿ ਨਨਾ ਏਕ ਤੁੋਹੀ** "-- ਦਾ ਰੂਪ ਉਲੀਕਿਆ ਹੈ । ਅਥਵਾ, ਜਿਵੇਂ ਜਾਪ ਸਾਹਿਬ ਵਿਚ--**ਚਕ੍ਰ ਚਿਹਨ ਅਰੁ ਬਰਨ, ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥** ਅਦਿ ਲਿਖ ਕੇ ਪ੍ਰਭੂ ਨੂੰ ਸਰਬ ਵਿਆਪੀ ਅਮਿਤੋਜ ਲਿਖਿਆ ਹੈ। ਬਿਚਿਤ੍ਰ ਨਾਟਕ ਵਿਚ ਵੀ ਐਨ ਉਸੇ ਹੀ ਤਰ੍ਹਾਂ ਦਾ ਪ੍ਰਭੂ ਨੂੰ ਨਿਰਅਕਾਰ ਦਰਸਾ ਕੇ, ਤਜਰਬੇਕਾਰ ਲਿਖਾਰੀ ਨੇ, ਝੱਟ ਹੀ ਮੋੜ ਖਾਧਾ ਅਤੇ ਆਪਣੇ ਅਸਲ ਮੰਤਵ ਵੱਲ ਪਰਤ ਪਿਆ । ਜਿਸ ਪ੍ਰਭੂ ਨੂੰ ਕਿਸੇ ਚਕ੍ਰ ਚਿਹਨ ਤੋਂ ਬਾਹਰਾ ਆਪ ਹੀ ਲਿਖਿਆ ਸੀ, ਉਹ ਝੱਟ ਬਿੱਪ੍ਰੀ ਗ੍ਰੰਥਾਂ ਵਾਲਾ ਭਿਆਨਕ **ਮਹਾਂ ਕਾਲ** ਬਣ ਗਿਆ। ੧੮ਵਾਂ ਛੰਦ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ:--

**ਕਰੰ ਬਾਮ ਚਾਪਿਯੰ ਕਿਰਪਾਣੰ ਕਰਾਲੰ ॥ ਮਹਾ ਤੇਜ ਤੇਜੰ ਬਿਰਾਜੈ ਬਿਸਾਲੰ ॥**
**ਮਹਾ ਦਾੜ੍ਹ ਗਾੜ੍ਹੰ ਸੁ ਸੋਹੰ ਅਪਾਰੰ ॥ ਜਿਨੈ ਦਰਬੀਯੰ ਜੀਵ ਜੱਗਯੰ ਹਜਾਰੰ ॥ ੧੮ ॥**

**ਪਦ ਅਰਥ**:--ਕਰੰ=ਹਥ ਵਿਚ। ਬਾਮ=ਖੱਬਾ। ਚਾਪਿਯੰ=ਧਨੁਖ ਹੈ। ਕ੍ਰਿਪਾਣੰ=ਤਲਵਾਰ। ਕਰਾਲੰ=ਡਰੌਣੀ। ਮਹਾ ਦਾੜ੍ਹ=ਵੱਡੀ ਦਾੜ (ਹੁਡ) ਵਾਲਾ ਬਰਾਹ ਅਵਤਾਰ। ਦਾੜੰ=ਦਰੜ ਫਰੜ ਕਰਕੇ ਖਾ ਜਾਣਾ । ਜੱਗਯੰ=ਜਗਤ ਦੇ।

**ਅਰਥ**:--ਜਿਸ ਦੇ ਖੱਬੇ ਹੱਥ ਵਿਚ ਧਨੁਖ ਹੈ, (ਤੇ ਸੱਜੇ ਹਥ ਵਿਚ) ਡਰੌਣੀ ਤਲਵਾਰ ਹੈ । ਵਡੇ ਤੇਜ (ਨੂੰ ਪਾ ਕੇ) ਮਹਾਨ ਤੇਜਵਾਨ (ਹੋ ਕੇ) ਬਿਰਾਜ ਰਿਹਾ ਹੈ । (ਜਿਸ ਨੇ) ਬਰਾਹ ਅਵਤਾਰ ਨੂੰ ਦਰੜ ਲਿਆ ਸੀ, ਉਹ ਅਪਾਰ ਸੋਭਾ ਵਾਲਾ ਹੈ । ਜਿਸ ਨੇ ਜਗਤ ਦੇ ਹਜ਼ਾਰਾਂ ਜੀਵਾਂ ਨੂੰ ਚਿੱਥ ਚਿੱਥ ਕੇ ਖਾ ਲਿਆ ਹੈ ।

[ਨੋਟ:--ਸ਼ਿਵ ਪੁਰਾਨ ਵਿਚ ਕਥਾ ਹੈ ਕਿ ਜਦੋਂ ਹਰਨਕਸ਼ਪ ਦੈਂਤ ਬ੍ਰਹਮਾਂ ਨਾਲ ਨਰਾਜ਼ ਹੋ ਕੇ ਧਰਤੀ ਲੈ ਕੇ ਨੱਸ ਗਿਆ ਸੀ ਤਾਂ ਵਿਸ਼ਨੂੰ ਨੇ ਬਰਾਹ (-ਸੂਰ) ਦਾ ਅਵਤਾਰ ਲੈ ਕੇ ਉਸ ਦੈਂਤ ਕੋਲੋਂ ਧਰਤੀ ਖੋਹ ਲਿਆਂਦੀ ਸੀ । ਪਰ ਫਿਰ ਹੰਕਾਰੀ ਹੋ ਕੇ ਬੜਾ ਭੂਤਰ ਗਿਆ ਸੀ ਤਾਂ ਮਹਾਂ-ਸ਼ਿਵ ਅਥਵਾ ਸਦਾ-ਸ਼ਿਵ ਜੀ ਅਥਵਾ ਮਹਾਂ-ਕਾਲ ਜੀ ਨੇ ਉਸ ਨੂੰ ਬੜਾ ਰੋਲਿਆ ਅਤੇ ਪਟਕਾ ਪਟਕਾ ਕੇ ਧਰਤੀ ਤੇ ਮਾਰਿਆ ਸੀ । ਸੋ ਉਪ੍ਰੋਕਤ ਛੰਦ ਵਿਚ ਸਾਰੀ ਸਿਫ਼ਤਿ ਓਸੇ ਮਹਾਂਕਾਲ ਦੀ ਹੈ ਜੋ ਪਾਰਬਤੀ ਅਥਵਾ ਦੁਰਗਾ ਦੇ ਪਤੀ ਦੀ ਹੈ ]

ਉਪਰੋਕ ਤੀਜੇ ਛੰਦ ਵਿਚ ਪਹਿਲਾਂ ਜਿਸ ਨੂੰ ਤੀਰਾਂ ਅਤੇ ਖੜਗ ਤੋਂ ਬਿਨਾ ਲਿਖਿਆ ਸੀ ਹੁਣ ਖੱਬੇ ਹੱਥ ਵਿਚ ਧਨੁਖ ਅਤੇ ਸੱਜੇ ਹੱਥ ਵਿਚ ਡਰਾਉਣੀ ਤਲਵਾਰ ਆ ਗਈ। ਅਤੇ ਜੀਵਾਂ ਨੂੰ ਦਰੜ ਦਰੜ ਕੇ ਖਾਣ ਵਾਲਾ ਬਣ ਗਿਆ। **ਬਰਾਹ** ਅਵਤਾਰ (= **ਸੂਰ** ਅਵਰਤਾਰ) ਵਿਸ਼ਨੂੰ ਨੇ ਧਰਤੀ ਦੀ ਜਾਣ ਖਲਾਸੀ ਕਰਾਉਣ ਲਈ ਧਾਰਿਆ ਸੀ। ਸੋ ਵਿਸ਼ਨੂੰ ਰੱਬ ਜੀ ਨੂੰ ਹੀ ਦਰੜ ਫਰੜ ਕਰ ਦੇਣ ਵਾਲਾ ਇਹ ਕੌਣ ਹੈ? ਕੀ ਕਿਤੇ ਸ਼ਿਵ ਪੁਰਾਣ ਵਾਲਾ **ਮਹਾਂ ਕਾਲ** ਅਥਵਾ **ਮਹਾਂ ਸ਼ੈਵ** ਤਾਂ ਨਹੀਂ? ਅਗਲਾ ਸਿਰਲੇਖ ਪੜ੍ਹਦਿਆਂ ਹੀ ਇਹ ਸ਼ੰਕਾ ਦੂਰ ਹੋ ਜਾਂਦਾ ਹੈ:--

**(ਮਹਾ ਕਾਲ ਦੇ ਸਰੂਪ ਦਾ ਰੂਪਕ)**

**ਡਮਾਡੱਮ ਡਉਰੂ ਸਿਤਾਸੇਤ ਛਤ੍ਰੰ ॥ ਹਾਹਾ ਹੂਹ ਹਾਸੰ ਝਮਾ ਝੱਮ ਅਤ੍ਰੰ ॥**
**ਮਹਾ ਘੋਰ ਸਬਦੰ ਬਜੇ ਸੰਖ ਐਸੰ ॥ ਪ੍ਰਲੈਕਾਲ ਕੇ ਕਾਲ ਕੀ ਜ੍ਵਾਲ ਜੈਸੰ ॥ ੧੯ ॥**

**ਅਰਥ**:--ਮਹਾ ਕਾਲ ਦੇ ਹਥ ਦਾ ਡਉਰੂ ਡੰਮ ਡੰਮ (ਕਰਦਾ ਹੈ, ਸਿਰ ਉਤੇ) ਚਿਟਾ-ਕਾਲਾ ਛਤ੍ਰ ਝੁਲਦਾ ਹੈ । ਮੂਹੋਂ ਹਾਹਾ--ਹੂਹੂ ਕਰ ਕਰ ਹੱਸ ਰਹੇ ਹਨ ਅਤੇ ਹਥ ਵਿਚਲੇ ਅਸਤਰ ਝਿਲਮਿਲ ਝਿਲਮਿਲ ਕਰ ਰਹੇ ਹਨ । ਜਦੋਂ (ਮਹਾਂ ਕਾਲ ਜੀ) ਸੰਖ ਵਜਾਂਦੇ ਹਨ, ਉਸ ਦਾ ਵਡਾ ਡਰੌਣਾ ਸ਼ਬਦ ਅਜੇਹਾ ਹੁੰਦਾ ਹੈ, ਜਿਸ ਤਰ੍ਹਾਂ ਪਰਲੋ ਦੇ ਸਮੇਂ (ਕਾਲ ਜ੍ਵਾਲ) ਕਾਲ ਅਗਨੀ ਭੜ ਭੜਾਉਂਦੀ ਹੈ । ਸ਼ੋਰ ਸ਼ਰਾਬਾ ਮਚਾਉਂਦੇ ਹੋਏ ਇਸ ਭਿਆਨਕ ਕਾਲ-ਰੱਬ ਦੀ ਸੂਰਤ ਨੂੰ ਲਿਖਾਰੀ ਹੋ ਨਿਖਾਰਦਾ ਹੈ:--

**ਰਸਾਵਲ ਛੰਦ ॥**

**ਘਣੰ ਘੰਟ ਬਾਜੰ ॥ ਧੁਣੰ ਮੇਘ ਲਾਜੰ ॥ ਭਯੋ ਸਦ ਏਵੰ ॥ ਹੜ੍ਹਿਓ ਨੀਰਧੇਵੰ ॥ ੨੦ ॥**
**ਘੁਰੰ ਘੁੰਘਰੇਯੰ ॥ ਧੁਣੰ ਨੇਵਰੇਯੰ ॥ ਮਾਹਾ ਨਾਦ ਨਾਦੰ ॥ ਸੁਰੰ ਨਿਰ ਬਿਖਾਦੰ ॥ ੨੧ ॥**
**ਸਿਰੰ ਮਾਲ ਰਾਜੰ ॥ ਲਖੇ ਰੁਦ੍ਰ ਲਾਜੰ ॥ ਸੁਭੰ ਚਾਰੁ ਚਿਤੰ ॥ ਪਰਮੰ ਪਵਿਤ੍ਰੰ ॥ ੨੨ ॥**
**ਮਹਾ ਗਰਜ ਗਰਜੰ ॥ ਸੁਨੇ ਦੂਤ ਲਰਜੰ ॥ ਸ੍ਰਵੰ ਸ੍ਰੋਣ ਸੋਹੰ ॥ ਮਹਾ ਮਾਨ ਮੋਹੰ ॥ ੨੩ ॥**

**ਅਰਥ**:--ਬਹੁਤੇ ਘੰਟੇ ਹਨ । (ਜਿਨ੍ਹਾਂ ਦੀ ਅਵਾਜ਼ ਸੁਣ ਕੇ ਬੱਦਲ, ਸ਼ਰਮਿੰਦੇ ਹੁੰਦੇ ਹਨ । ਇਸ ਤਰ੍ਹਾਂ ਦਾ ਸ਼ਬਦ ਹੁੰਦਾ ਹੈ, ਮਾਨੋਂ ਸਮੁੰਦਰ ਉਛਲਿਆ ਹੈ । **੨੦ ।** (ਪੈਰਾਂ ਦੇ) ਘੁਘਰੂ ਛਣਕਦੇ ਹਨ । ਝਾਂਝਰਾਂ ਦਾ ਸ਼ਬਦ ਹੁੰਦਾ ਹੈ । ਐਸੇ ਵਡੇ ਸ਼ਬਦਾਂ ਦੀ ਨਾਦੰ ਆਵਾਜ਼ ਵਿਚ ਆਪ ਦੀ ਸੁਰ ਝਗੜਿਆਂ ਤੋਂ ਰਹਿਤ ਕਰਨ ਵਾਲੀ ਹੈ **। ੨੧ ।** ਸਿਰਾਂ ਦੀ ਮਾਲਾ ਆਪ ਦੇ ਗਲ ਵਿਚ ਸੋਭ ਰਹੀ ਹੈ । (ਜਿਸ ਨੂੰ ਵੇਖ ਕੇ) ਰੁਦ੍ਰ ਸ਼ਰਮਿੰਦਾ ਹੁੰਦਾ ਹੈ । (ਇਸ ਤਰ੍ਹਾਂ ਦੀ ਸੁੰਦਰ (-ਚਾਰੁ ਚਿਤ੍ਰੰ) ਮੂਰਤੀ ਆਪਦੀ ਸ਼ੋਭਦੀ ਹੈ । ਜੋ ਵੱਡੀ ਪਵਿਤ੍ਰ ਹੈ **। ੨ ੨ ।** ਆਪ ਵਡੀ ਗੜਗੱਜ ਨਾਲ ਗਰਜਦੇ ਹਨ । ਜਿਸ ਨੂੰ ਸੁਣ ਕੇ ਜਮ ਦੇ ਦੂਤ ਕੰਬ ਜਾਂਦੇ ਹਨ । [ਆਪ ਜੀ ਦੇ ਗਲ ਵਿਚਲੀ ਸਿਰਾਂ ਦੀ ਮਾਲਾ ਵਿਚੋਂ) ਲਹੂ ਚੋਂਦਾ ਸੋਭ ਰਿਹਾ ਹੈ । ਜੋ ਮਹਾ ਮਾਨ ਨੂੰ ਵੀ ਮੋਹ ਰਿਹਾ ਹੈ । ੨੩ ।

**ਮਹਾਨ ਕੋਸ਼ ਦੇ ੧੦੪੨** ਸਫ਼ੇ ਤੇ ਰੁਦ੍ਰ ਬਾਰੇ ਇਸ ਪ੍ਰਕਾਰ ਲਿਖਿਆ ਹੈ:--ਰੋਣ ਵਾਲਾ। ਵਿਸ਼ਨੂੰ ਪੁਰਾਣ ਵਿਚਿ ਲਿਖਿਆ ਹੈ ਕਿ ਬ੍ਰਹਮਾਂ ਨੇ ਇੱਛਾ ਕੀਤੀ ਕਿ ਮੇਰੇ ਪੁਤ੍ਰ ਹੋਵੇ, ਝਟ ਉਸ ਦੇ ਮੱਥੇ ਵਿੱਚੋਂ ਬਾਲਕ ਪੈਦਾ ਹੋਇਆ, ਜੋ ਜੰਮਦਾ ਹੀ ਰੋਣ ਲੱਗਾ ਬ੍ਰਹਮਾ ਨੇ ਉਸ ਦਾ ਨਾਮ ਰੁਦ੍ਰ (ਰੋਂਦੂ) ਰੱਖਿਆ। ਇਸ ਪਰ ਭੀ ਸੱਤ ਵਾਰ ਰੋ ਕੇ ਰੁਦ੍ਰ ਨੇ ਆਖਿਆ ਕਿ ਮੇਰੇ ਹੋਰ ਨਾਮ ਥਾਪੋ । ਤਦ ਬ੍ਰਹਮਾ ਨੇ, ਭਵ, ਸ਼ਰਵ, ਈਸ਼ਾਨ, ਪਸ਼ੁਪਤਿ, ਭੀਮ, ਉਗ੍ਰ ਅਤੇ ਮਹਾਂਦੇਵ, ਇਹ ਸੱਤ ਨਾਮ ਰੱਖੇ।

[ਲਹੂ ਵਗਦੇ ਮਨੁੱਖੀ ਸਿਰਾਂ ਦੀ ਮਾਲਾ ਪਾਈ ਫਿਰਦਾ ਭਿਆਨਕ ਰੂਪ ਵੀ ਆਪ ਹੀ ਦਰਸਾ ਲਿਆ, ਅਤੇ ਫਿਰ ਉਸ ਪ੍ਰਤੀ ਭਗਤੀ ਭਾਵ ਹੋਣ ਦਾ ਭੁਲੇਖਾ ਪਾਉਣ ਲਈ, ਲਿਖਾਰੀ, ਉਸ ਨੂੰ ਮਨਮੋਹਣਾ ਅਤੇ ਸੁੰਦਰ ਵੀ ਲਿਖ ਰਿਹਾ ਹੈ]

ਏਸੇ ਤਰ੍ਹਾਂ ਅੱਗੇ ਕਈ ਢੰਗਾਂ ਨਾਲ ਮਹਾਂਕਾਲ ਸਿਵ ਜੀ ਦੇ ਡਰਾਉਣੇ ਰੂਪ ਦਰਸਾਏ ਗਏ ਹਨ। ਇਹ ਭਿਆਨਕ ਰੂਪਾਂ ਵਾਲਾ ਨਾਟਕ ੨੬ਵੇਂ ਛੰਦ ਤੱਕ ਚਲਦਾ ਹੈ । ਜਿਥੇ ਅੰਤਲੀ ਸਤਰ ਵਿਚ ਇਉਂ ਲਿਖਿਆ ਹੈ--**ਕ੍ਰਿਆ " ਕਾਲ ਜੂ " ਕੀ ਕਿਨੂ ਨ ਪਛਾਨੀ ॥ ਘਨਿਯੋ ਪੈ ਬਿਹੈ ਹੈ ਘਨਿਯੋ ਪੈ ਬਹਾਨੀ ॥ ੨੬ ॥** ਪੰਡਿਤ ਨਰੈਣ ਸਿੰਘ ਜੀ ਇਸ ਦੇ ਅਰਥ ਇਸ ਤਰ੍ਹਾਂ ਲਿਖਦੇ ਹਨ:--(ਮਹਾਂ) ਕਾਲ ਦੀ (ਇਸ ਤਰ੍ਹਾਂ ਦੀ) ਕ੍ਰਿਆ ਨੂੰ ਕਿਸੇ ਨੇ ਭੀ ਨਹੀਂ ਪਛਾਨਿਆਂ । ਬਹੁਤਿਆਂ ਉਤੇ ਬੀਤੇਗੀ, ਅਤੇ ਬਹੁਤਿਆਂ ਉਤੇ ਬੀਤ ਚੁੱਕੀ ਹੈ । ੨੬ ।

ਮਨੁੱਖਾਂ ਦੇ **ਲਹੂ ਚੋਂਦੇ ਸਿਰਾਂ ਦੀ ਮਾਲਾ** ਗਲ ਵਿਚ ਪਾਈ ਫਿਰਦੇ ਪਲੀਤ **ਕਾਲ ਜੀ** ਨੂੰ **ਵਡਾ ਪਵਿਤ੍ਰ** ਵੀ, ਕੀ ਦਸ਼ਮੇਸ਼ ਜੀ ਹੀ ਲਿਖ ਰਹੇ ਹਨ ? ਸ਼ਿਵ ਪੁਰਾਣ ਵਿਚ ਬ੍ਰਹਮਾ ਦੀ ਹੀ ਜ਼ਬਾਨੀ ਅਖਵਾਈ ਗਾਥਾ ਹੈ, ਕਿ, ਰੁਦ੍ਰ (=ਰੋਂਦੂ) ਬ੍ਰਹਮਾ ਜੀ ਦੀਆਂ ਭਵਾਂ ਵਿਚੋਂ ਜਨਮਿਆਂ ਸੀ ਅਤੇ ਜੰਮਦਾ ਹੀ ਰੋਣ ਲੱਗ ਪਿਆ ਸੀ। ਬ੍ਰਹਮਾ ਨੇ ਇਸ ਰੁਦ੍ਰ ਦੇ ਕਈ ਨਾਮ ਰੱਖੇ ਜਿਨ੍ਹਾਂ ਵਿਚ ਇੱਕ ਨਾਮ **ਸ਼ਿਵ** ਜਾਂ **ਮਹਾਂਦੇਵ** ਵੀ ਹੈ।

ਪੰਡਿਤ ਨਰੈਣ ਸਿੰਘ ਜੀ ਨੇ ਅਰਥਾਂ ਵਿਚ ਤਲਵਾਰ ਨੂੰ ਮਾਰਨ ਦੀ ਸ਼ਕਤੀ ਵਾਲੀ ਦੱਸਿਆ ਹੈ। ਤਲਵਾਰ ਨੂੰ ਆਪਣੇ ਤੌਰ ਤੇ ਹੀ ਕਿਸੇ ਦੀ ਮੌਤ ਕਰਨ ਜੋਗ, ਰੱਬੀ ਸ਼ਕਤੀ ਮੰਨ ਕੇ, ਉਸ ਦੀ ਪੂਜਾ ਸ਼ੁਰੂ ਕਰ ਦੇਣੀ, ਗੁਰਮੁਖਤਾਈ ਨਹੀਂ ਹੈ। ਗੁਰਸਿੱਖ ਦੇ ਮਨ ਵਿਚ ਅਜੇਹਾ ਵਿਚਾਰ ਵੀ ਆਉਣਾ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੁਰਮਾਨਾ ਦੀ ਅਵੱਗਿਆ ਹੈ। ਪੰਜਵੇ ਭਾਗ ਵਿਚ ਅਸੀਂ ਇਸ ਪ੍ਰਥਾਇ ਕਈ ਗੁਰੂ ਸ਼ਬਦ ਵਿਚਾਰ ਚੁੱਕੇ ਹਾਂ। ਉਦਾਹਰਣ ਵਜੋਂ :--

੧੪- **ਹਰਿ ਆਪੇ ਮਾਰੈ ਹਰਿ ਆਪੇ ਛੋਡੈ ਮਨ ਹਰਿ ਸਰਣੀ ਪੜਿ ਰਹੀਐ ॥**
**ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥**[੫੯੪]-ਵਾਰ-੨੧

ਸਤਿਗੁਰੂ ਜੀ ਤਾਂ ਇਹ ਫ਼ੁਰਮਾ ਰਹੇ ਹਨ ਕਿ ਮਨੁੱਖ ਨੂੰ ਜ਼ਰਾ ਵੀ ਕਿਸ ਦੀ ਪ੍ਰਵਾਹ ਕਰਨ ਦੀ ਲੋੜ ਨਹੀਂ ਪਰਮਾਤਮਾ ਤੋਂ ਬਿਨਾ ਹੋਰ ਦੂਜੀ ਕੋਈ ਸ਼ਕਤੀ ਕਿਸੇ ਜੀਵ ਨੂੰ ਨਾ ਮਾਰ ਸਕਦੀ ਹੈ ਅਤੇ ਨਾ ਹੀ ਜੀਵਾਲ ਸਕਦੀ ਹੈ। ਹਿਰਦੇ ਤੋਂ ਵਾਹਿਗੁਰੂ ਜੀ ਨੂੰ ਆਪਣਾ ਸੱਜਣ ਸਮਝਣ ਦੇ ਤੇ ਪੱਕੇ ਵਿਸ਼ਵਸ਼ ਵਾਲੇ ਗੁਰਸਿੱਖ ਨੂੰ ਕਿਸੇ **ਕਾਲ** ਦਾ ਕਦੇ ਕੋਈ ਭੈ ਨਹੀਂ ਮੰਨਣਾ ਚਾਹੀਦਾ। ਕਿਸੇ ਪ੍ਰਕਾਰ ਨਾਲ ਵੀ ਆਉਣ ਵਾਲਾ ਕਾਲ, **ਅਕਾਲ ਪੁਰਖ** ਜੀ ਤੋ ਆਕੀ ਨਹੀਂ ਹੋ ਸਕਦਾ। ਖੰਡਨਾ ਅਰੰਭ ਹੋ ਗਈ ਹੈ।

ਉਪਰੋਕਤ ਹਾ ਹਾ ਹੂ ਹੂ ਦੇ ਭਿਆਨਕ ਰੌਲੇ ਗੌਲੇ ਤੋਂ ਅੱਗੇ ਜਿਸ ਨੂੰ ਤੀਹਵੇਂ ਛੰਦ ਤੱਕ ਨਿਰ ਅਕਾਰ ਵਾਹਿਗੁਰੂ ਹੋਣ ਦਾ ਪੂਰਾ ਭੁਲੇਖਾ ਪਾ ਲਿਆ ਹੈ, ਅਕਾਰ ਰਹਿਤ ਕਥਿਤ ਪਰਮਾਤਮਾ ਬਾਰੇ ਅੱਗੇ ਇਉਂ ਲਿਖਿਆ ਹੈ:--

**ਰਸਾਵਲ ਛੰਦ ॥ ਤਵਪ੍ਰਸਾਦਿ॥**
**ਚਮੱਕਹਿ ਕ੍ਰਿਪਾਣੰ ॥ ਅਭੂਤ ਭਯਾਣੰ ॥ ਧੁਣੰ ਨੇਵਰਾਣੰ ॥ ਘੁਰੰ ਘੁੰਘਰਾਣੰ ॥ ੩੧ ॥**
**ਚਤੁਰ, ਬਾਂਹ ਚਾਰੰ ॥ ਨਿਜੂਟੰ ਸੁਧਾਰੰ ॥ ਗਦਾ ਪਾਸ ਸੋਹੰ ॥ ਜਮੰ ਮਾਨ ਮੋਹੰ ॥ ੩੨ ॥**
**ਸੁਭੰ ਜੀਭ ਜੁਆਲੰ ॥ ਸੁ ਦਾੜ੍ਹਾ ਕਰਾਲੰ ॥ ਬਜੀ ਬੰਬ ਸੰਖੰ ॥ ਉਠੇ ਨਾਦ ਬੰਖੰ ॥ ੩੩ ॥**

ਅਰਥ:--(ਮਹਾਂ ਕਾਲ ਦੇ ਹਥ ਦੀ) ਤਲਵਾਰ ਚਮਕਦੀ ਹੈ। (ਜੋ ਵਡੀ) (ਅਭੂਤ=) ਅਨੋਖੀ ਡਰੌਣੀ ਹੈ। (ਜਦੋਂ ਤੁਰਦਾ ਹੈ, ਤਾਂ) (ਨੇਵਾਰਣੰ=ਝਾਂਝਰਾਂ ਦਾ ਸ਼ਬਦ ਹੁੰਦਾ ਹੈ। ਅਤੇ ਘੁੰਘਰੂ ਛਣਕਦੇ ਹਨ।੩੧। ਚਾਰ ਬਾਹਾਂ ਸੁੰਦਰ ਹਨ। (ਸਿਰ ਉਤੇ) ਸੁੰਦਰ ਜੂੜਾ ਸੁਧਾਰਿਆ ਹੈ। ਜੋ ਉਨ੍ਹਾਂ ਕੋਲ ਗਦਾ ਸੁਹਾਉਂਦੀ ਹੈ, ਜਮ ਦੇ ਮਨ ਨੂੰ ਮੋਹ ਰਹੀ ਹੈ।੩੨। ਅੱਗ ਵਾਂਗੂ (ਲਾਲ) ਜੀਭ ਸੋਭਦੀ ਹੈ। ਦਾੜ੍ਹਾਂ ਬਹੁਤ ਡਰਾਉਣੀਆਂ ਹਨ। ਚੜ੍ਹਾਈ ਵੇਲੇ ਸੰਖ ਤੇ ਧੌਂਸੇ (ਇਉਂ) ਵੱਜਦੇ ਹਨ, (ਮਾਨੋ) ਸਮੁੰਦਰ ਦੀ ਗਰਜਨਾ ਸ਼ਬਦ ਹੁੰਦਾ ਹੈ । ੩੩।

**ਵਿਚਾਰ**--ਗੁਰੂ ਗ੍ਰੰਥ ਸਾਹਿਬ (ਜਿਨ੍ਹਾਂ ਨੂੰ ਗੁਰਿਆਈ ਦਸ਼ਮੇਸ਼ ਜੀ ਨੇ ਆਪ ਹੀ ਸੌਂਪੀ ਸੀ, ਉਨ੍ਹਾਂ) ਦੇ ਅਗੰਮ ਅਥਾਹ, ਅਗੋਚਰ ਨਿਰ-ਅਕਾਰ ਵਾਹਿਗੁਰੂ ਜੀ ਦੀਆਂ ਚਾਰ ਬਾਹਾਂ, ਹੱਥ ਵਿਚ ਚਮਕਦੀ ਤਲਵਾਰ, ਤੇ ਲਾਲ ਸੁਰਖ ਜੀਭ, ਬੜੀਆਂ ਡਰਾਉਣੀਆਂ ਦਾੜ੍ਹਾਂ ਵੀ ਦਸ਼ਮੇਸ਼ ਜੀ ਨੂੰ ਹੀ ਲਿਖਦੇ ਸਿੱਧ ਕਰ ਦਿੱਤਾ। ਹੇ ਕਰਾਮਾਤੀ ਲਿਖਾਰੀ ਬਿੱਪ੍ਰ ਜੀ ! ਤੂੰ ਧੰਨ ਹੈ, ਤੂੰ ਤਾਂ ਜੰਮਦੇ ਹਨੂੰਮਾਨ ਨੂੰ ਸੂਰਜ ਨਿਗਲ ਰਿਹਾ ਸਿਨਮੇ ਦੇ ਪਰਦੇ ਤੇ ਵਿਖਾ ਕੇ ਲੋਕਾਂ ਕੋਲੋਂ ਹਨੂੰਮਾਨ ਦੀ ਜੈ ਜੈਕਾਰ ਬੁਲਵਾ ਲਈ, ਗੁਰਮਤਿ-ਗਿਆਨ ਤੋਂ ਕੋਰੇ ਇਹ ਸਿੱਖ ਵਿਚਾਰੇ ਕਿਵੇਂ ਨਾ ਤੇਰੇ ਲਿਖੇ ਨੂੰ ਦਸ਼ਮੇਸ਼ ਜੀ ਦੀ ਆਪਣੀ ਕਿਰਤ ਮੰਨ ਲੈਂਦੇ?

## ੫

## ' ਕਾਲ ' ਸ਼ਬਦ ਬਾਰੇ ਗੁਰਮਤਿ ਵਿਚਾਰ--

**ਮਹਾਨ ਕੋਸ਼ ਦੇ** ੩੨੩ ਸਫ਼ੇ ਤੇ **ਕਾਲ** ਦੇ ਅਰਥ ਇਸ ਪ੍ਰਕਾਰ ਲਿਖੇ ਹਨ---ਸਮਾਂ, ਵੇਲਾ- " **ਹਰਿ ਸਿਮਰਤ ਕਾਟੈ ਸੋ ਕਾਲ** " (ਬਿਲਾਮ:੫) ੨ ਮ੍ਰਿਤਯ, ਮੌਤ, " **ਕਾਲ ਕੈ ਫਾਸਿ ਸਕਤ ਸਰੁ ਸਾਂਧਿਆ** " (ਆਸਾ ਮ: ੫) ੩ ਯਮ । ੪ ਦੁਰਭਿੱਖ, ਦੁਕਾਲ, ਕਹਿਤ " **ਕਾਲ ਗਵਾਇਆ ਕਰਤੈ ਆਪਿ** " (ਮਲਾ ਮ: ੫ ) ੫ ਮਹਾਕਾਲ, ਜੋ ਸਾਰੇ ਵਿਸ਼੍ਵ ਨੂੰ ਲੈ ਕਰਦਾ ਹੈ " **ਕਾਲ ਕ੍ਰਿਪਾਲ ਹਿਯੈ ਨ ਚਿਤਾਰਯੋ** " (੩੩ ਸਵੈਯੇ) । ੬ ਕਾਲਸ ਦਾ ਸੰਖੇਪ, ਸਿਆਹੀ, " **ਕਾਲ ਮਤਿ ਲਾਗੀ** " (ਸ੍ਰੀ ਬੈਣੀ ਜੀ) । ੭ ਕਾਲਾ, ਸਿਆਹ, " **ਨਿੰਦਕ ਕੇ ਮੁਖ ਹੋਏ ਕਾਲ** " (ਬਿਲਾ ਮ: ੫) । ੮ ਸੰਗਯਾ--ਜਨਮ ਸਮਾਂ, ਜਨਮ " **ਕਾਲ ਬਿਕਾਲ ਸਬਦਿ ਭਏ ਨਾਸ** " (ਬਿਲਾ ਅ: ਮ: ੧ ) ਭਾਵ, ਜਨਮ ਮਰਣ ਗੁਰਉਪਦੇਸ਼ ਕਰਕੇ ਨਾਸ ਹੋ ਗਏ । ੯ ਕਲੁ ਆਉਣ ਵਾਲਾ ਦਿਨ। " **ਜੋ ਉਪਜਿਓ ਸੋ ਬਿਨਸ ਹੈ ਪਰੋ ਆਜੁ ਕੇ ਕਾਲ** " (ਸ: ਮ: ੯) ਪਰਸੋਂ ਅੱਜ ਕੇ ਕਲ੍ਹ । ੧੦ ਲੋਹਾ । ੧੧ ਸ਼ਨਿਗ੍ਰਿਹ, ਛਨਿੱਛਰ । ੧੨ ਸ਼ਿਵ । ੧੩ ਕੋਕਿਲਾ, ਕੋਇਲ । ੧੪ ਵਿਆਕਰਣ ਅਨੁਸਾਰ ਕ੍ਰਿਯਾ ਦੇ ਵਾਪਰਨ ਦਾ ਸਮਾਂ--Tense. ਵਰਤਮਾਨ--ਮੈ ਪੜ੍ਹਦਾ ਹਾਂ, ਭੂਤ--ਮੈ ਪੜ੍ਹਿਆ, ਭਵਿਖਯ--ਮੈਂ ਪੜ੍ਹਾਂਗਾ । ਸਪੱਸ਼ਟ ਹੈ ਕਿ, ਮਹਾਂਨ ਕੋਸ਼ ਅਨੁਸਾਰ **ਵੀ ਕਾਲ** ਦਾ ਅਰਥ **ਪਰਮਾਤਮਾ**, ਨਹੀਂ ਬਣਦਾ ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵਾਹਿਗੁਰੂ ਜੀ ਲਈ **ਕਾਲ** ਸ਼ਬਦ ਵਰਤਿਆ, ਕਿਸੇ ਥਾਂ ਨਹੀਂ ਮਿਲਦਾ। ਏਧਰ ਬਿੱਪ੍ਰੀ ਗ੍ਰੰਥਾਂ (ਵੇਦਾਂ, ਸ਼ਾਸਤ੍ਰਾਂ, ਸਿੰਮ੍ਰਿਤੀਆਂ, ਪੁਰਾਣਾ ਆਦਿ) **ਕਾਲ** ਨੂੰ ਹੀ **ਅਕਾਲ** ਭਾਵ ਮੌਤ ਰਹਿਤੰ, ਤਾਂ ਬੇਸ਼ਕ ਕਿਹਾ ਹੋਵੇਗਾ ਪਰ ਸਿਰਜਣਹਾਰ ਪਰਮਾਤਮਾ ਲਈ " **ਅਕਾਲ** " ਸ਼ਬਦ ਕਿਤੇ ਨਹੀਂ ਵਰਤਿਆ ਮਿਲਦਾ । ਬਿੱਪਰ ਜੀ ਨੇ ਪਰਮਾਤਮਾ ਲਈ ਸਦਾ **ਕਾਲ ਜਾਂ ਮਹਾਂਕਾਲ** ਸ਼ਬਦ ਵਰਤੇ ਹਨ । ਸ਼ਿਵ ਪੁਰਾਣ ਵਿਚ ਸ਼ੈਵ ਨੂੰ ' **ਮਹਾਕਾਲ** " ਅਤੇ ਸ਼ਿਵ ਦੇ ਅਵਤਾਰਾਂ ਨੂੰ ਰੁਦ੍ਰ, ਸ਼ੰਕਰ, ਮਹਾਂਦਿਉ, ਭੋਲਾ ਆਦਿ ਵਾਂਗ ' **ਕਾਲ** ' ਵੀ ਲਿਖਿਆ ਹੈ । ਸੋ " ਰੱਬ " ਨੂੰ ਕਾਲ ਲਿਖਣਾ ਗੁਰਮਤਿ ਨਹੀਂ ਹੈ । " ਕਾਲ " ਜਾਂ " ਮਹਾਂਕਾਲ " ਹਿੰਦੂ ਗ੍ਰੰਥਾਂ ਦੇ ਲਿਖਣ-ਹਾਰ ਦੀ ਬੋਲੀ ਹੈ ।

(ਸਮੇ ਦੀ ਪਕੜ ਤੋਂ ਨਿਰਲੇਪ) **ਅਕਾਲ** ਕੇਵਲ ' **ਇੱਕ** ' ਹੈ, ਇਸ ਨੂੰ ਹਿੱਸਿਆਂ ਵਿਚ ਨਹੀਂ ਵੰਡਿਆ ਜਾ ਸਕਦਾ। ਪਰ ਮਹਾਂਨ ਕੋਸ਼ ਵਿਚਲੇ ੧੪ਵੇਂ ਅਰਥ ਵਾਂਗ **ਕਾਲ** ਦੇ ਤਿੰਨ ਭਾਗ ਹਨ--(੧) ਭੂਤ ਕਾਲ, ਭਾਵ- ਬ੍ਰਹਮਾਂ (ਪੈਦਾ ਕਰਨ ਵਾਲਾ), (੨) ਵਰਤਮਾਨ, ਭਾਵ-ਵਿਸ਼ਨੂੰ

(ਪਾਲਣਾ ਕਰਨ ਵਾਲਾ), (੩) ਭਵਿਖ, ਭਾਵ--ਸ਼ਿਵ (ਲੈ ਕਰਨ ਵਾਲਾ, ਮੌਤ ਕਰਨ ਵਾਲਾ) । ਸੋ ਪੁਰਾਣਕ ਵਿਆਖਿਆ ਅਨੁਸਾਰ **'ਕਾਲ'** ਤਿੰਨਾ ਦੇਵਤਿਆਂ ਦਾ ਜਾਪ ਹੈ। **ਕਾਲ** ਨੂੰ **ਰੱਬ** ਮਿਥਣ ਵਾਲੇ ਲੋਕ, ਖ਼ਾਲਸਾ ਪੰਥ ਨੂੰ 'ਏਕਤਾਂ' ਦੇ ਥਾਂ 'ਅਨੇਕਤਾਂ' ਨਾਲ ਜੁੜਨ ਦੀ ਵਕਾਲਤ ਕਰ ਰਹੇ ਹਨ। ਦਸਮ ਗੁਰੂ ਨਾਨਕ ਪਾਤਸ਼ਾਹ ਜੀ ਆਪਣਾ ਬਣਾਇਆ ਸਿਧਾਂਤ ਆਪ ਹੀ ਕਦੇ ਕਿਸੇ ਵੀ ਹਾਲਤ ਵਿਚ ਖੰਡਨ ਨਹੀਂ ਸਨ ਕਰ ਸਕਦੇ।

## ਸ਼ਿਵ ਪੁਰਾਣ ਵਿਚੋਂ---

ਅੱਗੇ ਚਲੱਣ ਤੋਂ ਪਹਿਲਾਂ ਸ਼ਿਵ ਪੁਰਾਣ ਵਿਚਲੀ ਲਿਖਤ ਦੇ ਦਰਸ਼ਨ ਕਰ ਲਵੋਂ। **ਮਹਾਂ ਸ਼ਿਵ, ਸਦਾ ਸ਼ਿਵ, ਮਹਾਂ ਕਾਲ, ਰੁਦ੍ਰ** ਆਦਿ ਸ਼ਿਵ ਜੀ ਦੇ ਨਾਮ ਹਨ ਅਤੇ ਉਸੇ ਨੂੰ ਸੰਸਾਰ ਦਾ ਆਦਿ ਅੰਤ ਕਿਹਾ ਗਿਆ ਹੈ। ਪੈਦਾ ਕਰਨ ਵਾਲੀ, ਪਾਲਣਾ ਕਰਨ ਵਾਲੀ ਅਤੇ ਖੈ ਕਰਨ ਵਾਲੀ ਸ਼ਕਤੀ ਉਸੇ ਇੱਕ ਵਿਚ ਦਰਸਾਈ ਹੋਈ ਹੈ ।

**ਸ਼ਿਵ ਪੁਰਾਣ** ਦੇ ਸਤਵੇਂ ਕਾਂਡ ਦੇ ਦੂਜੇ ਅਧਿਆਏ ਵਿਚ ਬ੍ਰਹਮਾ ਅਤੇ ਉਸ ਦੇ ਪੁੱਤਰ ਨਾਰਦ ਵਿਚ ਵਾਰਤਾਲਾਪ ਇਉਂ ਲਿਖੀ ਹੈ:--

ਨਾਰਦ ਬੋਲੇ--ਹੇ ਪਿਤਾ ਜੀ ! ਤੁਸੀਂ ਸੰਸਾਰ ਵਿਚ ਪਰਮ ਸ਼ੈਵ ਹੋ । ਮੇਰੀ ਇਛਾ ਹੈ ਕਿ ਸ਼ਿਵ ਜੀ ਦੇ ਅਵਤਾਰਾਂ ਦਾ ਵਰਣਨ ਵਿਸਥਾਰ ਨਾਲ ਆਪ ਤੋਂ ਸੁਣਾਂ । ਇਹ ਸੁਣ ਕੇ ਬ੍ਰਹਮਾਂ ਜੀ ਪ੍ਰੇਮ-ਸਾਗਰ ਵਿਚ ਡੁਬ ਗਏ । ਸੁਚੇਤ ਹੋ ਕੇ ਕਹਿਣ ਲੱਗੇ ਕਿ .........-. ਸ਼ਿਵ ਜੀ ਨਿਰਗੁਣ ਸਰੂਪ, ਸਭ ਤੋਂ ਸ੍ਰੇਸ਼ਟ ਤੇ ਨਿਸ਼ਪਾਪ ਹਨ । ਉਹ **ਸਾਨੂੰ** (ਭਾਵ, ਬ੍ਰਹਮਾ ਨੂੰ) ਤੇ **ਵਿਸ਼ਨੂੰ** ਜੀ ਨੂੰ ਉਤਪੰਨ ਕਰਨ ਵਾਲੇ ਹਨ । ਉਹਨਾਂ ਨੇ **ਸਾਨੂੰ ਤੇ ਵਿਸ਼ਨੂੰ ਜੀ ਨੂੰ ਪ੍ਰਕਿਰਤੀ ਤੋਂ ਉਤਪੰਨ ਕਰਕੇ ਕਿਹਾ ਕਿ ਜਾਉ ਸੰਸਾਰ ਦੀ ਰਚਨਾ ਕਰਕੇ ਉਸ ਦੀ ਪਾਲਣਾ ਕਰੋ** । ਤਦ ਅਸਾਂ ਤੇ ਵਿਸ਼ਨੂੰ ਜੀ ਨੇ ਬੇਨਤੀ ਕੀਤੀ ਕਿ ਤੁਸੀਂ ਅਵਤਾਰ ਲੈਕੇ ਪ੍ਰਲੋ ਕਰਿਆ ਕਰੋ । ਉਹਨਾਂ ਨੇ ਸਮਾਂ ਪਾ ਕੇ ਸਾਡੀਆਂ ਭਵਾਂ ਵਿਚੋਂ ਆਪਣੇ ਅੰਸ਼ ਨਾਲ ਅਵਤਾਰ ਲਿਆ ਤੇ **ਮਹੇਸ਼** ਨਾਮ ਰਖਿਆ । ਉਹ ਕੈਲਾਸ਼ ਪਰਬਤ ਤੇ ਨਿਵਾਸ ਕਰਨ ਲੱਗੇ । ਸ਼ਿਵ ਜੀ ਵਿਚ ਤੇ ਮਹੇਸ਼ ਵਿਚ ਕੋਈ ਭੇਦ ਨਹੀਂ । ਹੇ ਨਾਰਦ ! ਕਦੀ ਮਹੇਸ਼ ਦੇ ਹਲਾਹਲ ਪੀ ਕੇ ਦੇਵਤਿਆਂ ਦੀ ਰਖਿਆ ਕਰਦੇ, ਕਦੀ ਤਪ ਕਰਦੇ ਨਗਨ ਹੋ ਜਾਂਦੇ, ਕਦੀ ਮੱਨੁਖਾਂ ਦੇ ਸਿਰਾਂ ਦੀ ਮਾਲਾ ਪਹਿਨ ਕੇ, ਸਪਾਂ ਦੀ ਸੇਲੀ ਬਣਾ ਕੇ, ਭਸਮ ਧਾਰਨ ਕਰਕੇ, ਸੰਸਾਰ ਨੂੰ ਤਿਆਗ ਕੇ **ਭੂਤ-ਪ੍ਰੇਤ ਉਤਪੰਨ ਕਰਦੇ ਹਨ** । ਕਦੀ ਸਰਗੁਣ ਸਰੂਪ ਹੋ ਕੇ ਗ੍ਰਿਜਾ, (ਪਾਰਬਤੀ, ਦੁਰਗਾ, ਸਤੀ, ਵੈਸ਼ਨੂੰ ਦੇਵੀ) ਨਾਲ ਵਿਆਹ ਕਰਦੇ ਹਨ । ਕਦੀ ਅਸੀਂ ਤੇ ਵਿਸ਼ਨੂੰ ਉਨ੍ਹਾਂ ਦੀ ਸੇਵਾ ਕਰਦੇ ਹਾਂ । - - - ਉਸ **ਮਹਾਂ ਸ਼ੈਵ** ਦੇ ਕਰੋੜਾਂ ਹੀ ਨਾਮ ਹਨ, ਰੂਪ ਤੇ ਚਰਿਤਰ (ਬਚਿਤਰ) ਹਨ । ਕਰੋੜਾਂ ਯੁਗ ਮੁਨੀਸ਼ਵਰਾਂ ਨੂੰ ਸ਼ਿਵ ਜੀ ਦੇ ਗੁਣ ਵਰਣਨ ਕਰਦਿਆਂ ਬੀਤ ਗਏ ਹਨ, ਪਰ ਉਹ ਸ਼ਿਵ ਜੀ ਦੀ ਮਹਿਮਾ ਦਾ ਅੰਤ ਨਹੀਂ ਪਾ ਸਕੇ । - - - - -

[ਸਾਡੇ ਵੀਰ " ਮਹਾਂਕਾਲ ਕਾਲਕਾ " ਦੇ ਅਰਥ ਪਤਾ ਨਹੀਂ ਕਿਸ ਦਲੀਲ ਨਾਲ ਗੁਰਬਾਣੀ ਵਿਚਲੇ ਅਕਾਲਪੁਰਖ ਵਲ ਨੂੰ ਲੈ ਤੁਰਦੇ ਹਨ। ਉੱਪਰ ਸ਼ਿਵ ਪੁਰਾਣ ਵਿਚੋਂ ਉਦਾਹਰਣਾ ਦੁਆਰਾ ਇਹ ਸਿੱਧ ਕੀਤਾ ਗਿਆ ਹੈ ਕਿ **ਮਹਾਂਕਾਲ** ਵਿਚ ਉਹੀ ਸਿਫ਼ਤਾਂ ਲਿਖੀਆਂ ਹੋਈਆਂ ਹਨ ਜੋ ਗੁਰਬਾਣੀ ਵਿਚ ਅਕਾਲ ਪੁਰਖ ਦੀਆਂ ਹਨ। ਫਿਰ ਵੀ ਸਤਿਗੁਰਾਂ ਨੇ ਰੱਬ ਲਈ ਮਹਾਂਕਾਲ ਸ਼ਬਦ ਨਾਂ ਵਰਤ ਕੇ ਬਿਨਾ ਕਹਿਉਂ ਹੀ ਸਪੱਸ਼ਟ ਕਰ ਦਿੱਤਾ ਕਿ **ਕਾਲ**, ਮਹਾਂਕਾਲ ਜਾਂ ਕਲਿਕਾ ਗੁਰਮਤਿ ਦਾ ਰੱਬ ਕਦੇ ਨਹੀਂ ਬਣ ਸਕਦਾ। **" ਮਹਾਂ ਕਾਲ ਕਾਲਕਾ ਅਰਾਧੀ "** ਪੰਗਤੀ ਵਿਚ **ਮਹਾਂਕਾਲ** ਸ਼ਿਵ ਪੁਰਾਣ ਵਾਲਾ **ਮਹਾਂਕਾਲ** ਨਹੀਂ ਸਗੋਂ ਇਹ ਗੁਰਬਾਣੀ ਵਾਲਾ ਹੀ ਰੱਬ ਹੈ, ਇਸ ਦਲੀਲ ਦੀ ਪੁਸ਼ਟੀ ਲਈ ਦਸਮ ਗੁਰੂ ਗ੍ਰੰਥ ਸਾਹਿਬ ਵਿਚੋਂ ਘੱਟੋ ਘੱਟ ਅਜੇਹੇ ਪੰਜ ਸ਼ਬਦ ਮਿਲਣੇ ਚਾਹੀਦੇ ਹਨ ਜਿਨ੍ਹਾਂ ਤੋਂ ਮਹਾਂਕਾਲ ਹੀ, ਮੂਲਮੰਤ੍ਰ ਵਾਲਾ ਅਕਾਲ ਪੁਰਖ ਸਿੱਧ ਹੋ ਜਾਵੇ]

**(ਸ਼ਿਵ ਪੁਰਾਣ ਦੇ ਚੌਥੇ ਅਧਿਆਇ ਵਿਚੋਂ)**:--- ਬ੍ਰਹਮਾ ਜੀ ਨੇ ਕਿਹਾ--ਹੇ ਨਾਰਦ ! ਹੁਣ ਅਸੀਂ ਅਸ਼ਟ ਮੂਰਤੀ ਅਰਥਾਤ ਅਠ ਅਵਤਾਰਾਂ ਦਾ ਵਰਣਨ ਕਰਦੇ ਹਾਂ ਜਿਸ ਵਿਚ ਸਾਰਾ ਸੰਸਾਰ ਪ੍ਰਤੀਤ ਹੁੰਦਾ ਹੈ । ਜਿਸ ਤਰ੍ਹਾਂ ਧਾਗੇ ਵਿਚ ਰਤਨ ਆਦਿ ਪਰੋਏ ਹੁੰਦੇ ਹਨ, ਏਸੇ ਤਰ੍ਹਾਂ ਹੀ ਇਹਨਾਂ ਅਵਤਾਰਾਂ ਵਿਚ ਸੰਸਾਰ ਸੰਯੁਕਤ ਹੋਇਆ ਹੋਇਆ ਹੈ । ਇਨ੍ਹਾਂ ਅੱਠ ਅਵਤਾਰਾਂ ਦੇ ਨਾਮ ਇਹ ਹਨ । ੧-ਸ਼ਰਵ, ੨-ਭਵ, **੨-ਰੁਦਰ,** ੪-ਉਗਰ, ੫-ਭੀਮ, ੬-ਪਸ਼ੁਪਤਿ, ੭-ਈਸ਼ਨ, ੮-ਮਹਾਂਦੇਵ।...

ਜਦ ਵੇਦਾਂ ਕੋਲੋਂ ਪੁਛਿਆ ਗਿਆ ਕਿ ਪਾਰਬ੍ਰਹਮ ਕੌਣ ਹੈ । ਤਾਂ ਪਹਿਲਾਂ **ਰਿਗ ਵੇਦ ਨੇ ਕਿਹਾ** ਕਿ ਜਿਥੇ ਸਰਬ ਜੀਵਧਾਰੀ ਸਥਿਤ ਰਹਿੰਦੇ ਹਨ ਤੇ ਕ੍ਰੋੜਾਂ ਬ੍ਰਹਮੰਡ ਦਿਖਾਈ ਦੇਂਦੇ ਹਨ, ਜਿਨ੍ਹਾਂ ਨੂੰ ਵੇਦ **ਪਰਮ ਤਤ** ਵਰਣਨ ਕਰਦਾ ਹੈ ਤੇ ਜਿਨ੍ਹਾਂ ਨੂੰ ਸੰਤਾਂ ਨੇ **ਪਰਮ ਸ੍ਰੇਸ਼ਟ** ਮੰਨਿਆਂ ਇਹ ਕਹਿ ਕੇ ਰਿਗ ਵੇਦ ਚੁੱਪ ਹੋ ਗਿਆ । ਫਿਰ **ਯਜੁਰ ਵੇਦ ਬੋਲਿਆ** ਕਿ ਜਿਨ੍ਹਾਂ ਨੂੰ ਸਰਬ ਜੀਵ ਯਗ ਕਰਕੇ ਸੇਵਨ ਕਰਦੇ ਹਨ, ਜੋ **ਪਰਮ ਅਨੰਦ ਸਰੂਪ** ਹੈ ਤੇ ਜਿਸ ਦਾ ਧਿਆਨ ਯੋਗੀ ਜਨ ਮਨ ਵਿਚ ਰਖਦੇ ਹਨ ਤੇ ਬਿਨਾਂ ਉਸਦੀ ਇਛਾ ਦੇ ਦਰਸ਼ਨ ਪ੍ਰਾਪਤ ਨਹੀਂ ਕਰ ਸਕਦੇ ਤੇ ਜਿਸ ਨੂੰ ਅਸੀਂ **ਨੇਤਿ-ਨੇਤਿ** ਵਰਣਨ ਕਰਦੇ ਹਾਂ, ਉਹ **ਸੁਧ ਸਰੂਪ ਸਦਾ ਸ਼ਿਵ ਜੀ ਹਨ** ।

ਫਿਰ **ਸ਼ਾਂਮ ਵੇਦ ਨੇ ਕਿਹਾ** ਕਿ ਜਿਸ ਦੀ ਸ਼ਕਤੀ ਨਾਲ ਤਿੰਨ ਲੋਕ ਪ੍ਰਗਟ ਹੁੰਦੇ ਹਨ, ਜਿਸ ਨੂੰ ਯੋਗੀ ਅਤੀ ਵਿਚਾਰ ਨਾਲ ਸਮਝਦੇ ਹਨ ਤੇ **ਜਿਸਦੇ ਅੰਸ਼ ਤੋਂ ਉਤਪਤੀ ਕਰਨ ਵਾਲਾ ਪਾਲਣ ਕਰਨ ਵਾਲਾ ਤੇ ਪਰਲੋ ਕਰਨ ਵਾਲਾ ਉਤਪੰਨ ਹੋਇਆ ਹੈ, ਉਹ ਕੇਵਲ ਸਦਾ ਸ਼ਿਵ ਜੀ**ਹੀ ਹਨ । ਫਿਰ **ਅਥ੍ਰਵਣ ਵੇਦ ਬੋਲਿਆ** ਕਿ ਜਿਸਨੂੰ ਸੰਤ ਪਾਰਬ੍ਰਹਮ ਵਰਣਨ ਕਰਦੇ ਹਨ ਉਸ ਦੀ ਭਗਤੀ ਕਰਕੇ ਉਸ ਦਾ ਜਸ ਗਾਉਂਦੇ ਹਨ, ਜੋ ਕੇਵਲ ਆਪ ਹੀ ਮੁਕਤੀ ਦੇ ਦੇਣ ਵਾਲੇ ਹਨ, ਉਹ **ਮਹਾਂ ਕਾਲ ਪਰਮੇਸ਼ਵਰ, ਸਭ ਕੁਝ ਸ਼ਿਵ** ਜੀ ਹੀ ਹਨ । {ਭਾਵ, ਸ਼ਿਵ ਪੁਰਾਣ ਵਿਚ " ਸਦਾ ਸ਼ਿਵ " ਨੂੰ ਹੀ **' ਆਦਿ ਅੰਤ ਏਕੈ ਅਵਤਾਰਾ "** ਕਿਹਾ ਹੋਇਆ ਹੈ ?

**(ਸ਼ਿਵ ਪੁਰਾਣਪੂਰਬਾਰਧ** ਪਹਿਲਾ ਖੰਡ-ਚੌਥੇ ਅਧਿਆਇ) ਵਿਚ ਬ੍ਰਹਮਾ ਜੀ ਨੇ ਨਾਰਦ ਨੂੰ ਕਿਹਾ--" ਜਦੋਂ ਸ੍ਰਿਸ਼ਟੀ ਦਾ ਕੋਈ ਚਿੰਨ ਭੀ ਨਹੀਂ ਸੌ, ਤਦੋਂ ਨਿਰਗੁਣ ਸਦਾਸ਼ਿਵ ਸਰਬ ਵਿਆਪਕ, ਬ੍ਰਹਮ, ਸਤ, ਚਿਤ, ਅਨੰਦ ਸਰੂਪ ਹੀ ਸਨ । ਜਨਮ, ਮਰਨ, ਕਾਲ ਤੇ ਸਭ ਸ਼ਕਤੀਆਂ ਉਹਨਾਂ ਦੇ ਅਧੀਨ ਸਨ । ...... ਫਿਰ **ਸਦਾ ਸ਼ਿਵ** ਨੇ ਇਛਾ ਕੀਤੀ ਕਿ ਅਸੀਂ ਨਿਰਗੁਣ ਨੂੰ ਸਰਗੁਣ ਸਰੂਪ ਧਾਰਨ ਕਰੀਏ । ਇਹ ਵਿਚਾਰ ਕੇ ਆਪ ਨੇ ਸਰਗੁਣ ਸਰੂਪ ਕਰ ਲਿਆ..........ਉਨ੍ਹਾਂ ਦੇ ਸਰਗੁਣ ਦੇ ਸ਼ਿਵਸ਼ੰਕਰ, ਹਰਨਾਥ, ਪਰਮਦੇਵ, ਜਗਦੀਸ, ਈਸ਼ਵਰ, ਪਾਰਵਤੀ ਪਤਿ ਆਦਿ ਅਨੇਕ ਨਾਮ ਹਨ" । ਸੋ ਐਵੇਂ ਅੱਖਰਾਂ ਦਾ ਹੀ ਫ਼ਰਕ ਹੈ ਉਂਜ ਨਿਰ-ਅਕਾਰ ਵਾਹਿਗੁਰੂ ਦੇ ਜਿਹੜੇ ਗੁਣ ਗੁਰਬਾਣੀ ਵਿਚ ਹਨ, ਸ਼ਿਵ ਪੁਰਾਣ ਵਿਚ ਉਹੀ ਗੁਣ ਬ੍ਰਹਮਾਂ ਦੀ ਜ਼ਬਾਨੀ, **ਸਦਾ-ਸ਼ਿਵ** ਮਹਾਂਕਾਲ ਵਿਚ ਦਰਾਸਾਏ ਹੋਏ ਹਨ। ਕਿਤੇ ਸ਼ਿਵ ਜੀ ਪਾਰਬਤੀ ਨਾਲ ਸ਼ਾਦੀ ਰਚਾ ਕੇ ਭੋਗ ਵਿਲਾਸ ਵਿਚ ਰੁੱਝੇ ਦਰਸਾਏ ਹੋਏ ਹਨ, ਕਿਤੇ ਨਗਨ ਫਿਰਦੇ ਆਪਣੇ ਲਿੰਗ ਦੀ ਪੂਜਾ ਕਰਵਾਉਂਣ ਦਾ ਕੌਤਕ ਰਚ ਰਹੇ ਹਨ । ਅਤੇ ਕਿਤੇ ਨਿਰਅਕਾਰ ਸਰੂਪ ਵਿਚ ਸਰਬ-ਵਿਆਪੀ ਹਨ । ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ, ਸ੍ਰੀ ਗੁਰੂ ਨਾਨਕ ਸਾਹਿਬ ਜੀ **ਦਾ " ਅਕਾਲ ਪੁਰਖ " ਨਿਰਭਉ ਅਤੇ ਨਿਰਵੈਰ** ਹੈ, ਪਰ ਇਸ਼ ਗ੍ਰੰਥ ਦੇ ਲਿਖਾਰੀ ਦਾ ਰੱਬ **ਉਹ ਨਹੀਂ, ਸਗੋਂ ਹੋਰ ਹੈ**।

**ਨੋਟ**--ਗੁਰੂ ਬਾਣੀ **ਕਾਲ** ਪਦ ਦੇ ਨਾਲ ਇੱਕ ਥਾਂ ਜੇ **ਪੁਰਖ** ਸ਼ਬਦ ਆਇਆ ਵੀ ਹੈ ਤਾਂ ਉਥੇ ਰੱਬ ਲਈ ਨਹੀਂ ਸਗੋਂ ਜਮ-ਰਾਜ ਲਈ ਵਰਤਿਆ ਮਿਲਦਾ ਹੈ। ਅਤੇ ਉਥੇ ਕਾਲ ਸਬਦ ਦੀ ਵਰਤੋਂ **ਮੌਤ** ਦੇ ਭੈ ਨੂੰ ਨਾਸ ਕਰਨ ਦੇ ਅਰਥਾਂ ਵਿਚ ਹੈ----

੧੫- ਸੋ ਮੁਲਾਂ ਜੋ ਮਨ ਸਿਉ ਲਰੈ ॥ ਗੁਰ ਉਪਦੇਸਿ ਕਾਲ ਸਿਉ ਜੁਰੈ ॥
**ਕਾਲ ਪੁਰਖ ਕਾ ਮਰਦੈ ਮਾਨੁ** ॥ ਤਿਸੁ ਮੁਲਾ ਕਉ ਸਦਾ ਸਲਾਮੁ ॥ ੧ ॥ [੧੧੬੦]-੩-੧੧

**ਅਰਥ:**--ਅਸਲ ਮੁੱਲਾਂ ਉਹ ਹੈ ਜੋ ਆਪਣੇ ਮਨ ਨਾਲ ਘੋਲ ਕਰਦਾ ਹੈ, (ਭਾਵ ਮਨ ਨੂੰ ਵੱਸ ਵਿਚ ਕਰਨ ਦਾ ਜਤਨ ਕਰਦਾ ਹੈ), ਗੁਰੂ ਦੇ ਦੱਸੇ ਹੋਏ ਉਪਦੇਸ਼ ਉੱਤੇ ਤੁਰ ਕੇ ਮੌਤ (ਦੇ ਸਹਿਮ) ਨਾਲ ਟਾਕਰਾ ਕਰਦਾ ਹੈ, ਜੋ ਜਮ-ਰਾਜ ਦਾ ਮਾਣ (ਕਿ ਸਾਰਾ ਜਗਤ ਉਸ ਤੋਂ ਥਰ-ਥਰ ਕੰਬਦਾ ਹੈ) ਨਾਸ ਕਰ ਦਿੰਦਾ ਹੈ। ਮੈਂ ਐਸੇ ਮੁੱਲਾਂ ਅੱਗੇ ਸਦਾ ਸਿਰ ਨਿਵਾਉਂਦਾ ਹਾਂ । ੧ ।

**ਕਾਲ ਮੌਤ ਲਈ ਪਰ ਉਥੇ ਵੀ ਇਸ ਕਾਲ ਦ: ਕੋਈ ਮਹੱਤਤਾ ਨਹੀਂ ਰਹਿਣ ਦਿੱਤੀ ਹੋਈ:---**

੧੬- **ਗੁਰਪਰਸਾਦੀ ਪਾਇਆ ਜਾਇ ॥ ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥ ੧ ॥ ਰਹਾਉ ॥**[੬੬੧]-੨-੪

**ਉਚੇਚਾ ਧਿਆਨ ਦੇਣ ਦੀ ਲੋੜ**---: ਰਾਮ, ਕ੍ਰਿਸ਼ਨ, ਨਰਸਿੰਘ, ਵਰਾਹ, ਆਦਿ ਵਿਸ਼ਨੂੰ ਦੇ ਅਵਤਾਰਾਂ ਦੇ ਜ਼ਿਕਰ ਵਿਚ ਅਤੇ ਸ਼ਿਵ ਜਾਂ ਕਾਲ ਜੀ ਦੇ ਜ਼ਿਕਰ ਵਿਚ ਫ਼ਰਕ ?:--

**ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਬਨਾਏ ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਏ ॥**
**ਮਹਾਂ ਦੀਨ ਕੇਤੇ ਪ੍ਰਿਥੀ ਮਾਂਝ ਹੂਏ ॥ ਸਮੈ ਆਪਨੀ ਆਪਨੀ ਅੰਤ ਮੂਏ ॥ ੨੭ ॥**
**ਜਿਤੇ ਅਉਲੀਆ ਅੰਬੀਆ ਹੋਏ ਬੀਤੇ ॥ ਤਿਤਿਪੋ ਕਾਲ ਨ ਜੀਤਾ ਤੇ ਕਾਲ ਜੀਤੇ ॥**
**ਜਿਤੇ ਰਾਮ ਸੇ ਕ੍ਰਿਸ਼ਨ ਹੋਇ ਬਿਸਨ ਆਏ ॥ ਤਿਤਿਯੋ ਕਾਲ ਖਾਪਿਓ ਨ ਤੇ ਕਾਲ ਘਾਏ ॥ ੨੮ ॥**

**ਅਰਥ:**--ਕਿੰਨੇ (ਹੀ ਮਹਾਂ-ਕਾਲ ਨੇ) ਕ੍ਰਿਸ਼ਨ ਵਰਗੇ ਕ੍ਰੋੜਾਂ (ਕੀਟ) ਦਾਸ ਬਨਾਏ ਹਨ । ਕਿੰਨੇ ਰਾਮ ਵਰਗੇ ਉਪਾਏ ਤੇ ਖਪਾਏ ਤੇ ਮਿਟਾ ਦਿਤੇ ਹਨ । ਕਿੰਨੇ ਹੀ ਧਰਤੀ ਵਿਚ ਮੁਹੰਮਦ ਆਪਣੇ ਸਮੇ ਵਿਚ ਹੋਏ ਹਨ ਅਤੇ ਅੰਤ ਨੂੰ ਮਰ ਗਏ ਹਨ (ਮੁਹੰਮਦ ਨੂੰ ਨਾ ਕਾਲ ਜੀ ਨੇ ਪੈਦਾ ਕੀਤਾ ਨਾ ਖਪਾਇਆ ਹੀ) **। ੨੭ ।** ਜਿੰਨੇ ਭੀ ਧਰਮ ਦੇ ਆਗੂ ਤੇ ਪੈਗੰਬਰ ਹੋ ਗੁਜ਼ਰੇ ਹਨ, ਉਹਨਾਂ ਸਭਨਾਂ ਨੂੰ " ਕਾਲ " ਨੇ ਜਿੱਤ ਲਿਆ ਹੈ, ਉਹ ਕਾਲ ਨੂੰ ਨਹੀਂ ਜਿੱਤ ਸਕੇ । ਜਿੰਨੇ ਭੀ ਰਾਮ ਤੇ ਕ੍ਰਿਸ਼ਨ ਵਰਗੇ (ਬਿਸ਼ਨ ਦੇ ਅਵਤਾਰ) ਹੋਏ ਹਨ ਉਨ੍ਹਾਂ ਸਭਨਾਂ ਨੂੰ ਕਾਲ ਨੇ ਖਪਾ ਲਿਆ, ਉਹ ਕਾਲ ਜੀ ਨੂੰ (ਘਾਇਲ) ਜ਼ਖਮੀ ਵੀ ਨਾ ਕਰ ਸਕੇ । ੨੮।

**ਜਿਤੇ ਰਾਮ ਹੂਏ ॥ ਸਭ ਅੰਤ ਮੂਏ ॥ ਜਿਤੇ ਕ੍ਰਿਸ਼ਨ ਹ੍ਵੈ ਹੈਂ ॥ ਸਭੈ ਅੰਤ ਜੈ ਹੈਂ ॥ ੭੦ ॥**
**ਜਿਤੇ ਦੇਵ ਹੋਸੀ ॥ ਸਭੈ ਅੰਤ ਜਾਸੀ ॥ ਜਿਤੈ ਬੋਧ ਹਵੈ ਹੈਂ ॥ ਸਭੈਂ ਅੰਤ ਛੈ ਹੈ ॥ ੭੧ ॥**
**ਜਿਤੇ ਦੇਵ ਰਾਯੰ ॥ ਸਭੈ ਅੰਤ ਜਾਯੰ ॥ ਜਿਤੇ ਦਈਅਤ ਏਸੰ ॥ ਤਿਤਿਓ ਕਾਲ ਲੇਸੰ ॥ ੭੨ ॥**

**ਅਰਥ:**--ਜਿਨ੍ਹਾਂ ਨੇ ਰਾਵਨਾਦਿਕਾਂ ਨੂੰ ਮਾਰਿਆ ਸੀ ਤੇ ਅਵਤਾਰ ਸਨ ਉਹ) ਰਾਮ ਜਿੰਨੇ ਭੀ ਹੋਏ ਹਨ, ਅੰਤ ਨੂੰ ਸਾਰੇ ਮਰ ਗਏ। ਜਿੰਨੇ ਕ੍ਰਿਸ਼ਨ ਜੀ ਹੋਏ ਹਨ, ਸਾਰੇ ਅੰਤ ਨੂੰ ਚਲੇ ਗਏ ।੭੦।(ਅੱਗੇ ਨੂੰ ਭੀ) ਜਿੰਨੇ ਦੇਵਤੇ ਹੋਣਗੇ ਸਾਰੇ ਹੀ ਅੰਤ ਨੂੰ ਚਲੇ ਜਾਣਗੇ। ਜਿੰਨੇ ਭੀ ਬੋਧ ਅਵਤਾਰ ਹੋਏ ਹਨ ਉਹ ਸਾਰੇ ਅੰਤ ਨੂੰ ਨਾਸ ਹੋ ਗਏ ਹਨ ।੭੧। ਜਿੰਨੇ ਭੀ ਦੇਵਤਿਆਂ ਦੇ ਰਾਜੇ (ਇੰਦ੍ਰ) ਹੁੰਦੇ ਹਨ ਉਹ ਸਾਰੇ ਅੰਤ ਨੂੰ ਚਲੇ ਜਾਂਦੇ ਹਨ। ਜਿਨੇ ਦੈਂਤਾਂ ਦੇ ਰਾਜੇ (ਹਰਨਕਸ਼ਪ ਜਾਂ ਸ਼ੰਭਾਦਿ) ਹੋਏ ਹਨ ਉਹ ਸਾਰੇ ਦੇ ਸਾਰੇ **ਕਾਲ** ਨੇ ਲੈ ਕਰ ਲਏ ਹਨ । ੭੨ ।

**ਨਰਸਿੰਘਾਵਤਾਰੰ ॥ ਵਹੈ ਕਾਲ ਮਾਰੰ ॥ ਭਡੋ ਡੰਡ ਧਾਰੀ ॥ ਰਣਿਓ ਕਾਲ ਭਾਰੀ ॥ ੭੩ ॥**
**ਦਿਜੈ ਬਾਵਨੇਯੰ ॥ ਹਣਿਓ ਕਾਲ ਤੇਯੰ ॥ ਮਹਾਂ ਮੱਛ ਮੁੰਡੰ ॥ ਫਧਿਓ ਕਾਲ ਝੁੰਡੰ ॥ ੭੪ ॥**

**ਅਰਥ**:--ਜੋ ਨਰਸਿੰਘ ਅਵਤਾਰ ਸੀ ਉਸ ਨੂੰ ਭੀ ਕਾਲ ਨੇ ਮਾਰ ਲਿਆ। (ਜੋ) ਵਡੇ ਵਡੇ ਦੰਦ ਧਾਰਨ ਵਾਲਾ (ਵਰਾਹ ਅਵਤਾਰ ਇਤਯਦਿ) ਸਭ ਨੂੰ ਕਾਲ ਨੇ ਮਾਰ ਲਿਆ ਹੈ।੭੩। (ਜੋ) ਬ੍ਰਾਹਮਣ ਬਾਵਨਾਵਤਾਰ ਸੀ, ਉਸ ਨੂੰ ਭੀ ਕਾਲ ਨੇ ਮਾਰਿਆ ਹੈ। ਜੋ ਵਡੇ ਮੱਛ ਦੇ ਮੂੰਹ ਵਾਲਾ (ਮੰਛਾਵਤਾਰ) ਸੀ ਸਭ ਨੂੰ ਕਾਲ ਨੇ ਜਿੱਤ ਲਿਆ ਹੈ।੭੪।

**ਫਿਰੇ ਚੌਦਹੂੰ ਲੋਕਯੰ ਕਾਲ ਚਕ੍ਰੰ ॥ ਸਭੈ ਨਾਥ ਨਾਥੇ ਭ੍ਰਮੰ ਭੌਂਹ ਪਕ੍ਰੰ ॥**
**ਕਹਾ ਰਾਮ ਕ੍ਰਿਸਨੰ ਕਹਾ ਚੰਦ ਸੂਰੰ ॥ ਸਭੈ ਹਾਥ ਬਾਂਧੇ ਖਰੇ ਕਾਲ ਹਜੂਰੰ ॥ ੯੩ ॥**

ਰਾਮ, ਕ੍ਰਿਸ਼ਨ, ਵਾਂਗ ਹੀ ਨਰਸਿੰਘ ਅਵਤਾਰ, ਵਰਾਹ ਆਦਿ ਵਿਸ਼ਨੂੰ ਦੇ ਅਵਤਾਰਾਂ ਨੂੰ, ਦੇਵੀ ਦੇਵਤਿਆਂ ਨੂੰ ਅਤੇ ਮਾਨਧਾਤਾ ਵਰਗੇ **ਰਾਮਾਇਣ ਗਾਥਾ** ਦੇ ਜੋਧਿਆਂ ਨੂੰ ਕਾਲ ਸਾਹਮਣੇ ਬੇਬਸ ਵਿਖਾਇਆ ਹੈ। **ਦਰੁਗਾ** ਨੂੰ ਜਾਂ ਸ਼ਿਵ ਜੀ ਨੂੰ " **ਕਾਲ** " ਦੇ ਸਾਹਮਣੇ ਆਤੁਰ ਕਿਸੇ ਥਾਂ ਨਹੀਂ ਵਿਖਾਇਆ । ਸ਼ਿਵ ਪੁਰਾਣ ਵਿਚ ਮਹਾਂਕਾਲ, ਸਦਾਸਿਵ, ਦੁਰਗਾ, ਪਾਰਬਤੀ ਆਦਿ ਨੂੰ ਸ੍ਰਿਸ਼ਟੀ ਦੇ ਕਰਤਾ ਅਤੇ ਸਰਬ ਸ਼ਕਤੀ-ਮਾਨ ਲਿਖਿਆ ਹੈ ਪਰ ਭਾਗਵਤ ਪੁਰਾਨ ਵਿਚ ਬਾਕੀਆਂ ਸਾਰਿਆਂ ਨੂੰ ਪੈਦਾ ਕਰਨ ਵਾਲਾ, ਘਟ ਘਟ ਵਾਸੀ ਸਰਬ ਨਿਵਾਸੀ, ਅਬਿਨਾਸ਼ੀ, ਆਦਿ ਪੁਰਖ, ਪ੍ਰਭੂ ਵਿਸ਼ਨੂੰ ਨੂੰ ਹੀ ਲਿਖਿਆ ਹੈ।

**ਵਿਸ਼ਨੂੰ ਦੇ ਅਵਤਾਰ** ਰਾਮ ਅਤੇ ਕ੍ਰਿਸ਼ਨ ਨੂੰ " **ਕਾਲ** " ਸਾਹਮਣੇ ਅਤੁਰ ਦਰਸਾਉਣ ਵਾਲੇ ਬਚਿਤ੍ਰ ਨਾਟਕ ਦੇ ਲਿਖਾਰੀ ਜੀ ਨੇ ਸ਼ਿਵ ਪੁਰਾਣ ਵਾਲੇ ਭਗਵਾਨ ਨੂੰ ਮੌਤ ਦੇ ਵੱਸ, ਕਿਸ ਕਾਰਨ ਨਹੀਂ ਲਿਖਿਆ ? ਕੇਵਲ " ਕਿਸ਼ਨ ਬਿਸ਼ਨ " ਤੋਂ ਹੀ ਉਪਰਾਮਤਾ ਦਰਸਾਈ ਗਈ ਹੈ–" **ਕਿਸ਼ਨ ਬਿਸ਼ਨ ਕਬਹੂ ਨਾ ਧਿਆਊਂ । ਕਾਨ ਸੁਣੇ ਪਹਿਚਾਨ ਨਾ ਤਿਨ ਸੋ** " ਪਰ ਇਹ ਕਿਸੇ ਥਾਂ ਨਹੀਂ ਲਿਖਿਆ ਕਿ ਮੈਂ, ਮਹਾਂਕਾਲ, ਕਾਲ, ਸ਼ਿਵ, ਮਹਾਂ ਸੈਵ ਮਹਾਂਦੇਵ ਅਥਵਾ ਸ਼ਿਵ ਜੀ ਦੇ ਕਿਸੇ ਨਾਮ ਨੂੰ ਨਾ ਧਿਆਉਂਦਾ ਹਾਂ ਅਤੇ ਨਾਂ ਉਨ੍ਹਾਂ ਤੋਂ ਜਾਣੂੰ ਹੀ ਹਾਂ। ਮਹਾਂਕਾਲ ਨੂੰ ਤਾਂ ਸਗੋਂ ਰਖਵਾਲਾ ਕਿਹਾ ਹੋਇਆ ਹੈ। ਹਾਨੀ ਵਾਲੇ ਸ਼ਬਦ ਕ੍ਰਿਸ਼ਨ ਜੀ ਲਈ ਅਤੇ ਰਾਮ ਜੀ ਲਈ ਭਾਵ ਵਿਸ਼ਨੂੰ ਦੇ ਸਾਰੇ ਅਵਤਾਰਾਂ ਲਈ ਹਨ ਜਾਂ ਹੋਰ ਪੈਗੰਬਰਾਂ, ਔਲੀਆਂ ਆਦਿ ਲਈ ਹੀ ਹਨ। ਮਹਾਂ ਕਾਲ ਜੀ ਦੇ ਅਵਤਾਰਾਂ ਦੀ ਜਾਂ ਉਸ ਦੀਆਂ ਘਰਦੀਆਂ (ਪਾਰਬਤੀ, ਗਿਰਜਾ, ਭਵਾਨੀ, ਭਗਉਤੀ, ਦੁਰਗਾ ਆਦਿ) ਨੂੰ ਕਾਲ ਦੇ ਹਥੋਂ ਆਤੁਰ ਜਾਂ ਮਰਦੇ ਸਾਰੇ ਗ੍ਰੰਥ ਵਿਚ ਕਿਤੇ ਨਹੀਂ ਦਰਸਾਇਆ । ਉਨ੍ਹਾਂ ਦੀ ਗੱਲ ਤਾਂ ਕਿਤੇ ਰਹੀ, ਏਥੋਂ ਤੱਕ ਕਿ

ਸ਼ਿਵ ਦੀ ਸੈਨਾਂ **ਭੂਤ ਪ੍ਰੇਤਾਂ ਡਾਕਣੀਆਂ** ਆਦਿ ਲਈ ਵੀ ਮੌਤ ਸਾਹਮਣੇ ਭੈ-ਭੀਤ ਹੋਏ ਦਰਸਾਉਣ ਵਾਲੇ ਹੇਠੀ-ਕਾਰਕ ਸ਼ਬਦ ਕਿਤੇ ਨਜ਼ਰ ਨਹੀਂ ਆਉਂਦੇ। ਸਗੋਂ ਜਿਥੇ ਜੰਗ-ਯੁੱਧ ਦਾ ਸਮਾਂ ਬੰਨ੍ਹਿਆਂ ਹੈ, ਉਥੇ ਰੁਦ੍ਰ ਅਤੇ ਉਸ ਦੇ ਡੌਰੂ ਦੀ, ਸਿਵ ਦੇ ਭੂਤ ਪ੍ਰੇਤਾਂ ਅਥਵਾ ਚੜੇਲਾਂ ਦੀ ਚੜ੍ਹਤ ਵਿਖਾਈ ਹੈ। ਇਸ ਨਾਟਕ ਵਿਚ ਜਦੋ ਹੀ **ਕਾਲ ਜੀ** ਦਾ ਜ਼ਿਕਰ ਆਇਆ ਬੋਲੀ ਇਉ ਦੀ ਹੋ ਗਈ:--

**ਨਰਾਜ ਛੰਦ ॥**

**ਜਿਤਕੇ ਰਾਜ ਰੰਕਯੰ ॥ ਹਨੇ ਸੁ ਕਾਲ ਬੰਕਯੰ ॥ ਜਿਤਕੇ ਲੋਕ ਪਾਲਯੰ ॥ ਨਿਦਾਨ ਕਾਲ ਦਾਲਯੰ ॥ ੭੮ ॥**

**ਅਰਥ:**--ਜਿੰਨੇ ਕੁ ਰਾਜੇ ਜਾਂ ਕੰਗਾਲ ਹਨ ਉਨ੍ਹਾਂ ਨੂੰ (ਬੰਕਯੰ) ਟੇਢੀ ਚਾਲ ਵਾਲੇ ਕਾਲ ਨੇ ਮਾਰ ਲੈਣਾ ਹੈ। ਜਿੰਨੇ ਕੁ ਲੋਕਪਾਲ ਹਨ (ਨਿਦਾਨ) ਅੰਤ ਨੂੰ ਉਨ੍ਹਾਂ ਨੂੰ ਭੀ ਕਾਲ ਨੇ ਦਲ ਸੁੱਟਣਾ ਹੈ।੭੮।

ਕਾਲ ਨੂੰ ਜੇ ਕੇਵਲ ਮੌਤ ਕਰਕੇ ਵਰਤਿਆ ਗਿਆ ਹੁੰਦਾ ਤਾਂ ਇਹ ਸਦੀਵੀ ਸਚਾਈ ਮੰਨੀ ਜਾਂਦੀ। ਪਰ ਮੌਤ ਦਾ ਕਾਰਨ ਬਣਨ ਵਾਲੇ ਸੱਪਾਂ ਅਤੇ ਸ਼ਸਤਰਾਂ ਨੂੰ ਰੱਬ ਮੰਨਣ ਵਾਲੇ ਲਿਖਾਰੀ ਨੇ ਫਿਰ **ਅਕਾਲ** ਨੂੰ ਨਹੀਂ ਸਗੋਂ ਸਿੱਧਾ ਕਾਲ ਨੂੰ ਹੀ ਸਰਬ ਸ਼ਕਤੀਮਾਨ ਮੰਨ ਕੇ ਉਸ ਦੀ ਅਰਾਧਨਾ ਕਰਨ ਦਾ ਉਪਦੇਸ਼ ਲਿਖਿਆ ਹੈ:--

**ਕ੍ਰਿਪਾਣ ਪਾਣ ਜੇ ਜਪੈ ॥ ਅਨੰਤ ਥਲਟ ਤੇ ਥਪੈ ॥ ਜਿਤਕ ਕਾਲ ਧਿਆਇ ਹੈ ॥ ਜਗਤ ਜੀਤ ਜਾਇ ਹੈ॥ ੭੯ ॥**
**ਬਚਿਤ੍ਰ ਚਾਰੁ ਚਿਤ੍ਰਯੰ ॥ ਪਰਮਯੰ ਪਵਿਤ੍ਰਯੰ ॥ ਅਲੋਕ ਰੂਪ ਰਾਜਿਯੰ ॥ ਸੁਣੇ ਸੁ ਪਾਪ ਭਾਜਿਯੰ ॥ ੮੦ ॥**
**ਬਿਸਾਲ ਲਾਲ ਲੋਚਨੰ ॥ ਬਿਅੰਤ ਪਾਪ ਮੋਚਨੰ ॥ ਚਮੱਕ ਚੰਦ੍ਰ ਚਾਰੀਅੰ ॥ ਅਘੀ ਅਨੇਕ ਤਾਰੀਅੰ ॥ ੮੧ ॥**

**ਅਰਥ**:--ਜੇਹੜੇ ਮਹਾਕਾਲ (ਕ੍ਰਿਪਾਨ ਪਾਣ) ਨੂੰ ਜਪਦੇ ਹਨ, (ਉਹ ਬਚਾਉ ਦੇ) ਬੇਅੰਤ ਸਾਧਨ ਕਰ ਲੈਂਦੇ ਹਨ। ਜਿੰਨੇ ਕੁ ਮਹਾ ਕਾਲ ਨੂੰ ਧਿਆਉਂਦੇ ਹਨ ਉਹ ਜਗਤ ਨੂੰ ਜਿਤਕੇ ਜਾਂਦੇ ਹਨ। ੭੯ । (ਜਿਸ ਮਹਾਕਾਲ ਦਾ) ਅਲੋਕਕ ਸੁੰਦਰ ਚਿਤਰ (ਮੂਰਤੀ) ਹੈ, (ਜੋ) ਵਡਾ ਹੀ ਪਵਿਤ੍ਰ ਹੈ। ਅਲੋਕਿਕ ਰੂਪ ਵਿਚ ਸਜ ਰਿਹਾ ਹੈ, ਉਸ ਦੇ ਨਾਮ ਨੂੰ ਸੁਣਦੇ ਹੀ ਪਾਪ ਭਜ ਜਾਂਦੇ ਹਨ।੮੦। (ਜਿਸਦੇ ਚੌੜੇ ਤੇ ਲਾਲ ਨੇਤਰ ਹਨ। ਜੋ ਅਨੇਕ ਪਾਪਾਂ ਦੇ ਕਟਨ ਵਾਲੇ ਹਨ। (ਉਸ ਦੇ ਮੁਖ ਦੀ) ਚਮਕ ਚੰਦਰਮਾਂ (ਨਾਲੋਂ ਭੀ) ਸੁੰਦਰ ਹੈ। (ਜਿਸ ਨੇ) ਅਨੇਕਾਂ ਪਾਪੀ ਤਾਰੇ ਹਨ।੮੧।

**ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਾਕੀ ਕਲਾ ਹੈ ॥**
**ਕਾਲ ਹੀ ਪਾਇ ਭਯੋ ਬ੍ਰਹਮ ਸ਼ਿਵ ਕਾਲ ਹੀ ਪਾਇ ਭਯੋ ਜੁਗੀਆ ਹੈ ॥**
**ਕਾਲ ਹੀ ਪਾਇ ਸੁਰਾਸਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ ॥**
**ਔਰ ਸੁਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ, ਅਕਾਲ ਸਦਾ ਹੈ ॥ ੮੪ ॥**

**ਅਰਥ:**--ਕਾਲ ਦਾ ਇਸ਼ਾਰਾ ਪਾ ਕੇ ਹੀ ਵਿਸ਼ਨੂੰ ਹੋਯਾ, ਇਸ ਜਗਤ ਵਿਚ ਜਿਸਦੀ ਕਲਾ ਸ਼ਕਤੀ ਪ੍ਰਗਟ ਹੋ ਰਹੀ ਹੈ । ਕਾਲ ਦਾ ਇਸ਼ਾਰਾ ਪਾ ਕੇ ਹੀ ਬ੍ਰਹਮਾਂ ਹੋਇਆ ਹੈ ਅਤੇ ਕਾਲ ਦਾ ਇਸ਼ਾਰਾ ਪਾ ਕੇ ਹੀ ਸ਼ਿਵ ਜੀ ਜੋਗੀ ਹੋਇਆ । ਕਾਲ ਦਾ ਇਸ਼ਾਰਾ ਪਾ ਕੇ ਦੇਵਤੇ, ਦੈਂਤ, ਗੰਧਰਬ, ਜੱਛ, ਸਿੱਧ, ਦਿਸ਼ਾ ਦੇ ਕੋਨੇ (ਸਾਰਾ ਸੰਸਾਰ) ਪੈਦਾ ਹੋਏ । ਹੋਰ ਜਿੰਨੇ ਪਦਾਰਥ ਹਨ ਸਾਰੇ ਕਾਲ ਦੇ ਨਥੇ ਹੋਏ ਹਨ, ਕੇਵਲ ਕਾਲ ਹੀ ਅਕਾਲ ਹੈ (**ਭਾਵ, ਕੇਵਲ ਇੱਕ ਕਾਲ ਹੀ ਅਜੇਹੀ ਸ਼ਕਤੀ ਹੈ ਜਿਸ ਨੂੰ ਕਦੇ ਮੌਤ ਨਹੀਂ ਆਉਂਦੀ** )।

ਜਿਹੜੇ ਵਿਦਵਾਨ ਭਾਗਵਤ ਪੁਰਾਣ ਅਤੇ ਸ਼ਿਵ ਪੁਰਾਣ ਦੇ ਲਿਖਣ ਢੰਗ ਦੇ ਫਰਕ ਤੋਂ ਜਾਣੂੰ ਹਨ ਉਨ੍ਹਾਂ ਨੇ ਝਟ ਨਿਰਣਾ ਕਰ ਲੈਣਾ ਸੀ ਕਿ ਬਚਿਤ੍ਰ ਨਾਟਕ ਦਾ ਲਿਖਾਰੀ ਕੋਈ ਸ਼ਿਵ ਭਗਤ ਹੈ। ਅਤੇ ਫਿਰ ਇੱਕ ਫ਼ਰਕ ਇਹ ਵੀ ਯਾਦ ਰੱਖਣ ਦੀ ਲੋੜ ਹੈ ਕਿ ਰਾਮਾਇਣ ਗਾਥਾ ਦੇ ਲਿਖਾਰੀ ਭਾਵ, ਵਿਸ਼ਨੂੰ ਦੇ ਅਵਤਾਰਾਂ ਦੀ ਗਾਥਾ ਲਿਖਣ ਵਾਲੇ ਅਸ਼ਲੀਲ ਭਾਸ਼ਾ ਵਰਤਣ ਵਿਚ ਸੰਕੋਚ ਕਰਦੇ ਹਨ ਪਰ ਵਾਮ ਮਾਰਗੀਏ ਅਥਵਾ ਸ਼ੈਵ ਭਗਤ ਲਿਖਣ ਲੱਗੇ ਬੇਸ਼ਰਮੀ ਦੀਆਂ ਹੱਦਾਂ ਟੱਪ ਜਾਣ ਵਿਚ ਨਿਝੱਕ ਹਨ।

**ਅੰਧ ਵਿਸ਼ਵਾਸ਼ੀਆਂ ਲਈ ਭਰਮ-ਜਾਲ ਅਥਵਾ ਖੰਡ ਦੀ ਪੁੜੀ ਵਿਚ ਸੰਖੀਆ ?** :--

**ਜੋ ਕਾਹੂੰ " ਕਾਲ ' ਤੇ ਭਾਜ ਕੇ ਬਾਚੀਅਤ ਤੋ ਕਿਹ ਕੁੰਟ ਕਹੋ ਭਜਿ ਜਈਐ ॥**
**ਅਗੇਹੂੰ ਕਾਲ ਧਰੇ ਅਸਿ ਗਾਜਤ ਛਾਜਤ ਤੇ ਨਸਿ ਅਈਐ ॥**
**ਐਸੋ ਨ ਕੋ ਗਯੋ ਕੋਈ ਸੁ ਦਾਵ ਰੇ ਜਾਹਿ, ਉਪਾਵ ਸੋ ਘਾਵ ਬਚਈਐ ॥**
**ਜਾਂ ਤੇ ਨ ਛੂਟੀਐ ਮੂੜ ਕਹੂੰ ਹਸ ਤਾਂਕੀ ਕਿਉਂਨ ਸਰਣਾਗਤਿ ਜਈਐ ॥ ੯੬ ॥**
**ਕ੍ਰਿਸਨ ਔ ਬਿਸਨ ਜਪੈ ਤੁਹਿ ਕੋਟਕਿ ਰਾਮ ਰਹੀਮ ਭਲੀ ਬਿਧਿ ਧਿਆਯੋ ॥**
**ਬ੍ਰਹਮ ਜਪਿਓ ਅਰੁ ਸੰਭੁ ਥਪਿਓ ਤਿਹ ਤੇ ਤੁਹਿ ਕੋ ਕਿਨਹੂੰ ਨ ਬਚਾਯੋ ॥**
**ਕੋਟ ਕਰੀ ਤਪਸਯਾ ਦਿਨ ਕੋਟਿਕ ਕਹੂੰ ਨ ਕੌਡੀ ਕੋ ਕਾਮ ਕਢਾਯੋ ॥**
**ਕਾਮਕੁ ਮੰਤ੍ਰ ਕਸੀਰੇ ਕੇ ਕਾਮ ਨ ਕਾਲ ਕੇ ਘਾਉ ਕਿਨਹੂੰ ਨ ਬਚਾਯੋ ॥ ੯੭ ॥**

**ਅਰਥ:**--ਜੇ ਕਿਤੇ ਕਾਲ ਤੋਂ ਬਚ ਸਕੀਦਾ ਹੋਵੇ, ਤਾਂ ਦਸੋ ਕੇਹੜੀ ਨੁਕਰ ਵਲੇ ਭਜਕੇ ਚਲੇ ਜਾਈਏ । ਅਗੇ ਹੀ (ਅਸਿ) ਤਲਵਾਰ ਧਾਰਨ ਕੀਤੇ ਹੋਏ ਕਾਲ ਗੱਜਦਾ ਸੋਭ ਰਿਹਾ ਹੈ, ਜਿਸ ਤੋਂ ਨੱਸਕੇ (ਪਿਛੇ ਤੋਂ) ਆਵੀਦਾ ਹੈ । ਕੋਈ ਵੀ ਅਜਿਹਾ ਦਾਉ ਨਹੀਂ ਦਸ ਗਿਆ, ਜਿਸ ਯਤਨ ਨਾਲ (ਕਾਲ ਦੀ) ਮਾਰ ਤੋਂ ਬਚ ਸਕੀਦਾ ਹੈ । ਹੇ ਮੂੜ੍ਹ ! ਜਿਸਤੋਂ ਕਦੇ ਭੀ ਛੁਟ ਨਹੀਂ ਸਕਦਾ, ਉਸ ਦੀ ਸ਼ਰਨ ਵਿਚ ਹੱਸ ਕੇ ਕਿਉਂ ਜਾਈਏ ? (ਭਾਵ--ਉਸ ਦੀ ਸ਼ਰਨ ਵਿਚ ਖੁਸ਼ੀ ਖੁਸ਼ੀ ਜਾਣਾ ਚਾਹੀਦਾ ਹੈ) । ੯੬ । ਕ੍ਰਿਸ਼ਨ ਤੇ ਬਿਸ਼ਨ (ਆਦਿਕ) ਕਰੋੜਾਂ ਦੇਵਤਿਆਂ ਨੂੰ ਜਪਿਆ ਹੈ, ਤੇ ਰਾਮ ਤੇ (ਰਹੀਮ) ਰਸੂਲ ਨੂੰ ਭੀ ਚੰਗੀ ਤਰ੍ਹਾਂ ਸਿਮਰਿਆ ਹੈ । ਬ੍ਰਹਮਾ ਦਾ ਭੀ ਜਾਪ ਕੀਤਾ ਅਤੇ ਸ਼ਿਵਜੀ ਦੀ ਪੂਜਾ ਕੀਤੀ ਹੈ, ਪਰ ਉਸ (ਕਾਲ) ਤੋਂ ਤੈਨੂੰ ਕਿਸੇ ਭੀ ਬਚਾਇਆ ਨਹੀਂ ਹੈ । ਕਰੋੜਾਂ ਤਰ੍ਹਾਂ ਦੀ ਤਪੱਸਿਆ ਕਰੋੜਾਂ ਦਿਨ ਕੀਤੀ, ਪਰ ਕਿਸੇ ਨੇ ਕੌਡੀ ਦਾ ਕੰਮ ਨ ਕਢਿਆ । (ਕਾਮਕੁ) ਇੱਛਾ ਸਹਿਤ ਮੰਤਰ ਦਮੜੀ ਦੇ ਕੰਮ ਦਾ ਭੀ ਨਹੀਂ ਹੈ, (ਕਿਉਂਕਿ) ਕਾਲ ਦੀ ਮਾਰ ਤੋਂ ਕਿਸੇ ਨੇ ਭੀ ਬਚਾਉਣਾ ਨਹੀਂ ਹੈ । ੯੭ ।

**ਕਾਹੇ ਕੋ ਕੂਰ ਕਰੈ ਤਪਾਸਾ ਇਨਕੀ ਕੋਊ ਕੌਡੀ ਕੇ ਕਾਮ ਨ ਐ ਹੈ ॥**
**ਤੋਹਿ ਬਚਾਇ ਸਕੈ ਕਹੁ ਕੈਸੈ ਕੈ ਆਪਨ ਘਾਵ ਬਚਾਇ ਨ ਐ ਹੈ ॥**

ਕੋਪ ਕਰਾਲ ਕੀ ਪਾਵਕ ਕੁੰਡ ਮੈ ਆਪ ਟੰਗਿਓ ਤਿਮ ਸੋਇ ਤੰਗੈ ਹੈ ॥
ਚੇਤ ਰੇ ਚੇਤ ਅਜੋ ਜੀਅ ਮੈ ਜੜ ਕਾਲ ਕ੍ਰਿਪਾ ਬਿਨੁ ਕਾਮ ਨ ਐ ਹੈ ॥ ੯੮ ॥
ਤਾਹਿ ਪਛਾਨਤ ਹੈ ਨ ਮਹਾ ਪਸੁ ਜਾਕੋ ਪ੍ਰਤਾਪੁ ਤਿਹੂੰ ਪੁਰ ਮਾਹੀ ॥
ਪੂਜਤ ਹੈ ਪਰਮੇਸਰ ਕੈ ਜਿਹ ਕੈ ਪਰਸੈ ਪਰਲੋਕ ਪਰਾਹੀ ॥
ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਹੀ ॥
ਪਾਇ ਪਰੋ ਪਰਮੇਸਰ ਕੇ ਜੜ ਪਾਹਨ ਮੈ ਪਰਮੇਸਰ ਨਾਹੀ ॥ ੯੯ ॥

**ਅਰਥ**:--(ਕਿਸ਼ਨ ਬਿਸ਼ਨ ਰਾਮ ਆਦਿ) ਇਨ੍ਹਾਂ ਝੂਠਿਆਂ ਦੀ ਤਪੱਸਿਆ ਕਿਉਂ ਕਰਦਾ ਹੈਂ ? (ਇਹ ਤਾਂ) ਕੋਈ ਇੱਕ ਕੌਡੀ ਦੇ ਕੰਮ ਨਹੀਂ ਆਵੇਗਾ । (ਜਿਸਨੂੰ) ਆਪਣਾ ਆਪ (ਕਾਲ ਦੀ) ਮਾਰ ਤੋਂ ਬਚਾਉਣਾ ਨਹੀਂ ਆਉਂਦਾ ਹੈ, ਦੱਸ (ਉਹ) ਤੈਨੂੰ ਕਿਸ ਤਰ੍ਹਾਂ ਬਚਾ ਸਕਦਾ ਹੈ ? (ਕਾਲ ਦੀ) ਡਰੌਣੀ ਕ੍ਰੋਧ ਅਗਨੀ ਦੇ ਕੁੰਡ ਵਿਚ (ਜਿਵੇਂ ਉਹ) ਆਪ ਟੰਗਿਆ ਹੋਯਾ ਹੈ, ਤਿਵੇਂ ਹੀ ਤੈਨੂੰ (ਪੁੱਠਾ) ਟੰਗਵਾ ਦੇਵੇਗਾ । ਹੇ ਮੂਰਖ ! ਹੋਸ਼ ਕਰ ਅਜੇ ਵੀ ਦਿਲ ਵਿਚ ਸਮਝ, **ਕਾਲ ਦੀ ਕਿਰਪਾ** ਤੋਂ ਬਿਨਾ (ਹੋਰ ਕੋਈ ਭੀ ਤੇਰੇ) ਕੰਮ ਨਹੀਂ ਆਵੇਗਾ । ੯੮ । (ਤੂੰ ਉਨ੍ਹਾਂ, ਰਾਮ ਕ੍ਰਿਸ਼ਨ, ਵਿਸ਼ਨੂੰ ਆਦਿ ਨੂੰ ) ਪਰਮੇਸ਼ਰ ਕਰ ਕੇ ਪੂਜਦਾ ਹੈਂ (ਪਰਸੈ) ਛੋਹਨ ਨਾਲ ਹੀ ਪਰਲੋਕ ਤੋਂ (ਪਰ੍ਹਾਂ ਹੀ) ਧਕਿਆ ਜਾਵੇਂ ਗਾ । ਪਰਮਾਰਥ (ਕੈ) ਸਮਝਕੇ, (ਉਹ) ਪਾਪ ਕਰਦਾ ਹੈਂ, ਜਿੰਨ੍ਹਾਂ ਪਾਪਾਂ ਤੋਂ [ਅਤਿ ਪਾਪ] ਮਹਾਂ ਪਾਪ ਲੱਜਾਵਾਨ ਹੁੰਦੇ ਹਨ । (ਭਾਵ, ਮਹਾਂਕਾਲ, ਕਾਲ, ਅਥਵਾ ਸ਼ਿਵ ਦੇ ਥਾਂ ਵਿਸ਼ਨੂੰ ਅਤੇ ਉਸ ਦੇ ਅਵਤਾਰਾਂ ਨੂੰ ਪੂਜਣਾ ਮਹਾਂ ਪਾਪ ਹੈ) । ਰੇ ! ਪਰਮੇਸ਼ਰ ਦੀ ਸਰਣੀ ਪਉ, (ਇਨ੍ਹਾਂ ਰਾਮ ਕ੍ਰਿਸ਼ਨ ਆਦਿਕ ) ਪੱਥਰਾ ਦੀ ਪੂਜਾ ਵਿਚ ਪਰਮੇਸ਼ਰ ਦੀ ਪੂਜਾ ਨਹੀਂ ਹੈ । ੯੯ ।

ਹਿੰਦੂਆਂ ਦੇ ਗ੍ਰੰਥ ਦੀਆਂ ਲਿਖਤਾਂ ਦੇ ਲਿਖਣ ਢੰਗ ਤੋਂ ਅਨਜਾਣ ਸਿੱਖਾਂ ਨੂੰ ਜ਼ਹਿਰ ਖੁਵਾਉਣ ਲਈ, ਖੰਡ ਦਾ ਬੜਾ ਮੋਟਾ ਕੋਟ ਚਾੜ੍ਹਿਆ ਗਿਆ ਹੈ। **ਹੁਣ ਅੱਗੇ ਬੜੀ ਸਫ਼ਾਈ ਨਾਲ ਗੁਰਮਤਿ ਦੀ ਖੰਡਨਾ**:---

ਮੋਨ ਭਜੇ ਨਹੀ ਮਾਨ ਤਜੇ, ਨਹੀ ਭੇਖ ਸਜੇ ਨਹੀ ਮੂੰਡ ਮੁੰਡਾਏ ॥
ਕੰਠ ਨ ਕੰਠੀ ਕਠੋਰ ਧਰੇ ਨਹੀ ਸੀਸ ਜਟਾਨ ਕੇ ਜੂਟ ਸੁਹਾਏ ।P>

**ਅਰਥ**:--ਮੋਨ ਧਾਰਿਆਂ ਨਹੀਂ (ਮਿਲਦਾ) **ਮਾਨ** (ਹੰਕਾਰ? ਛਡਿਆਂ ਨਹੀਂ ਮਿਲਦਾ, ਭੇਖ ਧਾਰਿਆਂ ਨਹੀਂ (ਮਿਲਦਾ ਅਤੇ) ਨਾ ਹੀ ਸਿਰ ਮੁਨਾਇਆ ਮਿਲਦਾ ਹੈ । ਗਲ ਵਿਚ ਕੰਠੀ ਪਾ ਕੇ ਕਠੋਰ (ਸਾਧਨਾ ਕਰਨ ਨਾਲ) ਨਹੀਂ (ਮਿਲਦਾ, ਅਤੇ) ਸਿਰ ਉਤੇ ਜੜਾਵਾਂ ਦਾ ਜੂੜਾ ਬਣਾ ਲੈਣ (ਨਾਲ ਭੀ ਮਿਲਦਾ) ਨਹੀਂ ।

ਮੋਨ ਧਾਰਿਆਂ, ਖ਼ਾਸ ਭੇਖ ਜਾਂ ਚਿੰਨ੍ਹ ਧਾਰਿਆਂ, ਸਿਰ ਮੁਨਾਇਆ, ਕਠੋਰ ਸਾਧਨਾ, ਆਦਿ ਵਿਖਾਵੇ ਵਾਲੇ ਕਿਸੇ ਕਰਮ ਨਾਲ ਪਰਮਾਤਮਾ ਦੀ ਪ੍ਰਾਪਤੀ ਨਾ ਹੋਣ ਵਾਲੀ ਗੱਲ, ਗੁਰਮਤਿ ਦੇ ਅਨਕੂਲ ਹੈ, ਪਰ " **ਮਾਨ ਤਜੇ ਨਹੀਂ** " ਕਹਿਣਾ ਜ਼ਹਿਰ ਦੀ ਪੁੜੀ ਹੈ। ਮਾਨ ਦਾ ਅਰਥ ਹੰਕਾਰ ਲਿਖਿਆ ਹੈ ਅਤੇ ਮਾਨ ਦਾ ਅਰਥ ਜਾਂ ' ਆਪਾ-ਭਾਵ " ਹੈ। ਬ੍ਰਾਹਮਣੀ ਗ੍ਰੰਥਾਂ ਵਿਚਲੇ ਦੇਵੀ ਦੇਵਤਿਆਂ, ਰਿਸ਼ੀਆਂ ਮੁਨੀਆਂ, ਸਿੱਧਾਂ ਆਦਿ ਵਿਚ ਹੰਕਾਰ ਅਤੇ ਕ੍ਰੋਧ ਧਰਮ ਦਾ ਹਿੱਸਾ ਬਣਿਆਂ ਨਜ਼ਰ ਆਉਂਦਾ ਹੈ। ਪਰ ਗੁਰੂ ਨਾਨਕ ਜੀ ਨੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਪੰਜੇ ਵਿਕਾਰ ਮਨੁੱਖਤਾ ਦੇ ਵੈਰੀ ਦੱਸੇ ਹਨ। ਇਨ੍ਹਾਂ ਪੰਜਾਂ ਵਿਚੋਂ **ਹੰਕਾਰ** ਨੂੰ ਸੱਭ ਤੋਂ ਵੱਧ ਹਾਨੀ ਕਾਰਕ ਮੰਨਿਆਂ ਹੈ। ਗੁਰਦੇਵ ਜੀ ਨੇ ਉਸ ਧਰਮ ਕਰਮ ਨੂੰ ਆਤਮਕ ਮੌਤ ਲਿਆਉਣ ਵਾਲਾ ਮੰਨਿਆਂ ਹੈ ਜੋ ਹੰਕਾਰ ਦੇ ਵੱਸ ਹੋ ਕੇ ਕੀਤਾ ਜਾਏ--੧) **ਹਉਮੈ ਕਰਮ ਕਮਾਵਦੇ ਜਮ ਡੰਡੁ ਲਗੈ ਤਿਨ ਆਇ ।।.. ੧ ॥**[੬੫] ੨) **ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ।**[੫੬੦] ੩) **ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥**[੪੯੧]--੪) **ਹਉਮੈ ਜਾਈ ਤਾ ਕੰਤ ਸਮਾਈ ॥ ਤਉ ਕਾਮਣਿ ਪਿਆਰੇ ਨਵਨਿਧਿ ਪਾਈ ॥ ੬ ॥**[੭੫੦] **ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਜਿਨਿ ਵਿਚਹੁ ਆਪੁ ਗਵਾਇਆ ॥** [੧੨੩੪] ਸਤਿਗੁਰੂ ਦੇ ਉਪਦੇਸ਼ ਤੇ ਚਲਿਦਿਆਂ, ਆਪੇ ਦਾ ਮਾਨ ਤਿਆਗਿਆਂ ਹੀ ਪ੍ਰਭੂ ਦੇ ਦੀਦਾਰੇ ਹੁੰਦੇ ਹਨ। ਏਧਰ ਬਚਿੱਤ੍ਰ ਨਾਟਕ ਦਾ ਉਪਦੇਸ਼ ਹੈ ਕਿ **ਮਾਨ ਤਿਆਗਿਆਂ ਵੀ ਰੱਬ ਨਹੀਂ ਮਿਲਦਾ** ਹੁਣ ਦਰਸ਼ਨ ਕਰੋ ਚੌਪਈ ਦੇ ਬਾਕੀ ਹਿੱਸੇ ਦੇ:--

<<< ਸਾਚ ਕਹੋਂ ਸੁਨ ਲੈ ਚਿਤ ਦੈ ਬਿਨੁ ਦੀਨ ਦਿਆਲ ਕੀ ਸਾਮ ਸਿਧਾਏ ॥
ਪ੍ਰੀਤਿ ਕਰੇ ਪ੍ਰਭੁ ਪਾਯਤ ਹੈ ਕ੍ਰਿਪਾਲ ਨ ਭੀਜਤ ਲਾਂਡ ਕਟਾਏ ॥ ੧੦੦॥ {**See page 67**]

ਕੀ ਇਹ ਬੋਲੀ ਦਸ਼ਮੇਸ਼ ਜੀ ਦੀ ਹੈ ਜੀ ? ਕੀ ਉਹ ਏਡੇ ਕਮਜ਼ੋਰ ਕਵੀ ਸਨ ਕਿ ਅਸ਼ਲੀਲ ਭਾਸ਼ਾ ਦੀ ਥਾਂ ਕੋਈ ਚੰਗਾ ਸ਼ਬਦ ਨਹੀਂ ਸੀ ਵਰਤ ਸਕੇ ? ਗੁਰਬਾਣੀ ਵਿਚ " ਸੁੰਨਤ " ਲਫ਼ਜ਼ ਪਹਿਲਾਂ ਆਇਆ ਹੀ ਹੋਇਆ ਸੀ । ਉਹ ਕਿਸ ਕਾਰਨ ਰੱਦ ਕਰ ਦਿੱਤਾ ਗਿਆ ? ਦਸ਼ਮੇਸ਼ ਜੀ ਏਹੋ ਜਿਹੀ ਬੇਸ਼ਰਮਾਂ ਵਾਲੀ (**ਲਾਂਡ**) ਕਦੇ ਨਹੀਂ ਸਨ ਲਿਖ ਸਕਦੇ।

ਕਾਗਦ ਦੀਪ ਸਭੈ ਕਰਿਕੈ ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈਹੋਂ ॥
ਕਾਟ ਬਨਾਸਪਤੀ ਸਗਲੀ ਲਿਖਬੇ ਹੂੰ ਕੇ ਲੇਖਨ ਕਾਜ ਬਨੈ ਹੋਂ ॥
ਸਾਰਸੁਤੀ ਬਕਤਾ ਕਰਿਕੇ ਜੁਗਿ ਕੋਟਿ ਗਨੇਸ ਕੈ ਹਾਥ ਲਿਖੈ ਹੋਂ ॥
ਕਾਲ ਕ੍ਰਿਪਾਲ ਬਿਨਾ ਬਿਨਤੀ ਨ ਤੋਊ ਤੁਮ ਕੌ ਪ੍ਰਭੁ ਨੈਕ ਰਿਝੈ ਹੋਂ ॥ ੧੦੧॥

**ਅਰਥ**:--ਸਾਰੇ ਦੀਪਾਂ (ਦੀ ਧਰਤੀ ਨੂੰ ਕਾਗਤ ਬਣਾ ਲਵਾਂ, ਅਤੇ ਸੱਤਾਂ ਸਮੁੰਦਰਾਂ ਦੇ ਪਾਣੀ ਨੂੰ ਸਿਆਹੀ ਬਣਾ ਲਵਾਂ । ਸਾਰੀ ਬਨਾਸਪਤੀ ਨੂੰ ਕੱਟ ਕੇ ਲਿਖਣ ਦੇ ਵਾਸਤੇ ਉਸ ਦੀਆਂ ਕਲਮਾਂ ਬਣਾ ਲਵਾਂ ਸਰਸਵਤੀ ਦੇਵੀ ਨੂੰ ਬਕਤਾ (-ਉਪਮਾ ਬੋਲਣ ਵਾਲੀ) ਬਣਾ ਕਰਕੇ ਕ੍ਰੋੜਾਂ ਜੁਗਾਂ ਤਕ, ਗਣੇਸ਼ ਜੀ ਦੇ ਹੱਥੀਂ ਤੇਰੀ ਉਪਮਾ ਲਿਖਵਾਈ ਜਾਵਾਂ, **ਹੇ ਮਹਾਂ ਕਾਲ** ! ਬੇਨਤੀ ਤੋਂ ਬਿਨਾਂ, (ਉਪਰ ਦਸੇ ਸਾਰੇ ਸਾਧਨ ਕਰ ਲਵਾਂ) ਤਾਂ ਤੈਨੂੰ ਥੋੜਾ ਭੀ ਖ਼ੁਸ਼ ਨਹੀਂ ਕਰ ਸਕਾਂਗਾ।

ਦਸ਼ਮੇਸ਼ ਜੀ ਕਰੀਬ ਪੰਜ ਸਾਲ ਦੀ ਉਮਰੇ ਹੀ ਪੰਜਾਬ ਵਿਚ ਆ ਗਏ ਸਨ। ਪੰਜਾਬੀਆਂ ਵਿਚ ਜਵਾਨ ਹੋਏ ਅਤੇ ਪੰਜਾਬੀਆਂ ਵਿਚ ਸਾਰੀ ਸ਼ਸਤਰ ਵਿਦਿਆ ਅਤੇ ਹੋਰ ਭਾਸ਼ਾਈ ਵਿਦਿਆ ਸਿੱਖੀ । ਪੰਜਾਬੀਆਂ ਵਿਚ ਸ਼ਾਦੀ ਹੋਈ ਪੰਜਾਬੀ ਜ਼ਬਾਨ ਵਿਚ ਲਿਖੀ ਗੁਰਬਾਣੀ ਉਨ੍ਹਾਂ ਕੋਲ ਪੁੱਜੀ। ਹੈਰਾਨੀ ਹੈ ਕਿ ਉਨ੍ਹਾਂ ਦੇ ਨਾਮ ਨਾਲ ਜੁੜੀ ਸਾਰੀ ਦੀ ਸਾਰੀ ਰਚਨਾ ਉਸ ਬੋਲੀ ਵਿਚ ਹੈ ਜਿਸ ਦੀ ਸਮਝ ਚੰਗੇ ਭਲੇ ਵਿਦਵਾਨ ਨੂੰ ਵੀ ਬੜੀ

ਮੁਸ਼ਕਲ ਨਾਲ ਹੀ ਆ ਸਕਦੀ ਹੈ। ਇਹ ਭਾਸ਼ਾ ਉਨ੍ਹਾਂ ਗੋਪੀਆਂ ਦੀ ਹੈ ਜੋ ਮੁਰਲੀ ਮਨੋਰ ਸ੍ਰੀ ਬ੍ਰਿਜ ਮੋਹਨ ਜੀ ਨੂੰ ਰੀਝਉਂਣ ਲਈ ਵਰਤਿਆ ਕਰਦੀਆਂ ਸਨ। ਜੇ ਇਹ ਕਾਨ੍ਹ ਜੀ ਦੀਆਂ ਗੋਪੀਆਂ ਦੀ ਨਹੀਂ, ਤਾਂ ਕੀ ਇਹ ਬੋਲੀ ਦਸਮੇਸ਼ ਜੀ ਦੇ ਸਿੱਖਾਂ ਦੀ ਮਾਤ-ਭਾਸ਼ਾ ਸੀ ? ਪੰਜਾਬੀ ਦਾ ਕਿਤੇ ਕੋਈ ਸ਼ਬਦ ਭੁਲੇਖੇ ਨਾਲ ਵੀ ਨਹੀਂ ਲਿਖਿਆ ਜਾ ਸਕਿਆ। ਨਿਰਸੰਦੇਹ ਲਿਖਾਰੀ ਸ਼ਿਵ ਭਗਤ ਬ੍ਰਾਹਮਣ ਹੀ ਹੈ ਜਿਸ ਨੇ ਹਰ ਥਾਂ ਮਹਾਂ-ਕਾਲ ਅਥਵਾ ਸ਼ਿਵ ਜੀ ਨੂੰ ਹੀ ਪਾਰਬ੍ਰਹਮ ਪਰਮੇਸ਼ਰ ਸਿੱਧ ਕਰਨਾ ਸੀ ।

ਪਰ ਬਦਕਿਸਮਤੀ ਤਾਂ ਇਹ ਹੈ ਕਿ ਸ੍ਰੀ ਗੁਰੂ ਨਾਨਕ ਜੀ ਦੇ ਪੰਥ ਦੇ ਗਿਆਨੀ ਸਿੱਖ, ਆਪਣੇ ਗੁਰਦੇਵ ਜੀ ਦੇ ਸਿਧਾਂਤ ਦੀ ਖੰਡਨਾਂ ਕਰਨ ਦੇ ਪਾਪ ਦੀ ਪਰਵਾਹ ਨਾ ਕਰਕੇ ਉਹੀ ਬੋਲੀ ਬੋਲ ਰਹੇ ਹਨ, ਜਿਹੜੀ ਭਾਸ਼ਾ, ਸ਼ਿਵ ਜੀ ਦੇ ਭਗਤਾਂ ਨੇ ਸਿਵ ਪੁਰਾਣ ਵਿਚ ਲਿਖੀ ਹੋਈ ਹੈ । ਹਿੰਦੂਆਂ ਨੇ ਜਿੰਨੇ ਵੀ ਨਾਮ ਪਰਮਾਤਮਾ ਨੂੰ ਦਿੱਤੇ ਹੋਏ ਹਨ ਲਗ-ਪਗ ਉਹ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ । ਪਰ ਵਾਹਿਗੁਰੂ ਲਈ " ਮਹਾਂ ਕਾਲ ", ਕਾਲ, ਅਸਪਾਨ, ਖੜਗਧਾਰੀ, ਦੁਰਗਾ, ਕਾਲਿਕਾ, ਪਾਰਬਤੀ, ਚੰਡਿਕਾ ਆਦਿ ਦੇਵੀਆਂ, ਅਤੇ ਸ਼ਸਤਰਾਂ ਵਿਚੋਂ ਕਿਸੇ ਵੀ ਸ਼ਸਤਰ ਨੂੰ ਵਹਿਗੁਰੂ, ਜਾਂ ਸ਼ਕਤੀ ਲਿਖਣਾ ਸ੍ਰੀ ਗੁਰੂ ਨਾਨਕ ਜੀ ਨੇ ਪ੍ਰਵਾਨ ਨਹੀਂ ਕੀਤਾ। ਦਸ਼ਮੇਸ਼ ਜੀ ਦੇ ਪਾਵਨ ਮੁਖਾਰਬਿੰਦ ਵਿਚ ਅਜੇਹੇ ਨਾਮ ਪਾਉਣ ਵਾਲੇ ਲੋਕ ਇਹ ਸਿੱਧ ਕਰ ਰਹੇ ਹਨ ਕਿ ਦਸ਼ਮੇਸ਼ ਜੀ ਗੁਰੂ ਨਾਨਕ ਜੀ ਦੀ **ਜੋਤਿ** ਅਤੇ **ਜੁਗਤਿ** ਦੇ ਮਾਲਕ ਨਹੀਂ ਸਨ। ਗੁਰਮੁਖਿ ਪਾਠਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ--" **ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥** "[੯੬੬] ਪੂਰੀ ਤਰ੍ਹਾਂ ਯਾਦ ਹੋਣੇ ਹਨ। ਇਸ ਗੁਰੂ ਫ਼ੁਰਮਾਨ ਤੋਂ ਸਪੱਸ਼ਟ ਹੋ ਜਾਂਦਾ ਹੈ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਉਤਰ-ਅਧਕਾਰੀ ਸਤਿਗੁਰਾਂ ਦੀ ਕੇਵਲ ਕਾਇਆ (ਸਰੀਰ) ਹੀ ਹੋਰ ਹੁੰਦਾ ਸੀ, **ਜੋਤਿ** ਅਤੇ **ਜੁਗਤਿ** ਉਹੀ (ਸ੍ਰੀ ਗੁਰੂ ਨਾਨਕ ਸਾਹਿਬ ਵਾਲੀ ਹੀ) ਹੋਇਆ ਕਰਦੀ ਸੀ। ਦਸਮ ਗੁਰੂ ਨਾਨਕ ਸ੍ਰੀ ਦੇਸ਼ਮੇਸ਼ ਜੀ ਦੀ **ਗੁਰਬਾਣੀ ਲਿਖਣ ਵਾਲੀ ਜੁਗਤਿ**, ਆਪੇ ਸਤਿਗੁਰੂ-ਪਿਤਾ-ਪਿਤਾਮਾਂ ਤੋਂ ਅੱਡਰੀ ਹੋ ਹੀ ਨਹੀਂ ਸੀ ਸਕਦੀ।

ਜੇ ਅਜੇਹੀਆਂ ਭੁਲੇਖਾ ਪਾਊ ਬਾਣੀਆਂ ਇਸ ਪੱਕੇ ਪ੍ਰੋਹਿਤ ਵਾਦ ਵਿਚ ਨਾ ਰਲਾਈਆਂ ਹੁੰਦੀਆਂ ਤਾਂ " **ਸੱਚ** " ਦੇ ਅਵਤਾਰ ਸ੍ਰੀ ਗੁਰੂ ਨਾਨਕ ਜੀ ਦੇ ਦਸਵੇਂ ਸਰੂਪ ਦੇ ਪਾਵਨ ਪਵਿਤ੍ਰ ਨਾਮ ਨੂੰ ਵਰਤ ਕੇ ਬ੍ਰਾਹਮਣੀ-ਕੁਫ਼ਰ ਉਤੇ ਅਕਾਲਪੁਰਖ ਦੇ ਦਰਬਾਰ ਦੀ ਮੋਹਰ ਕਿਵੇਂ ਲੱਗਦੀ। ਬਿਰਧ ਉਮਰ ਦੇ ਅਗਸਤ ਨਾਮੀ, ਇੱਕ ਮੁਨੀ ਨੂੰ ਸੰਸਾਰ ਦੇ ਸਾਰੇ ਸਮੁੰਦਰਾਂ ਦਾ ਪਾਣੀ ਪੀਵੀ ਜਾਂਦੇ ਅਤੇ ਅੰਦਰੋਂ ਬਾਹਰ ਕੱਢਦੇ, ਅਤੇ ਫਿਰ ਕਰੋੜਾਂ ਮੀਲ ਉੱਚੇ ਸੂਰਜ ਨੂੰ ਚੜ੍ਹਨੋ ਡੱਕ ਖਲੋਤੇ ਕਥਿਤ ਹੰਕਾਰੀ ਪਹਾੜ ਦੇ ਸਿਰ ਤੇ ਅੱਡੀ ਮਾਰ ਕੇ ਉਸ ਨੂੰ ਧਰਤੀ ਵਿਚ ਧਸਾਉਂਦੇ, ਸਭ ਕੁਝ **T V** ਤੇ ਸਾਰੇ ਸੰਸਾਰ ਨੂੰ ਵਿਖਾ ਕੇ, ਅਗਸਤ ਮੁਨੀ ਦੀ **ਜੈ ਜੈਕਾਰੇ** ਬੁਲਵਾ ਲੈਣ ਵਾਲਾ, ਭਾਵ, ਝੂਠ ਨੂੰ ਨਿਰੋਲ ਸੱਚ ਬਨਾਉਣ ਵਿਚ ਨਿਪੁੰਨ ਲਿਖਾਰੀ, ਜੇ--**ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥ ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈ ਮਿਲਤ ਦੇਹ ਧਰ ਸਭਹੂੰ ॥** ਵਰਗੇ **ਗੁਰਮਤਿ ਦੇ ਅਨਕੂਲ ਬਚਨ ਨਾ ਲਿਖਦਾ** ਤਾਂ, ਉਸ ਦੇ ਮਾਇਆ ਜਾਲ ਤੋਂ ਸੁਚੇਤ ਕਰਨ ਵਾਲੇ ਸੁਹਿਰਦ ਵਿਦਵਾਨਾਂ ਨੂੰ ਪੰਥ ਵਿਰੋਧੀ ਕਹਿ ਕੇ ਉਨ੍ਹਾਂ ਨੂੰ ਪੰਥ ਵਿਚੋਂ ਖ਼ਾਰਜ ਕਰਵਾਉਣ ਲਈ ਲੰਮੇ ਚੋੜੇ ਲੇਖ ਲਿਖਣ ਦਾ ਕਿੱਤਾ ਅਸੀਂ ਕਿਵੇਂ ਅਰੰਭਦੇ? ਪੰਥ ਵਿਚ ਧੜੇ ਕਿਵੇਂ ਬਣਦੇ ? ਅਥਵਾ ਪੰਥ ਦੀ ਇੱਕ-ਮੁੱਠਤਾ ਨਸ਼ਟ ਕਿਵੇਂ ਹੁੰਦੀ ?

**ਸ੍ਰੀ ਕਾਲ ਜੀ ਕੀ ਉਸਤਤਿ** ਦਾ ਭੋਗ ਫਿਰ ਇਉਂ ਪੈਂਦਾ ਹੈ:--

**ਇਤੀ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਸ੍ਰੀ <u>ਕਾਲ ਜੀ</u> ਕੀ ਉਸਤਤਿ ਪ੍ਰਿਥਮ ਧਿਆਇ ਸੰਪੂਰਨ ਸੁਭਮਸਤੁ ॥੧॥ਅਫਜੂ**=ਚਲਦਾ॥

੬

## ਦੂਜਾ ਅਧਿਆਇ:---

ਓਸੇ ਭੁਲੇਖਾ ਪਾਊ ਖ਼ਾਸ ਬੋਲੀ ਵਿਚ ਬਚਿਤ੍ਰ ਨਾਟਕ ਦਾ ਦੂਜਾ ਅਧਿਆਇ ਅਰੰਭ ਹੁੰਦਾ ਹੈ । " ਕਾਲ " ਅਥਵਾ ਸ਼ਿਵ ਪੁਰਾਣ ਵਾਲੇ ਮਹਾਂਕਾਲ ਦੀ ਕ੍ਰਿਪਾ ਦਾ ਧਨਵਾਦ ਕੀਤਾ ਹੈ ਪਰ ਉਸ " ਸੱਚੇ " ਦੀ " ਸੱਚੀ ਕੁਦਰਤ " ਦੇ ਵਿਰੋਧ ਵਿਚ ਲਿਖੇ ਜਾ ਰਹੇ ਆਪਣੇ ਝੂਠ ਨੂੰ ਸੱਚ ਬਣਾਉਣ ਦੇ ਯਤਨ ਵਾਲੀ ਚਤੁਰਾਈ ਲੇਖਕ ਭੁਲਿਆ ਨਹੀਂ । ਕੁਝ ਸਤਰਾਂ ਗੁਰਮਤਿ ਦਾ ਭੁਲੇਖਾ ਪਾਉਣ ਵਾਲੀਆਂ---**ਮੁਖਿ ਝੂਠੁ ਬਿਭੂਖਨ ਸਾਰੰ** ॥ [੧੩੫੫]--ਵਾਲੀ ਚਤੁਰਾਈ ਵਰਤਦਿਆਂ " ਆਪਣੇ ਕਾਲ " ਜੀ ਦੀ ਭਗਤੀ ਸ੍ਰੇਸ਼ਟ ਦਸਣ ਲਈ ਕਵੀ ਜੀ ਲਿਖਦੇ ਹਨ:--

**ਚੌਪਈ**

**ਤੁਮਰੀ ਮਹਿਮਾ ਅਪਰ ਅਪਾਰਾ ॥ ਜਾਕਾ ਲਹਿਓ ਨ ਕਿਨਹੂੰ ਪਾਰਾ ॥**
**ਦੇਵ ਦੇਵ ਰਾਜਨ ਕੇ ਰਾਜਾ ॥ ਦੀਨ ਦਇਆਲ ਗਰੀਬ ਨਿਵਾਜਾ ॥ ੧॥**

**ਦੋਹਰਾ**

**ਮੂਕ ਊਚਾਰੇ ਸਾਸਤ੍ਰ ਖਟ ਪਿੰਗੁ ਗਿਰਨ ਚੜਿ ਜਾਇ ॥ ਅੰਧ ਲਖੈ ਬਦਰੋ ਸੁਨੈ ਜੋ ਕਾਲ ਕ੍ਰਿਪਾ ਕਰਾਇ ॥ ੨ ॥**

**ਅਰਥ:**--ਜਦੋਂ " ਕਾਲ ' ਕ੍ਰਿਪਾ ਕਰੇ ਤਾਂ (ਮੂਕ)-ਗੂੰਗਾ ਛੇ ਸ਼ਾਸਤ੍ਰ ਪੜ੍ਹਣ ਲੱਗ ਪੈਂਦਾ ਹੈ, ਪਿੰਗ (=ਪਿੰਗਲਾ ਲੂਲ੍ਹਾ-ਲੰਗੜਾ), ਪਹਾੜ ਉਤੇ ਚੜ੍ਹ ਜਾਂਦਾ ਹੈ। ਅੰਨ੍ਹਾਂ ਵੇਖਣ ਲੱਗ ਪੈਂਦਾ ਹੈ ਅਤੇ ਬੋਲਾ (ਪੁਰਸ਼) ਸੁਣਨ ਲੱਗ ਪੈਂਦਾ ਹੈ ।੨।

ਪੁਸਤਕ ਦੇ ਪਿਛਲੇ ਪੰਜ ਭਾਗਾਂ ਵਿਚ ਦਾਸ ਕਈ ਥਾਈ ਸਪੱਸ਼ਟ ਕਰਦਾ ਆ ਰਿਹਾ ਹੈ ਕਿ ਗੁਰਬਾਣੀ-ਗਿਆਨ ਦਾ ਵੈਰੀ ਪ੍ਰੋਹਿਤ ਗੁਰਬਾਣੀ ਵਿਚ ਰਲੇ ਪਾਉਂਦਾ ਰਿਹਾ ਸੀ ਪਰ ਸੁਜਾਨ ਸਤਿਗੁਰਾਂ ਦੀ ਕਿਰਪਾ ਦੁਆਰਾ ਗੁਰਮਤਿ ਗਿਆਨ ਪ੍ਰੋਹਿਤ ਜੀ ਛੇੜ ਛਾੜ ਤੋਂ ਬਹੁਤ ਦੂਰ ਜਾ

ਬਿਰਾਜਿਆ ਸੀ। ਜਿਸ ਗਿਆਨ ਦਾ ਰੂਪ ਵਟਾਉਣਾ ਹੋਵੇ ਉਸ ਦੀ ਅਸਲੀਯਤ ਤੋਂ ਬੜੀ ਚੰਗੀ ਤਰ੍ਹਾਂ ਜਾਣੂ ਹੋਣਾ ਜ਼ਰੂਰੀ ਹੁੰਦਾ ਹੈ। ਸੋ ਅਰੰਭਕ ਦਿਨਾ ਵਿਚ ਹੀ ਗੁਰਬਾਣੀ ਦੇ ਗਿਆਨ ਤੋਂ ਜਿੰਨਾ ਪ੍ਰੋਹਿਤ ਜਾਣਕਾਰ ਹੋ ਚੁੱਕਾ ਸੀ, ਅੱਜ ਦੇ ਦਿਨਾਂ ਤੱਕ, ਗੁਰੂਬਾਣੀ ਦੀ ਏਡੀ ਗਹਿਰੀ ਜਾਣਕਾਰੀ ਗੁਰੂ ਸਿੱਖਾਂ ਵਿਚ ਵੀ ਕਿਸੇ ਵਿਰਲ ਨੂੰ ਹੀ ਹੈ। ਏਹੀ ਕਾਰਨ ਹੈ ਉਪ੍ਰੋਕਤ ਦੋਹਰਾ ਗੁਰਬਾਣੀ ਦੇ ਅਨਕੂਲ ਹੋਣ ਦਾ ਭਰਮ ਬਣਾਉਂਦਾ ਹੈ। **ਰਾਮਕਲੀ ਮਹਲਾ ੫॥ ਦਾਵਾ ਅਗਨਿ ਰਹੇ ਹਰਿ ਬੂਟ॥** ਗੁਰੂ ਸ਼ਬਦ ਦੀ ਚੌਥੀ ਤੁਕ ਉਪਰੋਕਤ ਦੋਹਰੇ ਦੇ ਅਨਕੂਲ ਹੈ--**ਜਿਉ ਅੰਧੁਲੇ ਪੇਖਤ ਹੋਇ ਅਨੰਦ ॥ ਗੂੰਗਾ ਬਕਤ ਗਾਵੈ ਬਹੁ ਛੰਦ ॥ ਪਿੰਗੁਲ ਪਰਬਤ ਪਰਤੇ ਪਾਰਿ ॥ ਹਰਿ ਕੈ ਨਾਮਿ ਸਗਲ ਉਧਾਰਿ ॥ ੪ ॥**[੯੧੪] ਬਸ ਦਸਮ ਗ੍ਰੰਥ ਨੂੰ ਗੁਰਮਤਿ ਦੇ ਅਨਕੂਲ ਸਿੱਧ ਕਰਨ ਲਈ ਆਪਣੀ ਨੀਂਦ ਗੁਆਈ ਬੈਠਿਆਂ ਲਈ ਬਹਾਨਾ ਚਾਹੀਦਾ ਹੈ। ਝਟ ਕਹਿਣਗੇ ਕਿ ਇਹ ਦੋਹਾ ਸਿੱਧ ਕਰਦਾ ਹੈ ਕਿ ਬਚਿਤ੍ਰ ਨਾਟਕ ਦਸਮ ਸ੍ਰੀ ਗੁਰੂ ਨਾਨਕ ਜੀ ਦੀ ਹੀ ਕਿਰਤ ਹੈ। ਪਰ ਜੇ (ਅਠਵੀਂ ਚੌਪਈ ਤੋਂ) ਅੱਗੇ ਲਿਖੇ ਨੂੰ ਇਕਾਗਰਤਾ ਨਾਲ ਪੜ੍ਹ-ਵਿਚਾਰੀਏ ਤਾਂ ਇਹ ਭਰਮ ਦੂਰ ਹੋ ਜਾਂਦਾ ਹੈ।

ਤੀਜੀ ਤੋਂ ਸਤਵੀ ਚੌਪਈ ਤੱਕ ਜੋ ਲਿਖਿਆ ਹੈ ਉਸ ਸਾਰੇ ਕੁਝ ਦਾ ਏਹੀ ਅਰਥ ਬਣਦਾ ਹੈ ਕਿ," ਪ੍ਰਭੂ ਦੀ ਮਹਿਮਾ ਏਡੀ ਅਪਰੰ-ਅਪਾਰ ਹੈ ਕਿ ਉਸ ਦੇ ਆਦਿ ਅੰਤ ਦਾ ਕਿਸੇ ਨੂੰ ਕੋਈ ਪਤਾ ਨਹੀਂ ਲੱਗ ਸਕਦਾ। ਇਸ ਲਈ ਹੇ ਰੱਬ ਜੀ ! ਮੁੱਢ ਤੋਂ ਤੇਰੀ ਕਥਾ ਤਾਂ ਮੈਂ ਉਦੋਂ ਹੀ ਕਹਾਂਗਾ ਜਦੋਂ ਮੈਨੂੰ ਤੇਰੀ ਪ੍ਰੇਮਾ ਭਗਤੀ ਪ੍ਰਾਪਤ ਹੋਵੇਗੀ। ਹਾਲੀ ਮੈ ਆਪਣੀ ਕਥਾ ਕਹਿੰਦਾ ਹਾਂ ਕਿ ਜਿਸ ਤਰ੍ਹਾਂ ਸੋਢੀ ਬੰਸ ਪੈਦਾ ਹੋਇਆ ਸੀ:--

**ਤੁਮਰੀ ਪ੍ਰੇਮ ਭਗਤਿ ਜਬ ਗਹਿਹੌ ॥ ਛੋਰ ਕਥਾ ਸਭਹੀ ਤਬ ਕਹਿਹੌ ॥**
**ਅਬ ਮੈ ਕਹੋ ਸੁ ਅਪਨੀ ਕਥਾ ॥ ਸੋਢੀ ਬੰਸ ਉਪਜਿਯਾ ਜਥਾ ॥ ੮ ॥**

ਰੱਬ ਦੀ ਕੁਦਰਤ ਨੂੰ ਅਪਰ-ਅਪਾਰ ਅਤੇ ਅਗਾਧ ਬੋਧ ਕਹਿਣ ਵਾਲਾ ਲਿਖਾਰੀ, ਜਪ ਸਾਹਿਬ ਦੀ ਇਸ ਚਿਤਾਵਣੀ ਨੂੰ ਭੁੱਲ ਭੁਲਾ ਕੇ--**ਜੇ ਕੋ ਆਖਹਿ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥ ੨੬ ॥** ਸਿਰਿਜਣ ਹਾਰ ਦੀ ਸਿਰਜਣਾ ਦੇ ਆਦਿ ਦਾ ਠੀਕ ਠੀਕ ਅੰਕੜਿਆਂ ਦੁਆਰਾ ਪ੍ਰ ਕ੍ਰਿਤੀ ਦੇ ਨੇਮਾ ਦੇ ਪ੍ਰਤਿਕੂਲ, ਝੂਠ-ਵਰਨਣ ਅਰੰਭ ਕਰ ਦਿੰਦਾ ਹੈ:--

**ਪ੍ਰਿਥਮ ਕਾਲ ਜਬ ਕਰਾ ਪਸਾਰਾ ॥ ਓਅੰਕਾਰ ਤੇ ਸ੍ਰਿਸ਼ਟ ਉਪਾਰਾ ॥**
**ਕਾਲ ਸੈਣ ਪ੍ਰਿਥਮੈ ਭਇਓ ਭੂਪਾ ॥ ਅਧਿਕ ਅਤੁਲ ਬਲਿ ਰੂਪ ਅਨੂਪਾ ॥ ੧੦ ॥**

**ਅਰਥ**:--ਜਦੋਂ ਪਹਿਲਾਂ " ਕਾਲ ਜੀ " ਨੇ ਪਸਾਰਾ ਕੀਤਾ, (ਤਾਂ) ਮਾਯਾ ਵਸ਼ਿਸ਼ਟ ਚੇਤਨ (ਤ੍ਰਿਧਾ ਮੂਰਤਿ) ਪ੍ਰਗਟ ਹੋਇਆ ਉਸ ਤੋਂ ਸ੍ਰਿਸ਼ਟੀ ਪ੍ਰੈਦਾ ਹੋਈ ਹੈ । ਫਿਰ ਜਦ ਜੁਗ ਮਰਯਾਦਾ ਹੋਈ ਤਾਂ ਸਭ ਤੋਂ ਪਹਿਲਾਂ ਰਾਜਾ " ਕਾਲਸੈਣ " ਹੋਯਾ । ਜੋ ਵਡੇ ਰੂਪ ਵਾਲਾ, ਅਤੁਲ ਬਲ ਵਾਲਾ ਅਤੇ ਮਹਾਂ ਸੁੰਦਰ ਸੀ ॥ ੧੦ ॥ [ਭਾਈ ਰਣਧੀਰ ਸਿੰਘ ਜੀ ਨੇ--ਕਾਲ ਦੇ ਅਰਥ--ਵਾਹਿਗੁਰੂ, ਪਰਮੇਸ਼ਰ ਸ਼ਕਤੀ । ਓਅੰਕਾਰ ਦਾ ਅਰਥ--ਸਿਰਜਨਾਤਮਕ ਸ਼ਕਤੀ । ਕਾਲਸੈਣ ਭੂਪ ਦਾ ਅਰਥ **ਵਿਸ਼ਨੂੰ** ਲਿਖਿਆ ਹੈ]

**ਕਾਲ ਕੇਤ ਦੂਸਰ ਭੂਅ ਭਇਓ ॥ ਕੂ੍ਰਬਰਸ ਤੀਸਰ ਜਗ ਠਯੋ ॥**
**ਕਾਲਧੁਜ ਚਤੁਰਥ ਨਿਰਪ ਸੋਹੈ ॥ ਜਿਹ ਤੇ ਭਇਓ ਜਗਤ ਸਭ ਕੋ ਹੈ ॥ ੧੧ ॥**

**ਅਰਥ**:--(ਉਸ ਤੋਂ) ਦੂਜਾ (ਭੂਅ-) ਰਾਜਾ ਕਾਲਕੇਤ ਹੋਇਆ । ਜਗਤ ਵਿਚ ਤੀਜਾ (ਰਾਜਾ) 'ਕ੍ਰੂਰਬਰਸ' ਬਣਿਆ ਹੈ । ਕਾਲਧੁਜ ਚੌਥਾ ਰਾਜਾ ਸੋਭਦਾ ਸੀ । ਜਿਸ ਤੋਂ ਜਗਤ ਦਾ (ਬਹੁਤ ਕੁਝ) ਬਣਿਆਂ ਹੈ ॥ ੧ ॥ ਪੰਡਿਤ ਨਰੈਣ ਸਿੰਘ ਜੀ ਦੇ ਕੀਤੇ ਇਨ੍ਹਾਂ ਅਰਥਾਂ ਨੂੰ ਭਾਈ ਰਣਧੀਰ ਸਿੰਘ ਜੀ ਨੇ ਹੋਰ ਸਪੱਸ਼ਟ ਇਸ ਤਰ੍ਹਾਂ ਕੀਤਾ ਹੈ :--ਕਾਲਧੁਜ--ਪੁਰਖ ਤੇ ਪ੍ਰਕ੍ਰਿਤਿ (ਸ਼ਿਵ-ਸ਼ਕਤੀ) ਦਾ ਸਾਂਝਾ ਸਰੂਪ ਵੈਰਾਟ ਰੂਪ-ਜਿਸਨੂੰ " ਕਾਲਪੁਰਖ " ਤੇ ਮਹਾਂ ਵਿਸ਼ਨੂੰ ਤੇ ਹਿਰਣਯ ਗਰਭ ਭੀ ਕਹਿੰਦੇ ਹਨ । ]

**ਸਹਸਰਾਛ ਜਾਕੇ ਸੁਭ ਸੋਹੈਂ ॥ ਸਹਸ ਪਾਦ ਜਾਕੈ ਤਨਿ ਮੋ ਹੈਂ ॥**
**ਸੇਖ ਨਾਗ ਪਰ ਸੋਇਬੋ ਕਰੈ ॥ ਜਗ ਤਹਿ ਸੇਖ ਸਾਇ ਉਚਰੈ ॥ ੧੨ ॥**

**ਅਰਥ**:--ਜਿਸਦੇ (ਸਰੀਰ ਉਤੇ) ਹਜ਼ਾਰਾਂ ਅੱਖਾਂ ਸੋਹਣੀਆਂ ਸੋਭਦੀਆਂ ਹਨ । ਜਿਸ ਦੇ ਸਰੀਰ ਵਿਚ ਹਜ਼ਾਰਾਂ ਪੈਰ ਹਨ । ਜੋ ਸ਼ੇਸ਼ਨਾਗ ਉਤੇ ਸੈਣਾ ਕਰਦਾ ਹੈ । ਉਸ ਨੂੰ ਸਾਰਾ ਜਗਤ " ਸੇਖਸਾਈ " ਕਹਿੰਦਾ ਹੈ ॥ ੧੨ ॥ <u>ਭਾਈ ਰਣਧੀਰ ਸਿੰਘ</u>:--ਰਾਛ=ਹਜ਼ਾਰਾਂ ਅੱਖਾਂ । ਪਾਦ=ਹਜ਼ਾਰਾਂ ਪੈਰ (ਚਰਨ) । ਤਨਿ=ਸਰੀਰ ਵਿਚ, ਜਿਸਮ ਸੰਗ । ਸੋਇਬੋ=ਸਉਣਾ ਕਰਦਾ ਹੈ, ਸੌਂਦਾ-ਵਿਰਾਜਦਾ ਹੈ । ਜਗ=ਦੁਨੀਆਂ ਦੇ ਲੋਕ । ਸੇਖ=(ੳ) ਸੇਖ ਨਾਗ ਦਾ ਸਾਂਈ (ਮਾਲਕ) (ਅ) ਸ਼ੇਸ਼ ਨਾਗ ਉੱਤੇ ਸੌਣ ਵਾਲਾ । ੧੨ ]

੧੩ਵੀ ਚੌਪਈ ਵਿਚਲੇ ਝੂਠ ਦੇ ਦਰਸ਼ਨ ?:--

**ਏਕ ਸ੍ਰਵਣ ਤੇ ਮੈਲ ਨਿਕਾਰਾ ॥ ਤਾਤੇ ਮਧੁ ਕੀਟਭ ਤਨ ਧਾਰਾ ॥**
**ਦੁਤੀਯ ਕਾਨ ਤੇ ਮੈਲੁ ਨਿਕਾਰੀ ॥ ਤਾਤੇ ਭਈ ਸ੍ਰਿਸਟਿ ਇਹ ਸਾਰੀ ॥ ੧੩ ॥**

**ਅਰਥ**:--(ਉਸ ਸੇਖ ਸਾਈ ਨੇ) ਇਕ ਕੰਨ ਤੋ ਮੈਲ ਕਢੀ । ਉਸ ਮੈਲ ਤੋਂ ਮਧੁ ਤੇ ਕੈਟਭ ਦੈਂਤਾਂ ਦਾ ਜਨਮ ਹੋਇਆ । ਦੂਜੇ ਕੰਨ ਵਿਚੋਂ ਮੈਲ ਕੱਢੀਉਸ ਤੋਂ ਇਹ ਸਾਰੀ ਸ੍ਰਿਸ਼ਟੀ ਹੋਈ ॥ ੧੩ ॥

**ਤਿਨ ਕੋ ਕਾਲ ਬਹੁਰ ਬਧ ਕਰਾ ॥ ਤਿਨ ਕੋ ਮੇਦ ਸਮੁੰਦ ਮੋ ਪਰਾ ॥**
**ਚਿਕਨਤਾਸ ਜਲ ਪਰ ਤਿਰ ਰਹੀ ॥ ਮੇਧਾ ਨਾਮ, ਤਬਹਿ ਤੋ ਕਹੀ ॥ ੧੪ ॥**

**ਅਰਥ**:--ਫਿਰ " ਕਾਲ " ਨੇ ਉਨ੍ਹਾਂ ਦਾ ਨਾਸ ਕੀਤਾ । ਉਨ੍ਹਾਂ ਦੀ ਮੇਦ ਚਰਬੀ ਸਮੁੰਦਰ ਵਿਚ ਪੈ ਗਈ । ਉਸ ਚਿਕਨਤਾ (ਥਿੰਧਿਆਈ) ਸਮੁੰਦਰ ਉਪਰ ਤਰਦੀ ਰਹੀ । ਤਦ ਤੋ ਹੀ ਧਰਤੀ ਦਾ) ਨਾਮ " ਮੇਧਾ " ਕਹੀਦਾ ਹੈ, (ਅਰਥਾਤ ਉਨ੍ਹਾਂ ਦੀ ਚਰਬੀ ਜੋ ਪਾਣੀ ਉਪਰ ਤਰਦੀ ਰਹੀ ਓਹੀ ਧਰਤੀ ਬਣ ਗਈ) ।

ਭਾਵ, ਬਚਿਤ੍ਰ ਨਾਟਕ ਦੀ ਲਿਖਤ ਨੇ ਬ੍ਰਾਹਮਣੀ ਗ੍ਰੰਥਾਂ ਵਾਲੀ ਕਹਾਣੀ ਨੂੰ ਨਵਾਂ ਅਤੇ ਸਵੈ ਵਿਰੋਧੀ ਮੋੜ ਦੇ ਦਿੱਤਾ ਹੈ। ਪਹਿਲਾਂ ਦਸਵੀਂ ਅਤੇ ਯਾਰ੍ਹਵੀ ਚੌਪਈ ਵਿਚ ਤਾਂ ਇਹ ਫੁਰਮਾਇਆ ਹੈ ਕਿ ਪਹਿਲਾਂ ਓਅੰਕਾਰ (ਭਾਵ, ਬ੍ਰਹਮਾ ਬਿਸ਼ਨ ਮਹੇਸ਼ ਬਣਾ ਕੇ ਉਨ੍ਹਾਂ) ਤੋਂ ਸ੍ਰਿਸ਼ਟੀ ਸਿਰਜਣਾ ਦਾ ਪਸਾਰਾ ਖਿਲਾਰਿਆ ਸੀ। ਅਤੇ ਫਿਰ ਕਈ ਰਾਜਿਆਂ ਦਾ ਜਨਮ ਹੋਣਾ ਕਹਿ ਕੇ ਨਾਲ ਹੀ ੧੨ਵੀਂ ਚੋਪਈ ਵਿਚ ਹਜ਼ਾਰਾਂ ਅੱਖਾਂ ਅਤੇ ਹਜ਼ਾਰਾਂ ਪੈਰਾਂ ਵਾਲਾ (ਮੂੰਹਾਂ, ਫੰਨ੍ਹਾਂ ਅਥਵਾ ਜ਼ਬਾਨਾਂ ਆਦਿ ਬਾਰੇ ਪਤਾ ਨਹੀਂ ਕਿਸ ਕਾਰਨ ਨਹੀਂ ਲਿਖਿਆ ? ਜੇ ਸਤਿਗੁਰੂ ਜੀ ਲਿਖਦੇ ਤਾਂ ਅਜੇਹੀਆਂ ਭੁੱਲਾਂ ਕਦੇ ਨਾ ਕਰਦੇ ਅਤੇ ਨਾ ਹੀ ਸਵੈ ਵਿਰੋਧੀ ਗੱਲਾਂ ਕਦੇ ਲਿਖੀਆਂ ਜਾ ਸਕਦੀਆਂ ਸਨ)। ਬ੍ਰਾਹਮਣੀ ਗ੍ਰੰਥਾਂ ਵਾਲੀ ਕਹਾਣੀ ਤੋਂ ਦੋ ਕਦਮ ਹੋਰ ਅੱਗੇ ਜਾਂਦੇ ਹੋਏ ਹੁਣ ਇਹ ਕਹਿ ਦਿੱਤਾ ਹੈ ਕਿ ਸ਼ੇਸ਼

ਨਾਗ ਦੇ ਇੱਕ ਕੰਨ ਦੀ ਮੈਲ ਤੋਂ ਮਧੁ ਕੀਟਭ ਦੈਂਤ ਬਣ ਗਏ ਅਤੇ ਦੂਜੇ ਕੰਨ ਦੀ ਮੈਲ ਤੋਂ ਸਾਰੀ ਸ੍ਰਿਸ਼ਟੀ ਬਣ ਗਈ। ਫਿਰ ਦੈਂਤਾਂ ਦਾ ਮੇਧਾ ਡਿਗ ਕੇ ਪਾਣੀ ਤੇ ਤਰਦਾ ਰਿਹਾ ਉਸੇ ਤੋਂ ਫਿਰ ਧਰਤੀ ਦਾ ਨਾਮ ਮੇਧਨੀ ਪੈ ਗਿਆ ।

੭

## ਅਕਾਲਪੁਰਖ ਤੇ ਵੀ ਝੂਠ ਦਾ ਪ੍ਰਛਾਂਵਾਂ ?

ਬਚਿਤ੍ਰ ਨਾਟਕ ਵਿਚ ਹੀ ਜਿਥੇ (ਕਥਿਤ ਤੌਰ ਤੇ) ਦਸ਼ਮੇਸ਼ ਜੀ ਨੇ ਆਪਣੀ ਕਥਾ ਲਿਖੀ ਹੈ ਓਥੇ ਵੀ ਸ੍ਰਿਸ਼ਟੀ ਦੀ ਸਿਰਜਣਾ ਦਾ ਹਾਲ ਲਿਖਿਆ ਹੈ । ਓਥੇ ਵਾਧਾ ਇਹ ਹੈ ਕਿ ਸਿਰਜਣਾ ਦੀ ਗਾਥਾ ਅਕਾਲਪੁਰਖ ਜੀ ਦੇ ਮੂੰਹੋਂ ਕਹੀ ਦਰਸਾਈ ਹੋਈ ਹੈ:--

**ਅਕਾਲਪੁਰਖ ਬਾਚ ਇਸ ਕੀਟ ਪ੍ਰਤਿ ॥**

[ਧਿਆਨ ਰਹੇ ਕਿ ਜਿਥੇ ਪਰਮਾਤਮਾ ਨੂੰ ਸਰਬ ਸ਼ਕਤੀ ਮਾਨ ਕਹਿਣਾ ਸੀ ਉਥੇ " **ਕਾਲ** " ਸ਼ਬਦ ਵਰਤਿਆ ਹੈ ਅਤੇ ਹੁਣ ਵਾਹਿਗੁਰੂ ਜੀ ਨੂੰ ਲਾਚਾਰ, ਭੁੱਲੜ, ਕ੍ਰੋਧ ਹੱਥੋਂ ਆਤੁਰ ਦਰਸਾਉਣਾ ਹੈ ਥੇ " **ਅਕਾਲ-ਪੁਰਖ** " ਬਾਚ ਲਿਖਿਆ ਹੈ। ]

**ਚੌਪਈ ॥**

**ਜਬ ਪਹਿਲੇ ਹਮ ਸ੍ਰਿਸਟਿ ਬਨਾਈ ॥ ਦਈਤ ਰਚੇ ਦੁਸ਼ਟ ਦੁਖ ਦਾਈ ॥**
**ਤੇ ਭੁਜ ਬਲ ਬਵਰੇ ਹਵੈ ਗਏ ॥ ਪੂਜਤ ਪਰਮ ਪੁਰਖੁ ਰਹਿ ਗਏ ॥ ੬ ॥**

**ਅਰਥ:**--ਜਦੋਂ ਅਸਾਂ ਸ੍ਰਿਸ਼ਟੀ ਬਨਾਈ (ਸ, ਸਭ ਤੋਂ) ਪਹਿਲਾਂ ਦੈਂਤ ਰਚੇ, ਉਹ ਦੁਸ਼ਟ (ਵਡੇ) ਦੁਖਦਾਈ (ਆਪਣੀਆਂ) ਬਾਹਾਂ ਦੇ ਬਲ (ਵਿਚ ਹੀ) ਪਾਗ਼ਲ ਹੋ ਗਏ ਅਤੇ (ਮੈਂ ਜੋ ਸਭ ਦਾ) ਪਰਮ ਪੁਰਖ (ਹਾਂ, ਮੇਰੀ) ਪੂਜਾ ਕਰਨ ਵਲੋਂ (ਦੈਂਤ ਬਿਲਕੁਲ) ਰਹਿ ਗਏ, (ਭਾਵ, ਮੇਰੀ ਪੂਜਾ ਭੁੱਲ ਕੇ ਆਪਨੀਆਂ ਬਾਹਾਂ ਦੇ ਬਲ ਵਿਚ ਹੀ ਮਸਤਾਨ ਹੋ ਗਏ ਸਨ) ।

ਪਰ ਚੰਡੀ ਚਰਿਤਰ ਦੂਜਾ ਵਿਚ ਸਿਜਣਾ ਦਾ ਅਰੰਭ--**ਖੰਡਾ ਪ੍ਰਿਥਮੈ ਸਾਜਿਕੈ ਜਿਨਿ ਸਭ ਸੈਸਾਰੁ ਉਪਾਇਆ ॥**ਲਿਖਿਆ ਹੈ ?

ਕਿੱਡਾ ਬਚਿਤ੍ਰ ਗ੍ਰੰਥ ਹੈ ? ਇਸ ਵਿਚਲੀ ਸੱਚੀ ਗੱਲ ਕਿਹੜੀ ਹੈ? ਕੌਣ ਕਰੇ ਇਸ ਦਾ ਫ਼ੈਸਲਾ? ਅਜੇਹਾ ਕਹਿਣਾ ਕਿ ਉਸ ਦੀਆਂ ਉਹ ਹੀ ਜਾਣੇ, ਅੰਧ ਵਿਸ਼ਵਾਸ਼ੀ ਭਰਮੀਆਂ ਦਾ ਕਰਮ ਹੈ। ਸਤਿਗੁਰੂ ਜੀ ਤਾਂ ਅਕਾਲਪੁਰ ਤੋਂ ਬਿਬੇਕ ਬੁਧੀ ਦੀ ਮੰਗ ਇਨ੍ਹਾਂ ਸ਼ਬਦਾਂ ਵਿਚ ਕਰ ਰਹੇ ਹਨ--**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ** ।[੬੪੧] ਆਪਣੇ ਸਤਿਗੁਰਾਂ ਤੋਂ ਬਿਬੇਕ ਬੁਧੀ ਲਈ ਜੋਦੜੀ ਕਰਦੇ ਰਹਿਣ ਵਾਲੇ ਗੁਰਮੁਖਾਂ ਨੂੰ ਸਦਾ ਬਿਬੇਕ ਵਿਚਾਰ ਵਾਲਾ ਹੋਣਾ ਚਾਹੀਦਾ ਹੈ--**ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ** ॥[੭੧੧] ਬਿਬੇਕਤਾ ਦਾ ਤਿਆਗ ਗੁਰੂ ਦਾ ਤਿਆਗ ਹੈ--**ਕਹੁ ਕਬੀਰ ਮੈਂ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ ॥ ੪** ।[੭੯੩]

ਦਸਮ ਗ੍ਰੰਥ ਜੀ ਦੀ ਬਾਣੀ ਬਾਰੇ, ਜਿਹੜੇ ਲੋਕ ਇਹ ਦਲੀਲ ਦਿੰਦੇ ਹਨ ਕਿ ਇਹ ਬਾਣੀ ਸਤਿਗੁਰਾਂ ਦੇ ਆਪਣੀ ਵਿਚਾਰ ਨਹੀਂ, ਇਹ ਤਾਂ ਹਿੰਦੂ ਗ੍ਰੰਥਾਂ ਦਾ ਅਨੁਵਾਦ ਹੈ। ਫਿਰ ਉਹੀ ਭੱਧਰ ਪੁਰਸ਼ ਇਸ ਗੱਲ ਦਾ ਕੋਈ ਉਤਰ ਨਹੀਂ ਦਿੰਦੇ ਕਿ ਉਸੇ ਬਚਿਤ੍ਰ ਨਾਟਕ ਵਿਚ, ਉਸੇ ਵਾਰਤਾ ਦੀ ਲੜੀ ਵਿਚ, ਗੁਰੂ ਨਾਨਕ ਦੇਵ ਜੀ ਅਤੇ ਦਸ਼ਮੇਸ਼ ਜੀ ਨੂੰ ਰਘੂ ਕੁਲ ਦੇ ਸ੍ਰੀ ਰਾਮ ਚੰਦ੍ਰ ਜੀ ਦੇ ਵੰਸ਼ਕ ਲਿਖਣ ਵਾਲੀ ਗੱਲ ਕਿਸ ਦਲੀਲ ਨਾਲ ਸੱਚੀ ਮੰਨੀ ਜਾ ਰਹੀ ਹੈ ? ਜੇ ਬਚਿੱਤ੍ਰ ਨਾਟਕ ਪੁਰਾਣਕ ਗ੍ਰੰਥਾਂ ਦਾ ਅਨੁਵਾਦ ਹੀ ਹੈ ਤਾਂ ਗੁਰੂ ਦਰਬਾਰ ਵਿਚ ਉਸ ਦੀ ਬਾਣੀ ਦਾ ਕੀਰਤਨ ਕਿਸ ਦਲੀਲ ਨਾਲ ਕੀਤਾ ਜਾਂਦਾ ਹੈ ? ਉਸ ਨੂੰ ਵੀ ਹਿੰਦੂ ਅਥਵਾ ਬਿੱਪ੍ਰ ਦੇ ਦਿਮਾਗ਼ ਦੀ ਉਪਜ ਕਿਸ ਕਾਰਨ ਨਹੀਂ ਮੰਨ ਲਿਆ ਗਿਆ ? ਕਿੱਡੀ ਬਦਕਿਸਮਤੀ ਵਾਲੀ ਗੱਲ ਹੈ ਕਿ ਇਕੋ ਹੀ ਗ੍ਰੰਥ ਦੀ ਕਿਸੇ ਬਾਣੀ ਨੂੰ ਗੁਰਬਾਣੀ ਕਿਹਾ ਜਾ ਰਿਹਾ ਹੈ ਅਤੇ ਕਿਸੇ ਨੂੰ ਹਿੰਦੂ ਗ੍ਰੰਥਾਂ ਦਾ ਅਨੁਵਾਦ?

੮

## ਖ਼ਾਲਸਾ ਪੰਥ ਨੂੰ ਔਝੜੇ ਪਾਉਣ ਵਾਲਾ ਘਿਣਾਵਣਾਂ ਝੂਠ ?:--

ਉਪ੍ਰੋਕਤ ਸਿਰਜਣਾ ਦੀ ਗੱਲ ਵਿੱਚੇ ਹੀ ਛੱਡ ਕੇ, ਉਹੀ ਲਿਖਾਰੀ ਜਿਸਦੀ ਸਾਰੀ ਲਿਖਤ ਮਿਥਿਹਾਸਕ ਗਾਥਾ ਦੇ ਕਲਪਤ ਪਾਤ੍ਰਾਂ **ਦੀ ਫ਼ਰਜ਼ੀ ਹੋਂਦ ਨੂੰ** " ਇਤਹਾਸਕ ਮਹਾਂਪੁਰਖ ਸੂਰਮੇ (**ਭਾਵ, ਝੂਠ ਨੂੰ ਸੱਚ**) ਸਿੱਧ ਕਰਨ ਲਈ ਕਈ ਢੰਗ ਵਰਤਣ ਲਗ ਪਿਆ ਹੋਇਆ ਹੈ । ਦੈਂਤਾਂ ਦੇ ਮੇਧੇ ਤੋਂ ਧਰਤੀ ਬਣ ਜਾਣ ਵਾਲੇ ਪਹਾੜ ਜਿਡੇ ਝੂਠ ਨੂੰ, ਸੱਚ ਬਣਾ ਦੇਣ ਲਈ, ਉਸ ਦੁਆਲੇ ਗਿਆਨ-ਰੂਪ ਮੋਟੀ ਖੰਡ ਦੀ ਗਾੜ੍ਹੀ ਚਾਸ਼ਨੀ ਦਾ ਲੇਪ ਚਾੜ੍ਹ ਰਿਹਾ ਹੈ:--

**ਸਾਧ ਕਰਮ ਜੇ ਪੁਰਖ ਕਮਾਵੈ ॥ ਨਾਮ ਦੇਵਤਾ ਜਗਤ ਕਹਾਵੈ ॥**
**ਕੁਕ੍ਰਿਤ ਕਰਮ ਜੇ ਜਗ ਮਹਿ ਕਰਹੀ ॥ ਨਾਮ ਅਸੁਰ ਤਿਨਕੋ ਸਭ ਧਰਹੀ ॥ ੧੫ ॥**

**ਅਰਥ:**-- ਜੋ ਪੁਰਸ਼ (ਸਾਧ ਕਰਮ) ਭਲੇ ਕਰਮ ਕਮਾਉਂਦਾ ਹੈ, ਜਗਤ ਉਸ ਦਾ ਨਾਮ ' ਦੇਵਤਾ ' ਕਹਿੰਦਾ ਹੈ, ਜਿਹੜਾ ਜਗਤ ਵਿਚ ਬੁਰੇ ਕਰਮ ਕਰਦਾ ਹੈ, ਸਾਰੇ ਲੋਕ ਉਸਦਾ ਨਾਮ ' ਅਸੁਰ ' ( ਦੈਂਤ ) ਰੱਖ ਦੇਂਦੇ ਹਨ । ੧੫ ।

ਉਪ੍ਰੋਕਤ ਵਰਨਣ ਝੂਠ ਨੂੰ ਬ੍ਰਾਹਮਣੀ ਮਿਥਿਹਾਸ ਦੀ ਨਕਲ ਕਹਿਣ ਵਾਲਿਆਂ ਭੱਦਰ ਪੁਰਸ਼ਾਂ ਨੇ ਲਿਖਾਰੀ ਦੇ ਅਜੇਹੇ ਬਚਨਾਂ ਨੂੰ ਦਸਮੇਸ਼ ਜੀ ਕਿਰਤ ਕਹਣ ਲੱਗਿਆਂ ਜ਼ਰਾ ਵੀ ਸੰਗ ਨਹੀਂ ਮੰਨਣੀ। ਬੜੀ ਛਾਤੀ ਫੁਲਾ ਕੇ ਦਲੀਲਾਂ ਦੇਣਗੇ-- " ਵੇਖੋ ਜੀ ! ਦਸ਼ਮੇਸ਼ ਜੀ ਦੇਵੀ ਦੇਵਤਿਆਂ ਦੀ ਅੱਡਰੀ ਹੋਂਦ ਨੂੰ ਉਸੇ ਤਰ੍ਹਾਂ ਹੀ ਨਹੀਂ ਮੰਨਦੇ ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ--**ਦੇਵੀ ਦੇਵਾ ਮੂਲ ਹੈ ਮਾਇਆ**--ਕਹਿ ਰਹੀ ਹੈ। ਵੇਖੋ ਕਿੱਡੇ ਸਪੱਸ਼ਟ ਸ਼ਬਦਾਂ ਵਿਚ ਕਲਗੀਧਰ ਜੀ ਚੰਗੇ ਮਨੁੱਖ ਨੂੰ ਦੇਵਤਾ ਕਹਿ ਕੇ, ਭੈੜੇ ਮਨੁੱਖ ਨੂੰ ਦੈਂਤ ਕਹਿ ਰਹੇ ਹਨ "। ਹੁਸ਼ਿਆਰ ਲਿਖਾਰੀ ਦੇ ਇੰਦਰ-ਜਾਲ ਵਿਚ ਫ਼ਸੇ ਹੋਏ ਅਜੇਹੇ ਲੋਕਾਂ ਨੇ ਆਪ ਤਾਂ ਟਪਲਾ ਖਾਧਾ ਹੀ ਹੁੰਦਾ ਹੈ (ਕਿ ਜਾਂ, ਜਾਣ ਬੁੱਝ ਕੇ ਸਿੱਖੀ ਦੇ ਵੈਰੀ ਦੀ ਦਲਾਲੀ ਕਰ ਰਹੇ ਹੁੰਦੇ ਹਨ ?) ਦੂਜਿਆਂ ਲਈ ਸਾਰਾ ਝੂਠ ਅਤੇ ਅਸ਼ਲੀਲਤਾ ਦਸਮ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਬਨਾਉਣ ਦਾ ਪਾਪ ਖੱਟ ਰਹੇ ਹੁੰਦੇ ਹਨ ।

ਅੱਗੇ ਫਿਰ ਸ੍ਰਸ਼ਟੀ ਸਿਰਜਣਾ ਦੀ ਬੇ-ਦਲੀਲੀ ਅਤੇ ਬੜੀ ਵਚਿਤ੍ਰ ਗੱਲ ਅਰੰਭ ਹੋ ਜਾਂਦੀ ਹੈ:--

**ਬਹੁ ਬਿਥਾਰ ਕਹਾ ਲਗੈ ਬਖਾਨੀਅਤ ॥ ਗ੍ਰੰਥ ਬਢਨ* ਤੇ ਅਤਿ ਡਰੁ ਮਾਨੀਅਤ ॥**
**ਤਿਨ ਤੇ ਹੋਤ ਬਹੁਤ ਨ੍ਰਿਪ ਆਏ ॥ ਦੱਛ ਪ੍ਰਜਾਪਤਿ ਜਿਨ ਉਪਜਾਏ ॥ ੧੬ ॥**

**ਅਰਥ:**--ਬਿਸਥਾਰ ਬਹੁਤ ਹੈ, ਕਿਥੋਂ ਤਕ ਕਹਾਂ ? ਗ੍ਰੰਥ ਵਧ ਜਾਣ ਦਾ ਬਹੁਤ ਡਰ ਮੰਨਦਾ ਹਾਂ । (ਇਸ ਲਈ ਵਿਸਥਾਰ ਨਹੀਂ ਕਰਦਾ) ਉਨ੍ਹਾਂ (ਕਾਲ ਸੈਣ ਆਦਿਕਾਂ) ਤੋਂ ਬਹੁਤ ਰਾਜੇ ਹੁੰਦੇ ਆਏ ਹਨ । ਜਿਨ੍ਹਾਂ ਨੇ **ਦੱਛ ਪ੍ਰਜਾਪਤਿ** ਨੂੰ ਪੈਦਾ ਕੀਤਾ ਸੀ । ੧੬ ।

[**Foot note:---**ਇਸ ਬਚਿਤ੍ਰ ਨਾਟਕ ਦੀ ਇਹ ਗੱਲ ਵੀ ਬੜੀ ਚਰਿਤ੍ਰ ਹੈ ਕਿ ਗ੍ਰੰਥ ਵਧਨ ਦੇ ਡਰ ਵਾਲੀ ਗੱਲ ਕਈ ਥਾਈਂ ਲਿਖੀ ਮਿਲੇਗੀ। ਇਹ **ਅਰਥਹੀਣ ਫੋਕਾ ਡਰ** ਲਿਖਾਰੀ ਨੇ ਕਈ ਥਾਈਂ ਪ੍ਰਗਟ ਕੀਤਾ ਹੋਇਆ ਹੈ। ਲੋੜ ਅਨੁਸਾਰ ਕਈ ਨਵੀਆਂ ਗੱਲਾਂ ਆਪਣੇ ਕੋਲੋਂ ਜੋੜ ਕੇ ਮਿਥਿਹਾਸਕ ਕਹਾਣੀ ਦੇ ਝੂਠ ਨਾਲ ਹਜ਼ਾਰਾਂ ਸਫ਼ੇ ਭਰੇ ਹੋਏ ਹਨ। ਪਰ ਜਦੋਂ ਹੀ ਕਹਾਣੀ ਨੂੰ ਮੋੜ ਦੇਣਾ ਹੁੰਦਾ ਹੈ ਜਾਂ ਲਿਖਣ ਨੂੰ ਹੋਰ ਝੂਠ ਮਿਲਣਾ ਮੁਸ਼ਕਲ ਹੋ ਜਾਂਦਾ ਹੈ ਤਾਂ ਲਿਖਾਰੀ ਜੀ ਨੂੰ ਗ੍ਰੰਥ ਵਧਨ ਦਾ ਡਰ ਆ ਘੇਰਦਾ ਹੈ।]

ਲਿਖਾਰੀ ਜੀ ਨੇ ਦੱਛ ਪ੍ਰਜਾਪਤਿ ਨੂੰ ਕਾਲ ਸੈਣ ਆਦਿ ਰਾਜਿਆਂ ਦੀ ਔਲਾਦ ਲਿਖਿਆ ਹੈ। ਜਦ ਕਿ ਮਹਾਨ ਕੋਸ਼ ਦੀ ਲਿਖਤ ਇਸ ਪ੍ਰਕਾਰ ਹੈ :--ਦਛ ਇੱਕ ਪ੍ਰਜਾਪਤਿ ਦੇਵਤਾ, ਜਿਸ ਦਾ ਜ਼ਿਕਰ ਰਿਗ ਵੇਦ ਵਿਚ ਵੀ ਹੈ । (**ਕਥਾ ਕਹਾਣੀ ਵੇਦੀ ਆਣੀ**) ਗਰੁੜ ਪੁਰਾਣ ਅਨੁਸਾਰ ਬ੍ਰਹਮਾਂ ਦੇ ਸੱਜੇ ਅੰਗੂਠੇ ਵਿਚੋਂ ਦਛ ਅਤੇ ਖੱਬੇ ਵਿਚੋਂ ਦੱਛ ਦੀ ਇਸਤ੍ਰੀ ਪੈਦਾ ਹੋਈ ਸੀ । ਪਰ ਭਾਗਵਤ ਵਿਚ ਦਛ ਬ੍ਰਹਮਾਂ ਦਾ ਮਾਨਸ ਪੁੱਤ੍ਰ ਹੈ ਅਤੇ ਉਸ ਦੀ ਇਸਤ੍ਰੀ ਮਨੂ ਦੀ ਪੁਤ੍ਰੀ" ਪ੍ਰਸੂਤਿ " ਹੈ ।

ਕਿਸੇ ਵੀ ਹਿੰਦੂ-ਗ੍ਰੰਥ ਵਿਚ **ਦੱਛ** ਨੂੰ **ਕਾਲ ਸੈਣ** ਆਦਿ ਰਾਜਿਆਂ ਦੀ ਔਲਾਦ ਨਹੀਂ ਲਿਖਿਆ। ਇਹ ਨਵੀਂ ਗੱਲ ਬਚਿਤ੍ਰ ਨਾਟਕ ਦੇ ਲਿਖਾਰੀ ਦੀ " ਬਿਚਿਤ੍ਰ ਕਾਢ " ਹੈ । ਲਿਖਾਰੀ ਦੀ ਯੋਜਨਾਂ ਸਿੱਖੀ ਦੇ ਨਿਆਰੇ ਗਿਆਨ ਨੂੰ ਦੂਸ਼ਤ ਕਰਨ ਦੀ ਸੀ। ਏਸੇ ਲਈ ਉਹ ਵੇਦਾਂ ਪੁਰਾਣਾ ਵਿਚਲੀਆਂ ਮਿਥਹਾਸਕ ਕਹਾਣੀਆਂ ਨੂੰ ਆਪਣੀ ਯੋਜਨਾਂ ਅਨੁਸਾਰ ਲੋੜੀਂਦਾ ਨਵਾਂ ਮੋੜ ਦੇ ਕੇ ਕਹਾਣੀ ਨੂੰ ਵਧਾ ਰਿਹਾ ਹੈ ।

ਸ੍ਰਿਸ਼ਟੀ ਸਿਰਜਣਾ ਦੇ ਕਾਰਜ ਵਿਚ ਜੀਵਾਂ ਦੇ ਵਧਾਉਣ ਦੀ ਵਿਧੀ ਹੋਰ ਵੀ ਵੱਧ ' ਬਚਿਤ੍ਰ ' ਹੈ :--

**ਦਸ ਸਹੰਸ੍ਰ ਤਿਹਿ ਭਈ ਕੰਨਿਆ ॥ ਜਿਹ ਸਮਾਨ ਕਹ ਲਗੈ ਨ ਅੰਨਿਆ ॥**
**ਕਾਲ ਕ੍ਰਿਆ ਐਸੀ ਤਹ ਭਈ ॥ ਤੇ ਸਭ ਬਿਆਹਿ ਨਰੇਸਨ ਦਈ ॥ ੧੭ ॥**

**ਅਰਥ:**-- ਦਸ ਹਜ਼ਾਰ (ਉਸ ਦਛ ਦਛਣੀ) ਦੇ ਘਰ ਲੜਕੀਆਂ ਹੋਈਆਂ ਸਨ, ( ਜੋ ਅਜੇਹੀਆਂ ਸੁੰਦਰ ਸਨ) ਜਿਨ੍ਹਾਂ ਦੇ ਸਮਾਣ ਹੋਰ ਕੋਈ (-ਕੰਨਿਆ) ਨਹੀਂ ਲੱਗ ਸਕਦੀ ਸੀ । ਉਸ ਵੇਲੇ " ਕਾਲ " ਜੀ ਅਜੇਹੀ ਖੇਡ (-ਕ੍ਰਿਆ) ਹੋਈ ਜੋ ਉਸ ਨੇ **ਸਭ ਲੜਕੀਆਂ ਰਾਜਿਆਂ ਨੂੰ ਵਿਆਹ** ਦਿੱਤੀਆਂ । ੧੬ ।

ਦਸ ਹਜ਼ਾਰ ਕੁੜੀਆਂ ਵਿਆਹੁਣ ਵਾਲੇ ਦਸ ਹਜ਼ਾਰ (੧੦੦੦੦) ਰਾਜੇ ਇੱਕ ਦੇਸ਼ ਵਿਚੋਂ ਤਾਂ ਮਿਲਣੇ ਅਸੰਭ ਹੁੰਦੇ ਹਨ। ਪਤਾ ਨਹੀਂ ਕਿਥੋਂ ਪੂਰੇ ਕੀਤੇ ਹੋਣਗੇ ? ਮਹਾਨ ਕੋਸ਼ ਗ੍ਰੰਥ ਵਿਚ ਉਨ੍ਹਾਂ ਦਸ ਹਜ਼ਾਰ ਕੰਨਿਆਂ ਦੇ ਵਿਆਹ-ਵੰਡ ਦਾ ਜਿਕਰ ਇਸ ਪ੍ਰਕਾਰ ਹੈ:--" **ਦਸ** ਧਰਮ ਰਾਜ ਨੂੰ, **ਤੇਰਾ** ਕੱਸ਼ਪ ਨੂੰ, **ਸਤਾਈ** ਚੰਦ੍ਰਮਾਂ ਨੂੰ, ਅਤੇ **ਇੱਕ** " ਸਤੀ " ਸ਼ਿਵ ਜੀ ਨੂੰ। ਇਸ ਤਰ੍ਹਾਂ ਚੰਦ- ਮਾਮੇ ਸਮੇਤ ੩੮ ਪੁੱਤ੍ਰੀਆਂ ਅਸਮਾਨੀ ਵੱਸਦੇ ਭਗਵਾਨਾਂ ਨੂੰ ਵਿਆਹੀਆਂ ਦੱਸ ਕੇ ਬਾਕੀਆਂ ਬਾਰੇ ਕੁਝ ਖ਼ਬਰ ਨਹੀਂ ਹੈ। ਪਰ ਬਚਿਤ੍ਰ ਨਾਟਕ ਦੇ ਲਿਖਾਰੀ ਨੇ ਸਾਰੀਆਂ ਕੁੜੀਆਂ ਰਾਜਿਆਂ ਨੂੰ ਹੀ ਵਿਆਹੁਣ ਵਾਲੀ ਗੱਲ ਲਿਖ ਕੇ ਅੱਗੇ ਇਉਂ ਲਿਖਿਆ ਹੈ:--

## ਦੋਹਿਰਾ ॥

**ਬਨਤਾ ਕਦਰੂ ਦਿਤਿ ਅਦਿਤਿ ਏ ਰਿਖ ਬਰੀ ਬਨਾਇ ॥ ਨਾਗ ਨਾਗਰਿਪੁ ਦੇਵ ਸਭ ਦਈਤ ਲਏ ਉਪਜਾਇ ॥ ੧੮ ॥**

**ਪਦ ਅਰਥ:**--ਬਨਤਾ, ਕਦਰੂ, ਦਿਤਿ ਤੇ ਅਦਿਤਿ= ਇਹ ਚਾਰੇ ਕਖਯ ਦੀਆਂ ਲੜਕੀਆਂ ਦੇ ਨਾਮ ਹਨ। ਬਰੀ= ਵਿਆਹੀਆਂ ਗਈਆਂ । ਨਾਗ=ਸੱਪ । ਨਾਗਰਿਪ=ਸੱਪ ਦਾ ਵੈਰੀ, ਗਰੁੜ ।

**ਅਰਥ:**--ਬਨਤਾ, ਕਦਰੂ, ਦਿਤਿ ਤੇ ਆਦਿਤ, ਇਹ (ਚਾਰੇ ਕਸ਼ਯਪ ਰਿਖਿ ਨੇ ਵਿਆਹ ਲਈਆਂ ਸਨ। ਕਦਰੂ ਤੋਂ ਸੱਪ, (ਬਨਿਤਾ ਤੋਂ) ਗਰੁੜ, (ਅਦਿਤਿ ਤੋਂ) ਸਾਰੇ ਦੇਵਤੇ (ਅਤੇ ਦਿਤੀ ਤੋਂ) ਸਾਰੇ ਦੈਂਤ (ਰਖੀ ਨੇ) ਪੈਦਾ ਕਰ ਲਏ ਸਨ। ੧੮ ।

ਫੁੱਟ ਨੋਟ ਇਸ ਪ੍ਰਕਾਰ ਹੈ:--ਦੱਖਸ਼ ਪ੍ਰਜਾਪਤੀ ਦਾ ਜ਼ਿਕਰ ਰਿਗਵੇਦ ਵਿਚ ਭੀ ਹੈ। ਗਰੁੜ ਪੁਰਾਣ ਅਨੁਸਾਰ ਬ੍ਰਹਮਾ ਦੇ ਸੱਜੇ ਅੰਗੂਠੇ (ਪੈਰਾਂ ਦੇ ਕਿ ਜਾਂ ਹੱਥਾਂ ਦੇ ਅੰਗੂਠੇ ?) ਵਿਚੋਂ ਦੱਖਸ਼ ਤੇ ਸੱਜੇ ਵਿਚੋਂ ਉਸ ਦੀ ਇਸਤ੍ਰੀ ਪੈਦਾ ਹੋਈ। ਭਾਗਵਤ ਵਿਚ ਦੱਖਸ਼ ਨੂੰ ਬ੍ਰਹਮਾ ਦਾ ਮਾਨਸ ਪੁੱਤਰ ਲਿਖਿਆ ਹੈ ਅਤੇ ਉਸ ਦੀ ਇਸਤ੍ਰੀ ਮਨ ਦੀ ਪੁਤਰੀ ਪ੍ਰਸ਼ਤਿ ਹੈ। ਵਿਸ਼ਨੂੰ ਪੁਰਾਣ ਤੇ ਮਹਾਂ ਭਾਰਤ ਵਿਚ ਲਿਖਿਆ ਹੈ ਕਿ ਪ੍ਰਜਾਪਤੀ ਪ੍ਰਚੇਤਾ ਦਾ ਪੁੱਤਰ ਦਖਸ਼ ਹੈ। ਪਰ ਇਸ ਗੱਲ ਵਿਚ ਸਾਰੇ ਇਕ ਮੱਤ ਹਨ, ਕਿ ਦਖਸ਼ ਸੰਸਾਰ ਰਚਨਾ ਦਾ ਵੱਡਾ ਸਹਾਇਕ ਸੀ। ਇਸ ਨੇ ਬਹੁਤ ਕੰਨਿਯਾਂ ਪੈਦਾ ਕੀਤੀਆਂ, ਜਿੰਨ੍ਹਾਂ ਵਿਚੋਂ **ਦਸ** ਧਰਮਰਾਜ ਨੂੰ, **ਤੇਰਾਂ** ਕੱਸ਼ਯਪ ਨੂੰ, **ਸਤਾਈ** ਚੰਦ੍ਰਮਾਂ ਨੂੰ ਅਤੇ ਇਕ ਸਤੀ ਸ਼ਿਵਜੀ ਨੂੰ ਵਿਆਹੀ। ਜਦ ਪਿਤਾ ਦੇ ਘਰ ਵਿਚ ਸਤੀ ਨੇ ਪਤੀ ਦੀ ਨਿਰਾਦਰੀ ਵੇਖੀ ਤਾਂ ਉਸ ਦੇਯੱਗ ਨੂੰ ਭ੍ਰਸ਼ਟ ਕਰਨ ਲਈ ਹਵਨ ਕੁੰਡ ਵਿਚ ਛਾਲ ਮਾਰ ਕੇ ਸੜ ਮੋਈ। ਇਸ ਲਈ ਸ਼ਿਵਜੀ ਨੇ ਕ੍ਰੋਧ ਵਿਚ ਆ ਕੇ ਦਖਸ਼ ਦਾ ਸਿਰ ਵੱਢ ਦਿਤਾ। ਮਗਰੋਂ ਦੇਵਤਿਆਂ ਦੀ ਬੇਨਤੀ ਸੁਣ ਕੇ ' ਬੱਕਰੇ ' ਦਾ ਸਿਰ ਧੜ ਨਾਲ ਜੋੜ ਦਿਤਾ। (ਇਹ ਸਾਰਾ ਪ੍ਰੰਗ (ਦਸਮ ਗ੍ਰੰਥ ਵਿਚਲੇ) ਚਵ੍ਹੀ ਅਵਤਾਰਾਂ ਵਿਚ ਸ਼ਿਵ-ਅਵਤਾਰ ਪ੍ਰਸੰਗ ਵਿਚ ਵਿਸਥਾਰ ਨਾਲ ਲਿਖਿਆ ਹੈ) ।

ਯਾਦ ਰਹੇ ਕਿ ਹਿੰਦੂਆਂ ਦੇ ਹੀ ਬੜੇ ਪ੍ਰਧਾਨ ਅੰਗ ਆਰਯਾ ਸਮਾਜੀਆਂ ਨੇ ਪੁਰਾਣਾਂ ਨੂੰ ਇੱਕ ਦਮ ਝੂਠ ਦਾ ਪਲੰਦਾ ਘੋਸ਼ਤ ਕਰ ਦਿੱਤਾ ਹੋਇਆ ਹੈ। ਇਸ ਝੂਠ ਨੂੰ ਸੱਚ ਦੇ ਰੂਪ ਵਿਚ ਪੇਸ਼ ਕਰਕੇ, ਸਿੱਖਾਂ ਦੇ ਵਿਸ਼ਵਾਸ਼, ਗੁਰੂ ਗ੍ਰੰਥ ਸਾਹਿਬ ਦੇ ਸ਼ਬਦ-ਗਿਆਨ ਤੋਂ ਢਿੱਲਾ ਕਰਨ ਦੀ ਕੁੱਟਲ-ਨੀਤ ਨਾਲ ਹੀ, ਸ੍ਰੀ ਦਸ਼ਮੇਸ਼ ਜੀ ਦਾ ਨਾਮ ਵਰਤਿਆ ਹੋਇਆ ਹੈ। ਲਿਖਾਰੀ ਦੀ ਇਸ ਬਿਚਿਤ੍ਰ ਲਿਖਣ-ਵਿਧੀ ਤੋਂ ਉਪਜੇ ਸ਼ੰਕੇ -----

ੳ) ਪਿਛੇ ੧੫ਵੀਂ ਚੋਪਈ ਵਿਚ ਲਿਖਿਆ ਸੀ ਕਿ ਸਾਧਾਂ ਵਾਲੇ ਭਲੇ ਕਰਮ ਕਰਨ ਵਾਲਾ **ਮਨੁੱਖ ਦੇਵਤਾ ਹੁੰਦਾ** ਹੈ ਅਤੇ ਮੰਦੇ ਕਰਮ ਕਰਨ ਵਾਲਾ ਮਨੁੱਖ **ਦੈਂਤ** ਕਿਹਾ ਜਾਂਦਾ ਹੈ। ਪ੍ਰਭਾਵ ਇਹ ਦਿੱਤਾ ਗਿਆ ਸੀ ਕਿ ਉਂਜ ਦੇਵਤਿਆਂ ਅਤੇ ਦੈਂਤਾਂ ਦੀ ਅੱਡਰੀ ਬਰਾਦਰੀ ਕੋਈ ਨਹੀਂ ਹੁੰਦੀ। ਏਥੇ ਆ ਕੇ ਆਪਣੀ ਉਸ ਗੱਲ ਨੂੰ ਆਪੇ ਹੀ ਕੱਟ ਦਿਤਾ ਹੈ। ਦਸ਼ਮੇਸ਼ ਜੀ ਦੇ ਸਿੰਘ ਲਈ ਜ਼ਰੂਰੀ ਹੈ ਕਿ, ਉਹ ਕੇਵਲ ਉਸੇ ਵਾਰਤਾ ਨੂੰ ਸੱਚ ਮੰਨੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਕਸਵੱਟੀ ਤੇ ਪੂਰੀ ਉਤਰਦੀ ਹੋਵੇ ।

ਅ) ਦਿਤੀ ਨੂੰ ਸਾਰੇ ਸੱਪ ਪੈਦਾ ਕਰਦੀ ਦਰਸਾਇਆ ਹੈ। ਖੜੱਪਾ, ਕਰੁੰਡੀਆ, ਸੋਤੜ, ਦੋਮੂਹਾਂ, ਕਾਲਾ ਜਾਂ ਚਿੱਟਾ ਨਾਗ, ਆਦਿ ਸੱਪਾਂ ਦੀਆਂ ਕਈ ਨਸਲਾਂ ਹਨ। ਵਗਿਆਨੀਆਂ ਦੀ ਲਿਖਤ ਅਨੁਸਾਰ ਸੰਸਾਰ ਦੇ ਅੱਡ ਅੱਡ ਦੇਸ਼ਾਂ ਵਿਚ ਰਹਿੰਦੇ ਸੱਪਾਂ ਦੀਆਂ ਨਸਲਾਂ ਇਕ ਹਜ਼ਾਰ (੧੦੦੦) ਤੇ ਵੱਧ ਹਨ। ਇਕੋ ਮਾਤਾ ਪਿਤਾ ਤੋਂ ਸੱਪਾਂ ਦੀਆਂ ਏਨੀਆਂ ਨਸਲਾਂ ਪੈਦਾ ਹੋਣੀਆਂ ਕੁਦਰਤੀ ਨਿਯਮ ਦੇ

ਵਿਰੁੱਧ ਕੋਰਾ ਝੂਠ ਹੈ ? ਹਰ ਅੱਡਰੀ ਨਸਲ ਦੀ ਪੈਦਾਇਸ਼ ਉਸੇ ਨਸਲ ਦੇ ਮਾਤਾ ਪਿਤਾ ਤੋਂ ਹੀ ਸੰਭਵ ਹੈ।

**ਵਚਿਤ੍ਰ ਕਥਾ ਅਗ਼ੇ ਤੁਰੀ**--

ਪ੍ਰਭੂ ਦੀ ਪੈਦਾ ਕੀਤੀ ਸ੍ਰਿਸ਼ਟੀ ਦੇ ਮਨੁੱਖਾਂ ਦੀ ਅਗਲੀ ਔਲਾਦ ਦਾ ਵਰਣਨ ਇਸ ਪ੍ਰਕਾਰ ਹੈ :--

**ਚੌਪਈ ॥**

**ਤਾਤੇ ਸੂਰਜ ਰੂਪ ਕੋ ਧਰਾ ॥ ਜਾਤੇ ਬੰਸ ਪ੍ਰਚੁਰ ਰਵਿ ਕਰਾ ॥**
**ਜੌ ਤਿਨਕੇ ਕਹਿ ਨਾਮ ਸੁਨਾਊ ॥ ਕਥਾ ਬਢਣ ਤੇ ਅਧਿਕ ਡਰਾਊ ॥ ੧੯ ।**

[ਕਿੰਨੇ ਕੁ ਝੂਠੇ ਨਾਮ ਕੋਈ ਲਿਖ ਸਕਦਾ ਹੈ ? ਏਹੀ ਕਾਰਨ ਹੈ ਕਿ ਲਿਖਾਰੀ ਜੀ ਨੂੰ ਕਥਾ ਵਧਨ ਦਾ ਡਰ ਝਟ ਆ ਘੇਰਦਾ ਹੈ]

**ਅਰਥ**:--ਓਸੇ (ਅਦਿਤਿ) ਤੋਂ ਸੂਰਜ ਨੇ ਜਨਮ ਲਿਆ । ਜਿਸ ਤੋਂ ਸੂਰਜ ਬੰਸ (-ਬੰਸ ਰਵਿ) ਵਧਿਆ । ਜੇਕਰ ਉਨ੍ਹਾਂ (ਸੂਰਜ ਬੰਸੀ ਲੋਕਾਂ) ਦੇ ਨਾਮ ਕਹਿਕੇ ਸੁਣਾਵਾਂ ਤਾਂ ਗਾਥਾ ਵਧ ਜਾਏਗੀ, ਇਸ ਗੱਲ ਤੋਂ ਬਹੁਤ ਡਰਦਾ ਹਾਂ । ੧੯ । {ਕੇਵਲ ਨਾਮ ਲਿਖਣ ਨਾਲ ਗ੍ਰੰਥ ਨੇ ਕਿਡਾ ਕੁ ਵਧ ਜਾਣਾ ਸੀ ? ਇਹ ਕਿਉਂ ਨਹੀਂ ਮੰਨ ਲਿਆ ਜਾਂਦਾ ਕਿ ਫ਼ਰਜ਼ੀ ਨਾਮ ਕਿਥੋਂ ਲਿਆਵਾਂ ?]

**ਸ਼ੰਕਾ**--ਨਿਰਸੰਦੇਹ ਲਿਖਾਰੀ ਦਾ ਭਾਵ ਉਸੇ ਸੂਰਜ ਤੋਂ ਹੈ ਜਿਸ ਨੇ ਯੁਧਿਸ਼ਟਰ ਦੀ ਮਾਤਾ ਕੁੰਤੀ ਵਿਚੋਂ " **ਕਰਣ** " ਪੈਦਾ ਕੀਤਾ ਸੀ ? Documentary ਵਿਚ ਅਸਮਾਨਾਂ ਤੋਂ ਉਤਰਦਾ ਏਸੇ ਦਿਨੀਅਰ (ਸੂਰਜ) ਨੂੰ ਹੀ ਵਿਖਾਇਆ ਗਿਆ ਹੈ? ਧਰਤੀ ਨਾਲੋਂ ਲੱਖਾਂ ਗੁਣਾ ਵੱਡਾ ਭਿਆਨਕ ਅੱਗ ਦਾ ਗੋਲਾ, ਇਹ ਸੂਰਜ, ਜੇ ਕਿਤੇ ਧਰਤੀ ਤੋਂ ਹਜ਼ਾਰ ਮੀਲ ਦੀ ਵਿੱਥ ਤੇ ਵੀ ਆ ਜਾਂਦਾ ਤਾਂ ਸਾਰੀ ਧਰਤੀ ਪਿਘਲ ਕੇ ਲਾਵਾ ਬਣ ਜਾਣੀ ਸੀ, ਅਤੇ ਸਮੁੰਦਰਾਂ ਦੇ ਪਾਣੀ ਦੀ ਭਾਫ਼ ਨੇ ਪਤਾ ਨਹੀਂ ਕਾਇਨਾਤ ਵਿਚ ਕੀ ਹਨੇਰ ਮਚਾ ਦੇਣਾ ਸੀ? ਕੀ ਇਹ ਸਾਰਾ ਝੂਠ ਦਸ਼ਮੇਸ਼ ਜੀ ਨੇ ਹੀ ਲਿਖਿਆ ਹੋਵੇਗਾ?

ਕਿਉਂਕਿ ਅੱਗੇ ਚਲ ਕੇ ਦਸ਼ਮੇਸ਼ ਜੀ ਨੂੰ, ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਏਸੇ ਬੀਬੀ **ਦਿਤੀ** ਵਿਚੋਂ ਜਨਮੇ ਏਸੇ **ਸੂਰਜ ਭਗਵਾਨ** ਦੀ ਅੰਸ਼ (=ਔਲਾਦ) ਵਿਚੋਂ ਹੀ ਸਿੱਧ ਕੀਤਾ ਹੋਇਆ ਹੈ, ਇਸ ਕਾਰਨ ਅਸੀਂ ਇਹ ਨਹੀਂ ਕਹਿ ਸਕਦੇ ਕਿ ਉਪ੍ਰੋਕਤ ਸਾਰਾ ਕੁਝ ਹਿੰਦੂਆਂ ਦੇ ਗ੍ਰੰਥਾਂ ਦਾ ਉਲਥਾ ਹੀ ਹੈ, ਅਤੇ ਇਸ ਵਿਚਲੇ ਕੁਦਰਤ ਦੇ ਨਿਯਮਾਂ ਵਿਰੋਧੀ ਝੂਠ ਨਾਲ ਦਸ਼ਮੇਸ਼ ਜੀ ਦੀ ਪਾਵਨ ਹਸਤੀ ਦਾ ਕੋਈ ਸੰਬੰਧ ਨਹੀਂ ਹੈ।

੧੯ ਨੰਬਰ ਚੌਪਈ ਦੀ ਵਿਚਲੀ **ਸੰਸਾਰ ਰਚਨਾ ਨਾਲ ਸੰਬਧਤ,** ਧਰਤੀ ਨਾਲੋਂ ਲੱਖਾਂ ਗੁਣਾ ਵਡੇ ਅਤੇ ਭਿਆਨਕ ਅੱਗ ਦੇ ਗੋਲੇ **ਸੂਰਜ ਨੂੰ, ਇੱਕ ਦੇਵੀ ਤੋਂ ਜਨਮ ਲੈਣ ਵਾਲੀ ਗੱਲ**, **ਜੇ ਕਿਸੇ ਵਗਿਆਨਕ ਲਈ ਜਾਂ ਕਿਸੇ ਸੂਝਵਾਨ ਸੁਹਿਰਦ ਵਿਦਵਾਨ ਲਈ ਸੱਚ ਹੈ,** ਤਾਂ ਦਸ਼ਮੇਸ਼ ਜੀ ਦੇ ਹੇਮ ਕੁੰਡ ਪਰਬਤ ਤੇ ਤਪੱਸਿਆ ਕਰਦੇ ਰਹਿਣ ਵਾਲੀ ਗੱਲ ਵੀ ਸੱਚ ਮੰਨੀ ਜਾ ਸਕਦੀ ਹੈ।

ਅਗਲੀ ਚੌਪਈ ਵਿਚ ਸੂਰਜ ਬੰਸ ਤੋਂ ਰਘੁਬੰਸੀ ਬਣ ਰਹੇ ਹਨ:--

**ਤਿਨਕੇ ਬੰਸ ਬਿਖੈ ਰਘੁ ਭਯੋ ॥ ਰਘੁਬੰਸਹਿ ਜਿਹ ਜਗਹਿ ਚਲਯੋ ॥**
**ਤਾਤੇ ਪੁਤ੍ਰ ਹੋਤ ਭਯੋ ਅਜ ਬਰ ॥ ਮਹਾਰਥੀ ਅਰ ਮਹਾ ਧਨੁਰਧਰ ॥ ੨੦ ॥**
**ਜਬ ਤਿਨ ਭੇਸ ਜੋਗ ਕੋ ਲਯੋ ॥ ਰਾਜ ਪਾਟ ਦਸਰਥ ਕੋ ਦਯੋ ॥**
**ਹੋਤ ਭਯੋ ਵਹ ਮਹਾ ਧਨੁਰ ਧਰ ॥ ਤੀਨ ਤ੍ਰਿਆਨ ਬਰਾ ਜਿਹ ਰੁਚਿਕਰ ॥ ੨੧ ॥**
**ਪ੍ਰਿਥਮ ਜਯੋ ਤਿਹ ਰਾਮ ਕੁਮਾਰਾ ॥ ਭਰਥ ਲੱਛਮਣ ਸਤ੍ਰਬਿਦਾਰਾ ॥**
**ਬਹੁਤ ਕਾਲ ਤਿਨ ਰਾਜ ਕਮਾਯੋ ॥ ਕਾਲ ਪਾਇ ਸੁਰਪੁਰਿ ਸਿਧਾਯੋ ॥ ੨੨ ॥**
**ਸੀਆ ਸੁਤ ਬਹੁਰ ਭਏ ਦੁਇ ਰਾਜਾ ॥ ਰਾਜ ਪਾਟ ਉਨ ਹੀ ਕਉ ਛਾਜਾ ॥**
**ਮੱਦ ਦੇਸ ਏਸ੍ਵਰਜਾ ਬਰੀ ਜਬ ॥ ਭਾਂਤਿ ਭਾਂਤਿ ਕੇ ਜੱਗ ਕੀਏ ਤਬ ॥ ੨੩ ॥**
**ਤਹੀ ਤਿਨੇ ਬਾਧੇ ਦੁਇ ਪੁਰਵਾ ॥ ਏਕ ਕਸੂਰ ਦੁਤੀਯ ਲਹੁਰਵਾ ॥**
**ਅਧਿਕਪੁਰੀ ਤੇ ਦੋਊ ਬਿਰਾਜੀ ॥ ਨਿਰਖ ਲੰਕ ਅਮਰਾਵਤਿ ਲਾਜੀ ॥ ੨੪ ॥**

**ਅਰਥ**:--ਉਸ ਸੂਰਜ ਦੇ ਬੰਸ ਵਿਚ ਇਕ **ਰਘੁ** ਰਾਜਾ ਹੋਇਆ ਹੈ ਜਿਸ ਦੇ ਨਾਮ ਤੋਂ ਜਗਤ ਵਿਚ ' ਰਘੁ ਬੰਸ' ਤੁਰੀ । ਉਸ ਦਾ ਪੁੱਤ੍ਰ ਰਾਜਾ **ਅਜ** ਹੋਯਾ ਹੈ, ਜੋ ਵਡਾ ਚੰਗਾ ਅਤੇ ਯੋਧਾ ਅਤੇ ਧਨੁਖ ਧਾਰੀ ਸੀ । ਜਦੋਂ ਉਹ **ਰਾਜਾ ਅਜ** ਗ੍ਰਿਹਸਤ ਤਿਆਗ ਕੇ ਬਨਾਂ ਨੂੰ ਚਲਾ ਗਿਆ ਤਾਂ ਉਸ ਦੀ ਥਾਂ ਰਾਜ ਭਾਗ ਦਾ ਮਾਲਕ **ਦਸ਼ਰਥ** ਬਣਿਆਂ । ਉਹ ਵੀ ਬੜਾ ਧਨੁਖਧਾਰੀ ਅਤੇ ਸੂਰਮਾਂ ਸੀ । ਉਸ ਨੇ ਤਿੰਨ ਰਾਣੀਆਂ ਵਿਆਹੀਆਂ ਸਨ । ਉਸ ਦੀ ਪਹਿਲੀ ਇਸਤ੍ਰੀ (ਕੁਸ਼ਲਯਾ) ਨੇ **ਰਾਮ** ਪੁੱਤ੍ਰ ਜਨਮਿਆਂ, ਦੂਜੀ (ਕੈਕਈ) ਨੇ ਭਰਤ ਅਤੇ ਤੀਜੀ (ਸੁਮਿਤਰਾਂ) ਨੇ ਲਛਮਣ ਤੇ ਸ਼ਤ੍ਰਘਨ ਪੁੱਤ੍ਰ ਜਨਮੇ । ਫਿਰ ਸੀਤਾ ਦੇ ਦੋ ਪੁੱਤ੍ਰ ਹੋਏ । ਜਦੋਂ ਉਨ੍ਹਾਂ ਨੇ ਉੱਤਰ ਦੇਸ਼ (ਪੰਜਾਬ) ਦੀ ਰਾਜਕੁਮਾਰੀਆਂ ਵਿਆਹੀਆਂ ਤਾਂ ਉਨ੍ਹਾਂ ਨੇ ਬੜੇ ਯੱਗ ਕੀਤੇ । ਉਥੇ ਉਨ੍ਹਾਂ ਨੇ ਦੋ ਸ਼ਹਿਰ ਲਹੌਰ ਅਤੇ ਕਸੂਰ ਵਸਾਏ । ਉਹ ਦੋਵੇਂ ਪੁਰੀਆਂ ਬਹੁਤ ਸੁੰਦਰ ਸਨ ਜਿਨ੍ਹਾਂ ਦੀ ਸੋਭਾ ਵੇਖ ਕੇ ਲੰਕਾ ਅਤੇ ਇੰਦ੍ਰ ਪੁਰੀ ਲੱਜਾ ਕਰਦੀਆਂ ਸਨ।

[ਨੋਟ:--ਸੀਤਾ ਦੇ ਪੁਤ੍ਰਾਂ ਲਵ ਅਤੇ ਕੁਸ਼ ਦੀ ਬੰਸਾਵਲੀ ਦਾ, ਜਾਂ ਉਨ੍ਹਾਂ ਦੇ ਪੰਜਾਬ ਵਿਚ ਆ ਕੇ ਲਹੌਰ ਅਤੇ ਕਸੂਰ ਸ਼ਹਿਰ ਵਸਾਉਂਣ ਦਾ ਕੋਈ ਜ਼ਿਕਰ **ਬ੍ਰਾਹਮਣ-ਗੁਰੂਆਂ** ਦੇ ਲਿਖੇ ਕਿਸੇ ਵੀ ਰਾਮਾਇਣ ਗ੍ਰੰਥ ਵਿਚ ਨਹੀਂ ਹੈ। ਇਹ ਅਦਭੁਤ ਨਾਟਕ ਪਤਾ ਨਹੀਂ ਕਿਸ ਗ੍ਰੰਥ ਦਾ ਅਨੁਵਾਦ ਹੈ?]

**ਬਹੁਤ ਕਾਲ ਤਿਨ ਰਾਜ ਕਮਾਯੋ ॥ ਜਾਲ ਕਾਲ ਤੇ ਅੰਤ ਫਸਾਯੋ ॥**
**ਤਿਨ ਤੇ ਪੁੱਤ੍ਰ ਪੌਤ ਜੇ ਵਏ ॥ ਰਾਜ ਕਰਤ ਇਹ ਜਗ ਕੋ ਭਏ ॥ ੨੫ ॥**

**ਅਰਥ**:--ਬਹੁਤ ਚਿਰ ਤਕ ਉਨ੍ਹਾਂ (ਦੋਹਾਂ ਨੇ) ਰਾਜ ਭੋਗਿਆ, ਅੰਤ ਉਨ੍ਹਾਂ ਨੂੰ ਕਾਲ ਦੇ ਜਾਲ (ਨੇ ਅਪਨੇ ਵਿਚ) ਵਸਾ ਲਿਆ । ਜਿਹੜੇ ਉਨ੍ਹਾਂ ਤੋਂ ਪੁਤਰ ਤੇ ਪੋਤ੍ਰੇ ਹੋਏ ਸਨ। ਇਸ ਜਗਤ ਦਾ ਰਾਜ (ਉਹ) ਕਰਨ ਲੱਗ ਪਏ ।

ਆਪਣੇ ਬਜ਼ੁਰਗਾਂ ਦੇ ਨਾਮ ਲਿਖਣ ਦੀ ਗੱਲ ਤਾਂ ਛੱਡੀ, ਸਰਬ ਕਲਾ ਸਮਰਥ, ਅੰਤਰਜਾਮੀ ਦਸ਼ਮੇਸ਼ ਜੀ ਨੂੰ ਹੁਣ, ਆਪਣੇ ਕਥਿਤ ਸ਼ਾਹੀ ਖ਼ਾਨਦਾਨ ਦੇ ਵਡੇ ਵਡੇਰਿਆਂ ਦੀ ਗਿਣਤੀ ਤੋਂ ਵੀ ਅਣਜਾਣ ਦਰਸਾਇਆ ਜਾ ਰਿਹਾ ਹੈ **?**:--

**ਕਹਾ ਲਗੇ ਤੇ ਬਚਨ ਸੁਨਾਊਂ ॥ ਤਿਨ ਕੇ ਨਾਮ ਨ ਸੰਖਯਾ ਪਾਊਂ ॥**
**ਹੋਤ ਚਹੂੰ ਜੁਗ ਮੈਂ ਜੇ ਆਏ ॥ ਤਿਨਕੇ ਨਾਮ ਨ ਜਾਤ ਗਨਾਏ ॥** ੨੬ ॥

**ਅਰਥ**:--ਕਿਥੋਂ ਤਕ ਉਨ੍ਹਾਂ ਦਾ ਹਾਲ ਕਥਨ ਕਰਕੇ ਸੁਣਾਵਾਂ? ਉਨ੍ਹਾਂ ਦੇ ਨਾਮਾਂ ਦੀ ਗਿਣਤੀ ਭੀ ਨਹੀਂ ਪਾਈ (ਦੱਸੀ) ਜਾ ਸਕਦੀ। **ਚੌਹਾਂ ਜੁਗਾਂ ਵਿਚ ਜੋਹੜੇ ਰਾਜੇ** ਹੁੰਦੇ ਆਏ ਹਨ, (ਮੇਰੇ ਪਾਸੋਂ) ਉਨ੍ਹਾਂ ਦੇ ਨਾਮ ਭੀ ਗਿਣੇ ਨਹੀਂ ਜਾਂਦੇ । ੨੬ ।

**ਏਥੇ ਚਹੁੰਹਾਂ ਜੁੱਗਾਂ ਦੇ** ਰਾਜਿਆਂ ਦੀ ਗੱਲ ਲਿਖਣ ਤੋਂ ਭਾਵ ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਿਜੁਗ ਹੈ। ਅੱਗੇ ਜਾ ਕੇ ਵੀ ਏਹੀ ਸਿੱਧ ਹੁੰਦਾ ਰਹਿਣਾ ਹੈ ਕਿ ਕਵੀ ਜੀ ਦੀ ਇਹ ਸਾਰੀ ਵਾਰਤਾ ਕਲਜੁਗ ਤੋਂ ਬਹੁਤ ਪਹਿਲਾਂ ਦੀ ਹੈ। ਇਸ ਲਈ ਚਹੁਾਂ ਜੁਗਾਂ ਵਿਚ ਹੋਇਆ ਖ਼ਾਨਦਾਨ ਦੇ ਲੋਕਾਂ ਦੇ ਨਾਂ ਲਿਖਣ ਦਾ ਮਸਲਾ ਤਾਂ ਹੈ ਹੀ ਨਹੀਂ ਸੀ? ਸਾਰੇ ਜੁਗਾਂ ਦੀ ਗੱਲ ਕਵੀ ਦੇ ਮੂੰਹ ਤੇ ਤਦ ਹੀ ਚੜ੍ਹ ਸਕਦੀ ਸੀ ਜੇ ਚੌਥਾ ਕਲਜੁਗ ਆ ਚੁੱਕਾ ਸੀ। ਭਾਵ, ਜੇ ਇਹ ਉਪਰੋਕਤ ਵਾਰਤਾ **ਕਲਜੁਗ ਵਿਚ** ਵਾਪਰੀ ਹੋਵੈ। ਪਰ ਲਿਖਾਰੀ ਦੀ ਏਸੇ ਗੱਲ ਨੂੰ ਅੱਗੇ ਚੌਥੇ ਅਧਿਆਇ ਦੀ **ਸਤਵੀਂ ਚੌਪਈ** ਨਾਲ ਰਲਾ ਕੇ ਪੜ੍ਹਨ ਨਾਲ ਪਾਠਕ ਨੂੰ ਸਮਝ ਆ ਜਾਵੇਗੀ ਕਿ ਲਿਖਾਰੀ ਦੀ ਕਹਾਣੀ ਤਾਂ ਅਜੇ ਮਸਾਂ ਤ੍ਰੇਤੇ ਜੁਗ ਵਿਚ ਹੀ ਚੱਕਰ ਲਾ ਰਹੀ ਹੈ-[**ਜਬ ਨਾਨਕ ਕਲਿ (ਜੁਗ) ਮੈ ਹਮ ਆਨ ਕਹਾਇਹੈਂ।੭।**] ਸਪੱਸ਼ਟ ਹੈ ਕਿ ਇਹ ਬਚਨ ਕਲਜੁਗ ਤੋਂ ਪਹਿਲਾਂ ਕਹੇ ਗਏ ਸਨ :--

**ਜੌ ਅਬ ਤਉ ਕਿਰਪਾ ਬਲ ਪਾਉ ॥ ਨਾਮ ਜਥਾ ਮਤਿ ਭਾਖ ਸੁਨਾਉਂ ॥**
**ਕਾਲ ਕੇਤੁ ਅਰ ਕਾਲ ਰਾਇ ਭਨ ॥ ਜਿਨ ਤੇ ਭਏ ਪੁਤ੍ਰ ਘਰ ਅਨਗਨ ॥ ੨੭ ॥**

**ਅਰਥ:**-ਹੇ ਵਾਹਿਗੁਰੂ !) ਹੁਣ ਜਰਾ ਤੇਰੀ ਕਿਰਪਾ ਦਾ (ਬਲ) ਆਸਰਾ ਪਾ ਲਵਾਂ ਤਾਂ ਜਿੰਨੀ ਕੁ ਬੁਧਿ ਹੈ, ਨਾਮ ਕਥਨ ਕਰਕੇ ਸੁਣਾਉਂਦਾ ਹਾਂ (ਕੁਸ਼ੂ ਦੇ ਤਖ਼ਤੇ ਤੇ) ' ਕਾਲਕੇਤ ' ਅਤੇ ਲਊ ਦੇ ਤਖ਼ਤ ਤੇ " ਕਾਲਰਾਇ ਕਹੀਦਾ ਸੀ। ਉਨ੍ਹਾਂ ਦੇ ਘਰ (ਅੱਗੇ) ਅਗਣਿਤ ਪੁਤਰ ਹੋਏ ਸਨ । ੧੭ ।

ਰੱਬ ਕੋਲੋਂ ਬਲ ਵੀ ਮੰਗਿਆ ਪਰ ਫਿਰ ਵੀ ਕੇਵਲ ਦੋ ਪਿਉਆਂ (2 Fathers) ਦੇ ਹੀ ਨਾਮ ਲਿਖੇ ਅਤੇ ਪੁਤ੍ਰਾਂ ਵਿਚੋਂ ਕਿਸੇ ਇੱਕ ਦਾ ਨਾਮ ਵੀ ਨਾ ਲਿਖ ਸਕਣਾ, ਲਿਖਾਰੀ ਦੀ ਸੁਹਿਰਦਤਾ ਬਾਰੇ ਸ਼ੰਕਾ ਪੈਦਾ ਕਰਦਾ ਹੈ ? ਅਜੇਹੀਆਂ ਕਮਜ਼ੋਰੀਆਂ ਵਾਲਾ ਲਿਖਾਰੀ ਕੋਈ ਕੁਟਲ ਬਿੱਪ੍ਰ ਤਾਂ ਬੇਸ਼ਕ ਹੋ ਸਕਦਾ ਹੈ, ਪਰ ਦਸ਼ਮੇਸ਼ ਜੀ ਨੂੰ ਇਸ ਲਿਖਤ ਨਾਲ ਜੋੜਨਾਂ ਘਿਣਾਵਣਾ ਅਪਰਾਧ ਹੈ। ਜਥੇਦਾਰ ਸਾਹਿਬਾਨ ਅਥਵਾ ਹੋਰ ਵਿਦਵਾਨ ਸਾਹਿਬਾਨ (ਛਪਾਈ ਤੋਂ ਪਹਿਲਾਂ ਜਿਨ੍ਹਾਂ ਦੀ ਸੇਵਾ ਵਿਚ ਇਹ ਖਰੜਾ ਭੇਜਿਆ ਜਾ ਰਿਹਾ ਹੈ) ਜੇ ਦਾਸ ਦਾ ਇਹ ਵਿਚਾਰ ਗ਼ਲਤ ਸਮਝਣ, ਤਾਂ ਠੀਕ ਗੱਲ ਲਿਖ ਭੇਜਣ। ਕੋਟਾਨ ਕੋਟ ਧੰਨਵਾਦ ਕਰਦਿਆਂ ਆਪਣੀ ਭੁੱਲ ਸਵੀਕਾਰ ਕਰਨ ਵਿਚ ਜ਼ਰਾ ਢਿੱਲ ਨਹੀਂ ਹੋਣ ਲੱਗੀ।

੮

# ਭੁਲੇਖਾ ਪਾਉਣ ਲਈ ਜਾਣ ਬੁੱਜ ਕੇ ਲਿਖੇ ਝੂਠ ?

ਅੱਗੇ ਹੁਣ, ਬੇਦੀ ਅਤੇ ਸੋਢੀ ਦੋਹਾਂ ਕੁਲਾਂ ਦੇ ਗੁਰੂ ਸਾਹਿਬਾਨ ਨੂੰ ਸ੍ਰੀ ਰਾਮ ਚੰਦਰ ਦੇ ਖ਼ਾਨਦਾਨ ਦੀ ਔਲਾਦ ਸਿੱਧ ਕਰ ਕੇ ਦਸ਼ਮੇਸ਼ ਜੀ ਨੂੰ ਬਾਕੀ ਨੌ ਗੁਰੂ ਸਾਹਿਬਾਨ ਨਾਲੋਂ ਅੱਡ ਕਰ ਲੈਣ ਵਾਲਾ ਬੜਾ ਹੀ ਬਚਿਤ੍ਰ ਨਾਟਕ ਅਰੰਭ ਹੁੰਦਾ ਹੈ--

**ਸੋਢੀ ਬੰਸ ਪੈਦਾ ਕਰ ਲੈਣ** ਵਾਲੇ ਅਦਭੁਤ ਝੂਠ-ਡਰਾਮੇ ਦਾ ਵੇਰਵਾ----

**(ੳ)** ਲਊ ਦੀ ਔਲਾਦ ਵਿਚੋਂ ਰਾਜਾ **ਕਾਲਰਾਇ** ਹੋਇਆ ਅਤੇ **ਕਸ਼ੂ** ਦੀ ਔਲਾਦ ਵਿਚੋਂ ਰਾਜਾ **ਕਾਲਕੇਤ** ਹੋਇਆ ਦਰਸਾ ਦਿੱਤਾ ਗਿਆ । ( ਧਿਆਨ ਰਹੇ ਕਿ ' **ਕਾਲ** " ਅਥਵਾ ਸ਼ਿਵ ਨੇ ਹਰ ਥਾਂ ਪਰਧਾਨ ਰਹਿਣਾ ਹੈ) । (ਕਸ਼ਵੀ) **ਕਾਲ**ਕੇਤ ਬੜਾ ਬਲੀ ਹੋ ਗਿਆ ਜਿਸ ਨੇ (ਲਵੀ) **ਕਾਲ**ਰਾਏ ਨੂੰ ਭਜਾ ਕਢਿਆ--

**ਕਾਲ ਕੇਤੁ ਭਯੋ ਬਲੀ ਅਪਾਰਾ ॥ ਕਾਲਰਾਇ ਜਿਨ ਨਗਰ ਨਿਕਾਰਾ ॥**
**ਭਾਜ ਸਨੌਢ ਦੇਸ ਤੇ ਗਏ ॥ ਤਹੀ ਭੂਪਜਾ ਬਿਆਹਤ ਭਏ ॥ ੨੮ ॥**
**ਤਿਹ ਤੇ ਪੁਤ੍ਰ ਭਯੋ ਜੋ ਧਾਮਾ ॥ ਸੋਢੀ ਰਾਇ ਧਰਾ ਤਿਹਿ ਨਾਮਾ ॥**
**ਵੰਸ ਸਨੌਢ ਤਾ ਦਿਨ ਤੇ ਥੀਆ ॥ ਪਰਮ ਪਵਿਤ੍ਰ ਪੁਰਖ ਜੂ ਕੀਆ ॥ ੨੯ ॥**

ਕਾਲਰਾਇ ਭੱਜ ਕੇ ਸਨੌਢ ਦੇਸ਼ (ਮਥਰਾ ਭਰਤਪੁਰ ਤੋਂ ਲੈ ਕੇ ਅਮਰਕੋਟ ਤੱਕ ਦਾ ਦੇਸ਼) ਵਿਚ ਜਾ ਵੜਿਆ ਤੇ ਓਥੋਂ ਦੇ ਰਾਜੇ ਦੀ ਬੇਟੀ ਨਾਲ ਵਿਆਹ ਕਰ ਲਿਆ। ਉਸ ਵਿਚੋਂ ਪੈਦਾ ਹੋਏ ਬੇਟੇ ਦਾ ਨਾਮ **ਸੋਢੀ ਰਾਇ** ਹੋਇਆ, ਜੋ **ਸਨੌਢ** ਦੇਸ਼ ਦਾ ਰਾਜਾ ਬਣਿਆਂ । ਸੋਢੀ ਰਾਏ ਦੀ ਔਲਾਦ " **ਸੋਢੀ** " ਅਖਵਾਉਂਣ ਲੱਗ ਪਏ। ਇਸ ਝੂਠ ਕਹਾਣੀ ਤੋਂ ਦੋ ਪ੍ਰਸ਼ਨ ਉਭਰ ਕੇ ਮਨ ਨੂੰ ਝੱਟ ਆ ਘੇਰਦੇ ਹਨ ।

(੧) ਰਾਮਾਇਣ ਗਾਥਾ ਵਿਚ ਵਸ਼ਿਸ਼ਟ ਰਿਖੀ ਨੂੰ ੩੪ ਪੀੜ੍ਹੀਆਂ ਤੋਂ ਰਘੂਵੰਸ਼ੀ ਖ਼ਾਨਦਾਨ ਦਾ ਪ੍ਰੋਹਿਤ ਲਿਖਿਆ ਹੈ। ਉਨ੍ਹਾਂ ੩੪ ਪੀੜ੍ਹੀਆਂ ਵਿਚ ਮਾਨਧਾਤਾ, ਸੱਗਰ, ਭਾਗੀਰਥ, ਦਲੀਪ, ਹਰੀਸ਼ ਚੰਦਰ ਆਦਿ ਵਰਗੇ ਧਰਮੀ, ਤਿਆਗੀ ਅਤੇ ਬੜੇ ਵਡੇ ਪਰਤਾਪੀ ਮਹਾਰਾਜੇ ਹੋਣੇ ਬ੍ਰਾਹਮਣ ਨੇ ਆਪ ਹੀ ਲਿਖੇ ਹਨ। ਉਨ੍ਹਾਂ ਵਿਚੋਂ ਕਿਸੇ ਦੇ ਨਾਮ ਤੇ ਵੀ ਕੋਈ ਨਵਾਂ ਵੰਸ਼ ਨਾ ਚਲਿਆ। ਫਿਰ ਮਹਾਰਾਜਾ ਦਸ਼ਰਥ ਦੇ ਘਰ ਸ੍ਰਿਸ਼ਟੀ ਦੇ ਕਥਿਤ ਸਿਰਜਣਹਾਰ, ਸ੍ਰੀ ਰਾਮ ਜੀ ਅਵਤਾਰੀ ਹੋਏ ਵੀ ਬ੍ਰਾਹਮਣ ਨੇ ਆਪ ਹੀ ਦਰਸਾਏ ਹਨ। ਸ੍ਰੀ ਰਾਮ ਜੀ ਨੇ ਆਪਣੇ ਨਾਮ ਤੇ ਨਵਾਂ ਵੰਸ਼ ਚਲਾਉਂਣ ਦੇ ਥਾਂ ਉਹ ਤਾਂ ਸਗੋਂ ਰਘੂਵੰਸ਼ੀ ਹੋਣ ਦਾ ਬੜਾ ਮਾਣ ਕਰਦੇ ਸਨ। ਰਾਮਾਇਣ Documentary ਵਿਚ ' **ਰਘੂਕੁਲ ਰੀਤ ਸਦਾ ਚਲੀ ਆਈ ਪ੍ਰਾਣ ਜਾਏਂ ਪਰ ਵਚਨ ਨਾ ਜਾਈ** " ਅਖਾਣ, ਸ੍ਰੀ ਰਾਮ ਜੀ ਦੇ ਮੂੰਹੋਂ ਕਈ ਵਾਰੀ ਅਖਵਾਇਆ ਹੋਇਆ ਹੈ। ਬਾਲ ਉਮਰ ਵਿਚ ਹੀ ਆਪਣੇ ਪਿਤਾ

ਦੇ ਸਾਰੇ ਜਰਨੈਲਾਂ ਸਮੇਤ ਚਤੁਰੰਗੀ ਫ਼ੌਜ ਨੂੰ ਹਰਾ ਦੇਣ ਵਾਲੇ ਭਗਵਾਨ ਰਾਮ ਜੀ ਦੇ ਬਲੀ ਪੁੱਤਰਾਂ, **ਲਵ** ਅਤੇ **ਕੁਸ਼** ਦੇ ਨਾ ਤੇ ਵੀ ਕੋਈ ਨਵਾਂ ਵੰਸ਼ ਨਾ ਤੁਰਿਆ। ਪਿਤਾ ਪੁਰਖੀ ਵਾਲਾ ਅਜੇਹਾ ਵੰਸ਼, ਜਿਸ ਵਿਚ ਕਥਿਤ ਤੌਰ ਤੇ ਵਿਸ਼ਨੂੰ ਭਗਵਾਨ ਜੀ, ਰਾਮ ਰੂਪ ਹੋ ਕੇ ਆਪ ਪੈਦਾ ਹੋਏ ਸਨ ਉਸ ਪਰਮ ਪਵਿੱਤਰ ਗੋਤ ਨੂੰ **ਤਿਆਗ ਦੇਣ ਦੀ ਗੱਲ**, ਕਿਸੇ ਵੀ ਦਲੀਲ ਨਾਲ **ਮੰਨਣ ਜੋਗ** ਨਹੀਂ ਸੀ ਬਣ ਸਕਦੀ।

(੨) ਅਟਾ ਸਟਾ ੮੦/੯੦ ਪੀੜ੍ਹੀਆਂ ਦੇ ਪੁਰਾਣੇ ਅਤੇ ਸਾਰੇ ਦੇਸ਼ ਵਿਚ ਸਤਕਾਰੇ ਹੋਏ **ਰਘੂਵੰਸ਼** ਦੇ ਥਾਂ **ਸੋਢੀ** ਵੰਸ਼ ਬਣਾ ਲੈਣ ਦੀ ਗੱਲ ਉਸੇ ਹੀ ਗਾਥਾ ਵਿਚ ਕਿਉਂ ਤੁਰੀ, ਜਿਸ ਵਿਚ ਦਸ਼ਮੇਸ਼ ਜੀ ਦੀ ਜਨਮ ਕਥਾ ਲਿਖਣੀ ਸੀ? ਸਪੱਸ਼ਟ ਏਹੀ ਹੁੰਦਾ ਹੈ ਕਿ ਦਸ਼ਮੇਸ਼ ਜੀ ਨੂੰ ਸ੍ਰੀ ਰਾਮ ਚੰਦਰ ਦੀ ਜਦ ਵਿਚੋਂ ਹੀ ਜਨਮੇ ਸਿੱਧ ਕਰਨਾ ਸੀ। ਅਜੇਹੇ ਨਿਰਮੂਲ ਝੂਠ ਲਿਖਣ ਤੋਂ ਲਿਖਾਰੀ ਦਾ ਕੋਈ ਹੋਰ ਲੁਕਵਾਂ ਮੰਤਵ ਵੀ ਹੋ ਸਕਦਾ ਹੈ? ਕੀ ਖ਼ਾਲਸਾ ਜੀ ਨੂੰ ਅੰਤ ਵਿਚ ਹਿੰਦੂ ਸਿੱਧ ਕਰ ਸਕਣ ਵਾਸਤੇ ਪੱਕੇ ਸਬੂਤ ਤਾਂ ਨਹੀਂ ਬਣਾਏ ਗਏ ? [ਜਿਸ ਪਾਸੇ ਨੂੰ ਖ਼ਾਲਸਾ ਜੀ ਦੋੜੀ ਜਾ ਰਹੇ ਹਨ, ਜੇ ਮੋੜ ਨਾ ਖਾਧਾ ਤਾਂ ਅਗਲੇ ਸੌ ਸਾਲਾਂ ਵਿਚ ਗੁਰਦੁਆਰੇ ਪੂਰੀ ਤਰ੍ਹਾਂ ਮੰਦਰ ਬਣ ਜਾਣ ਵਿਚ ਕੋਈ ਕਸਰ ਨਹੀਂ ਰਹਿੰਣੀ]

**ਤਾਂ ਤੇ ਪੁਤ੍ਰ ਪੌਤ੍ਰ ਹੋਇ ਆਏ ॥ ਤੇ ਸੋਢੀ ਸਭ ਜਗਤ ਕਹਾਏ ॥**
**ਜਗ ਮੈ ਅਧਿਕ ਸੁ ਭਏ ਪ੍ਰਸਿੱਧਾ ॥ ਦਿਨ ਦਿਨ ਤਿਨਕੇ ਧਨ ਕੀ ਬ੍ਰਿਧਾ ॥੩੦॥**
**ਰਾਜ ਕਰਤਭਏ ਬਿਬਿਧ ਪ੍ਰਕਾਰਾ ॥ ਦੇਸ ਦੇਸ ਕੇ ਜੀਤ ਨ੍ਰਿਪਾਰਾ ॥**
**ਜਹਾਂ ਤਹਾਂ ਤਿਹ ਧਰਮ ਚਲਾਯੋ ॥ ਅੱਤ੍ਰ ਪੱਤ੍ਰ ਕਹ ਸੀਸ ਢੁਰਾਯੋ ॥ ੩੧ ॥**
**ਰਾਜਸੂਅ ਬਹੁ ਬਾਰਨ ਕੀਏ ॥ ਜੀਤ ਜੀਤ ਦੇਸੇਸ੍ਵਰ ਲੀਏ ॥**
**ਬਾਜ ਮੇਧ ਬਹੁ ਬਾਰਨ ਕਰੇ ॥ ਸਕਲ ਕਲੂਖ ਨਿਜ ਕੁਲ ਕੇ ਹਰੇ ॥ ੩੨ ॥**

**ਅਰਥ ਭਾਵ**:--ਸੋਢੀ ਰਾਏ ਦੇ ਪੁੱਤ ਪੋਤ੍ਰੇ ਜਗਤ ਵਿਚ ਸੋਢੀ ਅਖਵਾਏ ਉਨ੍ਹਾਂ ਦੇ ਘਰ ਦਿਨੋ ਦਿਨ ਧਨ-ਦੌਲਤ ਵਧਦੀ ਗਈ ।੩੦। ਉਨ੍ਹਾਂ ਨੇ ਕਈ ਦੇਸਾਂ ਵਿਚ ਆਪਣਾ ਰਾਜ ਵਧਾ ਲਿਆ ਅਤੇ ਹਰ ਥਾਂ ਧਰਮ ਦਾ ਰਾਜ ਚਲਾਇਆ ਅਤੇ ਸਿਰ ਤੇ ਛਤਰ ਝੁਲਾਇਆ । ੩੧ । ਕਈ ਵਾਰੀ ਰਾਜਸੂ ਜਗ ਕੀਤੇ ਅਤੇ (ਸਰਬ ਪਾਪ ਨਾਸਕ) ਅਸ਼੍ਵਮੇਧ ਜਗ ਵੀ ਬੜੀ ਵਾਰੀ ਕੀਤੇ, **ਜਿਸ ਤੋਂ ਸੋਢੀਆਂ ਦੀ ਕੁਲਾਂ ਦੇ ਸਾਰੇ ਪਾਪ ਨਾਸ ਹੋ ਗਏ** । ੩੨ ।

## (ਅ) " ਸੋਢੀ " ਪੈਦਾ ਕਰ ਲੈਣ ਉਪ੍ਰੰਤ ਹੁਣ " ਬੇਦੀ " ?--

ਪਾਪਾਂ ਦੇ ਨਾਸ ਹੋਣ ਦੀ ਗੱਲ ਕਰਦਿਆਂ ਹੀ, ਕਹਾਣੀ ਨੂੰ ਮੋੜ ਦੇਣ ਦਾ ਖ਼ਿਆਲ ਆ ਗਿਆ। ਫਿਰ ਇਸ ਗੱਲ ਦੀ ਪਰਵਾਹ ਕੀਤੇ ਬਿਨਾ ਹੀ ਕਿ ਅਜੇ ਹੁਣੇ ਤਾਂ ਸਾਰੇ ਪਾਪ ਨਾਸ ਹੋ ਗਏ ਲਿਖੇ ਹਨ, ਝਟ ਹੀ ਵੰਸ ਵਿਚ ਝਗੜੇ ਫ਼ਸਾਦ ਵਧਣ ਦੀ ਗੱਲ ਤੋਰ ਲਈ:--

**ਬਹੁਰ ਬੰਸ ਮੈਂ ਬਢੋ ਬਿਖਾਧਾ ॥ ਮੇਟ ਨ ਸਕਾ ਕੋਊ ਤਿੰਹ ਸਾਧਾ ॥**
**ਬਿਚਰੇ ਬੀਰ ਬਨੈਤ ਅਖੰਡਲ ॥ ਗਹਿ ਗਹਿ ਚਲੇ ਭਿਰਨ ਰਨਮੰਡਲ ॥ ੩੩ ॥**

**ਅਰਥ**:--ਬੰਸ ਵਿਚ (ਅਜੇਹਾ) ਝਗੜਾ ਵਧ ਗਿਆ, ਕਿ ਜਿਸ ਨੂੰ ਕੋਈ ਭਲਾ ਪੁਰਸ਼ ਭੀ ਨਾ ਮਿਟਾ ਸਕਿਆ । ਸਾਰੇ ਬਾਂਕੇ ਸੂਰਮੇ ਸ਼ਸਤਰ ਫੜ ਫੜ ਕੇ ਲੜਨ ਲਈ ਰਣਭੂਮੀ ਵੱਲ ਤੁਰ ਪਏ।੩੩।

ਪਰ ਕਿਉਂਕਿ ਅਗੇ ਹੁਣ ਹੋਰ ਵੀ ਵਡਾ ਧਰੋਹ ਕਰਨ ਲਈ ਘਿਣਾਵਣੇ ਝੂਠ ਲਿਖਣੇ ਸਨ ਇਸ ਲਈ ਨਾਲੋ ਨਾਲ **ਗਿਆਨ ਦਾ ਚੋਗਾ ਵੀ ਪਾਈ ਜਾਣਾ** ਵਾਲੀ ਕੁਟਲਤਾ, ਚਾਤੁਰ ਲਿਖਾਰੀ ਨਹੀਂ ਭੁਲਿਆ:--

**ਧਨ ਅਰ ਭੂਮਿ ਪੂਰਾਤਨ ਬੈਰਾ ॥ ਜਿਨਕਾ ਮੂਆ ਕਰਤ ਜਗ ਘੇਰਾ ॥**
**ਮੋਹ ਬਾਦ ਅਹੰਕਾਰ ਪਸਾਰਾ ॥ ਕਾਮ ਕ੍ਰੋਧ ਜੀਤਾ ਜਗ ਸਾਰਾ ॥ ੩੪ ॥**

**ਅਰਥ:**-ਧਨ ਅਤੇ ਧਰਤੀ ਹੀ ਵੈਰ ਦਾ ਮੁਢ ਹੈ। (ਧਨ ਤੇ ਧਰਤੀ) ਦਾ (ਘੇਰਾ) ਕਬਜ਼ਾ ਕਰਦਾ ਹੀ ਜਗਤ ਮਰ ਰਿਹਾ ਹੈ । ਇਹ ਸਾਰਾ (ਬਾਦ) ਝਗੜਾ ਮੋਹ ਤੇ ਹੰਕਾਰ ਨੇ ਹੀ ਪਸਾਰਿਆ ਹੈ, ਅਤੇ ਕਾਮ ਕ੍ਰੋਧ ਨੇ ਸਾਰਾ ਜਗਤ ਜਿੱਤ ਲਿਆ ਹੋਇਆ ਹੈ । ੩੪।

**ਦੋਹਰਾ ॥**

**ਧਨਿ ਧਨਿ ਧਨ ਕੋ ਭਾਖੀਐ ਜਾ ਕਾ ਜਗਤੁ ਗੁਲਾਮ ॥ ਸਭ ਨਿਰਖਤ ਯਾਕੋਂ ਸਭ ਚਲ ਕਰਤ ਸਲਾਮ ॥ ੩੫ ॥**

**ਅਰਥ:**--ਧਨ ਦੌਲਤ ਨੂੰ ਧੰਨ ਧੰਨ ਕਹਿਣਾ ਚਾਹੀਦਾ ਹੈ, ਜਗਤ ਜਿਸ ਦਾ ਸੇਵਕ ਹੈ। ਜਿਸਨੂੰ ਸਾਰੇ (ਨਿਰਖਤ) ਢੂੰਡਦੇ ਫਿਰਦੇ ਹਨ ਅਤੇ (ਧਨਵਾਨ ਦੇ ਬੂਹੇ ਤੇ) ਜਾ ਕੇ ਸਾਰੇ ਸਲਾਮਾਂ ਕਰਦੇ ਹਨ । ੩੫

**ਚੌਪਈ ॥**

**ਕਾਲ ਨ ਕੋਊ ਕਰਨ ਸੁਮਾਰਾ ॥ ਬੈਰ ਬਾਦ ਅਹੰਕਾਰ ਪਸਾਰਾ ॥**
**ਲੋਭ ਮੂਲ ਇਹਿ ਜਗ ਕੋ ਹੂਆ ॥ ਜਾਸੋ ਚਾਹਤ ਸਭੈ ਕੋ ਮੂਆ ॥ ੩੬ ॥**

**ਅਰਥ**:--(ਉਸ) ਕਾਲ ਜੀ ਦੀ ਕੋਈ ਗਿਣਤੀ ਨਹੀਂ ਕਰ ਸਕਦਾ, ਜਿਸਨੇ ਵੈਰ, ਝਗੜੇ ਤੇ ਹੰਕਾਰ ਪਸਾਰਿਆ ਹੈ। ਇਸ ਜਗਤ ਨੂੰ (ਮੂਲ) ਮੁਢ ਤੋਂ ਲੋਭ ਲਗਾ ਹੋਯਾ ਹੈ, ਜਿਸ (ਲੋਭ) ਨੂੰ ਚੰਬੜਿਆ ਹੀ ਸਭ ਕੋਈ ਮਰ ਰਿਹਾ ਹੈ, ਭਾਵ, ਲੋਭ ਦੇ ਵੱਸ ਹੋ ਕੇ ਹੀ ਸਾਰੇ ਮਰਦੇ ਹਨ। ।੩੬ ।

ਭੁਲੇਖਾ ਪਾਊ ਗਿਆਨ ਦੇ ਏਨੇ ਕੁ ਹੀ **ਭਰਮ-ਜਾਲ** ਦੇ ਪਸਾਰੇ ਦੇ ਨਾਲ ਹੀ ਅਧਿਆਇ ਦੀ ਸਮਾਪਤੀ ਦੀ ਘੋਸ਼ਣਾ ਕਰ ਦਿੱਤੀ--

**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸੁਭ ਬੰਸ ਬਰਨਨੰ ਦੁਤੀਆ ਧਿਆਉ ॥ ੨ ॥ ਅਫਜੂ ॥ ੧੩੭ ॥**

੧੦

# ਤੀਜਾ ਅਧਿਆਇ

## ਕੁਸ਼ੀਆਂ ਨੂੰ ਬੇਦੀ ਬਾਨਾਉਣ ਦਾ ਸ੍ਰੀ ਗਣੇਸ਼

ਜਿਸ ਬ੍ਰਾਹਮਣ ਨੇ ਰਾਮ ਅਤੇ ਕ੍ਰਿਸ਼ਨ ਵਰਗੇ ਭਗਵਾਨਾ ਦਾ ਜਨਮ ਵੀ ਆਪਣੇ ਹੀ ਵਰ (ਅਸੀਸਾਂ) ਅਤੇ ਯੱਗਾਂ ਦੀ ਉਪਜ ਦਰਸਾਇਆ ਸੀ। ਜਿਸ ਬ੍ਰਾਹਮਣ ਨੇ ਭਗਤਾਂ ਨੂੰ ਵੀ ਬ੍ਰਾਹਮਣ ਦੀ ਔਲਾਦ ਸਿੱਧ ਕਰਨ ਲਈ ਕਬੀਰ ਜੀ ਨੂੰ ਬ੍ਰਾਹਮਣੀ ਦੀ ਹਰਾਮੀ ਔਲਾਦ ਦੱਸ ਕੇ ਰਵਿਦਾਸ ਜੀ ਦਾ ਪਿਛਲਾ ਜਨਮ ਬ੍ਰਾਹਮਣ ਦਾ ਲਿਖ ਕੇ ਬ੍ਰਾਹਮਣ ਦੇ ਹੀ ਸਰਾਪ ਦੇ ਕਾਰਨ ਚਮਾਰਾਂ ਦੇ ਘਰ ਜਨਮ ਲੈਣ ਲਈ ਭੇਜ ਦੇਣ ਦਾ ਨਾਟਕ ਘੜ ਲਿਆ ਸੀ, ਉਹ ਕਿਵੇਂ ਝੱਲ ਸਕਦਾ ਸੀ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੁਦਰਤ ਦੇ ਬਣੇ ਨੀਯਮ ਰੂਪੀ ਹੁਕਮ ਅਧੀਨ ਆਪਣੀ ਕਮਾਈ ਦੇ ਫਲ ਸਰੂਪ ਧਰਤੀ ਦੇ ਆਏ ਸਮਝੇ ਜਾਂਦੇ ? ਕਿਉਂਕਿ ਗੁਰੂ ਨਾਨਕ ਦੇਵ ਜੀ ਬੇਦੀ ਬੰਸ ਵਿਚੋਂ ਸਨ, ਅਤੇ ਚੌਥੇ ਸਰੂਪ ਤੋਂ ਲੈ ਕੇ ਦਸ਼ਮੇਸ਼ ਜੀ ਤੱਕ ਸੋਢੀ ਬੰਸ ਵਿਚੋਂ ਸਨ, ਸੋ ਚਪਲ ਬੁੱਧੀ ਮਹਾਂ ਵਿਦਵਾਨ ਲਿਖਾਰੀ-ਪ੍ਰੋਹਿਤ ਨੇ **ਸੋਢੀ** ਅਤੇ **ਬੇਦੀ** ਦੋਵੇਂ ਬੰਸ ਆਪਣੀ ਹੀ ਕਲਪਣਾ ਦੀ ਉਪਜ ਸ੍ਰੀ ਰਾਮ ਦੀ ਹੀ ਔਲਾਦ ਸਿੱਧ ਕਰ ਲੈਣ ਦੀ ਯੋਜਨਾਂ ਘੜ ਲਈ। ਨਾਟਕ ਰਚਨ ਵਿਚ ਨਿਪੁੰਨ ਬ੍ਰਾਹਮਣ ਨੇ ਅਜੇਹੀ ਸਿਆਣਪ ਨਾਲ ਬੜਾ ਹੀ " **ਬਚਿਤ੍ਰ ਨਾਟਕ** " ਰਚਿਆ ਕਿ ਗੁਰੂ ਦਾ ਸਿਰਜਿਆ ਅਣਖੀ ਸੂਰਮਿਆਂ ਦਾ ਖ਼ਾਲਸ-ਪੰਥ ਇਹ ਸਮਝ ਬੈਠਾ, ਕਿ ਇਹ " **ਮਿੱਥ** " ਦਸ਼ਮੇਸ਼ ਜੀ ਨੇ ਆਪਣੇ ਹੱਥੀਂ ਲਿਖਿਆ ਹੈ। ਹਿੰਦੂ ਗ੍ਰੰਥ ਵਿਚਲੇ ਲਿਖੇ " ਝੂਠ-ਸੱਚ " ਦੀ ਜਿੰਮੇਵਾਰੀ ਜਿਵੇਂ ਦੇਵੀ ਦੇਵਤਿਆਂ ਅਤੇ ਭਗਵਾਨਾਂ ਦੇ ਸਿਰ ਮੜ੍ਹ ਦਿਤੀ ਹੋਈ ਹੈ, ਓਸੇ ਤਰ੍ਹਾਂ ਏਧਰ ਸਿੱਖ ਪੰਥ ਨੂੰ ਔਝੜੇ ਪਾਉਣ ਵਾਲੇ ਅਦਭੁਤ-ਗ੍ਰੰਥ ਦੇ ਲਿਖਣ ਦੀ ਜ਼ਿੰਮੇਵਾਰੀ ਦਸ਼ਮੇਸ਼ ਜੀ ਦੇ ਸਿਰ ਮੜ੍ਹ ਦੇਣ ਵਿਚ, ਚਾਤੁਰ ਬ੍ਰਾਹਮਣ, ਪੂਰੀ ਤਰ੍ਹਾਂ ਸਫ਼ਲ ਹੋ ਗਿਆ। ਬ੍ਰਾਹਮਣ-ਵਾਦ ਨੂੰ ਸਿੱਖਾਂ ਵਿਚ ਵਾੜਨ ਲਈ, ਬਚਿਤ੍ਰ ਨਾਟਕ-ਰੂਪ ਅਦਭੁਤ ਨੀਂਹ ਪੱਥਰ ਸੀ। ਇਸ ਨਾਟਕ ਦਾ ਅਗਲਾ ਮੋੜ ਬੜਾ ਹੀ ਬਿਚਿਤ੍ਰ ਹੈ। ਸੋਢੀ ਬਣਾ ਲੈਣ ਦੇ ਉਪ੍ਰੰਤ ਰਾਮ ਚੰਦ੍ਰ ਜੀ ਦੀ ਔਲਾਦ ਵਿਚੋਂ ਹੀ **ਬੇਦੀ** ਵੀ ਪੈਦਾ ਕਰਨੇ ਸਨ । ਸੋ **ਰਘੂਬੰਸੀਆਂ** ਤੋਂ ਤਾਜ਼ੇ ਬਣੇ **ਸੋਢੀਆਂ** ਕੋਲੋਂ **ਲਾਹੌਰ** ਦੇ ਰਾਜੇ **(ਲਵੀਆਂ) ਤੇ ਹੱਲਾ ਕਰਵਾ ਦਿੱਤਾ**। ਦੋਹਾਂ ਪ੍ਰਵਾਰਾਂ ਵਿਚ ਜੰਗ ਛਿੜ ਗਿਆ।

### (ਏ) ਸੋਢੀਆਂ ਅਤੇ ਲਵੀਆਂ ਦੀ ਜੰਗ

**ਭੁਜੰਗ ਪ੍ਰਯਾਤ ਛੰਤ ॥**

**ਰਚਾ ਬੈਰ ਬਾਦੰ ਬਿਧਾਤੇ ਅਪਾਰੰ ॥ ਜਿਸੈ ਸਾਧ ਸਾਕਿਓ ਨ ਕੋਊ ਸੁਧਾਰੰ ॥**
**ਬਲੀ ਕਾਮ ਰਾਯੰ ਮਹਾ ਲੋਭ ਮੋਹੰ ॥ ਗਯੋ ਕਉਨ ਬੀਰੰਸੁ ਯਾਤੇ ਅਲੋਹੰ ॥ ੧ ॥**
**ਤਹਾਂ ਬੀਰ ਬੰਕੈ ਆਪ ਮੱਧੰ ॥ ਉਠੇ ਸਸਤ ਲੈ ਲੈ ਮਚਾ ਜੁੱਧ ਸੁਧੰ ॥**
**ਕਹੂੰ ਖੱਪਰੀ ਖੋਲ ਖੰਡੇ ਅਪਾਰੰ ॥ ਨਚੈ ਬੀਰ ਬੈਤਾਲ ਡਊਰੂ ਡਕਾਰੰ ॥ ੨ ॥**

**ਅਰਥ:**--ਬਿਧਾਤੇ ਨੇ ਅਨੇਕ ਤਰ੍ਹਾਂ ਦਾ ਵੈਰ ਤੇ ਝਗੜਾ ਰਚ ਦਿੱਤਾ, ਜਿਸਨੂੰ ਕੋਈ ਸੁਧਾਰਕ ਭੀ ਨ (ਸਾਧ) ਮਿਟਾ ਸਕਿਆ (ਕਿਉਂਕਿ) ਮਹਾਂ ਮੋਹ ਰਾਜਾ, (ਅਤੇ ਉਸਦੇ) ਬਹਾਦਰ ਸੂਰਮੇ ਜੋ ਕਾਮ, ਕ੍ਰੋਧ ਤੇ ਲੋਭ ਹਨ, ਉਨ੍ਹਾਂ ਦੀ ਮਾਰ ਤੋਂ ਬਚਕੇ ਕੇਹੜਾ ਸੂਰਮਾ ਗਿਆ ਹੈ ? । ੧ । ਓਥੇ (ਰਣ ਭੂਮੀ ਵਿਚ) ਸੋਹਣੇ ਬਹਾਦਰ ਆਪੋ ਵਿਚ (ਬਕੈ) ਗਾਲੋ ਗਾਲੀ ਬੋਲਦੇ ਹਨ ਸ਼ਸਤਰ ਲੈ ਲੈ ਕੇ ਖੜੇ ਹੋ ਜਾਂਦੇ ਹਨ ਤੇ (ਸੁਧੰ) ਤਕੜਾ ਜੁੱਧ ਮੱਚਦਾ ਹੈ । ਜਿਸ ਜੁਧ ਵਿਚ) ਕਿਤੇ ਤੀਰਾਂ ਵਾਲੇ, ਖੋਲਾਂ ਵਾਲੇ ਤੇ (ਖੰਡੇ) ਤਲਵਾਰਾਂ ਵਾਲੇ ਇਕ ਦੂਜੇ ਨੂੰ ਮਾਰਦੇ ਹਨ, (ਕਿਤੇ) ਬੀਰ (=ਸ਼ਿਵ ਜੀ ਦੇ ਗਣ--ਨੰਦੀ, ਭ੍ਰਿੰਗੀ, ਰਿਟੀ, ਤੁੰਡੀ)) ਤੇ ਬੇਤਾਲ (=ਸ਼ਿਵ ਦੇ ਗਣਾਂ ਦਾ ਇੱਕ ਸ੍ਵਾਮੀ) ਨੱਚਦੇ ਹਨ ਅਤੇ (ਸ਼ਿਵਜੀ ਦਾ) ਡਊਰੂ ਡੁੱਗ਼ ਡੁੱਗ ਕਰਦਾ ਹੈ । ੨ ।

ਜੰਗ ਤਾਂ ਹੋ ਰਹੀ ਹੈ ਲਵੀਆਂ ਅਤੇ ਕਸ਼ੂਆਂ ਦੀ ਪਰ ਹਰ ਪਾਸੇ ਮਾਰੋ ਮਾਰ ਕਰਦੇ, **ਕਾਲ ਜੀ** ਅਥਵਾ ਸ਼ਿਵ ਜੀ ਅਤੇ ਉਸ ਦੇ ਭੂਤ ਪ੍ਰੇਤ ਆਦਿ ਬੜੀ ਚੜ੍ਹਤ ਵਿਚ, ਦਰਸਾਏ ਗਏ ਹਨ :---

**ਕਹੂੰ ਈਸ ਸੀਸੰ ਪੁਐ ਰੰਡ ਮਾਲੰ ॥ ਕਹੂੰ ਡਾਕ ਡਉਰੂ ਕਹੂੰਕੰ ਬਿਤਾਲੰ ॥**
ਚਵੀ ਚਾਵਡੀਅੰ ਕਿਲੰਕਾਰ ਕੰਕੰ ॥ ਗੁਥੀ ਲੁਥ ਜੁਥੰ ਬਹੇ ਬੀਰ ਬੰਕੰ ॥ ੩ ॥

**ਅਰਥ:**--ਕਿਤੇ ਸ਼ਿਵ ਜੀ (ਈਸ) ਸਿਰ ਲੈ ਕੇ ਰੁੰਡ ਰੁੰਡ ਮਾਲਾ (ਭਾਈ ਰਣਧੀਰ ਸਿੰਘ ਜੀ ਨੇ ਰੁੰਡ ਮਾਲਾ ਦਾ ਅਰਥ--ਸਿਰਾਂ ਦੀ ਉਹ ਮਾਲਾ ਜੋ ਸ਼ਿਵ ਜੀ ਤੇ ਕਾਲਿਕਾ ਦੇਵੀ ਪਹਿਨਦੇ ਹਨ-ਲਿਖੇ ਹਨ) ਵਿਚ ਪ੍ਰੋਂਦਾ ਹੈ । ਕਿਤੇ (ਡਕਿਨੀ) ਚੜੇਲ ਅੰਡ-ਬੰਡ ਬੋਲਦੀ ਹੈ ਕਿਤੇ (ਬਿਤਾਲ) ਬਕਵਾਸੀ ਭੂਤਨੇ ਡਕਾਰਦੇ ਫਿਰਦੇ ਹਨ ਕਿਤੇ ਬਾਂਕੇ ਸੂਰਮਿਆਂ ਦੀਆਂ ਲੋਥਾਂ ਰੁਲਦੀਆਂ ਫਿਰਦੀਆਂ ਹਨ।

**ਪਰੀ ਕੁੱਟ ਕੁੱਟੰ ਰੁਲੇ ਤੱਛ ਮੁਛੰ ॥ ਰਹੇ ਹਾਥ ਡਾਰੇ ਉਭੈ ਉਰਿਧ ਮੁਛੇ ॥**
**ਕਹੂੰ ਖੋਪਰੀ ਖੋਲ ਖਿਗੰ ਖਤੰਗੰ ॥ ਕਹੂੰ ਖਤ੍ਰੀਯੰ ਖੱਗ ਖੇਤੰ ਨਿਖੰਗੰ ॥ ੪ ॥**
**ਚਵੀ ਚਾਂਵਡੀ ਡਾਕਣੀ ਡਾਕ ਮਾਰੇ ॥ ਕਹੂੰ ਭੈਰਵੀ ਭੂਤ ਭੈਂਰੋਂ ਬਕਾਰੇ ॥**
**ਕਹੂੰ ਬੀਰ ਬੈਤਾਲ ਬੰਕੇ ਬਿਹਾਰੰ ॥ ਕਹੂੰ ਭੂਤ ਪ੍ਰੇਤ ਹਸੇ ਮਾਸਹਾਰੰ ॥ ੫ ॥**

**ਪਦ ਅਰਥ:**--ਪਰੀ ਕੁੱਟ=ਮਾਰ ਪਈ। ਤੁੱਛ ਮੁਛੰ=ਵਢੇ ਟੁੱਕੇ। ਉਭੈ=ਦੋਵੇਂ। ਉਰਧ=ਉੱਪਰ । ਖੋਲ=ਟੋਪ। ਖਿਗੰ=ਧਨੁਖ। ਪਤੰਗੰ=ਤੀਰ,, ਬਾਣ। ਖੇਤੰ=ਰਣ-ਭੂਮੀ। ਨਿਖਗੰ=ਬੱਥਾ, ਤੀਰਾਂ ਦੇ ਰੱਖਣ ਦਾ ਖੋਲ। ੪ । ਚਾਂਵਡੀ=ਏੱਲਾਂ। ਡਾਕ=ਡਕਾਰ। ਭੈਰਵੀ=ਇਕ ਤਰ੍ਹਾਂ ਦੀ ਭਯਾਨਕ ਦੇਵੀ, ਜੋ ਮਹਾਂ ਵਿਦਯਾ ਦੀ ਮੂਰਤੀ ਮੰਨੀ ਜਾਂਦੀ ਹੈ, ਕਾਲੀ। ਇਸ ਦੀਆਂ ਕਈ ਮੂਰਤੀਆਂ ਹਨ, ਜੈਸਾ ਕਿ-ਤ੍ਰਿਪਰ ਭੈਰਵੀ, ਕੌਲੇਸ ਭੈਰਵੀ, ਰੁਦ੍ਰ ਭੈਰਵੀ, ਨਿਤਯਾ ਭੈਰਵੀ, ਚੈਤੰਨਯ ਭੈਰਵੀ, ਆਦਿ । ਬਿਹਾਰੰ=ਫਿਰਦੇ ਹਨ । ਮਾਹਾਰੰ=ਮਾਸ ਖਾਣ ਵਾਲੇ ।

ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕਿਉਂਕਿ ਲਖਾਰੀ ਜੀ ਨੇ ਤ੍ਰੇਤਾ ਜੁਗ ਵਿਚ ਹੀ ਇਹ ਜੰਗ ਹੋਣਾ ਦਰਸਾਇਆ ਹੈ, ਝੂਠ-ਜੰਗ ਵਿਚ ਜੋਧੇ ਵੀ ਝੂਠ ਹੀ ਹੋਣੇ ਸਨ। ਕਿਸੇ ਬੰਸ ਨਾਲ ਜੋੜ ਕੇ ਝੂਠੇ ਨਾਂ ਘੜ ਕੇ ਲਿਖਣੇ ਸੌਖੀ ਗੱਲ ਨਹੀਂ ਸੀ। ਇਸ ਕਾਰਨ ਚਤੁਰ ਲਿਖਾਰੀ ਨੇ ੫੦ ਨੰਬਰ ਛੰਦ ਤੱਕ ਦੇ ਇਸ ਲੰਮੇ ਜੰਗ-ਨਾਮੇ ਵਿਚ ਕਿਸੇ ਲਵੀ ਜਾਂ ਕਸ਼ਵੀ ਮਨੁੱਖ ਸੂਰਮੇ ਦਾ ਨਾਮ ਲਿਖਣ ਦੀ ਖੇਚਲ ਤੋਂ ਬਚਨ ਲਈ, ਸ਼ਿਵ ਜੀ ਦੀ ਸੈਨਾ, ਡਾਕਣੀਆਂ, ਭੁਤਨੇ, ਡੈਣਾ, ਚੁੜੇਲਾਂ ਆਦਿ ਦਾ ਜਿਕਰ ਅਤੇ ਜਾਂ ਸ਼ਸਤ੍ਰਾਂ ਦਾ ਵਰਨਣ ਹੀ ਕੀਤਾ ਹੈ।

ਉੱਪਰ ਅਸਾਂ ਭੂਤਨਿਆਂ ਆਦਿ ਦਾ ਨਮੂਨੇ ਮਾਤਰ ਜ਼ਿਕਰ ਪੜ੍ਹ ਲਿਆ ਹੈ ਹੁਣ ਨਮੂਨੇ ਮਾਤ੍ਰ ਹੀ ਸ਼ਸਤ੍ਰਾਂ ਦਾ ਜ਼ਿਕਰ ਪੜ੍ਹ ਲਈਏ:--

**ਹਲੱਬੀ ਜੁਨੱਬੀ ਸਰੋਹੀ ਦੁਧਾਰੀ ॥ ਬਹੀ ਕੋਪ ਕਾਤੀ ਕ੍ਰਿਪਾਣੰ ਕਟਾਰੀ ॥**
**ਕਹੰ ਸੈਹਥੀਅੰ ਕਹੂੰ ਸੁਧ ਸੇਲੰ ॥ ਕਹੂੰ ਸੇਲ ਸਾਂਗੰ ਭਈ ਰੇਲ ਪੇਲੰ ॥ ੬ ॥**

**ਪਦ ਅਰਥ**:--ਹਲੱਬੀ=ਹਲਬ ਸ਼ੈਹਰ ਦੀ ਤਲਵਾਰ, ਜੋ ਬਹੁਤ ਚੰਗੀ ਮੰਨੀ ਗਈ ਹੈ, ਇਹ ਸ਼ੈਹਰ ਸ਼ਾਮ ਦੇਸ਼ ਵਿਚ ਹੈ। ਜਯਨੱਬੀ=ਜੁਨਬ ਸ਼ੈਹਰ ਦੀ ਬਣੀ ਹੋਈ ਤਲਵਾਰ। ਹੁਣ ਇਹ ਸ਼ਹੇ ਆਰਮੇਨੀਆਂ ਵਿਚ ਹੈ। ਸਹੋਰੀ=ਸਹੋਰੀ ਨਗਰ ਦੀ ਬਣੀ ਹੋਈ ਤਲਵਾਰ ਦੀ ਇਕ ਕਿਸਮ ਜੋ ਬਹੁਤ ਕਾਟ ਵਾਲੀ ਹੁੰਦੀ ਹੈ। ਦੋ ਜੌਲਾਦੀ ਪੱਤਰਿਆਂ ਵਿਚਕਾਰ ਕੱਚਾ ਲੋਹਾ ਦੇ ਕੇ ਸਹੋਰੀ ਘੜੀ ਜਾਂਦੀ ਹੈ, ਅਜੇਹ ਕਰਨ ਨਾਲ ਸਰੋਹੀ ਟੁੱਟਦੀ ਨਹੀਂ।

ਇਸ ਮਨ-ਘੜਤ ਜੰਗ ਵਿਚਲੀ ਇਕ ਹੋਰ ਵੀ ਵੱਧ ਅਜੀਬ ਭਾਣੇ ਦੇ ਦਰਸ਼ਨ ਕਰ ਲਉ:--

**ਹਜਾਰ ਹੂਰ ਅੰਬਰੰ ॥ ਬਿਰੁੱਧ ਕੈ ਸ੍ਰਯੰਬਰੰ ॥ ਕਰੂਰ ਭਾਂਤ ਡੋਲਹੀ ॥ ਸੁ ਮਾਰ ਮਾਰ ਬੋਲਹੀ ॥ ੧੨ ॥**

**ਅਰਥ**:--ਹਜ਼ਾਰਾਂ ਹੂਰਾਂ (ਪਰੀਆਂ) ਆਕਾਸ਼ ਵਿਚ ਫਿਰਦੀਆਂ ਹਨ । ਜਿਸ ਸੂਰਮੇਂ ਨੂੰ ਅੱਗੇ ਹੋ ਕੇ ਮਰਦਾ ਵੇਖਦੀਆਂ ਹਨ, ਝੱਟ) ਅੱਗੇ ਹੋ ਕੇ ਉਸ ਨੂੰ ਆਪ ਵਰ ਲੈਂਦੀਆਂ ਹਨ । (ਰਣਭੂਮੀ ਵਿਚ ਸੂਰਮੇ) ਡਰੌਣੇ ਢੰਗ ਨਾਲ ਫਿਰਦੇ ਹਨ ਅਤੇ ਮਾਰੋ ਮਾਰ ਹੀ ਬੋਲਦੇ ਹਨ । ੧੨ ।

ਹੂਰਾਂ ਵਰ ਸਕਣ ਦਾ ਫੋਕਾ ਲਾਲਚ ਦੇ ਕੇ, ਜੰਗ ਵਿਚ ਸ਼ਹੀਦੀ ਪ੍ਰਾਪਤ ਕਰਨ ਦਾ '**ਚਾਉ**' (ਧਰਮ ਯੁੱਧ ਕਾ ਚਾਉ)' ਭਰਨ ਵਾਲਾ ਇਹ ਅਨੋਖਾ ਢੰਗ ਦਸ਼ਮੇਸ਼ ਜੀ ਕਦੇ ਨਹੀਂ ਸਨ ਵਰਤ ਸਕਦੇ। ਅਜੇਹੀ ਹੌਲੇ ਵਿਚਾਰਾਂ ਨਾਲ ਭਰੀ ਲਿਖਤ, ਦਸ਼ਮੇਸ਼ ਜੀ ਦੇ ਪਾਵਨ ਸਰੂਪ ਨਾਲ ਜੋੜਨੀ ਕਦੇ ਵੀ ਸੁਹਿਰਦਤਾ ਨਹੀਂ ਹੋ ਸਕਦੀ। ਅੱਗੇ ਕੇਵਲ ਅੰਤਲੇ ਛੰਦ ਵਿਚ ਪਹਿਲਾਂ ਤੋ ਘੜੀ ਯੋਜਨਾ ਅਨੁਸਾਰ, ਲਵੀਆਂ ਅਤੇ ਕੁਸ਼ੀਆਂ ਵਿਚ ਛਿੜੀ ਜੰਗ ਦੀ ਸਮਾਪਤੀ, ਬੜੇ ਬਚਿਤ੍ਰ ਢੰਗ ਨਾਲ ਇਕੋ ਪੰਗਤੀ ਵਿਚ ਕਰਕੇ, ਦੂਜੀ ਪੰਗਤੀ ਵਿਚ ਕੁਸ਼ੀਆਂ ਨੂੰ ਬੇਦੀ ਬਨਾਉਣ ਵਾਲਾ ਸ੍ਰੀ ਗਨੇਸ਼ ਕਰ ਲਿਆ ਅਤੇ ਇਸ ਅਧਿਆਇ ਦਾ ਭੋਗ ਪਾ ਦਿੱਤਾ--

**ਭੁਜੰਗ ਪ੍ਰਯਾਤ ਛੰਤ ॥**

**ਲਵੀ ਸਰਬ ਜੀਤੇ, ਕੁਸ਼ੀ ਸਰਬ ਹਾਰੇ ॥ ਬਚੇ ਜੇ ਬਲੀ ਪ੍ਰਾਨ ਲੈਕੇ ਸਿਧਾਰੇ ॥**
**ਚਤੁਰ ਬੇਦ ਪਠਿਯੰ ਕੀਯੋ ਕਾਸਿ ਬਾਸੰ ॥ ਠਨੇ ਬਰਖ ਕੀਨੇ ਤਹਾਂ ਹੀ ਨਿਵਾਸੰ ॥ ੫੨ ॥**

**ਅਰਥ**:--ਸੋਢੀ ਸਾਰੇ ਜੰਗ ਜਿੱਤ ਗਏ ਅਤੇ ਕਸੂ ਦੀ ਕੁਲ ਸਾਰੇ ਹੀ ਹਾਰ ਗਏ (ਜਿਹੜੇ ਕਸ਼ੂਆਂ ਵਿਚੋਂ) ਜੀਉਂਦੇ ਬਚੇ ਉਹ **ਸੂਰਮੇ** ਆਪਣੀ ਜਾਨਾਂ ਲੈ ਕੇ ਨੱਸ ਗਏ। ਕਾਂਸ਼ੀ ਵਿਚ ਜਾ ਵੱਸੇ ਅਤੇ ਚਾਰੇ ਵੇਦ (ਪਯਨ੍ਹਾਂ ਨੇ) ਪੜ੍ਹ ਲਏ। ਬਹੁਤ ਵਰ੍ਹੇ (ਉਨ੍ਹਾਂ ਨੇ) ਉਥੇ ਹੀ ਵਾਸਾ ਕੀਤਾ । ੫੨ ।

**ਧਿਆਨ ਦੇਣ ਵਾਲੀ ਗੱਲ**--ਲਿਖਾਰੀ ਕਸ਼ੂ ਕੁਲ ਦੇ ਉਨ੍ਹਾਂ ਬੰਦਿਆਂ ਲਈ ਉਚੇਚੇ ਤੌਰ ਤੇ **ਬਲੀ** ਭਾਵ **ਸੂਰਮਾ** ਪਦ ਵਰਤ ਰਿਹਾ ਹੈ ਜਿਹੜੇ ਭਕਦੇ ਜੰਗ ਵਿਚੋਂ ਪਿੱਠ ਵਿਖਾ ਕੇ ਜਾਨ ਬਚਾ ਕੇ ਦੌੜ ਗਏ ਸਨ। ਅਤੇ ਅਗੇ ਜਾ ਕੇ ਇਨ੍ਹਾਂ ਕਥਿਤ ਗੀਦੀਆਂ ਵਿਚੋਂ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਜਨਮ ਦਰਸਾਉਣਾ ਹੈ । ਇਹ ਗੱਲ ਵੀ ਭੁਲਣ ਵਾਲੀ ਨਹੀਂ ਹੈ ਕਿ, ਹਿੰਦੂਆਂ ਦੇ ਕਿਸੇ ਵੀ ਪੁਰਾਤਨ ਗ੍ਰੰਥ ਵਿਚ ਅਜੇਹੀ ਕਥਾ ਕਿਸੇ ਥਾਂ ਲਿਖੀ ਨਹੀਂ ਮਿਲਦੀ। ਦਸਮ ਗ੍ਰੰਥ ਜੀ ਨੂੰ ਪੁਰਤਨ ਗ੍ਰੰਥਾਂ ਦਾ ਅਨੁਵਾਦ ਕਹਿਣਾ, ਕੋਰਾ ਝੂਠ ਹੈ, ਪੰਥ ਨੂੰ ਔਝੜੇ ਪਾਉਣ ਵਾਲੀ ਕੁਟਲਤਾ ਹੈ।

**ਇਤ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਲਵੀ ਕੁਸ਼ੀ ਜੁੱਧ ਬਰਨਨੰ ਨਾਮ**
**ਤ੍ਰਿਤੀਆ ਧਿਆਉ ਸਮਾਪਤ ਮਸਤ ਸੁਭ ਮਸਤ ॥ ੩ ॥ ਅਫਜੂ ॥ ੧੮੯ ॥**

੧੧

## ਚੌਥਾ ਅਧਿਆਇ

### ਕੁਸ਼ੀ ਵੀ ਰਘੁਬੰਸੀਆਂ ਤੋਂ ਬੇਦੀ ਬਣ ਗਏ

**ਭੁਜੰਗ ਪ੍ਰਯਾਤ ਛੰਤ**

**ਜਿਨੈ ਬੇਦ ਪਠਿਓ ਸੁ ਬੇਦੀ ਕਹਾਏ ॥ ਤਿਨੈ ਧਰਮ ਕੇ ਕਰਮ ਨੀਕੇ ਚਲਾਏ ॥**
**ਪਠੇ ਕਾਗਦੰ ਮਦ੍ਰ ਰਾਜਾ ਸੁਧਾਰੰ ॥ ਅਪੋ ਆਪ ਮੈ ਬੈਰ ਭਾਵੰ ਬਿਸਾਰੰ ॥ ੧ ॥**

ਲਵੀ ਪਹਲਾਂ ਹੀ **ਸੋਢੀ** ਬਣ ਚੁੱਕੇ ਸਨ। ਕੁਸੀ ਡਰਦੇ ਮਾਰੇ ਨੱਸ ਕੇ ਕਾਂਸ਼ੀ ਵਿਚ ਜਾ ਵੜੇ * ਅਤੇ ਓਥੇ **ਵੇਦ ਪਾਠੀ** ਬਣ ਕੇ **ਬੇਦੀ** ਅਖਵਾਉਣ ਲੱਗ ਪਏ । ਸ੍ਰੀ ਰਾਮ ਦੀ ਜੱਦ ਵਿਚੋਂ ਹੀ ਹੁਣ **ਬੇਦੀ ਵੀ ਬਣ ਗਏ।*** {**Foot note:**-ਇਹ ਗੱਲ ਵੀ ਬੜੀ ਭੇਤ ਭਰੀ ਹੈ ਕਿ ਗੁਰਮਤਿ ਸਿਧਾਂਤ ਵਿਚ ਬਿੱਪ੍ਰਨ ਕੀ ਰੀਤ ਵਾੜੀ ਜਾਣ ਲਈ ਨਿਰਮਲਾ ਪੰਥ ਚਲਾਉਂਣ ਵਾਲੇ ਪੰਜ ਸਿੰਘ ਵੀ ਕਥਿਤ ਤੌਰ ਤੇ ਦਸ਼ਮੇਸ਼ ਜੀ ਨੇ ਕਾਂਸ਼ੀ ਹੀ ਭੇਜੇ ਸਨ ?}

**ਬਚਿੱਤ੍ਰ ਨਾਟਕ ਦੀ ਕਿੱਡੀ ਬਚਿਤ੍ਰ ਲੀਲ੍ਹਾ ਹੈ** ਕਿ ਜਿਹੜੇ ਲੋਕ ਵੇਦਾਂ ਦੇ ਪ੍ਰਗਟ ਹੋਣ ਦੇ ਸਮੇਂ ਤੋਂ ਹੀ ਵੇਦਾਂ ਦਾ ਪਾਠ ਕਰਦੇ ਰਹੇ, ਜਿਹੜੇ ਲੋਕ ਦੂਜਿਆਂ ਨੂੰ ਵੀ ਵੇਦ ਬਾਣੀ ਪੜ੍ਹਉਂਦੇ ਰਹੇ, ਜਿਨ੍ਹਾਂ ਲੋਕਾਂ ਨੇ ਕੁਸ਼ੀਆਂ ਨੂੰ ਵੇਦ ਪਾਠੀ ਬਣਾਇਆ ਸੀ, ਉਹ ਤਾਂ **ਬ੍ਰਾਹਮਣ** ਤੋਂ **ਬੇਦੀ** ਨਾ ਬਣੇ, ਪਰ ਜਿਹੜੇ ਰਾਜ ਭਾਗ ਖੁਹਾ ਕੇ ਸਿਰ-ਲੁਕਾਈ ਦੇ ਸਮੇਂ ਵਿਚ ਅਥਵਾ ਆਪਣੇ " ਦੇਸ਼ ਨਿਕਾਲੇ " ਦੇ ਸਮੇ ਵਿਚ ਸ਼ੁਗਲ ਨਾਲ ਹੀ ਵੇਦਾਂ ਦਾ ਪਾਠ ਸਿਖਦੇ ਰਹੇ **ਉਹ " ਰਘੂਬੰਸੀਆਂ "** ਤੋਂ ਝੱਟ **ਬੇਦੀ** ਬਣ ਗਏ । ਇਸ ਤੋਂ ਵੀ ਵੱਧ ਹੈਰਾਨੀ ਵਾਲੀ ਉਹ ਕਥਿਤ ਘਟਣਾ ਹੈ ਕਿ, ਜੇਹੜੇ ਪੰਜ ਸਿੱਖ ਦਸ਼ਮੇਸ਼ ਜੀ ਨੇ ਵੇਦ ਪੜ੍ਹਨ ਲਈ ਕਾਂਸ਼ੀ ਭੇਜੇ ਸਨ ਉਹ ਵੇਦ ਪੜ੍ਹ ਕੇ ਵਦੀ ਬਣਨ ਦੀ ਥਾਂ ਸਗੋਂ **ਨਿਰਮਲੇ** ਬਣ ਗਏ ਸਨ। ਕਿਡੀ ਵਚਿੱਤ੍ਰ ਤਬਦੀਲੀ ਵਾਪਰਦੀ ਆ ਰਹੀ ਹੈ ਕਿ, ਸਿੱਖ ਧਰਮ ਦੀ ਗੁਰਿਆਈ ਸਾਂਭਣ ਦੀ ਤਿਆਰੀ ਲਈ ਤਾਂ ਵੇਦ ਪੜ੍ਹਨ ਵਾਲੇ ਰਘੂਵੰਸ਼ੀਆਂ ਤੋਂ ਬੇਦੀ ਬਣ ਗਏ, ਅਤੇ ਜਿਨ੍ਹਾਂ ਨੇ ਧਰਮਸਾਲਾਂ ਦੇ ਸੰਚਾਲਕ ਬਣ ਕੇ ਸਿੱਖ ਪੰਥ ਨੂੰ ਬਿੱਪ੍ਰਨ ਕੀ ਰੀਤ ਦਾ ਧਾਰਨੀ ਬਣਾ ਪੰਥ ਦੇ ਨਿਆਰੇ ਆਚਰਨ ਦਾ ਭੋਗ ਪਾਉਣ ਦਾ ਕਿੱਤਾ ਸਾਂਭਣਾ ਸੀ, ਉਹ ਕਾਂਸ਼ੀ ਤੋਂ ਹੀ ਵੇਦਾਂ ਦੇ ਗਿਆਤਾ ਬਣ ਜਾਣ ਉਪ੍ਰੰਤ **ਬੇਦੀ** ਬਣਨ ਦੇ ਥਾਂ ਚਿੱਟ ਕੱਪੜੀਏ **ਨਿਰਮਲੇ** ਸਾਧ ਬਣ ਗਏ ?

**ਪ੍ਰਤੱਖ ਬੇਦਲੀਲਾ ਘਪਲਾ ?**--

ਕਿਸੇ ਅਜੇਹੇ ਮਨੁੱਖ ਦਾ ਨਾਮ ਲੱਭਣਾ ਏਡਾ ਸੌਖਾ ਨਹੀਂ ਹੁੰਦਾ, ਜਿਸ ਨੇ ਅਕਾਰਨ ਹੀ ਆਪਣਾ ਖ਼ਾਨਦਾਨੀ ਨਾਮ ਬਦਲ ਲਿਆ ਹੋਵੇ। ਪਿਤਾ ਪੁਰਖੀ ਚਲੇ ਆਉਂਦੇ ਗੋਤ ਨੂੰ ਹੋਛੀ ਮਤ ਵਾਲੇ ਅਜੇਹੇ ਲੋਕ ਤਾਂ ਭਾਵੇਂ ਬਦਲ ਲੈਂਦੇ ਹੋਣ, ਜਿਹੜੇ ਆਪਣੇ ਵੰਸ਼ ਨੂੰ ਕਿਸੇ ਗੱਲੋ ਹੀਣਾ ਮੰਨਦੇ ਹੋਣ ਅਤੇ ਬੜੀ ਉੱਘੀ ਹਸਤੀ ਦੇ ਕਾਰਨ ਮਸ਼ਹੂਰ ਹੋ ਚੁੱਕੇ, ਅਥਵਾ ਪੂਜਨੀਕ ਬਣ ਚੁੱਕੇ ਗੋਤ ਵਿਚ ਜਾ ਵੜਨਾ ਚਾਹੁੰਣ? ਉਂਜ ਸਹਿਜੇ ਕੀਤੇ ਕੋਈ ਵੀ ਆਪਣੇ ਖ਼ਾਨਦਾਨ ਦਾ ਜੱਦੀ ਨਾ ਨਹੀਂ ਬਦਲਦਾ। ਏਧਰ ਬਚਿਤ੍ਰ ਨਾਟਕ ਉਲਟੀ ਬੋਲੀ ਬੋਲ ਰਿਹਾ ਹੈ। ਪੁਰਾਣਾ ਵਿਚਲੀਆਂ ਗਾਥਾਵਾਂ ਅਨੁਸਾਰ, **ਜਿਸ ਰਘੁ-ਵੰਸ਼** ਵਿਚ ਮਹਾਰਾਜਾ ਹਰੀਸ਼ ਚੰਦ ਜਿਹਾ ਮਹਾਂ ਤਿਆਗੀ, " ਗੰਗਾ-ਮੱਯਾ ' ਨੂੰ ਆਕਾਸ਼ ਤੋ ਧਰਤੀ ਤੇ ਲਿਆਉਣ ਵਾਲਾ ਮਹਾਰਾਜਾ ਭਗੀਰਥ, ਮਹਾਨ ਤੇਜਸਵੀ ਅਤੇ ਤ੍ਰੈਲੋਕੀ ਦਾ ਵਿਜੈਤਾ ਮਹਾਰਾਜਾ ਮਾਨ੍ਹਧਾਤਾ, ਦਲੀਪ ਆਦਿ ਕੁਰਬਾਨੀ ਦੇ ਪੁਤਲੇ ਮਹਾਨ ਤਿਆਗੀ ਸੂਰਮੇ ਪ੍ਰਭੂ-ਭਗਤ-ਰਾਜੇ ਹੋਏ ਸਨ। ਫਿਰ ਵਡੇ ਪ੍ਰਾਕਰਮੀ ਮਹਾਰਾਜਿਆਂ ਦੇ ਜਿਸ ਰਘੁਵੰਸ ਵਿਚ **ਰਾਮ-ਰੱਬ** ਜੀ ਨੇ ਜਨਮ ਲੈਣ ਵਿਚ ਆਪਣੇ ਆਪ ਨੂੰ ਵਡਭਾਗਾ ਸਮਝਿਆ ਸੀ, ਉਸ ਪਾਵਨ ਪਵਿਤ੍ਰ ਹੋ ਚੁੱਕੇ ਗੋਤ ਨੂੰ ਤਿਆਗ ਕੇ **ਸੋਢੀ-ਰਾਇ** ਦੇ ਨਾਮ ਤੇ ਰਘੁਵੰਸ਼ੀਆਂ ਤੋਂ **ਸੋਢੀ** ਬਣਾ ਦੇਣ ਵਿਚ ਲਿਖਾਰੀ ਦਾ ਖ਼ਾਸ ਅਤੇ ਕੋਈ ਕੁਟਲ ਮੰਤਵ ਲੁਕਿਆ ਹੋਣ ਦਾ ਗੰਭੀਰ ਸ਼ੱਕ ਪੈਦਾ ਹੋ ਜਾਣਾ ਕੁਦਰਤੀ ਗੱਲ ਹੈ। ਕਿੱਡੀ ਵਚਿੱਤ੍ਰ ਖੇਡ ਹੈ ਕਿ ਖ਼ਾਲਸ ਪੰਥ ਦੇ ਆਪਣੇ ਵਿਦਵਾਨ ਅਜੇਹੇ **ਪਤਰੱਖ ਬੇਦਲੀਲੇ ਘਪਲੇ ਵਲੋਂ**, ਜਾਣ ਬੁੱਝ ਕੇ ਅਖੀਆਂ ਬੰਦ ਕਰੀ ਰੱਖਣ ਵਿਚ ਪੰਥਕ ਸੇਵਾ ਮੰਨੀ ਬੈਠੇ ਹਨ।

ਬਿਚਿਤ੍ਰ ਨਾਟਕ ਦੀ ਗਾਥਾ ਤੋਂ ਏਹੀ ਸਮਝ ਪੈ ਰਹੀ ਹੈ, ਕਿ, ਲਵੀਆਂ ਤੇ ਕੁਸ਼ੀਆਂ ਦੀ ਜੰਗ ਤ੍ਰੇਤੇ ਜੁਗ ਵਿਚ ਹੀ ਹੋਈ ਸੀ। ਦੁਆਪਰ ਜੁੱਗ ਦਾ ਕਿਤੇ ਇਸ਼ਾਰਾ ਤੱਕ ਨਹੀਂ ਮਿਲਦਾ। ਭਾਵ, **ਸ੍ਰੀ ਕ੍ਰਿਸ਼ਨ ਜੀ ਦੇ ਅਵਤਾਰੀ ਹੋਣ** ਦਾ ਅਤੇ ਮਹਾਂਭਾਰਤ ਦੀ ਏਡੀ ਵਡੀ ਜੰਗ ਦਾ ਕਿਤੇ ਇਸ਼ਾਰਾ ਤੱਕ ਨਹੀਂ ਹੈ। ਬਿੱਪ੍ਰ ਜੀ ਦੇ ਤ੍ਰੇਤੇ ਜੁਗ ਦੇ ਲੋਕਾਂ ਵਿਚ ਹੀ **ਸੋਢੀ** ਜਾਂ **ਬੇਦੀ** ਵੰਸ਼ਾਂ ਦੀ ਕੋਈ ਉਚੇਚੀ ਜਾਣ ਪਛਾਣ ਸੀ ਅਤੇ ਨਾ ਹੀ ਇਨ੍ਹਾਂ ਗੋਤਾਂ ਦਾ ਜ਼ਿਕਰ ਪੁਰਾਣਕ ਗ੍ਰੰਥਾਂ ਵਿਚ ਕਿਤੇ ਆਇਆ ਸੀ। ਹੈਰਾਨੀ ਹੈ ਕਿ, ਲਵੀਆਂ ਅਤੇ ਕੁਸ਼ੀਆਂ ਨੂੰ ਕਲਜੁਗ ਦੇ ਅਰੰਭ ਹੋਣ ਤੋਂ ਲੱਖਾਂ ਵਰ੍ਹੇ ਪਹਿਲਾਂ ਹੀ ਕੀ ਸੁੱਝੀ ਜੋ **ਈਸ਼ਵਰੀ ਰਘੁ-ਵੰਸ਼ ਨੂੰ ਛੱਡ ਕੇ ਉਚੇਚੇ ਤੌਰ ਤੇ ਸੋਢੀ ਅਤੇ ਫਿਰ ਬੇਦੀ ਬਣ ਬੈਠੇ?** ਫਿਰ **ਸੋਢਰਾਏ** ਤੋਂ ਜੇ ਸੋਢੀ ਬਣਨਾ ਹੀ ਸੀ ਤਾਂ ਈਸ਼ਵਰ ਦੇ ਅਵਤਾਰ " **ਰਾਮ ਚੰਦ੍ਰ ਜੀ** ' ਦੇ ਨਾਮ ਤੋਂ ' **ਰਾਮੀਏ** ', ਜਾਂ **ਕਥਿਤਤੌਰ ਰਾਮ ਜੀ ਦੇ ਅਨਿਨ ਭਗਤ ਹਨੂੰਮਾਨ** ਤੋਂ **ਹਨੂੰਮਾਨੀਏ** ਬਣ ਜਾਣ ਦੀ ਗੱਲ ਕਿਉਂ ਨਾ ਸੁੱਝੀ? ਲਖਾਂ ਸਾਲ ਮਗਰੋਂ ਬੇਦੀ ਕੁਲ ਵਿਚ ਜਨਮੇ ਗੁਰੂ ਨਾਨਕ ਸਾਹਿਬ ਜੀ ਅਥਵਾ ਸੋਢੀ ਕੁਲ ਵਿਚ ਆਉਣ ਵਾਲੇ ਦਸ਼ਮੇਸ਼ ਜੀ ਤਾਂ, ਆਪਣੇ ਭਰਾਵਾਂ ਵਿਚ ਫੁੱਟ ਅਤੇ ਦੁਜੈਗੀ ਦਾ ਅਨੁਭਵ ਕਰ ਦੇਣ ਵਾਲੀ ਇਸ ਜ਼ਾਤ ਪਾਤ ਵਾਲੀ ਵਰਣ ਵੰਡ ਆਦਿ ਦੇ ਉਂਜ ਹੀ ਵਿਰੋਧੀ ਸਨ। ਸਪੱਸ਼ਟ ਗੱਲ ਏਹੀ ਹੈ ਕਿ ਇਸ ਬਿਚਿਤ੍ਰ ਨਾਟਕ ਗ੍ਰੰਥ ਦੇ ਲਿਖਾਰੀ ਜੀ, ਝੂਠੇ ਅਤੇ ਬੇਦਲੀਲੇ ਘਪਲੇ ਕੇਵਲ ਸਿੱਖੀ ਨੂੰ ਹਿੰਦੂ ਧਰਮ ਵਿਚ ਪੂਰੀ ਤਰ੍ਹਾਂ ਜਜ਼ਬ ਕਰ ਲੈਣ ਦੀ ਯੋਜਨਾਂ ਅਧੀਨ ਮਾਰੀ ਜਾ ਰਹੇ ਸਨ। ਅਕਾਲ ਉਸਤਤਿ ਵਿਚ--**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ** --ਫੁਰਮਾਉਣ ਵਾਲੇ ਕਲਗੀਧਰ ਜੀ ਏਥੇ ਰੁਘੁਬੰਸੀਆਂ ਤੋਂ ਸੋਢੀ ਬੇਦੀ ਬਣ ਜਾਣ ਵਾਲੀ ਆਪਣੀ ਜੀਵਨ ਗਾਥਾ ਕਿਵੇਂ ਲਿਖ ਸਕਦੇ ਸਨ? ਖ਼ਾਲਸਾ ਪੰਥ ਵਿਚ ਜ਼ਾਤ ਗੋਤ ਆਦਿ ਵਾਲਾ ਗੁਰਮਤਿ ਵਿਰੋਧੀ ਭਰਮ ਪਾਉਣ ਦਾ ਦੋਸ਼ ਸ੍ਰੀ ਦਸ਼ਮੇਸ਼ ਜੀ ਦੇ ਮੱਥੇ ਮੜ੍ਹਨ ਵਾਲੇ, ਸਤਿਗੁਰਾਂ ਦੇ ਸਿੱਖ ਅਤੇ ਪੰਥ ਦੇ ਹਿਤੈਸ਼ੀ ਕਿਸ ਦਲੀਲ ਨਾਲ ਮੰਨੇ ਜਾ ਸਕਦੇ ਹਨ ?

੧੨

## ਤ੍ਰੇਤਾ ਜੁਗ ਵਿਚ ਹੀ ਗੁਰੂ ਨਾਨਕ ਜੀ ਦੇ ਅਵਤਰੀ ਹੋਣ ਦੀ ਭਵਿਖ ਬਾਣੀ ?

ਉਪਰੋਕਤ ੫੨ਵੀ ਚੌਪਈ ਅਨੁਸਾਰ--**ਲਵੀ-ਸੋਢੀਆਂ** ਨੇ ਆਪਣੇ ਖਾਨਦਾਨੀ ਭਰਾਵਾਂ, **ਕੁਸ਼ੀ ਬੇਦੀਆਂ** ਵੱਲ ਸੁਨੇਹਾ ਭੇਜਿਆ ਕਿ ਆਉ ! ਵੈਰ ਭਾਵਣਾ ਮੁਕਾ ਕੇ ਮੁੜ ਜੁੜ ਬੈਠੀਏ, ਤਾਂ--

**ਨ੍ਰਿਪੰ ਮੁਕਲਿਅੰ ਦੂਤ ਸੋ ਕਾਸਿ ਆਯੰ ॥ ਸਬੈ ਬੇਦਿਯੰ ਭੇਦ ਭਾਖੇ ਸੁਨਾਯੰ ॥**
**ਸਬੈ ਬੇਦ ਪਾਠੀ ਚਲੇ ਮੱਦ੍ਰ ਦੇਸੰ ॥ ਪ੍ਰਣਾਮੰ ਕੀਯੋ ਆਨਕੈ ਕੈ ਨਰੇਸੰ ॥ ੨ ॥**

**ਅਰਥः**--(ਲਵੀ-) ਰਾਜੇ ਦਾ ਭਜਿਆ ਮੁਕਲਿਯੰ ਨਾਮੀ ਦੂਜਾ ਕਾਂਸ਼ੀ ਜਾ ਪੁੱਜਾ ਅਤੇ ਸਾਰੇ (ਰਘੁਵੰਸੀ)-ਬੇਦੀਆਂ ਨੂੰ (ਭੇਦ) ਸਮਾਚਾਰ ਪੜ੍ਹ ਸੁਣਾਇਆ। ਸੁਣਦਿਆਂ ਹੀ ਸਾਰੇ ਵੇਦ ਪਾਠੀ (ਮਦ੍ਰ ਦੇਸੰ) ਪੰਜਾਬ ਦੇਸ **(?)** ਨੂੰ ਤੁਰ ਪਏ। (ਰਾਜਧਾਨੀ ਵਿਚ ਆਣ ਕੇ ਰਾਜੇ ਨੂੰ ਸਭਨਾ ਨੇ ਪ੍ਰਨਾਮ ਕੀਤਾ ।੨।

ਬੇਦੀਆਂ ਦੇ ਆ ਜਾਣ ਤੇ ਸੋਢੀ ਰਾਜੇ ਨੇ ਬੇਦੀ ਭਰਾਵਾਂ ਕੋਲੋ ਬੇਦ ਸੁਣੇ । (ਜਿਨ੍ਹਾਂ ਬੇਦਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖਤਾ ਲਈ ਕਾਗ਼ਜ਼ਾਂ ਤੇ ਲਿਖੇ ਕਰਮਕਾਂਡ ਦੇ ਕੈਦ-ਖਾਨੇ ਫ਼ੁਰਮਾਨ ਕੀਤਾ ਹੈ--**ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ॥** ੧੩੭ ॥ [੧੩੭੧] ਅਤੇ ਫਿਰ ਵੇਦਾਂ ਦੇ ਅਧਾਰ ਤੇ ਲਿਖੀਆਂ ਸਿਮ੍ਰਿਤੀਆਂ ਨੂੰ ਕਰਮ-ਕਾਂਡ ਵਿਚ ਨੂੜੇ ਰਖਣ ਵਾਲੇ ਸਾਂਕਲ, ਭਾਵ, ਸੰਗਲ ਅਤੇ ਜੇਵਰੀ ਲੈ ਕੇ ਆਈਆਂ ਲਿਖਿਆ ਹੈ--**ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥ ੧ ॥**[੩੨੯ ] ਇਹ ਵੀ ਲਿਖਿਆ ਹੈ ਕਿ--**ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥ ੧੦੪ ॥** [੧੩੭੦] ਅਤੇ-- **ਅਰਝਿ ਉਰਝਿ ਕੈ ਪਚਿ ਮੂਆ, ਚਾਰਉ ਬੇਦਹੁ ਮਾਹਿ ॥ ੨੩੭ ॥**[੧੩੭੭ ] ਅਤੇ ਪੰਚਮ ਪਾਤਿਸ਼ਾਹ ਜੀ ਦਾ ਫ਼ੁਰਮਾਨ--**ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥**[੭੪੭] ਬਹੁਤੇ ਲੋਕਾਂ ਵਿਚ ਵੇਦ-ਬਾਣੀ ਦਾ ਢੋਲ ਵਜ ਰਿਹਾ ਵੇਖ ਕੇ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ--**ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ ॥ ਨਾਨਕ ਨਾਮੁ ਸਮਾਲਿ ਤੂ ਬੀਜਉ ਅਵਰੁ ਨ ਕੋਇ ॥ ੨ ॥**[੧੦੯੧] ਵੇਦਾਂ ਦੇ ਕਥਿਤ ਲਿਖਾਰੀ ਅਥਵਾ ਵੇਦਾਂ ਦਾ ਮਾਲਕ, ਸਦਾ ਦਾ ਵੇਦ ਪਾਠੀ ਅਤੇ

ਵੇਦ-ਗਿਆਤਾ " ਬ੍ਰਾਹਮਾਂ ਜੀ " ਨੇ **ਬੇਦੀ** ਤਾਂ ਕੀ ਬਣਨਾ ਸੀ, ਸਗੋਂ ਕਦੇ ਨਰਕ ਵਿਚ ਅਤੇ ਕਦੇ ਸੁਰਗ ਵਿਚ ਪੈਣ ਦੇ ਮੂਲ, ' ਜਨਮ ਮਰਨ ' ਦੇ ਗੇੜ ਵਿਚ ਪੈ ਗਿਆ:--

੧੫- **ਚਾਰੇ ਵੇਦ ਬ੍ਰਹਮੇ ਕਉ ਦੀਏ, ਪੜਿ ਪੜਿ ਕਰੇ ਵੀਚਾਰੀ ॥**

**ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥ ੬ ॥**[੪੨੩]-੧-੨੩

ਜਿਨ੍ਹਾਂ ਵੇਦਾਂ ਦੀ ਸਮੁਚੀ ਬਾਣੀ ਨੂੰ ਸਤਿਗੁਰਾਂ ਨੇ ਕਿਤੇ ਵੀ ਨਹੀਂ ਸਲਾਹਿਆ, ਸਗੋਂ ਵੇਦਾਂ ਆਦਿ ਬਾਰੇ ਗੁਰਬਾਣੀ ਵਿਚ ਨਾਪਸੰਦੀ ਵਾਲੇ ਵਿਚਾਰ ਬੜੇ ਸਪੱਸ਼ਟ ਸ਼ਬਦਾਂ ਵਿਚ ਕਈ ਥਾਂਈ ਲਿਖੇ ਹਨ, ਉਨ੍ਹਾਂ ਵੇਦਾਂ ਬਾਰੇ ਬਿਚਿਤ੍ਰ ਲੀਲ੍ਹਾ ਵਾਲੇ ਇਸ ਬਚਿਤ੍ਰ ਨਾਟਕ ਵਿਚ ਇਉਂ ਲਿਖਿਆ ਹੈ:--

ਬੇਦੀਆਂ ਨੇ ਪਹਿਲਾਂ **ਸ਼ਾਮ ਵੇਦ** ਪੜ੍ਹਿਆ, ਫਿਰ **ਯਜੁਰ ਵੇਦ** ਦੀ ਕਥਾ ਕੀਤੀ, ਫਿਰ **ਰਿਗ ਵੇਦ** ਦਾ ਪਾਠ ਕੀਤਾ ਪਰ--

**ਧੁਨੰ ਬੇਦ ਕੀ ਭੂਪ ਤਾਂਤੇ ਕਰਾਈ ॥ ਸਬੈ ਪਾਸ ਬੈਠੇ ਸਭਾ ਬੀਚ ਭਾਈ ॥** ੧=ਹਥਾਂ ਦੇ ਇਸ਼ਾਰਿਆਂ ਨਾਲ **ਅਰਥ ਸਮਝਾਏ।**

**ਪੜ੍ਹੇ ਸਾਮਬੇਦੰ ਜੁਜਰ ਬੇਦ ਕੱਥੰ ॥ ਰਿਗੰਬੇਦ ਪਠਿਯੰ ਕਰੇ ਭਾਵ ਹੱਥੰ**[੧] **॥ ੩ ॥**

ਜਦੋਂ **ਅਥਰਬਨ ਵੇਦ** ਵਾਚਿਆ ਤਾਂ ਸੋਢੀ ਰਾਜੇ ਦੇ ਮਨ ਵਿਚੋਂ ਵੈਰ-ਰੂਪ ਪਾਪ, ਦੂਰ ਹੋ ਗਿਆ। ਅਤੇ ਉਸ ਨੇ ਸਾਰਾ ਰਾਜ-ਭਾਗ ਬੇਦ ਪਾਠੀ ਕੁਸ਼ੀ ਨੂੰ **ਭੇਟਾ** ਕਰ ਦਿੱਤਾ --

**" ਅਥਰੁ ਬੇਦ ਪੱਠਿਯੰ ॥ ਸੁਣੋ ਪਾਪ ਨੱਠਿਯੰ ॥ ਹਰਾ ਰੀਝ ਰਾਜਾ ॥ ਦੀਆ ਸਰਬ ਸਾਜਾ ' ॥ ੪ ॥**

**ਅਰਥ**:--[ਜਦ ਉਨ੍ਹਾਂ ਨੇ] ਅਥਰਬਨ ਵੇਦ ਵਾਚਿਆ [ਤੇ ਰਾਜੇ ਨੇ] ਸੁਣਿਆਂ [**ਤਾਂ ਉਸ ਦੇ ਮਨੋਂ ਵੈਰ ਭਾਵਣਾ ਰੂਪ**] ਪਾਪ ਨਿਕਲ ਗਿਆ । ਰਾਜਾ [ਰੀਝ] ਪ੍ਰਸੰਨ ਹੋ ਰਿਹਾ ਅਤੇ [ਉਸ ਨੇ ਰਾਜ ਦਾ '] ਸਾਰਾ ਸਮਾਨ [ਭੇਟਾ ਵਜੋਂ] ਦੇ ਦਿੱਤਾ। ੪ ।

ਗੁਰੂ ਗ੍ਰੰਥ ਸਾਹਿਬ ਜੀ ਦੇ ਅਨੇਕਾਂ ਵਿਧੀਆਂ ਨਾਲ ਅਨੇਕਾਂ ਪਾਠ ਕੀਤੇ ਅਤੇ ਸੁਣੇ ਜਾ ਰਹੇ ਹਨ ਪਰ, ਕੀ, ਪੰਥ ਵਿਚੋਂ ਵੈਰ ਭਾਵਣਾ ਦਾ ਅੰਤ ਹੋ ਗਿਆ ਹੈ? ਕੋਈ ਸਾਧ ਸੰਤ ਜਾਂ ਕੋਈ ਵਡੇ ਤੋਂ ਵਡਾ ਵਿਦਵਾਨ ਪਰਚਾਰਕ ਕਿਸੇ ਨੂੰ ਪ੍ਰਤੱਖ ਰੂਪ ਵਿਚ ਇਹ ਯਕੀਨ ਕਦੇ ਨਹੀਂ ਕਰਾ ਸਕਿਆ ਕਿ ਕੇਵਲ ਗੁਰਬਾਣੀ ਦਾ ਪਾਠ ਸੁਣਨ ਮਾਤ੍ਰ ਨਾਲ ਕਿਸੇ ਦੇ ਪਾਪ ਨਾਸ ਹੋ ਸਕੇ ਹੋਣ ਅਤੇ ਉਹ ਪਾਪੀ ਤੋਂ ਧਰਮੀ ਬਣ ਗਿਆ ਹੋਵੇ? ਸਗੋਂ ਨਿਰੇ ਗਾਉਣ ਜਾਂ ਨਿਰੇ ਸੁਣਨ ਮਾਤ੍ਰ ਨੂੰ ਸਤਿਗੁਰਾਂ ਨੇ ਨਿਸਫਲ ਕਈ ਥਾਂਈ ਫੁਰਮਾਨ ਕੀਤਾ ਹੈ-ਉਦਾਹਰਣ ਵਜੋਂ ਜਿਵੇਂ--**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ ੧ ॥**[੬੬੯] ਦਸ਼ਮੇਸ਼ ਜੀ ਦੇ ਨਾਮ ਨਾਲ ਜੁੜੀ ਬਚਿਤ੍ਰ ਨਾਟਕ ਦੀ ਇਹ ਬਚਿਤ੍ਰ ਕਥਾ ਪੜ੍ਹ ਕੇ ਗੁਰਮਤਿ ਤੋਂ ਅਗਿਆਨੀ ਮਨੁੱਖ ਦੀ ਵੇਦਾਂ ਪ੍ਰਤੀ ਅਥਾਹ ਸ਼ਰਧਾ ਬਣ ਸਕਦੀ ਹੈ।

## ਬੜੀ ਦੁਖਦਾਈ ਊਣਤਾਈ

ਲਿਖਾਰੀ ਨੂੰ ਇਹ ਗੱਲ ਵੀ ਕੌਣ ਕਹੇ, ਕਿ ਹੇ ਲਿਖਾਰੀ ਜੀਓ ! ਤੁਸੀਂ ਉੱਤੇ (**ਇਸ ਤੀਜੇ ਧਿਆਇ ਦੀ ਪਹਿਲੀ ਚੌਪਈ ਵਿਚ**) ਤਾਂ ਇਹ ਲਿਖ ਆਏ ਹੋ ਕਿ ਸੋਢੀਆਂ ਨੇ ਵੈਰ ਮੁਕਾ ਕੇ ਹੀ ਬੇਦੀਆਂ ਵਲ ਰੁੱਕਾ ਲਿਖ ਭੇਜਿਆ ਸੀ ਕਿ ਆਉ ਵੈਰ ਭੁਲਾ ਕੇ ਜੁੜ ਬੈਠੀਏ, ਹੁਣ ਏਥੇ ਕੀ, ਵੇਦਾਂ ਦੀ ਝੂਠੀ ਮਹਿਮਾਂ ਦਰਸਾਉਣ ਲਈ ਜਾਣ ਬੁੱਝ ਕੇ ਕਹਿ ਰਹੇ ਹੋ ਕਿ, ਰਾਜੇ ਦੇ ਅੰਦਰ ਦਾ ਵੈਰ-ਰੂਪੀ ਪਾਪ, ਵੇਦ ਬਾਣੀ ਸੁਣਨ ਨਾਲ ਨਸ਼ਟ ਹੋ ਗਏ ਸਨ ? ਕਿਸ ਵੇਲੇ ਕਿਹੜੀ ਕਹੀ ਗੱਲ ਅਟੱਲ ਸਚਾਈ ਮੰਨ ਲਈ ਜਾਏ? ਸਾਧ ਬਚਨ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫੁਰਮਾਨ ਹੈ ਕਿ ਰਾਤ, ਦਿਨ, ਤਾਰੇ, ਸੂਰਜ, ਚੰਦ, ਪਹਾੜ, ਧਰਤੀ, ਪਾਣੀ, ਹਵਾ, ਸਭ ਬਿਨਾਸ ਹੋ ਸਕਦੇ ਹਨ ਪਰ ਸਾਧੂ ਦਾ ਬਚਨ ਸਦੀਵੀ ਅਟੱਲ ਹੁੰਦਾ ਹੈ--

**ਨਿਸਿ ਬਾਸੁਰ ਨਖਿਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥**

**ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥ ੧ ॥** [੧੨੦੪]-੬

ਪਰ ਇਸ ਬਚਿੱਤ੍ਰ ਨਾਟਕ ਵਿਚ ਤਾਂ ਦੈਵੀ ਸ਼ਕਤੀਆਂ ਦੇ ਭੰਡਾਰ, **ਸੱਚੇ ਸਾਧੂ,** ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਦਸਵੇਂ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਬਚਨ ਤਾਂ ਪੈਰ ਪੈਰ ਤੇ ਖਿਸਕਿਆ ਵਿਖਾਇਆ ਜਾ ਰਿਹਾ ਹੈ। ਅਭੁੱਲ ਦਸ਼ਮੇਸ਼ ਜੀ ਦੇ ਨਾਮ ਨਾਲ ਅਜੇਹੀਆਂ ਭੁੱਲਾਂ ਜੋੜਨੀਆਂ ਦਸਮ ਗੁਰੂ ਨਾਨਕ ਸਾਹਿਬ ਜੀ ਦੀ ਘੋਰ ਬੇਅਦਬੀ ਹੈ । ਅਤੇ ਫਿਰ ਥਾਂ ਥਾਂ ਤੇ ਗ੍ਰੰਥ ਵਧਨ ਦਾ ਬੇਦਲੀਲਾ ਅਤੇ ਬੇਲੋੜਾ ਢੁੱਚਰ ਘੜੀ ਰੱਖਣਾ ਸਤਿਗੁਰਾਂ ਦੀ ਅਪਾਰ ਵਿਧਵਤਾ ਅਤੇ ਜਾਣੀਜਾਣਤਾ ਵਾਲੀ ਦੈਵੀ ਸ਼ਕਤੀ ਨਾਲ, ਘਟੀਆ ਕਿਸਮ ਦਾ ਮਖ਼ੌਲ ਹੈ। ਅਜੇਹੀਆਂ ਊਣਤਾਈਆਂ ਸੁਹਿਰਦ ਗੁਰਮੁਖਿ ਗੁਰਸਿੱਖਾਂ ਲਈ ਅਤੀਅੰਤ ਦੁਖਦਾਈ ਹਨ । **ਦਸ਼ਮੇਸ਼ ਜੀ ਤਾਂ ਉਸ ਨੂੰ ਮਨੁੱਖ ਹੀ ਨਹੀਂ ਮੰਨਦੇ ਜਿਸ ਦੇ ਮੂੰਹ ਵਿਚ ਹੋਰ ਅਤੇ ਢਿੱਡ ਵਿਚ ਕੋਈ ਹੋਰ ਗੱਲ ਹੋਵੇ:-**

**ਹਮੂ ਮਰਦ ਬਾਇਅਦ ਸ਼ਵਦ ਸੁਖਨ ਵਾਰ ॥**

**ਨਾ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ॥**

੧੩

## ਗੁਰੂ ਨਾਨਕ ਜੀ ਦੀ ਗੁਰਿਆਈ ਦੀਆਂ ਵੰਡੀਆਂ ?

ਬੇਦੀ ਰਾਜ ਪਾ ਕੇ ਬੜੇ ਖੁਸ਼ ਹੋਏ ਅਤੇ ਸੋਢੀਆਂ ਨੂੰ ਬਰਦਾਨ ਦੇ ਦਿੱਤਾ ਕਿ ਜਦੋਂ ਕਲਿਜੁਗ ਵਿਚ ਅਸੀਂ ਨਾਨਕ ਰੂਪ ਵਿਚ ਆਵਾਂਗੇ ਤਾਂ ਇਹੀ ਰਾਜ ਤੁਹਾਡੇ (ਭਾਵ ਸੋਢੀਆਂ ਦੇ) ਹਵਾਲੇ ਕਰ ਦਿਆਂਗੇ :--

**ਅੜਿਲ ॥ ਬੇਦੀ ਭਏ ਪ੍ਰਸੰਨ ਰਾਜ ਕਹ ਪਾਇਕੈ ॥ ਦੇਤ ਭਯੋ ਬਰਦਾਨ ਹੀਐ ਹੁਲਸਾਇਕੈ ॥**

**ਜਬ ਨਾਨਕ ਕਲਿ ਮੈ ਹਮ ਆਨ ਕਹਾਇ ਹੈਂ ॥ ਹੋ ਜਗਤ ਪੂਜ ਕਰਿ ਤੋਹਿ ਪਰਮਪਦ ਪਾਇ ਹੈਂ॥੭॥**

**ਅਰਥ:**--ਬੇਦੀ ਰਾਜ ਨੂੰ ਪਾ ਕੇ ਖ਼ੁਸ਼ ਹੋ ਗਿਆ। ਹਿਰਦੇ ਵਿਚ [ਹੁਲਸਾਇ ਕੈ] ਖ਼ੁਸ਼ੀ ਨਾਲ ਪ੍ਰਫੁਲੱਤ ਹੋ ਕੇ ਉਸ ਨੇ ਵਰ ਦਾਨ ਦਿੱਤਾ --[ਹੇ ਰਾਜਨ ! ] ਜਦੋਂ ਕਲਜੁਗ ਵਿਚ ਮੈ ਆਣਕੇ [ਗੁਰੂ] ਨਾਨਕ [ਨਾਮ] ਕਹਾਵਾਂਗਾ, ਤਦੋਂ, ਤੈਨੂੰ ਜਗਤ ਦਾ ਪੂਜਯ [ਗੁਰੂ] ਬਨਾਕੇ, ਆਪ ਉਤੱਮ ਪਦ ਪਾਵਾਂਗਾ, ( ਭਾਵ--ਤੈਨੂੰ ਗੁਰੂ ਬਣਾ ਕੇ ਆਪ ਸਚਖੰਡ ਚਲੇ ਜਾਵਾਂਗਾ)।੭।

**ਸ਼ੰਕਿਆਂ ਦਾ ਵੇਰਵਾ:**--

(੧) ਕਲਜੁਗ ਵਿਚ ਆਉਣ ਦੀ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਵਰ ਦਾਨ ਕਿਸੇ ਪਹਿਲੇ ਜੁਗ ਵਿਚ ਦਿੱਤਾ ਗਿਆ ਸੀ। ਸ੍ਰੀ ਰਾਮ ਚੰਦ੍ਰ ਜੀ ਦੇ ਜ਼ਿਕਰ ਦੇ ਪਿੱਛੋਂ ਸ੍ਰੀ ਕ੍ਰਿਸ਼ਨ ਜੀ ਦਾ ਜ਼ਿਕਰ ਨਾ ਆਉਣ ਤੋਂ ਪੱਕਾ ਪ੍ਰਭਾਵ ਬਣਦਾ ਹੈ ਕਿ ਵਰਦਾਨ ਦੇ ਸਮੇਂ ਤੱਕ ਅਜੇ ਤ੍ਰੇਤਾ ਜੁਗ ਹੀ ਸੀ। ਲਿਖਾਰੀ ਨੂੰ ਘੋਰ ਸੰਕਟ ਤੋਂ ਪਚਾਉਣ ਲਈ ਕੋਈ ਝੂਠੇ ਅਨੁਮਾਨ ਕੋਲੋਂ ਹੀ ਬੇਸ਼ੱਕ ਲਾ ਲਵੇ ਪਰ ਪਿਛੇ ਇਹ ਲਿਖਿਆ --**ਹੋਤ ਚਹੂੰ ਜੁਗ ਮੈਂ ਜੇ ਆਏ ॥ ਤਿਨਕੇ ਨਾਮ ਨ ਜਾਤ ਗਨਾਏ ॥**੨੬ ॥ ਲਿਖਾਰੀ ਨੂੰ ਝੂਠ-ਵਾਰਤਾ ਲਿਖਣ ਵਾਲਾ ਸਮਝੇ ਜਾਣ ਤੋਂ ਬਚਾਇਆ ਨਹੀਂ ਜਾ ਸਕਦਾ ।

(੨) ਵੇਦ ਪੜ੍ਹਨ ਦੀ ਮਹਿਮਾਂ ਏਡੀ ਸੀ ਕਿ ਤ੍ਰੇਤੇ ਜੁਗ ਵਿਚ ਹੀ ਬੇਦ ਪਾਠੀ ਨੂੰ ਪਤਾ ਲੱਗ ਗਿਆ ਸੀ ਉਸ ਨੇ ਕਲਿਜੁਗ ਵਿਚ ਹੀ ਨਾਨਕ ਰੂਪ ਵਿਚ ਅਵਤਾਰ ਲੈਣਾ ਹੈ ਅਤੇ ਫਿਰ ਸੋਢੀਆਂ ਦੇ ਇਸ ਉਪਕਾਰ ਦਾ ਬਦਲਾ ਮੋੜਨਾ ਹੈ? ਭਾਵ, ਭਾਈ ਗੁਰਦਾਸ ਜੀ ਦਾ ਇਹ ਬਚਨ ਨਿਰਮੂਲ ਹੈ ਕਿ--" ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ॥" ਜ਼ੁਲਮ ਦੀ ਚੱਕੀ ਵਿਚ ਪੀਸੇਜਾਂਦੇ ਅਗਿਆਨੀ ਦੁਖਿਆਰਿਆਂ ਦੀ ਪੁਕਾਰ ਸੁਣ ਕੇ ਵਾਹਿਗੁਰੂ ਨੇ ਗੁਰੂ ਨਾਨਕ ਸਾਹਿਬ ਨੂੰ ਨਹੀਂ ਸੀ ਭੇਜਿਆ ਸਗੋ ਸ੍ਰੀ ਰਾਮ ਚੰਦ੍ਰ ਜੀ ਦੇ ਲੜਕੇ ਕੁਸ਼ੂ ਦਾ ਵੰਸ਼ਕ **ਉਹੀ ਬੇਦੀ,** ਜਿਸ ਨੇ **ਲਵੀ ਰਾਜੇ** ਨੂੰ ਵੇਦ ਪੜ੍ਹ ਕੇ ਸੁਣਾਏ ਸਨ ਉਹ ਆਪਣੇ ਕੀਤੇ ਇਕਰਾਰ ਅਨੁਸਾਰ **ਆਪ ਹੀ ਗੁਰੂ ਨਾਨਕ ਜੀ ਬਣ ਕੇ ਕਲਜੁਗ ਵਿਚ** ਆਇਆ ਸੀ। [ਭਾਵ, ਖ਼ਾਸ ਖ਼ਾਸ ਮੰਤਵ ਲਈ ਧਰਤੀ ਤੇ ਆਉਂਦੇ ਰਹੇ ਕਥਿਤ ਵਿਸ਼ਨੂੰ ਦੇ ਕਥਿਤ ਅਵਤਾਰਾਂ ਵਾਂਗ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੀ ਲਵੀਆਂ ਦੇ ਇਹਸਾਨ ਵਾਲਾ ਕਰਜ਼ਾ ਮੋੜਨ ਹਿਤ, ਪਿਛਲੇ ਕਿਸੇ ਜੁੱਗ ਵਿਚ ਕੀਤੇ ਆਪਣੇ ਬਚਨਾਂ ਦੇ ਬੱਧੇ ਹੀ ਸੰਸਾਰ ਵਿਚ ਅਏ ਸਨ ? ]

(੩) ਕੁਦਰਤ ਦੇ ਅਟੱਲ ਨਿਯਮ ਵਿਚ ਦਖ਼ਲ ਦੇਣ ਵਾਲੇ ਵਰ ਸਰਾਪ ਨਾਲ ਜੁੜੀ ਕਥਿਤ ਸ਼ਕਤੀ ਦੀ ਹੋਂਦ ਦੀ ਸੰਭਵਣਾ ਨੂੰ ਰੱਦ ਕਰਨ ਵਾਲੇ ਗੁਰਮਤਿ ਸਿਧਾਂਤ ਦੀ ਘੋਰ ਖੰਡਨਾ, ਦਸ਼ਮੇਸ਼ ਜੀ ਕਦੇ ਨਹੀਂ ਸਨ ਕਰ ਸਕਦੇ।

ਅਗੇ ਲਿਖਿਆ ਹੈ ਕਿ ਰਾਜ ਦੇ ਕੇ ਲਵੀ ਜੰਗਲ ਨੂੰ ਚਲੇ ਗਏ ਅਤੇ ਬੇਦੀ ਰਾਜ ਕਰਨ ਲੱਗ ਪਏ---

**ਦੋਹਰ ॥ ਲਵੀ ਰਾਜ ਦੇ ਬਨ ਗਏ ਬੇਦੀਅਨ ਕੀਨੋ ਰਾਜ ॥**
**ਭਾਂਤਿ ਭਾਂਤਿ ਤਿਨਿ ਭੋਗਿਯੰ ਭੂਅ ਕਾ ਸਕਲ ਸਮਾਜ ॥ ੮ ॥**

**ਅਰਥ:**--ਲਊ ਕੁਲ ਦਾ ਸੋਢੀ ਰਾਜਾ ਰਾਜ ਦੇ ਕੇ ਜੰਗਲ (ਵਿਚ ਤਪ ਕਰਨ ਚਲਾ) ਗਿਆ ਅਤੇ [ਕਸ਼ੂ ਦੀ ਕੁਲ ਦੇ] ਬੇਦੀਆਂ ਨੇ ਰਾਜ ਪ੍ਰਾਪਤ ਕੀਤਾ [ਉਨ੍ਹਾਂ ਨੇ] ਤਰ੍ਹਾਂ ਤਰ੍ਹਾਂ ਦੇ [ਤਨਿ] ਸਰੀਰ ਕਰਕੇ ਧਰਤੀ ਤੇ ਸਾਰੇ ਸੁਖਾਂ ਨੂੰ ਭੋਗਿਆ । ੮।

ਹੁਣ ਜਦ " ਲਵੀਆਂ " ਨੂੰ ਬਨ ਨੂੰ ਭੇਜ ਲਿਆ ਅਤੇ ਆਪ ਰਾਜ ਦੇ ਸੁਖਾਂ ਵਿਚ ਪ੍ਰਵਿਰਤ ਹੋ ਗਏ, ਤਾਂ ਫਿਰ ਕੀ, ਲਿਖਾਰੀ ਦੇ **ਬੇਦੀ-ਰਾਜਾ ਜੀ,** ਲਵੀ ਰਾਜੇ ਦੇ ਮਗਰੇ ਹੀ ਬਣਾਂ ਵਿਚ ਜਾ ਵੜੇ ਸਨ ਜੋ ਸੋਢੀ ਰਾਜੇ ਨੂੰ ਸੰਬੋਧਨ ਕਰਕੇ ਇਉਂ ਕਿਹਾ--

**ਚੌਪਈ ॥** ਤ੍ਰਿਤੀਆ ਬੇਦ ਸੁਨਬੋ ਤੁਮ ਕੀਆ ॥ ਚਤੁਰ ਬੇਦ ਸੁਨਿ ਭੂ ਕੋ ਦੀਆ ॥
ਤੀਨ **ਜਨਮ** ਹਮਹੂੰ ਜਬ ਧਰਿਹੈਂ ॥ ਚਉਥੇ **ਜਨਮ** ਗੁਰੂ ਤੁਹਿ ਕਰਿਹੈ ॥ ੯ ॥

**ਅਰਥ:**--(ਹੇ ਰਾਜਨ !) ਤੂ ਤਿੰਨਾਂ ਵੇਦਾਂ ਨੂੰ ਸੁਣਨਾ ਕੀਤਾ ਹੈ ਅਤੇ ਚੌਥਾ ਵੇਦ ਜਦ ਸੁਣਿਆਂ ਤਾਂ ਤੂੰ ਧਰਤੀ ਦਾ ਰਾਜ ਦੇ ਦਿੱਤਾ । (ਏਸੇ ਤਰ੍ਹਾਂ) ਮੈਂ ਭੀ ਜਦ **ਤਿੰਨ ਜਨਮ** ਧਾਰ ਲਵਾਂਗਾ (ਤਦ) ਚੌਥੇ ਜਨਮ ਵਿਚ ਤੈਨੂੰ ਗੁਰੂ ਬਣਾਵਾਂਗਾ ।੯।

ਭਾਵ, ਗੁਰੂ ਨਾਨਕ ਦੇਵ ਜੀ ਸੰਸਾਰ ਵਿਚ ਕੇਵਲ **ਤਿੰਨ ਜਾਮੇਂ** ਗੁਰੂ ਰਹੇ ਚਉਥੇ **ਜਾਮੇਂ** ਵਿਚ ਆਪਣਾ ਸਭ ਕੁਝ ਸੋਢੀਆਂ ਨੂੰ ਸੌਂਪ ਕੇ ਆਪ ਸਚਖੰਡ ਚਲੇ ਗਏ। ਸਪੱਸ਼ਟ ਹੋ ਜਾਂਦਾ ਹੈ ਕਿ, ਚੌਥੇ ਥਾਂ ਪੁੱਜ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਗੁਰਿਆਈ ਨਾਲ ਕੋਈ ਵਾਸਤਾ ਨਹੀਂ ਸੀ ਰਿਹਾ, ਅਤੇ ਸੋਢੀਆਂ ਦੀ ਆਪਣੀ ਜੱਦੀ ਮਾਲਕੀ (ਲਾਹੌਰ-ਕਸੂਰ ਦੀ ਬਾਦਸ਼ਾਹੀ ਦੇ ਥਾਂ ਗੁਰਿਆਈ ਦੀ ਪਾਤਸ਼ਾਹੀ) ਉਨ੍ਹੀਂ ਦੇ ਕੋਲ ਮੁੜ ਆਈ ਸੀ। **ਭਾਵ,** ਸਾਡੇ ਧਰਮ ਪਰਚਾਰਕਾਂ ਦਾ ਅਤੇ ਇਤਿਹਾਸਕਾਰਾਂ ਦਾ **ਇਹ ਕਹਿਣਾ ਠੀਕ ਨਹੀਂ ਹੈ,** ਕਿ **ਜੇਠਾ ਜੀ** ਨੇ ਕਾਮਨਾ ਰਹਿਤ ਸੇਵਾ ਕਰਦਿਆਂ, ਆਪਾ ਭਾਵ ਗੁਆਕੇ, ਵਡੀ ਨਿਮਰਤਾ ਵਿਚ ਰਹਿੰਦਿਆਂ ਸਤਿਗੁਰਾਂ ਦੇ ਹਰ ਹੁਕਮ ਦੀ ਪਾਲਣਾ ਬੜੀ ਯੋਗਤਾ ਨਾਲ ਕੀਤੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਪਰਖ ਵਿਚ ਪੂਰੇ ਉਤਰਦੇ ਰਹਿੰਦਿਆਂ ਸਤਿਗੁਰਾਂ ਦਾ ਵਿਸ਼ਵਾਸ਼ ਜਿੱਤ ਕੇ ਗੁਰਿਆਈ ਦੇ ਮਾਲਕ ਬਣੇ ਸਨ? ਕੀ ਅਜੇਹੀ ਨਿਰਮੂਲ ਕਹਾਣੀ ਘੜ ਕੇ ਲਿਖਣ ਵਾਲੇ ਨੇ ਗੁਰੂ ਨਾਨਕ ਸਾਹਿਬ ਜੀ ਦੀ ਚਲਾਈ **ਯੋਗਤਾ ਪ੍ਰਧਾਨ** ਮਰਯਾਦਾ ਦੀ ਖੰਡਨਾ ਦਾ ਅਪਰਾਧ, ਅਤੇ ਸਤਿਗੁਰਾਂ ਦੀ ਨਿੱਜੀ ਅਵੱਗਿਆ ਦਾ ਪਾਪ ਨਹੀਂ ਕੀਤਾ ਹੈ ਜੀ?

**ਏਥੋ ਤਕ ਉਪਜਿਆ ਗੰਭੀਰ ਸ਼ੰਕਿਆਂ ਦਾ ਵੇਰਵਾ**---

(ੳ) ਸੋਢੀ ਰਾਜੇ ਨੇ ਰਾਜ ਗੱਦੀ ਚਾਰੇ ਵੇਦ ਸੁਣ ਕੇ ਭੇਟਾ ਕੀਤੀ ਸੀ। ਫਿਰ ਬੇਦੀ ਰਾਜਾ ਵੀ **ਚਾਰੇ ਜਨਮ** ਗੱਦੀ ਕਿਸ ਕਾਰਨ ਆਪਣੇ ਕੋਲ ਨਹੀਂ ਸੀ ਰੱਖ ਸਕਿਆ ? ਕੀ ਇਹ ਗੰਭੀਰ ਰੋਲ ਘਚੋਲਾ ਇਸ ਕਰਕੇ ਨਹੀਂ ਪਾਇਆ ਗਿਆ, ਕਿਉਂਕਿ ਚੌਥੇ ਗੁਰੂ ਰਾਮਦਾਸ ਜੀ ਸੋਢੀ ਬੰਸ ਵਿਚ ਜਨਮੇ ਸਨ ? ਜਾਂ ਫਿਰ ਇਹ ਸਮਝ ਲਈਏ ਕਿ ਸੰਸਾਰੀ ਰਾਜ-ਗੱਦੀ ਸੌਂਪ ਦੇਣ ਵਾਲੀ ਤਿਆਗ ਦੀ ਭਾਵਣਾ ਕਿਉਂਕਿ ਚੌਥਾ ਵੇਦ ਸੁਣ ਕੇ ਉਪਜੀ ਸੀ ਇਸ ਲਈ ਸੋਢੀਆਂ ਦਾ ਹੱਕ ਚੌਥੇ ਥਾਂ ਜਾ ਕੇ ਹੀ ਬਣਨਾਂ ਸੀ। ਫਿਰ,

ਕੀ ਪਹਿਲੇ ਤਿੰਨ ਵੇਦਾਂ ਦੀ ਬਾਣੀ ਸੁਣਨ ਦਾ ਕੋਈ ਲਾਭ ਨਹੀਂ ਸੀ? ਕੇਵਲ ਚੌਥਾ ਵੇਦ ਹੀ ਰਾਜੇ ਨੂੰ ਤਿਆਗੀ ਬਣਾ ਦੇਣ ਦੀ ਸ਼ਕਤੀ ਵਾਲਾ ਸੀ ? ਪਹਿਲੇ ਤਿੰਨ ਵੇਦ ਪੜ੍ਹਨ ਸੁਣਨ ਵਿਚ ਐਵੇਂ ਸਮਾਂ ਹੀ ਨਸ਼ਟ ਹੋਇਆ ਮੰਨ ਲੈਣਾ ਚਾਹੀਦਾ ਹੈ ? ਜੇ ਚੌਥਾ ਵੇਦ ਹੁੰਦਾ ਹੀ ਨਾ ਤਾਂ ਲਿਖਾਰੀ ਕੀ ਕਰਦਾ ? ਕੋਈ ਗੱਲ ਵੀ ਸਪੱਸ਼ਟ ਅਤੇ ਸਮਝ ਆਉਣ ਵਾਲੀ ਨਾ ਹੋਣ ਦੇ ਕਾਰਨ ਇਹ ਬਚਿਤ੍ਰ ਨਾਟਕ ਜੀ ਵਾਕਿਆ ਹੀ ਬੜੇ ਬਚਿਤ੍ਰ ਹਨ ।

(ਅ) ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਨੂੰ ਮਿਥਿਹਾਸਕ ਅਵਤਾਰ ਰਾਮ ਚੰਦਰ ਜੀ ਦੇ ਖ਼ਾਨਦਾਨ ਦੀ ਮਲਕੀਯਤ ਬਣਾ ਲੈਣ ਦੀ ਯੋਜਨਾਂ ਵਾਲੀ ਅਜੇਹੀ ਮਨੋਕਲਪਤ ਗਾਥਾ ਜਿਹੜੀ ਗੁਰੂ ਘਰ ਦੇ " ਸੇਵਾ-ਪ੍ਰਧਾਨ " ਅਤੇ ਯੋਗਤਾ-ਪ੍ਰਧਾਨ " ਪਰਮ ਪਵਿਤ੍ਰ ਗੁਰਮਤਿ-ਸਿਧਾਂਤ ਦੀ ਦੁਖਦਾਈ ਖੰਡਨਾਂ ਕਰਨ ਵਾਲੀ ਲਿਖਤ, ਦਸਮ ਗੁਰੂ ਨਾਨਕ ਜੀ ਦੀ ਕਦੇ ਨਹੀਂ ਹੋ ਸਕਦੀ? ਯਾਦ ਰਹੇ ਕਿ ਅਸੀਸ ਨੂੰ ਜਾਂ ਵਰਦਾਨ ਨੂੰ ਗੁਰਬਾਣੀ ਮਾਨਤਾ ਨਹੀਂ ਦਿੰਦੀ। ਗੁਰਮਤਿ ਅਨੁਸਾਰ ਵਰ ਸਰਾਪ ਇੱਕ ਭਰਮ ਹੈ ਜੋ ਕੇਵਲ ਬ੍ਰਾਹਮਣੀ ਮਾਇਆ ਜਾਲ ਹੈ । (ਪੁਸਤਕ ਦੇ ਪਹਿਲੇ ਭਾਗ ਵਿਚ ਵਰਾਂ ਸਰਾਪਾਂ ਦੀ ਠੱਗ-ਵਰਤੋਂ ਵਾਲਾ ਪੋਲ ਬੜੇ ਵਿਸਥਾਰ ਨਾਲ ਨੰਗਾ ਕੀਤਾ ਗਿਆ ਹੋਇਆ ਹੈ) ਕਿਸੇ ਸਰੀਰ ਨੂੰ ਗੁਰੂ ਮੰਨਣਾ ਗੁਰਮਤਿ ਦੀ ਵਿਰੋਧਤਾ ਦਾ ਦੁਸ਼ਕਰਮ ਹੈ । ਗੁਰੂ ਸਦਾ ਗਿਆਨ ਹੀ ਹੁੰਦਾ ਹੈ । ਫਿਰ ਗਿਆਨ ਦਾ ਸਰੀਰ ਨਾਲ ਅਥਵਾ ਜਾਤਿ ਗੋਤ ਨਾਲ ਕੀ ਸੰਬਧ ? ਏਸੇ ਲਈ ਭਗਤਾਂ ਦੀ ਜ਼ਾਤ ਗੋਤ ਸੱਭ ਕੁਝ ਈਸ਼ਵਰ ਦੀ ਭਗਤੀ ਹੀ ਹੈ, ਨਾਮ ਹੀ ਹੈ, ਪ੍ਰਭੂ ਹੀ ਉਨ੍ਹਾਂ ਦੀ ਜ਼ਾਤ ਗੋਤ ਹੈ--**੧) ਸੰਤ ਜਨਾ ਕੀ ਜਾਤਿ ਹਰਿ ਸੁਆਮੀ ਤੁਮ ਠਾਕੁਰ ਹਮ ਸਾਂਗੀ ॥ ॥ ੨ ॥**[੬੬੭] **੨) ਨਾਮੁ ਜਾਤਿ ਨਾਮੁ ਮੇਰੀ ਪਤਿ ਹੈ, ਨਾਮੁ ਮੇਰੈ ਪਰਵਾਰੈ ॥** [੭੧੩] **੩) ਜਤਿ ਮੇਰੀ ਪਤਿ ਮੇਰੀ ਧਨੁ ਹਰਿਨਾਮੁ ॥**[੭੪੨] **੪) ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥** [੭੬੮] **੫) ਨਾ ਮੈ ਜਾਤਿ ਨ ਪਤਿ ਹੈ ਨਾ ਮੈ ਥੇਹੁ ਨ ਥਾਉ ॥ ਸਬਦਿ ਭੇਦਿ ਭ੍ਰਮੁ ਕਟਿਆ ਗੁਰਿ ਨਾਮੁ ਦੀਆ ਸਮਝਾਇ ॥ ੨ ॥**[੯੯੪] *****ਇਸ ਤਰ੍ਹਾਂ ਦੇ ਹੋਰ ਬੇਅੰਤ ਗੁਰੂ ਫ਼ੁਰਮਾਨਾਂ ਦੀ ਖੰਡਨਾਂ ਕਰਨ ਵਾਲਾ ਕਰਮ ਵੀ ਕੀ ਦਸ਼ਮੇਸ਼ ਜੀ ਨੇ ਆਪ ਹੀ ਕੀਤਾ ਹੋਵੇਗਾ ?

[* **Foot note:--**ਗੁਰਬਾਣੀ ਵਿਚ ਚੁਮਾਰ, ਜੁਲਾਹਾ, ਨਾਈ, ਸੋਡੀ ਆਦਿ ਗੋਤਾਂ ਦਾ ਜ਼ਿਕਰ ਆਇਆ ਹੈ ਪਰ ਉਨ੍ਹਾਂ " ਪ੍ਰਥਾਇ ਸਾਖੀ " ਬਚਨਾ ਦਾ ਗੁਰਬਾਣੀ ਦੇ ਉਪ੍ਰੋਕਤ ਵਰਣਨ ਸਿਧਾਂਤ ਨਾਲ ਕੋਈ ਸੰਬੰਧ ਨਹੀਂ ਹੈ ਜੀ। ਕਿਸੇ ਗੁਰੂ ਨਿੰਦਕ ਥੋਹੜ-ਪੁੰਜੀਏ ਖਰੜ-ਗਿਆਨੀ ਵਲੋਂ ਪਾਏ ਕਿਸੇ ਭਰਮ ਵਿਚ ਨਹੀਂ ਪੈਣਾ]

(ੲ) **ਮਹਾਨ ਕੋਸ਼ ਅਨੁਸਾਰ** ਗੁਰੂ ਨਾਨਕ ਸਾਹਿਬ ਜੀ ਪੰਜ ਭੂਤਕ ਸਰੀਰ ਵਿਚ **੧੫ ਅਪ੍ਰੈਲ ੧੪੬੯ ਤੋਂ ੨੨ ਅਤੰਬ ਸੰਨ ੧੫੩੯** ਤੱਕ ਰਹੇ। (੧) ਬਾਬਾ ਲਹਿਣਾ ਜੀ ਦਾ ਆਗਮਨ **੩੧ ਮਾਰਚ ੧੫੦੪** । (੨) ਅਤੇ (ਗੁਰੂ) ਅਮਰਦਾਸ ਜੀ **੫ ਮਈ ੧੪੭੯** ਨੂੰ (੩) (ਗੁਰੂ) ਰਾਮਦਾਸ ਜੀ **੨ ਨਵੰਬਰ ੧੫੩੪** ਵਾਲੇ ਸੁਭਾਗੇ ਦਿਨ ਸੰਸਾਰ ਤੇ ਆਏ। ਭਾਵ ਇਹ, ਕਿ ਸਰੀਰਕ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਹੁੰਦਿਆਂ ਹੀ ਅਗਲੇ ਤਿੰਨਾ ਗੁਰੂ ਸਾਹਿਬਾਨ ਦਾ **ਜਨਮ** ਹੋ ਚੁੱਕਾ ਸੀ। ਬਚਿਤ੍ਰ ਨਾਟਕ ਵਿਚਲੀ ਇਹ ਗੱਲ ਕਿਵੇਂ ਸੱਚੀ ਮੰਨੀ ਜਾਵੇ ਕਿ ਗੁਰੂ ਨਾਨਕ ਦੇਵ ਜੀ ਨੇ ਤਿੰਨ **ਜਨਮ** ਗੁਰਿਆਈ-ਰਾਜ ਮਾਣ ਕੇ ਚੌਥੇ **ਜਨਮ** ਵਿਚ ਗੁਰਿਆਈ ਸੋਢੀਆਂ ਨੂੰ ਮੋੜ ਦਿੱਤੀ ਸੀ ? **ਜਨਮ** ਦਾ ਅਰਥ ਕਿਸੇ ਯੁਕਤੀ ਨਾਲ ਬਦਲਿਆ ਨਹੀਂ ਜਾ ਸਕਦਾ। ਦਸਮ ਗੁਰੂ ਗ੍ਰੰਥ ਦੇ ਲਿਖਾਰੀ ਜੀ ਨੇ ਕਾਇਆ ਪਲਟਣ ਦੀ ਗੱਲ ਨਹੀਂ ਕੀਤੀ ਸਗੋਂ ਗੱਲ **ਜਨਮ** ਦੀ ਕੀਤੀ ਹੈ। ਗਿਆਨ-ਜੋਤਿ ਦੀ ਦਾਤ ਪ੍ਰਾਪਤਿ ਹੋ ਜਾਣ ਉਪ੍ਰੰਤ ਗੁਰੂ-ਜੋਤਿ-ਜੁਗਤਿ ਦੇ ਮਾਲਕ ਬਣ ਜਾਣ ਦੇ ਅਰਥ **ਨੂੰ, ਮਾਤਾ ਦੇ ਉਦਰ ਤੋਂ ਜਨਮ** ਹੋਣ ਦਾ ਕਿਸੇ ਵੀ ਯੁਕਤੀ ਦੁਆਰਾ ਨਹੀਂ ਬਦਲਿਆ ਜਾ ਸਕਦਾ। ਇਹ ਗੱਲ ਵਰਦਾਨ ਵਾਲੇ ਬੇਦੀ ਮਹਾਂਪੁਰਖ ਨੇ ਨਹੀਂ ਸੀ ਕਹੀ ਕਿ, ਕਲ ਜੁਗ ਵਿਚ ਜਦ ਮੈ ਇਕੋ ਸਮੇ ਚੋਹਾਂ ਸਰੀਰਾਂ ਦਾ ਜਨਮ ਭੋਗ ਰਿਹਾ ਹੋਵਾਂਗਾ, ਉਸ ਵੇਲੇ ਤੁਹਾਡੀ ਗੁਰਿਆਈ ਧਰਮ-ਗੁਰੂ ਦੇ ਰੂਪ ਵਿਚ ਮੋੜਾਂਗਾ ।

ਸੋ ਏਥੇ ਵੀ ਉਹ ਕਥਿਤ ਬਰਦਾਨ ਝੂਠਾ ਹੋ ਗਿਆ ਕਿਉਂਕਿ, ਉਸ ਵੇਲੇ ਇੱਕ ਜਨਮ (ਬਾਬਾ ਲਹਿਣਾ ਜੀ) ਦੇਵੀ ਦੇ ਪੁਜਾਰੀ ਅਤੇ ਦੂਜਾ ਜਨਮ (ਗੁਰੂ ਬਾਬਾ ਅਮਰਦਾਸ ਜੀ) ਗੰਗਾ ਦੇ ਪੁਜਾਰੀ, ਜਦ ਕਿ ਇਕ ਪੰਜ-ਭੂਤਕ ਸਰੀਰ ਕਰਤਾਰ ਪੁਰੇ ਵਿਚ ਜੋਤਿ ਨਿਰੰਜਨੀ ਦਾ ਪ੍ਰਕਾਸ਼ ਵੰਡ ਰਹੇ ਸਨ। ਗੁਰਬਾਣੀ ਨੇ ਕਿਸੇ ਥਾਂ ਨਹੀਂ ਮੰਨਿਆਂ ਕਿ ਇੱਕ ਮਨੁੱਖਾ ਸਰੀਰ, ਇਕੋ ਸਮੇ ਇੱਕ ਤੋਂ ਵੱਧ ਥਾਂਵਾਂ ਤੇ ਹੋ ਸਕਦਾ ਹੈ। ਗੁਰੂ ਨਾਨਕ ਜੀ, ਜਨਮ-ਸਿੱਧ ਸਤਿਗੁਰੂ ਸਨ, ਬਾਕੀ ਸਾਰੇ ਪਾਰਸ-ਗੁਰੂ-ਨਾਨਕ ਜੀ ਦੇ ਗਿਆਨ ਦੀ ਛੋਹ ਨਾਲ ਹੀ ਬਰਕਤਾ ਦੇ ਮਾਲਕ ਬਣਦੇ ਰਹੇ ਹਨ। ਸੋ ਕਿਸੇ ਵੀ ਹੋਰ ਗੁਰੂ ਸਰੀਰ ਨੂੰ ਜਨਮ ਤੋਂ ਪਹਿਲਾਂ ਹੀ ਕਰਾਮਾਤਾਂ ਦਾ ਮਾਲਕ ਅਥਵਾ ਗੁਰਤਾ ਦਾ ਮਾਲਕ ਮੰਨ ਲੈਣਾ, ਗੁਰਮਤਿ ਦੀ ਖੰਡਨਾਂ ਹੈ। ਭੱਟ ਕਵੀ ਕਲ੍ਯਸਹਾਰੁ ਜੀ ਨੇ (ਦੂਜੇ **ਭੱਟ ਕਵੀਆਂ ਦੇ ਹਵੇ ਨਾਲ) ਪਹਿਲੇ ਪੰਜ ਗੁਰੂ ਸਾਹਿਬਾਨ ਦਾ ਜਸ ਇਉਂ ਲਿਖਿਆ ਹੈ:--**

੧੬- **ਖੇਲੁ ਗੂੜ੍ਹਉ ਕੀਅਉ ਹਰਿ ਰਾਇ, ਸੰਤੋਖਿ ਸਮਾਚਰ੍ਹਿਉ, ਬਿਮਲ ਬੁਧਿ ਸਤਿਗੁਰਿ ਸਮਾਣਉ॥ ਆਜੂਨੀ ਸੰਭਵਿਅਉ ਸੁਜਸੁ ਕਲ੍ਯ ਕਵੀਅਣਿ ਬਖਾਣਿਅਉ ॥ ਗੁਰਿ ਨਾਨਕਿ, ਅੰਗਦੁ ਵਰ੍ਹਉ, ਗੁਰਿ ਅੰਗਦਿ,ਅਮਰ ਨਿਧਾਨੁ॥ਗੁਰਿ ਰਾਮਦਾਸ, ਅਰਜੁਨੁ ਵਰ੍ਹਉ ਪਾਰਸੁ ਪਰਸੁ ਪ੍ਰਮਾਣੁ ॥ ੪ ॥ ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥ ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ ॥ ਅਗਹ ਗਹਣੁ, ਭ੍ਰਮੁ ਭ੍ਰਾਂਤਿ ਦਹਣ, ਸੀਤਲੁ ਸੁਖਦਾਤਉ ॥ ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ॥ ਨਾਨਕ ਆਦਿ ਅੰਗਦੁ ਅਮਰ, ਸਤਿਗੁਰ ਸ ਬਦਿ ਸਮਾਇਅਉ॥ ਧਨੁ ਧੰਨੁ ਗੁਰੂ ਰਾਮਦਾਸੁ ਗੁਰ, ਜਿਨਿ ਪਾਰਸੁ ਪਰਸਿ ਮਿਲਾਇਅਉ॥ ੫ ॥**[੧੪੦੭]

**ਅਰਥ:**--ਅਕਾਲ ਪੁਰਖ ਨੇ ਇਹ ਅਸਚਰਜ ਖੇਡ ਰਚੀ ਹੈ, (ਗੁਰੂ ਅਰਜੁਨ) ਸੰਤੋਖ ਵਿਚ ਵਿਚਰ ਰਿਹਾ ਹੈ । ਨਿਰਮਲ ਬੁੱਧੀ ਗੁਰੂ (ਅਰਜੁਨ) ਵਿਚ ਸਮਾਈ ਹੋਈ ਹੈ। ਆਪ ਜੂਨਾਂ ਤੋਂ ਰਹਤ ਤੇ ਸੁਤੇ-ਪ੍ਰਕਾਸ਼ ਹਰੀ ਦਾ ਰੂਪ ਹਨ । ਕਲ੍ਯ ਆਦਿਕ ਕਵੀਆਂ ਨੇ (ਆਪ ਦਾ) ਸੁੰਦਰ ਜਸ ਉਚਾਰਿਆ ਹੈ । ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੀ ਨੂੰ ਵਰੋਸਾਇਆ

ਗੁਰੂ ਅੰਗਦ ਜੀ ਨੇ (ਸਭ ਪਦਾਰਥਾਂ ਦਾ ਖ਼ਜ਼ਾਨਾ ( (ਗੁਰੂ) ਅਮਰਦਾਸ ਜੀ ਨੂੰ ਦਿੱਤਾ, ਅਤੇ ਉਨ੍ਹਾਂ (ਦੇ ਚਰਨਾਂ) ਨੂੰ ਛੁਹਣਾ ਪਾਰਸ ਦੀ ਛੋਹ ਵਰਗਾ ਹੋ ਗਿਆ **। ੪ ।** (ਗੁਰੂ) ਅਰਜਨ (ਸਾਹਿਬ ਆਤਮਕ ਤੌਰ ਤੇ) ਸਦ-ਜੀਵੀ ਹਨ, (ਆਪ ਦਾ) ਮੁੱਲ ਨਹੀਂ ਪੈ ਸਕਦਾ, (ਆਪ) ਜੂਨਾਂ ਤੋਂ ਰਹਤ ਤੇ ਸੁਤੇ ਪ੍ਰਕਾਸ਼ ਹਰੀ ਦਾ ਰੂਪ ਹਨ, (ਗੁਰੂ ਅਰਜਨ) ਭੈ ਦੂਰ ਕਰਨ ਵਾਲੇ ਬੇਅੰਤ ਗਿਆਨ-ਸਰੂਪ ਹਨ । (ਗੁਰੂ ਅਰਜਨ ਸਾਹਿਬ ਜੀ ਦੀ) ਉਸ ਹਰੀ ਤਕ ਪਹੁੰਚ ਹੈ ਜੋ (ਜੀਵਾਂ ਦੀ) ਪਹੁੰਚ ਤੋਂ ਪਰੇ ਹੈ, ( ਗੁਰੂ ਜੀ) ਭਰਮ ਤੇ ਭਟਕਣਾ ਨੂੰ ਦੂਰ ਕਰਨ ਵਾਲੇ ਹਨ, ਸੀਤਲ ਹਨ ਅਤੇ ਸੁਖਾਂ ਦੇ ਦਾਤੇ ਹਨ, (ਮਾਨੋ) ਅਜਨਮਾ ਪੂਰਨ ਪੁਰਖ ਸਿਰਜਣਹਾਰ ਪ੍ਰਗਟ ਹੋ ਗਿਆ ਹੈ । ਗੁਰੂ ਨਾਨਕ ਗੁਰੂ ਅੰਗਦ ਤੇ ਗੁਰੂ ਅਮਰਦਾਸ ਜੀ ਦੀ ਬਰਕਤ ਨਾਲ (ਗੁਰੂ ਅਰਜਨ ਜੀ) ਸਤਿਗੁਰੂ ਦੇ ਸ਼ਬਦ ਵਿਚ ਲੀਨ ਹੈ । ਗੁਰੂ ਰਾਮਦਾਸ ਜੀ ਧੰਨ ਹੈ, ਜਿਸ ਨੇ ਗੁਰੂ (ਅਰਜਨ ਜੀ ਨੂੰ) ਪਰਸ ਕੇ ਪਾਰਸ ਬਣਾ ਕੇ ਆਪਣੇ ਵਰਗਾ ਕਰ ਲਿਆ । **੫ ।**

**ਸਨਮਾਨ ਜੋਗ ਭੱਟ ਕਵੀ ਜੀ ਨੇ ਪਹਿਲੇ ਪੰਜ ਗੁਰੂ ਸਾਹਿਬਾਨ ਨੂੰ ਇੱਕ ਸਮਾਨ ਅਕਾਲ ਪੁਰਖ ਵਿਚ ਲੀਨ ਹੋ ਕੇ ਸਭ ਬਰਕਤਾਂ ਦੇ ਮਾਲਕ ਅਤੇ ਅਜੇਹੇ ਪਾਰਸ ਬਣ ਚੁੱਕੇ ਲਿਖਿਆ ਹੈ, ਜਿਨ੍ਹਾਂ ਦੇ ਚਰਨ ਪਰਸਨ (=ਹਿਰਦੇ ਵਿਚ ਗੁਰੂ-ਸ਼ਬਦ ਗਿਆਨ ਛੋਹ ਪ੍ਰਾਪਤ ਕਰ) ਲੈਣ ਵਾਲਾ ਮਨੁੱਖ ਸੋਨੇ ਵਰਗੀ ਸ਼ੁੱਧ ਆਤਮਾ ਦਾ ਮਾਲਕ ਬਣ ਜਾਂਦਾ ਸੀ। ਪਰ ਬਚਿਤ੍ਰ ਨਾਟਕ ਦੇ ਕਵੀ ਦਾ ਲਿਖਣ ਢੰਗ ਕਿਸ ਹਦ ਤੱਕ ਸਪੱਸ਼ਟ ਵਿਤਕਰੇ ਵਾਲਾ ਹੈ ? ਇਹ ਅੱਗੇ ਜਾ ਕੇ ਹੋਰ ਵੀ ਚੰਗੀ ਤਰ੍ਹਾਂ ਸਾਫ਼ ਹੋ ਜਾਵੇਗਾ।**

੧੪

# ਗ੍ਰੰਥ ਵਧਨ ਦੇ ਡਰ ਵਾਲਾ, ਮੁੜ ਮੁੜ ਉਹੀ ਕੋਝਾ ਝੂਠ-ਢੁੱਚਰ

ਬਚਿਤ੍ਰ ਨਾਟਕ ਵਿਚ ਲਿਖੇ ਉਪ੍ਰੋਕਤ ਭਾਣੇ ਦੁਆਪਰ ਤੋਂ ਪਹਿਲਾਂ, ਭਾਵ ਕ੍ਰਿਸ਼ਨ ਜੀ ਤੋਂ ਵੀ ਪਹਿਲਾਂ ਹੀ ਵਰਤ ਚੁੱਕੇ ਦਰਸਾਏ ਹਨ। ਤ੍ਰੇਤੇ ਜੁਗ ਵਿਚ ਹੀ ਨਾਨਕ ਰੂਪ ਹੋ ਕੇ ਪ੍ਰਗਟ ਹੋਣ ਵਾਲੀ ਗੱਲ ਕਹਿਣ ਵਾਲੇ (ਕਥਿਤ ਤੌਰ ਤੇ, ਸ਼ਕਤੀ ਸ਼ਾਲੀ ਦਿਬ ਦ੍ਰਿਸ਼ਟੀ ਦੇ ਮਾਲਕ ਵਡੇ ਮਹਾਂ-ਪੁਰਖ) **ਬੇਦੀ** ਦੀ ਅਥਵਾ ਉਨ੍ਹਾਂ ਦੇ ਵੰਸ਼ੀ **ਸੋਢੀਆਂ** ਦੀ ਅਗਲੀ ਕਲਜੁਗ ਤੱਕ ਦੀ ਪੂਰੀ ਬੰਸਾਵਲੀ ਦਾ ਪਤਾ ਵੀ ਜ਼ਰੂਰ ਲਿਖਣਾ ਬਣਦਾ ਸੀ। ਪਰ ਝੂਠੇ ਪਾਤ੍ਰਾਂ ਦੀ ਅਜੇਹੀ ਬੰਸਾਵਲੀ ਕਿਥੋਂ ਹੋਣੀ ਸੀ? ਸੋ ਅਜੇਹੇ ਪ੍ਰਸ਼ਨ ਨੂੰ ਟਾਲ ਦੇਣ ਲਈ ਲਿਖਾਰੀ ਜੀ ਦੀ ਕਲਾ ਬਾਜ਼ੀ ਹੈਰਾਨ ਕਰਨ ਵਾਲੀ ਹੈ:--

**ਉਤ ਰਾਜਾ ਕਾਨਨਹਿ ਸਿਧਾਯੋ ॥ ਇਤ ਇਨ ਰਾਜ ਕਰਤ ਸੁਖ ਪਾਯੋ ॥**
**ਕਹਾ ਲਗੇ ਕਥਾ ਸੁਨਾਉਂ ॥ ਗ੍ਰੰਥ ਬਦਨ ਤੇ ਅਧਿਕ ਡਰਾਊ ॥ ੧੦ ॥**

ਬੜੀ ਲੰਮੀ ਤੋਂ ਲੰਮੀ ਬੰਸਾਵਲੀ ਲਿਖਨ ਵਿਚ ਵੀ ਮਸਾਂ ਦੋ ਜਾਂ ਵੱਧ ਤੋਂ ਵੱਧ ਤਿੰਨ ਵਰਕੇ ਖ਼ਰਚ ਹੋਣੇ ਸਨ। ਉਂਜ ਇਸ ਬਚਿਤ੍ਰ ਨਾਟਕ ਵਿਚ, ਲੜਾਈਆਂ ਦੇ ਵਰਣਨ ਵਿਚ ਡਾਕਣੀਆਂ, ਡੈਣਾ, ਭੂਤਾਂ ਦੇ ਵਿਆਰਥ ਦੇ ਸ਼ੋਰ ਸ਼ਰਾਬੇ ਲਿਖਣ ਵਿਚ ਕਈ ਕਈ ਫ਼ਜ਼ੂਲ ਪੰਨੇ ਵਧਾਏ ਹੋਏ ਹਨ, ਦੁਰਗਾ, ਕ੍ਰਿਸ਼ਨ ਅਤੇ ਰਾਮ ਆਦਿ ਦੇ ਖ਼ਿਆਲੀ ਲੀਲ੍ਹਾ-ਵਰਣਨ ਵਿਚ ਸੈਂਕੜੇ ਸਫ਼ੇ ਕਾਲੇ ਕਰ ਦਿੱਤੇ ਹੋਏ ਹਨ ਪਰ ਬੰਸਾਵਲੀ ਵਰਗੀ ਜ਼ਰੂਰੀ ਸੂਚੀ ਲਿਖਣ ਲੱਗਿਆ ਗ੍ਰੰਥ ਵਧਨ ਦਾ ਡਰ ਆ ਘੇਰਦਾ ਹੈ। ਅਜੇਹੀ ਢੁੱਚਰ ਬਾਜ਼ੀ ਦਾ ਆਸਰਾ ਲੈਣ ਦਾ ਕਾਰਨ ਸਪੱਸ਼ਟ ਹੈ ਕਿ ਕਲਪਤ ਮਨੁੱਖਾਂ ਦੇ ਕਿੰਨੇ ਕੁ ਨਾਮ ਲਿਖੇ ਜਾ ਸਕਦੇ ਸਨ ? ਗਲੋਂ ਫਾਹ ਲਾਹੁਣ ਲਈ ਇਹੀ ਲਿਖ ਦੇਣਾ ਠੀਕ ਹੈ ਕਿ ' ਮੈਨੂੰ ਬੜਾ ਹੀ ਡਰ ਹੈ ਕਿ ਕਿਤੇ ਗ੍ਰੰਥ ਵਡਾ ਨਾ ਹੋ ਜਾਵੇ '। ਗੱਲ ਕੀ ਪੈਰ ਪੈਰ ਤੇ ਅਜੇਹੀਆਂ ਕਮਜ਼ੋਰ ਗੱਲਾਂ ਦਾ ਸਹਾਰਾ ਲਿਆ ਹੈ ਜਿਸ ਨਾਲ " ਸ਼ਾਹਾਂ ਦੇ ਸ਼ਾਹ ਸੱਚੇ ਸਤਿਗੁਰੂ ਗੋਬਿੰਦ ਸਿੰਘ " ਜੀ ਦਾ ਕਦੇ ਵੀ ਕੋਈ ਵਾਸਤਾ ਨਹੀਂ ਹੋ ਸਕਦਾ। ਜਾਪ ਸਾਹਿਬ ਵਿਚ ਇੱਕ ਪਰਮਾਤਮਾ ਦੇ ਸੈਂਕੜੇ ਨਾਮ ਲਿਖਣ ਵਾਲੇ ਦਸ਼ਮੇਸ਼ ਜੀ ਆਪਣੀ ਹੀ (ਕਥਿਤ) ਬੰਸਾਵਲੀ ਲਿਖਣ ਸਮੇਂ ਗ੍ਰੰਥ ਵਧਨ ਦਾ ਬਹਾਨਾ ਬਣਾ ਲੈਣ--ਅਜੇਹੀ ਵਿਚਾਰ ਲਿਖਣ ਵਾਲਾ ਮਨੁੱਖ, ਕੋਈ ਪੰਥ ਵਿਰੋਧੀ ਕੁਟਲ ਬਿੱਪ੍ਰ ਤਾਂ ਬੇਸ਼ੱਕ ਹੋਵੇਗਾ ਪਰ ਅਜੇਹਾ ਝੂਠ-ਘਪਲਾ ਦਸ਼ਮੇਸ਼ ਜੀ ਦੀ ਕਲਮ ਕਦੇ ਨਹੀਂ ਸੀ ਲਿਖ ਸਕਦੀ।

## ਗੁਰੂ ਨਾਨਕ ਜੀ ਦੀ ਜੋਤਿ ਕੇਵਲ ਚੌਥੇ ਸਰੂਪ ਤੱਕ ?:--

ਫਿਰ ਕਿਡੇ ਦੁਖ ਦੀ ਗੱਲ ਹੈ ਕਿ ਜਿਸ ਲਿਖਾਰੀ ਨੇ ਗੁਰੂ ਸਾਹਿਬਾਨ ਨੂੰ ਅੱਡ ਅੱਡ ਦਰਸਾਉਣ ਲਈ ਇੱਕ ਕਥਿਤ ਸੂਰਜਵੰਸ਼ੀ ਅਥਵਾ ਰਘੁਵੰਸ਼ੀ ਖ਼ਾਨਦਾਨ ਨੂੰ ਪਾੜ ਕੇ ਉਨ੍ਹਾਂ ਦਾ ਆਪਸ ਵਿਚ ਘੋਰ ਯੁਧ ਕਰਾਇਆ । ਉਨ੍ਹਾਂ ਨੂੰ ਪਹਿਲਾਂ ਸੋਢੀ ਬਣਾਇਆ ਅਤੇ ਫਿਰ ਕਾਂਸ਼ੀ ਭੇਜ ਕੇ ਵੇਦ ਪਾਠੀ ਬਣਾ ਕੇ ਵੇਦੀ ਬਣਾਇਆ । ਅਤੇ ਫਿਰ ਬੇਦੀ ਕੋਲੋਂ ਇਹ ਵਰ ਦਿਵਾਇਆ ਕਿ ਮੈਂ--**ਤਿੰਨ ਜਨਮ ਗੁਰਿਆਈ ਭੋਗ** ਕੇ ਫਿਰ ਤੁਹਾਨੂੰ ਭਾਵ ਸੋਢੀਆਂ ਨੂੰ ਗੁਰਿਆਈ ਸੌਂਪ ਦੇਣੀ ਹੈ । " **ਹੋ ਜਗਤ ਪੂਜਕਰਿ ਤੋਹਿ, ਪਰਮਪਦ ਪਾਇ ਹੈਂ ॥ ੭ ॥** ਭਾਵ, ਤੈਨੂੰ ਜਗਤ ਪੂਜਯ [ਗੁਰੂ} ਬਣਾ ਕੇ ਆਪ ਉੱਤਮ ਪਦ ਪਾਵਾਂਗਾ, (=ਤੈਨੂੰ ਗੁਰੂ ਬਣਾ ਕੇ ਆਪ ਸਚਖੰਡ ਚਲਾ ਜਾਵਾਂਗਾ । (ਦਸਮ ਗ੍ਰੰਥ ਸਟੀਕ-ਸਫ਼ਾ ੫੭) ਭਾਵ, ਮੈ ਆਪਣੇ ਸਿਰੋਂ ਕੀਤੇ ਬਚਨ ਦਾ ਭਾਰ ਲਾਹ ਕੇ ਸੁਰਖ਼ਰੂ ਹੋ ਜਾਂਵੰਗਾ ਅੱਗੇ ਤੁਸੀਂ ਜਾਣੋਂ ਤੇ ਤੁਹਾਡਾ ਧਰਮ?

ਉਪ੍ਰੋਕਤ ਕਹਾਣੀ ਇਹ ਸਿੱਧ ਕਰਦੀ ਹੈ, ਕਿ, ਗੁਰੂ ਨਾਨਕ ਜੀ ਦੀ ਕਾਇਆਂ ਪਲਟਨ ਵਾਲੀ ਦੈਵੀ ਖੇਡ, ਚੌਥੇ ਥਾਂ ਤੱਕ ਪੁੱਜ ਕੇ ਸਮਾਪਤ ਹੋ ਜਾਣੀ ਸੀ । ਅਜੇਹੀ ਗਾਥਾ ਘੜਨ ਤੋਂ ਲਿਖਾਰੀ ਦਾ ਸਪੱਸ਼ਟ ਭਾਵ ਇਹ ਹੈ ਕਿ, ਲੰਮੇ ਕਾਲ ਚੱਕਰ ਨਾਲ ਸਿੱਖਾਂ ਦੇ ਮਨਾਂ ਵਿਚ ਪੱਕਾ ਯਕੀਨ ਬਣ ਜਾਣਾ ਹੈ ਕਿ ਸੋਢੀ-ਕੁਲ ਚੌਥੇ ਗੁਰੂ ਰਾਮਦਾਸ ਜੀ ਨੇ ਕਲਜੁਗ ਵਿਚ ਆ ਕੇ ਆਪਣਾ ਹੀ ਹੱਕ ਵਸੂਲ ਕੀਤਾ ਸੀ। ਗੁਰੂ ਨਾਨਕ ਜੀ ਦੀ ਜੋਤਿ (-ਗਿਆਨ) ਨਾਲ ਉਨ੍ਹਾਂ ਦਾ ਵਾਸਤਾ ਕੋਈ ਨਹੀਂ ਸੀ। ਗੁਰੂ ਨਾਨਕ ਜੀ ਦੇ ਜਿਸ ਨਿਆਰੇ ਗਿਆਨ ਤੋਂ ਬ੍ਰਾਹਮਣ ਚਿੜਿਆ ਹੋਇਆ ਸੀ ਉਸ ਗਿਆਨ ਤੋਂ ਪਿਛਾ ਛੁਡਾ ਲੈਣ ਦੀ ਸੱਧਰ ਪੂਰੀ ਕਰ ਲੈਣ ਦਾ ਪੱਕਾ ਨੀਂਹ-ਪੱਥਰ ਬੜੀ ਸਫ਼ਲਤਾ ਨਾਲ ਟਿਕਾ ਦਿੱਤਾ ਗਿਆ ਸੀ।

੧੫

# ਰਾਮਾਇਣ ਗਾਥਾ ਦੇ ਅਧਾਰ ਤੇ ਵਿਚਾਰ ਗੋਚਰਾ ਬੜਾ ਜਰੂਰੀ ਪੱਖ-

**ਪ੍ਰਸਿਧ ਵਿਦਵਾਨ ਕਵੀ, ਗੋਸਵਾਮੀ ਤੁਲਸੀ ਦਾਸ** (ਕਥਿਤ) ਵਿਸ਼ਨੂੰ ਭਗਵਾਨ ਦੇ ਕਈ ਅਵਤਾਰਾਂ ਵਿਚੋਂ ਕੇਵਲ ਅਤੇ ਕੇਵਲ (ਕਥਿਤ) ਅਵਤਾਰ ਸ੍ਰੀ ਰਾਮ ਜੀ ਨੂੰ ਹੀ ਪਾਰਬ੍ਰਹਮ ਪਰਮੇਸ਼ਰ ਮੰਨਦਾ ਸੀ ਅਤੇ ਓਸੇ ਦਾ ਅਨਿਨ ਭਗਤ ਸੀ। ਉਸ ਨੇ ਸ੍ਰੀ ਰਾਮ ਚਰਿਤ੍ਰ ਮਾਨਸ (ਸ੍ਰੀ ਤੁਲਸੀ ਰਾਮਾਇਣ) ਗ੍ਰੰਥ ਲਿਖਿਆ ਹੈ । ਪਿੱਛੇ ਜਿਹੇ **T.V.** ਤੇ ਵਿਖਾਈ ਗਈ ਰਾਮਾਇਣ ਵਿਚ ਬਹੁਤੇ ਦ੍ਰਿਸ਼ਯ ਉਸੇ ਗ੍ਰੰਥ ਦੇ ਅਧਾਰ ਤੇ ਹੀ ਫਿਲਮਾਏ ਗਏ ਹਨ ।

ਰਾਮਾਇਣ ਕਥਾ ਦਾ ਲਿਖਾਰੀ ਗੋਸਵਾਮੀ ਤੁਲਸੀ ਦਾਸ ਜੀ ਸੰਨ ੧੪੯੭ (ਸੰਮਤ-੧੫੫੪) ਵਿਚ U.P. ਵਿਚਲੇ ਪ੍ਰਯਾਗਰਾਜ ਦੇ ਕੋਲ ਬਾਂਦਾ ਜ਼ਿਲੇ ਦੇ ਰਾਜਪੁਰ ਨਾਮੀ ਪਿੰਡ ਵਿਚ ਪੈਦਾ ਹੋਏ ਸਨ । ਭਾਵ ਸ੍ਰੀ ਗੁਰੂ ਨਾਨਕ ਦੇਵ ਕੀ ਦੇ ਆਗਮਨ ਤੋਂ ੨੮ ਸਾਲ ਪਿਛੋਂ । ਸ੍ਰੀ ਰਾਮ ਚੰਦਰ ਜੀ ਦੀ ਛੋਟੀ ਤੋਂ ਛੋਟੀ ਗੱਲ ਨੂੰ ਬੜੀ ਵੱਡੀ ਕਰਾਮਾਤ ਦੇ ਰੂਪ ਵਿਚ ਲਿਖਣ ਵਾਲੇ ਤੁਲਸੀ ਦਾਸ ਜੀ ਨੇ ਕਿਤੇ ਨਹੀਂ ਲਿਖਿਆ ਕਿ ਸ੍ਰੀ ਰਾਮ ਜੀ ਜਾਂ ਉਨ੍ਹਾਂ ਦੀ ਔਲਾਦ ਦਾ ਰਾਜ U,P. ਦੇ ਇਲਾਕੇ ਵਿਚੋਂ ਬਾਹਰ ਪੰਜਾਬ ਵਲਨੂੰ ਕਦੇ ਜ਼ਰਾ ਵੀ ਵਧਿਆ ਸੀ । ਰਾਮ ਚਰਿਤ੍ਰ ਮਾਣਸ ਵਿਚ ਲਊ ਅਤੇ ਕੁਸ਼ ਦੇ ਰਾਜ ਬਾਰੇ ਕੇਵਲ ਇਹ ਕੁਝ ਹੀ ਲਿਖਿਆ ਹੈ :--

**ਅਵਧ ਨ੍ਰਿਪਤਿ " ਕੁਸ " ਕੀਨ ਬਹੋਰੀ । ਸਿਖਯ ਨੀਤਿ ਪੁਨਿ ਕਹਿਓ ਨਿਹੋਰੀ ।**
**ਭ੍ਰਾਤਨ ਪਰ ਸੁਤ ਦਯਾ ਕਰਹੂ । ਰਾਜਨੀਤ ਉਰ ਮਾਹਿ ਧਰੇਹੂ ।**

**ਅਰਥ:**--ਅਜੁਧਿਆ ਦਾ ਰਾਜ ਆਪਣੇ ਵਡੇ ਪੁਤਰ ਕੁਸ਼ ਨੂੰ ਦਿਤਾ ਅਰ ਰਾਜਨੀਤੀ ਸਮਝਾ ਕੇ ਆਖਿਆ, ਹੇ ਪੁੱਤਰ ! ਭਰਾਵਾਂ ਤੇ ਦਇਆ ਰਖਣੀ ਅਰ ਹਿਰਦੇ ਵਿਚ ਰਾਜਨੀਤੀ ਧਾਰਨ ਕਰਨੀ ।

**ਉਤਰ ਨਗਰ ਸੁ ਉੱਤਰ ਦੂਰੀ । ਸੁਖ ਸੰਪਦਾ ਜਹਾ ਅਤਿ ਰੂਰੀ ।**
**ਲਵ ਕਹੰ ਦੀਨ ਕ੍ਰਿਪਾਨਿਧ ਸਾਈ । ਪਟਤਰਿ ਅਵਧ ਨਗਰ ਨਹਿ ਕੋਈ ।**

**ਅਰਥ:**--ਬਹੁਤ ਦੂਰ ਉਤਰ ਪਾਸੇ ਜਿਥੇ ਸਭ ਸੁਖ ਹਨ, ਲਵ ਨੂੰ ਉਥੋਂ ਦਾ ਰਾਜ ਦਿਤਾ ਪਰ ਅਜੁਧਿਆ ਸਮਾਨ ਕੋਈ ਨਗਰ ਨਹੀਂ ਹੈ ।

ਇਸ ਤੋਂ ਅੱਗੇ ਫੌਜ ਆਦਿ ਧਨ ਦੌਲਤ ਨਾਲ ਸਾਰੇ ਪੁੱਤਰਾਂ ਨੂੰ ਨਿਹਾਲ ਕਰਨ ਦੀ ਗੱਲ ਹੀ ਲਿਖੀ ਹੈ ਜੋ ਇਸ ਪ੍ਰਕਾਰ ਹੈ:--

**ਆਠ ਸਹਸ ਰਥ ਤੁਰੰਗ ਪਚਾਸਾ । ਦਸ ਸਹੰਸ੍ਰ ਗਜ ਮੱਤ ਬਿਲਾਸਾ ।**
**ਲਜਹਿ ਇੰਦ੍ਰ ਗਜ ਤਿਨਹਿ ਬਿਲੋਕੀ । ਦ੍ਰਿਗਪਾਲ ਨਿਜ ਪ੍ਰਭਤਾ ਰੋਕੀ ।**

**ਅਰਥ:**--ਅਠ ਹਜ਼ਾਰ ਰਥ, ਪੰਜਾਹ ਹਜ਼ਾਰ ਘੋੜੇ, ਅਰੇ ਦਸ ਹਜ਼ਾਰ ਮਤਵਾਲੇ ਹਾਥੀ ਜਿਨ੍ਹਾਂ ਸਵਾਰੀਆਂ ਨੂੰ ਦੇਖਕੇ ਇੰਦਰ ਦੇ ਹਾਥੀ ਵੀ ਲਜਿਤ ਹੁੰਦੇ ਸਨ ਅਤੇ ਜਿਨ੍ਹਾਂ ਨੇ ਦਿਗਪਾਲ ਦੀ ਪ੍ਰਭਤਾ ਨੂੰ ਵੀ ਤੁਛ ਕਰ ਦਿੱਤਾ ਸੀ।

**ਸ਼ੱਕ੍ਰ ਕੁਬੇਰ ਦੇਖਿ ਸਕੁਚਾਨੇ । ਤਿਨਕੀ ਮਹਿਮਾ ਕੌਣ ਬਖਾਨੇ ।**
**ਇਕ ਇਕ ਸੁਤਨ ਦੀਨ ਰਘੁਰਾਯਾ । ਬਰਨਿ ਕੋ ਸਕੈ ਸੁਨਹੁ ਖਗਰਾਯਾ ।**
**ਧਨਦ ਕੋਟਿ ਸਮ ਭਰੇ ਭੰਡਾਰਾ । ਯਥਾਯੋਗ ਕਰਿ ਭਾਗੁ ਉਦਾਰਾ ।**

**ਅਰਥ:**--ਉਸ ਬੇਅੰਤ ਧਨ ਨੂੰ ਦੇਖ ਕੇ ਇੰਦਰ ਅਰ ਕੁਬੇਰ ਵੀ ਸ਼ਰਮਿੰਦੇ ਹੁੰਦੇ ਸਨ। ਉਸ ਦੀ ਉਪਮਾਂ ਕੌਣ ਵਰਣਨ ਕਰ ਸਕਦਾ ਹੈ। ਹੇ ਗਰੁੜ ਜੀ ! ਸ੍ਰੀ ਰਾਮ ਜੀ ਨੇ ਹਰ ਇਕ ਪੁੱਤਰ ਨੂੰ ਇਤਨਾ ਧਨ ਦਿਤਾ ਜੋ ਆਖਿਆ ਨਹੀਂ ਜਾ ਸਕਦਾ। ਉਦਾਰ ਭਗਵਾਨ ਨੇ ਕਰੋੜਾਂ ਦੇ ਸਮਾਨ ਧਨ ਭੰਡਾਰ ਸਾਰਿਆਂ ਪੁਤ੍ਰਾਂ ਨੂੰ ਯਥਾਯੋਗ ਵੰਡ ਦਿੱਤਾ ।

**ਦੋਹਿਰਾ--- ਸਕਲ ਤਨਯ ਪਰਿਤੋਸ਼ ਕਰ, ਬਿਦਾ ਕੀਨ ਰਘੁਬੀਰ ।**
**ਬਿਪ੍ਰ ਬਿੰਦ੍ਰ ਯਾਚਕ ਸਕਲ, ਲਿਯੇ ਬੋਲਿ ਮਤਿ ਧੀਰ ॥ ੭੦ ॥**

**ਅਰਥ:**--ਸ੍ਰੀ ਰਾਮ ਜੀ ਨੇ ਸਾਰਿਆਂ ਪੁਤਰਾਂ ਨੂੰ ਪ੍ਰਸੰਨ ਕਰਕੇ ਵਿਦਾ ਕੀਤਾ ਅਤੇ ਫੇਰ ਬ੍ਰਾਹਮਣਾ ਅਰ ਭਿਖਾਰੀਆਂ ਨੂੰ ਸਦਿਆ।

ਗੋ-ਸਵਾਮੀ ਤੁਲਸੀ ਦਾਸ ਜੀ ਦੀ ਮੌਤ ੧੬੨੩ ਈਸਵੀ ਵਿਚ ਹੋਈ ਸੀ। ਉਸ ਵੇਲੇ ਛੇਵੇ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਕਾਲੀ ਜੋਤਿ ਦਾ ਪ੍ਰਕਾਸ਼ ਵੰਡ ਰਹੇ ਸਨ ਜੇ ਲਵ ਜਾਂ ਕੁਸ਼ ਨੇ ਲਾਹੌਰ ਅਤੇ ਕਸੂਰ ਵਰਗੇ ਸ਼ਹਿਰ ਵਸਾਏ ਹੁੰਦੇ, ਜਾਂ ਕਿਸੇ ਤਰ੍ਹਾਂ ਨਾਲ ਵੀ ਉਨ੍ਹਾਂ ਦੀ ਪੀੜ੍ਹੀ ਗੁਰੂ ਨਾਨਕ ਜੀ ਦੇ ਬੇਦੀ ਖ਼ਾਨਦਾਨ ਨਾਲ ਮਿਲਦੀ ਹੁੰਦੀ, ਤਾਂ ਤੁਲਸੀ ਦਾਸ ਨੇ ਇਸ ਗਾਥਾ ਨੂੰ ਬੜੀ ਵਧਾ ਚੜ੍ਹਾ ਕੇ ਲਿਖਣਾ ਸੀ। ਗੋਸਵਾਮੀ ਵਰਗਾ ਕੱਟੜ ਵਿਚਾਰਾਂ ਵਾਲਾ ਵਿਦਵਾਨ ਬ੍ਰਾਹਮਣ, ਜਿਸ ਦੇ ਬਾਰੇ ਰਾਮਚਿਰਤ੍ਰ ਮਾਨਸ ਗ੍ਰੰਥ ਵਿਚ ਹੀ ਲਿਖਿਆ ਹੈ ਕਿ ਇੱਕ ਵਾਰੀ ਉਹ ਗੁਪਾਲ ਮੰਦਰ ਵਿਚ ਗਏ ਤਾਂ ਧਨੁਖ ਬਾਨ ਤੋਂ ਬਿਨਾ ਸ੍ਰੀ ਕ੍ਰਿਸ਼ਨ ਜੀ ਦੀ ਮੂਰਤੀ ਅੱਗੇ ਨਹੀਂ ਸਨ ਨਿਵੇਂ:---

**ਕਹਾਂ ਕਹੋਂ ਛਬ ਅਬ ਆਜ ਕੀ, ਭਲੇ ਬਨੇ ਹੋ ਨਾਥ ॥**
**ਤੁਲਸੀ ਮਸਤਕ ਤਬ ਨਿਵੇ, ਧਨੁਖ ਬਾਨ ਲੌ ਹਾਥ ॥**

ਹੇ ਨਾਥ ਉਂਜ ਤਾਂ ਤੇਰੀ ਅੱਜ ਦੀ ਸੁੰਦਰਤਾ ਅਜੇਹੀ ਸੋਹਣੀ ਬਣੀ ਹੋਈ ਹੈ ਕਿ ਕੁਝ ਕਿਹਾ ਨਹੀਂ ਜਾ ਸਕਦਾ । ਪਰ ਤੁਲਸੀ ਦਾਸ ਦਾ ਸਿਰ ਤੇਰੇ ਅੱਗੇ ਤਦ ਹੀ ਝੁਕ ਸਕਦਾ ਹੈ (ਜੇ ਤੂੰ ਰਾਮ ਰੂਪ ਹੋ ਕੇ) ਹਥ ਵਿਚ ਧਨੁਖ ਬਾਣ ਫੜਿਆ ਹੋਇਆ ਹੋਵੇ । ਸ੍ਰੀ ਰਾਮ ਜੀ ਦੇ ਅਜੇਹੇ ਕੱਟੜਵਾਦੀ ਭਗਤ, ਉੱਚ ਕੋਟੀ ਦੇ ਵਿਦਵਾਨ ਬ੍ਰਾਹਮਣ ਬਾਰੇ ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਉਸ ਨੂੰ ਗੁਰੂ ਨਾਨਕ ਸਾਹਿਬ ਦੇ ਘਰ ਤੋਂ ਪੂਰੀ ਵਾਕਫ਼ੀਯਤ ਨਾ ਹੋਵੇ। ਹਿੰਦੂ ਸਮਾਜ ਵਿਚੋਂ ਹੀ, ਬ੍ਰਾਹਮਣ ਦੀ ਗੁਰਿਆਈ ਤੋਂ ਬਾਗ਼ੀ ਹੋ ਕੇ, ਸਤਿਗੁਰਾਂ ਦੇ ਸਿੱਖ ਬਣਦੇ ਜਾ ਰਹੇ ਲੋਕ, ਪ੍ਰੋਹਿਤ ਜੀ ਕੋਲੋਂ ਕਦੋਂ ਝੱਲੇ ਜਾਂਦੇ ਸਨ? ਲਵ ਕੁਸ਼ ਦੀ ਕਹਾਣੀ ਵਿਚ ਜ਼ਰਾ ਜਿੰਨੀ ਵੀ ਸੱਚਾਈ ਹੁੰਦੀ ਤਾਂ ਉਸ ਨੂੰ ਕਈ ਗੁਣਾ ਵਧਾ ਚੜ੍ਹਾ ਕੇ ਲਿਖਣੋ , ਗੋ-ਸੁਆਮੀ ਤੁਲਸੀ ਦਾਸ ਜੀ ਕਦੇ ਨਾ ਟਲਦੇ। ਪਰ ਪੰਜ ਭੂਤਕ ਸਰੀਰ ਵਿਚ ਵਿਚਰਦੇ ਸਤਿਗੁਰਾਂ ਦੇ ਸਮੇ, ਝੂਠ ਨੂੰ ਸੱਚ ਨਹੀਂ ਸੀ ਬਣਾਇਆ ਜਾ ਸਕਦਾ। ਸਪੱਸ਼ਟ ਹੈ ਕਿ ਇਹ ਸਾਰਾ ਕੁਫ਼ਰ ਸੰਨ ੧੭੦੮ ਦੇ ਮਗਰੋਂ ਪ੍ਰਗਟ ਹੋਇਆ ਸੀ।

**ਖਟਕਾ, ਸਦਾ ਲਈ ਦੂਰ ਕਰ ਲਿਆ ?** ਲਿਖਾਰੀ ਦੇ ਮਨ ਵਿਚ ਦੋ ਖਟਕੇ ਸਨ :--

(੧) ਬ੍ਰਾਹਮਣ ਦੀ ਆਮਦਨ ਦੇ ਮੁੱਖ ਸਾਧਨ, ' **ਵਰ ਸਰਾਪ** ' ਦੇ ਭਰਮ ਦੀ ਗੁਰਮਤਿ ਵਿਚ ਭਰਪੂਰ ਖੰਡਨਾਂ ਵੇਖੀ ਤਾਂ ਆਪਣੀ ਆਮਦਨ ਦੇ ਇਸ ਸਾਧਨ ਲਈ ਸਿਖੀ ਵਡਾ ਖ਼ਤਰਾ ਹੋ ਦਿੱਸੀ। ਇਸ ਤੌਖਲੇ ਨੂੰ ਖ਼ਤਮ ਕਰਨ ਲਈ ਬ੍ਰਾਹਮਣ ਚਾਹੁੰਦਾ ਸੀ ਕਿ ਗੁਰੂ ਨਾਨਕ ਜੀ ਦੇ ਸਿੱਖ ਇਸ ਭਰਮ ਵਿਚ ਅਜੇਹੇ ਫਸਾ ਦਿੱਤੇ ਜਾਣ ਕਿ ਵਰਾਂ ਸਰਾਪਾਂ ਵਾਲੇ ਇਸ ਭਰਮ ਵਿਚੋਂ ਨਾ ਨਿਕਲ ਸਕਣ,

(੨) ਬ੍ਰਾਹਮਣ ਦਾ ਸਾਰਾ ਯਤਨ ਗੁਰੂ ਨਾਨਕ ਦੇਵ ਜੀ ਦੇ ਨਿਆਰੇ ਗਿਆਨ ਤੋਂ ਖ਼ਲਾਸੀ ਕਰਾਉਣ ਦਾ ਸੀ। ਏਧਰ ਸਿੱਖਾਂ ਦੇ ਮਨਾਂ ਵਿਚ ਇਹ ਗੱਲ ਪੱਕੀ ਤਰ੍ਹਾਂ ਘਰ ਕਰ ਚੁੱਕੀ ਸੀ ਕਿ ਦਸਾਂ ਹੀ ਸਤਿਗੁਰਾਂ ਵਿਚ ਗੁਰੂ ਨਾਨਕ ਜੀ ਦੀ ਹੀ ਜੋਤਿ ਵਿਚਰਦੀ ਆ ਰਹੀ ਹੈ। ਇਸ ਤਰ੍ਹਾਂ ਦਸ਼ਮੇਸ਼ ਜੀ ਵੀ ਸਾਖ਼ਸ਼ਾਤ ਗੁਰੂ ਨਾਨਕ ਜੀ ਹੀ ਹਨ। ਬਿੱਪ੍ਰ ਦੇ ਹਿਰਦੇ ਅੰਦਰ ਦੂਜਾ ਵਡਾ ਤੌਖ਼ਲਾ ਇਹ ਸੀ ਕਿ ਕਿਵੇਂ ਨ ਕਿਵੇਂ, ਦਸ਼ਮੇਸ਼ ਜੀ ਨੂੰ ਗੁਰੂ ਨਾਨਕ ਜੀ ਦੀ ਜੋਤਿ ਤੋਂ ਪੂਰੀ ਤਰ੍ਹਾਂ ਅੱਡ ਸਿੱਧ ਕਰ ਦੇਣਾ ਚਾਹੀਦਾ ਹੈ । *

* [**Foot note**:--ਇਸ ਸਚਾਈ ਦਾ ਪਿਛੋਕੜ ਵਿਸਥਾਰ ਨਾਲ ਸਮਝਣ ਲਈ ਪੜ੍ਹੋ ਪਹਿਲੇ ਭਾਗ ਦੇ ਚੌਥੇ ਕਾਂਡ ਦਾ ਅਠਵਾਂ ਲੇਖ " ਕ੍ਰਿਸ਼ਨ ਭਗਵਾਨ ਤੇ ਕਲਗ਼ੀਧਰ " ]

੩) ਤੀਜਾ ਖਟਕਾ ਇਹ ਸੀ ਕਿ, ਰਾਮ ਚੰਦਰ ਦੇ ਪੁੱਤਰਾਂ (ਲਵ ਤੇ ਕੁਸ਼) ਨੂੰ ਵਰਤ ਕੇ ਸੋਢੀਆਂ ਅਤੇ ਬੇਦੀਆਂ ਵਾਲੇ ਕੂੜ੍ਹਰ-ਝਮੇਲੇ ਦਾ ਪਾਜ ਨੰਗਾ ਹੋਣ ਤੇ ਕਿਤੇ ਸਿੱਖ ਕੋਈ ਰੌਲਾ ਨਾ ਖੜਾ ਕਰ ਦੇਣ ?

ਬ੍ਰਾਹਮਣ ਨੇ ਭਗਵਾਨਾਂ ਅਤੇ ਦੇਵਤਿਆਂ ਦੀ ਜ਼ਬਾਨੀ ਸਾਰਾ ਮਿਥਿਹਾਸ ਲਿਖਣ ਸਮੇ ਪ੍ਰਭੂ ਕੋਲੋਂ ਵੀ ਆਪਣੀ ਸਿਫ਼ਤ ਲਿਖਵਾ ਕੇ ਜਿਵੇ ਆਪਣੇ ਆਪ ਨੂੰ ਦੇਵਤਾ ਅਤੇ ਫਿਰ ਭਗਵਾਨ ਬਣਾ ਲਿਆ ਸੀ ਅਤੇ ਨਿਰੋਲ ਆਪਣੀ ਕਲਪਣਾ ਦੀ ਉਪਜ, ਭਗਵਾਨਾਂ, ਦੇਵਤਿਆਂ, ਰਿਸ਼ੀਆਂ ਅਥਵਾ ਰਾਜਿਆਂ ਦੀ ਜਿਵੇਂ ਆਪਸ ਵਿਚ ਹੋਈ ਵਾਰਤਾਲਾਪ ਲਿਖ ਕੇ, ਵਡੇ ਤੋਂ ਵਡੇ ਝੂਠ ਨੂੰ ਪੂਰੇ ਸੱਚ ਦਾ ਰੂਪ ਦੇ ਕੇ ਉਸ ਨੂੰ ਪੂਜਨੀਕ ਬਣਾ ਲਿਆ ਹੋਇਆ ਸੀ। ਉਹੀ ਅਜ਼ਮਾਇਆ ਹੋਇਆ ਬਚਿਤ੍ਰ ਲਿਖਣ-ਢੰਗ " **ਬਚਿਤਰ ਨਾਟਕ** " ਤਿਆਰ ਕਰਨ ਵਿਚ ਵਰਤਿਆ। ਪੁਰਾਣਕ ਗ੍ਰੰਥਾਂ ਦੇ ਲਿਖਣ ਢੰਗ ਵਾਂਗ ਹੀ ਲਿਖਾਰੀ ਦਾ ਨਾਮ ਗੁਪਤ ਰੱਖ ਕੇ, ਅਕਾਲ ਪੁਰਖ ਜੀ ਅਤੇ ਦਸ਼ਮੇਸ਼ ਜੀ ਦੀ ਆਪਸੀ ਵਾਰਤਾਲਾਪ ਹੁੰਦੀ ਦਰਸਾ ਕੇ ਆਪਣਾ ਮੰਤਵ ਸਿੱਧ ਕਰ ਲਿਆ। ਕਲਪਣਾ ਦੀ ਉਪਜ ਜਿਸ **ਝੂਠ ਦੀ ਮਨੌਤ** ਤੋਂ ਗੁਰੂ ਨਾਨਕ ਦੇਵ ਜੀ ਨੇ (ਗੁਰਬਾਣੀ ਦੁਆਰਾ) ਰੋਕਿਆ ਸੀ ਉਹ ਸਾਰੇ ਦਾ ਸਾਰਾ **" ਮਿੱਥ "** (ਕਥਿਤ ਤੌਰ ਦਸ਼ਮੇਸ਼ ਜੀ ਦੀ ਕਲਮ ਤੋਂ ਲਿਖਿਆ ਦਰਸਾ ਕੇ ?) ਸਿਖਾਂ ਦੇ ਧਰਮ ਦਾ ਕੇਵਲ ਹਿੱਸਾ ਹੀ ਨਹੀਂ ਬਣਾ ਲਿਆ ਸਗੋਂ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸਤ ਸਰੂਪਾਂ ਨੂੰ ਵੀ, (ਬ੍ਰਾਹਮਣੀ ਕਲਪਣਾ ਦੀ ਉਪਜ ਕਥਿਤ), **ਸ੍ਰੀ ਰਾਮ ਦੇ ਵੰਸ਼ਕ ਸਿੱਧ ਕਰ ਲਿਆ।** ਅਧਿਆਇ ਸਮਾਪਤੀ ਦੀ ਘੋਸ਼ਨਾ:--

**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਬੇਦ ਪਾਠ ਭੇਟ ਰਾਜ**
**ਚਤੁਰਥ ਧਿਆਇ ਸਮਾਪਤ ਮਸਤੁ ਸੁਭ ਮਸਤੁ ॥ ੪ ॥ ੧੯੯ ॥**

੧੬

# ਪੰਜਵਾਂ ਅਧਿਆਇ

## ਸਤਿਗੁਰੂ ਨਾਨਕ ਜੀ ਦੇ ਵਡੱਕੇ ਲਿਖ ਕੇ ਫਿਰ ਉਨ੍ਹਾਂ ਬੇਦੀਆਂ ਦੀ ਦੁਰਦਸ਼ਾ ?

ਬਚਿੱਤ੍ਰ ਨਾਟਕ ਦੇ ਲਿਖਾਰੀ ਜੀ ਨੇ ਲਵੀਆਂ ਨੂੰ ਪਹਿਲਾਂ ਜੰਗ ਵਿਚ ਹਾਰੇ ਹੋਏ ਭਗੌੜੇ ਵਿਖਾਇਆ। ਫਿਰ ਉਨ੍ਹਾਂ ਨੂੰ ਕਾਂਸ਼ੀ ਵਾੜ ਕੇ ਵੇਦ ਪਾਠੀ ਬਣਾਇਆ। ਅਤੇ ਫਿਰ ਲਵੀਆਂ ਨੂੰ ਜੰਗ ਦੇ ਮੈਦਾਨ ਦੇ ਕਾਇਰ ਦਰਸਾ ਕੇ ਕੇਵਲ ਵੇਦ ਪੜ੍ਹਨ ਨਾਲ ਆਤਮਿਕ ਤੌਰ ਤੇ ਏਡੇ ਉਚੇ ਹੋਏ ਦਰਸਾ ਦਿੱਤਾ ਕਿ ਕਰੀਬ ਦੋ ਯੁੱਗ ਪਹਿਲਾਂ ਹੀ ਕੁਸ਼ੀਆਂ ਨੂੰ ਗੁਰਿਆਈ ਦੀ ਬਖ਼ਸ਼ਸ਼ ਦਾ **ਵਰ**, (ਲਿਖਾਰੀ ਅਨੁਸਾਰ), ਦੇਣ ਦੀ ਆਤਮਕ ਸ਼ਕਤੀ ਵਾਲੇ ਬਣ ਚੁੱਕੇ ਸਨ। ਫਿਰ ਉਨ੍ਹਾਂ ਹੀ ਕਥਿਤ ਬ੍ਰਹਮ-ਗਿਆਨੀਆਂ ਦੀ ਬੜੀ ਵਡੀ ਦੁਰਦਸ਼ਾ ਹੁੰਦੀ ਦਰਸਾਉਣ ਦਾ ਬੜਾ ਘਿਣਾਵਣਾ ਬਿੱਪ੍ਰੀ ਪਾਪ ਕਰਨੋ ਨਾ ਸੰਗਿਆ। ਪਹਿਲਾਂ ਆਪ ਹੀ ਇਹ ਲਿਖ ਕੇ, ਕਿ, ਭਗਵਾਨ ਆਪਣੇ ਭਗਤਾਂ ਦਾ ਕਦੇ ਵਾਲ ਵੀ ਵਿੰਗਾ ਨਹੀਂ ਹੋਣ ਦਿੰਦਾ ਪਾਠਕ ਦੇ ਧਾਰਮਿਕ ਵਿਸ਼ਵਾਸ਼ ਵਿਚ ਵਾਧਾ ਕੀਤਾ ਅਤੇ ਫਿਰ ਪ੍ਰਭੂ ਪ੍ਰਤੀ ਬਣੇ ਉਸ ਵਿਸ਼ਾਸ਼ ਨੂੰ ਲਿਖਾਰੀ ਜੀ ਨੇ ਮਿੱਟੀ ਵਿਚ ਰੋਲਿਆ:---

**ਨਰਾਜ ਛੰਦ ॥**

**ਬਹੁਰ ਬਿਖਾਦ ਬਾਧਿਯੰ ॥ ਕਿਨੀ ਨ ਤਹਿ ਸਾਧਿਯੰ ॥ ਕਰੰਮ ਕਾਲ ਯੋਂ ਭਈ ॥ ਸੁ ਭੂਮਿ ਬੰਸ ਤੇ ਗਈ ॥ ੧ ॥**

**ਅਰਥ**:--ਫੇਰ (ਮਹਾਂ ਗਿਆਨੀ ਬੇਦੀ ਖਾਨਦਾਨ ਵਿਚ) ਝਗੜਾ ਵਧ ਗਿਆ । ਉਸ ਝਗੜੇ ਨੂੰ ਕੋਈ ਭੀ ਨਾ (ਸਾਧਯੰ) ਹਟਾ ਸਕਿਆ । ਕਾਲ ਮਹਾਰਾਜ ਦੀ ਕਰਮ ਗਤ ਇਹ ਹੋਈ, (ਕਿ ਬੇਦੀਆਂ ਕੋਲ ਰਾਜ ਤਾਂ ਕੀ ਰਹਿਣਾ ਸੀ ਉਨ੍ਹਾਂ ਕੋਲੋਂ) ਧਰਤੀ ਦਾ ਟੁਕੜਾ ਵੀ ਖੁੱਸ ਗਿਆ ।

**ਦੋਹਰਾ ॥**

**ਬਿਪ੍ਰ ਕਰਤ ਭਏ ਸੂਦ੍ਰ ਬ੍ਰਿਤਿ ਛਤ੍ਰੀ ਬੈਸਨ ਕਰਮ ॥ ਬੈਸ ਕਰਤ ਛਤ੍ਰਿ ਬ੍ਰਿਤਿ ਸੂਦ੍ਰ ਸੁ ਦਿਜ ਕੋ ਧਰਮ ॥ ੨ ॥**

**ਅਰਥ**:--ਬ੍ਰਾਹਮਣ ਸੂਦ੍ਰਾਂ ਦਾ ਕਰਮ ਕਰਨ ਲੱਗ ਪਏ ਅਤੇ **ਛਤ੍ਰੀਆਂ** ਨੇ **ਵੈਸ਼ਾਂ** ਦੇ ਕਰਮ ਫੜ ਲਏ, ਵੈਸ਼ ਛਤ੍ਰੀਆਂ ਵਾਲੇ ਕਰਮ ਕਰਨ ਲਗ ਪਏ, ਅਤੇ **ਸ਼ੂਦ੍ਰ** ਨੇ **ਬ੍ਰਾਹਮਣਾ** ਦਾ ਧਰਮ ਫੜ ਲਿਆ।

ਲਿਖਾਰੀ ਦੀਆਂ ਨਜ਼ਰਾਂ ਵਿਚ ਵਰਨ ਵੰਡ ਵਾਲੇ ਬੰਧਨ ਬੜੀ ਮਹੱਤਤਾ ਬਣੇ ਹੋਏ ਹਨ। ਕਿਤਿਆਂ ਵਿਚ ਬਦਲੀ ਹੋ ਜਾਣੀ ਉਸ ਲਈ ਬੜਾ ਹੀ ਮੰਦਾ ਕਰਮ ਬਣ ਖਲੋਤਾ ਹੈ। ਪਰ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਤਾਂ ਪਹਿਲੇ ਸਰੂਪ ਵਿਚ ਹੀ ਚਾਰੇ ਵਰਣ ਇਕ ਵਰਣ ਕਰ ਦਿਤੇ ਸਨ-" **ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ ॥** " ਫਿਰ ਦਸਵੇਂ ਸਰੂਪ ਵਿਚ ਆ ਕੇ ਬ੍ਰਾਹਮਣੀ ਵਰਨ ਵੰਡ ਵਾਲੇ

ਕਿਤਿਆਂ ਦੇ ਬਦਲ ਜਾਣ ਦਾ ਕੋਈ ਬੁਰਾ ਕਿਸ ਕਾਰਨ ਮਨਾਉਣਾ ਸੀ? ਅਜੇਹੀ ਕੱਚੀ ਗੱਲ ਨਾਲ ਸਤਿਗੁਰਾਂ ਦਾ ਵਾਸਤਾ ਜੋੜਨਾਂ ਸਿੱਖੀ ਦਾ ਕਰਮ ਨਹੀ ਹੈ ਜੀ। ਉਸ ਮਹਾਂ ਬਲੀ ਸੂਰਮੇ ਸਤਿਗੁਰਾਂ ਦਾ ਕੋਈ ਮਾੜਾ ਮੋਟਾ ਵਾਸਤਾ ਵੀ ਕਿਵੇਂ ਜੁੜ ਸਕਦਾ ਹੈ, ਜਿੰਨ੍ਹਾਂ ਦਾ ਆਪਣਾ ਫੁਰਮਾਨ ਸ੍ਰੀ ਅਕਾਲ ਉਸਤਤਿ ਵਿਚ ਇਸ ਪ੍ਰਕਾਰ ਹੈ:--

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ, ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ।**
**ਹਿੰਦੂ ਤੁਰਕ ਕੋਊ ਰਾਫ਼ਸੀ ਇਮਾਮ ਸਾਫ਼ੀ, ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ।**
**ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ, ਦੂਸਰੋ ਨਾ ਭੇਦ ਕੋਈ, ਭੂਲ ਭ੍ਰਮ ਮਾਨਬੋ ।**
**ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥ ੮੫ ॥**

ਦਸਮ ਗੁਰੂ ਨਾਨਕ ਜੀ ਦੀ ਬਾਣੀ ਦਾ ਰਸ ਹੀ ਅੱਡਰਾ ਹੈ । ਬਚਿਤ੍ਰ ਨਾਟਕ ਦੀ ਲਿਖਤ ਅੱਗੇ ਇਉਂ ਤੁਰਦੀ ਹੈ:--

**ਚੌਪਈ ॥ ਬੀਸ ਗਾਵ ਤਿਨਕੇ ਰਹਿ ਗਏ ॥ ਜਿਨ ਮੋ ਕਰਤ ਕ੍ਰਿਸਾਨੀ ਭਏ ॥**
**ਬਹੁਤ ਕਾਲ ਇਹ ਭਾਂਤਿ ਬਿਤਾਯੋ ॥ ਜਨਮ ਸਮੈ ਨਾਨਕ ਕੋ ਆਯੋ ॥ ੩ ॥**

**ਅਰਥ:**--(ਅਜੇਹੇ ਕਰਮ ਭ੍ਰਿਸ਼ਟ ਹੁੰਦਿਆਂ ਹੀ) ਉਨ੍ਹਾਂ ਵੇਦੀਆਂ ਦੇ ਕੋਲ ਵੀਹ ਕੁ ਪਿੰਡ ਰਹਿ ਗਏ । ਉਨ੍ਹਾਂ ਵਿਚ ਉਹ ਜਿਮੀਂਦਾਰਾ ਕਰਨ ਲੱਗੇ । ਇਸ ਤਰ੍ਹਾਂ ਬਹੁਤ ਸਾਰਾ ਸਮਾਂ ਗੁਜ਼ਰ ਗਿਆ । [ਤਾਂ ਗੁਰੂ] ਨਾਨਕ [ਜੀ ਦੇ] ਜਨਮ ਦਾ ਸਮਾਂ ਵੀ ਆ ਗਿਆ । ੩ ।

ਗੁਰੂ ਨਾਨਕ ਦੇਵ ਜੀ ਦਾ ਜੱਦੀ ਪਿੰਡ ' ਡੇਰ੍ਹਾ ਸਾਹਿਬ ' ਤਰਨ ਤਾਰਨ ਤਸੀਲ ਦੇ ਸਿਰ੍ਹਾਲੀ ਠਾਣੇ ਵਿਚ ਹੈ। ਉਸ ਪਿੰਡ ਦੇ ਸਾਰੇ ਵਸਨੀਕ ਜੱਟ ਜਿਮੀਂਦਾਰ ਹਨ, ਅਤੇ ਨੇੜੇ ਤੇੜੇ ਬੇਦੀਆਂ ਦੀ ਜਿਮੀਂਦਾਰੀ ਵਾਲਾ ਹੋਰ ਕੋਈ ਪਿੰਡ ਨਹੀਂ ਹੈ । ਪਤਾ ਨਹੀਂ ਬੇਦੀਆਂ ਦੇ ਉਹ ਬੀਸ ਗਾਵ ਕਿਹੜੇ ਇਲਾਕੇ ਵਿਚ ਹਨ ? ਉਨ੍ਹਾਂ ਵੀਹਾਂ ਪਿੰਡਾਂ ਵਿਚਲੀ ਜਿੰਮੀਦਾਰੀ ਦਾ ਵੀ ਜੇ ਭੋਗ ਪੈ ਗਿਆ ਸੀ ਤਾਂ ਲਿਖਾਰੀ ਨੂੰ ਲਿਖਦਿਆਂ ਕੀ ਕਾਣ ਸੀ ? ਝੂਠੀ ਗੱਲ ਦੇ ਨੰਗੇਜ ਦਾ ਕਿਹੜਾ ਕਿਹੜਾ ਪਾਸਾ ਢੱਕਿਆ ਜਾ ਸਕਦਾ ਸੀ ।

**<u>ਗੰਭੀਰ ਸ਼ੰਕੇ</u>**--

ਨਾਟਕ ਨੂੰ ਉਚੇਚੀ ਢੰਗ ਦਾ ਬਚਿਤ੍ਰ ਅਤੇ ਦੁਖਦਾਈ ਮੋੜ ਦਿੱਤੇ ਜਾਣ ਤੋਂ ਹੇਠ ਲਿਖੇ ਸ਼ੰਕੇ ਉਪਜਦੇ ਹਨ :---

ੳ) ਵੇਦ ਪਾਠੀ ਹੋ ਜਾਣ ਦੇ ਕਾਰਨ ਦਿਬ ਦ੍ਰਿਸ਼ਟੀ ਵਾਲੀ ਉੱਚੀ ਆਤਮਕ ਅਵਸਥਾ ਦੇ ਮਾਲਕ ਬਣ ਚੁੱਕੇ ਬੇਦੀ ਫਿਰ ਮਾਇਆ ਦੇ ਮੋਹ ਵਿਚ ਫਸ ਕੇ ਕ੍ਰੋਧ ਆਦਿ ਵਿਕਾਰਾਂ ਵਿਚ ਫਸ ਕੇ ਆਚਾਰ ਤੋਂ ਏਡੇ ਢਿੱਲੇ ਪੈ ਗਏ ਸਨ ਕਿ ਵਿਚਾਰਵਾਨਾਂ ਵਾਂਗ ਆਪਸ ਵਿਚਲੇ ਝਗੜੇ ਨਾ ਮੁਕਾ ਸਕੇ ਅਤੇ ਰਾਜ ਭਾਗ ਤਬਾਹ ਕਰਵਾ ਕੇ ਕੰਗਾਲ ਹੋ ਗਏ? ਬ੍ਰਾਹਮਣ ਨੇ ਪੁਰਾਣਾ ਆਦਿ ਹਿੰਦੂ ਧਰਮ ਦੀਆਂ ਪੁਸਤਕਾਂ ਵਿਚ ਵੈਰ ਵਿਰੋਧ ਅਤੇ ਲੜਾਈ ਝਗੜੇ ਵਾਲੀ ਜਿਹੜੀ ਰੁਚੀ ਦੇਵਤਿਆਂ ਅਤੇ ਦੈਂਤਾਂ ਵਿਚ ਦਰਸਾਈ ਹੋਈ ਹੈ, **ਲਊ ਕਸ਼ੂ** ਦੀ ਕਥਿਤ ਸੰਤਾਨ, **ਬੇਦੀ**ਆਂ ਅਤੇ **ਸੋਢੀ**ਆਂ ਨੂੰ ਵੀ ਉਸੇ ਵੈਰ ਵਿਰੋਧ ਅਤੇ ਫ਼ਜ਼ੂਲ ਦੇ ਝਗੜੇ ਝਾਂਜਿਆਂ ਵਿਚ ਫਸੇ ਦਰਸਾਇਆ ਹੈ।

ਅ) ਕੀ ਕਾਰਨ ਹੈ ਕਿ ਉਨ੍ਹਾਂ ਹੀ ਬੇਦੀਆਂ ਦੀ ਆਤਮਕ ਹਾਲਤ ਏਨੀ ਗਿਰਾਵਟ ਵਾਲੀ ਦਰਸਾਈ ਜਾ ਰਹੀ ਹੈ ਜਿਨ੍ਹਾਂ ਬਾਰੇ ਪਹਿਲਾਂ ਤੋਂ ਪਤਾ ਹੈ ਕਿ ਉਨ੍ਹਾਂ ਦੇ ਘਰ ਪਰਮ-ਆਤਮਾਂ ਗੁਰੂ ਨਾਨਕ ਜੀ ਮਹਾਰਾਜ ਨੇ ਜਨਮ ਲੈਣਾ ਸੀ ?

ੲ) ਕੀ ਲਿਖਾਰੀ ਕੋਈ ਚਲਾਕ ਬ੍ਰਾਹਮਣ ਹੀ ਤਾਂ ਨਹੀਂ ਹੈ ਜੋ ਇਹ ਦੱਸ ਰਿਹਾ ਹੈ ਕਿ " ਬੇਦੀ ਕੁਲ ਉਂਜ ਤਾਂ ਅਜੇਹੀ ਪਦਵੀ ਦੇ ਕਾਬਲ ਨਹੀਂ ਸੀ ਰਹੀ ਹੋਈ ਪਰ, ਕਿਉਂਕਿ ਉਨ੍ਹਾਂ ਨੇ ਵੇਦਾਂ ਦਾ ਪਾਠ ਕੀਤਾ ਹੋਇਆ ਸੀ ਇਸ ਕਾਰਨ, ਉਸ ਕੁਲ ਵਿਚ ਗੁਰੂ ਨਾਨਕ ਜੀ ਦਾ ਆਗਮਨ ਹੋਣਾ ਜ਼ਰੂਰੀ ਬਣ ਗਿਆ ਸੀ ?

ਸ) ਕੀ ਕਾਰਨ ਹੈ ਕਿ ਉਸੇ ਰਾਮ ਜੀ ਦੀ ਔਲਾਦ ਦਾ ਅਜੇਹਾ ਮੰਦਾ ਹਾਲ ਹੁੰਦਾ ਦਰਸਾਇਆ ਜਾ ਰਿਹਾ ਹੈ ਜਿਸ ਰਾਮ ਨੂੰ ਸ੍ਰਿਸ਼ਟੀ ਦਾ ਵਿਧਾਤਾ ਅਤੇ ਕਣ ਕਣ ਵਿਚ ਰਮਿਆ ਹੋਇਆ ਪਰਮਾਤਮਾਂ, ਕਰਤਾ, ਤੇ ਪਾਲਕ, ਸਾਰੇ ਹਿੰਦੂ ਗ੍ਰੰਥਾਂ ਵਿਚ ਲਿਖਿਆ ਹੈ? ਆਪਣੇ ਇਸ਼ਟ ਦੀ ਹੇਠੀ ਕਰਨ ਦੀ ਦਲੇਰੀ ਕੇਵਲ ਅਤੇ ਕੇਵਲ ਬ੍ਰਾਹਮਣ ਵਿਚ ਹੀ ਹੈ। [ਇਸ ਸਚਾਈ ਨੂੰ ਪੁਸਤਕ ਦੇ ਪਹਿਲੇ ਭਾਗ ਵਿਚ ਹਿੰਦੂਆਂ ਦੇ ਧਰਮ ਗ੍ਰੰਥਾਂ ਵਿਚਲੀਆਂ ਕਈ ਉਦਾਹਰਣਾਂ ਦੇ ਕੇ ਬੜੇ ਵਿਸਥਾਰ ਨਾਲ ਸਪੱਸ਼ਟ ਕੀਤਾ ਗਿਆ ਹੋਇਆ ਹੈ।]

ਦਾਸ ਦੇ ਵਿਚਾਰ ਅਨੁਸਾਰ, ਸ਼ਾਹੀ ਪਰਵਾਰ ਨੂੰ ਗ਼ਰੀਬੀ ਦੀ ਹਾਲਤ ਤੱਕ ਲਿਆਉਣ ਦੀ ਲੋੜ ਦਾ ਕਾਰਨ, ਇਹ ਹੈ ਕਿ ਰਾਮ, ਕ੍ਰਿਸ਼ਨ ਅਥਵਾ ਮਹਾਤਮਾਂ ਬੁਧ ਵਾਂਗ, ਗੁਰੂ ਨਾਨਕ ਨਿਰੰਕਾਰੀ ਜੀ ਕਿਸੇ ਰਾਜ ਘਰਾਣੇ ਵਿਚ ਨਹੀਂ ਸਨ ਜਨਮੇ। ਲਵੀਆਂ ਦੇ ਸ਼ਾਹੀ ਖ਼ਾਨਦਾਨ ਨੂੰ ਫਿਰ ਦਰਮਿਆਨੇ ਗੁਜ਼ਾਰੇ ਵਾਲੇ ਪਟਵਾਰੀ ਪਰਵਾਰ ਦੀ ਹਸਤੀ ਤੱਕ ਲਿਆਉਣਾ ਸੀ। ਪਰ ਬੇਦੀਆਂ (ਤੇ ਸੋਢੀਆਂ) ਦੇ ਆਚਰਨ ਵਿਚ ਗਿਰਾਵਟ ਆ ਗਈ ਦਰਸਾਉਣ ਦਾ ਕਾਰਨ ਤਾਂ ਉਹੀ ਸੱਜਣ ਦੱਸ ਸਕਦੇ ਹਨ ਜਿਹੜੇ ਸਾਰਾ ਝੂਠ ਅਤੇ ਅਸ਼ਲੀਲਤਾ, ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਮੜ੍ਹੀ ਰੱਖਣ ਲਈ ਸਾਰਾ ਯਤਨ ਲਾ ਰਹੇ ਹਨ ।

੧੭- **ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥**
**ਮ੍ਰਿਗਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥ ੧ ॥**[੨੧੯]-੩

੧੭

# ਤੀਸਰੇ ਨਿਰਮਲ ਪੰਥ ਦੀ ਸਥਾਪਣਾ ? ਸਚਾਈ ਸਿਰ ਚੜ੍ਹ ਬੋਲੀ ?

ਜਦੋਂ ਕਹਾਣੀ ਠੀਕ ਟਿਕਾਣੇ ਆ ਪੁੱਜੀ ਤਾਂ ਲਿਖਾਰੀ ਜੀ ਲਿਖਦੇ ਹਨ:--

ਬਿਚਿਤ੍ਰ ਨਾਟਕ

**ਦੋਹਰਾ ॥**

**ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ ॥ ਸਭ ਸਿੱਖਨ ਕੋ ਸੁਖ ਦਏ ਜਹ ਤਹ ਭਏ ਸਹਾਏ ॥ ੪ ॥**

**ਅਰਥਾਂ**:--(ਉਨ੍ਹਾਂ ਖੱਜਲ ਖ਼ੁਆਰ ਹੰਦੇ ਫਿਰਦੇ?) ਬੇਦੀਆਂ ਦੀ ਕੁਲ ਵਿਚ (ਸੰਮਤ ੧੫੨੬ ਬਿ: ਕਤਕ ਦੀ ਪੂਰਨਮਾਸ਼ੀ, ਬੁਧਵਾਰ ਸ੍ਰੀ ਗੁਰੂ ਨਾਨਕ (ਰਾਇ) ਪਾਤਸ਼ਾਹ ਪ੍ਰਗਟ ਹੋਏ। (ਜਿੰਨ੍ਹਾਂ ਨੇ) ਸਾਰੇ ਸਿੱਖਾਂ ਨੂੰ ਸੁਖ ਦਿੱਤੇ, ਅਤੇ ਜਿਥੇ (ਕਿਸੇ ਸਿੱਖ ਨੂੰ ਭੀੜ ਪਈ) ਉਥੇ (ਹੀ ਉਸਦੇ) ਸਹਾਈ ਹੋਏ।

ਪਾਠਕ ਸੱਜਣ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਇਤਿਹਾਸ ਵੱਲ ਨਜ਼ਰ ਮਾਰਨ ਤਾਂ ਵੇਖਣਗੇ ਕਿ, ਲਿਖਾਰੀ ਦਾ ਇਹ ਲਿਖਣਾ ਮੁਢੋਂ ਹੀ ਨਿਰਮੂਲ ਹੈ ਕਿ ਸਤਿਗੁਰੂ ਜੀ ਕੇਵਲ ਆਪਣੇ ਸਿੱਖਾਂ ਦੇ ਹੀ ਸਹਾਈ ਹੁੰਦੇ ਰਹੇ ਸਨ। ਗੁਰਦੇਵ ਜੀ ਜਿਨ੍ਹਾਂ ਕੋਲ ਲੰਮੇ ਅਤੇ ਬਿਖੜੇ ਪੈਂਡੇ ਮਾਰ ਕੇ ਵਡੀਆਂ ਖੇਚਲਾਂ ਨਾਲ ਪੁੱਜਦੇ ਰਹੇ ਉਨ੍ਹਾਂ ਵਿਚੋਂ ਤੁਲੰਬੇ ਵਿਚ ਠੱਗੀ ਅਤੇ ਮਾਰ-ਧਾੜ ਦਾ ਅੱਡਾ ਬਣਾਈ ਬੈਠੇ ਸੱਜਣ, ਮਨੁੱਖਾਂ ਦੇ ਮਾਸ ਨਾਲ ਢਿਡ ਭਰਨ ਵਾਲਾ ਕੌਡੇ ਭੀਲ ਕੋਲ, ਭੂਮੀਆਂ ਚੋਰ ਅਤੇ ਕਾਤਲ ਠੱਗਾਂ ਦੇ ਡੇਰੇ, ਫੋਕਟ ਕਰਮਕਾਂਡਾਂ ਵਿਚ ਫਸੇ ਹਿੰਦੂਆਂ ਦੇ ਤੀਰਥਾਂ ਤੇ, ਸਿਧਾਂ ਜੋਗੀਆਂ ਦੇ ਡੇਰਿਆਂ ਤੇ, ਦੂਰ-ਦੁਰਾਡੇ ਦੇ ਮੁਸਲਮਾਨ ਦੇਸ਼ਾਂ ਵਿਚ ਪੁੱਜ ਕੇ ਕੇਵਲ ਉਨ੍ਹਾਂ ਦੇ ਸਹਾਈ ਹੀ ਹੁੰਦੇ ਨਜ਼ਰ ਆਉਣਗੇ ਜਿਹੜੇ ਆਤਮਕ ਰੋਗਾਂ ਤੋਂ ਦੁਖੀ ਸਨ। ਇਹ ਬੋਲੀ ਕੇਵਲ ਬਿੱਪ੍ਰ ਦੀ ਹੈ ਕਿ ਸਤਿਗੁਰੂ ਜੀ ਸੰਤਾਂ ਦੇ ਸਹਾਈ ਹੁੰਦੇ ਸਨ ਅਤੇ ਅਸੰਤਾਂ ਦੇ ਵੈਰੀ ਸਨ।

**ਚੌਪਈ ॥**

**ਤਿਨ ਇਹ ਕਲ ਮੋ ਧਰਮ ਚਲਾਯੋ ॥ ਸਭ ਸਾਧਨ ਕੋ ਰਾਹੁ ਬਤਾਯੋ ॥**
**ਜੋ ਤਾਂਕੇ ਮਾਰਗ ਮਹਿ ਆਏ ॥ ਤੇ ਕਬਹੂੰ ਨਹੀਂ ਪਾਪ ਸੰਤਾਏ ॥ ੫ ॥**
**ਜੇ ਜੇ ਪੰਥ ਤਵਨ ਕੇ ਪਰੇ ॥ ਪਾਪ ਤਾਪ ਤਿਨਕੇ ਪ੍ਰਭ ਹਰੇ ॥**
**ਦੂਖ ਭੂਖ ਕਬਹੂੰ ਨ ਸੰਤਾਏ ॥ ਜਾਲ ਕਾਲ ਕੇ ਬੀਚ ਨ ਆਏ ॥ ੬ ॥**

**ਅਰਥ**:--ਇਸ (ਸਿਖ) ਧਰਮ ਨੂੰ ਉਨ੍ਹਾਂ (ਸਤਿਗੁਰੂ ਨਾਨਕ ਜੀ) ਨੇ ਕਲਜੁਗ ਵਿਚ ਤੋਰਿਆ ਹੈ । ਸਾਰੇ ਸਾਧਨਾਂ ਨੂੰ (ਸਫ਼ਲਾ ਕਰਨ ਦਾ) ਰਾਹਦਸਿਆ ਹੈ । ਜੋ (ਪੁਰਸ਼) ਉਹਨਾਂ (ਸਤਿਗੁਰਾਂ ਦੇ ) ਪੰਥ ਸਿੱਖ ਧਰਮ ਵਿਚ ਆਏ ਹਨ ਉਨ੍ਹਾਂ ਨੂੰ ਪਾਪ ਕਦੇ ਨਹੀਂ ਸਤਾਇਗਾ । ੫ । ਜੇਹੜੇ ਜੇਹੜੇ ਪੁਰਸ਼ ਉਹਨਾਂ ਦੇ ਪੰਥ ਵਿਚ ਪ੍ਰਾਪਤ ਹੋਏ ਹਨ, ਉਨ੍ਹਾਂ ਦੇ ਪਾਪ ਪ੍ਰਭੂ ਨੇ ਦੂਰ ਕਰ ਦਿੱਤੇ ਹਨ । (ਉਨ੍ਹਾਂ ਨੂੰ ਕਦੇ ਦੁੱਖ ਭੁੱਖ ਕਲੇਸ਼ ਭੀ ਨਹੀਂ ਹੁੰਦਾ, ਨਾ ਉਹ ਕਾਲ ਦੀ ਫਾਸੀ ਵਿਚ ਆਉਂਦੇ ਹਨ । ੬ ।

ਧਿਆਨ ਦੇਣ ਵਾਲੀ ਗੱਲ ਇਹ ਹੈ ਕਿ **ਲਿਖਾਰੀ ਆਪ ਮੰਨ ਗਿਆ ਹੈ ਕਿ ੧੫ ਵੀਂ ਈਸਵੀ ਸਦੀ ਵਿਚ ਪ੍ਰਗਟੇ ਗੁਰੂ ਨਾਨਕ ਪਾਤਸ਼ਾਹ ਜੀ** ਨੇ ਇਕ ਅਜੇਹਾ ਧਰਮ ਚਲਾ ਲਿਆ ਸੀ ਜਿਸ ਦੇ ਕਾਰਨ ਲੋਕ ਪਾਪ ਰਹਿਤ ਅਤੇ ਸੁਖੀ ਹੋ ਗਏ ਸਨ। ਗੁਰੂ ਨਾਨਕ ਜੀ ਦੇ ਚਲਾਏ ਧਰਮ ਵਿਚ ਆਏ ਸਿੱਖ, ਸੰਸਾਰੀ ਦੁਖਾਂ, ਭੁੱਖਾਂ ਅਤੇ ਮੌਤ ਵਰਗੇ ਭਿਆਨਕ ਕਲੇਸ਼ਾਂ ਦੇ ਡਰ ਤੋਂ ਵੀ ਮੁਕਤ ਹੋ ਗਏ ਸਨ। ਭਾਵ ਇਹ ਕਿ ਗੁਰੂ ਨਾਨਕ ਦੇਵ ਜੀ, ਨੇ **ਪਹਿਲੇ ਸਰੂਪ ਸਮੇਂ ਹੀ ਹਰ ਪੱਖੋਂ ਨਿਆਰਾ ਧਰਮ ਚਲਾ ਲਿਆ ਸੀ** ਅਸੀਂ ਵੇਖਾਂਗੇ ਕਿ, ਅੱਗੇ ਜਾ ਕੇ ਏਸੇ ਗਾਥਾ ਵਿਚ ' ਸ੍ਰੀ ਗੁਰੂ ਰਾਮਦਾਸ, ਚੋਥੇ ਗੁਰਦੇਵ ਜੀ ਤੋਂ ਅਗਾਂਹ ਛੇ ਗੁਰੂ ਸਰੂਪਾਂ ਨਾਲ ਗੁਰੂ ਨਾਨਕ ਜੀ ਦਾ ਕੋਈ ਵੀ ਸੰਬੰਧ ਨਹੀਂ ਰਹਿਣ ਦਿੱਤਾ ਜਾਂਦਾ। ਖ਼ਾਸ ਕਰਕੇ ਬਾਕੀ ਨੌਂ ਗੁਰੂ ਸਰੂਪਾਂ ਤੋਂ ਦਸ਼ਮੇਸ਼ ਜੀ ਨੂੰ ਪੂਰੀ ਤਰ੍ਹਾਂ ਨਿਖੇੜ ਲਿਆ ਜਾਂਦਾ ਹੈ। ਪਹਿਲਾਂ ਅਕਾਲ ਪੁਰਖ ਬਾਚ ਵਿਚ--" **ਸਭ ਨੇ ਅਪਨਾ ਨਾਮ ਜਪਾਯੋ । ਸਤਿਨਾਮੁ ਕਾਹੂੰ ਨ ਦਿਰੜਾਯੋ ।- -ਸਭ ਅਪਨੀ ਅਪਨੀ ਉਰਝਾਨਾ । ਪਾਰਬ੍ਰਹਮ ਕਾਹੂੰ ਨ ਪਛਾਨਾ ॥ - -੨੮ ॥** "ਇਹ ਸਾਰੇ ਬਚਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਇੱਕ ਅਕਾਲ ਦੀ ਪੂਜਾ ਵਾਲੀ ਨਿਆਰੀ ਅਤੇ ਦ੍ਰਿੜ ਸਚਾਈ ਦੀ ਖੰਡਨਾ ਕਰ ਰਹੇ ਹਨ । ਅਤੇ **ਫਿਰ ਸਿੱਧਾ ਦਸ਼ਮੇਸ਼ ਜੀ** ਦੀ ਜ਼ਬਾਨੀ ਇਉਂ ਲਿਖਿਆ ਜਾਂਦਾ ਹੈ:---

**ਜੇ ਜੇ ਭਏ ਪਹਿਲ ਅਵਤਾਰਾ ॥ ਆਪੁ ਆਪੁ ਤਿਨ ਜਾਪੁ ਉਚਾਰਾ ॥**
**ਪ੍ਰਭ ਦੋਖੀ ਕੋਈ ਨ ਬਿਦਾਰਾ ॥ ਧਰਮ ਕਰਨ ਕੋ ਰਾਹੁ ਨ ਡਾਰਾ ॥ ੪੪ ॥**

**ਅਰਥ**:--ਪਹਿਲੇ ਜਿਹੜੇ ਜਿਹੜੇ ਅਵਤਾਰ ਹੋਏ ਹਨ, ਉਨ੍ਹਾਂ (ਸਭਨਾਂ ਨੇ ਜਗਤ ਪਾਸੋਂ) ਆਪੋ ਆਪਨਾਂ ਜਾਪ ਜਪਵਾਇਆ ਹੈ । ਕਿਸੇ ਨੇ ਵੀ ਪ੍ਰਭੂ ਦੇ ਵਿਰੋਧੀ ਨੂੰ ਨਾਸ ਨਹੀਂ ਕੀਤਾ ਅਤੇ ਨਾ ਹੀ ਜਗਤ ਨੂੰ ਧਰਮ ਕਰਮ ਦੇ ਰਸਤੇ ਪਾਯਾ ਹੈ । ੪੪ ।

ਇਨ੍ਹਾਂ ਬੋਲਾਂ ਵਿਚਲੇ " ਪਹਿਲ ਅਵਤਾਰਾ " ਦਾ ਨਿਰੰਦੇਹ ਸਪੱਸ਼ਟ ਭਾਵ, ਏਹੀ ਬਣਦਾ ਹੈ ਕਿ ਦਸ਼ਮੇਸ਼ ਜੀ ਤੋਂ ੧੯੭ ਸਾਲ ਪਹਿਲਾਂ ਹੋਏ ਸ੍ਰੀ ਗੁਰੂ ਨਾਨਕ ਜੀ ਸਮੇਤ ਸਾਰੇ ਰੱਬੀ ਅਵਤਾਰਾਂ, ਪੈਗੰਬਰਾਂ, ਮਹਾਂਪੁਰਖਾਂ ਦੀ ਗੱਲ ਸਪੱਸ਼ਟ ਹੈ। ਏਡੀ ਸਪੱਸ਼ਟ ਗੱਲ ਦੇ ਹੁੰਦਿਆਂ ਵੀ ਬੜੀ ਕੁਟਲਤਾ ਨਾਲ ਇਹ ਕਿਹਾ ਜਾਂਦਾ ਹੈ ਕਿ ਕਿਉਂਕਿ ਦਸੇ ਪਾਤਸ਼ਾਹੀਆਂ ਗੁਰੂ ਨਾਨਕ ਸਾਹਿਬ ਦਾ ਹੀ ਰੂਪ ਸਨ ਇਸ ਕਾਰਨ, " ਪਹਿਲੇ **ਅਵਤਾਰਾ "** ਦਾ ਅਰਥ, ਗੁਰੂ ਨਾਨਕ ਸਾਹਿਬ ਜੀ ਤੋਂ ਪਹਿਲੇ ਅਵਤਾਰ ਹਨ। ਗ੍ਰੰਥ ਦੇ ਲਿਖਣ ਤੋਂ ਸਪੱਸ਼ਟ ਹੋ ਰਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਬਾਰੇ ਗੱਲ ਮੁਕਾ ਕੇ ਦਸ਼ਮੇਸ਼ ਜੀ ਨੇ ਅੱਡਰੇ ਤੌਰ ਤੇ ਆਪਣੀ **" ਕਥਾ ਬਖਾਨੋ "** ਸਿਰਲੇਖ ਹੇਠ ਹਰ ਪੱਖੋਂ ਨਿਵੇਕਲੀ, ਆਪਣੀ ਜਨਮ-ਕਥਾ ਦੱਸਣੀ ਅਰੰਭ ਕੀਤੀ ਹੋਈ ਹੈ। ਪਰ ਕੁਟਲਤਾ ਵਿਚ ਨਿਪੁੰਨ ਪ੍ਰੋਹਿਤ ਦੇ ਚੇਲੇ, ਗੁਰ ਸਿੱਖਾਂ ਦੀ ਧਾਰਮਿਕ ਵਿਸ਼ਵਾਸ਼ ਵਾਲੀ ਰੁਚੀ ਨੂੰ ਵਰਤਣ ਲਈ ਭਰਮਾਊ ਬੋਲਾਂ ਦਾ ਜਾਲ ਸੁੱਟ ਰਹੇ ਹਨ। ਸਾਧਾਰਨ ਸਿੱਖ ਇਸ ਸੁੱਟਵੇਂ ਜਾਲ ਵਿਚ ਫਸਣੋ ਨਹੀਂ ਬਚ ਸਕਿਆ। ਹਿੰਦੂ ਵਾਂਗ ਸਿੱਖ ਨੇ ਵੀ ਝੂਠ ਨੂੰ ਸੱਚ ਮੰਨ ਕੇ ਉਸ ਦੀ ਪੂਜਾ ਕਰਨੀ ਅਰੰਭ ਦਿੱਤੀ। ਯੂ ਪੀ ਦੀਆਂ ਬਰਫਾਂ ਵਿਚ ਦਸ਼ਮੇਸ਼ ਜੀ ਦਾ ਤਪ ਅਸਥਾਨ ਮਿਥ ਕੇ ਤੀਰਥ ਬਣਾ ਲਿਆ। ਪਹਾੜ ਨਾਲੋਂ ਵੱਡਾ ਝੂਠ ਪੂਰਾ ਸੱਚ ਮੰਨ ਲਿਆ ਗਿਆ।

੧੮

# ਦਸ਼ਮੇਸ਼ ਜੀ ਕੀ, ਦਸਵੇਂ ਗੁਰੂ ਨਾਨਕ ਨਹੀਂ ਸਨ ?

ਵਿਦਵਾਨਾ ਦਾ ਇਹ ਕਥਨ ਕਿ ਦਸਮ ਗ੍ਰੰਥ ਵਿਚ ਦਸਾਂ ਗੁਰੂ ਸਾਹਿਬਾਨ ਨੂੰ ਇੱਕ ਜੋਤ ਕਿਹਾ ਹੈ, ਨਿਰਾਧਾਰ ਹੈ, ਕੋਰਾ ਝੂਠ ਹੈ, ਠੱਗ-ਬੋਲੀ ਹੈ। ਸ਼ਰਧਾ ਕਾਰਨ ਬਣ ਚੁੱਕੇ ਭਰਮ ਤੋਂ ਨਿਰਲੇਪ ਹੋ ਕੇ ਬਿਬੇਕ ਬੁੱਧੀ ਨਾਲ ਵਿਚਾਰੀਏ ਤਾਂ ਆਪਣੇ ਆਪ ਸਮਝ ਆ ਜਾਂਦੀ ਹੈ ਕਿ ਬਚਿਤ੍ਰ ਨਾਟਕ ਦੇ ਲਿਖਾਰੀ ਨੇ ਕਸ਼ੂ ਰਾਜੇ ਨੂੰ ਵਰ ਦੇਣ ਵਾਲੀ ਗੱਲ ਤੋਂ ਹੀ ਬੜੀ ਸਫਾਈ ਨਾਲ ਗੁਰੂ ਨਾਨਕ ਜੇਵ ਜੀ ਦੀ ਜੋਤਿ ਚੌਥੇ ਪਾਤਿਸ਼ਾਹ ਜੀ ਤੱਕ ਪੁਚਾ ਕੇ, ਸਿੱਖੀ ਦੇ ਜਨਮ ਦਾਤਾ ਜੀ ਨੂੰ ਆਕਾਸ਼ੀਂ ਚਾੜ੍ਹ ਦਿੱਤਾ ਹੋਇਆ ਹੈ। ਅਤੇ ਫਿਰ ਅਜੇਹਾ ਕਰ ਲੈਣ ਤੋਂ ਵੀ ਅਗਾਂਹ ਟੱਪ ਕੇ ਹੁਣ ਦਸ਼ਮੇਸ਼ ਜੀ ਦਾ ਜ਼ਰਾ ਵੀ ਸੰਬੰਧ ਪਹਿਲੇ ਨੌਂ ਗੁਰੂ ਸਾਹਿਬਾਨ ਨਾਲ ਨਹੀਂ ਰਹਿਣ ਦਿਤਾ। ਲਿਖਾਰੀ ਦੀ ਭੁਲੇਖਾ-ਪਾਊ ਲਿਖਤ ਦੇ ਅਸਲ ਭੇਤ ਨੂੰ ਸਮਝਣ ਲਈ ਆਉ ਧੀਰਜ ਅਤੇ ਬਿਬੇਕਤਾ ਨਾਲ ਵਿਚਾਰੀਏ। ਉਹ ਬਚਿਤ੍ਰ ਅਤੇ ਨਾਟਕੀ ਲਿਖਤ ਇਸ ਪ੍ਰਕਾਰ ਹੈ:--

**ਨਾਨਕ ਅੰਗਦ ਕੋ ਬਪੁ ਧਰਾ ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ ॥**

**ਅਮਰ ਦਾਸ ਪੁਨਿ ਨਾਮੁ ਕਹਾਯੋ ॥ ਜਨ ਦੀਪਕ ਤੇ ਦੀਪ ਜਗਾਯੋ ॥ ੭ ॥**

**ਅਰਥ:**--(ਉਸ ਗੁਰੂ) ਨਾਨਕ ਜੀ (ਨੇ ਹੀ ਦੂਜਾ ਗੁਰੂ ਅੰਗਦ ਜੀ) ਦਾ (ਬਪੁ) ਸਰੂਪ ਧਾਰਨ ਕੀਤਾ, ਅਤੇ ਇਸ ਸਿੱਖ ਧਰਮ ਦਾ ਜਗ ਵਿਚ ਪ੍ਰਚਾਰ ਕੀਤਾ । ਫੇਰ ਨਾਨਕ ਜੀ ਨੇ ਤੀਜੇ ਰੂਪ ਵਿਚ ਗੁਰੂ ਅਮਰ ਦਾਸ ਨਾਮ ਕਹਾਯਾ, ਇਵੇਂ ਮਲੂਮ ਹੁੰਦਾ ਹੈ ਜਿਵੇਂ ਦੀਵੇ ਨਾਲ ਦੀਵਾ ਜਗਾ ਲਿਆ ਗਿਆ ਸੀ । ੭ ।

**ਧਿਆਨ ਦੇਣ ਵਾਲੀ ਗੱਲ**--ਗੁਰੂ ਨਾਨਕ ਦੇਵ ਜੀ ਨੇ ਹੀ ਗੁਰੂ ਅੰਗਦ ਦੇਵ ਜੀ ਦਾ ਰੂਪ ਧਾਰਨ ਕੀਤਾ ਅਤੇ ਫਿਰ ਉਨ੍ਹਾਂ (ਗੁਰੂ ਨਾਨਕ ਸਾਹਿਬ ਜੀ) ਨੇ ਹੀ ਆਪਣਾ ਨਾਮ ਅਮਰਦਾਸ ਕਹਾਇਆ। (ਧਿਆਨ ਰਹੇ ਕਿ ਗੁਰੂ ਨਾਨਕ ਜੀ ਦੇ ਅਤੇ ਫਿਰ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਬਾਰੇ ਨਾ ਲਿਖਣ ਤੋਂ ਲਿਖਾਰੀ ਦਾ ਭਾਵ ਏਹੀ ਬਣਦਾ ਹੈ ਕਿ ਗੁਰੂ ਅਮਰਦਾਸ ਜੀ ਤੱਕ ਗੁਰੂ ਨਾਨਕ ਸਾਹਿਬ ਜੀ ਆਪ ਹੀ ਵਿਚਰ ਰਹੇ ਸਨ)। ਲਿਖਾਰੀ ਅਨੁਸਾਰ ਗੁਰੂ ਅਮਰਦਾਸ ਤੀਜੇ ਪਾਤਸ਼ਾਹ ਜੀ ਵੀ, ਉਹੀ ਤਲਵੰਡੀ (ਨਨਕਾਣਾ ਸਾਹਿਬ) ਵਾਲੇ, ਬੇਬੇ ਨਾਨਕੀ ਜੀ ਦੇ ਵੀਰ ਹੀ ਸਨ। ਹੁਣ ਅਗਲੀ ਅਠਵੀ ਚੌਪਈ ਵਲ ਧਿਆਨ ਦਿਉ ।

**ਜਬ ਬਰਦਾਨ ਸਮੈ ਵਹੁ ਆਵਾ ॥ ਰਾਮਦਾਸ ਤਬ ਗੁਰੂ ਕਹਾਵਾ ॥**

**ਤਿਹ ਬਰਦਾਨ ਪੁਰਾਤਨ ਦੀਆ ॥ ਅਮਰਦਾਸ ਸੁਰ ਪੁਰ ਮਗ ਲੀਆ ॥ ੮ ॥**

**ਅਰਥ:**--ਜਦੋਂ ਪਿਛੇ ਦੱਸੇ ' **ਵਰ ਦਾਨ** " ਦੇ ਸਫ਼ਲ ਹੋਣ ਦਾ ਸਮਾਂ ਆ ਗਿਆ, ਤਦੋਂ ਸੋਢੀ ਜਾਤਿ ਦਾ ' ਰਾਮਦਾਸ ' ਗੁਰੂ ਕਹਾਇਆ। ਉਸ ਸੋਢੀ ਰਾਮਦਾਸ ਜੀ ਨੇ ਪਿਛਲਾ ਵਰਦਾਨ ਦਾ (ਫਲ) ਲੈ ਲਿਆ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ (ਸੁਰ ਪੁਰ-) ਬੈਕੁਠ ਧਾਮ ਦਾ ਰਸਤਾ ਲਿਆ ।੮।

ਹੁਣ (ਤੇਹਣ ਤੇ ਭੱਲਾ ਜੀ ਦੇ ਪਿੱਛੋ ਚੌਥੇ ਥਾਂ ਸੋਢੀ ਗੁਰੂ) ਰਾਮਦਾਸ ਜੀ ਦੀ ਵਾਰੀ ਸੀ। ਇਕ ਦਮ ਉਸ ਵਰਦਾਨ ਦਾ ਚੇਤਾ ਕਰਾਇਆ ਹੈ ਜਿਹੜਾ ਵੇਦ-ਪਾਠੀ ਹੋਣ ਤੋਂ ਰਘੁਵਵੰਸ਼ੀ ਤੋਂ ਬਣੇ **ਬੇਦੀ-ਕੁਸ਼ੀ** ਨੇ ਵੈਰਾਗਵਾਨ ਹੋ ਕੇ ਸੰਨਿਆਸ ਤੇ ਜਾਣ ਲੱਗੇ **ਸੋਢੀ-ਲਵੀ** ਰਾਜੇ ਨੂੰ ਦਿੱਤਾ ਸੀ। ਗੁਰੂ ਅਮਰਦਾਸ ਜੀ ਦੇ ਸਰੂਪ ਵਿਚ ਗੁਰੂ ਨਾਨਕ ਜੀ ਰਾਮਦਾਸ ਜੀ ਗੁਰੂ ਕਹਾਏ। ਹੁਣ ਗੁਰੂ ਨਾਨਕ ਸਾਹਿਬ ਦੀ ਲੋੜ ਨਹੀਂ ਰਹੀ ਸੀ। ਇਸ ਲਈ ਗੁਰੂ ਨਾਨਕ ਜੀ ਤੋਂ ਬਣੇ ਗੁਰੂ ਅਮਰਦਾਸ ਜੀ ਬਾਰੇ ਸਾਫ਼ ਲਿਖ ਦਿੱਤਾ ਕਿ ਆਪਣਾ ਵਰਦਾਨ ਪੂਰਾ ਕਰਕੇ ਸੁਰ ਪੁਰੀ ਦੇ ਰਾਹ ਪਏ। ਅਰਥਾਤ ਕੁਸ਼ੀ ਬੇਦੀ ਨੇ ਆਪਣੇ ਸਿਰੋਂ ਭਾਰ ਲਾਹਿਆ ਤੇ ਚਲਦੇ ਬਣੇ। ਕਿੱਡੇ ਰੁਖੇ ਅਤੇ ਸੁਆਰਥੀ ਮਨੁੱਖ ਵਾਲੀ ਬੋਲੀ ਹੈ ? ਸ੍ਰੀ **ਨਾਨਕ ਅੰਗਦਿ** ਕਰਿ **ਮਾਨਾ** ॥ **ਅਮਰਦਾਸ ਅੰਗਦ** ਪਹਿਚਾਨਾ ॥

**ਅਮਰਦਾਸ ਰਾਮਦਾਸ** ਕਹਾਯੋ ॥ **ਸਾਧਨਿ** ਲਖਾ **ਮੂੜ੍ਹ** ਨਹਿ ਪਾਯੋ ॥ ੯ ॥

**ਅਰਥ:**--ਸ੍ਰੀ (ਗੁਰੂ) ਨਾਨਕ (ਜੀ ਨੂੰ ਹੀ ਗੁਰੂ) ਅੰਗਦ ਜੀ ਕਰਕੇ ਮੰਨਿਆਂ ਹੈ । ਅੰਗਦ ਦੇਵ ਜੀ ਨੂੰ ਹੀ ਅਮਰਦਾਸ ਰੂਪ ਪਛਾਣਿਆਂ ਹੈ । (ਸ੍ਰੀ ਗੁਰੂ) ਅਮਰਦਾਸ (ਜੀ ਨੇ ਆਪਣਾ ਹੀ ਨਾਮ ਗੁਰੂ) ਰਾਮਦਾਸ ਜੀ ਕਹਾਇਆ ਹੈ । (ਇਸ ਭੇਦ ਨੂੰ) ਸੰਤਾਂ ਨੇ ਜਾਣਿਆਂ ਹੈ, ਮੂਰਖਾਂ (ਨੇਇਹ ਭੇਦ ਨਹੀਂ ਪਾਯਾ । ੯ ।

ਇਸ ਚੌਪਈ ਵਿਚ ਚੰਗੀ ਤਰ੍ਹਾਂ ਬੜੇ ਕਰੜੇ ਸ਼ਬਦਾਂ ਵਿਚ ਤਸੱਲੀ ਕਰਾਈ ਗਈ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਹੀ ਰੂਪ ਵਟਾ ਕੇ ਚੌਥੇ ਸਤਿਗੁਰੂ ਰਾਮਦਾਸ ਤੱਕ ਪੁੱਜੇ ਸਨ। ਅੱਜ ਇਹ ਸ਼ੰਕਾ ਕੌਣ ਦੂਰ ਕਰੇ ਕਿ ਜਦ ਗੁਰੂ ਨਾਨਕ ਜੀ ਅਤੇ ਗੁਰੂ ਅੰਗਦ ਸਾਹਿਬ ਜੀ ਦੇ **ਸੁਰ ਪੁਰੀ** ਦੇ ਰਾਹ ਪੈਣ ਦੀ ਗੱਲ ਨਹੀਂ ਸੀ ਲਿਖੀ ਤਾਂ ਉਚੇਚੇ ਤੌਰ ਤੇ ਅਠਵੀ ਚੌਪਈ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੂੰ **ਸੁਰ ਪੁਰ** ਭੇਜਣਾ ਕਿਸ ਕਾਰਨ ਨਾ ਭੁੱਲੇ ? ਜਿਵੇਂ ਏਥੇ " **ਅਮਰਦਾਸ ਰਾਮ ਦਾਸ ਕਹਾਯੋ** " ਲਿਖਿਆ ਹੈ, ਉਵੇ ਹੀ ੭ਵੀਂ ਚੌਪਈ ਵਿਚ--**ਅਮਰਦਾਸ ਪੁਨਿ ਨਾਮੁ ਕਹਾਯੋ** " ਲਿਖਿਆ ਹੈ। ਫਿਰ ਗੁਰੂ ਅੰਗਦ ਸਾਹਿਬ ਨੂੰ--**ਸੁਰ ਪੁਰ ਦੇ ਮਗ ਪੈ ਜਾਣ ਦੀ ਗੱਲ ਕਿਸ ਕਾਰਨ ਨਾ ਲਿਖੀ**? ਸਪੱਸ਼ਟ ਹੈ ਕਿ ਅਜੇ ਵਰਦਾਨ ਵਾਲੀ ਗੱਲ ਪੂਰੀ ਨਹੀਂ ਸੀ ਕਰਵਾਈ ਜਾ ਸਕੀ ਅਤੇ ਗੁਰੂ ਨਾਨਕ ਸਾਹਿਬ ਜੀ ਨੂੰ ਜਿਸ ਨੀਯਤ ਨਾਲ, ਜਿਸ ਪਉੜੀ ਰਸਤੇ ਗੁਰੂ ਰਾਮਦਾਸ ਜੀ ਤਕ ਪੁਚਾਉਣਾ ਸੀ, ਉਸ ਪਉੜੀ ਦਾ ਕੋਈ ਵੀ ਡੰਡਾ ਭੋਰਣਾ ਲਿਖਾਰੀ ਨੂੰ ਮਨਜ਼ੂਰ ਨਹੀਂ ਸੀ।

**ਭਿੰਨ ਭਿੰਨ ਸਬਹੂੰ ਕਰ ਜਾਨਾ ॥ ਏਕ ਰੂਪ ਕਿਨਹੂੰ ਪਹਿਚਾਨਾ ॥**

**ਜਿਨ ਜਾਨਾ ਤਿਨ ਹੀ ਸਿਧ ਪਾਈ ॥ ਬਿਨ ਸਮਝੇ ਸਿਧ ਹਾਥ ਨਾ ਆਈ ॥ ੧੦ ॥**

**ਅਰਥ:**--(ਇਨ੍ਹਾਂ) ਸਾਰੇ (ਗੁਰੂਆਂ ਨੂੰ ਮੂਰਖਾਂ ਨੇ) ਵਖੋ ਵੱਖ (ਸ੍ਰੀ ਗੁਰੂ ਨਾਨਕ ਜੀ ਨੂੰ ਬੇਦੀ, ਸ੍ਰੀ ਗੁਰੂ ਅੰਗਦ ਜੀ ਨੂੰ ਤੇਹਣ, ਸ੍ਰੀ ਗੁਰੂ ਅਮਰਦਾਸ ਜੀ ਨੂੰ ਭੱਲੇ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੋਢੀ, ਕਰਕੇ) ਜਾਣਿਆਂ ਹੈ । ਕਿਸੇ ਵਿਰਲੇ ਨੇ (ਚੌਹਾਂ ਨੂੰ) ਇਕੋ ਕਰਕੇ ਪਛਾਣਿਆਂ ਹੈ । ਜਿਸ ਨੇ (ਇਨ੍ਹਾਂ) ਨੂੰ ਇੱਕ ਰੂਪ ਕਰਕੇ ਜਾਣਿਆਂ ਹੈ ਉਸ ਨੇ ਹੀ ਮੁਕਤੀ ਪਾਈ ਹੈ, ( ਇਹ ਭੇਦ) ਸਮਝੇ ਤੋਂ ਬਿਨਾਂ (ਸਿਧ-) ਸਫ਼ਲਤਾ ਕਿਸੇ ਦੇ ਹਥ ਨਹੀਂ ਆਉਂਦੀ । ੧੦ । [ਭਾਈ ਰਣਧੀਰ ਸਿੰਘ ਜੀ ਨੇ ਇਨ੍ਹਾਂ ਅਰਥਾਂ ਤੋਂ ਵੱਖਰਾ ਕੁਝ ਨਹੀਂ

ਲਿਖਿਆ] ਭਾਵ, ਲਿਖਾਰੀ ਜੀ ਮੁੜ ਮੁੜ ਇਸੇ ਗੱਲ ਨੂੰ ਪੱਕਾ ਕਰ ਰਹੇ ਹਨ ਕਿ ਪਹਿਲੇ ਤੋਂ ਚੌਥੇ ਸਰੂਪ ਤੱਕ ਚਾਰੇ ਗੁਰੂ ਨਾਨਕ ਜੀ ਦਾ ਹੀ ਰੂਪ ਸਨ। ਪਰ ਕੀ ਅੱਗੇ ਕੋਈ ਹੋਰ ਭਾਣਾ ਵਰਤ ਗਿਆ ਸੀ?

## ਹੁਣ ਗੋਲਾ ਠੀਕ ਨਿਸ਼ਾਨੇ ਤੇ ਆ ਵੱਜਾ ਸੀ--

ਏਥੋਂ ਤੱਕ ਲਿਖਾਰੀ ਦਾ ਮੰਤਵ ਹੱਲ ਹੋ ਗਿਆ ਸੀ। ਗੁਰੂ ਨਾਨਕ ਜੀ ਬੇਦੀ ਅਤੇ ਗੁਰੂ ਰਾਮਦਾਸ ਜੀ ਸੋਢੀ ਵਿਚਕਾਰ " ਤੇਹਣ " ਅਤੇ " ਭੱਲੇ ", ਆ ਜਾਣ ਕਰਕੇ ਡਰ ਸੀ ਕਿ ਕਿਤੇ ਗੁਰੂ ਨਾਨਕ ਜੀ ਦੇ ਸਿਖ, **ਪੁਰਾਣੇ ਵਰਦਾਨ** ਵਾਲੀ ਗੱਲ ਨੂੰ, ਝੂਠੀ ਨਾਂ ਮੰਨ ਲੈਣ। ਇਸ ਲਈ **ਇਨ੍ਹਾਂ ਚੌਹਾਂ ਦੇ ਰੂਪ ਨੂੰ ਇੱਕ ਮੰਨਣ ਤੇ ਮੁੜ ਮੁੜ ਜ਼ੋਰ ਦਿੱਤਾ ਗਿਆ** ਹੈ--" **ਸਾਧਨ ਲਖਾ ਮੂੜ੍ਹ ਨਹਿ ਪਾਇਯੋ** "-- ਅਤੇ--" **ਬਿਨ ਸਮਝੇ ਸਿਧਿ ਹਾਥਿ ਨ ਆਈ ॥** " ਜਿਨ੍ਹਾਂ ਮਨੁੱਖਾਂ ਨੇ ਇਨ੍ਹਾਂ ਚੌਹਾਂ ਗੁਰੂ-ਸਰੂਪਾਂ ਨੂੰ ਇੱਕ ਕਰਕੇ ਜਾਣਿਆਂ ਉਹ ਸਾਧ ਸਮਝੇ ਗਏ ਅਤੇ ਜੀਵਨ ਵਿਚ ਉਨ੍ਹਾਂ ਨੂੰ ਸਫ਼ਲਤਾ ਅਥਵਾ ਸਿੱਧੀ ਪ੍ਰਾਪਤਿ ਹੋਈ, ਪਰ ਜਿਨ੍ਹਾਂ ਅਹਿਮਕਾਂ ਨੇ ਗੁਰੂ ਨਾਨਕ ਜੀ ਤੋਂ ਗੁਰੂ ਰਾਮਦਾਸ ਜੀ ਤੱਕ ਇੱਕ ਰੂਪ ਨਹੀਂ ਜਾਣਿਆਂ ਉਹ ਜਿੰਗਦੀ ਦੇ ਸਫ਼ਰ ਵਿਚ ਅਸਫ਼ਲ ਰਹੇ, (ਭਾਵੇਂ ਕਿੱਡੇ ਹੀ ਪ੍ਰਭੂ-ਭਗਤ ਸਨ ਅਤੇ ਭਾਵੇਂ ਉਨ੍ਹਾਂ ਦਾ ਆਚਰਨ ਕਿੱਡਾ ਵੀ ਉੱਚਾ ਸੀ, ਭਾਵੇਂ ਉਹ ਕਿੱਡੇ ਵੀ ਪਰਉਪਕਾਰੀ ਸਨ, ਪਰ ਗੁਰੂ ਰਾਮ ਦਾਸ ਜੀ ਨੂੰ ਗੁਰਿਆਈ ਦੇਣ ਸਮੇਂ ਤੱਕ ਜੇ ਉਨ੍ਹਾਂ ਨੇ ਗੁਰੂ ਨਾਨਕ ਜੀ ਨੂੰ ਹੀ ਗੁਰੂ ਅੰਗਦ ਜੀ ਅਤੇ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਸੰਸਾਰ ਤੇ ਵਿਚਰਦੇ ਨਾ ਸਮਝਿਆ ਤਾਂ) ਉਨ੍ਹਾਂ ਦੀ ਜ਼ਿੰਦਗੀ ਅਜਾਂਈ ਗਈ। ਲਿਖਾਰੀ ਜੀ ਨੇ ਕੇਵਲ ਏਹੀ ਸਿੱਧ ਕਰਨਾ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਆਪਣਾ ਬਚਨ ਨਿਭਾਉਣ ਲਈ ਗੁਰੂ ਰਾਮਦਾਸ ਜੀ ਤੱਕ ਜ਼ਰੂਰੀ ਰਹਿਣਾ ਸੀ। ਜੇ ਕਿਤੇ ਅਜੇਹਾ ਸਬੱਬ ਬਣਿ ਗਿਆ ਹੁੰਦਾ ਕਿ ਗੁਰੂ ਅੰਗਦ ਦੇਵ ਜੀ ਹੀ " ਸੋਢੀ " ਬੰਸ ਵਿਚੋਂ ਹੁੰਦੇ ਤਾਂ ਏਡੀ ਖੇਚਲ ਕਰਨ ਦੀ ਲਿਖਾਰੀ ਨੂੰ ਲੋੜ ਹੀ ਨਹੀਂ ਸੀ ਪੈਣੀ। ਪਹਿਲੇ ਸਰੂਪ ਤੋਂ ਹੀ ਗੁਰੂ ਨਾਨਕ ਦੇਵ ਜੀ ਨੂੰ ਸੱਚਖਡ ਭੇਜ ਦੇਣਾ ਸੀ ਅਤੇ ਇਹ---" **ਨਾਨਕ ਅੰਗਦ ਕੋ ਬਪੁ ਧਰਾ** " ਲਿਖਣ ਦੀ ਲੋੜ ਹੀ ਨਹੀਂ ਸੀ ਰਹਿਣੀ।

ਉਪ੍ਰੋਕਤ ਭੂਮਕਾ ਲਿਖਣ ਤੋਂ ਦਾਸ ਦਾ ਮੰਤਵ ਇਹ ਹੈ ਕਿ ਪਾਠਕ ਸੱਜਣ ੧੧ਵੀਂ ਚੌਪਈ ਤੋਂ ਬਦਲੀ ਹੋਈ ਕਵੀ ਦੀ ਬੋਲੀ ਵੱਲ ਉਚੇਚਾ ਧਿਆਨ ਦੇਣੋ ਢਿੱਲੇ ਨਾ ਪੈ ਜਾਣ। ਕਿਉਂਕਿ ਲਿਖਾਰੀ ਨੇ ਸਿੱਧ ਕਰਨਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਦਸ਼ਮੇਸ਼ ਜੀ ਤੱਕ ਪਹੁੰਚ ਸਕਦੀ ਹੀ ਨਹੀਂ ਸੀ । ਦਸ਼ਮੇਸ਼ ਜੀ ਨੂੰ ਅਕਾਲਪੁਰਖ ਕੋਲੋਂ ਬਰਕਤਾਂ ਅਤੇ ਪੂਰੀ ਤਰ੍ਹਾਂ ਅੱਡਰੇ, ਹੁਕਮ ਲੈ ਕੇ ਉਚੇਚੇ ਮੰਤਵ ਲਈ ਸੰਸਾਰ ਤੇ ਆਏ ਦਰਸਾਉਣਾ ਸੀ, ਭਾਵ, ਭਿੰਡਰਾਂ ਵਾਲੇ ਮਹਾਂਪੁਰਖਾਂ ਦੇ ਲਿਖੇ ਅਨੁਸਾਰ*,-- *{Foot note:--ਪੜ੍ਹੋ ਸਚ ਖੰਡ ਵਾਸੀ ਸੰਤ ਗਿ: ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਲਿਖੀ ਪੁਸਤਕ " ਗੁਰਮਤਿ ਰਹਿਤ ਮਰਯਾਦਾ " (ਫਰਵਰੀ ੧੯੭੫ ਅੰਕ) ਦ ਸਫ਼ਾ ੫੦/੫੧ ਹਿੰਮਤ ਸਿੰਘ ਤੀਜੇ ਪਿਆਰੇ ਦੀ ਚੋਣ) ਅਤੇ ਜਾਂ " ਪੁਸਤਕ ਮਾਸੁ ਮਾਸੁ ਕਰਿ ਮੂਰਖੁ ਝਗੜੇ ਪੁਸਤਕ ਵਿਚ ਛਪੀ " ਭਿੰਡਰਾਂ ਵਾਲੇ ਮਹਾਂ ਪੁਰਖਾਂ ਨੂੰ ਲਿਖੀ ਚਿੱਠੀ} " ਨਰਸਿੰਘ, ਮੱਛ, ਕੱਛ, ਵਰਹਾ, ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਆਦਿ (ਘੱਟੋ ਘੱਟ ੧੦ ਅਵਤਾਰਾਂ ਵਾਂਗ ਹੀ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਵਿਸ਼ਨੂੰ ਭਗਵਾਨ ਦੇ ਹੀ ਅਵਤਾਰ ਸਨ। ਅਜੇਹੇ ਭੁਲੇਖੇ ਪਾਉਣ ਵਿਚ ਨਿਪੁੰਨ ਹੁਸ਼ਿਆਰ ਲਿਖਾਰੀ ਜੀ ਨੇ ਇਹ ਧਿਆਨ ਵੀ ਰੱਖ ਲਿਆ ਸੀ ਕਿ ਜੇ ਕਦੇ (ਉਸ ਦੀ ਕੁਟਲਤਾ ਸਮਝ ਕੇ) ਰੌਲਾ ਪਾਉਣ ਵਾਲਿਆਂ ਹੋਸ਼ ਫੜ ਵੀ ਲਈ ਤਾਂ ਉਸ ਵੇਲੇ ਤਾਂਈ, ਇਸ ਝੂਠ-ਗਾਥਾ ਨੇ ਸੱਚ ਦਾ ਅਜੇਹਾ ਰੂਪ ਫੜ ਲਿਆ ਹੋਣਾ ਹੈ, ਕਿ, ਇਸ ਨੂੰ ਬ੍ਰਾਹਮਣੀ ਮਾਇਆ-ਜਾਲ ਕਹਿਣ ਵਾਲਿਆਂ ਨੂੰ " **ਧਰਮ ਵਿਰੋਧੀ,** ਸਰਕਾਰੀਏ, ਨਾਸਤਕ ਆਦਿ " ਕਹਿ ਕੇ ਭੰਡਨ ਵਾਲੇ, ਅੰਧ ਵਿਸ਼ਵਾਸ਼ੀ ਅਗਿਆਨੀ, ਬਥੇਰੇ ਪੈਦਾ ਹੋ ਚੁੱਕੇ ਹੋਣੇ ਹਨ। ਅਤੇ ਫਿਰ ਅਜੇਹੇ **ਬਿਬੇਕ-ਹੀਨ** ਸ਼ਰਧਾਵਾਨਾ ਨੂੰ ਆਤਮਕ ਸੁਖ ਪੁਚਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ, ਇਸ ਗੰਭੀਰ ਮਾਇਆ-ਜਾਲ ਦੀ ਅਸਲੀਯਤ ਨੰਗੀ ਕਰਨ ਦੀ ਦਲੇਰੀ ਕਰਨ ਵਾਲੇ ਪੰਥ ਦਰਦੀ ਨੂੰ " ਗੁਰੂ ਨਿੰਦਕ, ਨੀਚ, ਪਰਲੇ ਦਰਜੇ ਦੇ ਮੂਰਖ, ਝੂਠਾ, ਮਨਮੁਖ, ਆਦਿ ਖ਼ਤਾਬਾਂ ਦੀ ਬਖ਼ਸ਼ਸ਼ ਕਰਕੇ ਉਸ ਨੂੰ ਪੰਥ ਵਿਚੋਂ ਖ਼ਾਰਜ ਕੀਤੇ ਜਾਣ ਦਾ ਹੁਕਮ ਨਾਮਾ ਜਾਰੀ ਕਰ ਦਿਆ ਕਰਨਾਂ ਹੈ। ਪਹਾੜਾਂ ਨਾਲੋਂ ਵੀ ਵਡੇ ਝੂਠ ਦੀ ਪੂਜਾ ਕਰਵਾ ਸਕਣ ਵਾਲੇ ਤਜਰਬੇਕਾਰ ਪ੍ਰੋਹਿਤ ਜੀ ਨੂੰ ਪੂਰਾ ਯਕੀਨ ਸੀ ਕਿ ਜਿਸ ਵਿਧੀ ਨਾਲ ਇਹ ਗਾਥਾ ਲਿਖ ਕੇ ਖ਼ਾਲਸਾ ਪੰਥ ਵਿਚ ਵਾੜੀ ਗਈ ਹੈ, ਉਸ ਤੋਂ ਇਸ ਝੂਠ ਦੇ ਪੂਜਾਰੀਆਂ ਦਾ ਅਜੇਹਾ ਧੜਾ ਬਣ ਚੁੱਕਾ ਹੋਣਾ ਹੈ, ਕਿ, ਗੁਰੂ ਕੇ ਲਾਲ, ਇਨ੍ਹਾਂ ਨਿਆਰੇ ਪੰਥੀਆਂ ਦਾ ਆਪਸ ਵਿਚ ਹੀ **......** । ਪ੍ਰੋਤਿਵਾਦੀ ਧੜੇ ਦੇ ਸਾਰੇ ਮਨਸੂਬਿਆਂ ਨੂੰ ਸਿਰੇ ਚਾੜ੍ਹ ਲੈਣ ਵਾਲੀ **ਬਿਚਿਤ੍ਰ ਗਾਥਾ** ਤਿਆਰ ਹੋ ਚੁੱਕੀ ਸੀ ।

ਆਓ ! ਹੁਣ ਬਿੱਪ੍ਰੀ-ਸਫ਼ਲਤਾ ਦੇ ਬਾਕੀ ਹਿਸੇ ਦੇ ਦਰਸ਼ਨ ਕਰੀਏ। ਉਚੇਚੇ ਧਿਆਨ ਵਾਲੀ ਗੱਲ ਇਹ ਹੈ ਕਿ ਗੁਰੂ ਅਮਰਦਾਸ ਜੀ ਤੋਂ " **ਸੁਰ ਪੁਰ** " ਨੂੰ ਚਾਲੇ ਪਾਉਣ ਵਾਲੀ ਗੱਲ ਹੁਣ ਲਗਾਤਾਰ ਤੁਰ ਪਈ ਵੇਖਾਂਗੇ ਅਤੇ ਨਾਲ ਇਹ ਵੀ ਧਿਆਨ ਵਿਚ ਰੱਖਣਾ ਹੈ ਕਿ **ਇੱਕ ਤੋਂ ਦੂਜੇ ਨੂੰ ਇੱਕ ਰੂਪ ਹੋਣ ਦੀ ਗੱਲ ਦਾ ਕਿਤੇ ਸੰਕੇਤ ਤੱਕ ਨਹੀਂ ਮਿਲਣਾ।**

**ਰਾਮਦਾਸ ਹਰਿ ਸੋ ਮਿਲ ਗਏ ॥ ਗੁਰਤਾ ਦੇਤ ਅਰਜਨਹਿ ਭਏ ॥**
**ਜਬ ਅਰਜਨ ਪ੍ਰਭ ਲੋਕ ਸਿਧਾਏ ॥ ਹਰਿ ਗੋਬਿੰਦ ਤਿਹਨਾਂ ਠਹਿਰਾਏ॥ ੧੧ ॥**

[ਹੁਣ ਬਪੁ ਧਰਾ ਨਾ ਰਿਹਾ, ਦੀਪਕ ਤੋ ਦੀਪ ਵੀ ਨਾ ਜਗਿਆ ਅਤੇ ਅਰਜਨ ਦੇਵ ਜੀ ਨਹੀਂ ਸਗੋਂ " ਅਰਜਨਹਿ ਜਾ ਅਰਜਨ " ਬਣ ਗਏ?]

ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥ ਹਰੀਰਾਇ ਤਿਹ ਠਾਂ ਬੈਠਾਰੇ ॥
ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ ॥ ਤਿਨ ਤੇ **ਤੇਗ ਬਹਾਦਰ** ਭਏ ॥ ੧੨ ॥

**ਅਰਥ:**--(ਸ੍ਰੀ ਗੁਰੂ) ਰਾਮਦਾਸ ਜੀ (ਸੰਸਾਰਕ ਯਾਤ੍ਰਾ ਪੂਰੀ ਕਰਕੇ) ਹਰੀ ਨਾਲ ਅਭੇਦ ਹੋ ਗਏ, ਗੁਰਿਆਈ (ਸ੍ਰੀ ਗੁਰੂ) ਅਰਜਨ ਜੀ ਨੂੰ ਦਿੱਤੀ ਗਈ । ਜਦੋਂ (ਸ੍ਰੀ ਗੁਰੂ ਅਰਜਨ ਦੇਵ ਜੀ) ਪ੍ਰਭੂ ਦੇ ਦੇਸ਼ ਚਲੇ ਗਏ, (ਤਾਂ ਸ੍ਰੀ ਗੁਰੂ) ਹਰਿ ਗੋਬਿੰਦ (ਜੀ ਨੂੰ) ਉਨ੍ਹਾਂ ਦੀ ਥਾਂ ਸਥਿਤ ਕੀਤਾ ਗਿਆ । ੧੧ ॥ (ਜਦੋਂ ਸ੍ਰੀ ਗੁਰੂ ਹਰਿਗੋਬਿੰਦ ਜੀ (ਪ੍ਰਭ ਲੋਕ) ਸਚਖੰਡ ਚਲੇ ਗਏ, (ਤਦੋਂ) ਓਨ੍ਹਾਂ ਦੀ ਥਾਂ (ਸ੍ਰੀ ਗੁਰੂ) ਹਰਿਰਾਇ ਜੀ ਬੈਠੇ । ਉਨ੍ਹਾਂ ਦੇ ਮਗਰੋਂ ਉਨ੍ਹਾਂ ਦੇ ਪੁੱਤ੍ਰ (ਸ੍ਰੀ) ਹਰਿਕ੍ਰਿਸ਼ਨ ਜੀ (ਗੁਰੂ ਹੋਏ) । ਫਿਰ ਉਨ੍ਹਾਂ ਦੇ (ਮਗਰੋਂ ਸ੍ਰੀ ਗੁਰੂ) ਤੇਗ਼ਬਹਾਦਰ (ਜੀ ਗੁਰੂ) ਬਣੇ ॥ ੧੨ ॥

ਜਿਵੇ ਚੌਪਈ ਨੰ: ੭, ੮ ਅਤੇ ੯ ਵਿਚ ਗੁਰੂ ਨਾਨਕ ਜੀ ਹੀ ਦੂਜੇ ਸਰੀਰ ਵਿਚ ਬਿਰਾਜੇ ਵਿਖਾਏ ਹੋਏ ਹਨ, ਅਤੇ ਚੌਹਾਂ ਗੁਰੂ ਸਾਹਿਬਾਨ ਨੂੰ ਇੱਕ ਰੂਪ ਜਾਨਣ ਦੀ ਤਾਕੀਦ ਕੀਤੀ ਹੈ, ਉਸ ਤਰ੍ਹਾਂ ਇਨ੍ਹਾਂ ਦੋਹਾਂ ਹੀ ਚੌਪਈਆਂ ਵਿਚ ਬਾਕੀ ਪੰਜ ਗੁਰੂ ਸਾਹਿਬ ਲਈ ਕੁਝ ਨਹੀਂ ਹੈ। ਸਗੋ

ਗੁਰਿਆਈ ਦੇਣ ਦੀ ਜਿਹੜੀ ਗੱਲ ਪਹਿਲੀਆਂ ਚੌਪਈਆਂ ਵਿਚ ਨਹੀਂ ਸੀ ਕੀਤੀ ਗਈ ਹੁਣ ਗੁਰੂ ਰਾਮ ਦਾਸ ਜੀ ਤੋ ਗੁਰੂ ਅਰਜੁਨ ਦੇਵ ਜੀ ਨੂੰ ਗੁਰਿਆਈ ਦੇਣ ਦਾ ਜ਼ਿਕਰ ਹੈ। ਅਗੇ ਫਿਰ ਇਕ ਤੋਂ ਦੂਜੇ ਗੁਰੂ ਸਾਹਿਬ ਜੀ ਦੇ **ਥਾਂ ਬੈਠਾਏ ਜਾਣ ਦੀ ਹੀ ਗੱਲ ਹੈ**-- ਫਿਰ ਗਰਿਆਈ ਦਾ ਜ਼ਿਕਰ ਵੀ (Understood) ਬਣ ਗਿਆ? ਇਹ ਸਿਲਸਲਾ ਵੀ ਨੌਵੇ ਸਤਿਗੁਰਾਂ ਤੇ ਜਾ ਕੇ ਸਮਾਪਤ ਕਰ ਦਿੱਤਾ। ਗੁਰੂ ਤਗ਼ ਬਹਾਦਰ ਜੀ ਦੇ ਥਾਂ ਦਸ਼ਮੇਸ਼ ਜੀ ਗੁਰਿਆਈ ਦੇ ਮਾਲਕ ਬਣੇ ਲਿਖਣਾ ਲਿਖਾਰੀ ਨੂੰ ਕਿਸ ਕਾਰਨ ਨਾ ਭਾਇਆ? ਸਪੱਸ਼ਟ ਹੈ ਕਿ ਲਿਖਾਰੀ ਨਹੀਂ ਸੀ ਚਾਹੁੰਦਾ ਕਿ ਗੁਰੂ ਨਾਨਕ ਸਾਹਿਬ ਜੀ ਪ੍ਰਥਮ ਸਤਿਗੁਰਾਂ ਦੀ ਜੋਤਿ ਨਾਲ ਦਸ਼ਮੇਸ਼ ਜੀ ਕੋਈ ਦੂਰ ਦਾ ਵਾਸਤਾ ਵੀ ਰਹੇ। ਜੇ ਗੁਰੂ ਗੋਬਿੰਦ ਸਿੰਘ ਜੀ ਆਪ ਲਿਖਦੇ ਹੁੰਦੇ ਤਾਂ ਇਸ ਲਿਖਤ ਦਾ ਅਜੇਹਾ ਭੇਤ ਭਰਿਆਂ ਰੂਪ ਕਦੇ ਨਾ ਹੁੰਦਾ। ਦਸ਼ਮੇਸ਼ ਜੀ ਨੇ ਤਾਂ ਪੂਰੀ ਪ੍ਰੰਸਨਤਾ ਨਾਲ ਲਿਖਣਾ ਸੀ ਕਿ ਉਨ੍ਹਾਂ ਨੂੰ ਗੁਰਿਆਈ, ਗੁਰਦੇਵ ਪਿਤਾ ਜੀ ਸ੍ਰੀ ਗੁਰੂ ਤੇਗ਼ ਬਾਹਾਦਰ ਸਾਹਿਬ ਤੋਂ ਪ੍ਰਾਪਤ ਹੋਈ ਹੈ। ਦਸਵੇਂ ਥਾਂ ਆ ਕੇ " **ਨਾਨਕ** " ਬਣ ਚੁੱਕਾ ਪਰਮ-ਪੁਰਖ ਆਪਣੇ ਆਪ ਨੂੰ " **ਨਾਨਕ** " ਕਿਵੇਂ ਨਾ ਮੰਨੇ ?

ਅਜੇਹਾ ਲਿਖਣ ਨਾਲ ਬਿੱਪ੍ਰ ਦੀ ਕੀਤੀ ਕੱਤਰੀ ਖੂਹ ਵਿਚ ਪੈਂਦੀ ਸੀ। ਜੇ ਦਸ਼ਮੇਸ਼ ਜੀ, ਬਾਕੀ ਨੌਂ ਸਰੂਪਾਂ ਦੇ ਨਾਲ ਹੀ ਮਿਲਾ ਦਿੱਤੇ ਜਾਂਦੇ ਤਾਂ ਸ੍ਰੀ ਰਾਮ ਜੀ ਦੀ ਔਲਾਦ ਵਿਚੋਂ **ਸੋਢੀ** ਅਤੇ **ਬੇਦੀ** ਬਣਾਉਣ ਵਾਲੇ **ਬਚਿਤ੍ਰ ਨਾਟਕ** ਦਾ ਸਾਰਾ ਮੰਤਵ ਖ਼ਤਮ ਹੋ ਜਾਂਦਾ। **ਕੇਵਲ ਏਸੇ ਘੜੀ ਲਈ ਤਾਂ ਇਹ ਸਾਰੀ ਬਚਿਤ੍ਰ ਲੀਲ੍ਹਾ ਰਚੀ ਗਈ ਸੀ।** ਹੇਮ ਕੁੰਡ ਤੀਰਥ ਬਣਵਾ ਲੈਣ ਵਾਲੀ ਗੁਰਮਤਿ ਵਿਰੋਧੀ ਧਾਰਨਾਂ ਦਾ ' ਬੀਜ ' (Seed) ਬੜੀ ਸਫ਼ਾਈ ਨਾਲ ਬੀਜ ਦਿੱਤਾ ਗਿਆ ਸੀ। ਇਨ੍ਹਾਂ ਬ੍ਰਾਹਮਣੀ ਲਿਖਤਾਂ ਨੂੰ ਗੁਰਬਾਣੀ ਮੰਨਣ ਵਾਲੇ, ਅਤੇ ਗੁਰਬਾਣੀ ਨਾ ਮੰਨਣ ਵਾਲੇ, ਦੋ ਧੜਿਆਂ ਦੇ ਰੂਪ ਵਾਲੀ ਫੁੱਟ ਦੀ ਜੜ੍ਹ ਪੂਰੀ ਸਫ਼ਲਤਾ ਨਾਲ ਲੱਗ ਚੁੱਕੀ ਸੀ। **ਬਿੱਪ੍ਰ ਦਾ ਗੋਲਾ ਠੀਕ ਨਿਸ਼ਾਨੇ ਤੇ ਵੱਜ ਚੁੱਕਾ ਸੀ ।**

੧੯

## ਗੁਰਮਤਿ ਗਿਆਨ ਦੀ ਹੋਰ ਵੀ ਵੱਧ ਘੋਰ ਖੰਡਨਾ ?

**ਏਡੀ ਠੋਸ ਸਫ਼ਲਤਾ** ਵਾਲੀ ਸਮੱਗ੍ਰੀ ਤਿਆਰ ਕਰ ਲੈਣ ਤੋਂ ਪ੍ਰਾਪਤ ਹੋਈ ਅਲੌਕਿਕ ਪ੍ਰਸੰਨਤਾ ਹੋਣ ਦੇ ਕਾਰਨ ਤੇ ਪ੍ਰੋਹਿਤ ਜੀ ਦਾ ਰੋਮ ਰੋਮ ਨੱਚ ਰਿਹਾ ਸੀ। ਅੱਗਲੀ ਸਾਰੀ ਲਿਖਤ ਇਸ ਕੋਰੇ ਝੂਠ ਨੂੰ ਹਰ ਪੱਖ ਤੋਂ ਪੂਰਾ ਸੱਚ ਬਣਾ ਲੈਣ ਦਾ ਅਤੇ ਆਪਣੀ ਯੋਜਨਾਂ ਦੇ ਰਹਿੰਦੇ ਜ਼ਰੂਰੀ ਚਮਤਕਾਰ ਨੂੰ ਨੇਪਰੇ ਚਾੜ੍ਹ ਲੈਣ ਦਾ ਹੀ ਸਫ਼ਲ ਯਤਨ ਹੈ। ਪਾਤਸ਼ਾਹੀ ਬਰਣਨੰ ਅਧਿਆਇ ਦੀ ਅਗਲੀ ਚੌਪਈ ਇਸ ਪ੍ਰਕਾਰ ਹੈ:--

**ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥**
**ਸਾਧਨ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰੁ ਸੀ ਨ ਉਚਰੀ ॥ ੧੩ ॥**

**ਅਰਥ**:--ਉਨ੍ਹਾਂ (ਦੁਖੀ ਬ੍ਰਹਮਣਾਂ) ਦਾ ਤਿਲਕ ਤੇ ਜਞੂੰ (ਪ੍ਰਭੂ) ਸ੍ਵਾਮੀ (ਸ੍ਰੀ ਗੁਰੂ ਤੇਗ਼ ਬਹਾਦਰ ਜੀ) ਨੇ ਰੱਖ ਲਿਆ । ਕਲਜੁਗ ਵਿਚ (ਆਪ ਜੀ ਨੇ) ਵੱਡਾ ਭਾਰਾ ' ਸਾਕਾ ' ਕੀਤਾ । ਸੰਤਾ ਦੀ (ਰਖਿਆ) ਵਾਸਤੇ ਜਿਨ੍ਹਾਂ ਨੇ (ਕੁਰਬਾਨੀ) ਦੀ ਹੱਦ ਕਰ ਦਿੱਤੀ ਤੇ ਆਪਨਾ ਸੀਸ ਦੇ ਦਿੱਤਾ ਪਰ ਮੂੰਹੋਂ ਸੀ ਭੀ ਨਹੀਂ ਉਚਾਰੀ । ੧੩ ।

ਜੇ ਉਹੀ ਜਨੇਊ ਠੱਗਾਂ, ਲੁਟੇਰਿਆਂ, ਧੋਖੇ ਬਾਜ਼ਾਂ, ਪਖੰਡੀਆਂ, ਤਸਕਰੀਆਂ, ਕਾਤਲਾਂ, ਬਲਾਤਕਾਰੀਆਂ ਨੇ ਪਾਇਆ ਹੋਇਆ ਹੋਵੇ, ਜੇ ਉਸੇ ਤਿਲਕ ਜਨੇਊ ਦੇ ਧਾਰਨੀ ਨੇ ਮਾਇਆ ਜਾਲ ਵਿਚ ਫ਼ਸਾ ਕੇ ਦਾਨ ਦੇ ਬਹਾਨੇ ਲੋਕਾਂ ਨੂੰ ਲੁਟਣਾ ਸ਼ੁਰੂ ਕੀਤਾ ਹੋਇਆ ਹੋਵੇ, ਜੇ ਮੱਥੇ ਤੇ ਤਿਲਕ ਲਾਈ ਜਨੇਊ ਦਾ ਧਾਰਨੀ, ਕੁਟਲ-ਗਿਆਨੀ ਲੋਕਾਂ ਨੂੰ ਸੁਰਗਾਂ ਦੇ ਝਾਂਸੇ ਵਿਚ ਫਸਾ ਕੇ ਹਜ਼ਾਰਾਂ ਬੱਚੀਆਂ ਨੂੰ ਪੱਥਰ ਦੇ ਭਗਵਾਨਾਂ ਨਾਲ ਵਿਆਹ ਕੇ ਆਪਣੀ ਹਵਸ ਦਾ ਸ਼ਿਕਾਰ ਬਣਾ ਰਿਹਾ ਹੋਵੇ, ਜੇ ਤਿਲਕ ਜੰਞੂ ਵਾਲਾ ਬ੍ਰਾਹਮਣ ਅਥਵਾ ਹਿੰਦੂ ਪ੍ਰੋਹਿਤ, ਧਰਮ ਦੇ ਨਾਂ ਤੇ, ਲੋਕਾਂ ਨੂੰ ਕਰਵੱਤ ਨਾਲ ਚੀਰੀ ਜਾ ਰਿਹਾ ਹੋਵੇ, ਤਾਂ ਕੀ ਸਤਿਗੁਰਾਂ ਲਈ ਫਿਰ ਵੀ ਜ਼ਰੂਰੀ ਸੀ ਕਿ ਉਹ ਤਿਲਕ ਜੰਞੂ ਦਾ ਰਾਖਾ ਬਣਦੇ ? ਜਨੇਊ ਅਥਵਾ ਤਿਲਕ ਧਾਰੀ ਭੇਖੀਆਂ ਬਾਰੇ ਸਤਿਗੁਰਾਂ ਦੇ ਫ਼ੁਰਮਾਨ ਤਾਂ ਇਸ ਪ੍ਰਕਾਰ ਹਨ:--

੧੮- **ਪੂਜਾ ਤਿਲਕ ਕਰਤ ਇਸਨਾਂਨਾ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥ ੨ ॥**[੨੦੧]-੧੦੭

੧੯- **ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥ ਤਗੁ ਨ ਪੈਰੀ ਤਗੁ ਨ ਹਥੀ ॥ ਤਗੁ**
**ਨ ਜਿਹਵਾ ਤਗੁ ਨ ਅਖੀ ॥ ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥ ਲੈ ਭਾੜਿ ਕਰੇ ਵੀਆਹੁ ॥**
**ਕਢਿ ਕਾਗਲੁ ਦਸੇ ਰਾਹੁ ॥ ਸੁਣ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥ ੪ ॥**[੪੭੧]-ਵਾਰ-੪

੨੦- **ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨ ਤਗ ॥ ਗਲੀ ਜਿਨ੍ਹਾ ਜਪਮਾਲੀਆ**
**ਲੋਟੇ ਹਥਿ ਨਿਬਗ ॥ ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸ ਕੇ ਠਗ ॥ ੧ ॥**[੪੭੬]-੨

੨੧- **ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥**
**ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥ ੬ ॥**[੯੦੩]-੧

੨੨- **ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥**
**ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥ ੨ ॥**[੩੫੫]-੨੦

ਜੇ ਨੌਵੇਂ ਸਰੂਪ ਵਿਚ ਆ ਕੇ ਏਸੇ ਜਨੇਊ ਦੀ ਰਖਿਆ ਲਈ ਸੀਸ ਦੇਣਾ ਸੀ ਤਾਂ ਪਹਿਲੇ ਸਰੂਪ ਵਿਚ ਬ੍ਰਾਹਮਣ ਕੋਲੋਂ --**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਆ ਕਾ ਹਈ ਤ ਪਾਡੇ ਘਤੁ ॥**ਦੀ ਮੰਗ ਕਿਉਂ ਕਰਨੀ ਸੀ ?

ਸਤਿਗੁਰਾਂ ਨੇ ਕਿਸੇ ਵੀ ਧਰਮ ਦਾ ਸੰਬੰਧ ਕਿਸੇ ਖ਼ਾਸ ਭੇਖ ਨਾਲ ਨਹੀਂ ਮੰਨਿਆਂ। ਉੱਚੀ ਆਤਮਕ ਜੀਵਨ-ਜੁਗਤ ਦਾ ਨਾਮ ਧਰਮ ਹੈ । ਨਿਆਰੇ ਅਤੇ ਸੁੱਚੇ ਆਚਰਨ ਦੇ ਨਾਲ ਪੱਕੀ ਪਰਉਕਾਰੀ ਮਰਯਾਦਾ ਦਾ ਨਾਮ ਧਰਮ ਹੈ। ਪ੍ਰਭੂ ਦੀ ਪਛਾਣ ਅਤੇ ਉਸ ਦੇ ਹੁਕਮ-ਮਰਯਾਦਾ ਵਿਚ

ਜੀਵਨ ਦਾ ਹਰ ਸੁਆਸ ਲੈਣ ਦਾ ਨਾਮ ਧਰਮ ਹੈ। ਕਿਸੇ ਦੇ ਧਰਮ ਚਿੰਨ੍ਹਾਂ ਨਾਲ ਗੁਰੂ ਨਾਨਕ ਜੀ ਦਾ ਦੂਰ ਦਾ ਵੀ ਕੋਈ ਵਾਸਤਾ ਨਹੀਂ। **ਸ਼ੁਭ ਅਮਲਾਂ ਦੀ ਗੱਲ ਹੈ**, ਅਤੇ ਜੂਝਣਾ " **ਦੀਨ ਕੇ ਹੇਤ ਹੈ** ", ਗੁਰਮਤਿ ਤਾਂ, ਮਜ਼ਲੂਮਾਂ, ਦੁਖਿਆਰਿਆਂ, ਨਿਆਸਰਿਆਂ, ਆਤੁਰਾਂ ਦੀ ਰਖਿਆ ਕਰਦਿਆਂ ਪੁਰਜਾ ਪੁਰਜਾ ਹੋ ਕੇ ਕੱਟ ਮਰਨ ਦਾ ਸਿਧਾਂਤ ਹੈ--**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ* ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥**[੧੧੦੫] [* **Foot note**:-- ਏਥੇ ' **ਦੀਨ** ' ਪਦ ਦਾ ਅਰਥ ' **ਧਰਮ** ' ਕਰਨਾ ਕੁਟਲਤਾ ਹੈ ਜਾਂ ਅਗਿਆਨਤਾ ਹੈ। ਦੀਨ ਦਾ ਅਰਥ ਗ਼ਰੀਬ, ਆਤੁਰ ਜਾਂ ਦੁੱਖਿਆਰਾ ਹੈ--ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯਾ ਕਰੋਤਿ ॥ ੪੭॥ [੧੩੫੯]--ਦੀਨੁ ਦੁਆਰੈ ਆਇਓ ਠਾਕੁਰ ਸਰਨਿ ਪਰਿਓ ਸੰਤ ਹਾਰੇ ॥ [੫੩੪]

ਅਜੇਹਾ ਕਹਿਣਾ ਬੜੀ ਘਟੀਆ ਉਕਤਿ ਹੈ ਕਿ ਗੁਰੂ ਸਾਹਿਬਾਨ ਨੇ ਕਿਸੇ ਦੇ ਧਾਰਮਿਕ ਚਿਨ੍ਹਾਂ ਦੀ ਰਾਖੀ ਲਈ ਕੋਈ ਕੁਰਬਾਨੀ ਦਿੱਤੀ ਸੀ। ਗੁਰਮਤਿ ਦਾ ਨਿਯਮ, ਕਿਸੇ ਨਿਤਾਣੇ ਦਾ **ਮਨ,** ਦੁਖੀ ਹੋਣ ਤੋਂ ਬਚਾਉਣਾ, ਹੈ। ਬਾਹਰੀ ਭੇਖ ਨਾਲ ਗੁਰਮਿਤ ਦਾ ਕੋਈ ਵਾਸਤਾ ਨਹੀਂ--**ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥**[੪੭੩] ਨਾ ਹੀ ਸਤਿਗੁਰਾਂ ਦੀ ਸ਼ਹੀਦੀ ਦਾ ਕੋਈ ਸੰਬੰਧ, ਭੇਖੀ ਅਤੇ ਡੇਰੇ ਦਾਰ ਸਾਧਾਂ ਸੰਤਾਂ ਨਾਲ ਹੀ ਸੀ। ਕਿਡੀ ਹੈਰਾਨੀ ਵਾਲੀ ਗੱਲ ਹੈ ਕਿ, ਏਸੇ ਗ੍ਰੰਥ ਵਿਚ ਇਕ ਥਾਂ ਤਾਂ ਇਹ ਲਿਖਿਆ ਜਾ ਰਿਹਾ ਹੈ ਕਿ--**ਜੇ ਜੇ ਭੇਖ ਸੁ ਤਨ ਮੈਂ ਧਾਰੈ ॥ ਤੇ ਪ੍ਰਭੁ ਜਨ ਕਛੁ ਕੈ ਨ ਬਿਚਾਰੇ ॥ ...੫੩ ॥** ਅਥਵਾ --**ਭੇਖ ਦਿਖਾਇ ਜਗਤ ਕੋ ਲੋਗਨ ਕੋ ਬਸਿ ਕੀਨ ॥L... ੫੬ ॥** ਅਤੇ ਦੂਜੇ ਥਾਂ ਤਿਲਕ ਅਤੇ ਜੰਞੂ ਦੀ ਰਖਿਆ ਲਈ ਵਡਾ ਸਾਕਾ ਕੀਤਾ ਜਾਣ ਦੀ ਗੱਲ ਹੈ। ਥਾਂ ਥਾਂ ਤੇ ਦੋ ਵਿਰੋਧੀ ਗੱਲਾਂ। ਅਜੇਹੀ ਲਿਖਤ ਦਸ਼ਮੇਸ਼ ਜੀ ਦੇ ਨਾਮ ਨਾਲ ਜੋੜਨ ਵਾਲਿਓ ! ਡਰੋ ਗੁਰੂ ਨਾਨਕ ਜੀ ਦੀ ਬੇਅਦਬੀ ਦੇ ਘੋਰ ਪਾਪ ਤੋਂ ।

ਉਸ ਸਮੇਂ ਗੁਰੂ ਨਾਨਕ ਜੀ ਦਾ ਘਰ, ਕੇਵਲ ਅਤੇ ਕੇਵਲ ਔਰੰਗਜ਼ੇਬੀ ਜ਼ੁਲਮ ਦੇ ਦਮਨ-ਚੱਕਰ ਵਿਰੁੱਧ ਉਠ ਖੜੇ ਹੋਣ ਲਈ ਨਿਤਾਣਿਆਂ ਦੇ ਅੰਦਰ ਸਵੈਮਾਨ ਅਤੇ ਸਾਹਸ ਭਰਨ ਲਈ ਜੂਝ ਰਿਹਾ ਸੀ। ਸਾਰੇ ਜਗਤ ਦੇ ਸਾਂਝੇ ਗੁਰਦੇਵ ਜੀ ਦੀ ਰਹਿਮਤ ਦਾ ਘੇਰਾ ਕਿਸੇ ਫ਼ਿਰਕੇ ਜਾਂ ਕਿਸੇ ਖ਼ਾਸ ਧਰਮ ਤੱਕ ਸੀਮਤ ਕਰਨ ਵਾਲੇ ਕਥਿਤ ਵਿਦਵਾਨ, ਕਿਸ ਦਲੀਲ ਨਾਲ ਗੁਰੂ ਘਰ ਦੇ ਸ਼ਰਧਾਲੂ ਬਣ ਬਹਿੰਦੇ ਹਨ ?

ਸਤਿਗੁਰੂ ਨਾਨਕ ਜੀ ਸਾਰੇ ਜਗਤ ਦੇ ਸਾਂਝੇ (ਗੁਰੂ) ਸਨ---**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਂਝਾ ॥**[੭੪੭] ਨਿਆਸਰਿਆਂ ਦਾ ਆਸਰਾ, ਨਿਤਾਣਿਆਂ ਦਾ ਤਾਣ, ਨਿਪਤਿਆਂ ਦੀ ਪਤਿ, ਨਿਗਤਿਆਂ ਦੀ ਗਤਿ ਹੈ ਗੁਰੂ ਨਾਨਕ ਜੀ ਦਾ ਘਰ। ਸਤਿਗੁਰੂ ਜੀ ਤਾਂ ਸਨ ਹੀ ਨੀਚਾਂ ਦਾ ਸੰਗੀ ਸਾਥੀ--

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕ ਤਿਨ ਕੈ ਸੰਗਿ ਸਾਥਿ**
**ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ ੪ ॥**[੧੫]-੩

ਪਰ ਅੱਜ ਦਾ ਜਿਹੜਾ ਖ਼ਾਲਸਾ **ਜੰਞੂ** ਬੇਖ ਦਾ ਰਾਖਾ ਬਣ ਬਣ ਬੈਠ ਰਿਹਾ ਕੀ ਫਿਰ ਵੀ ਇਹ ਨਿਆਰਾ ਹੀ ਹੈ। ਵਡੱਪਣ ਦੇ ਹੰਕਰੀਆਂ ਨਾਲ ਗੁਰੂ ਸਾਹਿਬਾਨ ਦਾ ਕੋਈ ਮੇਲ ਨਹੀਂ ਸੀ। ਜਗਤ ਗੁਰੂ ਬਣੀ ਬੈਠੇ ਪ੍ਰੋਹਿਤ ਨਾਲ ਨੌਵੇਂ ਗੁਰੂ ਨਾਨਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਕੋਈ ਵਾਸਤਾ ਨਹੀਂ ਸੀ। ਉਹ ਤਾਂ ਜ਼ੁਲਮ ਦੇ ਖ਼ਿਲਾਫ਼ ਜੂਝ ਰਹੇ ਸਨ । ਸੱਜਣ ਠੱਗ, ਕੌਡਾ ਰਾਕਸ਼, ਭੂਮੀਆਂ, ਬਿਧੀਚੰਦ, ਸੈਦ ਖ਼ਾਨ, ਆਦਿ ਪਹਿਲਾਂ ਸੰਤ ਨਹੀਂ ਸਨ । ਕੁਰਾਹੇ ਪਈ ਇਨ੍ਹਾਂ ਦੀ ਆਤਮਾਂ ਦੀ ਰਾਖੀ ਵੀ ਕੀਤੀ ਅਤੇ ਇਨ੍ਹਾਂ ਨੂੰ **ਭਾਈ** ਬਣਾ ਕੇ ਮਨੁਖਤਾ ਦੇ ਸੱਜਣ ਬਣਾਇਆ। ਰਿਖੀਆਂ ਦੀ ਜਾਂ ਕੇਵਲ ਭਗਤਾਂ ਦੀ ਰਖਿਆ ਕਰਨ ਅਤੇ ਦੁਸ਼ਟਾਂ ਨੂੰ ਮਾਰ ਮੁਕਾਉਣ ਲਈ ਕੇਵਲ ਅਤੇ ਕੇਵਲ ਬ੍ਰਾਹਮਣੀ ਅਵਤਾਰ ਹੀ ਆਉਂਦੇ ਰਹੇ ਸਨ। ਗੁਰਦੇਵ ਜੀ ਨੇ ਤਾਂ ਤੁਰਕਾਂ ਦਾ ਅਥਵਾ ਮੁਸਲਮਾਨਾਂ ਦੇ ਆਚਰਨ ਦੀ ਸੰਭਾਲ ਵੀ ਓਵੇਂ ਹੀ ਕੀਤੀ ਜਿਵੇ ਬਾਕੀ ਕਥਿਤ ਚੌਹਾਂ ਵਰਨਾਂ ਦੀ ਕਰ ਰਹੇ ਸਨ। ਮੁਸਲਮਾਨ ਨੂੰ ਵੀ ਸਦੀਵੀ ਸੇਧ ਦਿੰਦੇ ਰਹਿਣ ਦੀ ਇਛਿਆ ਨਾਲ ਕਈ ਗੁਰੂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਦਾ ਹਿੱਸਾ ਬਣਾਏ। ਉਨ੍ਹਾਂ ਕਈ ਪਾਵਨ ਗੁਰੂ ਸ਼ਬਦਾਂ ਵਿਚੋਂ ਕੇਵਲ ਵਣਗੀ ਮਾਤ੍ਰ ਉਪਦੇਸ਼ ਦੀ ਝਲਕ ਦੇ ਦਰਸ਼ਨ ਕਰੋ--

੨੩- **ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥ ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ**
**ਮਾਲੁ ਮੁਸਾਵੈ ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ**
**ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥**[੧੪੧]-ਵਾ-੮

ਗੁਰੂ ਨਾਨਕ ਸਾਹਿਬ ਜੀ ਦੇ ਬਚਪਨ ਤੋਂ ਲੈ ਕੇ ਬਿਖੜੇ ਅਤੇ ਲੰਮ-ਸ-ਲੰਮੇ ਪੈਂਡਿਆਂ ਦਾ ਅਜੇਹਾ ਸਾਥੀ ਜਿਸ ਨੇ ਸਤਿਗੁਰਾਂ ਦੀ ਗੋਦ ਵਿਚ ਹੀ ਆਪਣੇ ਪ੍ਰਾਣ ਤਿਆਗੇ ਸਨ ਉਸ ਭਾਈ ਮਰਦਾਨੇ ਜੀ ਦਾ ਖ਼ਾਨਦਾਨ ਅੱਜ ਵੀ ਮੁਸਲਮਾਨ ਹੈ। ਆਪਣੇ ਬੱਚੇ ਭਰਾ ਅਤੇ ਪਿਆਰੇ ਮੁਰੀਦ, ਦਸ਼ਮੇਸ਼ ਜੀ ਤੋਂ ਕੁਰਬਾਨ ਕਰ ਦੇਣ ਵਾਲੇ ਪੀਰ ਬੁਧੂ ਸ਼ਾਹ ਦਾ ਖ਼ਾਨਦਾਨ ਵੀ ਮੁਸਲਮਾਨ ਹੀ ਹੈ । ਸਰਬ ਸਾਂਝੇ, ਗ਼ਰੀਬਾਂ ਦੁਖਿਆਰਿਆਂ ਦੇ ਅਤੇ ਨੀਚਾਂ ਦੇ ਸੰਗੀ ਸਾਥੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ, ਉਚੀ ਕੁਲ ਵਾਲੇ ਬਣੇ ਬੈਠੇ ਕਿਸੇ ਦੇ ਧਰਮ ਦੀ ਰਖਿਆ ਦੇ ਸੰਬੰਧ ਵਿਚ ਕਿਸੇ ਖ਼ਾਸ ਫਿਰਕੇ (ਕਸ਼ਮੀਰੋਂ ਆਏ ਕਥਿਤ ਬ੍ਰਾਹਮਣਾ ਦੇ ਟੋਲੇ) ਦੀ ਰਖਿਆ ਲਈ ਸ਼ਹਾਦਤ ਕਿਉਂ ਦੇਣ? ਉਤਲੀ ਚੌਪਈ ਗੁਰਮਤਿ ਦੀ Deliberate ਖੰਡਨਾ ਹੈ । ਅਗਲੀ ਚੌਪਈ:---

**ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥**

**ਪਦ ਅਰਥ:--ਸਿਰਰੁ=ਗੁਪਤ ਭੇਦ, ਰਾਜ਼, ਭਾਵ-ਕਰਾਮਾਤ (੨) ਹਠ । (੩) ਪ੍ਰਤਿਗਯਾ ।**

**ਅਰਥ:**--ਜਿਨ੍ਹਾਂ ਨੇ ਹਿੰਦੂ ਧਰਮ ਰਖਣ ਵਾਸਤੇ ਅਜਿਹਾ ਸਾਕਾ ਕੀਤਾ ਕਿ ਸਿਰ ਦੇ ਦਿੱਤਾ, ਪਰ ਕਰਾਮਾਤ ਨਹੀ ਦਿਤੀ ਸੀ।

**ਮਹਾਨ ਕੋਸ਼** ਦੇ ੧੯੯ ਸਫ਼ੇ ਤੇ ਸਿਰਰ ਦੇ ਅਰਥ=**ਭੇਦ, ਰਾਜ਼**--ਹੀ ਲਿਖਿਆ ਹੈਤੇ। **ਇਉਂ ਅਨੁਭਵ ਹੁੰਦਾ ਹੈ ਜਿਵੇਂ, ਪੰਡਿਤ ਨਰੈਣ ਸਿੰਘ ਜੀ ਨੇ** ਆਪਣੀ ਵਿਦਵਤਾ ਦੀ ਪਦਵੀ ਦੀ ਵਰਤੋਂ ਕਰਦਿਆਂ, ਇਤਿਹਾਸ ਵਿਚ ਪਏ ਬੜੇ ਗੰਭੀਰ ਭੁਲੇਖੇ ਨੂੰ ਸੱਚ ਦਾ ਰੂਪ ਦੇਣ ਦੇ ਯਤਨ ਵਿਚ **ਸਿਰਰ ਦਾ ਅਰਥ ਕਰਾਮਾਤ ਕੀਤਾ ਹੋਵੇ ?**

ਇਸ ਅਨੁਮਾਨ ਨੂੰ ਪੰਡਿਤ ਨਰੈਣ ਸਿੰਘ ਜੀ ਦਾ ਨਿਮਨ ਲਿਖਿਆ ਨੋਟ, ਸੱਚ ਸਿੱਧ ਕਰ ਰਿਹਾ ਹੈ :--

**ਨੋਟ**:--ਇਹ ਗੱਲ ਇਤਿਹਾਸ ਵਿਚ ਹੈ ਕਿ ਔਰੰਗਜ਼ੇਬ ਨੇ ਕਿਹਾ ਸੀ--" ਗੁਰੂ ਜੀ ! ਕਰਾਮਾਤ ਦਿਖਾ ਦਿਓ ਮੈਂ ਤੁਹਾਨੂੰ ਕੁਝ ਨਹੀਂ ਕਹਿੰਦਾ, ਨਹੀਂ ਤੇ ਮੁਸਲਮਾਨ ਹੋ ਜਾਓ, ਫਿਰ ਮੈਂ ਭੀ ਸਾਰੀ ਸਲਤਨਤ ਸਮੇਤ ਤੁਹਾਡਾ ਮੁਰੀਦ ਹੁੰਦਾ ਹਾਂ " ਪਰ ਆਪ ਜੀ ਨੇ ਹਿੰਦੂਆਂ ਨਾਲ ਕੀਤੀ ਪ੍ਰਤਿੱਗਯਾ ਪੂਰਨ ਕਰਨ ਲਈ ਉਸ ਨੂੰ ਕਿਹਾ--' ਕਰਾਮਾਤ ਨਾਮ ਕਹਿਰ ਦਾ ਹੈ, ਜੋ ਹਰੀ ਦੇ ਭਗ਼ਤ ਨਹੀਂ ਕਰਦੇ। ਦੂਜਾ ਤੂੰ ਮਰੀਦ ਹੁੰਦਾ ਹੈਂ ਅੱਗੇ ਤੇਰੇ ਵਰਗੇ ਕਈ ਬਾਦਸ਼ਾਹ ਸ੍ਰੀ ਗੁਰੂ ਨਾਨਕ ਜੀ ਦੇ ਸਿਖ ਹਨ। ਉਨ੍ਹਾਂ ਨੂੰ ਛੱਡ ਕੇ ਅਤੇ ਧਰਮੋ ਪਤਿਤ ਹੋ ਕੇ ਤੈਨੂੰ ਮੁਰੀਦ ਬਨਾਉਣ **ਵਿਚ ਕੀ ਲਾਭ** ?" ਇਸ ਲਈ ਆਪ ਜੀ ਨੇ ਕਰਾਮਾਤ ਨਹੀਂ ਦਿੱਤੀ । ਤਦ ਔਰੰਗਜ਼ੇਬ ਨੇ ਨਰਾਜ਼ ਹੋ ਕੇ ਆਪ ਜੀ ਨੂੰ ਕਤਲ ਕਰਨ ਦਾ ਹੁਕਮ ਦੇ ਦਿਤਾ, ਆਪ ਜੀ ਨੇ ਹੱਸਦੇ ਹੱਸਦੇ ਸਿਰ ਦੇ ਦਿਤਾ ।

**ਇਸ ਨੋਟ** ਬਾਰੇ ਬਿਬੇਕ ਵਿਚਾਰ ਦਾ ਵੇਰਵਾ:--

**(੧)** ਗੁਰੂ ਤੇਗ਼ ਬਹਾਦਰ ਜੀ ਤੋਂ ਤੀਜੇ ਥਾਂ ਪਹਿਲਾਂ ਗੁਰੂ ਨਾਨਕ ਦਾ ਰੂਪ ਬਣੇ ਸ੍ਰੀ ਗੁਰੂ ਹਰਿ ਰਾਇ ਦੇ ਪਾਵਨ ਨਾਮਣੇ ਨਾਲ ਜੁੜੀ ਗਾਥਾ ਹੈ ਕਿ ਦਿੱਲੀ ਦੇ ਤਾਜਦਾਰ ਮੁਗ਼ਲ ਸਮਰਾਟ ਨੇ ਗੁਰੂ ਹਰਿ ਰਾਇ ਸਾਹਿਬ ਨੂੰ ਦਿੱਲੀ ਬੁਲਵਾਇਆ ਤਾਂ ਉਨ੍ਹਾਂ ਨੇ ਆਪਣੇ ਵਡੇ ਲੜਕੇ ਬਾਬਾ ਰਾਮਰਾਇ ਜੀ ਨੂੰ ਦਿੱਲੀ ਭੇਜਿਆ। ਜਾਣ ਲਗਿਆਂ ਰਾਮ ਰਾਇਆ ਨੂੰ ਕਰਮਾਤਾਂ ਕਰ ਸਕਣ ਦੀ ਸ਼ਕਤੀ ਬਖ਼ਸ਼ੀ ਅਖ਼ੇ, ਰਾਮਰਾਇ ਜੀ ਨੇ ੭੨ ਕਰਾਮਾਤਾਂ ਵਿਖਾ ਕੇ ਸ਼ਾਹਜਹਾਨ ਅਤੇ ਉਸ ਦੇ ਦਰਬਾਰੀਆਂ ਨੂੰ ਹੈਰਾਨ ਕਰ ਦਿੱਤਾ ਸੀ। ਫਿਰ **ਇਤਿਹਾਸ ਕਾਰ** ਇਹ ਲਿਖ ਰਹੇ ਹਨ ਕਿ ਸਤਿਗੁਰਾਂ ਨੇ ਕਰਾਮਾਤ ਵਿਖਾਉਣ ਨਾਲੋਂ ਮੌਤ ਚੰਗੀ ਸਮਝੀ ਸੀ। ਜੇ ਗੁਰੂ ਘਰ ਵਿਚ ਕਰਾਮਾਤਾ ਵਿਖਾਏ ਜਾਣ ਦਾ ਰਿਵਾਜ ਗੁਰੂ **ਹਰਿ ਰਾਏ** ਜੀ ਤੋਂ ਬਣ ਚੁੱਕਾ ਸੀ ਤਾਂ **ਗੁਰੂ ਤੇਗ਼ ਬਹਾਦਰ ਜੀ** ਲਈ ਕਰਾਮਾਤ, ਕਹਿਰ ਕਿਵੇਂ ਬਣ ਗਈ? ਗੱਲਾਂ ਦੋਵੇਂ ਝੂਠ ਹਨ। ਸਤਿਗੁਰੂ ਹਰਿ ਰਾਇ ਸਾਹਿਬ ਨੇ ਰਾਮਰਾਇਆ ਜੀ ਨੂੰ ਗੁਰਮਤਿ ਗਿਆਨ ਤੋਂ ਮੁਗ਼ਲ ਸਮਰਾਟ ਨੂੰ ਪ੍ਰਭਾਵਤ ਕਰਨ ਦਾ **ਥਾਪੜਾ** ਬਖ਼ਸ਼ਿਆ ਸੀ। ਬਾਬਾ ਰਾਮ ਰਾਇ ਨੇ ਲੋਭ ਵਿਚ ਫਸ ਕੇ ਗੁਰ ਬਾਣੀ ਦੀ ਖੰਡਨਾ ਕੀਤੀ ਅਤੇ ਗੁਰੂ ਘਰ ਤੋਂ ਦੁਰਕਾਰੇ ਗਏ ਸਨ।

**(੨)** ਸਤਿਗੁਰਾਂ ਨੇ ਜ਼ੁਲਮ ਦੀ ਚੱਕੀ ਵਿਚ ਪੀਸੀ ਜਾ ਰਹੀ ਮਜ਼ਲੂਮ ਜਨਤਾ ਦੇ ਹੱਕ ਵਿਚ ਨਾਅਰਾ ਲਾਇਆ ਸੀ। ਜ਼ੁਲਮ ਦੇ ਸਾਹਮਣੇ ਝੁਕਣ ਦੇ ਥਾਂ ਜ਼ੁਲਮ ਅੱਗੇ ਅੜ ਖਲੋਣ ਦੀ ਲਲਕਾਰ ਸੀ। ਮੁਗ਼ਲ ਸਮਰਾਟ ਦੇ ਕੋਲ ਏਹੀ ਸ਼ਕਾਇਤ ਸੀ ਕਿ ਸਤਿਗੁਰੂ ਤੇਗ਼ ਬਹਾਦੁਰ ਹਕੂਮਤ ਵਿਰੁੱਧ ਬਗ਼ਾਵਤ ਫੈਲਾ ਰਹੇ ਹਨ । ਬਗ਼ਾਵਤ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰਕੇ ਇਸਲਾਮ ਕਬੂਲ ਕਰਨ ਦਾ ਹੁਕਮ ਦੇਣਾ, ਇਸਲਾਮੀ ਰਾਜ ਦਾ ਕਾਨੂੰਨ ਬਣ ਚੁਕਿਆ ਸੀ। ਜ਼ੁਲਮ ਦੇ ਸਾਹਮਣੇ ਨਾ ਝੁਕਣਾ ਵਾਲੇ ਧਰਮ ਦੀ ਗੁਰੂ ਘਰ ਸਿਖਿਆ ਦੇ ਰਿਹਾ ਸੀ।

(੩) ਕਿਸੇ ਕਰਮਕਾਂਡੀ ਧਰਮ ਦੀ ਰਖਿਆ ਕਰਨੀ ਗੁਰੂ ਘਰ ਜਾਣਦਾ ਹੀ ਨਹੀਂ ਸੀ। ਆਪਣੇ ਪੰਜਵੇ ਸਰੂਪ ਵਿਚ--" **ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥ ੪ ॥**[੧੧੩੬]-- **ਹਮਰਾ ਝਗਰਾ ਰਹਾ ਨਾ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥ ੧ ॥ ਰਹਾਉ ॥ .... ਪੰਡਿਤ ਮੁਲਾਂ ਜੋ ਲਿਖ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥**੩ ॥ [੧੧੫੯] **ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ ੪ ॥**[੮੭੫] ਸਰਬੱਤ ਦਾ ਭਲਾ ਮੰਗਣ ਦੀ ਜਾਚ ਸਿਖਾਉਣ ਵਾਲੇ ਸੰਸਾਰ ਦੇ ਸਾਰੇ ਧਰਮ-ਬੰਧਨਾ ਤੋਂ ਨਿਰਲੇਪ--**ਤੈਂਡੀ ਬੰਦਸਿ ਮੈ ਕੋਇ ਨਾ ਡਿਠਾ ਤੂ ਨਾਨਕ ਮਨਿ ਭਾਣਾ** ॥[੯੬੪] ਗੁਰਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਬਨਾਉਣ ਵਾਲੇ ਗੁਰੂ ਨਾਨਕ ਸਾਹਿਬ ਜੀ ਨੌਵੇਂ ਸਰੂਪ ਵਿਚ ਮਨੁੱਖ ਦੇ ਬਣੇ ਕਿਸੇ ਕਰਮਕਾਂਡੀ ਧਰਮ ਦੀ ਰਖਿਆ ਕਰਨ ਦੀ ਚਿੰਤਾ ਕਿਉਂ ਕਰਨ?--' **ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਗਰੈ ਤਿਤੈ ਲੈਹੁ ਉਬਾਰਿ ॥ [੮੫੩]** ਮਨੁੱਖਤਾ ਦੇ ਸੱਚੇ ਹਮਦਰਦ, ਬਿਨਾ ਕਿਸੇ ਵਿਤਕਰੇ ਤੋਂ, ਸਾਰੇ ਜਗਤ ਦੀ ਰਖਿਆ ਕਰਨ ਲਈ ਪ੍ਰਭੂ ਅੱਗੇ ਅਰਦਾਸਾਂ ਕਰਨ ਵਾਲੇ ਸਤਿਗੁਰੂ ਜੀ ਦਾ ਕਿਸੇ ਖ਼ਾਸ ਧਰਮ ਨਾਲ ਕੀ ਵਾਸਤਾ। ਜੇ ਹਿੰਦੂ ਦਾ ਧਰਮ ਜ਼ੁਲਮ ਸਿਖਾਉਂਦਾ ਹੋਵੇ ਤਾਂ ਉਸ ਦੀ ਰਖਿਆ ਕਿਸ ਲਈ ? ਅਤੇ ਜੇ ਮੁਸਲਮਾਨ ਧਰਮ ਮਨੁੱਖ ਨੂੰ ਬਾਬਾ ਫ਼ਰੀਦ, ਪੀਰ ਮੀਆਂਮੀਰ, ਪੀਰ ਬੁਧੂ ਸ਼ਾਹ ਵਰਗੇ ਬਣਉਂਦਾ ਹੈ ਤਾਂ ਇਸਲਾਮ ਦਾ ਬੁਰਾ ਕਿਸ ਕਾਰਨ? ਹਿੰਦੂ ਧਰਮ ਦੀ ਖਾਤਰ ਸਤਿਗੁਰਾਂ ਨੇ ਆਪਣੀ ਪਾਵਨ ਪਵਿੱਤਰ ਜਿੰਦ ਦੀ ਕੁਰਬਾਨੀ ਦਿਤੀ ਕਹਿਣ ਵਾਲੇ ਲੋਕ, ਸਿੱਖੀ ਸਿਧਾਂਤ ਨੂੰ ਦੂਸ਼ਤ ਕਰ ਰਹੇ ਹਨ। ਧਰਮ ਹੇਤ ਸਾਕਾ ਜਿਨਿ ਕੀਆ ॥ ਬਚਨ ਦਸ਼ਮੇਸ਼ ਜੀ ਦੇ ਹੋ ਹੀ ਨਹੀਂ ਸਕਦੇ । ਅੱਗੇ ਤੁਰੀਏ--

**ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥ ੧੪ ॥**

**ਪਦ ਅਰਥ**:--**ਨਾਟਕ**=ਤਮਾਸ਼ਾ, ਉਹ ਤਮਾਸ਼ਾ ਜੋ ਸ੍ਵਾਂਗ ਬਨਾਕੇ ਵਿਖਾਯਾ ਜਾਂਦਾ ਹੈ। ਸਿੱਧ ਪੁਰਸ਼ ਜੋ ਆਪਨੀ ਸ਼ਕਲ ਵਟਾਕੇ ਹੋਰ ਹੋ ਜਾਂਦਾ ਹੈ, ਉਹ ਭੀ ਨਾਟਕ ਹੈ, ਜੇਹਾ ਕਿ--ਅਚੱਲ ਵਟਾਲੇ ਦੇ ਮੇਲੇ ਪੁਰ ਸ੍ਰੀ ਗੁਰੂ ਨਾਨਕ ਜੀ ਨਾਲ ਚਰਚਾ ਕਰਦੇ ਹੋਏ ਜੋਗੀਆਂ ਨੇ " ਇਕ ਨਾਗ ਹੋਇ ਪੌਣ ਛੋਡਿ " ਆਦਿਕ । **ਚੇਟਕ**=ਜਾਦੂ ਜਾਂ ਇੰਦਰ ਜਾਲ ਦੀ ਵਿਦਿਆ। (੨) ਨਜ਼ਰ ਬੰਦ ਦਾ ਤਮਾਸ਼ਾ । ਉਹ ਤਮਾਸ਼ਾ ਜੋ ਮਦਾਰੀ ਲੋਕ ਜੁਤੀ ਦਾ ਬਿਛੂ ਅਤੇ ਸ੍ਵਾਹ ਤੋਂ ਸੱਪ ਬਣਾਕੇ ਵਿਖਾ ਦੇਂਦੇ ਹਨ, ਆਦਿਕ ।

**ਅਰਥ**:--ਨਾਟਕ ਤੇ ਚੇਟਕ (ਆਦਿਕ) ਬੁਰੇ ਕਰਮ ਕਰਦਿਆਂ ਹਰੀ ਦੇ ਭਗਤਾਂ ਨੂੰ ਸ਼ਰਮ ਔਂਦੀ ਹੈ। ਇਸ ਲਈ ਗੁਰੂ ਜੀ ਨੇ ਕਰਾਮਾਤ ਨਹੀਂ ਸੀ ਵਿਖਾਈ। ੧੪ ।

ਕਿਉਂਕਿ ਉਪਰ ' ਤਿਲਕ ਜੰਞੂ ' ਦਾ ਜ਼ਿਕਰ ਆ ਚੁੱਕਾ ਸੀ ਇਸ ਲਈ ਪੰਡਿਤ ਨਰੈਣ ਸਿੰਘ ਜੀ ਨੇ **ਧਰਮ** ਦਾ ਅਰਥ " **ਹਿੰਦੂ ਧਰਮ** " ਲਿਖਿਆ ਹੈ। ਪਹਲੇ ਸਰੂਪ ਤੋਂ ਲੈ ਕੇ ਅਖ਼ੀਰ ਤੱਕ ਸਤਿਗੁਰਾਂ ਨੇ ਨਜ਼ਰ-ਬੰਦੀ ਅਥਵਾ ਹੱਥ ਦੀ ਸਫ਼ਾਈ ਵਾਲਾ ਨਾਟਕ ਜਾਂ ਤਮਾਸ਼ਾ ਕਦੇ ਕਿਤੇ ਨਹੀਂ ਸੀ ਕੀਤਾ। ਅਤੇ ਫਿਰ ਅਜੇਹਾ ਨਾਟਕ ਚੇਟਕ, ਜਿਸ ਨੂੰ ਟੀਕਾਕਰ ਪੰਡਿਤ ਜੀ ਨੇ ਆਪ ਹੀ **ਬੁਰੇ ਕਰਮ** ਕਿਹਾ ਹੈ ਸਤਿਗੁਰਾਂ ਦੀ ਜ਼ਾਤ ਤੋਂ ਵਾਪਰੇ ਕਰਾਮਾਤੀ ਸਾਕਿਆਂ ਨਾਲ ਜੋੜਨਾ ਅਗਿਆਨਤਾ ਹੈ। ਕਰਾਮਾਤ ਦਾ ਅਰਥ ਅਲੌਕਿਕ ਸ਼ਕਤੀ ਵੀ ਹੈ। ਉਰਦੂ ਦੇ ਲਫ਼ਜ਼ **ਕਰਮ** ਦਾ ਅਰਥ ਬਖ਼ਸ਼ਸ਼ ਹੈ। ਕਰਾਮਾਤ ਕਰਮ ਤੋਂ ਬਣਿਆ ਹੋਣ ਕਰਕੇ ਬਖ਼ਸ਼ਸ਼ਾਂ ਵੀ ਸਮਝਿਆ ਜਾ ਸਕਦਾ ਹੈ --ਲੋਕ ਭਲਾਈ ਦੀ ਖ਼ਾਤਰ ਸਹਿਜ-ਸੁਭਾ ਵਾਪਰੀ (ਰਿਠਾ ਮਿੱਠਾ ਹੋ

ਜਾਣ ਵਾਲੀ, ਖਾਰੇ ਖੂਹਾਂ ਦਾ ਮਿੱਠਾ ਹੋ ਜਾਣ ਦੀ, ਕੌੜੇ ਅਤੇ ਲੂਣੇ ਪਾਣੀਆਂ ਵਾਲੀ ਧਰਤੀ ਵਿਚ ਠੰਢੇ ਮਿੱਠੇ ਜਲਾਂ ਦੇ ਝਰਨੇ ਫੁੱਟ ਤੁਰਨ ਦੀ, ਮੱਕੇ ਦੇ ਫਿਰਨ ਦੀ, ਪੱਥਰ ਵਿਚ ਪੰਜਾ ਲੱਗ ਜਾਣ ਦੀ) ਰੱਬੀ ਕਰਾਮਾਤ, ਨਾਟਕ ਚੇਟਕ ਸਮਝਣਾ ਭੁੱਲ ਹੈ। " **ਨਾਟਕ ਚੇਟਕ** " ਦਾ ਭਰਮ ਬਣਾ ਦੇਣ ਵਾਲੀ ਬਚਿਤ੍ਰ ਨਾਟਕ ਦੀ ਇਹ ਪੰਗਤੀ, ਗੁਰੂ ਦਰਬਾਰਾਂ ਵਿਚ ਪੜ੍ਹੀ ਜਾਣੀ, ਜਾਂ ਗਾਈ ਜਾਣੀ ਅਥਵਾ ਇਸ ਨੂੰ ਗੁਰਬਾਣੀ ਦੀ ਬਰਾਬਰਤਾ ਦਿੱਤੀ ਜਾਣੀ, ਵਧੀਆ ਗੱਲ ਨਹੀਂ ਹੈ। ਅਗਲਾ ਦੋਹਰਾ:--

**ਦੋਹਰਾ । ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥ ੧੫ ॥**

**ਅਰਥ:**--(ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਦੇਹ ਰੂਪੀ) ਠੀਕਰਾ ਔਰੰਗਜ਼ੇਬ ਦੇ ਸਿਰ ਉਤੇ ਭੰਨ ਦਿਤਾ ਅਤੇ ਆਪ ਸਚਖੰਡ ਨੂੰ ਚਲੇ ਗਏ । (ਸ੍ਰੀ ਗੁਰੂ) ਤੇਗ਼ਬਹਾਦਰ ਵਰਗੀ ਕਰਣੀ ਕਿਸੇ ਹੋਰ ਅਵਤਾਰ ਨੇ ਨਹੀਂ ਕੀਤੀ । ੧੫ ।

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥ ੧੬ ॥**

**ਅਰਥ:**--(ਸ੍ਰੀ ਗੁਰੂ) ਤੇਗ਼ ਬਹਾਦਰ (ਜੀ) ਵਰਗੀ ਕਰਣੀ ਕਿਸੇ ਹੋਰ ਅਵਤਾਰ-ਪੈਗੰਬਰ ਨੇ ਨਹੀਂ ਕੀਤੀ । ਸਾਰੇ ਜਗਤ ਵਿਚ ਹਾ-ਹਾ ਕਾਰ ਮੱਚ ਗਿਆ । (ਬ੍ਰਹਮ ਲੋਕ, ਵਿਸ਼ਨ ਲੋਕ ਸ਼ਿਵਲੋਕ ਤੇ) ਇੰਦਰ-ਲੋਕ ਵਿਚ ਜੈ ਜੈ ਕਾਰ (ਹੋਣ ਲੱਗ ਪਿਆ, ਅਰਥਾਤ ਅਸਮਨੀ ਵਸਦਿਆਂ ਨੇ ਗੁਰੂ ਜੀ ਦੇ ਆਉਣ ਦੀਆਂ ਖ਼ੁਸ਼ੀਆਂ ਮਨਾਈਆਂ ਸਨ)।੧੫।

## ਗੰਭੀਰ ਸ਼ੰਕੇ:--

(੧) ਕਿਡੀ ਹੈਰਾਨੀ ਦੀ ਗੱਲ ਹੈ ਕਿ ਰਾਮਾਇਣ ਗਾਥਾ ਵਿਚ ਤਾਂ ਇਹ ਦਰਸਾਇਆ ਗਿਆ ਹੈ ਕਿ, ਜਦ ਸੁਰ ਲੋਕ ਦੇ ਵਾਸੀ ਦੇਵਤਿਆਂ ਨੇ ਸੁਣਿਆ ਕਿ ਵਿਸ਼ਨੂੰ ਜੀ ਰਾਮ ਰੂਪ ਵਿਚ ਦਸ਼ਰਥ ਦੇ ਘਰ ਜਨਮ ਲੈਣ ਲਈ ਰਾਜ਼ੀ ਹੋ ਗਏ ਹਨ, (ਭਾਵ, **ਸੁਰ ਲੋਕ** ਤੋਂ **ਧਰਤੀ ਤੇ ਚਲੇ ਜਾਣ ਦੀ ਖ਼ਬਰ ਸੁਣੀਂ**) ਤਾਂ ਸਾਰੇ ਛੋਟੇ ਵੱਡੇ ਦੇਵੀ ਦੇਵਤੇ ਖ਼ੁਸ਼ੀ ਨਾਲ ਨੱਚਣ ਗਾਉਂਣ ਲੱਗ ਪਏ ਸਨ। " ਕ੍ਰਿਸ਼ਨਾਂ " Documentary ਵਿਚ ਵੀ ਭਗਵਾਨ ਦੇ ਦੇਵਕੀ ਦੀ ਕੁਖੋਂ ਜਨਮ ਲੈਣਾ ਮੰਨ ਜਾਣ ਦੀ ਖ਼ਬਰ ਨਾਲ, ਬ੍ਰਹਮਾਂ, ਸਿਵ ਆਦਿ ਸਾਰੇ ਭਗਵਾਨ ਅਤੇ ਸਾਰੇ ਦੇਵੀ ਦੇਵਤੇ ਖ਼ੁਸ਼ੀ ਨਾਲ ਗਾਉਂਦੇ ਨੱਚਦੇ ਇਕ ਦੂਜੇ ਨੂੰ ਵਧਾਈਆਂ ਦਿੰਦੇ ਦਰਸਾਏ ਗਏ ਹਨ। ਪਰ ਏਧਰ ਸੁਰ ਲੋਕ ਦੇ ਵਸਨੀਕਾਂ ਦੀ ਖ਼ੁਸ਼ੀ ਦਾ ਕਾਰਨ ਉਲਟਾ ਹੈ । ਏਧਰ ਧਰਤੀ ਤੋਂ ਗੁਰੂ ਤੇਗ਼ ਬਹਾਦਰ ਜੀ ਦੇ ਵਿਦਾ ਹੋਣ ਤੇ ਖ਼ੁਸ਼ੀਆਂ ਕੀਤੀਆਂ ਜਾ ਰਹੀਆਂ ਹਨ। ਸੁਰ ਲੋਕ ਦੇ ਵਾਸੀਆਂ ਨੂੰ ਕਦੇ ਕਿਸੇ ਨੂੰ ਸੁਰਗਾਂ ਤੋਂ ਧਰਤੀ ਤੇ ਭੇਜਣ ਵਿਚ ਖ਼ੁਸ਼ੀ ਹੁੰਦੀ ਹੈ ਅਤੇ ਕਿਸੇ ਦੇ ਸੁਰਗਾਂ ਵਿਚ ਆਉਣ ਦੀ ਖ਼ੁਸ਼ੀ ਕਰ ਰਹੇ ਹੁੰਦੇ ਹਨ, ਪਤਾ ਨਹੀਂ ਇਨ੍ਹਾਂ ਭੰਡਾਂ ਨੂੰ ਕਿਸ ਵੇਲੇ ਕਿਹੜੀ ਗੱਲ ਤੇ ਖ਼ੁਸ਼ ਨੇ ਆ ਘੇਰਨਾ ਹੈ ? ਬੁਹਤੀ ਵਾਰੀ ਤਾਂ ਜਾਂ ਦੈਂਤਾਂ ਨਾਲ ਅਤੇ ਜਾਂ ਆਪੋ ਵਿਚ ਲੜਦੇ ਅਤੇ ਈਰਖਾ ਵਿਚ ਸੜਦੇ ਹੀ ਦਰਸਾਏ ਹੁੰਦੇ ਹਨ ।

(੨) " **ਤੇਗ ਬਹਾਦਰ ਸੀ ਕਿਰਿਆ ਕਰੀ ਨ ਕਿਨਹੂੰ ਆਨ** "-ਕਹਿਣ ਨਾਲੋਂ ਇਉਂ ਕਹਿਣਾ ਸਚਾਈ ਦੇ ਬਹੁਤਾ ਨੇੜੇ ਹੋਵੇਗਾ-" ਸਤਿਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਮਾਲਕ, ਦਸਾਂ ਹੀ ਗੁਰੂ ਸਰੂਪਾਂ ਦੀ ਜੀਵਨ-ਕਿਰਿਆ ਦਾ ਸਾਨੀ, ਸੰਸਾਰ ਦੇ ਇਤਿਹਾਸ ਵਿਚੋਂ ਅੱਜ ਤੱਕ ਕੋਈ ਨਹੀਂ ਮਿਲ ਸੋਕਿਆ "।

[ਨੋਟ:--ਝੂਠ ਨੂੰ ਸੱਚ ਕਰਕੇ ਦਰਸਾਉਣ ਵਾਲੇ ਪ੍ਰੋਹਤ ਦੇ ਚੇਲੇ, ਕਈ ਸਿੱਖ ਪਰਚਾਰਕ, ਇਹ ਕਹਿ ਰਹੇ ਹੁੰਦ ਹਨ ਕਿ ਗੁਰੂ ਤੇਗ਼ ਬਹਾਦਰ ਜੀ ਦੀ ਕੁਰਬਾਨੀ ਇਸ ਕਾਰਨ ਨਿਆਰੀ ਹੈ ਕਿਉਂਕਿ ਉਨ੍ਹਾਂ ਨੇ ਜੰਞੂ ਪਾਉਣ ਦੇ ਭਰਮ ਦੇ ਵਿਰੋਧੀ ਹੋਣ ਦੇ ਬਾਵਜੂਦ ਵੀ ਜੰਞੂ ਦੀ ਰਖਿਆ ਲਈ ਆਪ ਦਿੱਲੀ ਜਾ ਕੇ ਸ਼ਹੀਦੀ ਪਾਈ ਸੀ। ਭਾਵ, ਜਿਸ ਜਨੇਊ ਨੂੰ ਆਪ ਰੱਦ ਕੀਤਾ ਸੀ ਫਿਰ ਉਸੇ ਦੇ ਧਾਰਨੀ ਬਣਨ ਦਾ ਉਤਸ਼ਾਹ ਦੇਣ ਲਈ ਸਖ਼ਤ ਤਸੀਹੇ ਝੱਲ ਕੇ ਸ਼ਹੀਦੀ ਪਾਈ ਸੀ]

ਬਚਿਤ੍ਰ ਨਾਟਕ ਨੂੰ ਦਸ਼ਮੇਸ਼ ਜੀ ਦੀ ਪਾਵਨ ਕਲਮ ਨਾਲ ਜੋੜਨ ਵਾਲੇ ਸਾਡੇ ਵਿਦਵਾਨਾ ਨੂੰ ਨਿਸ਼ਕਪਟ ਸੰਤ-ਸੂਰਮਿਆਂ ਵਾਂਗ ਮੰਨ ਲੈਣਾ ਚਾਹੀਦਾ ਹੈ ਕਿ, **ਸੱਚ ਦੇ ਅਵਤਾਰ, ਖ਼ੁਦਾਈ ਰਹਿਮਤਾਂ ਦੇ ਨੂਰ ਦੇ ਬੁੱਕੇ, ਸ੍ਰੀ ਦਸ਼ਮੇਸ਼ ਜੀ, ਆਪਣੇ ਪਿਤਾਮਾ, ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਨੂੰ ਨਜ਼ਰ-ਅੰਦਾਜ਼ ਕਰਕੇ, ਅਜੇਹਾ ਕੋਰਾ ਝੂਠ ਕਦੇ ਨਹੀਂ ਸਨ ਲਿਖ ਸਕਦੇ।** ਗ਼ਲਤੀ ਦਾ ਅਨੁਭਵ ਕਰ ਲੈਣਾ ਮਨੁੱਖਤਾ ਹੈ, ਭੁੱਲ ਨੂੰ ਮੰਨ ਲੈਣਾ ਸੰਤ ਸੂਰਮੇ ਦੇਵਤਿਆਂ ਦਾ ਚਲਨ ਹੈ। ਭੁੱਲ ਤੇ ਅੜੇ ਰਹਿਣਾ ਸਿਆਣਪ ਨਹੀਂ ਸਮਝੀ ਜਾਂਦੀ।

੨੪- **ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜੀਆ ॥ ਕੋਈ ਜਿ ਮੂਰਖੁ ਲੋਭੀਆ**
**ਮੂਲਿ ਨ ਸੁਣੀ ਕਹਿਆ ॥ ੨ ॥ ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ**
**ਸਾਦਿ ਮੁਠੀ ॥ ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥ ੩ ॥**[੨੧੮]-੧-੧੬੯

੧੬ਵੇਂ ਦੋਹਰੇ ਤੋਂ ਪੰਜਵੇਂ ਅਧਿਆਇ ਦੀ ਸਮਾਪਤੀ ਦੀ ਘੋਸ਼ਨਾਂ ਇਸ ਪ੍ਰਕਾਰ ਹੈ :--

**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਪਾਤਸ਼ਾਹੀ ਬਰਣਨੰ ਨਾਮ**
**ਪੰਚਮੋ ਧਿਆਇ ਸਮਾਪਤੁ ਸੁਭ ਮਸਤੁ ॥ ੫ ॥ ਅਫਜੂ ॥ ੨੧੫ ॥**

**ਸਮਾਪਤੀ** ਦੀ ਇਸ ਘੋਸ਼ਨਾਂ ਤੋਂ ਸ਼ੰਕਾ ਉਪਜਦਾ ਹੈ ਕਿ, ਕੀ ਪਾਤਿਸ਼ਾਹੀਆਂ ਨੌਂ ਹੀ ਹੋਈਆਂ ਸਨ ? ਜੇ ਦਸਵਾਂ ਸਰੂਪ ਵੀ ਪਾਤਿਸ਼ਾਹੀ ਹੀ ਸੀ, ਤਾਂ ਪਾਤਿਸ਼ਾਹੀਆਂ ਦਾ ਅਧਿਆਇ ਸਮਾਪਤ ਕਿਵੇਂ ਹੋ ਗਿਆ ? ਜੇ ਲਿਖਾਰੀ ਦਸ਼ਮੇਸ਼ ਜੀ ਹੀ ਸਨ ਤਾਂ ਉਨ੍ਹਾਂ ਨੇ ਏਸ ਅਧਿਆਇ ਵਿੱਚ ਦੂਜੀ ਵਾਰੀ ਆਪਣੇ ਆਪ ਨੂੰ ਅੱਡ ਦੱਸਣ ਦੀ ਲੋੜ ਕਿਉਂ ਸਮਝੀ? ਇੱਕ ਦਲੀਲ ਦਿੱਤੀ ਜਾ ਸਕਦੀ ਹੈ---" ਕਿਉਂਕਿ ਦਸ਼ਮੇਸ਼ ਜੀ ਨੇ ਇਹ ਨਾਟਕ ਆਪਣੀ ਕਲਮ ਨਾਲ ਲਿਖਿਆ ਸੀ ਇਸ ਲਈ ਹੋ ਸਕਦਾ ਹੈ ਹਿਰਦੇ ਵਿਚਲੇ ਅਪਾਰ ਨਿਮਰਤਾ-ਗੁਣ ਦੇ ਕਾਰਣ ਦਸ਼ਮੇਸ਼ ਜੀ ਨੇ ਆਪਣੇ ਆਪ ਨੂੰ ਪਾਤਿਸ਼ਾਹ ਲਿਖ ਕੇ ਵਡੇ ਗੁਰੂ ਸਾਹਿਬਾਨ ਦੀ ਬਰਾਬਰਤਾ ਕਰਨ ਨੂੰ ਅਵੱਗਿਆ ਮੰਨਿਆਂ ਹੋਵੇ ?

੨੫- **ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥ ਜੇ ਵਡਿਆਈ ਆਪੇ ਖਾਇ ॥**

**ਜੇਹੀ ਸੁਰਤਿ ਤੇਹੈ ਰਾਹਿ ਜਾਇ ॥ ੩ ॥ ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥ ਤੁਧੁ ਭਾਵੈ ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥ ੪ ॥**[੬੬੨]

**੨੦**

# ਛੇਵਾਂ ਅਧਿਆਇ

## [ਹੇਮ ਕੁੰਡ ਵਾਲੀ ਕਥਿਤ ਤਪੱਸਿਆ ਅਤੇ ਗੁਰਮਤਿ]

ਗੁਰੂ ਨਾਨਕ ਜੀ ਦੇ ਆਗਮਨ ਦੀ ਗੱਲ ਤਾਂ ਕੇਵਲ--**ਤਿਨ ਬੇਦੀਅਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ "** ਲਿਖ ਕੇ ਸਮਾਪਤ ਕਰ ਦੇਣ ਵਾਲੇ ਕਥਿਤ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ, ਕਿ ਹੁਣ ਇਸ ਤੋਂ ਅੱਗੇ ਮੈਂ ਆਪਣੀ ਕਥਾ ਸੁਣਾਉਂਦਾ ਹਾਂ। (ਭਾਵ, ਮੇਰੇ ਜਨਮ ਕਥਾ ਬਾਕੀਆਂ ਨਾਲੋਂ ਅੱਡਰੀ ਹੈ?) ਜਿਸ ਥਾਂ ਬੈਠ ਕੇ ਤਪ ਕਰਨ ਲਈ (ਬਿੱਪ੍ਰ ਜੀ ਦਾ ਹੁਕਮ ਮੰਨ ਕੇ) ਪਾਂਡੋ ਭਰਾ ਗਏ ਸਨ ਓਸੇ ਹੀ ਬਰਫ ਦੇ ਕੁੰਡ, ਪਹਾੜ ਤੇ ਬੈਠੇ ਮੈ ਬੜੀ ਘੋਰ ਤਪੱਸਿਆ ਕੀਤੀ। ਓਥੋਂ ਬਰਫ਼-ਲੋਕ ਵਿਚ ਤਪ ਸਾਧਦੇ ਨੂੰ ਮੈਨੂੰ ਜਿਵੇਂ, ਇਸ ਧਰਤੀ-ਲੋਕ ਤੇ (ਅਕਾਲ ਪੁਰਖ ਜੀ ਨੇ ਆਪ ਸਾਖ਼ਸਾਤ ਰੂਪ ਵਿਚ ਪ੍ਰਗਟ ਹੋ ਕੇ ?) ਲਿਆਂਦਾ ਸੀ ਉਸ ਅਦਭੁਤ ਸਾਕੇ ਦਾ ਵਰਣਨ ਇਉਂ ਹੈ :--

**ਚੌਪਈ ॥**

**ਅਬ ਮੈ ਅਪਨੀ ਕਥਾ ਬਖਾਨੋ ॥ ਤਪ ਸਾਧਤ ਜਿਹ ਬਿਧਿ ਮੋਹਿ ਆਨੋ ॥**
**ਹੇਮ ਕੁੰਟ ਪਰਬਤ ਹੈ ਜਹਾਂ ॥ ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥ ੧ ॥**

**ਅਰਥ:**-ਹੁਣ ਮੈਂ ਆਪਣੀ ਵਾਰਤਾ ਦਸਦਾ ਹਾਂ । ਜਿਸ ਤਰ੍ਹਾਂ ਮੈਨੂੰ ਤਪ ਕਰਦਿਆਂ ਨੂੰ ਏਥੇ ਲਿਆਂਦਾ ਗਿਆ । ਜਿਥੇ ਹੇਮਕੂਟ (-ਹੇਮਕੁੰਡ) ਪਰਬਤ ਹੈ, ਉਥੇ ਸਪਤ ਸ੍ਰਿੰਗ ਪਹਾੜ ਸੋਭਦਾ ਹੈ । ੧ ।

**ਮਹਾਨ ਕੋਸ਼ ਦੇ ੨੮੦ ਸਫ਼ੇ ਤੇ ਹੇਮ ਦਾ ਅਰਥ--ਸਵਰਣ, ਸੋਨਾ । ੨- ਧਤੂਰਾ । ੩- ਇੱਕ ਮਾਸ਼ਾ ਵਜ਼ਨ । ਲਿਖਿਆ ਹੈ। " ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ "** ਵਿਚ, ਪ੍ਰਿੰ: ਸਾਹਿਬ ਸਿੰਘ ਜੀ ਨੇ ਹੇਮ ਦਾ ਅਰਥ ਬਰਫ਼ ਲਿਖਿਆ ਹੈ। ਜਿਸ ਥਾਂ ਨੂੰ ਦਸਮੇਸ਼ ਜੀ ਦਾ ਤਪ-ਅਸਥਾਨ ਮੰਨ ਕੇ ਅੱਜ ਵਡਾ ਤੀਰਥ ਬਣਾ ਲਿਆ ਹੋਇਆ ਹੈ ਓਥੇ ਸੋਨੇ ਦਾ ਜਾਂ ਧਤੂਰੇ ਆਦਿ ਦਾ ਨਾਮ ਨਿਸ਼ਾਨ ਤੱਕ ਨਹੀਂ ਹੈ। ਸੈਂਕੜੇ ਫੁੱਟ ਮੋਟੀ ਬਰਫ਼ ਦੀ ਤਹਿ ਨਾਲ ਢੱਕੀਆਂ ਪਹਾੜੀਆਂ ਕਈ ਮੀਲਾਂ ਵਿਚ ਫੈਲੀਆਂ ਹੋਈਆਂ ਹਨ ਜੋ ਚੜ੍ਹਦੇ ਜਾਂ ਡੁੱਬਦੇ ਸੂਰਜ ਦੀ ਲਾਲੀ ਸਮੇ ਸੋਨੇ ਦੇ ਪਹਾੜ ਹੋ ਦਿੱਸਦੇ ਹਨ। ਉਸ ਨਿਰਜੀਵ ਥਾਂ ਵਾਲੀ ਉਜਾੜ ਥਾਂ ਵਾਲੀ ਉਚਾਈ ਤੇ ਸੁਆਸ ਵੀ ਔਖਿਆਈ ਨਾਲ ਲਿਆ ਜਾ ਸਕਦਾ ਹੈ। ਜਿਸ ਥਾਂ ਤੇ ਖਾਣ ਪੀਣ ਦੇ ਪਦਾਰਥ ਮਿਲਣੇ ਵੀ ਅਸੰਭਵ ਗੱਲ ਹੋਵੇ, ਸਾਰਾ ਸਾਲ ਹੱਡ ਭੰਨਣੀ ਠੰਢ ਉਸ ਫਰਫ਼ ਦੇ ਕੁੰਡ ਵਿਚ ਲਗਾਤਾਰ ਇੱਕ ਮਹੀਨਾਂ ਟਿਕੇ ਰਹਿਣਾ ਵੀ ਜਾਨ ਲਈ ਖ਼ਤਰਾ ਬਣ ਖਲੋਂਦਾ ਹੈ। ਅਜੇਹੇ ਥਾਂ ਜਿੱਥੇ ਸਾਰਾ ਸਾਲ ਲੋਹੜੇ ਦੀ ਠੰਢ ਪੈਣੋ ਇੱਕ ਪਲ ਵੀ ਨਾ ਰੁਕਦੀ ਹੋਵੇ ਉਥੇ ਰੱਬ ਦੀ ਯਾਦ ਵਿਚ ਸੁਰਤ ਜੁੜਨ ਦੀ ਗੱਲ ਵੀ ਅਚੰਭਾ ਹੈ। ਅਜੇਹੀ ਥਾਂ ਤੇ ਤਪ ਦਾ ਅਰਥ ਸਰੀਰ ਨੂੰ ਬਰਫ਼ ਵਿਚ ਗਾਲ ਲੈਣ ਦਾ ਹੱਠ-ਕਰਮ ਹੈ। ਸਰੀਰ ਦਾ ਨਾਸ ਕਰਨ ਵਾਲੇ ਅਜੇਹੇ ਹੱਠ ਕਰਮਾਂ ਬਾਰੇ ਗੁਰੂ ਬਾਣੀ ਦਾ ਫ਼ੁਰਮਾਨ ਇਸ ਪ੍ਰਕਾਰ ਹੈ:---

੨੬- **ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥ ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥ ੨ ॥ ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥ ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥ ੩ ॥**[੬੨]--੧੪

**ਅਰਥ:**--ਜੇ ਆਪਣੇ ਸਰੀਰ ਨੂੰ ਕੱਟ ਕੱਟ ਕੇ ਇਕ ਇਕ ਰੱਤੀ ਭਰ ਤੋਲ ਤੋਲ ਕੇ ਅੱਗ ਵਿਚ ਹਵਨ ਕਰ ਦਿੱਤਾ ਜਾਵੇ, ਜੇ ਮੈਂ ਆਪਣੇ ਸਰੀਰ ਤੇ ਮਨ ਨੂੰ ਹਵਨ ਦੀ ਸਮੱਗ੍ਰੀ ਬਣਾ ਦਿਆਂ ਤੇ ਹਰ ਰੋਜ਼ ਇਨ੍ਹਾਂ ਨੂੰ ਅੱਗ ਵਿਚ ਸਾੜਾਂ, ਜੇ ਇਹੋ ਜਿਹੇ ਹੋਰ ਲੱਖਾਂ ਕ੍ਰੋੜਾਂ ਕਰਮ ਕੀਤੇ ਜਾਣ, ਤਾਂ ਭੀ ਜਕੋਈ ਕਰਮ ਪਰਮਾਤਮਾ ਦੇ ਨਾਮ ਦੀ ਬਰਾਬਰੀ ਤੱਕ ਨਹੀਂ ਪਹੰਚ ਸਕਦਾ **।** **੨** **।** ਜੇ ਸਿਰ ਉੱਤੇ ਆਰਾ ਰਖਾ ਕੇ ਸਰੀਰ ਨੂੰ ਦੁ-ਫਾੜ ਚਿਰਾ ਦਿੱਤਾ ਜਾਏ, ਜੇ ਸਰੀਰ ਨੂੰ ਹਿਮਾਲਾ ਪਰਬਤ (ਦੀ ਬਰਫ਼) ਵਿਚ ਗਾਲ ਦਿੱਤਾ ਜਾਏ, ਤਾਂ ਵੀ ਮਨ ਵਿਚੋਂ (ਹਉਮੈ ਆਦਿਕ) ਰੋਗ ਦੂਰ ਨਹੀਂ ਹੁੰਦਾ। (ਕਰਮ-ਕਾਂਡ ਦੀ) ਸਾਰੀ (ਹੀ ਮਰਯਾਦਾ) ਮੈਂ ਚੰਗੀ ਤਰ੍ਹਾਂ ਪਰਖ ਕੇ ਵੇਖ ਲਈ ਹੈ, ਕੋਈ ਕਰਮ ਪ੍ਰਭੂ ਦਾ ਨਾਮ ਸਿਮਰਨ ਦੀ ਬਰਾਬਰੀ ਤੱਕ ਨਹੀਂ ਅੱਪੜਦਾ । ੩ ।

**ਅਜੇਹੇ ਹੋਰ ਹੱਠ ਕਰਮਾ ਵਿਚ ਸਰੀਰ ਨੂੰ ਬਰਫ਼ ਨਾਲ ਗਾਲ ਲੈਣ ਬਾਰੇ ਇੱਕ ਗੁਰੂ ਫ਼ੁਰਮਾਨ ਇਸ ਪ੍ਰਕਾਰ ਹੈ:---**

**੨੭- ਸਭਿ ਤੀਰਥ ਬਰਤ ਜਗ ਪੁੰਨ ਕੀਏ ਹਿਵੈ ਗਾਲਿ ਤਨੁ ਛੀਜੈ ॥**
**ਅਤੁਲਾ ਤੋਲ ਰਾਮਨਾਮੁ ਹੈ ਗੁਰਮਤਿ, ਕੋ ਪੁਜੈ ਨ ਤੋਲ ਤੁਲੀਜੈ ॥ ੭ ॥**[੧੩੨੫]-੩

**ਅਰਥ**:--ਸਾਰੇ ਤੀਰਥਾਂ ਦੇ ਇਸ਼ਨਾਨ, ਅਨੇਕਾਂ ਵਰਤ, ਜੱਗ ਤੇ ਹੋਰ (ਇਹੋ ਜਿਹੇ) ਪੁੰਨ-ਦਾਨ ਕੀਤੇ ਜਾਣ, (ਪਹਾੜਾਂ ਦੀਆਂ ਖੁੰਦ੍ਹਾਂ ਵਿਚ) ਬਰਫ਼ ਵਿਚ ਗਾਲ ਗਾਲ ਕੇ ਸਰੀਰ ਨਾਸ ਕੀਤਾ ਜਾਏ, (ਤਾਂ ਵੀ ਸਾਰੇ ਸਾਧਨਾਂ ਵਿਚੋਂ) ਕੋਈ ਵੀ ਸਾਧਨ ਪਰਮਾਤਮਾ ਦੇ ਨਾਮ ਦੀ ਬਰਾਬਰੀ ਨਹੀਂ ਕਰਦਾ। ਪਰਮਾਤਮਾ ਦਾ ਨਾਮ ਐਸਾ ਹੈ ਕਿ ਕੋਈ ਵੀ ਤੋਲ ਉਸ ਨੂੰ ਤੋਲ ਨਹੀਂ ਸਕਦਾ, ਉਹ ਮਿਲਦਾ ਹੈ ਗੁਰੂ ਦੀ ਮਤਿ ਤੇ ਤੁਰਿਆਂ । ੭ ।

ਦਸਮ ਗੁਰੂ ਨਾਨਕ ਜੀ ਆਪਣੇ ਹੀ ਲਿਖੇ ਦੀ, ਅਥਵਾ ਉਸ ਗੁਰੂ ਬਾਣੀ ਦੀ ਜਿਸ ਨੂੰ ਗੁਰਿਆਈ ਉਨ੍ਹਾਂ ਆਪ ਹੀ ਸੌਂਪਣੀ ਸੀ, ਦੀ ਖੰਡਨਾਂ ਵਿਚ ਨਾ ਕੋਈ ਕਰਮ ਕਰ ਸਕਦੇ ਸਨ ਅਤੇ ਨਾ ਗੁਰਮਤਿ ਵਿਰੋਧੀ ਕੁਝ ਲਿਖ ਹੀ ਸਕਦੇ ਸਨ। ਆਪਣੀ ਕਥਾ ਅੱਗੇ ਇਉਂ ਤੁਰੀ:--

**ਸਪਤ ਸ੍ਰਿੰਗ ਤਿਹ ਨਾਮੁ ਕਹਾਵਾ ॥ ਪੰਡੁ ਰਾਜ ਜਹ ਜੋਗ ਕਮਾਵਾ ॥**
**ਤਹ ਹਮ ਅਧਿਕ ਤਪੱਸਿਆ ਸਾਧੀ ॥ ਮਹਾਕਾਲ ਕਾਲਿਕਾ ਅਰਾਧੀ ॥ ੨ ॥**

**ਇਹ ਬਿਧਿ ਕਰਤ ਤਪੱਸਿਆ ਭਯੋ ॥ ਦਵੈ ਤੇ ਏਕ ਰੂਪ ਹਵੈ ਗਯੋ ॥**

**ਤਾਤ ਮਾਤ ਮੁਰ ਅਲਖ ਅਰਾਧਾ ॥ ਬਹੁ ਬਿਧਿ ਜੋਗ ਸਾਧਨਾ ਸਾਧਾ ॥ ੩ ॥**

**ਅਰਥ:**--ਉਸਦਾ ਨਾਮ ' ਸਪਤ ਸ੍ਰਿੰਗ ' ਕਿਹਾ ਜਾਂਦਾ ਹੈ, ਜਿਥੇ ਪੰਡੂ ਰਾਜੇ ਨੇ ਜੋਗ ਕਮਾਯਾ ਸੀ ਉਥੇ ਅਸਾਂ ਭੀ ਬਹੁਤ ਸਪੱਸਿਆ ਕੀਤੀ, ਮਹਾਂ ਕਾਲ ਦੀ ਕਾਲਿਕਾ ਸ਼ਕਤੀ ਦੀ ਅਰਾਧਨਾ ਕੀਤੀ । ੨ । ਮੈਂ ਤਪੱਸਿਆ ਕਰਦਿਆਂ, ਇਸ ਤਰ੍ਹਾਂ ਹੋ ਗਿਆ । ਕਿ ਦੋਹਾਂ ਤੋਂ ਇੱਕ ਰੂਪ ਹੋ ਗਿਆ (ਅਰਥਾਤ ਅਹੰਬ੍ਰਿਤਿ ਦਾ ਅਭਾਵ ਹੋ ਕੇ ਤੂੰ ਦੇ ਵਿਚ ਹੀ ਲੀਣ ਹੋ ਗਿਆ, ਯਥਾ--**ਤੂੰ ਤੂੰ ਕਰਤਾ ਤੂੰ ਭਇਆ ਮੁਝ ਮੇ ਰਹਾ ਨ ਹੂੰ "** । ਮੇਰੇ ਮਾਤਾ ਪਿਤਾ ਨੇ ਅਲੱਖ ਰੂਪ ਦੀ ਅਰਾਧਨਾ ਕੀਤੀ ਅਤੇ ਬਹੁਤ ਤਰ੍ਹਾਂ ਦੀ ਜੋਗ ਸਾਧਨਾ ਕੀਤੀ । ੩ ।

**ਬੜਾ ਲੰਮਾ ਸਮਾ** ਤਪੱਸਿਆ ਕਰਦੇ ਰਹਿਣ ਨਾਲ ਹੀ ਜੇ ਰੱਬ ਪ੍ਰਸੰਨ ਹੁੰਦਾ ਹੈ, ਤਾਂ ਦਸ਼ਮੇਸ਼ ਜੀ ਦੇ ਆਪਣੇ ਹੀ ਬਚਨ ਇਸ ਪ੍ਰਕਾਰ ਵੀ ਹਨ:-- **ਏਕ ਚਿੱਤ ਜਿਹ ਇਕ ਛਿਨ ਧਿਆਇਓ ॥ ਕਾਲ ਫਾਸ ਕੇ ਬੀਚ ਨ ਆਇਓ ॥ ੧੦ ॥**[ਅਕਾਲ ਉਸਤਤਿ]

ਦੋਹਾਂ ਵਿਚ ਕਿਹੜਾ ਬਚਨ ਸਦੀਵੀ ਸੱਚ ਮੰਨਿਆਂ ਜਾਵੇ ?

ਅਤੇ ਜੇ ਜਾਨਲੇਵਾ ਠੰਡ ਵਾਲੀ ਉਜਾੜ ਵਿਚ, ਚੁੱਪ ਸਾਧੀ ਅਡੋਲ ਸਮਾਧੀ ਅਸਥਿਤ ਰਹਿਣ ਨਾਲ ਪ੍ਰਭੂ ਦੀ ਪ੍ਰਾਪਤੀ ਹੋਈ ਹੁੰਦੀ ਤਾਂ ਅਕਾਲ ਉਸਤਤਿ ਵਿਚ ਇਹ ਕੁਝ--**ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈ ॥...ਏਕ ਗਿਆਨ ਕੇ ਬਿਹੀਨ, ਛੀਨ ਕੈਸੇ ਕੈ ਤਰਤ ਹੈ॥੭੧॥** (ਭਾਵ, ਰੁੱਖ ਸਦਾ ਚੁਪ ਸਾਧੀ ਇਕ ਥਾਂ ਖੜੇ ਜੀਵਨ ਗੁਜ਼ਾਰ ਜਾਂਦੇ ਹਨ। ਉਹ ਕਿਉਂ ਨਾ ਪ੍ਰਭੂ ਨਾਲ ਇੱਕ-ਮਿਕ ਹੋ ਗਏ।

**ਬ੍ਰਹਮ ਬਾਰੇ ਸੱਚੇ ਗਿਆਨ ਤੋਂ ਉਪਜੀ ਹਿਰਧੇ ਦੀ ਭਾਬਣਾ ਤੋਂ ਬਿਨਾ ਕੋਈ ਨਹੀਂ ਤਰ ਸਕਦਾ) ਕਿਉਂ ਲਿਖਣਾ ਸੀ। ਦੋ ਸਵੈ ਵਿਰੋਧੀ ਵਿਚਾਰ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਮੜ੍ਹਨ ਵਾਲੇ ਕੀ ਵਾਕਿਆ ਹੀ ਪੰਥ ਦੇ ਹਿਤੈਸ਼ੀ ਹੀ ਹਨ ਜੀ ?**

ਪਾਤਿਸ਼ਾਹੀ ਬਰਣਨੰ ਵਾਲੇ ਪੰਜਵੇਂ ਅਧਿਆਇ ਵਿਚ ਚੰਗੀ ਤਰ੍ਹਾਂ ਸਪੱਸ਼ਟ ਹੋ ਚੁੱਕਾ ਹੈ ਕਿ ਬਚਿਤ੍ਰ ਨਾਟਕ ਦੇ ਲਿਖਾਰੀ ਨੇ ਦਸ਼ਮੇਸ਼ ਜੀ ਦਾ ਕੋਈ ਵੀ ਸੰਬੰਧ ਗੁਰੂ ਨਾਨਕ ਜੀ ਨਾਲ ਨਹੀਂ ਰਹਿਣ ਦਿਤਾ ਹੋਇਆ। ਉਪ੍ਰੋਕਤ ਚੌਪਈਆਂ ਗੁਰਮਤਿ ਦੀ ਖੰਡਨਾ ਵਾਲੀਆਂ ਹੋਣ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਲਿਖਾਰੀ ਦੇ ਮਨ ਵਿਚ ਗੁਰਮਤਿ ਦਾ ਕੋਈ ਸਤਿਕਾਰ ਨਹੀਂ ਅਤੇ ਉਹ ਬੜੀ ਚਪਲਤਾ ਨਾਲ, ਖ਼ਾਲਸਾ ਪੰਥ ਵਿਚ ਬਿੱਪ੍ਰਨ ਕੀ ਰੀਤ ਵਿਚਾ ਪ੍ਰਵੇਸ਼ ਕਰਾਈ ਜਾ ਰਿਹਾ ਹੈ। ਇਨ੍ਹਾਂ ਚੌਪਈਆਂ ਤੋਂ ਉਪਜੇ ਹੋਰ ਸ਼ੰਕੇ ਇਸ ਪ੍ਰਕਾਰ ਹਨ:--

ਸਰੀਰ ਨੂੰ ਕਸ਼ਟ ਦੇਣ ਵਾਲੇ **ਹਠ-ਕਰਮ ਵਾਲੀ** ਕਿਸੇ ਤਪੱਸਿਆ ਨਾਲ ਜਾਂ ਸਰੀਰਕ ਕਿਰਿਆ ਦੁਆਰਾ ਕਿਸੇ ਯੋਗ ਸਾਧਨਾਂ ਨਾਲ ਪ੍ਰਭੂ ਦੇ ਮਿਲਾਪ ਦੀ, ਆਤਮਕ ਉੱਚਤਾ ਦੀ, ਆਤਮਕ ਠੰਢ ਦੀ ਅਥਵਾ ਸਹਜਿ ਅਵਸਥਾ ਦੀ ਪ੍ਰਾਪਤੀ ਹੋ ਜਾਣ ਵਾਲੀ ਗੱਲ ਨੂੰ, ਗੁਰਬਾਣੀ ਮੁੱਢੋਂ ਹੀ ਰੱਦ ਕਰਦੀ ਹੈ। ਗੁਰਮਤਿ ਦੇ ਇਸ ਸਿਧਾਂਤ ਦੀ ਵਿਚਾਰ ਪੁਸਤਕ ਦੇ ਤੀਸਰੇ ਭਾਗ ਦੇ ਛੇਵੇਂ ਕਾਂਡ ਦੇ ਛੇਵੇਂ ਤੋਂ ਦਸਵੇਂ ਲੇਖ ਵਿਚ ਬੜੇ ਵਿਸਥਾਰ ਨਾਲ ਲਿਖੀ ਜਾ ਚੁੱਕੀ ਹੈ। ਯਾਦ ਤਾਜ਼ਾ ਕਰਾਉਣ ਹਿੱਤ ਕੁਝ ਹੋਰ ਗੁਰੂ ਸ਼ਬਦ ਇਸ ਪ੍ਰਕਾਰ ਹਨ:---

੨੮- **ਅਨਿਕ ਬਰਖ ਕੀਏ ਜਪ ਤਾਪਾ ॥ ਗਵਨੁ ਕੀਆ ਧਰਤੀ ਭਰਮਾਤਾ ॥**
**ਇਕੁ ਖਿਨੁ ਹਿਰਦੈ ਸਾਂਤਿ ਨ ਆਵੈ, ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥ ੩ ॥**[੯੮]-੧੨

੨੯- **ਸਭਿ ਜਪ ਸਭਿ ਤਪ** ਸਭ ਚਤੁਰਾਈ ॥ **ਊਝੜਿ ਭਰਮੈ ਰਾਹਿ ਨ ਪਾਈ ॥.. ੧ ॥** [੪੧੨]-੨

੩੦- **ਜਪ ਤਪ ਸੰਜਮ ਕਰਮ** ਨ ਜਾਨਾ **ਨਾਮੁ ਜਪੀ ਪ੍ਰਭ ਤੇਰਾ ॥**
**ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥ ੩ ॥**[੮੭੮]-੬

੩੧- **ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ ॥ ਅਧਿਆਤਮ ਕਰਮ ਜੇ ਕਰੇ**
**ਨਾਮੁ ਨ ਕਬਹੀ ਪਾਇ** ॥ ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥ ੧ ॥ [੩੩]--੫੧

ਅਤੇ ਫਿਰ ਰੱਬ ਦੀ ਪ੍ਰਾਪਤੀ ਲਈ ਸਰੀਰ ਨੂੰ ਜਪਾਂ ਤਪਾਂ ਨਾਲ ਕਮਜ਼ੋਰ ਕਰਨ ਦੀ ਗੱਲ ਨੂੰ ਨਾਪਸੰਦ ਕਰਨ ਦੇ ਨਾਲ ਸਤਿਗੁਰਾਂ ਦਾ ਸਪੱਸ਼ਟ ਫ਼ੁਰਮਾਨ ਹੈ ਕਿ:----

੩੨- **ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥**
**ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥ ੨ ॥** [੫੫੪]-ਵਾਰ-੧੪

ਉਹ ਮਨੁੱਖਾ ਸਰੀਰ ਜਿਸ ਦੁਆਰਾ ਪ੍ਰਭੂ ਦਾ ਸਿਮਰਣ ਕੀਤਾ ਜਾ ਸਕਦਾ ਹੈ, ਜਿਸ ਸਰੀਰ ਹਿਰਦੇ ਵਿਚ ਪ੍ਰਭੂ ਦੀ ਧਾਦ ਰੂਪੀ ਉਸਦੇ ਸੁਹਣੇ ਚਰਣ ਆ ਵੱਸਦੇ ਹੋਣ ਉਸ ਦੇਹੀ ਦੀ ਪਾਲਣਾ ਕਰਨੀ ਚਾਹੀਦੀ ਹੈ। ਜਪਾਂ ਤਪਾਂ ਦੁਆਰਾ ਇਸ ਦੇਹੀ ਨੂੰ ਖੀਨ ਨਹੀਂ ਕਰਨਾ ਸਗੋਂ ਅਰੋਗਤਾ ਦੇ ਨਿਯਮਾਂ ਦੀ ਪਾਲਣਾ ਕਰੜਾਈ ਨਾਲ ਕਰਦਿਆਂ ਹਰ ਪ੍ਰਕਾਤ ਦੀ ਲੋੜੀਂਦੀ ਕਸਰਤ ਕਰਦੇ ਰਹਿਣ ਦਾਨੇਮ ਬਣਾ ਲੈਣਾ ਵੀ ਗੁਰੂ ਦੀ ਮਤਿ ਦਾ ਪ੍ਰਧਾਨ ਅੰਗ ਹੈ।

ਦਸ਼ਮੇਸ਼ ਜੀ ਨੂੰ ਜਪ ਤਪ ਕਰਨ ਵਾਲੇ ਮੰਨ ਲੈਣ ਦਾ ਅਰਥ ਇਹ ਬਣਦਾ ਹੈ ਕਿ ਸਤਿਗੁਰਾਂ ਨੂੰ ਗੁਰਬਾਣੀ ਦੇ ਉਪ੍ਰੋਕਤ ਪਾਵਨ ਸ਼ਬਦਾਂ ਦਾ ਜਾਂ ਕੋਈ ਗਿਆਨ ਨਹੀਂ ਸੀ, ਜਾਂ, ਉਹ ਗੁਰਬਾਣੀ ਦੀ ਕੋਈ ਪਰਵਾਹ ਕਰਨੀ ਜਾਣਦੇ ਹੀ ਨਹੀਂ ਸਨ ? ਹਰ ਪੱਖੋਂ ਨਿਪੁੰਨ ਅਤੇ ਅਨੁਪਮ ਸਤਿਗੁਰਾਂ ਬਾਰੇ ਅਜੇਹੇ ਸ਼ੰਕੇ ਪੈਦਾ ਕਰਨ ਵਾਲੀ ਹੋਛੀ ਗੱਲ ਕਰਨੀ, ਵਡੀ ਬੇਮੁੱਖਤਾਈ ਅਥਵਾ ਅਕ੍ਰਿਤਘਣਤਾ ਹੈ ?

ਉਪ੍ਰੋਕਤ ਚੌਪਈਆਂ ਵਿਚ ਤਪ ਅਥਵਾ ਯੋਗ ਸਾਧਨਾ ਦਾ ਅਤੇ ਤਪੱਸਿਆ ਦਾ ਜ਼ਿਕਰ ਆਇਆ ਹੈ ਅਤੇ ਅੱਗੇ ਜਾ ਕੇ ੨੯ਵੀਂ ਚੌਪਈ ਵਿਚ ਫੇਰ ਲਿਖਿਆ ਹੈ--**" ਤਪ ਸਾਧਤ ਹਰਿ ਮੋਹਿ ਬੁਲਾਯੋ "।** ਬਚਿਤ੍ਰ ਨਾਟਕ ਦੀ ਲਿਖਤ ਥਾਂ ਥਾਂ ਤੇ ਗੁਰਮਤਿ ਦੀ ਖੰਡਨਾ ਕਰ ਰਹੀ ਹੈ। ਇਸ ਇ ਗ੍ਰੰਥ ਦੀ ਬਹੁਤੀ ਵਿਚਿਤ੍ਰ ਗੱਲ ਇਹ ਹੈ ਕਿ ਇਸ ਵਿਚ ਹਿੰਦੂ ਗ੍ਰੰਥਾਂ ਵਾਂਗ ਹੀ ਸਵੈ ਵਿਰੋਧੀ ਬਾਣੀ ਹੈ। ਜਿਵੇ ਪਹਿਲੇ ਅਧਿਆਏ ਦੇ ਤ੍ਰਿਭੰਗੀ

ਛੰਦ ॥ " ਸ੍ਰੀ ਕਾਲ ਜੀ ਕੀ ਉਸਤਤਿ ", ਵਿਚ ਸ਼ਿਵ ਜੀ ਦੇ ਉਪਾਸ਼ਕਾਂ ਵਾਂਗ ਕ੍ਰਿਸ਼ਨ, ਬਿਸਨ, ਰਾਮ ਰਹੀਮ, ਬ੍ਰਹਮਾਂ ਦੇ ਧਿਆਉਣ ਵਾਲਿਆਂ ਨੂੰ ਕਾਲ ਜੀ ਦੀ ਪੂਜਾ ਦਾ ਉਪਦੇਸ਼ ਦਿੰਦਿਆਂ ਕਰੋੜਾਂ ਦਿਨਾਂ ਦੀ ਤਪੱਸਿਆ ਨੂੰ ਨਿਸਫ਼ਲ ਲਿਖਿਆ ਹੈ:---

**ਕੋਟ ਕਰੀ ਤਪਸਾ ਦਿਨ ਕੋਟਿਕ ਕਹੂੰ ਨ ਕੌਡੀ ਕੋ ਕਾਮ ਕਢਾਯੋ ॥.....੬੭ ॥**

**ਅਰਥ:--ਕਰੋੜ ਤਰ੍ਹਾਂ ਦੀ ਤਪੱਸਯਾ ਕਰੋੜਾਂ** ਦਿਨ ਕੀਤੀ, ਪਰ ਕਿਸੇ ਨੇ ਕੌਡੀ ਦਾ ਕੰਮ ਨ ਕਢਿਆ ।

**ਕਾਹੇ ਕੋ ਕੂਰ ਕਰੈ ਤਪਸਾ ਇਨਕੀ ਕੋਊ ਕੌਡੀ ਕੇ ਕਾਮ ਨ ਐਹੈ ॥- -**
**ਤੋਹਿ ਬਚਾਇ ਸਕੈ ਕਹੁ ਕੈਸੇ ਕੈ ਆਪਨ ਘਾਵ ਬਚਾਇ ਨ ਐਹੈ ॥**
**ਕੋਪ ਕਰਾਲ ਕੀ ਪਾਵਕ ਕੁੰਡ ਮੈ, ਆਪ ਟੰਗਿਓ ਤਿਮ ਤੋਇ ਟੰਗੈ ਹੈ ॥**
**ਚੇਤ ਰੇ ਚੇਤ ਅਜੋ ਜੀਅ ਮੈਂ ਜੜ ਕਾਲ ਕ੍ਰਿਪਾ ਬਿਨੁ ਕਾਮ ਨ ਐਹੈ ॥ ੬੮ ॥**

**ਅਰਥ:**--ਇਨ੍ਹਾਂ ਝੂਠਿਆਂ ਦੀ **ਤਪੱਸਿਯਾ** ਕਿਉਂ ਕਰਦਾ ਹੈਂ ? ਇਹ ਕੋਈ ਇੱਕ ਕੌਡੀ ਦੇ ਕੰਮ ਨਹੀਂ ਆਵੇਗਾ । ਜਿਸ ਨੂੰ ਆਪਣਾ ਆਪ ਕਾਲ ਦੀ ਮਾਰ ਤੋਂ ਬਚਾਉਣਾ ਨਹੀਂ ਆਉਂਦਾ ਦੱਸ, ਉਹ ਤੈਨੂੰ ਕਿਸ ਤਰ੍ਹਾਂ ਬਚਾ ਸਕਦਾ ਹੈ ? (**ਕਾਲ** ਦੀ) **ਡਰੌਣੀ ਕ੍ਰੋਧ ਅਗਨੀ** ਦੇ ਕੁੰਡ ਵਿਚ ਜਿਵੇਂ ਉਹ ਆਪ ਟੰਗਿਆ ਹੋਇਆ ਹੈ, ਤਿਵੇਂ ਹੀ ਤੈਨੂੰ ਟੰਗਾਵੇਗਾ । ਹੇ ਮੂਰਖ ! ਹੋਸ਼ ਕਰ ਹਿਰਦੇ ਵਿਚ **ਕਾਲ** ਨੂੰ ਸਿਮਰ (ਚੇਤ), ਕਿਉਂਕਿ **ਕਾਲ** ਦੀ ਕਿਰਪਾ ਤੋਂ ਬਿਨਾਂ ਹੋਰ ਕੋਈ ਭੀ ਸਾਧਨ ਤੇਰੇ) ਕੰਮ ਨਹੀਂ ਆਵੇਗਾ।

ਲਿਖਾਰੀ ਜੀ ਨੇ ਆਪ ਹੀ ਪਹਿਲਾਂ ਉਪ੍ਰੋਕਤ ਦੋਹਾਂ ਹੀ ਚੌਪਈਆਂ ਵਿਚ ਤਪੱਸਿਆ ਨੂੰ ਨਿਸਫਲ ਕਿਹਾ ਹੈ, ਅੰਤਲੀ ਸਤਰ ਵਿਚ ਕੇਵਲ ਹਿਰਦੇ ਵਿਚ ਸਿਮਰਨ ਦੀ ਗੱਲ ਵੀ ਨਾਲ ਹੀ ਕੀਤੀ ਹੈ। ਧਿਆਨ ਰਹੇ ਕਿ ਵਿਦਵਾਨ ਬ੍ਰਾਹਮਣ ਨੇ ਹਿੰਦੂ ਗ੍ਰੰਥ ਵਿਚ ਵੀ ਏਵੇਂ ਹੀ ਕੀਤਾ ਹੋਇਆ ਹੈ। ਉਨ੍ਹਾਂ ਗ੍ਰੰਥਾਂ ਵਿਚ ਵੀ, ਅਸ਼ਲੀਲ ਭਾਸ਼ਾ ਵਿਚ ਲਿਖੇ ਮਨ ਘੜਤ ਝੂਠ ਨੂੰ, ਉੱਚ ਕੋਟੀ ਦੇ ਸ਼ੁੱਧ ਗਿਆਨ ਦੇ ਬੜੇ ਮੋਟੇ ਗਲਾਫ਼ ਵਿਚ ਲਪੇਟਿਆ ਹੋਇਆ ਹੈ। ਏਹੋ ਜਿਹੇ ਭਰਮਾਊ ਬਚਨਾਂ ਤੋਂ ਹੀ ਭੁਲੇਖਾ ਖਾ ਕੇ ਸਾਡੇ ਵੀਰ ਕੁਰਾਹੇ ਪਾਉਣ ਵਾਲੀਆਂ ਲਿਖਤਾਂ ਛਾਪ ਰਹੇ ਹਨ ।

ਅਕਾਲ ਉਸਤਤਿ ਬਾਣੀ ਵਿਚ ਦਸ਼ਮੇਸ਼ ਦੀ ਦੇ ਫ਼ੁਰਮਾਨ ਗੁਰਮਤਿ ਦੇ ਅਨਕੂਲ ਹਨ। ਏਸੇ ਲਈ ਗੁਰਮਤਿ ਦੇ ਗਿਆਤਾ ਸੁਹਿਰਦ ਵਿਦਵਾਨਾ ਨੇ ਉਸ ਨੂੰ ਦਸ਼ਮੇਸ਼ ਜੀ ਦੀ ਕਿਰਤ ਮੰਨਣ ਵਿਚ ਸੰਕੋਚ ਨਹੀਂ ਕੀਤਾ । ਗੁਰਮਤਿ ਦੇ ਉਪਦੇਸ਼ ਵਾਲੀ ਅਤੇ ਮਨਮਤ ਨਾਲ ਜੋੜਨ ਵਾਲੀ ਦੋਹਾਂ ਹੀ ਧਾਰਨਾ ਦਾ ਇੱਕੋ ਮਹਾਂਪੁਰਖ ਲਿਖਾਰੀ ਨਹੀਂ ਹੋ ਸਕਦਾ। ਅਕਾਲ ਉਸਤਤਿ ਵਿਚ ਫ਼ੁਰਮਾਨ ਹੈ, ਕਿ ਸਤਿਗੁਰੂ ਦੇ ਬਖ਼ਸ਼ੇ ਗਿਆਨ ਦੀ ਅਣਹੋਂਦ ਦੇ ਕਾਰਨ ਮਨੁੱਖ ਕਰਮਕਾਂਡੀ ਚੱਕਰਾਂ ਵਿਚ ਫ਼ਸ ਕੇ ਖ਼ੁਆਰ ਹੁੰਦਾ ਹੈ। ਜਪਾਂ ਤਪਾਂ ਨਾਲ ਸਰੀਰ ਨੂੰ ਘਾਇਲ ਕਰਨਾਂ ਦਸ਼ਮੇਸ਼ ਜੀ ਨੇ ਪਸੰਦ ਨਹੀਂ ਕੀਤਾ:---

੩੨/a- **ਤਾਪ ਕੇ ਸਹੇ ਤੇ, ਜੋ ਪੈ ਪਾਈਐ ਅਤਾਪ ਨਾਥ, ਤਾਪਨਾ ਅਨੇਕ ਤਨ ਘਾਇਲ ਸਹਤ ਹੈ ॥**
**ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ, ਪੂਦਨਾ ਸਦੀਵ, ਤੂਹੀ ਤੂਹੀ ਉਚਰਤ ਹੈ ॥**
**ਨਭ ਕੇ ਉਡੇ ਤੇ, ਜੋ ਪੈ ਨਾਰਾਇਣ ਪਾਯਤ, ਅਨਲ ਅਕਾਸ਼ ਪੰਛੀ, ਡਲਬੋ ਕਰਤ ਹੈ ॥**
**ਆਗ ਮੈਂ ਜਰੇ ਤੇ, ਗਤਿ ਰਾਂਡ ਕੀ ਪਰਤ ਕਰ, ਪਤਾਲ ਕੇ ਬਾਸੀ, ਕਿਉਂ ਭੁਜੰਗ ਨ ਤਰਤ ਹੈ ॥ ੮੪ ॥**

੩੨/b- **ਕੂਕਤ ਫਿਰਤ ਕੇਤੇ, ਰੋਵਤ ਮਰਤ ਕੇਤੇ, ਜਲ ਮੈ ਡੁਬਤ ਕੇਤੇ, ਆਗ ਮੈ ਜਰਤ ਹੈਂ ॥**
**ਕੇਤੇ ਗੰਗ ਬਾਸੀ, ਕੇਤੇ ਮਦੀਨਾ ਮਕਾ ਨਿਵਾਸੀ, ਕੇਤਕ ਉਦਾਸੀ, ਕੇ ਭ੍ਰਮਾਏ ਈ ਫਿਰਤ ਹੈਂ ॥**
**ਕਰਵਤ ਸਹਸ ਕੇਤੇ ਭੂਮਿ ਮੈ ਗਡਤ ਕੇਤੇ, ਸੂਆ ਪੈ ਚੜ੍ਹਤ ਕੇਤੇ, ਦੂਖ ਕਉ ਭਰਤ ਹੈਂ ॥**
**ਗੈਨ ਮੈਂ ਉਡਤ ਕੇਤੇ, ਜਲ ਮੈ ਰਹਤ ਕੇਤੇ, ਗਿਆਨ ਕੇ ਬਿਹੀਨ, ਜ਼ਕ੧ ਜਾਰੇ ਈ ਮਰਤ ਹੈਂ ॥ ੮੯ ॥**

[**ਜ਼ਕ**=(ਅਰਬੀ ਜ਼ਕਾ) ਭੜਕੀ ਹੋਈ ਅੱਗ, ਦੋਜ਼ਖ਼ ਦੀ ਅਗਨੀ ਵਿਚ (ਜਾਲੇ ਹੋਏ ਸੜਦੇ ਹਨ)

ਪਰਮਾਤਮਾ ਨੂੰ ਪਾਉਣ ਲਈ ਕਈ ਸਾਧੂ, ਸੰਤ ਅਨੇਕ ਤਰ੍ਹਾਂ ਦੇ ਜਪ ਤਪ ਸਾਧਦੇ ਹਨ, ਯੋਗ ਸਾਧਨਾਂ ਕਰਦੇ ਹਨ, ਯੋਗ ਸਿਧੀਆਂ ਦੁਆਰਾ ਲੋਕਾਂ ਨੂੰ ਹੈਰਾਨ ਕਰਨ ਵਾਲੇ ਕਈ ਕਰਤਬ ਵਿਖਾਲਦੇ ਹਨ ਇਨ੍ਹਾਂ ਕਰਮਾਂ ਦੀ ਖੰਡਨਾਂ ਵਿਚ ਦਸ਼ਮੇਸ਼ ਜੀ ਦਾ ਬੜਾ ਕਰੜਾ ਫ਼ੁਰਮਾਨ:--

੩੨/C- **ਭੂਮ ਕੇ ਬਸੱਯਾ, ਤਾਹਿ ਭੂਚਰੀ ਕੇ ਜਯੱਾ ਕਹੈ, ਨਭ ਕੇ ਉਡੱਯਾ, ਸੋ ਚਰੱਯਾ ਕੈ ਬਖਾਨੀਐ ॥**
**ਫਲ ਕੇ ਭਛੱਯਾ ਤਾਹਿ ਬਾਂਦਰੀ ਕੇ ਜੱਯਾ ਕਹੈ, ਆਦਿਸ ਫਿਰੱਯਾ, ਤੇਤੋ ਭੂਤ ਕੈ ਪਛਾਨੀਐ ॥**
**ਜਲ ਕੇ ਤਿਰੱਯਾ ਕੋ ਗੰਗੇਰੀ ਸੀ ਕਹਤ ਜਗ, ਆਗ ਕੇ ਭਛੱਯਾ, ਸੋ ਚਕੋਰ ਸਮ ਮਾਨੀਐ ॥**
**ਸੂਰਜ ਸਿਵੱਯਾ, ਤਾਹਿ ਕੌਲ ਕੀ ਬਡੱਯਾ ਦੇਤ, ਚੰਦ੍ਰਮਾ ਸਿਵੱਯਾ ਕੋ ਕਵੀ ਕੈ ਪਹਿਚਾਨੀਐ ॥ ੩ ॥ ੭੩ ॥**

੩੨/d- **ਨਾਚਿਓ ਈ ਕਰਤ ਮੋਰ, ਦਾਦਰ ਕਰਤ ਸੋਰ, ਸਾਦ ਘਨਘੋਰ, ਘਨ ਕਰਿਓ ਈ ਕਰਤ ਹੈ ॥**
**ਏਕ ਪਾਇ ਠਾਡੇ ਸਦਾ ਬਨ ਮੈ ਰਹਤ ਬ੍ਰਿਛ, ਫੂਕ ਫੂਕ ਪਾਵ ਭੂਮ ਸ੍ਰਾਵਗ ਧਰਤ ਹੈ ॥**
**ਪਾਹਨ ਅਨੇਕ ਜੁਗ ਏਕ ਠਉਰ ਬਾਸੁ ਕਰੈ, ਕਾਗ ਅਉਰ ਚੀਲ ਦੇਸ ਦੇਸ ਬਿਚਰਤ ਹੈ ॥**
**ਗਿਆਨ ਕੇ ਬਹੀਨ ਮਹਾ ਦਾਨ ਮੈਂ ਨ ਹੂਜੇ ਲੀਨ, ਭਾਵਨਾ ਯਕੀਨ ਦੀਨ ਕੈਸੇ ਕੈ ਤਰਤ ਹੈ ॥ ੧੧ ॥੮੧॥**

੩੨/e- **ਕਹਾ ਭਯੋ ਦੋਊ ਲੋਚਨ ਮੂਦਕੈ ਬੈਠ ਰਹਿਓ ਬਕੀ ਧਯਾਨ ਲਗਾਇਓ ॥** ੧--ਬਗਲੇ (ਵਾਂਗ)।
**ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ, ਲੋਕ ਗਇਓ ਪਰਲੋਕ ਗਵਾਇਓ ॥**
**ਵਾਸੁ ਕੀਓ ਬਿਖਿਆਨ ਸੋ ਬੈਠ ਕੇ, ਐਸੇ ਹੀ ਐਸ ਸੋ ਬੈਸ ਬਿਤਾਇਓ ॥**
**ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥ ੨੯ ॥**

ਦਸਮ ਗ੍ਰੰਥ ਵਿਚ ਹੀ ਅਜੇਹੇ ਕਈ ਫ਼ੁਰਮਾਨ ਹਨ ਜਿਨ੍ਹਾਂ ਦੁਆਰਾ ਤਪ ਅਥਵਾ ਯੋਗ ਸਾਧਨਾ ਨਾਲ, (ਇੱਕ ਥਾਂ ਖੜੇ ਰਹਿਣਾ, ਚੁਫ਼ੇਰੇ ਧੂਣੀਆਂ ਤਪਾ ਕੇ ਵਿਚ ਬੈਠਣਾ, ਜਲ-ਧਾਰੇ ਕਰਨ ਨਾਲ, ਕਰਵਤ ਹੇਠ ਬੈਠਣ ਨਾਲ ਅਥਵਾ ਹੋਰ ਕਈ ਅਜੇਹੇ ਢੰਗਾਂ ਨਾਲ) ਸਰੀਰਕ ਦੁਖ ਸਹਿਣ ਦੀ ਤਪੱਸਿਆ ਕਰਨ ਨਾਲ ਪਰਮਾਤਮਾ ਨੂੰ ਪਾ ਲੈਣ ਦੇ ਫੋਕਟ ਯਤਨਾ ਤੋਂ ਵਰਜਿਆ ਹੋਇਆ ਹੈ । ਮਨੁੱਖ ਨੂੰ ਸਮਝਾਇਆ ਹੈ ਕਿ ਸਤਿਗੁਰੂ ਤੋਂ ਮਿਲੇ ਗਿਆਨ ਦੇ ਅਨੁਸਾਰ ਜੀਵਨ ਬਣਾ ਲੈਣ ਹੀ ਆਤਮ ਉੱਚਤਾ ਦੀ ਪ੍ਰਾਪਤੀ ਹੋ ਸਕਦੀ ਹੈ ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**:--

੩੩- **ਜਿਨੀ ਨਾਮੁ ਵਿਸਾਰਿਆ, ਕਿਆ ਜਪੁ ਜਾਪਹਿ ਹੋਰਿ ॥ ਬਿਸਟਾ ਅੰਦਰ**
**ਕੀਟ ਸੇ ਮੁਠੇ ਧੰਧੈ ਚੋਰਿ ॥ ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚੁ ਹੋਰਿ ॥੨ ॥**

## ਗੁਰਮਤਿ ਦਾ ਇੱਕ ਇਹ ਪੱਖ --

[੧੨੪੭]-ਵਾਰ-੨੫

ਪਹਾੜਾਂ ਤੇ ਜਾ ਕੇ ਘੋਰ ਤਪਸੱਿਆ ਕਰਨ ਵਾਲੇ ਹੱਠ-ਕਰਮ ਦੀ ਗੱਲ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੋੜਨ ਵਾਲਿਆਂ ਦਾ ਸਾਡਾ ਭਾਵ, ਕੀ, ਇਹ ਹੈ ਦਸਮ ਗੁਰੂ ਨਾਨਕ ਜੀ ਨੂੰ ਹੇਠ ਲਿਖੇ ਆਪਣੇ ਹੀ ਗੁਰੂ ਉਪਦੇਸ਼ ਦਾ ਗਿਆਨ ਹੈ ਹੀ ਨਹੀਂ ਸੀ, ਜੋ ਆਪਣੇ ਅੰਦਰੋਂ ਭਾਲ ਕਰਨ ਦੇ ਥਾਂ ਰੱਬ ਨੂੰ ਖ਼ੁਸ਼ ਕਰਨ ਲਈ ਅਜੇਹੇ ਥਾਂ ਜਾ ਬੈਠੇ ਜਿੱਥੇ ਸਰੀਰ ਨੂੰ ਅਰੋਗ ਰੱਖਣ ਲਈ ਖ਼ੁਰਾਕ ਮਿਲਦੀ ਰਹਿਣ ਦੀ ਗੱਲ ਤਾਂ ਕਿਤੇ ਰਹੀ ਸੁਆਸਾਂ ਲਈ ਚੰਗੀ ਹਵਾ ਮਿਲਣੀ ਵੀ ਬੜੀ ਕਠਨ ਹੋ ਜਾਂਦੀ ਹੈ ? :---

੩੪- **ਫ਼ਰੀਦਾ ਜੰਗਲੁ ਜੰਗਲੁ ਕਿਆ ਭਵਹਿ, ਵਣਿ ਕੰਡਾ ਮੋੜੇਹਿ ॥**
**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥ ੧੯ ॥**[੧੩੭੮]

੩੫- **ਬਨੁ ਬਨੁ ਫਿਰਤੀ ਢੂਢਤੀ, ਬਸਤੁ ਰਹੀ ਘਰਿ ਬਾਰਿ ॥**
**ਸਤਿਗੁਰਿ ਮੇਲੀ ਮਿਲਿ ਰਹੀ, ਜਨਮ ਮਰਣ ਦੁਖੁ ਨਿਵਾਰਿ ॥ ੩੬ ॥**[੯੩੪]-ਓਅੰਕਾਰ

**ਅਰਥ**:--(ਜੋ ਜੀਵ-ਇਸਤ੍ਰੀ ਉਸ ਪ੍ਰਭੂ ਦੀ ਖਾਤਰ) ਜੰਗਲ ਜੰਗਲ ਢੂੰਢਦੀ ਫਿਰਦੀ ਸੀ (ਉਸ ਨੂੰ ਪ੍ਰਭੂ ਨਾ ਮਿਲਿਆ, ਕਿਉਂਕਿ) ਉਹ ਵਸਤ ਤਾਂ (ਹਿਰਦੇ-)ਘਰ ਦੇ ਅੰਦਰ ਹੀ ਸੀ । ਜਦੋਂ ਸਤਿਗੁਰੂ ਨੇ ਪਰਮਾਤਮਾ ਦਾ ਮੇਲ ਕਰਾਇਆ ਤਾਂ (ਉਹ ਉਸ ਦੇ ਨਾਮ ਵਿਚ) ਜੁੜ ਬੈਠੀ, ਤੇ ਉਸ ਦਾ ਜਨਮ ਮਰਨ ਦਾ ਦੁੱਖ ਮੁੱਕ ਗਿਆ । ੩੬ ।

੩੬- **ਦਹ ਦਿਸ ਢੂਢਿ ਘਰੈ ਮਹਿ ਪਾਇਆ । ਮੇਲੁ ਭਇਆ ਸਤਿਗੁਰੂ ਮਿਲਾਇਆ ॥ ੨੧ ॥**[੯੩੨]-ਓਅੰਕਾਰ

੩੭- **ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥**
**ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨਾ ਜਾਣੈ ॥ ੩ ॥**[੧੫੨-੪

ਮਲਾਰ ਕੀ ਵਾਰ ਵਿਚ ਸਤਿਗੁਰਾਂ ਦਾ ਫ਼ੁਰਮਾਨ--

੩੮- **ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥ ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥ ੧ ॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥**
**ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥** [੫੯੮]-੯

੩੯-- **ਚਾਰੇ ਕੁੰਡਾਂ ਦੇਖਿ ਅੰਦਰੁ ਭਾਲਿਆ ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥ ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥ ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥ ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥ ੨੪ ॥**[੧੪੯]

੪੦- **ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥**
**ਮਨਮੁਖ ਅੰਧੇ ਸੂਝੈ ਨਾਹੀ, ਫਿਰਿ ਘਿਰਿ ਆਇ, ਗੁਰਮੁਖਿ ਵਥੁ ਪਾਵਣਿਆ ॥ ੪ ॥**[੧੨੪]-੨੪-੨੫

**ਅਰਥ**:--(ਜੇ ਕੋਈ ਮਨੁੱਖ ਆਪਣੇ) ਸਰੀਰ ਤੋਂ ਬਾਹਰ (ਜੰਗਲਾਂ ਵਿਚ ਪਹਾੜਾਂ ਦੀਆਂ ਗੁਫ਼ਾਂ ਵਿਚ ਇਸ ਆਤਮਕ ਚਾਨਣ ਪ੍ਰਭੂ ਨੂੰ) ਲੱਭਣ ਜਾਂਦਾ ਹੈ, ਉਸ ਨੂੰ (ਇਹ ਆਤਮਕ ਦੇਣ ਵਾਲਾ) ਹਰਿ ਨਾਮ ਤਾਂ ਨਹੀਂ ਲੱਭਦਾ, ਉਹ (ਵਿਗਾਰ ਵਿਚ ਫ਼ਸੇ ਕਿਸੇ) ਵਿਗਾਰੀ ਵਾਂਗ ਦੁੱਖ ਹੀ ਪਾਉਂਦਾ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਨੂੰ ਸਮਝ ਨਹੀਂ ਪੈਂਦੀ । (ਜੰਗਲਾਂ ਪਹਾੜਾਂ, ਵਿਚ ਖ਼ੁਆਰ ਹੋ ਹੋ ਕੇ) ਆਖ਼ਰ ਉਹ ਆ ਕੇ ਗੁਰੂ ਦੀ ਸ਼ਰਨ ਪੈ ਕੇ ਹੀ ਪ੍ਰਭੂ-ਨਾਮ ਅੰਮ੍ਰਿਤ ਪ੍ਰਾਪਤ ਕਰਦਾ ਹੈ । ੪ ।

੪੧- **ਘਰ ਹੀ ਅੰਦਰਿ ਸਾਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ ॥ ੧੦ ॥ ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥ ਮਾਇਆ ਮੋਹਿ ਬਧਾ ਜਮਕਾਲੇ ॥ ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ ॥ ੧੧ ॥**[੧੦੬੦]-੨-੧੬

੪੨- **ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥**
**ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥ ੨ ॥**[੬੩੨]-੭

**ਅਰਥ**:--ਜੀਵ ਮਾਇਆ ਦੇ ਨਸ਼ੇ ਵਿਚ ਝੱਲਾ ਹੋ ਰਿਹਾ ਹੈ, ਆਤਮਕ ਜੀਵਨ ਬਾਰੇ ਇਸ ਨੂੰ ਕੋਈ ਸੂਝ ਨਹੀਂ ਪੈਂਦੀ । ਮਾਇਆ ਤੋਂ ਨਿਰਲੇਪ ਪ੍ਰਭੂ ਇਸ ਦੇ ਹਿਰਦੇ ਵਿਚ ਹੀ ਵੱਸਦਾ ਹੈ, ਪਰ ਉਸ ਦਾ ਭੇਦ ਇਹ ਜੀਵ ਨਹੀਂ ਸਮਝਦਾ । ੨ ।

੪੩- **ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥**
**ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥ ੭ ॥**[੧੧੭]-੧੩-੧੪

੪੪- **ਵਿਣੁ ਕਾਇਆ ਜਿ ਹੋਰਥੈ ਧਨੁ ਖੋਜਦੇ ਸੇ ਮੂੜ ਬੇਤਾਲੇ ॥**

**ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥ ੧੫ ॥**[੩੦੯]-ਵਾਰ

**ਅਰਥ:**--ਜੋ ਮਨੁੱਖ ਪ੍ਰਭੂ-ਨਾਮ ਨੂੰ ਸਰੀਰ ਤੋਂ ਬਿਨਾ ਕਿਸੇ ਹੋਰ ਥਾਂ ਲੱਭਦੇ ਹਨ, ਉਹ ਮੂਰਖ ਹਨ, (ਮਨੁੱਖਾ ਸਰੀਰ ਵਿਚ ਆਏ ਭੂਤ ਹਨ । ਜਿਵੇਂ ਕਸਤੂਰੀ ਨੂੰ ਆਪਣੀ ਹੀ ਨਾਭੀ ਵਿਚ ਨਾ ਜਾਣਦਾ ਹੋਇਆ) ਹਰਨ ਝਾੜੀਆਂ ਵਿਚ ਲੱਭਦਾ ਫਿਰਦਾ ਹੈ ਤਿਵੇ ਇਹੋ ਜਿਹੇ ਮਨੁੱਖ ਭਰਮ ਵਿਚ ਪੈ ਕੇ ਬਨਾਂ ਵਿਚ ਭਉਂਦੇ ਫਿਰਦੇ ਹਨ । ੧੫ ।

੪੫- **ਘਟ ਘਟ ਅੰਤਰਿ ਏਕੋ ਹਰਿ ਸੋਇ ॥ ਗੁਰ ਮਿਲਿਐ ਇਕੁ ਪ੍ਰਗਟੁ ਹੋਇ ॥ ੨ ॥**
**ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥ ੩ ॥** [੧੧੭੭]-੧

**ਅਰਥ:**--ਇਕ ਪਰਮਾਤਮਾ ਹੀ ਹਰੇਕ ਸਰੀਰ ਅੰਦਰ ਵਿਆਪਕ ਹੈ । ਜੇ (ਜੀਵ ਨੂੰ) ਗੁਰੂ ਮਿਲ ਪਏ, ਤਾਂ ਉਹ ਪਰਮਾਤਮਾ ਪ੍ਰਤੱਖ ਦਿੱਸ ਪੈਂਦਾ ਹੈ । ੨ । ਇੱਕ ਪਰਮਾਤਮਾ ਹੀ ਜ਼ੱਰੇ ਜ਼ੱਰੇ ਵਿਚ ਵੱਸ ਰਿਹਾ ਹੈ । ਪਰ ਪਰਮਾਤਮਾ ਨਾਲੋਂ ਟੁੱਟੇ ਹੋਏ ਮਾਇਆ ਦੇ ਲਾਲਚੀ ਮਨੁੱਖ ਸਮਝਦੇ ਹਨ ਕਿ ਉਹ ਕਿਤੇ ਦੂਰ ਵੱਸਦਾ ਹੈ । ੩ ।

੪੬- **ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ ॥ ਸਰੀਰਿ ਸਰੋਵਰਿ ਨਾਮੁ**
**ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ ॥ ੨ ॥ ਜੋ ਨਰ ਭਰਮਿ ਭਰਮਿ ਉਦਿਆਨੇ**
**ਤੇ ਸਾਕਤ ਮੂੜ ਮੁਹੇ ॥ ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ ॥ ੩ ॥**[੧੩੩੬]-੪

**ਅਰਥ:**--(ਉਂਞ ਤਾਂ) ਹਰੇਕ ਸਰੀਰ-ਸ਼ਹਰ ਵਿਚ ਪਰਮਾਤਮਾ ਵੱਸਦਾ ਹੈ, ਪਰ ਗੁਰੂ ਦੀ ਮਤਿ ਦੀ ਬਰਕਤਿ ਨਾਲ ਇਹ (ਇਕ, ਯਕੀਨ ਜਾਂ) ਨਿਸ਼ਚਾ ਬਣ ਜਾਂਦਾ ਹੈ । ਜਿਸ ਸਰੀਰ-ਸਰੋਵਰ ਵਿਚ ਪਰਮਾਤਮਾ ਦਾ ਨਾਮ ਪਰਗਟ ਹੁੰਦਾ ਹੈ, ਉਸ ਹਿਰਦੇ-ਘਰ ਵਿਚ ਉਸ ਹਿਰਦੇ-ਮੰਦਰ ਵਿਚ ਪਰਮਾਤਮਾ ਦਾ ਨਾਮ ਪਰਗਟ ਹੁੰਦਾ ਹੈ, (ਓਥੋਂ ਹੀ) ਪਰਮਾਤਮਾ ਲੱਭ ਪੈਂਦਾ ਹੈ । ੨ । ਪਰ ਹੇ ਭਾਈ ! ਜਿਹੜੇ ਮਨੁੱਖ (ਆਪਣੇ ਅੰਦਰੋਂ ਲੱਭਣ ਦੇ ਥਾਂ ਪ੍ਰਭੂ ਦੀ ਪ੍ਰਾਪਤੀ ਲਈ) ਜੰਗਲਾਂ ਵਿਚ ਭਟਕਦੇ ਫਿਰਦੇ ਉਹ ਮੂਰਖ ਲੋਕ ਰੱਬ ਨਾਲੋਂ ਓਵੇਂ ਹੀ ਟੁੱਟੇ ਰਹਿੰਦੇ ਹਨ, ਜਿਵੇਂ ਕਸਤੂਰੀ ਦੀ ਸੁਗੰਧੀ ਤਾਂ ਹਿਰਨ ਦੀ ਧੁੰਨੀ ਵਿਚ ਹੁੰਦੀ ਹੈ, ਪਰ ਉਹ (ਬਾਹਰ ਭਟਕ ਭਟਕ ਕੇ ਝਾੜੀਆਂ (ਵਿਚੋ) ਫੜਦਾ (-ਗਹੇ) ਫਿਰਦਾ ਹੈ (ਭਾਵ, ਝਾੜੀਆਂ ਵਿਚੋਂ ਲੱਭਦਾ ਹੈ ਲੱਭਦਾ ਕੁਝ ਨਹੀਂ ) । ੩ ।

ਅਜੇਹੇ ਪਾਵਨ ਸ਼ਬਦਾਂ ਦੇ ਰਚੇਤਾ ਗੁਰੂ ਨਾਨਕ ਜੀ ਦੇ ਦਸਵੇਂ ਪਾਵਨ ਸਰੂਪ ਨੂੰ ਹਮਾਲੀਆ ਦੀਆਂ ਬਰਫ਼ਾਂ ਵਿਚ ਸਰੀਰ ਨੂੰ ਗਾਲ ਦੇਣ ਵਾਲੀ ਸਰਦੀ ਵਿਚ ਪਰਮਾਤਮਾ ਦੇ ਮਿਲਾਪ ਲਈ ਘੋਰ ਤਪੱਸਿਆ ਵਾਲੇ ਹਠ-ਕਰਮ ਨਾਲ ਦਸ਼ਮੇਸ਼ ਜੀ ਨੂੰ ਜੋੜਨ ਵਾਲੇ ਅਸੀਂ, ਕੀ, ਸਾਤਿਗੁਰਾਂ ਨੂੰ ਮੂੜ੍ਹ ' ਬੇਤਾਲੇ ' ਅਥਵਾ ' ਸਾਕਤ ' ਵੀ ਤਾਂ ਨਹੀ ਕਹਿ ਰਹੇ ਹੁੰਦੇ ਜੀ ? ਕਿਸੇ ਪਰਕਾਰ ਦੇ ਜਪ ਤਪ ਨੂੰ ਫੋਕਟ ਸਮਝਣ ਦਾ ਉਪਦੇਸ਼ ਦੇਣ ਵਾਲੇ ਮਹਾਨ ਸਤਿਗੁਰੂ ਜੀ ਨੂੰ ਹੀ, ਜਪਾਂ ਤਪਾਂ ਨਾਲ ਅਥਵਾ ਯੋਗ ਸਾਧਨਾ ਨਾਲ ਜੋੜਨ ਵਾਲੀ ਗਲ ਕਰਨ ਵਾਲੇ ਅਸੀਂ ਸਾਰੇ ਸਤਿਗੁਰਾਂ ਤੇ ਇਹ ਦੋਸ਼ ਵੀ ਨਾਲ ਹੀ ਲਾ ਰਹੇ ਹਾਂ--**ਅਵਰ ਉਪਦੇਸੈ ਆਪਿ ਨਾ ਕਰੈ ॥ ਆਵਤ ਜਾਵਤ ਜਨਮੈ ਮਰੈ ॥**[੨੬੯]

" ਨੌਵੇਂ ਅਤੇ ਦਸਵੇਂ ਗੁਰੂ ਨਾਨਕ ਪਾਤਸ਼ਾਹ ਜੀ ਗੁਰਮਤਿ ਦੀ ਖੰਡਨਾਂ ਵਾਲੀ ਯੋਗ ਸਾਧਨਾਂ ਕਦੇ ਨਹੀਂ ਸਨ ਕਰ ਸਕਦੇ। ਜਿਹੜੇ ਪੂਰਨ ਸਤਿਗੁਰੂ ਜੀ ਦਾ ਆਪਣਾ ਫ਼ੁਰਮਾਨ ਇਉਂ ਹੈ---**ਕਬ ਹੂ ਨ ਬਿਸਰੈ ਹੀਏ ਮੋਰੇ ਤੇ, ਨਾਨਕ ਦਾਸ ਇਹੀ ਦਾਨੁ ਮੰਗਾ ॥**[੮੨੪] ਉਹ ਪੁੱਤ੍ਰ ਦੀ ਲਾਲਸਾ ਨਾਲ ਪ੍ਰਭ-ਸਿਮਰਨ ਕਦੋਂ ਕਰਨ ਲੱਗੇ ਸਨ ? ਗੁਰੂ ਨਾਨਕ ਜੀ ਦੇ ਨਾਮ ਨਾਲ ਜੋਗ ਸਾਧਨਾ ਦੇ ਸ਼ਬਦ ਜੋੜਨੇ ਉਸ ਤੋਂ ਵੀ ਵੱਧ ਮਾੜੀ ਕਰਤੂਤ ਹੈ । ਜਿਸ ਗੁਰੂ ਨਾਨਕ ਜੀ ਦੇ ਅਜਿਹੇ ਕਈ ਫ਼ੁਰਮਾਨ ਹਨ ਕਿ--**ਐਸੀ ਭਗਤਿ ਬਨਿ ਆਈ ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ। ਜੈਸੇ ਜਲ ਬਿਨੁ ਮੀਨੁ ਮਰਿ ਜਾਈ ॥**(੩੬੮) ਅਤੇ-- **ਨਾਨਕ ਹਰਿ ਬਿਨੁ ਘਰੀ ਨ ਜੀਵਾਂ ਹਰਿ ਕਾ ਨਾਮੁ ਵਡਾਈ ॥**(੧੨੩੨) ਜਿਸ ਗੁਰੂ ਦੇ ਘਰ ਦਾ ਸਿਧਾਂਤ ਇਹ ਸੀ--**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੇ ਜੁਗਤਿ ॥ ਹਸੰਦਿਆਂ, ਖੇਲੰਦਿਆਂ, ਪੈਨੰ੍ਦਿਆਂ, ਖਵੰਦਿਆਂ ਵਿਚੇ ਹੋਵੈ ਮੁਕਤਿ ॥** (੫੨੨) ਕੀ ਉਸੇ ਮਹਾਨ ਗੁਰੂ ਨਾਨਕ ਦਾ ਨੌਵਾਂ ਸਰੂਪ, ਪੁੱਤਰ ਦੀ ਪ੍ਰਾਪਤੀ ਵਾਸਤੇ ਪ੍ਰਭੂ ਦੀ ਅਰਾਧਨਾ ਦਾ ਗੁਰਮਤਿ ਵਾਲਾ ਸਿਧਾਂਤ ਛੱਡ ਕੇ, ਪਰਵਾਰ ਸਮੇਤ ਕਿਤੇ ਜਾ ਕੇ ਕਈ ਤਰੀਕਿਆਂ ਨਾਲ ਜੋਗ ਸਾਧਨਾ ਕਰਦੇ ਰਹੇ ਸਨ ? ਤੀਸਰੀ ਸਤਰ--**ਤਾਤ ਮਾਤ ਮੁਰ ਕਰੀ ਅਰਾਧਾ । ਬਹੁ ਬਿਧਿ ਜੋਗ ਸਾਧਨਾ ਸਾਧਾ**--ਕਲਗ਼ੀਧਰ ਜੀ ਦੀ ਕਲਮ ਕਦੇ ਨਹੀਂ ਸੀ ਲਿਖ ਸਕਦੀ। ਅਜੇਹੀ ਵੇਦ-ਬਾਣੀ ਅਥਵਾ ਪੁਰਾਣਕ ਬੋਲੀ ਉਹੀ ਲਿਖੇ ਜਿਹੜਾ ਸਿਖ ਨੂੰ ਮੰਦਰਾਂ ਵਿਚ ਟੱਲ ਖੜਕਾਉਂਦਾ ਵੇਖਣ ਲਈ ਬੜਾ ਅਧੀਰ ਹੋ ਰਿਹਾ ਹੋਵੇ ?

ਅੱਗੇ ਚੌਥੀ ਚੌਪਈ ਤੋਂ ਪੂਰੀ ਤਰ੍ਹਾਂ ਸਾਫ਼ ਹੋ ਜਾਂਦਾ ਹੈ ਕਿ ਸਤਿਗੁਰਾਂ ਦੇ ਮਾਤਾ ਪਿਤਾ ਨੇ ਵੀ ਜਦ ਕਈ ਤਰ੍ਹਾਂ ਦੇ ਯੋਗ ਸਾਧਨਾਂ ਨਾਲ ਪ੍ਰਭੂ ਨੂੰ ਖੁਸ਼ ਕਰ ਲਿਆ ਤਾਂ :--

**ਤਿਨ ਜੋ ਕਰੀ ਅਲਖ ਕੀ ਸੇਵਾ ॥ ਤਾਤੇ ਭਏ ਪ੍ਰਸੰਨ ਗੁਰਦੇਵਾ ॥**
**ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥ ਤਬ ਹਮ ਜਨਮ ਕਲੂ ਮਹਿ ਲੀਆ ॥ ੪ ॥**

**ਅਰਥ:**--ਉਨ੍ਹਾਂ (ਮੇਰੇ ਮਾਤਾ ਪਿਤਾ) ਨੇ ਜੋ ਕਰਤਾਰ ਦੀ ਅਰਾਧਨਾ ਕੀਤੀ ਸੀ, ਇਸ ਲਈ (ਗੁਰਦੇਵਾ) ਮਹਾਨ ਦੇਵ (ਵਾਹਿਗੁਰੂ) ਪ੍ਰਸੰਨ ਹੋਏ । ਉਸ ਪ੍ਰਭੂ ਨੇ ਜਦੋਂ ਮੈਨੂੰ ਆਗਯਾ ਦਿੱਤੀ, ਤਦੋਂ ਅਸਾਂ ਨੇ ਕਲਜੁਗ ਵਿਚ ਆ ਕੇ ਜਨਮ ਲਿਆ । ੪ ।

[ਨੋਟ--**ਜਨਮ ਕਲੂ ਮਹਿ ਲੀਆ**-- ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਤਪੱਸਿਆ ਕਲਜੁਗ ਤੋਂ ਪਹਿਲੇ ਸਮਿਆਂ ਵਿਚ ਹੋ ਰਹੀ ਸੀ। ਸ਼ਾਇਦ ਪੰਡ ਰਾਜ (ਪਾਂਡੋ ਭਾਈ) ਵੀ ਸਤਿਗੁਰਾਂ ਨੂੰ ਮਿਲੇ ਹੀ ਹੋਣ--ਇਹ ਸ਼ੋਸ਼ਾ ਵੀ ਕਦੇ ਚਲ ਹੀ ਤੁਰਨਾ ਹੈ ?

ਦਸ਼ਮੇਸ਼ ਜੀ ਦਾ ਸੰਬੰਧ ਪਹਿਲੇ ਨੌਂ ਗੁਰੂ ਸਾਹਿਬਾਨ ਜੋਤਿ (-ਗਿਆਨ) ਨਾਲੋਂ ਪੂਰੀ ਤਰ੍ਹਾਂ ਅੱਡ ਕਰ ਦਿੱਤਾ ਜਾਣ ਵਿਚ ਕੀ ਅਜੇ ਵੀ ਕੋਈ ਸ਼ੱਕ ਰਹਿ ਜਾਂਦਾ ਹੈ ? ਸਪੱਸ਼ਟ ਹੈ ਕਿ ਦਸ਼ਮੇਸ਼ ਜੀ ਦੇ ਮਾਤਾ ਪਿਤਾ ਦਾ ਤਪਸਿਆ ਕਰਨ ਦਾ ਮਨੋਰਥ ਸੀ, ਕਿ ਉਨ੍ਹਾਂ ਦੇ ਘਰ ਅਜੇਹਾ ਬਾਲਕ ਪੈਦਾ ਹੋਵੇ ਜੋ ਘੋਰ ਤਪੱਸਿਆ ਕਰਕੇ ਪ੍ਰਭੂ ਦਾ ਰੂਪ ਬਣ ਕੇ ਰੱਬੀ ਬਰਕਤਾਂ ਵਾਲਾ, ਅਜਿਤ ਸੂਰਮਾਂ ਬਣ ਚੁੱਕਾ ਹੋਵੇ । ਚੌਪਈ ਦੀ ਆਖ਼ਰੀ ਸਤਰ ਤੋਂ ਪਹਿਲੀ--**ਚਿਤ ਨ ਭਯੋ ਹਮਰੋ ਆਵਨ ਕਹਿ । ਚੁਭੀ ਰਹੀ ਸੁਰਤਿ ਪ੍ਰਭੁ ਚਰਨਨ ਮਹਿ**--

ਕੀ ਦਸ਼ਮੇਸ਼ ਜੀ ਨੇ ਭਾਰਤ-ਦੇਸ਼ ਦੇ **ਬਰਫ਼ਾਨੀ ਪਹਾੜਾਂ** ਤੋਂ, ਭਾਰਤ ਦੇਸ਼ ਦੇ ਹੀ, **ਮੈਦਾਨੀ** ਇਲਾਕੇ ਵਿਚ ਆਉਣ ਨੂੰ ਬੜੀ ਭੈੜੀ ਗੱਲ ਸਮਝੀ ਹੋਵੇਗੀ ? ਕੀ, ਉਨ੍ਹਾਂ ਦੀ ਸੁਰਤ ਪ੍ਰਭੂ-ਚਰਨਾਂ ਵਿਚ ਸਿਰਫ਼ ਉਸ ਲੋਹੜੇ ਦੀ ਠੰਡ ਵਾਲੇ ਬਰਫ਼-ਕੁੰਡ ਵਿਚ ਹੀ ਜੁੜ ਸਕਦੀ ਸੀ ਜਿਥੇ ਸਾਹ ਵੀ (ਆਕਸੀਜਨ ਵੀ ਘਟ ਕਾਰਨ) ਸੌਖਾ ਨਹੀਂ ਲਿਆ ਜਾਂਦਾ ? ਕੀ, ਕਿਸੇ ਖ਼ਾਸ ਢੰਗ ਜਾਂ ਖ਼ਾਸ ਥਾਂ ਤੇ ਸੁਰਤ ਜੁੜਨ ਵਾਲੀ ਗੱਲ ਉਸੇ ਗੁਰੂ ਨਾਨਕ ਜੀ

ਦੇ ਦਸਵੇਂ ਸਰੂਪ ਨੇ ਲਿਖੀ ਹੋਵੇਗੀ ਜਿਨ੍ਹਾਂ ਦੇ ਇਹ ਫ਼ੁਰਮਾਨ ਹਨ, ਕਿ ਦੁਨੀਆਂ ਦੇ ਕਾਰ ਵਿਹਾਰ ਕਰਦੇ ਫਿਰਦਿਆਂ ਪ੍ਰਭੂ ਦੀ ਯਾਦ ਵਿਚ ਸੁਰਤਿ ਜੋੜੀ ਰਖਣੀ ਹੀ ਸਚੀ ਭਗਤੀ ਅਤੇ ਸੱਚਾ ਸਿਮਰਨ ਹੈ :--

੪੭- **ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ ॥**
**ਬਾਹਰਿ ਸੂਤੁ ਸਗਲ ਸਿਉ ਮਉਲਾ ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥ ੧ ॥ ਰਹਾਉ ॥**
**ਮੁਖ ਕੀ ਬਾਤ ਸਗਲ ਸਿਉ ਕਰਤਾ ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥ ੨ ॥**[੩੮੪]-੫੪-

੪੮- **ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ ॥**
**ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲਿ ॥੨੧ ॥** [੧੪੨੩]

੪੯- **ਨਾਮਾ ਕਹੈ ਤਿਲੋਚਨਾ, ਮੁਖ ਤੇ ਰਾਮੁ ਸੰਮਾਲਿ ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥ ੨੧੩॥**[੧੩੭੫]

੫੦- **ਆਨੀਲੇ ਕਾਗਦੁ ਕਾਟੀਲੇ ਗੂਡੀ, ਆਕਾਸ ਮਧੇ ਭਰਮੀਅਲੇ ॥**
**ਪੰਚ ਜਨਾ ਸਿਉ ਬਾਤ ਬਤਊਆ, ਚੀਤੁ ਸੁ ਡੋਰੀ ਰਾਖੀਅਲੇ ॥ ੧ ॥**
**ਮਨੁ ਰਾਮ ਨਾਮਾ ਬੇਧੀਅਲੇ ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥ ੧ ॥ ਰਹਾਉ*॥** [੯੭੨]-੧

*[**Fott note:--**ਅਸਲ ਸਿਮਰਨ ਏਹੀ ਹੈ ਜੋ ਉਪ੍ਰੋਕਤ ਗੁਰੂ ਸ਼ਬਦਾਂ ਵਿਚ ਸਮਝਾਈ ਹੋਈ ਹੈ। ਅਸਲ ਸਿਮਰਨ, ਅਸਲ ਭਗਤੀ, ਗੁਰਮਤਿ ਗਿਆਨ ਦਾ ਨਿਚੋੜ ਇਹੀ ਅਵਸਥਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਨੂੰ ਆਖ਼ਰ ਇਸ ਅਵਸਥਾ ਵਿਚ ਵਿਚਰਦਾ ਵੇਖਣਾ ਚਹੁੰਦੀ ਹੈ । ਸਾਰੇ ਜਪ, ਜਾਪ, ਪਾਠ, ਪੂਜਾ, ਇਸੇ ਅਵਸਥਾ ਦੀ ਪ੍ਰਾਪਤੀ ਲਈ ਤਰਲੇ ਹਨ, ਇਸ ਅਵਸਥਾ ਦੀ ਪ੍ਰਾਪਤੀ ਲਈ ਸਾਧਨਾ, ਅਥਵਾ ਘਾਲਣਾ ਕੀਤੀ ਜਾਣੀ ਗਰਮਤਿ ਹੈ, ਪਰ ਕਿਸੇ ਸਰੀਰਕ ਜਪ-ਤਪ ਦੁਆਰਾ ਪ੍ਰਭੂ ਦੀ ਪ੍ਰਾਪਤੀ ਦੀ ਗੱਲ ਬਿੱਪ੍ਰਨ ਕੀ ਰੀਤ ਹੇ, ਠੱਗਾ ਦਾ ਤਣਿਆਂ ਭਰਮ-ਜਾਲ ਹੈ । ਮਨੁੱਖਾ ਜਨਮ ਦਾ ਟੀਚਾ ਉਹੀ ਹੈ ਜੋ ਉਪ੍ਰੋਕਤ ਗੁਰੂ ਫ਼ੁਰਮਾਨਾਂ ਦੁਆਰਾ ਦ੍ਰਿੜ ਕਰਾਇਆ ਜਾਣ ਦਾ ਯਤਨ ਕੀਤਾ ਹੈ ]

ਦਸਮ ਗੁਰੂ ਨਾਨਕ ਜੀ ਸਮਾਧੀਆਂ ਲਾ ਕੇ ਬਰਫ਼ਾਂ ਬਿਚ ਬੈਠਨ ਵਾਲਾ ਤਪ ਦਾ ਸੰਕਲਪ ਸੰਸਾਰ ਨੂੰ ਕਿਸੇ ਹਾਲਤ ਵਿਚ ਵੀ ਨਹੀਂ ਸਨ ਦੇ ਸਕਦੇ। ਅਜੇਹੇ ਗੁਰਮਤਿ ਵਿਰੋਧੀ ਅਤੇ ਮਨੁੱਖਾ ਸਰੀਰ ਦੀ ਅਰੋਗਤਾ ਲਈ ਹਾਨੀ ਕਾਰਕ ਗੱਲ ਕਿਉਂ ਲਿਖਦੇ ? ਬਰਫਾਂ ਵਿਚ ਬੈਠਿ ਰੱਬ ਨਾਲ ਸੁਰਤ ਜੁੜਨ ਵਾਲੀ ਗੱਲ ਕੁਦਰਤ ਦੇ ਨਿਯਮਾਂ ਦੇ ਅਨਕੂਲ ਨਹੀਂ ਹੈ । ਅਜੇਹੀ ਅਣਹੋਣੀ ਗੱਲ ਕੇਵਲ ਉਸੇ ਬ੍ਰਾਹਮਣ ਦੇ ਦਿਮਾਗ਼ ਦੀ ਕਾਢ ਹੈ ਜਿਸ ਨੇ ਪਹਿਲਾਂ ਮਿਥਿਹਾਸਕ ਕਹਾਣੀ ਦੇ (ਅਣਹੋਏ) ਪਾਂਡੋਂ ਭਰਵਾਂ ਨੂੰ ਪਹਾੜੀ ਚਾੜ੍ਹ ਕੇ --<u>ਪੰਡ ਰਾਜ ਜਹ ਜੋਗ ਕਮਾਵਾ</u> " ਕੋਰਾ ਝੂਠ ਲਿਖ ਸਕਣ ਦਾ ਰਾਹ ਬਣਾ ਲਿਆ ਹੋਇਆ ਸੀ ।

ਗੁਰਦੇਵ ਜੀ ਦੀ ਕਲਮ ਨਾਲ ਮੜ੍ਹੀ ਹੋਈ ਉਨ੍ਹਾਂ ਦੀ ਆਪਣੀ ਕਥਾ ਵਾਲੀ ਪਹਿਲੀ ਚੋਪਈ ਦੀ ਪੰਜਵੀ ਤੁਕ ਇਉਂ ਹੈ--

**ਜਿਉ ਤਿਉ ਪ੍ਰਭੁ ਹਮ ਕੋ ਸਮਝਾਇਯੋ ॥ ਇਹ ਕਹਿ ਕੇ ਇਹ ਲੋਕ ਪਠਾਯੋ । ੫ ।*>>>>>**

[* **Foot note**:--ਅੰਧ ਵਿਸ਼ਵਾਸ਼ੀ ਗੁਰ ਸਿੱਖਾਂ ਦੀ ਗਿਆਨ ਹੀਣ ਅੰਨ੍ਹੀ ਸ਼ਰਧਾ ਨੂੰ ਵਰਤ ਕੇ ਅਜੇਹੇ ਪਖੰਡੀ ਭੇਖੀ ਦੇ ਦਰਸ਼ਨ ਵੀ ਹੋ ਜਾਂਦੇ ਹਨ ਜੋ ਇਹ ਕਹਿਦੇ ਸੁਣੇ ਹਨ ਕਿ ਹੇਮ ਕੁੰਡ ਤੇ ਬੈਠ ਕੇ ਤਪੱਸਿਆ ਵਿਚ ਲੀਨ ਹੋਏ ਦਸਮੇਸ਼ ਜੀ, ਅਸਲ ਵਿਚ ਤਲਵੰਡੀ ਵਾਲੇ ਗੁਰੂ ਨਾਨਕ ਦੇਵ ਜੀ ਆਪ ਹੀ ਸਨ -- ਇਸ ਪ੍ਰਥਾਇ ਦਾਸ ਦੀ **ਹੱਡ ਬੀਤੀ** ਵਾਰਾਤ ਇਸ ਪ੍ਰਕਾਰ ਹੈ:--ਇੱਕ ਦਿਨ ਪਤਾ ਲੱਗਾ ਕਿ ਗੁਰੂ ਘਰ ਵਿਖੇ ਇੱਕ ਬੜੇ ਕਮਾਈ ਵਾਲੇ ਵਿਦਵਾਨ ਮਹਾਂਪੁਰਖ ਆਏ ਹਨ । ਕਿਸੇ ਕਾਰਨ ਦਾਸ ਉਨ੍ਹਾਂ ਦੀ ਕਥਾ ਸਮੇ ਹਾਜ਼ਰ ਨਾ ਹੋ ਸਕਿਆ ਪਰ ਦਰਸ਼ਨ ਕਰ ਸਕਣ ਦਾ ਸੁਭਾਗ ਪ੍ਰਾਪਤ ਹੋ ਗਿਆ । ੧੫/੨੦ ਹੋਰ ਸ਼ਰਧਾਲੂਆਂ ਵਿੱਚ ਭਾਈ ਬੰਤਾ ਸ਼ਿੰਘ ਵੀ ਬੈਠਾ ਸੀ । ਉਸ ਨੇ ਬਚਿਤ੍ਰ ਨਾਟਕ ਬਾਰੇ ਮੇਰੇ ਸ਼ੰਕਿਆਂ ਦੀ ਨਵਿਰਤੀ ਵਾਸਤੇ ਗੱਲ ਚਲਾ ਦਿੱਤੀ । ਸੰਤ ਬਾਣੇ ਵਾਲੇ ਮਹਾਂ ਪੁਰਖਾਂ ਨੇ ਸਿਮਰਨੇ ਨੂੰ ਥੈਲੀ ਵਿੱਚ ਪਾ ਲਿਆ ਅਤੇ ਦਾਸ ਨੂੰ ਉਤਸ਼ਾਹ ਦਿੱਤਾ ਕਿ ਮੈਂ ਖੁੱਲ੍ਹ ਕੇ ਆਪਣਾ ਸ਼ੰਕਾ ਦੱਸਾਂ । ਦਾਸ ਨੇ ਦਸਮ ਗ੍ਰੰਥ ਵਿੱਚ ਲਿਖੀ ਦੇਵੀ ਦੇਵਤਿਆਂ ਦੀ ਉਸਤਤੀ ਵੱਲ ਧਿਆਨ ਦੁਆਇਆ ਤੇ ਉਨ੍ਹਾਂ ਦੀ ਪੂਜਾ ਦਾ ਉਤਸ਼ਾਹ ਮਿਲਣ ਦੀ ਸੰਭਾਵਨਾ ਦੀ ਗੱਲ ਕੀਤੀ ਅਤੇ ਅਸ਼ਲੀਲ ਭਾਸ਼ਾ ਵੱਲ ਵੀ ਇਸ਼ਾਰਾ ਕੀਤਾ । ਮਹਾਂਪੁਰਖਾਂ ਨੇ ਫ਼ੁਰਮਾਇਆ " ਗੁਰਮੁਖੋ ਆਪ ਜੀ ਦਾ ਇਹ ਸ਼ੰਕਾ ਬਿਲਕੁੱਲ ਹੀ ਨਿਰਾਧਾਰ ਹੈ । ਅੱਜ ਤਾਂਈ ਖ਼ਾਲਸਾ ਨਾ ਤਾਂ ਦੇਵੀ ਦੇਵਤਿਆਂ ਦਾ ਉਪਾਸ਼ਕ ਬਣਿਆ ਹੈ ਅਤੇ ਨਾਂ ਹੀ ਮੂਰਤੀ ਪੂਜ ਹੋਇਆ ਹੈ । ਕਲਗੀਆਂ ਵਾਲੇ ਮਿਹਰਾਂ ਕਰਨ ! ਨਾ ਹੀ ਅਜੇਹਾ ਭਾਣਾ ਵਰਤ ਸਕਣ ਦੀ ਕੋਈ ਸੰਭਾਵਨਾ ਹੀ ਹੈ । ਅਸਲ ਗੱਲ ਇਹ ਹੈ ਕਿ ਬ੍ਰਾਹਮਣ ਨੇ ਆਪਣੇ ਗ੍ਰੰਥ ਬੜੀ ਔਖੀ ਭਾਸ਼ਾ ਸੰਸਕ੍ਰਿਤ ਵਿੱਚ ਲਿਖੇ ਸਨ । ਕਿਸੇ ਨੂੰ ਕੁੱਝ ਪਤਾ ਨਹੀਂ ਸੀ ਕਿ ਉਨ੍ਹਾਂ ਵਿੱਚ ਕੀਹ ਲਿਖਿਆ ਹੈ । ਬਾਜਾਂ ਵਾਲੇ ਸਤਿਗੁਰਾਂ ਨੇ, ਆਪਣੇ ਸਿੱਖਾਂ ਨੂੰ ਉਨ੍ਹਾਂ ਗ੍ਰੰਥਾਂ ਦੀਆਂ ਲਿਖਤਾਂ ਦਾ ਗਿਆਨ ਦੇਣ ਵਾਸਤੇ ਇਹ ਸਭ ਕੁੱਝ ਲਿਖਣ ਦੀ ਕਿਰਪਾ ਕੀਤੀ ਸੀ । ਹੋਰ ਇਹ ਦੇਵੀ ਦੇਵਤਿਆਂ ਬਾਰੇ ਜੋ ਲਿਖਿਆ ਹੈ, ਸਤਿਗੁਰਾਂ ਦੇ ਆਪਣੇ ਨਿੱਜੀ ਵਿਚਾਰ ਨਹੀਂ ਹਨ । ਜਿਸ ਭਾਸ਼ਾ ਨੂੰ ਤੁਸੀਂ ਅਸ਼ਲੀਲ ਕਹਿ ਕੇ ਸਤਿਗੁਰਾਂ ਦੇ ਨਾਲ ਜੋੜ ਰਹੇ ਹੋ, ਉਹ ਭਾਸ਼ਾ ਉਨ੍ਹਾਂ ਦੀ ਆਪਣੀ ਨਹੀਂ ਹੈ । ਇਹ ਇੰਨ ਬਿੰਨ ਹਿੰਦੂ ਗ੍ਰੰਥਾਂ ਦਾ ਫ਼ੋਟੋ ਹੈ । ਦਸਮ ਗ੍ਰੰਥ ਦੀ ਕਿਸੇ ਲਿਖਤ ਨੂੰ ਵੀ ਗੁਰਮਤ ਦੇ ਸਿਧਾਂਤ ਨੂੰ ਵਿਗਾੜਨ ਦੀ ਨੀਅਤ ਨਾਲ ਵਰਤਨ ਦੀ ਮੂਰਖਤਾਈ ਕਰਕੇ ਕਿਸੇ ਨੇ ਨਰਕਾਂ ਨੂੰ ਜਾਣਾਂ ਹੈ ? । ਕਿਸੇ ਭ੍ਰਮ ਵਾਲੀ ਸੋਚ ਵਿੱਚ ਨਹੀਂ ਪੈਣਾ ਚਾਹੀਦਾ । ਖ਼ਾਲਸਾ ਤਾਂ ਹੈ ਹੀ ਭ੍ਰਮ ਤੋਂ ਰਹਿਤ । (ਭਾਵ, ਗ੍ਰੰਥ ਵਿਚਲਾ ਉਹ ਅਸ਼ਲੀਲ ਅਤੇ ਸਭਿਅਤਾ-ਹੀਣ ਸਾਹਿਤ ਲਿਖਿਆ ਸਤਗੁਰਾਂ ਹੀ ਸੀ ਪਰ ਖਿਆਲ ਲੋਕਾਂ ਦੇ ਸਨ)

ਕਿਸੇ ਹੋਰ ਸ਼ੰਕੇ ਬਾਰੇ ਵੀ ਜਦ ਮਹਾਤਮਾਂ ਜੀ ਨੇ ਨਾਲ ਹੀ ਪੁੱਛ ਲਿਆ । ਤਾਂ ਦਾਸ ਨੇ ਕਲਗੀ-ਧਰ ਦੀ **ਆਪਣੀ ਕਥਾ ਬਾਰੇ** ਸ਼ੰਕਾ, (ਜੋ ਉਪਰ ਵਿਸਥਾਰ ਨਾਲ ਲਿਖਿਆ ਹੋਇਆ ਹੈ) ਕਹਿ ਦਿੱਤਾ । ਬੜੇ ਠੰਡੇ ਦਿਲ ਨਾਲ ਸੱਭ ਕੁਝ ਸੁਣਿਆ । ਫਿਰ ਮੁਸਕਰਾ ਕੇ ਬੜੀ ਮਿੱਠੀ ਆਵਾਜ਼ ਅਤੇ ਪਿਆਰ ਭਰੇ ਵਤੀਰੇ ਨਾਲ ਉਪਦੇਸ਼ ਦਿੰਦਿਆਂ ਕਥਿਤ ਮਹਾਂਪੁਰਖ ਜੀ ਬੋਲੇ --- " ਖ਼ਾਲਸਾ ਜੀ ਅਸਲ ਵਿੱਚ ਤੁਹਾਡੀ ਸਮਸਿਆ ਇਹ ਹੈ ਕਿ ਆਪ ਜੀ ਨੂੰ ਅਜੇ ਗੁਰੂ ਨਾਨਕ ਦੇਵ ਜੀ ਦੇ ਦਸਾਂ ਸਰੂਪਾਂ ਵਿੱਚ ਭਿੰਨਤਾ ਦਿੱਸ ਰਹੀ ਹੈ । ਅਜੇਹਾ ਵਿਚਾਰ ਲਿਆਉਂਣਾ ਬੜਾ ਮੰਦਭਾਗੀ ਸੋਚ ਹੈ । ਅਸਲ ਵਿੱਚ ਗੁਰੂ ਨਾਨਕ ਦੇਵ ਜੀ ਦੀ ਹੀ ਜੋਤ ਸਾਰੇ ਸਰੂਪਾਂ ਵਿੱਚ ਵਰਤ ਰਹੀ ਸੀ । ਜਦ ਦੀਵੇ ਨਾਲ ਦੀਵਾ ਜਗਣ ਵਾਂਗ ਸ੍ਰੀ ਲਹਿਣਾਂ ਜੀ ਦੇ ਅੰਦਰ ਗੁਰੂ ਨਾਨਕ ਦੀ ਜੋਤ ਦਾ ਪ੍ਰਕਾਸ਼ ਹੋਇਆ ਤਾਂ ਉਹ ਗੁਰੂ ਅੰਗਦ ਬਣ ਗਏ । ਜਦ ਗੁਰੂ ਜੀ ਜੋਤੀ ਜੋਤਿ ਸਮਾਏ ਤਾਂ ਲੋਕਾਂ ਸਮਝ ਲਿਆ ਕਿ ਗੁਰੂ ਨਾਨਕ ਦੇਵ ਜੀ ਸੱਚ ਖੰਡ ਚਲੇ ਗਏ ਹਨ । ਅਸਲ ਵਿੱਚ ਉਹ ਹੇਮ-ਕੁੰਡ ਤੇ ਚਲੇ ਗਏ ਸਨ । ਏਸੇ ਕਰਕੇ ਉਨ੍ਹਾਂ ਦਾ ਸਰੀਰ ਕਿਸੇ ਨੂੰ ਨਹੀਂ ਸੀ ਮਿਲਿਆ । ਉਨ੍ਹਾਂ ਨੇ ਆਪਣੇ ਖ਼ਾਲਸੇ ਨੂੰ ਆਪਣੇ ਹੱਥੀਂ ਅੰਮ੍ਰਿਤ ਛਕਾ ਕੇ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਆਪ ਪੂਰਾ ਰੂਪ ਦੇ ਕੇ ਅਤੇ ਗੁਰਤਾ-ਗੱਦੀ ਦਾ ਤਿਲਕ ਲਾ ਕੇ ਹੀ ਅਕਾਲਪੁਰਖ ਕੋਲ ਸੱਚ ਖੰਡ ਪੁਜਣਾ ਸੀ । ਹੇਮ ਕੁੰਡ ਤੇ ਜਾ ਕੇ ਗੁਰੂ ਨਾਨਕ ਸਚੇ ਪਾਤਸ਼ਾਹ ਤਪ ਕਰਨ ਵਿੱਚ ਮਗਨ ਹੋ ਗਏ । ਸਮਾ ਆਉਣ ਤੇ ਗੋਬਿੰਦ ਰੂਪ ਹੋ ਕੇ ਫਿਰ ਆਪ ਹੀ ਪ੍ਰਗਟ ਹੋਏ ਸਨ । ਪਹਿਲੇ ਸਰੂਪ ਸਮੇਂ ਜਦੋਂ ਉਹ ਸੁਲਤਾਨ ਪੁਰ ਲੋਧੀ ਸਨ ਉਦੋਂ ਇੱਕ ਦਿਨ ਜਦ ਉਹ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਵੜੇ ਸਨ ਤਾਂ ਈਸ਼ਵਰ ਦੇ ਦੂਤ ਉਨ੍ਹਾਂ ਨੂੰ ਪ੍ਰਭੂ ਦੀ ਹਜ਼ੂਰੀ ਵਿੱਚ ਲੈ ਗਏ ਸਨ । ਉਥੇ ਜੋ ਵਾਰਤਾਲਾਪ ਹੋਈ ਸੀ ਓਸੇ ਦਾ ਹੀ ਵਿਸਥਾਰ ਪੂਰਬਕ ਵਰਣਨ ਬਿਚਿਤ੍ਰਨਾਟਕ ਵਿੱਚ ਕੀਤਾ ਹੈ । ਇਸ ਕਾਰਨ ਗੋਬਿੰਦ ਰੂਪ ਵਾਲੇ ਗੁਰੂ ਨਾਨਕ ਜੀ ਧੁਰੋਂ ਹੀ ਥਾਪੇ ਹੋਏ ਅਵਤਾਰ ਸਨ । ਤਦੇ ਹੀ ਉਨ੍ਹਾਂ ਦੀ ਬਾਲ ਲੀਲ੍ਹਾ ਨਿਆਰੀ ਹੈ" । ਏਨਾਂ ਸੁਣਦਿਆਂ ਹੀ ਬੈਠੀ ਸੰਗਤ ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ ਕਰਨ ਲੱਗ ਪਈ । ਅਸਾਂ ਓਥੋਂ ਖਿਸਕ ਆਉਣ ਵਿਚ ਹੀ ਭਲਾਈ ਮੰਨ ਲਈ । ]

<<<<(ਭਾਵ, ਜਦੋਂ ਬਰਫਾਂ ਵਿਚ ਬੈਠਿਆਂ ਘੋਰ ਤਪੱਸਿਆ ਨਾਲ ਦੋ ਤੋਂ ਇੱਕ ਰੂਪ ਹੋ ਗਏ ਤਦੋਂ ਅਕਾਲ ਪੁਰਖ ਜੀ ਨੂੰ ਵੀ ਤਪੱਸਵੀ ਜੀ ਦਾ ਖਿਆਲ ਆਇਆ ਤੇ) ਜਿਉਂ ਤਿਉਂ ਕਰਕੇ ਕਲਗ਼ੀਧਰ ਜੀ (ਉਸ ਸਮੇਂ ਦੇ ਦੁਸ਼ਟ ਦਮਨ ਜੀ) ਨੂੰ ਸਮਾਝਾਇਆ ਅਤੇ ਹਮਾਲੀਆਂ ਵਾਲੇ (ਕਿਸੇ ਅੱਡਰੇ ?) ਲੋਕ ਤੋਂ (ਪਟਨਾਂ ਸਾਹਿਬ ਵਾਲੇ) ਇਸ ਲੋਕ ਵਿਚ ਭੇਜਿਆ। [ ਕਿਡੇ ਹਨੇਰ ਦੀ ਗੱਲ ਹੈ ਕਿ ਅਸਾਂ ਸਾਰਿਆਂ ਨੇ ਇਹ ਵਿਚਾਰ ਕਰਨੀ ਵੀ ਵਾਧੂ ਮੰਨ ਲਈ ਹੈ ਕਿ ਕਲਗ਼ੀ ਧਰ ਜੀ ਕਿਸੇ ਦੂਜੇ " ਉਸ ਲੋਕ " ਤੋਂ " ਇਸ ਲੋਕ ' ਨਹੀਂ ਸਨ ਭੇਜੇ ਗਏ, ਉਹ ਤਾਂ ਕੇਵਲ U.P. ਦਿਆਂ ਪਹਾੜਾਂ ਦੀ ਦੁਖਦਾਈ ਠੰਢ ਵਾਲੇ ਬਰਫ਼ਾਨੀ ਥਾਂ ਤੋਂ ਬਿਹਾਰ ਪ੍ਰਾਂਤ ਦੇ ਘੁੱਗ ਵੱਸਦੇ ਸ਼ਹਿਰ (ਪੱਟਨਾ ਸਾਹਿਬ) ਵਿਚ ਹੀ ਪਧਾਰੇ ਸਨ ] ਕੀ, ਹੇਮ ਕੁੰਡ ਨੂੰ ਜਾਣ ਵਾਲੇ ਅੰਧ ਵਿਸ਼ਵਾਸ਼ੀ ਯਾਤਰੀ ਆਪਣੇ ਆਪ ਨੂੰ ਕਿਸੇ ਦੂਜੇ ਲੋਕ ਵਿਚ ਪੁਜਿਆ ਸਮਝ ਲੈਂਦੇ ਹਨ ? ਮਨੁੱਖਤਾ ਦੇ ਸੱਚੇ ਹਿਤੈਸ਼ੀ, ਹੇ ਸਤਿਗੁਰੂ ਨਾਨਕ ਸਾਹਿਬ ਜੀਓ! ਅਸੀਂ ਅਗਿਆਨੀ ਭੁਲੜ ਤੈਥੋਂ ਵਿਛੁੜ ਕੇ ਕੁਰਾਹੇ ਪੈ ਗਏ ਹਾਂ। ਸਾਨੂੰ ਆਪਣੇ ਚਰਣੀ ਲਾ ਕੇ ਤੱਤ ਗਿਆਨ ਦੀ ਬਖ਼ਸ਼ਸ਼ ਕਰੋ।

## ੨੧

# ਅਕਾਲ ਪੁਰਖ ਨਾਲ ਹੋਈ ਗੱਲ ਬਾਤ?

**<u>ਆਪਣੀ ਕਥਾ</u>** ਦੀ ਛੇਵੀਂ ਚੌਪਈ ਤੋਂ " **ਅਕਾਲ ਪੁਰਖ ਬਾਚ** " ਅਰੰਭ ਹੁੰਦਾ ਹੈ :--

**ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ ।**

**(ਅਰਥਾਤ ਅਕਾਲਪੁਰਖ ਦਾ ਬਚਨ ਇਸ ਕੀੜੇ ਤਾਂਈਂ)**

**ਜਬ ਪਹਿਲੇ ਹਮ ਸ੍ਰਿਸਟ ਬਨਾਈ ॥ ਦੱਈਤ[1] ਰਚੇ ਦੁਸਟ ਦੁਖ ਦਾਈ ॥** ੧--ਦੈਂਤ । ੨--ਬਹੂ ਬਲ,ਸਰੀਰਕ ਸ਼ਕਤੀ ।
**ਤੇ ਭੁਜ ਬਲ[2] ਬਵਰੇ[3] ਹ੍ਵੈ ਗਏ ॥ ਪੂਜਤ ਕਰਮ ਪੁਰਖ ਰਹਿ ਗਏ ॥ ੬॥** ੩--ਕਮਲੇ, ਬੇ-ਅਕਲ । ੪--ਕ੍ਰੋਧ ਵਾਨ ਹੋ ਕੇ ।
**ਤੇ ਹਮ ਤਮਕਿ[4] ਤਨਿਕ[5] ਮੋ ਖਾਪ[6] ॥ ਤਿਨ ਕੀ ਠਉਰ ਦੇਵਤੇ ਥਾਪੇ ॥** ੫--ਝੱਟ ਪੱਟ, ਥੁਹੜੇ ਸਮੇ ਵਿਚ ਹੀ। ੬--ਖਪਾ ਦਿਤੇ ।
**ਤੇ ਭੀ, ਬਲ ਪੂਜਾ ਉਰਝਾਏ ॥ ਆਪਨ ਹੀ ਪਰਮੇਸੁਰ ਕਹਾਏ ॥ ੭ ॥**
**ਮਹਾਦੇਵ[7] ਅਚੁਤ[8] ਕਹਵਾਯੋ ॥ ਬਿਸਨ ਆਪ ਹੀ ਕੋ ਠਹਰਾਯੋ ॥** ੭--ਸ਼ਿਵਜੀ । ੮--ਅਡਿੱਗ, ਅਮਰ
**ਬ੍ਰਹਮਾ ਆ ਪਾਰਬ੍ਰਹਮ ਬਖਾਨਾ ॥ ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ॥ ੮ ।**

(ਨੋਟ--**ਅਕਾਲ ਪੁਰਖ ਬਾਚ**--ਸਿਰਲੇਖ ਸਾਬਤ ਕਰਦਾ ਹੈ ਕਿ ਇਹ ਅਗਲੀ ਗੱਲ ਵੀ ਪਰਮਾਤਮਾ ਆਪ ਹੀ ਕਰ ਰਿਹਾ ਹੈ )

**ਅਰਥ**:-ਜਦੋਂ ਮੈਂ ਸ੍ਰਿਸ਼ਟੀ ਬਣਾਈ ਤਾਂ ਪਹਿਲਾਂ ਮੈ ਬੜੇ ਦੁਖਦਾਈ ਦੈਂਤ ਰਚੇ (ਭਾਵ, ਦੈਤ ਰਚਨ ਦੀ ਭੁਲ ਕਰ ਬੈਠਾ) ਉਹ ਤਾਂ ਆਪਣੇ ਹੀ ਬਾਹੂ-ਬਲ ਦੇ ਹੰਕਾਰ ਦੇ ਕਾਰਨ ਪਾਗ਼ਲ ਹੋ ਗਏ । ਮੈਨੂੰ (ਪ੍ਰਭੂ ਨੂੰ) ਪੂਜਣਾ ਹੀ ਭੁੱਲ ਗਏ । ਉਨ੍ਹਾਂ ਦੀ ਇਸ ਮੂਰਖਤਾਈ ਤੇ ਮੈਨੂੰ (ਪ੍ਰਭੂ ਨੂੰ) **ਕ੍ਰੋਧ ਆ ਗਿ**ਆ ਤੇ ਮੈ ਉਨ੍ਹਾਂ ਸਾਰਿਆਂ ਨੂੰ **ਝੱਟ ਹੀ ਮਾਰ ਖਪਾਇ**ਆ। ਉਨ੍ਹਾਂ ਦੀ ਥਾਂ ਫਿਰ ਮੈਂ ਦੇਵਤੇ ਬਣਾਏ । ਉਹ ਵੀ ਸ਼ਕਤੀਆਂ ਦੀ ਪੂਜਾ ਵਿਚ ਰੁਝ ਗਏ । ਆਪਣੇ ਆਪ ਨੂੰ ਹੀ ਪਰਮੇਸ਼ਰ ਕਹਾਉਣ ਲੱਗ ਪਏ । ਸ਼ਿਵ ਆਪਣੇ ਆਪ ਨੂੰ ਹੀ ਅਮਰ ਅਤੇ ਅਜਿਤ ਅਖਵਾਉਣ ਲੱਗ ਪਿਆ । ਵਿਸ਼ਨੂੰ ਬਣਾਇਆ ਤਾਂ ਉਹ ਆਪ ਹੀ ਕਰਤਾ ਧਰਤਾ ਅਤੇ ਸਭ ਕੁਝ ਆਪ ਹੀ ਬਣ ਬੈਠਾ । ਜੇ ਮੈਂ ਬ੍ਰਹਮਾ ਭੇਜਿਆ ਤਾਂ ਉਹ ਵੀ ਆਪ ਹੀ ਪਾਰਬ੍ਰਹਮ ਪਰਮਾਤਮਾ ਬਣ ਬੈਠਾ । ' **ਪ੍ਰਭੂ ਨੂੰ** ' ਕਿਸੇ ਨਾ ਪਛਾਣਿਆ । ੮ । [ਜਦ ਬਚਨ ਅਕਾਲਪੁਰਖ ਦਾ ਸੀ ਤਾਂ ' ਪ੍ਰਭੂ ਨੂੰ ' ਲਿਖਣ ਦੇ ਥਾਂ ਮੈਨੂੰ ਲਿਖਣਾ ਬਣਦਾ ਸੀ]

ਅਕਾਲ ਪੁਰਖ ਜੀ ਦੇ ਇਸ ਬਾਚ (ਬਚਨ) ਤੋਂ ਇਉਂ ਮਲੂਮ ਹੁੰਦਾ ਹੈ, ਜਿਵੇਂ ਉਹ ਦਸ਼ਮੇਸ਼ ਜੀ ਦੇ ਅੱਗੇ ਫ਼ਰਿਆਦਾਂ ਕਰਦੇ ਹੋਏ ਆਪਣੀਆਂ ਭੁੱਲਾਂ ਦਾ ਪਛਤਾਵਾ ਕਰ ਰਹੇ ਹਨ। ਅਤੇ ਨਾਲ ਹੀ ਆਪਣੇ ਕ੍ਰੋਧਵਾਨ ਹੋਣ ਦਾ ਤੇ ਅਗਲੇ ਦਾ ਸਰਬਨਾਸ ਕਰਨ ਦਾ ਹਾਲ ਦੱਸ ਕੇ ਡਰ ਵੀ ਪਾ ਰਹੇ ਹਨ । ਫਿਰ ਨਾਲ ਹੀ ਆਪਣੀ ਪੂਜਾ ਕਰਾਉਣ ਦੀ ਭੁੱਖ ਦੱਸੀ ਜਾ ਰਹੀ ਹੈ । ਆਪਣੀ ਪੂਜਾ ਕਵਾਉਣ ਦਾ ਭੁੱਖਾ ਅਜੇਹਾ ਭਗਵਾਨ ਕੇਵਲ ਬ੍ਰਾਹਮਣ ਦਾ ਹੀ ਹੋ ਸਕਦਾ ਹੈ । ਬ੍ਰਾਹਮਣ ਨੇ ਆਪਣੇ ਸਾਰੇ ਭਗਵਾਨ ਆਪਣੀ ਉਸਤਤਿ ਅਥਵਾ ਵਡਿਆਈ ਸੁਣ ਕੇ ਫੂਲ ਕੇ ਕੁੱਪਾ ਹੁੰਦੇ ਤੇ ਮੂੰਹ ਮੰਗੇ ਵਰ ਦੇਣ ਲਈ ਤਿਆਰ ਬਰ ਤਿਆਰ ਦਰਸਾਏ ਹਨ। ਅਤੇ ਲਗ-ਪਗ ਸਾਰੇ ਭਗਵਾਨ ਮਾਮੂਲੀ ਗੱਲ ਤੋਂ ਕ੍ਰੋਧਵਾਨ ਹੋਏ ਅਤੇ ਬੇਕਸੂਰ ਨਿਤਾਣਿਆਂ ਦੀਆਂ ਕੁਲਾਂ ਦਾ ਨਾਸ ਕਰਦੇ ਵੀ ਬ੍ਰਾਹਮਣ ਨੇ ਆਪ ਹੀ ਦਰਸਾਏ ਹਨ ।

ਗੁਰੂ ਨਾਨਕ ਜੀ ਦਾ ਕਰਤਾਰ ਤਾਂ ਹੈ ਹੀ ਗਹਿਰ ਗੰਭੀਰ, ਸ਼ਾਂਤ, ਅਤੇ ਕਦੇ ਵੀ ਕੋਈ ਭੁੱਲ ਨਾ ਕਰਨ ਵਾਲਾ, ਮਾਤਾ ਪਿਤਾ ਨਾਲੋਂ ਵੱਧ ਮਿੱਠਾ ਅਤੇ ਨਿੱਘਾ ਸਨੇਹ ਕਰਨ ਵਾਲਾ ਹੈ। ਗੁਰੂ ਨਾਨਕ ਜੀ ਦੇ ਰੱਬ ਦੀ ਭਾਸਾ ਸਿਵਾਏ ਪਿਆਰ ਦੇ ਹੋਰ ਹੈ ਹੀ ਨਹੀਂ--**ਭਾਖਿਆ ਭਾਉ ਅਪਾਰ**--ਜਪ । ਜਿਹੜਾ ਕੌੜਾ ਬੋਲਣਾ ਜਾਣਦਾ ਹੀ ਨਹੀਂ--**ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ**---॥[੭੮੪]-੧ ਜਿਹੜਾ ਦਇਆ ਦਾ ਘਰ ਹੈ ਅਤੇ ਜ਼ਾਲਮਾਂ-ਮਜ਼ਲੂਮਾਂ, ਭਗਤਾਂ-ਨਾਸਤਕਾਂ, ਸੱਭ ਨੂੰ ਦਾਤਾਂ ਦੇਈ ਜਾ ਰਿਹਾ ਹੈ--**ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ**---ਜਿਸ ਦੀਆਂ ਦਾਤਾਂ ਲੈਣ ਵਾਲੇ ਆਪ ਹੀ ਥੱਕ ਟੁਟ ਰਹੇ ਹਨ ਪਰ ਉਸ ਦੇ ਦਾਤ ਕਰਨ ਵਿਚ ਨਾ ਫਰਕ ਪੈਂਦਾ ਹੈ ਨਾ ਕੋਈ ਢਿਲ ਆਉਂਦੀ ਹੈ--**ਦੇਦਾ ਦੇਹ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥ ...੩ ॥** ਉਸ ਦਇਆਲੂ ਵਿਧਾਤਾ ਨੂੰ ਆਪਣੀ ਵਡਿਆਈ ਕਰਾਉਣ ਦੀ ਜ਼ਰਾ ਵੀ ਭੁੱਖ ਨਹੀਂ ਹੈ। ਸੋ ਅਜੇਹੀ ਕਵਿਤਾ ਉਸੇ ਬ੍ਰਾਹਮਣ ਨੇ ਲਿਖੀ ਹੈ ਜਿਹੜਾ ਗੁਰੂ ਦੇ ਸਿੱਖ ਨੂੰ ਦੇਵੀ ਦੇਵਤਿਆਂ ਅਤੇ ਭਗਵਾਨਾ ਵਾਲੇ ਮਿਥਿਹਾਸਕ--ਭਰਮ ਵਿਚ ਫ਼ਸਾ ਕੇ ਮੰਦਰਾਂ ਵਿਚ ਪਈਆਂ ਮੂਰਤੀਆਂ ਦਾ ਪੁਜਾਰੀ ਬਣਾ ਲੈਣਾ ਚਾਹੁੰਦਾ ਹੈ ।

**ਤਬ ਸਾਖੀ* ਪ੍ਰਭ ਅਸਟ ਬਨਾਏ ॥ ਸਾਖ ਨਮਿਤ ਦੇਬੇ ਠਹਿਰਾਏ ॥**
**ਤੇ ਕਹੈ ਕਰੋ ਹਮਾਰੀ ਪੂਜਾ ॥ ਹਮ ਬਿਨ ਅਵਰੁ ਨ ਠਾਕੁਰੁ ਦੂਜਾ ॥ ੯ ।**

**ਅਰਥ**:--ਫਿਰ ਮੈ (ਪ੍ਰਭੂ ਨੇ) ਅੱਠ ਸਾਖੀ ਬਨਾਏ ਅਤੇ ਉਨ੍ਹਾਂ ਨੂੰ ਜੀਵਾਂ ਦੇ ਕੀਤੇ ਕਰਮਾਂ ਦੀ (ਸਾਖੀ) ਗਵਾਹੀ ਦੇਣ ਦੇ ਵਾਸਤੇ ਕਾਯਮ ਕੀਤਾ । (ਪਰ) ਉਹ ਕਹਿਣ ਲਗੇ --(ਹੇ ਜਗਤ ਦੇ ਲੋਕੋ ! ਜੇ ਸੁਖ ਚਾਹੁੰਦੇ ਹੋ, ਤਾਂ) ਸਾਡੀ ਪੂਜਾ ਕਰੋ, (ਕਿਉਂਕਿ) ਸਾਥੋਂ ਬਿਨਾਂ ਹੋਰ ਕੋਈ ਪਰਮੇਸ਼ਰ ਨਹੀਂ ਹੈ । ੮ ।[ਹਾਏ ਮੇਰੀ ਕਿਸਮਤ ! ਸਾਰੇ ਆਪ ਹੀ ਰੱਬ ਬਣ ਬੈਠੇ ? ਵਾਹ

ਬਿਚਿੱਤ੍ਰ ਨਾਟਕ ਤੇਰਾ ਰੱਬ] ਰੱਬ ਸੜ ਭੁੱਜ ਕੇ ਕੋਲਾ ਹੋ ਰਿਹਾ ਹੈ ਕਿ ਉਸ ਦੇ ਥਾਂ ਕੋਈ ਹੋਰ ਆਪਣੀ ਪੂਜਾ ਕਿਉਂ ਕਰਵਾਏ ? ਕਿਡੀ ਹੈਰਾਨੀ ਵਾਲੀ ਗੱਲ ਹੈ ਕਿ ਬਚਿਤ੍ਰ ਨਾਟਕ ਦੇ ਅਨੋਖੇ ਰੱਬ ਜੀ ਨੂੰ ਆਪਣੀ ਸ਼ਕਤੀ ਤੇ ਜ਼ਰਾ ਵੀ ਭਰੋਸਾ ਨਹੀਂ ਰਿਹਾ ਅਤੇ ਆਪਣੇ ਹੀ ਬਣਾਏ ਜੀਵਾਂ ਦੇ ਕਰਮਾਂ ਦੀ ਗਵਾਹੀ ਭਰਨ ਲਈ ਅੱਠ ਸਾਖੀ (ਗਵਾਹ) ਬਣਾਉਣੇ ਪਏ । ਪਰ ਰੱਬ ਦਾ ਇਹ ਯਤਨ ਵੀ ਨਿਸਫਲ ਗਿਆ ਉਹ ਵੀ ਆਪ ਹੀ ਭਗਵਾਨ ਬਣ ਬੈਠੇ। ਕਿਡੀ ਤਰਸਯੋਗ ਹਾਲਤ ਹੈ ਬਚਿਤ੍ਰ ਨਾਟਕ ਵਾਲੇ **ਰੱਬ ਜੀ** ਦੀ ?

*{Foot not:--ਬ੍ਰਾਹਮਣ ਦੇ ਲਿਖੇ ਹਿੰਦੂ ਗ੍ਰੰਥਾਂ ਵਿਚ ਜੀਵਾਂ ਦੇ ਕਰਮਾਂ ਦੇ ਅੱਠ ਗਵਾਹ ਲਿਖੇ ਹਨ--੧ ਪ੍ਰਿਥਵੀ, ੨ ਧ੍ਰਵ, ੩ ਚੰਦ੍ਰਮਾ, ੪ ਸੂਰਜ, ੫ ਅਗਨਿ, ੬ ਪ੍ਰਤਯਸ਼ੂ, ੮ ਪ੍ਰਭਾਸ ।]

**ਪਰਮ ਤਤ ਕੋ ਜਿਨ ਨ ਪਛਾਨਾ ॥ ਤਿਨ ਕਰਿ ਈਸਰ ਤਿਨ ਕਹੁ ਮਾਨਾ ॥ ਕੇਤੇ ਸੂਰ ਚੰਦ ਕਹੁ ਮਾਨੈ ॥**
**ਅਗਨਿ ਹੋਤ੍ਰ ਕਈ ਪਵਨ ਪ੍ਰਮਾਨੇ ॥੧੦॥ ਕਿਨਹੂੰ ਪ੍ਰਭੁ ਪਾਹਨ ਪਹਿਚਾਨਾ ॥ ਨ੍ਹਾਤ ਕਿਤੇ ਜਲ ਕਰਤ ਬਿਧਾਨਾ ॥**
**ਕੈਤਕ ਕਰਮ ਕਰਤ ਡਰਪਾਨਾ ॥ ਧਰਮਰਾਜ ਕੋ ਧਰਮ ਪਛਾਨਾ ॥ ੧੧ ॥ ਜੋ ਪ੍ਰਭ ਸਾਖ ਨਮਿਤ ਠਹਰਾਏ ॥**
**ਤੇ ਹਿਆਂ ਆਇ ਪ੍ਰਭੂ ਕਹਵਾਏ ॥ ਤਾ ਕੀ ਬਾਤ ਬਿਸਰ ਜਾਤੀ ਭੀ ॥ ਅਪਨੀ ਅਪਨੀ ਪਰਤ ਸੋਭ ਭੀ ॥ ੧੨ ॥**

**ਅਰਥ**:-ਜਿਨ੍ਹਾਂ (ਪੁਰਸ਼ਾਂ ਨੇ) ਪਰਮ ਤਤ (ਵਾਹਿਗੁਰੂ) ਨੂੰ ਨਹੀਂ ਪਛਾਣਿਆ ਸੀ, ਉਨਾਂ ਨੇ (ਅੱਠਾਂ ਸਾਖੀਆਂ) ਨੂੰ ਈਸ਼ਵਰ ਕਰਕੇ ਮੰਨ ਲਿਆ । (ਜੇਹਾ ਕਿ) ਕਈ ਸੂਰਜ (ਨੂੰ ਤੇ ਕਈ ਚੰਦ ਨੂੰ ਮੰਨਦੇ ਹਨ ਕਈ ਅਗਨੀ ਵਿਚ (ਹੋਤ੍ਰ) ਹੋਮ ਕਰਦੇ ਹਨ ਅਤੇ ਕਈ ਪਉਣ ਦੀ ਮਾਨਤਾ ਕਰਦੇ ਹਨ ।੧੦। ਕਿਸੇ ਨੇ ਪੱਥਰ ਨੂੰ ਪ੍ਰਭੂ ਕਰਕੇ ਪਛਾਣਿਆ ਹੈ । ਕਿਤਨੇ ਜਲ ਵਿਚ ਨ੍ਹਾਉਂਦੇ ਹਨ ਅਤੇ (ਇਸ ਗੱਲ ਨੂੰ) ਵਿਧਾਨ ਕਥਨ ਕਰਦੇ ਹਨ । ਕਈ ਕਰਮ ਕਾਂਡ ਕਰਦੇ ਹਨ ਅਤੇ ਫਿਰ ਵੀ ਡਰਦੇ ਹਨ । ਕਈਆਂ ਨੇ ਧਰਮਰਾਜ ਨੂੰ ਹੀ ਵਿਸ਼੍ਵ ਦਾ ਅਧਾਰ ਪਛਾਣ ਲਿਆ ਹੈ । ੧੧ । ਪ੍ਰਭੂ ਨੇ ਜਿਹੜੇ ਗਵਾਹੀ ਦੇਣ ਵਾਸਤੇ ਕਾਯਿਮ ਕੀਤੇ ਸਨ ਉਹ ਏਥੇ ਆ ਕੇ ਆਪ ਨੂੰ ਹੀ ਪ੍ਰਭੂ ਕਹਾਉਣ ਲੱਗ ਪਏ । ਉਸ ਮਾਲਕ ਦੀ ਗਲ (ਹੀ ਉਨ੍ਹਾਂ ਨੂੰ ) ਭੁੱਲ ਜਾਂਦੀ ਅਤੇ ਆਪੋ ਆਪਣੀ ਸੋਭਾ ਦੀ ਪੈ ਜਾਂਦੀ ।੧੨।

ਇਸ ਬੋਲੀ ਤੋਂ ਸਾਫ਼ ਸਿੱਧ ਹੋ ਰਿਹਾ ਹੈ ਕਿ ਲਿਖਾਰੀ ਨੂੰ ਇਹ ਚੇਤਾ ਹੀ ਭੁੱਲ ਗਿਆ ਹੋਇਆ ਹੈ ਕਿ ਉਪਰ ਸਿਰਲੇਖ--" **ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ** " ਹੈ। ਰੱਬ ਨੇ ਆਪ ਹੀ ਇਹ ਕਿਉਂ ਕਹਿਣਾ ਸੀ ਕਿ--" ਪ੍ਰਭੂ ਨੇ ਜਿਹੜੇ ਗਵਾਹੀ ਦੇਣ ਵਾਸਤੇ ਕਾਯਮ ਕੀਤੇ ਸਨ ਉਹ ਏਥੇ ਆ ਕੇ ਆਪ ਪ੍ਰਭੂ ਕਹਾਉਣ ਲੱਗ ਪਏ ਅਤੇ ਭੇਜਣ ਵਾਲੇ ਰੱਬ ਦਾ ਚੇਤਾ ਹੀ ਭੁਲਾ ਬੈਠੇ ? " ਕੀ ਦਸ਼ਮੇਸ਼ ਜੀ ਏਡੇ ਹੀ ਭੁੱਲੜ ਸਨ ਜੋ ਸਿਰਲੇਖ ਵਿਚ ਰੱਬ ਨੂੰ ਹੀ ਬੋਲਦਾ ਦਰਸਾ ਕੇ ਫਿਰ ਸਿੱਧਾ ਆਪ ਹੀ ਬੋਲਣ ਲੱਗ ਪਏ ? ਗੁਰੂ ਤਾਂ ਹੈ ਹੀ ਅਭੁੱਲ । ਜੇ ਸਤਿਗੁਰੂ ਜੀ ਅਜੇਹੀਆਂ ਛੋਟੀਆਂ ਛੋਟੀਆਂ ਭੁਲਾਂ ਕਰਨ ਵਾਲੇ ਹੁੰਦੇ ਤਾਂ ਗੁਰਬਾਣੀ ਵਿਚ ਇਹ ਫ਼ੁਰਮਾਨ ਕਿਉਂ ਹੁੰਦਾ--**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ** ॥[੬੭] ਕੇਵਲ ਗੁਰੂ ਅਤੇ ਕਰਤਾਰ ਹੀ ਅਭੁੱਲ ਹਨ ਬਾਕੀ ਸਾਰੇ ਜੀਵ ਭੁੱਲਾਂ ਕਰਨ ਵਾਲੇ ਹਨ । ਏਥੇ ਸਭ ਕੁਝ ਹੀ ਉਲਟਾ ਹੈ । ਰੱਬ ਜੀ ਆਪਣੀਆਂ ਭੁਲਾਂ ਦਾ ਰੋਣਾ ਰੋ ਰਹੇ ਹਨ ਅਤੇ ਗੁਰੂ ਜੀ ਇਹ ਚੇਤਾ ਭੁਲਾ ਬੈਠਦੇ ਹਨ, ਕਿ ਬੋਲਣਾ ਰੱਬ ਨੇ ਅਰੰਭ ਕੀਤਾ ਹੋਇਆ ਹੈ ਕਿ ਮੈਂ ਆਪ ਹੀ ਬੋਲ ਰਿਹਾ ਹਾਂ ? ਸਦਕੇ ਜਾਈਏ ਬਚਿਤ੍ਰ ਨਾਟਕ ਦੀ ਬਚਿੱਤ੍ਰ ਲੀਲ੍ਹਾ ਦੇ । ਜਿੰਨਾ ਮਰਜ਼ੀ ਜ਼ੋਰ ਲਾਉ, ਝੂਠੀ ਗੱਲ ਸੱਚ ਨਹੀਂ ਬਣ ਸਕਦੀ। ਰੱਬ ਜੀ ਦਾ ਬਚਨ ਅੱਗੇ ਇਉਂ ਤੁਰਿਆ:--

[**ਜ਼ਰੂਰੀ ਨੋਟ**:--ਧਿਆਨ ਰਹੇ, ਲਿਖਾਰੀ ਜੀ ਆਪਣੇ ਹੱਥੀ ਦਿੱਤੇ ਸਿਰਲੇਖ " **ਅਕਾਲਪੁਰਖ ਬਾਚ** "
ਨੂੰ ਭੁੱਲ ਭੁਲਾ ਕੇ, ਹੁਣ ਅੱਗੇ ਸਿੱਧਾ ਆਪ ਹੀ ਬੋਲਣ ਲੱਗ ਪਏ ਹਨ]

**ਜਬ ਪ੍ਰਭ ਕੋ ਨ ਤਿਨੈ ਪਹਿਚਾਨਾ ॥ ਤਬ ਹਰਿ ਇਨ ਮੁਨੱਛਨ ਠਾਹਿਰਾਨਾ ॥**
**ਤੇ ਭੀ ਬਸਿ ਮਮਤਾ ਹੋਇ ਗਏ ॥ ਪਰਮੇਸਰ ਪਾਹਨ ਠਹਿਰਏ ॥ ੧੩ ॥**

**ਅਰਥ:-ਜਦੋਂ ਉਨ੍ਹਾਂ ਨੇ ਪ੍ਰਭੂ ਨੂੰ ਨਾ ਪਛਾਣਿਆ, ਤਦ ਹਰੀ ਨੇ ਇਨ੍ਹਾਂ ਮਨੁੱਖਾਂ ਨੂੰ (ਸੁਧਾਰਕ) ਕਾਯਮ ਕੀਤਾ ਉਹ ਭੀ ਮਮਤਾ ਵੱਸ ਹੋ ਗਏ ਅਤੇ ਪੱਥਰਾਂ ਨੂੰ ਪਰਮੇਸ਼ਰ ਮੰਨਣ ਲੱਗ ਪੜੇ । ੧੩ ।**

**ਜੇ ਸ਼ਸਤਰਾਂ ਦੀ** ਪੂਜਾ ਪਰਮੇਸ਼ਰ ਦੀ ਪੂਜਾ ਹੈ ਤਾਂ **ਪੱਥਰਾਂ** ਦੀ ਪੂਜਾ **ਪਰਮੇਸ਼ਰ** ਦੀ ਪੂਜਾ ਕਿਸ ਕਾਰਨ ਨਹੀਂ ਬਣਦੀ? ਪੱਥਰ ਪੂਜ ਵੀ ਕਹਿੰਦਾ ਹੈ ਕਿ ਉਹ ਆਪਣੇ ਚਿੱਤੋਂ ਪਰਮ ਸ਼ਕਤੀ ਦਾ ਹੀ ਪੁਜਾਰੀ ਹੈ? ਜਦ ਪਰਮਾਤਮਾ ਦੀ ਪੂਜਾ ਵਾਲੀ ਲਕੀਰ ਟੱਪ ਹੀ ਜਾਣੀ ਹੈ ਤਾਂ ਫਿਰ ਭਾਵੇਂ ਕੋਈ ਕਿਸੇ ਪਸ਼ੂ ਪੰਖੀ ਦੀ ਪੂਜਾ ਕਰੇ ਅਤੇ ਜਾਂ ਕਿਸੇ ਖ਼ਾਸ ਪਦਾਰਥ ਨੂੰ ਆਪਣਾ ਇਸ਼ਟ ਮਿਥ ਲਵੇ, ("ਜਿਤੇ ਸ਼ਸਤ੍ਰ ਨਾਮੰ। ਨਮਸਕਾਰ ਤਾਮੰ ") ਸ਼ਸਤ੍ਰਾਂ ਨੂੰ ਨਮਸਕਾਰਾਂ ਕਰਨੀਆਂ ਸਿਖਾਉਂਣ ਵਾਲੇ ਬਚਿਤ੍ਰ ਨਾਟਕ ਦੇ ਲਿਖਾਰੀ ਜੀ ਨੂੰ ਇਤਰਾਜ਼ ਕਰਨ ਦਾ ਹੱਕ ਕੀ ਰਹਿ ਜਾਂਦਾ ਹੈ?

**ਤਬ ਹਰਿ ਸਿੱਧ ਸਾਧ ਠਹਿਰਾਏ ॥ ਤਿਨ ਭੀ ਪਰਮ ਪੁਰਖ ਨਹੀ ਪਾਏ ॥**
**ਜੇ ਕੋਈ ਹੋਤ ਭਯੋ ਜਗਿ ਸਿਆਨਾ ॥ ਤਿਨ ਤਿਨ ਅਪਨੋ ਪੰਥੁ ਚਲਾਨਾ ॥ ੧੪ ॥**
**ਪਰਮ ਪੁਰਖ ਕਿਨਹੂੰ ਨਹ ਪਾਯੋ ॥ ਬੈਰ ਬਾਦ ਹੰਕਾਰ ਬਢਾਯੋ ॥**
**ਪੇਡ ਪਾਤ ਆਪਨ ਤੇ ਜਲੈ ॥ ਪ੍ਰਭ ਕੈ ਪੰਥ ਨ ਕੋਉ ਚਲੇ ॥ ੧੫ ॥**
**ਜਿਨਿ ਜਿਨਿ ਤਨਿਕ ਸਿੱਧ ਕੋ ਪਾਯੋ ॥ ਤਿਨ ਤਿਨ ਅਪਨਾ ਰਾਹ ਚਲਾਯੋ ॥**
**ਪਰਮੇਸਰ ਨ ਕਿਨਹੂੰ ਪਹਿਚਾਨਾ ॥ ਮਮ ਉਚਾਰ ਤੇ ਭਯੋ ਦਿਵਾਨਾ ॥ ੧੬ ॥**
**ਪਰਮ ਤੱਤ ਕਿਨਹੂੰ ਨ ਪਛਾਨਾ ॥ ਆਪ ਆਪ ਭੀਤਰਿ ਉਰਝਾਨਾ ॥**
**ਤਬ ਜੇਜੇ ਰਿਖ ਰਾਜ ਬਨਾਏ ॥ ਤਿਨ ਆਪਨਾ ਪਨ ਸਿੰਮ੍ਰਿਤ ਚਲਾਏ ॥੧੭॥**
**ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥ ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ ॥**
**ਜਿਨ ਮਨੁ ਹਰਿ ਚਰਨਨ ਠਹਿਰੋਯ ॥ ਸੋ ਸਿੰਮ੍ਰਿਤਨ ਕੇ ਰਾਹ ਨ ਅਯੋ ॥੧੮॥**
**ਬ੍ਰਹਮਾ ਚਾਰ ਹੀ ਬੇਦ ਬਨਾਏ ॥ ਸਰਬ ਲੋਕ ਤਿਹ ਕਰਮ ਚਲਾਏ ॥**
**ਜਿਨ ਕੀ ਲਿਵ ਹਰ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥ ੧੯ ॥**
**ਜਿਨ ਮਤ ਬੇਦ ਕਤੇਬਨ ਤਿਆਗੀ ॥ ਪਾਰਬ੍ਰਹਮ ਕੇ ਭਏ ਅਨੁਰਾਗੀ ॥**

ਤਿਨ ਕੇ ਗੂੜ੍ਹ ਮੱਤ ਜੋ ਚਲਹੀ ॥ ਭਾਂਤਿ ਅਨੇਕ ਦੁਖਨ ਸੋ ਦਲਹੀ ॥ ੨੦ ॥
ਜੇ ਜੇ ਸਹਿਤ ਜਾਤਨ ਸੰਦੇਹਿ ॥ ਪ੍ਰਭ ਕੋ ਸੰਗਿ ਨ ਛੋਡਤ ਨੇਹ ॥
ਤੇਤੇ ਪਰਮ ਪੁਰੀ ਜਹ ਜਾਹੀ ॥ ਤਿਨ ਹਰਿ ਸਿਉ ਅੰਤਰੁ ਕਛੁ ਨਾਹੀ ॥ ੨੧ ॥
ਜੇ ਜੇ ਜੀਯ ਜਾਤਨ ਤੇ ਡਰੈ ॥ ਪਰਮ ਪੁਰਖ ਤਜਿ ਤਿਨ ਮਗ ਪਰੈ ॥
ਤੇਤੇ ਨਰਕ ਕੁੰਡ ਮੋ ਪਰਹੀ ॥ ਬਾਰ ਬਾਰ ਜਗ ਮੋ ਬਪੁ ਧਰ ਹੀ ॥ ੨੨ ॥
ਤਬ ਹਰਿ ਬਹੁਰ ਦੱਤ ਉਪਜਾਇਓ ॥ ਤਿਨ ਭੀ ਅਪਨਾ ਪੰਥ ਚਲਾਇਓ ॥
ਕਰ ਮੋ ਨਖ ਸਿਰ ਜਟਾਂ ਸਵਾਰੀ ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ ॥ ੨੩॥
ਪੁਨਿ ਹਰਿ ਗੋਰਖ ਕੋ ਉਪਰਾਜਾ ॥ ਸਿੱਖ ਕਰੇ ਤਿਨਹੂੰ ਬਡ ਰਾਜਾ ॥
ਸ੍ਰਵਨ ਫਾਰਿ ਮੁਦ੍ਰਾ ਦੁਐ ਡਾਰੀ ॥ ਹਰਿ ਕੀ ਪ੍ਰੀਤ ਰੀਤਿ ਨ ਬਿਚਾਰੀ ॥ ੨੪ ॥
ਪੁਨਿ ਹਰਿ ਰਾਮਾਨੰਦ ਕੋ ਕਰਾ ॥ ਭੇਸ ਬੈਰਾਗੀ ਕੋ ਜਿਨ ਧਰਾ ॥
ਕੰਠੀ ਕੰਠਿ ਕਾਠ ਕੀ ਡਾਰੀ ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ ॥ ੨੫ ॥

ਅਕਾਲ ਪੁਰਖ ਜੀ (ਆਪਣੀਆਂ ਭੁੱਲਾਂ ਦੀ ਵਿਥਿਆ ਸੁਣਾਉਂਦੇ ਹੋਏ) ਫੁਰਮਾਨ ਕਰਦੇ ਹਨ ਕਿ ਜਿੰਨਿਆਂ ਨੂੰ ਵੀ ਮੈਂ ਇਸ ਲੋਕ ਵਿਚ ਭੇਜਿਆ ਉਨ੍ਹਾਂ ਨੇ ਮੇਰਾ ਸੱਚਾ ਨਾਮ ਜਪਾਉਣ ਦੀ ਥਾਂ ਸਗੋਂ ਆਪਣਾ ਹੀ ਪੰਥ ਚਲਾ ਲਿਆ, ਆਪ ਹੀ ਰੱਬ ਬਣ ਬੈਠੇ । ਜੀਵਾਂ ਦੇ ਕਰਮਾਂ ਦੀ ਗਵਾਹੀ ਦੇਣ ਭੇਜੇ ਅੱਠ ਸਾਖੀਆਂ ਸਮੇਤ, ਮਹਾਂਦੇਵ, ਵਿਸ਼ਨੂੰ, ਬ੍ਰਹਮਾ, ਗੋਰਖ, ਰਾਮਾਂਨੰਦ ਸਿੱਧ, ਸਾਧ, ਜਟਾਧਾਰੀ ਆਦਿ ਗੁਰੂ ਬਣਾਏ, ਉਨ੍ਹਾਂ ਨੇ ਵੀ ਅਪਣਾ ਹੀ ਪੰਥ ਚਲਾ ਲਿਆ । ਮੇਰੀ (ਪ੍ਰਭੂ ਦੀ) ਭਗਤੀ ਤੋਂ ਵਾਂਜੇ ਰਹਿ ਕੇ ਲੋਕ ਨਰਕਾਂ ਵਿੱਚ ਪੈਂਦੇ ਰਹੇ । ਬੇਬਸੀ ਦੀ ਹਾਲਤ ਵਾਲਾ ਇਹ ਸਭ ਕੁਝ ਉਸ ਨਾਥ ਦੇ ਮੂੰਹ ਵਿਚ ਪਾਇਆ ਹੈ ਜਿਸ ਨੇ ਸ੍ਰਿਸ਼ਟੀ ਦਾ ਕਣ ਕਣ ਆਪਣੇ ਵਜੂਦ ਵਿਚ ਨਥਿਆ ਹੋਇਆ ਹੈ-**ਆਪ ਨਾਥੁ ਨਾਥੀ ਸਭ ਜਾ ਕੀ**- ਅਜੇਹਾ ਪਰਮ ਨਾਥ ਕਿਸੇ ਵੀ ਸ਼ਕਤੀ ਤੋਂ ਬੇਬੱਸ ਕਿਵੇਂ ਅਤੇ ਕਿਉਂ ਹੋਵੇ? ਅਤੇ ਫਿਰ ਜਿਹੜੀ ਪਰਮ ਸ਼ਕਤੀ (ਅਸੰਖਾਂ ਸੂਰਜਾਂ ਧਰਤੀਆਂ ਵਾਲੀ) ਸਾਰੀ ਸਿਰਜਣਾ ਨੂੰ ਇੱਕ ਖਿਨ, ਇਕ ਛਿਨ-ਪਲ ਵਿਚ ਢਾ ਕੇ ਮੁੜ ਬਣਾ ਸਕਦਾ ਹੈ--**ਖਿਨ ਮਹਿ ਥਾਪਿ ਉਥਾਪੇ ਕੁਦਰਤਿ ਸਭਿ ਕਰਤੇ ਕੇ ਕਾਰਨਾ ॥ ੨ ॥**[੯੧੫] ਉਹ ਕਿਸੇ ਮਨੁੱਖ ਤਪੱਸਵੀ ਕੋਲ ਜਾ ਕੇ ਅਜੇਹੀਆਂ ਬੇਬਸੀ ਵਾਲੀਆਂ ਗੱਲਾਂ ਕਿਉਂ ਕਰਦਾ ?--**ਝੂਠੁ ਨਾ ਬੋਲਿ ਪਾਡੇ ਸਚੁ ਕਹੀਐ ॥** [੯੦੪]:--

੫੧- **ਅਟਲੁ ਅਡੋਲੁ ਅਤੋਲੁ ਮੁਰਾਰੇ ॥ ਖਿਨ ਮਹਿ ਢਾਹਿ ਫੇਰਿ ਉਸਾਰੇ ॥**
**ਰੂਪੁ ਨ ਰੇਖਿਆ ਮਿਤਿ ਨਹੀ ਕੀਮਤਿ, ਸਬਦਿ ਭੇਦਿ ਪਤੀਆਇਦਾ ॥ ੯ ॥**[੧੦੩੪-੩੫]-੨

**ਅਰਥ:**--ਪਰਮਾਤਮਾ ਸਦਾ ਕਾਇਮ ਰਹਿਣ ਵਾਲਾ ਹੈ, ਮਾਇਆ ਦੇ ਮੋਹ ਵਿਚ ਕਦੇ ਡੋਲਣ ਵਾਲਾ ਨਹੀਂ, ਉਸ ਦਾ ਸਰੂਪ ਕਦੇ ਤੋਲਿਆ ਮਿਣਿਆ ਨਹੀਂ ਜਾ ਸਕਦਾ। ਉਹ (ਆਪਣੇ ਰਚੇ ਜਗਤ ਨੂੰ) ਇਕ ਖਿਨ (ਅੱਖ ਝਮਕਣ ਜਿੰਨਾ ਸਮੇਂ) ਵਿਚ ਢਾਹ ਕੇ ਮੁੜ ਪੈਦਾ ਕਰ ਸਕਦਾ ਹੈ। ਉਸ ਦਾ ਕੋਈ ਖ਼ਾਸ ਰੂਪ ਨਹੀਂ ਦੱਸਿਆ ਜਾ ਸਕਦਾ, ਉਸ ਦੇ ਕੋਈ ਖ਼ਾਸ ਚਿਹਨ ਚੱਕ੍ਰ ਨਹੀਂ ਦੱਸੇ ਜਾ ਸਕਦੇ, ਉਹ ਕੇਡਾ ਵਡਾ ਹੈ ਤੇ ਕਿਹੋ ਜਿਹਾ ਹੈ--ਇਹ ਵੀ ਨਹੀਂ ਦੱਸਿਆ ਜਾ ਸਕਦਾ। ਜੇਹੜਾ ਮਨੁੱਖ (ਆਪਣੇ ਮਨ ਨੂੰ ਗੁਰੂ ਦੇ) ਸ਼ਬਦ ਵਿਚ ਵਿੰਨ੍ਹ ਲੈਂਦਾ ਹੈ ਉਹ ਉਸ ਪਰਮਾਤਮਾ (ਦੀ ਯਾਦ) ਵਿਚ ਪਤੀਜ ਜਾਂਦਾ ਹੈ । ੯ ।

੫੨- **ਖਿਨ ਮਹਿ ਥਾਪਿ ਉਥਾਪਨਹਾਰਾ ਕੀਮਤਿ ਜਾਇ ਨ ਕਰੀ ॥ ਰਾਜਾ ਰੰਕ ਕਰੈ ਖਿਨ ਭੀਤਰਿ ਨੀਚਹ ਜੋਤਿ ਧਰੀ ॥ ੧ ॥ ਧਿਆਈਐ ਅਪਨੋ ਸਦਾ ਹਰੀ ॥**
**ਸੋਚ ਅੰਦੇਸਾ ਤਾ ਕਾ ਕਰੀਐ ਜਾ ਮਹਿ ਏਕ ਘਰੀ ॥ ੧ ॥ ਰਹਾਉ ॥** [੪੯੯]-੯-੧੯

[**ਥਾਪਿ**=ਪੈਦਾ ਕਰ ਕੇ, ਸਿਰਜ। **ਉਥਾਪਣਾ**=ਨਾਸ ਕੇ ਦੇਣਾ, ਮਿਟਾ ਦੇਣਾ । **ਜਾ ਮਹਿ ਏਕ ਘਰੀ**=ਜਿਸ ਦੇ ਟਿਕੇ ਰਹਿਣ ਵਿਚ ਇੱਕ ਘੜੀ ਹੀ ਲੱਗਦੀ ਹੈ, ਜੋ ਛਿਨ-ਭੰਗਰ ਹੈ, ਜੋ ਛੇਤੀ ਨਾਸ ਹੋ ਜਾਣ ਵਾਲੀ ਹੈ]

**ਅਰਥ:**--ਆਪਣੇ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦਾ ਹੀ ਧਿਆਨ ਧਰੀ ਰੱਖਣਾ ਚਾਹੀਦਾ ਹੈ । (ਸੰਸਾਰ ਦੀ) ਉਸ ਵਸਤੂ ਦਾ ਕੀਹ ਚਿੰਤਾ-ਫਿਕਰ ਕਰਨਾ ਹੋਇਆ, ਜੇਹੜੀ ਛੇਤੀ ਹੀ ਨਾਸ ਹੋ ਜਾਣ ਵਾਲੀ ਹੈ ? ੧ । ਰਹਾਉ । ਪਰਮਾਤਮਾ (ਇਸ ਰਚਨਾ ਨੂੰ ) ਖਿਨ ਵਿਚ ਪੈਦਾ ਕਰ ਕੇ ਖਿਨ ਵਿਚ ਹੀ ਨਾਸ ਕਰਨ ਦੀ ਸਮਰੱਥਾ ਵਾਲਾ ਹੈ, ਉਸ ਪਰਮਾਤਮਾ ਦੇ ਬਰਾਬਰ ਦੀ ਕਦਰ ਵਾਲਾ ਹੋ ਕੋਈ ਦੱਸਿਆ ਨਹੀਂ ਜਾ ਸਕਦਾ। ਪਰਮਾਤਮਾ ਰਾਜੇ ਨੂੰ ਇਕ ਖਿਨ ਵਿਚ ਕੰਗਾਲ ਬਣਾ ਦੇਂਦਾ ਹੈ ਅਤੇ ਨੀਵੇਂ ਅਖਵਾਉਂਣ ਵਾਲੇ ਦੇ ਸੰਦਰ ਆਪਣੀ ਜੋਤਿ ਦਾ ਪਰਕਾਸ਼ ਕਰ ਦੇਂਦਾ ਹੈ ਜਿਸ ਕਰਕੇ ਉਹ ਰਾਜਿਆਂ ਵਾਲਾ ਆਦਰ-ਮਾਣ ਪ੍ਰਾਪਤ ਕਰ ਲੈਂਦਾ ਹੈ।੧।

੫੩- **ਸਾਹਿਬੁ ਮੇਰਾ ਅਤਿ ਭਾਰਾ ॥ ਖਿਨ ਮਹਿ ਥਾਪਿ ਉਥਾਪਨਹਾਰਾ ॥**
**ਤਿਸੁ ਬਿਨੁ ਅਵਰੁ ਨ ਕੋਈ ॥ ਜਨ ਕਾ ਰਾਖਾ ਸੋਈ ॥ ੩ ॥**[੯੯੬]-੩੨-੪੩

੫੪- **ਹਰਿ ਏਕ ਨਿਰੰਜਨ ਗਾਈਐ ਸਭ ਅੰਤਰਿ ਸੋਈ ॥ ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥**
**ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀਂ ਕੋਈ ॥ ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥**
**ਜਿਸ ਆਪ ਬੁਝਾਏ ਸੋ ਬੁਝਸੀ ਨਿਰਮਲ ਜਨ ਸੋਈ ॥ ੧ ॥** [੭੦੬]-ਵਾਰ

੫੫- **ਦੇਦੇ ਤੋਟਿ ਨਹੀ ਭੰਡਾ ॥ ਖਿਨ ਮਹਿ ਥਾਪਿ ਉਥਾਪਨਹਾਰ ॥**
**ਜਾ ਕਾ ਹੁਕਮੁ ਨ ਮੇਟੈ ਕੋਇ ॥ ਸਿਰਿ ਪਾਸਿਹਾ ਸਾਚਾ ਸੋਇ ॥ ੩ ॥** [੧੧੪੪]-੧੯-੩੨

ਜਿਸ ਨੂੰ ਆਪ ਸੀਸ ਨਿਵਾ ਕੇ ਦਸ਼ਮੇਸ਼ ਜੀ ਨੇ ਸਦੀਵੀ ਗੁਰਿਆਈ ਦਾ ਮਾਲਕ ਯਾਰਵਾਂ ਗੁਰੂ ਨਾਨਕ ਜੀ ਥਾਪਿਆ, ਜਿਸ ਦੇ ਪੱਲੇ ਆਪਣੇ ਪਿਆਰੇ ਖ਼ਾਲਸਾ ਜੀ ਨੂੰ ਲਾ ਕੇ ਹੁਕਮ ਦਿੱਤਾ ਕਿ ਸਦਾ ਏਸੇ ਨੂੰ ਹੀ ਆਪਣਾ ਗੁਰੂ ਆਪਣਾ ਰਹਿਬਰ, ਆਪਣਾ ਖ਼ਸਮ ਮੰਨਣਾ, ਉਹ ਅਨੂਪਮ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਤਾਂ ਇਹ ਕਿ ਆਪਣੀ ਸਿਰਜਣਾ ਨੂੰ ਅੱਖ ਦੇ ਫੋਰ ਵਿਚ ਮਿਟਾ ਕੇ ਮੁੜ ਨਵੀਂ ਸਾਜਨਾ ਕਰ ਸਕਣ ਵਾਲੇ

ਸਰਬ-ਸ਼ਕਤੀਮਾਨ ਸਿਰਜਣਹਾਰ ਦੇ ਹੁਕਮ ਨੂੰ ਕੋਈ ਟਾਲ ਸਕਦਾ ਹੀ ਨਹੀਂ, ਏਧਰ ਬਚਿਤ੍ਰ ਨਾਟਕ ਦੇ ਲਿਖਾਰੀ ਜੀ ਫ਼ੁਰਮਾ ਰਹੇ ਹਨ ਕਿ ਦੈਂਤਾਂ, ਦੇਵਤਿਆਂ, ਭਗਵਾਨਾ ਦੀ ਗੱਲ ਤਾਂ ਛੱਡੀ ਰੱਬ ਦਾ ਆਪਣਾ ਸਿਰਜਆ ਕੋਈ ਸਿਧ ਜਾਂ ਨਾਥ ਵੀ ਉਸ ਦੀ ਪਰਵਾਹ ਕੋਈ ਨਹੀਂ ਸੀ ਕਰਦਾ। ਹਾਰ ਕੇ ਉਹ--**ਖਿਨ ਮਹਿ ਥਾਪਿ ਉਥਾਪਨਹਾਰਾ ॥ ਅੰਤੁ ਨਹੀ ਕਿਛੁ ਪਾਰਾ ਵਾਰਾ ॥**[੨੭੬-੧੭] ਵਿਧਾਤਾ ਹੇਮਕੁੰਡ ਦੇ ਤਪੱਸਵੀ ਕੋਲ ਜਾ ਕੇ ਆਪਣੀ ਬੇਬਸੀ ਦਾ ਰੋਣਾ ਰੋਣ ਲੱਗ ਪਿਆ। ਦਸਮ ਗੁਰੂ ਨਾਨਕ ਜੀ ਆਪਣੀ ਲਿਖੀ ਗੁਰਬਾਣੀ ਦੀ ਖੰਡਣਾ, ਆਪਣੇ ਹੱਥੀ ਕਿਸੇ ਵੀ ਹਾਲਤ ਵਿਚ ਨਹੀਂ ਸਨ ਕਰ ਸਕਦੇ।

ਦਸਮ ਗ੍ਰੰਥ ਸ੍ਰੀ ਦਸ਼ਮੇਸ਼ ਦੀ ਦਾ ਲਿਖਆ ਸਿੱਧ ਕਰਨ ਵਾਲੇ ਸਨਮਾਨ ਜੋਗ ਵੀਰਾਂ ਕੋਲ, ਇਸ **ਦੁਖਦਾਈ ਚੋਭ**--" **ਜਦ ਦਸਮ ਗੁਰੂ ਨਾਨਕ ਸਾਹਿਬ ਜੀ ਨੇ ਰੱਬ ਆਪਣੇ ਮੂਹੋਂ ਆਪਣੀਆਂ ਭੁੱਲਾਂ ਆਪ ਮੰਨਦਾ ਦਰਸਾਇਆ ਹੈ ਤਾਂ ਗੁਰੂਬਾਣੀ ਵਿਚ ਪ੍ਰਭੂ ਨੂੰ ਅਭੁੱਲ ਲਿਖਣ ਦਾ ਅਰਥ ਕੀ ਰਹਿੰਦਾ ਹੈ? ਦਾ** (ਗੁਰਬਾਣੀ ਦੀ ਕਸਵੱਟੀ ਤੇ ਪੂਰਾ ਉਤਰਨ ਵਾਲਾ), ਤੋੜ ਕੀ ਹੈ ? **ਸਪੱਸ਼ਟ ਹੈ ਕਿ,** ਬਾਰ ਬਾਰ ਕੀਤੀ ਹੋਈ ਆਪਣੀ ਭੁੱਲ ਦੀ ਗੱਲ, ਅਕਾਲਪੁਰਖ ਦੇ ਆਪਣੀ ਜ਼ਬਾਨੀ ਦਰਸਾ ਕੇ, ਕਿਸੇ ਕੁਟਲ ਦੋਖੀ ਨੇ ਗੁਰਬਾਣੀ ਦੀ ਘੋਰ ਖੰਡਨਾਂ ਕੀਤੀ ਹੋਈ ਹੈ। ਸ੍ਰੀ ਗੁਰੂ ਗ੍ਰੰਥ ਜੀ ਦਾ ਸਪੱਸ਼ਟ ਫੁਰਮਾਨ ਹੈ ਕਿ ਪ੍ਰਭੂ ਅਜੇਹਾ ਭੁਲੜ ਨਹੀਂ ਹੈ ਕਿ ਉਸ ਨੂੰ ਕੋਈ ਕੰਮ ਦੋਬਾਰਾ ਕਰਨਾ ਪੈਂਦਾ ਹੋਵੇ:--

੫੬- **ਕਕਾ ਕਾਰਨ ਕਰਤਾ ਸੋਊ ॥ ਲਿਖਿਓ ਲੇਖੁ ਨ ਮੇਟਤ ਕੋਊ ॥ ਨਹੀ ਹੋਤ ਕਛੂ ਦੋਊ ਬਾਰਾ ॥**
**ਕਰਨੈਹਾਰੁ ਨ ਭੂਲਨਹਾਰਾ ॥ ਕਾਹੂ ਪੰਥੁ ਦਿਖਾਰੈ ਆਪੈ ॥ ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥**
**ਆਪਨ ਖੇਲੁ ਆਪ ਹੀ ਕੀਨੋ ॥ ਜੋ ਜੋ ਦੀਨੋ ਸੁ ਨਾਨਕ ਲੀਨੋ ॥ ੧੭ ॥**[੨੫੩]

**ਅਰਥ:**--ਕਰਤਾਰ ਆਪ ਹੀ (ਜਗਤ ਦੀ ਕਾਰ ਦਾ) ਸਬਬ ਬਣਾਉਂਣ ਵਾਲਾ ਹੈ । ਕੋਈ ਜੀਵ ਉਸ ਦੇ ਲਿਖੇ ਲੇਖ ਨੂੰ ਮਿਟਾ ਨਹੀਂ ਸਕਦਾ । ਸਿਰਜਣਹਾਰ ਭੁੱਲਣ ਵਾਲਾ ਨਹੀਂ ਹੈ, (ਜੇਹੜਾ ਵੀ ਕੰਮ ਉਹ ਕਰਦਾ ਹੈ ਉਸ ਵਿਚ ਗ਼ਲਤੀ ਨਹੀਂ ਰਹਿ ਜਾਂਦੀ, ਇਸ ਵਾਸਤੇ) **ਕੋਈ ਕੰਮ ਉਸ ਨੂੰ ਦੂਜੀ ਵਾਰੀ (ਠੀਕ ਕਰ ਕੇ ) ਨਹੀਂ ਕਰਨਾ ਪੈਂਦ**', ਕਿਸੇ ਨੂੰ ਆਪ ਹੀ (ਜਿੰਦਗੀ ਦਾ ਸਹੀ) ਰਸਤਾ ਵਿਖਾਉਂਦਾ ਹੈ, ਕਿਸੇ ਨੂੰ ਆਪ ਹੀ ਜੰਗਲ ਵਿਚ ਭਟਕਾ ਕੇ ਪਛੁਤਾਵੇ ਵਾਲੇ ਪਾਸੇ ਪਾਉਂਦਾ ਹੈ । ਇਹ ਸਾਰਾ ਜਗਤ-ਖੇਲ ਪ੍ਰਭੂ ਨੇ ਆਪ ਹੀ ਬਣਾਇਆ ਹੈ । ਹੇ ਨਾਨਕ ! ਜੋ ਕੁਝ ਉਹ ਜੀਵਾਂ ਨੂੰ ਦਿੰਦਾ ਹੈ ਉਹੀ ਉਨ੍ਹਾਂ ਨੂੰ ਮਿਲਦਾ ਹੈ । ੧੭ ।

ਗੁਰਬਾਣੀ ਅਨੁਸਾਰ, ਵਿਧਾਤਾ ਕਰਮ-ਲੇਖ ਪਹਿਲਾਂ ਹੀ ਲਿਖ ਕੇ ਜੀਆਂ ਨੂੰ ਸੰਸਾਰ ਵਿਚ ਭੇਜਦਾ ਹੈ। ਸਾਰੀ ਸ੍ਰਿਸ਼ਟੀ ਨੂੰ ਆਪਣੇ ਵਜੂਦ ਵਿਚ ਨੱਥੀ ਬੈਠੇ [**ਆਪਿ ਨਾਥੁ ਨਾਥੀ ਸਭ ਜਾ ਕੀ ...॥ ੨੯॥** ਜਪੁ] ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਵਾਹਿਗੁਰ-ਨਾਥ ਦੀ ਮਰਜ਼ੀ ਤੋਂ ਉਲਟ ਸੰਸਾਰ ਦਾ ਕੋਈ ਜੀਵ ਇੱਕ ਸੁਆਸ ਵੀ ਨਹੀਂ ਲੈ ਸਕਦਾ, ਉਸ ਦੀ ਇਛਿਆ ਤੋਂ ਬਾਹਰ ਕੋਈ ਕਰਮ ਕਰਨਾ ਤਾਂ ਹੈ ਹੀ ਬੜੀ ਦੂਰ ਦੀ ਗੱਲ । ਪਰ ਏਧਰ ਬਚਿਤ੍ਰ ਨਾਟਕ ਜੀ ਦਾ " **ਕਾਲ ਜੀ** " ਤਾਂ ਹੈ ਹੀ ਭੁੱਲਾਂ ਦਾ ਪੁਤਲਾ। ਆਪਣੇ ਹੱਥੀਂ ਬਣਾ ਬਣਾ ਕੇ ਕਈਆਂ ਨੂੰ ਭੇਜਦਾ ਰਿਹਾ, ਪਰ ਕਿਸੇ ਨੇ ਵੀ ਉਸ ਦੀ ਮਰਜ਼ੀ ਅਨੁਸਾਰ ਵਿਹਾਰ ਨਹੀਂ ਕੀਤਾ। ਸਗੋਂ ਹਰ ਕੋਈ, ਭੇਜਣ ਵਾਲੇ ਰੱਬ ਤੋਂ ਆਕੀ ਹੋ ਕੇ ਆਪ ਹੀ ਰੱਬ ਬਣ ਬੈਠਦਾ ਰਿਹਾ ? ਅਜੇਹੀ ਕੱਚੀ ਬਾਣੀ ਅਤੇ ਥਾਂ ਥਾਂ ਤੇ ਸਵੈ ਵਿਰੋਧੀ ਗਿਆਨ ਵਾਲਾ ਗ੍ਰੰਥ, ਕੀ ਦਸਮ ਗੁਰੂ ਨਾਨਕ ਜੀ ਨੇ ਆਪ ਹੀ ਲਿਖਿਆ ਹੋਵੇਗਾ? ਇਸ ਗ੍ਰੰਥ ਨੂੰ **ਧਰਮਗ੍ਰੰਥ** ਮੰਨ ਲੈਣ ਦਾ ਅਰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਿੱਠ ਦੇ ਖਲੋਣ ਵਾਲੀ ਗੰਭੀਰ ਭੁੱਲ ਤੋਂ ਘੱਟ ਹੋਰ ਕੁਝ ਹੋ ਹੀ ਨਹੀਂ ਸਕਦਾ। ਵਿਰੋਧੀ ਧਾਰਨਾ ਵਾਲੇ ਦੋ ਗ੍ਰੰਥ ਇੱਕੋ ਧਰਮ ਦੇ ਧਰਮ-ਗ੍ਰੰਥ ਬਣ ਜਾਣੇ ਖ਼ਤਰੇ ਤਾ ਘੜਿਆਲ ਸਿੱਧ ਹੋਇਆ ਕਰਦੇ ਹਨ।

ਪੁਸਤਕ ਦੇ ਪਹਿਲੇ ਭਾਗ ਵਿਚ ਹਿੰਦੂਆਂ ਦੇ ਧਰਮ ਗ੍ਰੰਥਾਂ ਦੀਆਂ ਉਦਾਹਰਣਾ ਨਾਲ ਵਿਸਥਾਰ ਨਾਲ ਸਪੱਸ਼ਟ ਕੀਤਾ ਹੋਇਆ ਹੈ ਕਿ ਅਭੁੱਲ ਕਰਤਾਰ ਨੂੰ ਕਈ ਭੁੱਲਾਂ ਕਰਦਾ ਬ੍ਰਾਹਮਣ ਨੇ ਕਈ ਥਾਈਂ ਦਰਸਾਇਆ ਹੈ। ਪਰ ਏਧਰ, ਅਕਾਲ ਪੁਰਖ ਦੀ **ਅਭੁੱਲ** ਹੋਣ ਵਾਲੀ ਵਡਿਆਈ ਵਿਚ ਬੇਅੰਤ ਗੁਰੂ-ਬਾਣੀ ਫ਼ੁਰਮਾਨ ਹਨ। ਵਣਗੀ ਮਾਤ੍ਰ-- ੧) **ਤੂੰ ਕਰਤਾ ਆਪਿ ਅਭੁਲੁ ਹੈ, ਭੁਲਣ ਵਿਚਿ ਨਾਹੀ ॥** [੩੦੧] ੨) **ਆਪਿ ਅਭੁਲੁ ਨ ਕਬਹੂ ਭੁਲਾ ॥** [੧੦੨੧] ੩) **ਹਮ ਭੂਲਹ ਤੁਮ ਸਦਾ ਅਭੂਲਾ, ਹਮ ਪਤਿਤ ਤੁਮ ਪਤਿਤ ਉਧਰੀਆ ॥**[੧੨੧੩] ਫਿਰ-੪) **ਭੁਲਣ ਵਿਚਿ ਕੀਆ ਸਭੁ ਕੋਈ, ਕਰਤਾ ਆਪਿ ਨ ਭੁਲੇ ॥**[੧੩੪੪] ਅਤੇ ੫) **ਕਰਤਾ ਆਪਿ ਅਭੁਲੁ ਹੈ, ਨ ਭੁਲੈ ਕਿਸੈ ਦਾ ਭੁਲਾਇਆ ॥** [੧੪੫] ਅਤੇ ਹੋਰ ਕਈ ਗੁਰੂ ਫੁਰਮਾਨ ਹਨ ਜਿਨ੍ਹਾਂ ਵਿਚ ਕਰਤਾਰ ਨੂੰ ਅਭੁੱਲ ਕਿਹਾ ਹੈ। ਬਚਿਤ੍ਰ ਨਾਟਕ ਜੀ ਤਾਂ ਥਾਂ ਥਾਂ ਤੇ ਗੁਰਬਾਣੀ ਦੀ ਖੰਡਨਾਂ ਕਰ ਰਹੇ ਹਨ। ਇਸ ਅਦਭੁਤ ਨਾਟਕ ਤਾਂ ਸਾਰਾ ਜ਼ੋਰ ਇਹ ਸਿੱਧ ਕਰਨ ਤੇ ਲੱਗ ਰਿਹਾ ਕਿ, ਦਸ਼ਮੇਸ਼ ਜੀ ਦਾ ਸੰਬੰਧ ਗੁਰੂ ਨਾਨਕ ਜੀ ਨਾਲ ਕੋਈ ਨਹੀਂ ਸੀ ਅਥਵਾ ਉਹ ਵਿਸ਼ਨੂੰ ਦੇ ਅਵਤਾਰ ਰਾਮ ਚੰਦ੍ਰ ਦੇ ਵੰਸ਼ੀ " ਵਿਸ਼ਨੂੰ " ਜੀ ਹੀ ਸਨ। ਅਕਾਲਪੁਰਖ ਬਾਚ ਵਿਚੋਂ ਹੇਠ ਲਿਖੀਆਂ ਚੌਪਈਆਂ ਦੀ ਵਿਚਾਰ ਲਿਖਣੀ ਬਾਕੀ ਹੈ :--

**ਜੇ ਪ੍ਰਭੁ ਪਰਮ ਪੁਰਖ ਉਪਜਾਏ ॥ ਤਿਨ ਤਿਨ ਅਪਨੇ ਰਾਹ ਚਲਾਏ ॥**
**ਮਹਾ ਦੀਨ ਤਬ ਪ੍ਰਭ ਉਪਰਾਜਾ ॥ ਅਰਬ ਦੇਸ ਕੋ ਕੀਨੋ ਰਾਜਾ ॥ ੨੬ ॥**
**ਤਿਨ ਭੀ ਏਕ ਪੰਥ ਉਪਰਾਜਾ ॥ ਲਿੰਗ ਬਿਨਾ ਕੀਨੇ ਸਭ ਰਾਜਾ ॥** **[See page 33]**
**ਸਭ ਤੇ ਅਪਨਾ ਨਾਮੁ ਜਪਾਯੋ ॥ ਸਤਿਨਾਮੁ ਕਾਹੂ ਨ ਦ੍ਰਿੜਾਯੋ ॥ ੨੭ ॥**

**ਅਰਥ:**--ਪ੍ਰਭੂ ਨੇ ਜੇਹੜੇ ਭੀ ' ਪਰਮ ਪੁਰਖ " (ਸੁਧਾਰਕ ਮਹਾਤਮਾ) ਪੈਦਾ ਕੀਤੇ ਸਨ, ਉਨ੍ਹਾਂ ਸਭਨਾ ਆਪਣੇ ਮਜਹਬ ਤੋਰ ਲਏ । ਪ੍ਰਭੂ ਨੇ ਫੇਰ (ਮਹਾਦੀਨ) ਮੁਹੰਮਦ ਜੀ ਨੂੰ ਪੈਦਾ ਕੀਤਾ, (ਜਿਸ ਨੂੰ) ਅਰਬ ਦੇਸ ਦਾ ਬਾਦਸ਼ਾਹ ਬਨਯਾ । ੨੬ । ਉਸਨੇ ਭੀ ਇਕ ਮਜਹਬ ਤੋਰ ਦਿੱਤਾ ਹੈ (ਅਤੇ ਆਪਨੇ) ਸਾਰੇ ਰਾਜਾਂ ਨੂੰ ਲਿੰਗ ਤੋਂ ਬਿਨਾ (ਇੰਦ੍ਰੀ ਕਟੇ) ਬਣਾ ਦਿੱਤਾ ਹੈ (ਅਰਥਾਤ ਉਸ ਨੇ ਆਪਣੇ ਸ਼ਰਧਾਲੂਆਂ ਨੂੰ ਸੁੰਨਤੀ ਬਣਾ ਦਿੱਤਾ । ਸਭਨਾਂ ਤੋਂ ਆਪਨਾ ਨਾਮ ਜਪਾਯਾ ਹੈ (ਇਸ ਤਰ੍ਹਾਂ ) ਕਿਸੇ ਨੇ ਭੀ ਸਤਿਨਾਮ ਦਾ ਉਪਦੇਸ਼ ਨਹੀਂ ਦਿਤਾ ।੨੭।

[ ਪਾਠਕ ਵੀਰ ਖਿਮਾਂ ਕਰਨ- ਅਸ਼ਲੀਲਤਾ ਨੰਗੀ ਕਰਕੇ ਲਿਖਣ ਤੇ ਉਹ ਸੱਜਣ ਮਜਬੂਰ ਕਰ ਰਹੇ ਹਨ ਜਿਹੜੇ ਇਸ ਦੁਖਦਾਈ ਅਤੇ ਪੰਥ ਲਈ ਹਾਨੀ ਕਾਰਕ ਨਾਟਕ ਨੂੰ ਦਸ਼ਮੇਸ਼ ਜੀ ਦੀ ਲਿਖਤ ਸਿੱਧ ਕਰਨ ਤੇ ਅਡੀ-ਚੋਟੀ ਦਾ ਜ਼ੋਰ ਲਾ ਰਹੇ ਹਨ]

ਪਿਛੇ ਅਸੀਂ ਇਹ ਪੜ੍ਹ ਆਏ ਹਾਂ ਕਿ ਸੁੰਨਤ ਦੇ ਥਾਂ (ਕਥਿਤ ਤੌਰ ਤੇ) ਦਸ਼ਮੇਸ਼ ਜੀ ਨੇ " **ਨ ਭੀਜਤ " ਲਾਂਡ ਕਟਾਏ** "॥ ੧੦੦ ॥ ਲਿਖਿਆ ਹੈ । ਤੇ ਹੁਣ " **ਲਿੰਗ ਬਿਨਾ** " ਲਿਖ ਦਿੱਤਾ ਹੈ। ਜੇ ਅਸਾਂ ਗੁਰੂ ਗ੍ਰੰਥ ਸਾਹਿਬ ਜੀ ਬਾਣੀ ਵਿਚੋਂ " ਸੁੰਨਤ " ਦੇ ਅਰਥ ਨਾ ਸਮਝੇ ਹੁੰਦੇ, ਅਤੇ ਇਸਲਾਮੀ ਸ਼ਰ੍ਹਾ ਤੋਂ ਜਾਣੂੰ ਨਾ ਹੁੰਦੇ ਤਾਂ--**ਲਾਂਡ ਕਟਾਏ** ਅਤੇ **ਲਿੰਗ ਬਿਨਾ**--ਸ਼ਬਦਾਂ ਤੋਂ ਅਸਾਂ ਕੀ ਸਮਝਣਾ ਸੀ ? ਮੁਸਲਮਾਨਾ ਕੋਲੋਂ ਕੀ ਅਸਾਂ ਇਉਂ ਪੁਛਣਾ ਅਰੰਭ ਨਹੀਂ ਸੀ ਕਰ ਦੇਣਾ ਕਿ--ਹੇ ਭਾਈ ਗੁਆਂਢੀਓ ! ਤੁਹਾਡੇ ਘਰ ਬਚਿਆਂ ਦਾ ਵੱਗ ਕਿਥੋਂ ਆ ਵੜਿਆ ਹੈ ? ਸਾਡੇ ਗੁਰੂ ਜੀ ਦਾ ਤਾਂ ਫ਼ੁਰਮਾਨ ਹੈ ਕਿ ਤੁਹਾਡਾ **ਲਾਂਡ** ਤਾਂ ਕਟ ਦਿੱਤਾ ਹੁੰਦਾ ਹੈ ਅਤੇ ਤੁਸੀ ਲਿੰਗ ਤੋਂ ਬਿਨਾ ਹੀ ਹੋ? ਫਿਰ ਅਗੋਂ ਜੋ ਕੁਝ ਸਾਡੇ ਪੁਛਣ ਵਾਲਿਆਂ ਨਾਲ ਹੋਣੀ ਸੀ, ਉਸ ਦੀ ਤਾਂ ਖ਼ੈਰ ਸੀ, ਪਰ ਜੋ " ਬਿਪੁ " ਗੁਰਦੇਵ ਜੀ ਦੀ ਸ਼ਾਨ ਵਿਚ ਸੁਣਨੇ ਪੈਂਦੇ, ਅਤੇ ਫਿਰ ਅਣਖ ਜਾਗ ਪੈਣ ਤੇ ਮਜ਼ਹਬੀ ਫ਼ਸਾਦ ਚੱਲ ਪੈਣ ਦਾ ਅਨੁਭਵ-- ਕਲੇਜਾ ਕੰਬਾ ਜਾਂਦਾ ਹੈ ।

ਯਹੂਦਿਆਂ ਵਿਚ ਵਿਸ਼ਵਾਸ ਬਣਿਆਂ ਹੋਇਆ ਹੈ ਕਿ, ਪੈਦਾ ਹੋਣ ਦੇ ਦਿਨ ਤੋਂ ਦਸਾਂ (੧੦) ਦਿਨਾਂ ਵਿਚ ਜਿਸ ਬੱਚੇ ਦੀ ਫੂੱਲੋ ਦਾ ਅਗਲਾ ਵਾਧੂ ਮਾਸ ਕੱਟ ਦਿੱਤਾ ਜਾਵੇ ਉਹ ਦਿਮਾਗ਼ੀ ਤੌਰ ਤੇ ਦੂਜੇ ਬਚਿਆਂ ਨਾਲੋ ਚੰਗਾ ਨਿਕਲਦਾ ਹੈ। ਇਸ ਗੱਲ ਨੂੰ ਸੱਚਾ ਸਿੱਧ ਕਰਨ ਲਈ ਉਹ ਕਈ ਉਦਾਹਰਣਾ ਦਿੰਦੇ ਹਨ। ਪਰ ਅੱਜ ਅਸੀਂ ਅਜੇਹੀ ਨੀਵੀਂ ਖੱਡ ਵਿਚ ਜਾ ਪਏ ਹਾਂ ਕਿ, ਕੋਈ ਬੇਦਲੀਲਾ ਫ਼ਤਵਾ ਦੇਣ ਲੱਗੇ, ਜਾਂ ਵਿਰੋਧੀ ਵਿਚਾਰਾਂ ਵਾਲੇ **ਤੇ ਗੋਲੀ ਦਾਗਣ ਲੱਗੇ**, ਢਿੱਲ ਨਹੀਂ ਕਰਦੇ। ਗਿਆਨ ਰੂਪ ਖੜਗ ਦੀ ਵਰਤੋਂ ਕਰਨੀ, ਭੁੱਲ ਭੁਲਾ ਬੈਠੇ ਹਾਂ। ਬਿਬੇਕਤਾ ਦਾ ਤਿਆਗ ਕਰਕੇ, ਕੱਚੀਆਂ ਗੱਲਾਂ ਸਤਿਗੁਰਾਂ ਦੇ ਪਾਵਨ ਨਾਮ ਨਾਲ ਜੋੜੀ ਜਾਣ ਨੂੰ ਸਿੱਖੀ ਦੀ ਸੇਵਾ ਮੰਨ ਬੈਠਣਾ ਬਦਕਿਸਮਤੀ ਦੀ ਨਿਸ਼ਾਨੀ ਹੈ।

**ਸ਼ੰਕਿਆਂ ਦਾ ਵੇਰਵਾ:**--

ੳ) ਹੈਰਾਨੀ ਵਾਲੀ ਗੱਲ ਇਹ ਹੈ ਕਿ ਅਰਬ ਦੇਸ਼ ਦੇ ਗੁਆਂਡ ਵਿਚ ਹੀ ਹਜ਼ਰਤ ਈਸਾ ਜੀ, ਜਿਹੜੇ ਅਪਣੇ ਆਪ ਨੂੰ ਖ਼ੁਦਾ ਦਾ ਇਕਲੋਤਾ ਪੁੱਤਰ ਕਹਿੰਦੇ ਰਹੇ ਹਨ, ਆਖ਼ਰ ਉਹ ਤਾਂ ਓਸੇ ਰੱਬ ਜੀ ਦੇ ਘੱਲੇ ਹੀ ਆਏ ਸਨ। ਉਨ੍ਹਾਂ ਮਹਾਂ ਪੁਰਖਾਂ ਨੇ ਵੀ ਇੱਕ ਨਵਾਂ ਧਰਮ ਚਲਾਇਆ ਸੀ। ਰੱਬ ਜੀ ਨੇ ਦੈਂਤ, ਦੇਵਤੇ, ਗੋਰਖ, ਅੱਠ ਸਾਖੀ, ਚੰਦ, ਸੂਰਜ, ਗੋਰਖ ਰਾਮਾਨੰਦ ਆਦਿ ਅਜੇਹੇ ਹੋਰ ਤਕੜੇ ਝੁੰਡ ਦਾ ਨਾਮ ਬੜੇ ਚੇਤੇ ਨਾਲ ਬੋਲਿਆ ਹੈ, ਜਿਸ ਧਰਮ ਦਾ ਰਾਜ ਲਗ-ਪਗ ਸਾਰੀ ਦੁਨੀਆਂ ਤੇ ਹੈ, ਉਸ ਧਰਮ ਨੂੰ ਚਲਾਉਣ ਵਾਲੇ **ਹਜ਼ਰਤ ਈਸਾ ਜੀ** ਦਾ ਨਾਮ ਲੈਣਾ ਰੱਬ ਜੀ ਨੂੰ ਕਿਸ ਕਾਰਨ ਭੁੱਲ ਗਿਆ ? ਕੀ ਇਸ ਦਾ ਕਾਰਨ ਏਹੀ ਨਹੀਂ ਕਿ ਉਸ ਵੇਲੇ ਤਾਂਈਂ ਭਾਰਤ ਵਾਸੀ ਲਿਖਾਰੀ (ਬ੍ਰਾਹਮਣ) ਨੂੰ ਈਸਾ ਜੀ ਦਾ ਅਤੇ ਈਸਾਈ ਧਰਮ ਦਾ ਪਤਾ ਹੀ ਨਹੀ ਸੀ ? ਸਿਰਜਣਹਾਰ ਨੂੰ ਆਪਣੀ ਸਿਰਜਣਾ ਦਾ ਪਤਾ ਨਾ ਹੋਵੇ, ਇਹ ਗੱਲ ਮੰਨਣ ਜੋਗ ਨਹੀਂ ਹੈ। ਸਰਬ ਕਲਾਂ ਭਰਪੂਰ, ਜਾਣੀਜਾਣ ਦਸ਼ਮੇਸ਼ ਜੀ ਵੀ ਈਸਾਈ ਧਰਮ ਤੋਂ, ਅਣਜਾਣ ਨਹੀਂ ਮੰਨੇ ਜਾ ਸਕਦੇ ? ਇਹ ਮੰਨਣ ਨੂੰ ਦਿਲ ਤਿਆਰ ਨਹੀਂ ਹੈ, ਕਿ ਦਸ਼ਮੇਸ਼ ਜੀ ਅਜੇਹੀ ਅਧੂਰੀ ਅਤੇ ਕੱਚੀ ਗੱਲ ਕਿਸੇ ਵੀ ਹਾਲਤ ਵਿਚ ਲਿਖ ਸਕਦੇ ਸਨ।

ਅ) ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਨਵਾਂ ਪੰਥ ਵੀ ਚਲਾ ਲਿਆ ਸੀ ਅਤੇ ਸਤਿਨਾਮ ਦਾ ਜਾਪ ਵੀ ਪੰਧਰਵੀਂ ਸਦੀ ਤੋਂ ਅਰੰਭ ਕਰਾ ਦਿੱਤਾ ਹੋਇਆ ਸੀ । ਫਿਰ ੧੭ਵੀਂ ਸਦੀ ਦੇ ਅੰਤ ਵਿਚ ਲਿਖੇ " ਅਕਾਲਪੁਰਖ ਬਾਚ " ਵਿਚ ਰੱਬ ਜੀ ਨੇ ਇਹ ਝੂਠ ਕਿ-" **ਸਤਿ ਨਾਮ ਕਾਹੂੰ ਨ ਦ੍ਰਿੜਾਯੋ** " ਕਿਸ ਕਾਰਨ ਬੋਲਿਆ ? ਦਸ਼ਮੇਸ਼ ਜੀ ਨੂੰ ਅਜੇਹਾ ਕੋਰਾ ਝੂਠ ਲਿਖਣ ਦੀ ਲੋੜ, ਕਿਸ ਕਾਰਨ ਆ ਪਈ ਸੀ ?

ੲ) ਬਚਿੱਤ੍ਰ ਨਾਟਕ ਦੇ ਲਿਖਾਰੀ ਦਾ ਇਹ ਲਿਖਣਾ ਵੀ ਘਿਣਾਵਣਾ ਝੂਠ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਨੇ ਆਪਣਾ ਨਾਮ ਜਪਾਇਆ ਸੀ। ਸੰਸਾਰ ਵਿਚਲੇ ਪਹਿਲੇ ਪੈਗ਼ੰਬਰ ਉਹੀ ਹਨ ਜਿਨ੍ਹਾਂ ਨੇ ਕੇਵਲ ਪ੍ਰਭੂ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ ਅਤੇ ਆਪਣੀ ਤਸਵੀਰ ਤੱਕ ਵੀ ਨਹੀਂ ਬਣਨ ਦਿੱਤੀ । ਅਜੇਹੇ ਕੱਚੇ ਅਰਥਾਂ ਵਾਲੀ ਕਵਿਤਾ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਜੋੜੀ ਰੱਖਣ ਦੀ ਗੁਰਮਤਿ ਦੇ ਅਨਕੂਲ ਦਲੀਲ, ਕਿਸੇ ਗ੍ਰੰਥ ਵਿਚੋਂ ਨਹੀਂ ਮਿਲੀ।

**ਅਕਾਲ ਪੁਰਖ ਬਾਚ ਦੀਆਂ ਆਖ਼ਰੀ ਦੋ ਸਤਰਾਂ ਇਉਂ ਹਨ :-**

**ਸਭ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂੰ ਨ ਪਛਾਨਾ ॥**
**ਤਪ ਸਾਧਤ ਹਰਿ ਮੋਹਿ ਬੁਲਾਯੋ ॥ ਇਮ ਕਹਿ ਕੈ ਇਹ ਲੋਕ ਪਠਾਯੋ ॥ ੨੮ ॥**

**ਅਰਥ**:-ਸਾਰੇ ਆਪੋ ਆਪਣੀ (ਪ੍ਰਭਤਾ ਵਿਚ) ਫਸੇ ਹੋਏ ਹਨ, ਕਿਸੇ ਨੇ ਭੀ ਪਰਮਾਤਮਾ ਨੂੰ ਨਹੀਂ ਪਛਾਨਿਆ। ਮੈਨੂੰ ਤਪ ਕਰਦੇ ਨੂੰ ਹਰੀ ਨੇ ਬੁਲਾਯਾ ਅਤੇ ਇਸ ਤਰ੍ਹਾਂ ਕਹਿਕੇ (ਮੈਨੂੰ) ਇਸ ਜਗਤ ਵਿਚ ਭੇਜਿਆ ।੨੮।

[ਲਿਖਾਰੀ ਜੀ ਇਹ ਵੀ ਭੁੱਲ ਗਏ ਹੋਏ ਹਨ ਕਿ ਉੱਪਰ ਸਿਰਲੇਖ --**ਅਕਾਲਪੁਖ ਬਾਚ ਇਸ ਕੀਟ ਪ੍ਰਤਿ** " ਹੈ । ਸਿੱਧਾ ਦਸ਼ਮੇਸ਼ ਜੀ ਨੂੰ ਹੀ ਬੋਲਦੇ ਦਰਸਾ ਰਹੇ ਹਨ । **ਭਾਂਵੇ ਗੱਲ ਮਾਮੂਲੀ ਹੈ, ਪਰ ਅਜੇਹੀ ਭੁੱਲ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੋੜਨੀ ਅਭੁੱਲ ਸਤਿਗੁਰਾਂ ਦੀ ਨਿਰਾਦਰੀ ਹੈ** ]

ਅਕਾਲ ਪੁਰਖ ਨੇ ਸ੍ਰਿਸ਼ਟੀ ਦਾ ਸੁਧਾਰ ਕਰਨ ਲਈ ਛੋਟੇ ਭਗਵਾਨਾਂ ਨੂੰ ਭੇਜ ਭੇਜ ਕੇ ਸਾਰਿਆਂ ਨੂੰ ਪਰਖ ਲਿਆ। ਪਰ ਉਸ (ਅਕਾਲਪੁਰਖ) ਦੀ ਇੱਛਿਆ ਕਿਸੇ ਨੇ ਵੀ ਪੂਰੀ ਨਾ ਕੀਤੀ। ਸਾਰਿਆਂ ਨੇ ਆਪਣੀ ਆਪਣੀ ਹੀ ਚਲਾਈ। ਅੰਤ ਲਾਚਾਰ ਹੋ ਕੇ (ਵਿਚਾਰੇ ਅਤੇ ਦੁਖਿਆਰੇ) ਪ੍ਰਭੂ ਜੀ ਨੇ ਦਸ਼ਮੇਸ਼ ਜੀ ਨੂੰ ਹੇਮਕੁੰਡ ਦੇ ਤਪ-ਸਥਾਨ ਤੇ ਜਾ ਬੁਲਾਇਆ, ਅਤੇ ਕਈ ਵਿਧੀਆਂ ਨਾਲ ਸਮਝਾਉਣ ਬੁਝਾਉਣ ਪਿਛੋਂ ਇਉਂ ਆਖ ਕੇ ਇਸ ਲੋਕ ਵਿਚ ਭੇਜਿਆ। ਪਿੱਛੇ ਅਸੀਂ ਵੇਖ ਆਏ ਹਾਂ ਕਿ ਲਿਖਾਰੀ ਨੇ ਸਿਰਲੇਖ ਤਾਂ " **ਅਕਾਲ ਪੁਰਖ ਬਾਚ ਇਸ ਕੀਟ ਪ੍ਰਤੀ** " ਦਿੱਤਾ ਹੈ ਪਰ ਫਿਰ ਅਕਾਲਪੁਰਖ ਦੇ ਥਾਂ ਸਿਧਾ ਆਪ ਹੀ ਬਾਲਣਾ ਦਰਸਾਉਣ ਅਰੰਭ ਕਰ ਦਿੱਤਾ। ਉਸੇ ਹੀ ਭੁਲੱ ਦਾ ਨਤੀਜਾ ਹੈ ਕਿ ਹੁਣ ਅੱਗੇ ਫਿਰ ਉਹੀ ਸਿਰਲੇਖ ਦੋਬਾਰ ਲਿਖ ਦਿੱਤਾ:--

**ਅਕਾਲ ਪੁਰਖ ਬਾਚ ॥ ਚੌਪਈ ॥**

**ਮੈ ਅਪਨਾ ਸੁਤ, ਤੋਹਿ ਨਿਵਾਜਾ ॥ ਪੰਥ ਪ੍ਰਚੁਰ¹ ਕਰਬੇ ਕਹੁ ਸਾਜਾ ॥** ੧--ਪੰਥ ਦੇ ਵਿਸਥਾਰ ਕਰਨ ਲਈ ਸਾਜਿਆ ਹੈ ।

**ਜਹਿ ਤਹਾ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥ ੨੯।** ੨--ਮਾਤ ਲੋਕ ਵਿਚ ।

**ਅਰਥ**:--(ਹੇ ਪੁਰਖ !) ਮੈ ਤੈਨੂੰ ਆਪਣਾ ਪੁਤ੍ਰ (ਪਦਵੀ) ਵਡਿਆਈ ਦਿੱਤੀ ਹੈ । (ਅਤੇ ਖ਼ਾਲਸਾ) ਪੰਥ ਦਾ ਪ੍ਰਚਾਰ ਕਰਨ ਵਾਸਤੇ (ਤੈਨੂ) ਸਾਜਿਆ ਹੈ। ਤੂੰ (ਜਗਤ ਵਿਚ) ਜਾਹੁ ਅਤੇ ਉਥੇ ਧਰਮ ਚਲ੍ਹਾ, ਲੋਕਾਂ ਨੂੰ (ਕਬੁੱਧ) ਮਨ ਮੱਤ ਕਰਨ ਤੋਂ ਹਟਾ ਦੇਹੁ । ੨੯। (ਪੰਡਿਤ ਨਰਾਇਣ ਸਿੰਘ)

ਅਕਾਲ ਪੁਰਖ ਨੂੰ ਇਹ ਕਹਿੰਦੇ ਦਰਾਸਇਆ ਹੈ ਕਿ ਜਦੋਂ ਦੀ ਧਰਤੀ ਤੇ ਜੀਵ ਬਣਾਏ ਹਨ ਉਨ੍ਹਾਂ ਨੂੰ ਕਿਸੇ ਨੇ ਸੱਚੇ ਧਰਮ ਦੀ ਗੱਲ ਨਹੀਂ ਦੱਸੀ ਅਤੇ ਉਪ੍ਰੋਕਤ ੨੮ਵੀਂ ਚੌਪਈ ਵਿਚ ਲਿਖਾਰੀ ਜੀ ਆਪ ਵੀ " **ਪਾਰਬ੍ਰਹ ਕਾਹੂ ਨਾ ਪਛਾਨਾ** " ਕਹਿ ਰਹੇ ਹਨ। ਅਕਾਲ ਪੁਰਖ ਸਣੇ ਲਿਖਾਰੀ ਜੀ ਭੁੱਲ ਗਏ ਹਨ ਕਿ ਦੂਜੇ ਧਿਆਏ ਵਿਚ ਸੋਢੀਆਂ ਦਾ ਰਾਜ ਕਾਇਮ ਹੁੰਦਿਆ ਸਾਰ ਹੀ **੩੧ਵੀ ਚੌਪਈ ਵਿਚ--ਜਹਾਂ ਤਹਾਂ ਤਿਹ ਧਰਮ ਵਲਾਯੋ** " ਲਿਖ ਚੁੱਕੇ ਹਨ। ਕੀ, ਉਸ ਧਰਮ ਵਿਚ ਰੱਬ ਦੀ ਪਛਾਣ ਨਹੀਂ ਸੀ ਕਰਵਾਈ ਗਈ? ਜੇ ਨਹੀਂ, ਤਾਂ ਫਿਰ ਉਹ ਕਿਹੋ ਜਿਹਾ ਧਰਮ ਸੀ ਜਿਹੜਾ ਸੋਢੀ ਰਾਜਿਆਂ ਨੇ ਚਲਾਇਆ ਸੀ? **ਧਰਮ** ਪਦ ਦੀ ਵਰਤੋਂ ਤਾਂ ਦੋਹੀਂ ਥਾਈ ਇਕੋ ਜਿਹੀ ਹੀ ਹੈ। ਲਿਖਾਰੀ ਦੀ **ਕਿਹੜੀ ਗੱਲ ਸੱਚੀ ਹੈ** ?

ਸਿਆਣਿਆਂ ਦਾ ਕਥਨ ਸੱਚ ਹੈ ਕਿ " **ਝੂਠ ਦੇ ਪੈਰ ਨਹੀਂ ਹੁੰਦੇ**। ਥਾਂ ਥਾਂ ਤੇ ਠੇਡੇ ਖਾਂਦਾ ਡਿਗ਼ ਰਿਹਾ ਹੁੰਦਾ ਹੈ। ਪਰ **ਸੱਚ** ਨੂੰ ਬੇਸ਼ਕ ਲੱਖ ਯਤਨਾ ਨਾਲ ਲੁਕਾਉ, ਉਹ ਸਦਾ ਲਈ ਲੁਕਿਆ ਨਹੀਂ ਰਹਿ ਸਕਦਾ। ਝੂਠ ਦੀ ਚਾਦਰ ਭਾਵੇਂ ਕਿੱਡੀ ਵੀ ਮੋਟੀ ਹੋਵੇ, ਸਚਾਈ ਦੀ ਜੋਤਿ ਉਸ ਨੂੰ ਚੀਰ ਕੇ ਲੋਕਾਂ ਲਈ ਚਾਨਣ ਮੁਨਾਰਾ ਆ ਬਣਦੀ ਹੈ। **ਸੱਚ** ਕਦੇ ਪੁਰਾਣਾ ਨਹੀਂ ਹੋ ਸਕਦਾ, ਨਾਮ ਕਦੇ ਮੈਲਾ ਨਹੀਂ ਹੁੰਦਾ--**ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੇ ਨਾ ਪਾਟੇ ॥** [੯੫੬]--**ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥**[੧੨੪੮] ਬਚਿਤ੍ਰ ਸਾਖੀ ਹੁਣ ਅੱਗੇ ਤੁਰੀ---

**ਕਬਿਬਾਚ ॥ ਦੋਹਿਰਾ**

**ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਿਆਇ । ਪੰਥ ਚਲੇ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ । ੩੦।**

**ਅਰਥ**:--ਫਿਰ ਮੈਂ ਹਥ ਬੱਨ੍ਹ ਕੇ ਖਲੋ ਗਿਆ ਅਤੇ ਸਿਰ ਨੁਆ ਕੇ ਬਚਨ ਕੀਤਾ । (ਜਿਸ ਤਰ੍ਹਾਂ ਦਾ ਪੰਥ ਚਲਾਉਣ ਲਈ ਪ੍ਰਭੂ ਜੀ ਤੁਸੀਂ ਕਹਿ ਰਹੇ ਹੋ ਉਸ ਤਰ੍ਹਾਂ ਦਾ) ਪੰਥ ਤਦ ਹੀ ਚਲ ਸਕੇਗਾ ਜੇ ਤੁਸੀਂ ਆਪ ਸਹਾਈ ਹੋਵੋਗੇ । (ਕੀ ਪਹਿਲੇ ਜਿਨੇ ਭੇਜੇ ਸਨ, ਪ੍ਰਭੂ ਜੀ ਉਨ੍ਹਾਂ ਦੀ ਸਹਾਇਤਾ ਨਹੀਂ ਸੀ ਕਰਦੇ ਹੁੰਦੇ ?)

[ਹੇ ਲਿਖਾਰੀ ਜੀਓ ! ਤੁਸੀਂ ਧੰਨ ਹੋ ਜੋ ਬਿਨਾ ਨਾਮ ਲਿਆਂ, ਸਾਰਾ ਕੁਫਰ, ਅਭੁੱਲ ਦਸ਼ਮੇਸ਼ ਜੀ ਦੇ ਮੁਖਾਰਬਿੰਦ ਵਿਚ ਪਾਈ ਤੁਰੇ ਜਾ ਰਹੇ ਹੋ]

ਬਚਿਤ੍ਰ ਨਾਟਕ ਦੇ ਵਿਚ ਹੀ ਪਹਿਲਾਂ ਇਹ ਗੱਲ ਸਪੱਸ਼ਟ ਕਰ ਦਿੱਤੀ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਆ ਕੇ, ਬੜਾ ਪਵਿਤ੍ਰ ਅਤੇ ਸਰਬ-ਪਾਪਾਂ ਦਾ ਨਾਸ ਕਰ ਦੇਣ ਵਾਲਾ (ਨਿਆਰਾ ਨਿਰਮਲ) ਪੰਥ ਚਲਾ ਲਿਆ ਹੋਇਆ ਸੀ, ਯਥਾ--

**ਤਿਨ ਇਹ ਕਲ ਮੋ ਧਰਮ ਚਲਾਯੋ ॥ ਸਭ ਸਾਧਨ ਕੋ ਰਾਹ ਬਤਾਯੋ ॥**

**ਜੋ ਤਾਂਕੇ ਮਾਰਗ ਮਹਿ ਆਏ ॥ ਤੇ ਕਬਹੂੰ ਨਹੀਂ ਪਾਪ ਸੰਤਾਏ ॥ ੫ ॥**{ਅਧਿਆਇ--੫}

ਉਸ **ਭੁੱਲੜ** ਅਤੇ ਆਪਣਾ ਨਾਮ ਜਪਾਉਣ ਦੀ ਭੁੱਖ ਨਾਲ ਦੁਖੀ, **ਰੱਬ ਜੀ** ਨੇ, ਜੇ ਨਵਾਂ ਧਰਮ ਚਲਾਉਣ ਲਈ ਕਹਿ ਦਿੱਤਾ ਜੇ ਮੰਨ ਹੀ ਲਈਏ, ਪਰ ਦੋ ਤੋਂ ਇੱਕ ਰੂਪ ਹੋ ਚੁੱਕੇ ਦਸ਼ਮੇਸ਼ ਜੀ ਤਾਂ ਚੰਗੀ ਤਰ੍ਹਾਂ ਜਾਣਦੇ ਹੀ ਸਨ ਕਿ, ਪਹਾੜ ਲੋਕ ਤੋਂ ਮਦਰ ਦੇਸ ਪੁੱਜ ਕੇ ਜਿਹੜੀ ਸੇਵਾ ਨਿਭਾਉਂਣ ਲਈ ਅਤੇ ਜਿਸ ਗੁਰਿਆਈ ਦੇ ਮਾਲਕ ਬਣਨ ਲਈ ਉਨ੍ਹਾਂ ਨੂੰ ਭੇਜਿਆ ਜਾ ਰਿਹਾ ਸੀ ਉਹ ਤਾਂ: ਗੁਰਿਆਈ ਤਾਂ ੧੪੬੯ ਤੋਂ ਹੀ ਕਾਇਮ ਹੋ ਚੁੱਕੀ ਸੀ। ਕੀ ਉਹ ਵੀ ਭੁੱਲ ਗਏ ਸਨ ਕਿ ਕੇਵਲ ਇੱਕ ਅਕਾਲ ਦਾ ਪੁਜਾਰੀ ਸੰਤ-ਸੂਰਮਿਆਂ ਦਾ ਪੰਥ ਤਾਂ ਗੁਰੂ ਨਾਨਕ ਸਾਹਿਬ ਜੀ ਨੇ ੧੫ਵੀਂ ਸਦੀ ਵਿਚ ਹੀ ਸਿਰਜ ਲਿਆ ਹੋਇਆ ਸੀ। **ਸੱਚ** ਦੇ ਪੁਜਾਰ, ਆਪ **ਨਿਰੋਲ ਸੱਚ,** ਸ੍ਰੀ ਦਸ਼ਮੇਸ਼ ਜੀ ਤਾਂ ਸਗੋਂ ਇਉ ਕਹਿੰਦੇ--ਹੇ ਸਰਬ ਸ਼ਕਤੀਮਾਨ ਰੱਬ ਜੀਓ ! ਅੱਜ ਤੁਹਾਡੀ ਮੱਤ ਨੂੰ ਕੀ ਹੋ ਗਿਆ ? ਸੱਚ ਵਿਚ ਕੁਫ਼ਰ ਕਿਥੋਂ ਆ ਰਲਿਆ? ਆਪਣਾ ਨਾਮ ਜਪਾਉਣ ਵਾਲੀ ਤੁਹਾਡੀ ਸੱਧਰ ਤਾਂ ਤਲਵੰਡੀ (ਨਨਕਾਣਾ ਸਾਹਿਬ) ਵਿਚ ਆਏ ਗੁਰੂ ਨਾਨਕ ਜੀ ਨੇ ਚੰਗੀ ਤਰ੍ਹਾਂ ਪੂਰੀ ਕਰ ਦਿੱਤੀ ਸੀ। ਕੇਵਲ ਤੁਹਾਡੇ ਹੀ ਨਾਮ ਦਾ ਸੁਆਸ ਸੁਆਸ ਸਿਮਰਨ ਕਰਨ ਵਾਲਾ ਸੰਤ ਸੂਰਮਿਆਂ ਦਾ ਧਰਮ ਤਾਂ ਕਰੀਬ ਦੋ ਸੌ ਸਾਲ ਤੋਂ ਪੈਦਾ ਹੋ ਕੇ ਨਿਰੰਤਰ ਤੁਹਾਡੀ ਅਰਾਧਨਾ ਕਰੀ ਜਾ ਰਿਹਾ ਹੈ। ਭੋਲੇ ਪਾਤਸ਼ਾਹੋਂ ! ਉਹ ਸਭ ਕੁਝ ਭੁਲ ਭੁਲਾ ਮੇਰੀ ਸਮਾਧੀ ਭੰਗ ਕਿਉਂ ਆਣ ਕੀਤੇ ਜੇ? ਹੱਡ ਭੰਨਣੀ ਠੰਢ ਵਿਚ ਮਸਾਂ ਜਿਹੇ ਮੇਰੀ ਸੁਰਤਿ ਤੁਹਾਡੇ ਚਰਨਾਂ ਵਿਚ ਖੁੱਭੀ ਹੈ। ਰਹਿਣ ਦਿਉ ਮੈਨੂੰ ਏਸੇ ਬਰਫ਼ਲੋਕ ਦੇ ਪਰਮ ਅਨੰਦ ਵਿਚ ਹੀ ਬੈਠੇ ਨੂੰ "।

ਬ੍ਰਾਹਮਣ ਲਿਖਾਰੀ ਦਾ ਮੰਤਵ ਇਹ ਸੀ ਕਿ ਸਿੱਖ ਜਿਵੇਂ ਪਹਿਲੇ ਨੌਂ ਗੁਰੂ ਸਾਹਿਬਾਨ ਨੂੰ ਵੀ ਗੁਰੂ ਨਾਨਕ ਹੀ ਮੰਨੀ ਆ ਰਹੇ ਹਨ, (ਸ੍ਰੀ ਗੁਰੂ) ਗੋਬਿੰਦ ਜੀ ਨੂੰ ਓਵੇਂ ਹੀ, ਗੁਰੂ ਨਾਨਕ (ਜੀ) ਕੋਲੋਂ ਮਿਲੀ ਜੋਤਿ ਦਾ ਮਾਲਕ, ਗੁਰੂ ਨਾਨਕ (ਜੀ) ਦਾ ਹੀ ਦਸਵਾਂ ਸਰੂਪ ਮੰਨਣ ਤੋਂ ਭੁੱਲੀ ਪੈ ਜਾਣ। ਇਸ " **ਗੋਬਿੰਦ** ਜੀਂ ਬਾਰੇ ਲੋਕਾਂ ਦਿਆਂ ਹਿਰਦਿਆਂ ਵਿਚ ਉਸੇ ਤਰ੍ਹਾਂ ਦਾ ਸ਼ਰਧਾ-ਭਰਪੂਰ-ਵਿਸ਼ਵਾਸ਼ ਬਣਾ ਦਿੱਤਾ ਜਾਵੇ ਜੋ ਵਿਸ਼ਨੂੰ ਜੀ ਦੇ ਅਵਤਾਰ, ਨਰਸਿੰਘ, ਰਾਮਚੰਦ੍ਰ ਅਥਵਾ **ਕ੍ਰਿਸ਼ਨ-ਗੋਬਿੰਦ** ਆਦਿ ਪ੍ਰਤੀ ਬਣਿਆ ਹੋਇਆ ਹੈ। ਜਿਵੇਂ ਉਨ੍ਹਾਂ ਕਥਿਤ ਅਵਤਾਰਾਂ ਨੂੰ ਅਸਮਾਨਾਂ ਤੋਂ ਹੀ ਸ਼ਕਤੀਆਂ ਲੈ ਕੇ ਮੰਨ ਕੇ ਲੋਕਾਂ ਨੇ ਪੂਜਣਾ ਸ਼ੁਰੂ ਕਰ ਦਿੱਤਾ ਸੀ ਉਵੇਂ ਹੀ ਸਿੱਖ ਵੀ [ਸਤਿਗੁਰੂ ਨਾਨਕ ਸਾਹਿਬ ਜੀ ਦੀ ਹੀ ਦਸਵਾਂ ਸਰੂਪ ਹੋਣ ਦਾ ਵਿਸ਼ਵਾਸ਼ ਛੱਡ ਕੇ] ਦਸ਼ਮੇਸ਼ ਜੀ ਨੂੰ ਧੁਰੋਂ ਸ਼ਕਤੀਆਂ ਲੈ ਕੇ ਆਇਆ ਅੱਡਰਾ ਰੱਬੀ ਅਵਤਾਰ ਮੰਨ ਲੈਣ।

ਬਿਬੇਕ ਵਿਚਾਰ ਦੁਆਰਾ ਗੁਰੂ ਇਤਿਹਾਸ ਵੱਲ ਧਿਆਨ ਮਾਰੀਏ ਤਾਂ ਪ੍ਰਤੱਖ ਦਿੱਸ ਪੈਂਦਾ ਹੈ ਕਿ ਦਸ਼ਮੇਸ਼ ਜੀ ਨੇ ਤਾਂ ਨਾਮ-ਅੰਮ੍ਰਿਤ ਵਿਚ ਭਿਜ ਕੇ ਅਮਰ (ਆਤਮਾਂ ਦੇ ਮਾਲਕ) ਹੋ ਚੁੱਕੇ ਖ਼ਾਲਸੇ ਦੀ ਪਰਖ ਕਰਕੇ ਉਸ ਨੂੰ ਖੰਡੇ ਬਾਟੇ ਦੀ ਪਾਹੁਲ ਛਕਾਈ ਅਤੇ ਉਸ ਕੋਲੋਂ ਇਹ ਜੀਵਨ-ਪ੍ਰਣ ਲਿਆ ਸੀ ਕਿ ਅੱਗੇ ਤੋਂ ਖ਼ਾਲਸਾ---

੧) ਆਪਣੀ ਨੁਹਾਰ ਨੂੰ ਪੰਜ ਕਕਾਰਾਂ ਦੀ ਰਹਿਤ ਵਿਚ ਸਾਂਭੀ ਰੱਖੇਗਾ,

੨) ਪਹਿਲੇ ੯ ਸਰੂਪਾਂ ਦੀ ਘਾਲਣਾ ਨਾਲ ਬਣ ਚੁਕੇ ਨਿਆਰੇ ਆਚਰਨ ਦੀ ਨਿਆਰੀ ਆਭਾ ਵਿਚ ਕਦੇ ਫ਼ਰਕ ਨਹੀਂ ਆਉਣ ਦੇਵੇਗਾ,

੩) ਬਿੱਪ੍ਰਨ ਕੀ ਰੀਤ ਦਾ ਕਦੇ ਵੀ ਧਾਰਨੀ ਨਹੀਂ ਬਣੇਗਾ,

੪) ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਤਿ ਦਾ ੧੧ਵਾਂ ਪ੍ਰਕਾਸ਼, ਸ੍ਰੀ ਗੁਰੂ ਨਾਨਕ ਜੀ ਹੀ ਮੰਨ ਕੇ ਉਨ੍ਹਾਂ ਦੇ ਹੁਕਮਾਂ ਅਨੁਸਾਰ ਆਪਣਾ ਜੀਵਨ ਬਿਤਾਵੇਗਾ । ਏਸੇ ਲਈ ਦਸ਼ਮੇਸ਼ ਜੀ ਨੇ (ਗੁਰੂ) ਗ੍ਰੰਥ ਸਾਹਿਬ ਦੇ ਸਰੂਪ ਨੂੰ ਸੰਪੂਨਤਾ ਦਾ ਰੂਪ ਦੇ ਕੇ (ਅਬਿਨਾਸ਼ੀ ਪ੍ਰਭੂ ਦੀ ਸੋਝੀ ਕਰਾਉਣ ਨਾਲ ਮਨੁੱਖ ਨੂੰ ਉਚੇ ਜੀਵਨ ਜੁਗਤ ਦਾ ਮਲਕ ਬਣਾਉਣ ਵਾਲੀ) ਅਬਿਨਾਸ਼ੀ ਗੁਰੂ-ਬਾਣੀ ਨੂੰ ਗੁਰਿਆਈ ਸੌਂਪਣ ਵਾਲਾ ਪਰਮ-ਪਵਿੱਤ੍ਰ ਕਾਰਜ ਨੇਪ੍ਰੇ ਚਾੜ੍ਹਿਆ ਸੀ। ਅੱਗੇ ਤੋਂ ਪੰਜ-ਭੂਤਕ ਸਰੀਰ ਦੇ ਥਾਂ ਗੁਰਬਾਣੀ ਦੇ ਗ੍ਰੰਥ-ਰੂਪ ਸਤਿਗੁਰੂ ਜੀ ਨੂੰ ਗਰਿਆਈ ਦਾ ਸਦੀਵੀ ਮਾਲਕ ਥਾਪਿਆ ਅਤੇ ਤਿਆਰ ਹੋ ਚੁੱਕੇ ਖ਼ਾਲਸੇ ਨੂੰ ਉਸ ਦੀ ਤਾਬਿਆ ਰਹਿਣ ਦਾ ਉਪਦੇਸ਼ ਦਿੱਤਾ। **ਦਸਮ ਪਾਤਿਸ਼ਾਹ ਨੇ ਨਵਾਂ ਪੰਥ ਕੋਈ ਨਹੀਂ ਸੀ ਚਲਾਇਆ ।** [**"ਮਾਰਿਆ ਸਿਕਾ ਜਗਤ੍ਰ ਵਿਚਿ ਨਾਨਕ ਨਿਰਮਲ ਪੰਥ ਚਲਾਇਆ"** [ਭਾ:ਗੁ: ਵਾਰ ੧-ਪਉੜੀ ੪੫] ਗੁਰੂ ਨਾਨਕ ਜੀ ਦੇ ਚਲਾਏ **ਨਿਰਮਲ ਪੰਥ** ਨੂੰ ਹੀ ਦਸ਼ਮੇਸ਼ ਜੀ ਨੇ **ਖ਼ਾਲਸਾ ਪੰਥ** ਦਾ ਨਾਮ ਬਖ਼ਸ਼ਿਆ ਸੀ। ਹਜ਼ਾਰਾਂ ਸਾਲਾ ਤੋਂ ਝੂਠ ਨੂੰ ਸੱਚ ਬਣਾ ਕੇ ਉਸ ਦੀ ਪੂਜਾ ਕਰਵਾਉਣ ਦਾ ਚਮਤਕਾਰ ਕਰਦੀ ਆ ਰਹੀ ਕਰਾਮਾਤੀ ਬ੍ਰਾਹਮਣੀ-ਕਲਮ ਨੇ ਏਥੇ ਵੀ ਕਰਾਮਾਤੀ ਅਸਰ ਵਿਖਾਇਆ। **ਬਚਿਤ੍ਰ ਨਾਟਕਂ ਜੀ** ਨੇ ਅੰਧ ਵਿਸ਼ਵਾਸ਼ੀ ਅਤੇ Short sighted ਸਿੱਖ ਦੀ ਮੱਤ ਫ਼ੇਰ ਦਿੱਤੀ। ਸਿੱਖਾਂ ਨੇ ਦਸ਼ਮੇਸ਼ ਜੀ ਤੋਂ ਕਰੀਬ ੨੦੦ ਸਾਲ ਪਹਿਲਾਂ ਸਿਰਜੇ, ਨਿਰਮਲ ਪੰਥ ਨੂੰ ਦੀ ਅਸਲੀਯ ਭਲਾ ਕੇ ਖ਼ਾਲਸੇ ਨੂੰ ਨਵਾਂ ਸਿਰਜਿਆ ਪੰਥ ਮੰਨ ਲਿਆ ਅਤੇ ਪ੍ਰੀਖਿਆ ਦਿਵਸ ਨੂੰ ਆਪਣਾ ਜਨਮ ਦਿਨ ਥਾਪ ਲਿਆ।

ਬਚਿਤ੍ਰ ਨਾਟਕ ਵਿਚਲੇ ਪਰਮਾਤਮਾ ਨਾਲ ਹੋਈਆਂ ਗੱਲਾਂ, ਲਿਖੀਆਂ ਤਾਂ ਕਥਿਤ ਤੌਰ ਤੇ ਅਨੰਦ ਪੁਰ (ਪੰਜਾਬ) ਦੇ ਵਾਸੀ ਦਸ਼ਮੇਸ਼ ਜੀ ਨੇ ਹਨ, ਪਰ ਰਬ ਜੀ ਪੰਜਾਬੀ ਵਿਚ ਗਲ ਕਰਨ ਦੀ ਬਜਾਏ ਬੋਲਦੇ ਉਹੀ ਭਾਸ਼ਾ ਹਨ ਜਿਹੜੀ ਭਾਸ਼ਾ ਹਿੰਦੂ ਮਿਥਿਹਾਸ ਵਿਚਲੇ ਕਾਨ੍ਹ ਘਨਈਆ ਜੀ ਨੂੰ ਰੀਝਾਉਣ ਲਈ ਬਿੰਦ੍ਰਾਬਨ ਦੀਆਂ ਗੋਪੀਆਂ ਅਥਵਾ ਕ੍ਰਿਸ਼ਨ ਜੀ ਦੀ ਸਹੇਲੀ " **ਰਾਧਾ** " ਦੇਵੀ ਜੀ ਬੋਲਦੇ ਰਹੇ ਸਨ। ਏਹੋ ਕਿਹਾ ਜਾ ਸਕਦਾ ਹੈ, ਕਿ, ਬਿਚਿਤ੍ਰ ਨਾਟਕ ਵਾਲੇ ਅਕਾਲ ਪੁਰਖ ਜੀ ਨੂੰ ਸ਼ਾਇਦ ਪੰਜਾਬੀ ਆਉਂਦੀ ਹੀ ਨਹੀਂ ਸੀ। ਉਂਜ-ਗੁਰਬਾਣੀ ਦਾ ਫ਼ੁਰਮਾਨ ਤਾਂ ਇਹ ਹੈ ਕਿ ਅਪਾਰ ਪ੍ਰਭੂ ਜੀ ਦੀ **ਭਾਖਿਆ**, (=ਬੋਲੀ) **ਭਾਉ** (=ਪਿਆਰ) ਹੈ--- " **ਭਾਖਿਆ ਭਾਉ ਅਪਾਰੁ** ॥(ਜਪੁ) ।

ਬਰਫ਼-ਕੁੰਡ ਵਿਚ ਬੈਠੇ ਕਥਿਤ ਦੁਸ਼ਟ-ਦਮਨ ਜੀ ਨਾਲ, ਹਿੰਦੂ ਅਵਤਾਰਾਂ ਵਰਗੀ ਬੋਲੀ ਵਿੱਚ ਫਰਿਆਦਾਂ ਕਰਕੇ ਸਰਬ-ਸ਼ਕਤੀਮਾਨ ਪ੍ਰਭੂ ਜੀ, ਆਪਣੀ ਸ਼ਕਤੀ ਦਾ ਆਪ ਹੀ ਮਖ਼ੌਲ ਉਡਾਉਦੇ ਦਿੱਸ ਰਹ ਹਨ। ਸਪੱਸ਼ਟ ਹੈ ਕਿ ਇਹ ਰੱਬ ਗੁਰੂ ਨਾਨਕ ਜੀ ਦਾ ਨਹੀਂ ਸੀ, ਸਗੋਂ ਇਹ ਉਸੇ ਚਾਤਰ ਬ੍ਰਾਹਮਣ ਦਾ, ਉਹੀ ਗਿਰਧਰ ਗੋਪਾਲ ਸੀ ਜਿਸ ਨੇ ਵੇਦ, ਸਿਮ੍ਰਿਤੀਆਂ, ਗੀਤਾ, ਪੁਰਾਣ ਆਦਿ ਗ੍ਰੰਥ ਬੋਲ ਬੋਲ ਕੇ ਅਜੇਹੇ ਲਿਖਾਰੀ ਨੂੰ ਲਿਖਾਏ ਸਨ ਜਿਸ ਦਾ ਅੱਜ ਤਾਂਈਂ ਕਿਸੇ ਨੂੰ ਠੀਕ ਪਤਾ ਨਹੀਂ ਲੱਗ ਸਕਿਆ, ਅਤੇ ਵਿਦਿਆ ਹੀਣ ਜਨਤਾ ਨੂੰ ਉਲੂ ਬਣਾ ਕੇ ਬ੍ਰਾਹਮਣ ਦੀ ਲੁੱਟ ਦਾ ਸ਼ਿਕਾਰ ਬਣਾਈ ਰੱਖਿਆ। (ਗੁਰੂ ਗ੍ਰੰਥ ਸਾਹਿਬ ਵਿੱਚ ਕਿਸੇ ਇਕ ਥਾਂ ਵੀ ਕੋਈ ਇੱਕ ਤੁਕ ਅਜੇਹੀ ਨਹੀਂ ਹੈ ਜਿਥੇ ਦਸਮ ਗ੍ਰੰਥ ਵਾਂਗ ਇਹ ਲਿਖਿਆ ਹੋਵੇ ਕਿ ਹੁਣ ਅਗਲਾ " ਬਾਚ ਸ੍ਰੀ ਅਕਾਲ ਪੁਰਖ ਦਾ ਹੈ '। ਕਾਰਨ ? ਕਿਉਂਕਿ ਇਹ ਸਾਰੀ ਕਿਰਤ ਗੁਰੂ ਨਾਨਕ ਜੀ ਦੀ ਆਪਣੀ ਹੈ। ਇਸ ਵਿੱਚ ਰਲਾ ਪਾਉਣ ਲਈ ਕਿਸੇ ਕੁਟਲ-ਨੀਤੀ ਬ੍ਰਾਹਮਣ ਦਾ ਦਾਅ ਨਹੀਂ ਸੀ ਫੱਬਿਆ। ਸੋ ਇਹ ਉਤਲੀ ਗਲ ਬਾਤ ਜੋ ਦਸ਼ਮੇਸ਼ ਜੀ ਅਤੇ ਅਕਾਲ ਪੁਰਖ ਵਿੱਚ ਹੋਈ ਦਰਸਾਈ ਗਈ ਹੈ ਇਹ ਉਸੇ ਨੇ ਲਿਖੀ ਹੈ ਜਿਸ ਨੇ ਦੇਵੀ ਦੇਵਤਿਆਂ ਦੀ ਹੋਂਦ ਵਾਲੇ ਭਰਮ ਨੂੰ ਕਲਗ਼ੀਧਰ ਜੀ ਦੇ ਮੂੰਹੋਂ ਹੀ ਪੱਕਾ ਕਰਵਾਉਣਾ ਸੀ। ਤਾਂ ਜੋ ਅਜੇਹੀ ਗੁਰਮਤ ਵਿਰੋਧੀ ਲਿਖਤ ਕਿਸੇ ਵੀ ਸਮੇ ਖ਼ਾਲਸੇ ਜੀ ਨੂੰ ਨਿਆਰਾ ਬਣਾਈ ਰੱਖਣ ਵਾਲੇ ਸਿਧਾਂਤਾਂ ਤੇ ਭਰਵੀਂ ਅਤੇ ਅਕੱਟ ਚੋਟ ਕੀਤੀ ਜਾ ਸਕੇ। ਕੁਝ ਵੀ ਲਿਖੀ ਜਾਈਏ ਪ੍ਰੋਹਿਤ ਜੀ ਦਾ **ਬਾਣ** ਟਿਕਾਣੇ ਖੁੱਭ ਚੁੱਕਾ ਹੈ। ਚੰਗੇ ਭਲੇ ਗੁਰ ਸਿੱਖ ਤਲਵਾਰ ਦੀ ਪੂਜਾ ਰੱਬ ਦੀ ਪੂਜਾ ਮੰਨ ਬੈਠੇ ਹਨ। ਸਤਿਗੁਰਾਂ ਨੂੰ ਸੰਬੋਧਨ ਕਰਕੇ ਪ੍ਰੋਹਿਤ ਜੀ ਸੱਚ ਫ਼ੁਰਮਾ ਰਹੇ ਹਨ:--" ਮੇਰਾ ਜਨੇਊ ਰੱਦ ਕਰ ਦੇਣ ਵਾਲੇ ਹੇ ਗੁਰੂ ਨਾਨਕ ਜੀਓ ! ਤੇਰੇ ਗਿਆਨ ਨੂੰ ਪੂਰੀ ਤਰ੍ਹਾਂ ਅਸਫ਼ਲ ਬਣਾ ਦੇਣ ਦੀ ਮੇਰੀ ਸੱਧਰ ਅਜੇ ਪੂਰੀ ਨਹੀਂ ਹੋਈ। ਹਜ਼ਾਰਾਂ ਸਾਲਾਂ ਤੋਂ ਮੇਰੀ ਸੇਵਾ ਵਿਚ ਹੱਥ ਬੰਨ੍ਹੀ ਖਲੋਤੇ ਰਹਿਣ ਵਾਲੇ ਕੱਲ ਦੇ ਇਹ ਹਿੰਦੂ ਜਿਵੇਂ ਪਹਿਲਾਂ ਮੇਰੀਆਂ ਝੂਠੀਆਂ ਲਿਖਤਾਂ ਦੇ ਅਧਾਰ ਤੇ **U.P.**ਨੂੰ ਆਲੀਸ਼ਾਨ ਮੰਦਰਾਂ ਨਾਲ ਸ਼ੰਗਾਰਦੇ ਆ ਰਹੇ ਹਨ, ਜਿਸ ਨੂੰ ਤੁਸਾਂ ਸਤਿਗੁਰ ਪੂਰਾ ਕਹਿ ਕੇ ਨਿਵਾਜਿਆ ਸੀ, ਉਸੇ ਬੀਰ-ਖ਼ਾਲਸਾ ਜੀ ਕੋਲੋਂ ਹੀ ਮੈਂ (ਆਪਣੇ ਇਸ ਕੋਰੇ ਝੂਠ ਦੀ ਵਰਤੋਂ ਨਾਲ) ਉਸੇ **U.P.** ਵਿਚ ਹੀ ਸਿੱਖੀ ਦਾ ਤੀਰਥ ਜੇ ਨਾ ਬਣਵਾ ਲਿਆ ਤਾਂ ਮੈਨੂੰ **ਬ੍ਰਹਮਾ ਜੀ ਦੇ ਮੂੰਹ ਵਿਚ ਜੰਮਿਆਂ ਕਿਸ ਆਖਣਾ ਹੈ? ਹੱਡ ਭੰਨਣੀ ਲੋਹੜੇ ਦੇ ਬਰਫ਼ ਦੇ ਸਾਹ-ਠੁੱਟਵੇਂ ਵਾਯੂਮੰਡਲ ਵਿਚ, ਜਿੱਥੇ ਸਾਹ ਲੈਣਾ ਇੱਕ ਭਿਆਨਕ ਡੰਨ ਭੁਗਤਦੇ ਰਹਿਣ ਵਾਲੀ ਗੱਲ ਬਣ ਖਲੋਂਦੀ ਹੈ,--ਹੇ ਕਲਗ਼ੀਆਂ ਵਾਲੇ ਦਸ਼ਮੇਸ਼ ਜੀਓ ! ਤੇਰੇ ਪਿਆਰੇ ਖ਼ਾਲਸਾ ਜੀ ਨੇ ਤੈਨੂੰ ਸਦਾ ਓਸੇ ਬਿੱਖੜੇ ਥਾਂ ਤੇ ਖੜਾ, ਆਪਣੇ ਸਿੰਘ ਦੀ ਉਡੀਕ ਕਰਦੇ ਕਹਿਣ ਵਿਚ ਤੇਰੇ ਪ੍ਰਤੀ ਸ਼ਰਧਾ ਦੀ ਨਿਸ਼ਾਨੀ ਮੰਨਿਆਂ ਕਰਨੀ ਹੈ। ਇਹ ਮੇਰੀ ਲਿਖਣ ਵਿਧੀ ਦਾ ਕਮਾਲ ਹੈ ਜਿਸ ਨੇ ਤੇਰੇ ਖ਼ਾਲਸੇ ਨੂੰ ਹਾਸੋ ਹੀਣੇ ਭਰਮ ਜਾਲ ਵਿਚ ਫ਼ਸਾ ਦਿੱਤਾ ਹੈ। ਤੇਰੇ ਖ਼ਾਲਸੇ ਦੀ ਧਰਮ ਦੀ ਕਮਾਈ ਵਿਚੋਂ ਤਕੜਾ ਹਿੱਸਾ ਆਪਣੇ ਆਪ ਹੀ ਮੇਰੇ ਚੇਲਿਆਂ ਕੋਲ ਪੁੱਜਦਾ ਰਿਹਾ ਕਰਨਾ ਹੈ।"**

## ੨੨

## ਗੁਰੂ-ਬਾਣੀ ਦੀ ਖੰਡਨਾਂ ?

**ਬਚਿਤ੍ਰ ਨਾਟਕ** ਦਾ ਲਿਖਾਰੀ, ਦਸ਼ਮੇਸ਼ ਜੀ ਦੀ ਹਸਤੀ ਨੂੰ ਪਹਿਲੇ ਗੁਰੂ ਸਾਹਿਬਾਨ ਨਾਲੋਂ ਅੱਡਰੀ ਬਣਾ ਦੇਣ ਦਾ ਆਪਣਾ ਕੰਮ ਜਾਰੀ ਰੱਖਦਾ ਹੋਇਆ ਅੱਗੇ ਲਿਖਦਾ ਹੈ:--

**ਚੌਪਈ ॥**

**ਇਹ ਕਾਰਨਿ ਪ੍ਰਭ ਮੋਹਿ ਪਠਾਯੋ ॥ ਤਬ ਮੈ ਜਗਤ ਜਨਮ ਧਰਿ ਆਯੋ ॥**
**ਜਿਮ ਤਿਨ ਕਹੀ ਤਿਨੈ ਤਿਮ ਕਹਿਹੋਂ ॥ ਅਉਰ ਕਿਸੂ ਤੇ ਬੈਰ ਨ ਗਹਿ ਹੋਂ ॥ ੩੧**॥

**ਅਰਥ:**--ਇਸ ਵਾਸਤੇ ਪ੍ਰਭੂ ਨੇ ਮੈਨੂੰ ਭੇਜਿਆ ਹੈ, ਤਦੇ ਮੈਂ ਜਨਮ ਨੂੰ ਧਾਰਕੇ ਜਗਤ ਵਿਚ ਆਯਾ ਹਾਂ । ਜਿਵੇਂ ਉਸ ਤਿਨ (-ਵਾਹਿਗੁਰੂ ਨੇ) ਕਿਹਾ ਸੀ, ਤਿਵੈ ਹੀ ਤਿਨੈ (ਪਹਿਲਾਂ ਆਏ ਭਗਵਾਨਾ, ਅਵਤਾਰਾਂ, ਪੈਗੰਬਰਾਂ, ਗੁਰੂਆਂ ਆਦਿ ਨੂੰ) ਉਸੇ ਤਰ੍ਹਾਂ ਮੈਂ ਕਹਿੰਦਾ ਹਾਂ, ਹੋਰ (ਮੈ ਕੋਈ) ਕਿਸੇ ਨਾਲ ਵੈਰ ਨਹੀਂ ਰਖਿਆ । ੩੧ ।

ਇਸ ਚੌਪਈ ਤੋਂ ਏਹੀ ਸਪੱਸ਼ਟ ਹੁੰਦਾ ਹੈ ਕਿ ਜਿਸ ਕੰਮ ਨੂੰ ਮੇਰੇ ਤੋਂ ਪਹਿਲਾਂ ਕੋਈ ਨਹੀਂ ਸੀ ਕਰ ਸਕਿਆ, ਉਸ ਨੂੰ ਸਿਰੇ ਚਾੜ੍ਹਨ ਲਈ ਪਰਮਾਤਮਾਂ ਨੇ ਮੈਨੂੰ ਭੇਜਿਆ ਸੀ। ਭਾਵੇਂ ਐਸਾ ਕਥਨ ਵੀ ਸੱਚ ਤੋਂ ਕੋਹਾਂ ਦੂਰ ਖੜਾ ਹੈ, ਫਿਰ ਵੀ ਮੰਨ ਲਉ ਕਿ ਇਸ ਪੱਖੋਂ ਇਹ ਬਚਨ ਸੱਚ ਦੇ ਬੜਾ ਨੇੜੇ ਹੈ ਕਿ ਦਸ਼ਮੇਸ਼ ਜੀ ਬੜੀਆਂ ਔਕੜਾਂ ਅਤੇ ਸਖ਼ਤ ਨਿਰਾਸ਼ਾ-ਜਨਕ, ਖ਼ਤਰਿਆਂ ਭਰੇ ਸਮਿਆਂ ਵਿਚ ਅਵਤਾਰੀ ਹੋਏ ਸਨ। ਦਸ਼ਮੇਸ਼ ਜੀ ਸੰਸਾਰ ਦੇ ਕੇਵਲ ਮਾਤ੍ਰ ਰਹਿਬਰ ਹੋਏ ਹਨ ਜਿਨ੍ਹਾਂ ਨੇ ਜਗਤ-ਭਲੇ ਦੀ ਖ਼ਾਤਰ ਛੋਟੀ ਉਮਰ ਵਿਚ ਗੁਰਦੇਵ ਪਿਤਾ ਜੀ ਨੂੰ ਕੁਰਬਾਨ ਹੋਣ ਲਈ ਕਿਹਾ ਅਤੇ ਫਿਰ ਆਪਣੇ ਚਾਰ ਸਾਹਿਬ-ਜ਼ਾਦਿਆਂ ਅਤੇ ਪਰਮ ਸਤਿਕਾਰ ਜੋਗ ਮਾਤਾ ਜੀ ਸਮੇਤ, ਪੂਰੇ ਪਰਿਵਾਰ ਦਾ ਬਲੀਦਾਨ ਕਰਨ ਸਮੇ ਅਤੇ ਆਪਣੇ ਪਿਤਾ ਜੀ ਦੇ ਸਿਰਜੇ ਘਰ-ਘਾਟ ਦੀ ਆਹੂਤੀ ਪਾਉਣ ਲਗਿਆਂ ਮੱਥੇ ਤੇ ਜ਼ਰਾ ਵੀ ਵੱਟ ਨਹੀਂ ਪੈਣ ਦਿੱਤਾ। ਗੁਰੂ ਨਾਨਕ ਜੀ ਦੇ ਪੰਥ ਦੀ ਅਥਵਾ ਕੌਮ ਦੀ ਅਗਵਾਈ ਏਡੀ ਨਿਰਭੈਤਾ ਅਤੇ ਚੜ੍ਹਦੀ ਕਲਾ ਵਿਚ ਵਿਚਰਦਿਆਂ ਖਿੜੇ ਮੱਥੇ ਕੀਤੀ, ਜਿਸ ਦੀ ਬਰਾਬਰੀ ਦੀ ਕੋਈ ਵੀ ਮਿਸਾਲ ਪੇਸ਼ ਕਰਨ ਦੀ ਗੱਲ ਸੁਣ ਕੇ, **ਸਾਰੇ ਸੰਸਾਰ ਦਾ ਇਤਿਹਾਸ ਨੀਵੀਆਂ ਪਾ ਖਲੋਂਦਾ ਹੈ।** ਪਰ ਜਿਥੋਂ ਤੱਕ ਧਰਮ ਚਲਾਉਣ ਦੀ ਅਤੇ ਆਚਰਨ ਉੱਚਾ ਕਰਕੇ ਮਨੁੱਖਤਾਂ ਦਾ ਸਿਰ ਉੱਚਾ ਕਰਨ ਦੀ ਗੱਲ ਹੈ, ਉਹ ਪਹਿਲੇ ਗੁਰੂ ਸਾਹਿਬਾਨ ਨੇ ਕਮੀਂ ਨਹੀਂ ਸੀ ਰਹਿਣ ਦਿੱਤੀ ਹੋਈ। ਉਪ੍ਰੋਕਤ ਚੌਪਈ ਦੀ ਅੰਤਲੀ ਪੰਗਤੀ--" **ਅਉਰ ਕਿਸੂ ਤੇ ਬੈਰ ਨ ਗਹਿ ਹੋਂ** " ਕਿਸੇ ਨੂੰ ਵੈਰੀ ਨਾ ਸਮਝਣ ਵਾਲੇ (ਗੁਰਮਤਿ) ਸਿਧਾਂਤ ਦੀ ਭਰਪੂਰ ਖੰਡਨਾਂ ਏਸ ਹੀ ਗ੍ਰੰਥ (ਬਚਿਤ੍ਰ ਨਾਟਕ) ਵਿਚ ਕਈ ਥਾਂਈ ਕੀਤੀ ਹੋਈ ਹੈ।

ਅਗਲੀ ਚੌਪਈ ਇਸ ਪ੍ਰਕਾਰ ਹੈ :--

**ਜੋ ਹਮ ਕੋ ਪਰਮੇਸਰ ਉਚਰਿ ਹੈਂ ॥ ਤੇ ਸਭ ਨਰਕ ਕੁੰਡ ਮਹਿ ਪਰਿ ਹੈਂ ॥**
**ਮੋ ਕੋ ਦਾਸ ਤਵਨ ਕਾ ਜਾਨੋ ॥ ਯਾ ਮੈਂ ਭੇਦ ਨ ਰੰਚ ਪਛਾਨੋ ॥ ੩੨ ॥**

**ਅਰਥ:**--ਜਿਹੜੇ ਸਾਨੂੰ ਪਰਮੇਸਰ **ਕਹਿੰਦੇ** ਹਨ (=ਉਚਰਿ ਹੈਂ) (ਅਥਵਾ ਜੋ ਰੱਬ ਮੈਨੂੰ ਕਹਿਣਗੇ) ਉਹ ਸਾਰੇ ਨਰਕ ਕੁੰਡ ਵਿਚ ਪੈਣਗੇ (ਜਾਂ ਪੈਂਦੇ ਹਨ) । ਮੈਨੂੰ ਉਸ ਪਰਮੇਸੁਰ ਦਾ ਦਾਸ ਜਾਣੋ, (ਅਤੇ ਮੇਰੇ ਇਸ ਕਥਨ) ਵਿਚ ਰਤਾ ਜਿੰਨਾ ਵੀ ਫਰਕ ਨਾ ਮੰਨੋਂ । ੩੨ ।

ਸਿਵਾਏ ਬਿੱਪ੍ਰੀ ਗ੍ਰੰਥਾਂ ਵਿਚਲੇ ਭਗਵਾਨਾਂ ਅਤੇ ਦੇਵੀ ਦੇਵਤਿਆਂ ਦੇ, ਸੰਸਾਰ ਦੇ ਕਿਸੇ ਵੀ ਪੈਗੰਬਰ, ਵਲੀ-ਅੱਲਾਹ, ਗੁਰੂ, ਪੀਰ, ਮੁਰਸ਼ਦ ਆਦਿ ਜਿੰਨ੍ਹਾਂ ਨੇ ਕੋਈ ਧਰਮ ਚਲਾਇਆ ਹੈ, ਉਨ੍ਹਾਂ ਨੇ ਆਪਣੇ ਆਪ ਨੂੰ ਰੱਬ ਦਾ ਘਲਿਆ ਹੋਇਆ, ਰੱਬ ਦਾ ਸੁਨੇਹਾ ਲੈ ਕੇ ਆਇਆ, ਰੱਬ ਦਾ ਬੇਟਾ ਆਦਿ ਤਾਂ ਅਖਵਾਇਆ ਹੈ, ਪਰ ਸਿਧਾ ਪਰਮਾਤਮਾ ਕਿਸੇ ਨੇ ਨਹੀਂ ਅਖਵਾਇਆ। ਪਰ ਨਾਲ ਹੀ ਇਹ ਵੀ ਸੱਚ ਹੈ ਕਿ, (ਗੁਰੂ ਗ੍ਰੰਥ ਸਾਹਿਬ ਜੀ ਸਮੇਤ) ਉਨ੍ਹਾਂ ਵਿਚੋਂ ਇਹ ਕਿਸੇ ਨੇ ਕਿਹਾ ਕਿ, " **ਜਿਹੜਾ ਸਾਨੂੰ ਪਰਮਾਤਮਾ ਕਹਿਣ ਦੀ ਭੁੱਲ ਕਰੇਗਾ ਉਹ ਨਰਕਾਂ ਵਿਚ ਪਵੇਗਾ**। ਕਿਉਂਕਿ ਰੱਬ **ਕਹਿਣ ਵਿਚ** ਅਤੇ **ਰੱਬ ਮੰਨਣ** ਵਿਚ **ਬੜਾ ਫ਼ਰਕ ਹੈ।** ਬਚਿਤ੍ਰ ਨਾਟਕ ਦੀ ਇਹ ਗੱਲ ਵੀ ਬੜੀ ਵਚਿਤ੍ਰ ਹੈ ਕਿ " **ਜਿਹੜਾ ਸਾਨੂੰ ਰੱਬ ਕਹੇਗਾ ਉਹ ਨਰਕਾਂ ਵਿਚ ਪਏਗਾ** "। ਕਿਡੀ ਬਿਚਿਤ੍ਰ ਗੱਲ ਹੈ ਕਿ ਜਿਸ ਨੇ ਪਹਿਲਾਂ ਆਪ ਹੀ ਇਹ ਕਿਹਾ ਹੈ ਕਿ--" ਦਵੈ ਤੇ ਏਕ ਰੂਪ ਹ੍ਵੈ ਗਯੋ "।।- ਭਾਵ, ਮੈ ਵੀ ਅਕਾਲਪੁਰਖ ਵਿਚ ਲੀਨ ਹੋਕੇ ਉਸੇ ਦਾ ਹੀ ਰੂਪ ਬਣ ਕੇ ਉਸ ਨਾਲ ਇੱਕ ਮਿਕ ਹੋ ਗਿਆ ਸਾਂ, ਉਹੀ ਦਸ਼ਮੇਸ਼ ਜੀ ਇਹ ਲਿਖਣ ਕਿ ਜਿਹੜਾ " ਹਮ ਕੋ " ਪਰਮੇਸ਼ਰ ਕਹੇਗਾ ਉਹ ਨਰਕ ਕੁੰਡ ਵਿਚ ਪਏਗਾ। ਮੈਨੂੰ ਉਸ ਦੇ ਦਾਸ ਤੋਂ ਵੱਧ ਕੁਝ ਨਾ ਸਮਝਿਓਂ "। ਗੁਰੂ ਇਤਿਹਾਸ ਵਿਚੋਂ ਕੋਈ ਅਜੇਹੀ ਸਾਖੀ ਨਹੀਂ ਮਿਲਦੀ ਜਿਥੇ ਸਤਿਗੁਰਾਂ ਨੂੰ ਇਹ ਕਹਿਣ ਦੀ ਲੋੜ ਪਈ ਹੋਵੇ ਕਿ ਜਿਹੜਾ ਉਨ੍ਹਾਂ ਨੂੰ ਰੱਬ ਕਹੇਗਾ ਉਹ ਨਰਕਾਂ ਵਿਚ ਪਏਗਾ। ਵਿਕਾਰਾਂ ਮਗਰ ਭੱਜੇ ਫਿਰਦੇ ਮਨੁੱਖ ਦੇ ਚੰਚਲ ਮਨ ਨੂੰ ਸਤਿਗੁਰਾਂ ਨੇ ਗਿਆਨ ਦਾ ਸੰਗਲ ਤਾਂ ਜ਼ਰੂਰ ਪਾਇਆ ਹੈ--**ਗਿਆਨ ਕਾ ਬਧਾ ਮਨ ਰਹੈ- ॥** ਕਦੇ ਕਿਸੇ ਗੁਰੂ ਨੇ ਜਾਂ ਕਿਸੇ ਅਧਿਆਪਕ ਨੇ ਕੋਈ ਮਤਿ ਦੇਣ ਸਮੇਂ ਨਰਕਾਂ ਵਿਚ ਪੈਣ ਦਾ ਡਰ ਪਾ ਕੇ ਆਪਣੇ ਸਿੱਖ ਦਾ ਜਾਂ ਸਿਖਸ਼ਕ ਦਾ ਮਨ **ਭੈ-ਭੀਤ** ਨਹੀਂ ਕੀਤਾ ਹੋਣਾ । ਦਸ਼ਮੇਸ਼ ਜੀ ਦੇ ਪਿਤਾ-ਗੁਰਦੇਵ ਜੀ ਤਾਂ ਇਹ ਫ਼ੁਰਮਾ ਰਹੇ ਹਨ--

੫੭- **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥ ੧੬ ॥**[੧੪੨੭]

ਭੈ ਦੇਣ ਵਾਲੀ ਵਿਧੀ, ਦਾਨ-ਰੂਪੀ ਲੁੱਟ ਮਚਾਉਣ ਲਈ ਬ੍ਰਾਹਮਣੀ ਕੁੱਟਲਤਾ ਦਾ ਹਥਿਆਰ ਹੈ। **ਭੈ** ਸਦਾ ਲੁਟੇਰਾ ਦਿੰਦਾ ਹੈ। ਗਿਆਨ ਦਾਤਾ ਗੁਰੂ ਤਾਂ ਸਦਾ ਦਲੀਲ ਨਾਲ ਕਿਸੇ ਦੀ ਖੁਨਾਮੀ ਦੂਰ ਕਰਦਾ ਹੈ। ਜੀਵਨ ਨੂੰ ਸੇਧ ਦੇਣ ਲਈ ਪ੍ਰਭੂ ਦਾ **ਨਿਰਮਲ ਭੈ** ਤਾਂ ਬੇਸ਼ਕ ਦਿੱਤਾ ਹੋਵੇਗਾ **ਪਰ** ' **ਨਿੱਜੀ ਗੱਲ** ਮਨਾਉਣ ਲਈ " **ਸਰਾਪ-ਰੂਪੀ ਭੈ ਕੇਵਲ ਬ੍ਰਹਮਣ ਹੀ ਦੇ ਸਕਦਾ ਸੀ। ਨਿੱਜ ਨਾਲ ਸੰਬੰਧਤ** ਕੋਈ ਗੱਲ ਮਨਵਾਉਣ ਲਈ ਕਿਸੇ ਪਰਕਾਰ ਦਾ **ਭੈ** ਦੇਣਾ ਅਤੇ ਖ਼ਾਸ ਤੌਰ ਤੇ **ਨਰਕਾਂ ਵਿਚ ਪੈਣ ਦਾ ਭੈ ਦੇਣਾ- ਗੁਰੂ ਨਾਨਕ ਜੀ ਦੇ ਦਰ ਦਾ ਨੀਯਮ ਨਹੀਂ** ਹੈ। ਅਸਾਂ ਉੱਪਰ ਪੜ੍ਹ ਲਿਆ ਹੈ ਕਿ ਕਿਸੇ ਨੂੰ ਭੈ ਦੇਣਾ ਅਤੇ ਕਿਸੇ ਮਨੁੱਖ ਦਾ ਭੈ ਮੰਨਣਾ ਸਤਿਗੁਰਾਂ ਨੇ ਸਿਧਾਂਤਕ ਤੌਰ ਤੇ ਵਰਜਿਆ ਹੋਇਆ ਹੈ।

ਅਸੀਂ ਰੋਜ਼ ਦੀ ਜਿੰਦਗੀ ਵਿਚ ਵੇਖਦੇ ਹਾਂ ਕਿ, ਜਦ ਕੋਈ ਭਲਾ ਪੁਰਸ਼ ਕਿਸੇ ਮੁਸੀਬਤ ਵਿਚ ਸਾਡੀ ਸਹਾਇਤਾ ਕਰਦਿਆਂ ਬੜਾ ਵਡਾ ਉਪਕਾਰ ਕਰਦਾ ਹੈ ਤਾਂ, ਅਸੀਂ ਕਈ ਵਾਰੀ ਸੁਤੇਅ ਹੀ ਕਹਿ ਰਹੇ ਹੁੰਦੇ ਹਾਂ ਕਿ--' ਹੇ ਭਲੇ ਪੁਰਸ਼ ! ਸਾਡੇ ਲਈ ਤਾਂ ਤੂੰ ਹੀ ਰੱਬ ਹੈਂ । ਅਤੇ ਫਿਰ ਜਿਸ ਗੁਰਬਾਣੀ ਅੱਗੇ ਸੀਸ ਨਿਵਾ ਕੇ ਦਸ਼ਮੇਸ਼ ਜੀ ਨੇ ਆਪ ਹੀ ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਾਨਕ ਜੀ ਦੀ ਗੁਰਿਆਈ ਦਾ ਮਾਲਕ ਬਣਾਇਆ, ਜਿਸ ਨੂੰ ਸਦਾ " ਪ੍ਰਗਟ ਗੁਰਾਂ ਕੀ ਦੇਹ " ਮੰਨ ਕੇ ਉਨ੍ਹਾਂ (ਦਸਾਂ ਸਤਿਗੁਰਾਂ) ਨਾਲੋਂ ਵੀ ਵੱਧ ਆਦਰ-ਸਤਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਰਦੇ ਰਹਿਣ ਦਾ ਅਤੇ ਸਦਾ ਜਿਸ ਦੀ ਸਿਖਿਆ ਅਨੁਸਾਰ ਚੱਲਣ ਦਾ ਹੁਕਮ ਆਪਣੇ ਖ਼ਾਲਸੇ ਨੂੰ ਦਿੱਤਾ ਸੀ, ਉਸ ਗੁਰੂ ਗ੍ਰੰਥ ਸਾਹਿਬ ਦੀ ਬਾਣੀ " **ਸਵਈਏ ਮਹਲੇ ਤੀਜੇ ਕੇ** " ਵਿਚ, ਤੀਸਰੇ ਪਾਤਿਸ਼ਾਹ ਜੀ ਬਾਰੇ--ਇਸ ਪ੍ਰਕਾਰ ਲਿਖਿਆ ਹੈ--

੫੮- **ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥.੨ ॥**[੧੩੯੫]-੧੬

ਧਿਆਨ ਰਹੇ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਕਾਲ ਪੁਰਖ ਨੂੰ " **ਵਾਹਿਗੁਰੂ** " ਇੱਕ ਵਾਰੀ ਵੀ ਨਹੀਂ ਕਿਹਾ। ਪਰ ਸਵੱਈਏ ਮਹਲਾ ਚੌਥੇ ਵਿਚ **ਵਾਹਿਗੁਰੂ** ਸ਼ਬਦ ੧੩ ਵਾਰ ਅਤੇ **ਵਾਹਗੁਰੂ** ੩ ਵਾਰ, ਕੇਵਲ ਗੁਰੂ ਰਾਮਦਾਸ ਚੌਥੇ ਗੁਰੂ ਨਾਨਕ ਜੀ ਲਈ ਵਰਤਿਆ ਹੈ:--

੫੯- **ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ........... ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੧ ॥** [੧੪੦੨]-੬

੬੦- **ਰਾਮ ਨਾਮ ਪਰਮ ਧਾਮ..... ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੨॥**[੧੪੦੨]-੭

੬੧- **ਪੀਤ ਬਸਨ ਕੁੰਦ ਦਸਨ.....ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੩ ॥**[੧੪੦੩]-੮

੬੨- **ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥ਨਿਰੰਕਾਰੁ ਪ੍ਰਭੁ ਸਦਾ ਸਲਾਮਤ. .... ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥ ੧ ॥** [੧੪੦੩]-੧੧

੬੩- **ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥ ....... ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ ॥ ੩** ॥ [੧੪੦੪]-੧੩-੪੨[ਏਥੇ ਵੀ ਇਕੋ ਸਵੀਏ ਵਿਚ ਦੋ ਵਾਰ ਹੈ}

ਅਤੇ ਮਥੁਰਾ ਜੀ ਭੱਟ ਭਗਤ ਨੇ ਪੰਚਮ ਪਾਤਿਸ਼ਾਹ ਜੀ ਲਈ ਇਉਂ ਲਿਖਿਆ ਹੈ--**ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥੭॥**[੧੪੦੯]-੧੯ ਅਤੇ ਫਿਰ ਪਰਮਾਤਮਾ ਨੂੰ ਹੀ ਸੰਬੋਧਨ ਕਰਕੇ ਕੀਤਾ ਪੰਚਮ ਪਾਤਸ਼ਾਹ ਜੀ ਦਾ ਪਾਵਨ ਫ਼ੁਰਮਾਨ:--

੬੪- **ਰਾਮ, ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੈ ॥ ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥ ੧ ॥ ਰਹਾਉ ॥**[੧੬੯]-੪-੧੮-੫੬

**ਅਰਥ:**--ਮੈ ਸਤਿਗੁਰੂ ਜੀ ਨੂੰ ਰਾਮ ਪਾਰਬ੍ਰਹਮ ਹੀ ਮੰਨਿਆਂ ਹੈ । (ਕਉਂਕਿ) ਮੈਂ ਤਾਂ ਮੂਰਖ ਸਾਂ, ਮਹਾਂ ਮੂਰਖ ਸਾਂ, ਮੈਲੀ ਮਤਿ ਵਾਲਾ ਸਾਂ, ਪਰ ਗੁਰੂ ਸਤਿਗੁਰੂ ਦੇ ਉਪਦੇਸ਼ ਦੀ ਬਰਕਤਿ ਨਾਲ ਮੈਂ ਪਰਮਾਤਮਾ ਨਾਲ ਜਾਣ ਪਛਾਣ ਬਣਾ ਲਈ ਹੈ । (ਇਸ ਲਈ ਮੇਰੇ ਵਾਸਤੇ ਉਹ ਗੁਰੂ ਵੀ ਪਾਰਬ੍ਰਹਮ ਹੀ ਹੈ ਜਿਸ ਨੇ ਉਸ ਅਕਾਲ ਪੁਰਖ ਨਾਲ ਮੇਰੀ ਸਾਂਝ ਬਣਾ ਦਿੱਤੀ ਹੈ । ਰਹਾਉ ।

੬੫- **.. ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ ॥ ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ ॥ ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥ ... ੪ ॥**[੫੨]-੩੦-੧੦੦

੬੬- **ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ ॥ ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ ॥ ੧ ॥ ਰਹਾਉ ॥ ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ ਜਾਇ ॥ ਗੁਰ ਚਰਣੀ ਜਿਨ ਮਨੁ ਲਗਾ ਸੇ ਵਡਭਾਗੀ ਮਾਇ ॥ ਗੁਰੁ ਦਾਤਾ, ਸਮਰਥੁ ਗੁਰੁ, ਗੁਰੁ ਸਭ ਮਹਿ ਰਹਿਆ ਸਮਾਇ ॥ਗੁਰੁ ਪਰਮੇਸਰੁ ਪਾਰਬ੍ਰਹਮੁ, ਗੁਰੁ ਡੁਬਦਾ ਲਏ ਤਰਾਏ ॥ ੨ ॥ ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ ॥ ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ॥ ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ॥ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ ॥ ੩ ॥ ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘ ਖੰਡੁ ॥ ਜਿਨ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ ॥ ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥ ਨਾਮੁ ਨਿਧਾਨੁ ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ ॥੪ ॥** [੪੯]-੨੦-੯੦

ਸਾਡੇ ਲਈ ਤਾਂ ਦਸ਼ਮੇਸ਼ ਜੀ ਹੀ ਗੁਰ-ਪਾਰਬ੍ਰਹਮ ਗੁਰ-ਪਰਮੇਸ਼ਵਰ, ਗੁਰ-ਕਰਤਾਰ ਸਭ ਕੁਝ ਹਨ। **ਸਤਿਗੁਰ ਵਿਟਹੁ ਵਾਰਿਆ ਜਿਨਿ ਦਿਤਾ ਸਚੁ ਨਾਉ ॥**[੫੫] **ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥** (੪੭੦) । **ਸਤਿਗੁਰਿ ਮਿਲਿਐ ਸਚੁ ਪਾਇਆ** (੪੬੫) । **ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨਾ ਪਾਇਆ ॥ ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥** (੪੬੬) **ਸਤਿਗੁਰੁ ਮਿਲੈ ਤ ਸੂਝੈ ਰੇ ॥ (**੧੦੦੩) ਸਤਿਗੁਰਾਂ ਨਾਲੋਂ ਦੂਰੀ ਹੋ ਜਾਏ ਤਾਂ ਪਰਮੇਸ਼ਰ ਨਾਲ ਕਦੇ ਮੇਲ ਨਹੀਂ ਰਹਿ ਸਕਦਾ। ਅਤੇ " **ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ** " ਸਾਡੇ ਲਈ ਤਾਂ ਸਤਿਗੁਰੂ ਜੀ ਸਭ ਕੁਝ ਹਨ। **ਭੀਖਾ ਜੀ** ਦੇ ਬਚਨ ਅਸਾਂ ਪਿੱਛੇ ਵੀ ਲਿਖੇ ਹਨ--

-" **ਭੀਖਾ ਵੁਹ ਨਰ ਕੌਨ ਹੈਂ ਜੋ ਗੁਰ ਕੋ ਕਹਿਤੇ ਔਰ । ਰੱਬ ਰੂਠੇ ਗੁਰ ਮੇਲਤਾ, ਗੁਰ ਰੂਠੇ ਨਹੀਂ ਠੌਰ ।** "

ਸੋ ਸਿੱਖ ਲਈ ਗੁਰੂ ਪਹਿਲਾਂ ਤੇ ਰੱਬ ਪਿਛੋਂ। ਪਰ ਏਧਰ **ਬਚਿਤ੍ਰ ਨਾਟਕ** ਦੇ ਰਚੇਤਾ **ਕਬਿ** (=ਕਵੀ) ਜੀ ਕਹਿ ਰਹੇ ਹਨ ਕਿ, ਜਿਹੜਾ ਗੁਰੂ ਨੂੰ ਪਰਮੇਸ਼ਰ ਕਹੇਗਾ ਉਹ ਨਰਕਾਂ ਦੇ ਕੁੰਡ ਵਿਚ ਜਾ ਪਵੇਗਾ। ਬਚਿਤ੍ਰ ਨਾਟਕ ਲਿਖਣ ਵਾਲੇ ਨੂੰ ਕੀ ਪਤਾ ਕਿ ਜਿਥੇ ਗੁਰੂ-ਪਰਮੇਸ਼ਰ ਜੀ ਜਾ ਬਹਿਣ ,--**ਜਿਥੇ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥**" (ਭਾਵ, ਸਤਿਗੁਰਾਂ ਦੀ ਯਾਦ ਨਾਲ ਹਿਰਦਾ ਜੁੜ ਜਾਏ ਤਾਂ) ਉਹੀ ਥਾਂ ਸੁਹਾਵਾ ਬਣ ਜਾਂਦਾ ਹੈ। ਭਾਵੇਂ ਉਹ (ਬਚਿਤ੍ਰ ਨਾਟਕ ਦੇ ਲਿਖਾਰੀ ਸ਼੍ਰੀ ਕਬਿ ਜੀ ਦਾ) ਕਿੱਡਾ ਹੀ ਭੈੜੇ ਤੋਂ ਭੈੜਾ ਨਰਕ-ਕੁੰਡ ਕਿਉਂ ਨਾ ਹੋਵੇ, ਪ੍ਰਭੂ ਦਾ ਸਿਮਰਨ ਨਰਕ ਨੂੰ ਵੀ ਸੁਰਗ ਬਣਾ ਦਿੰਦਾ ਹੈ। ਹਾਏ ! ਊਂਟ ਰੇ ਊਂਟ ! ਤੇਰੀ ਕੌਨਸੀ ਕਲ ਸੀਧੀ ' ? ਹੇ ਬਚਿਤ੍ਰ ਨਾਟਕ ! ਤੇਰੀ ਕਿਹੜੀ ਗੱਲ ਨੂੰ ਗੁਰਮਤਿ ਮੰਨਿਆਂ ਜਾਵੇ ? ਸਤਿਗੁਰੂ ਦੀ ਗੱਲ ਤਾਂ ਕਿਤੇ ਰਹੀ, ਸਿਧਾਂ ਨਾਲ ਹੋਈ ਗੋਸਟ ਸਮੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਤਾਂ ਏਥੋਂ ਤੱਕ ਫ਼ੁਰਮਾਨ ਕੀਤਾ ਹੋਇਆ ਹੈ----**ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥ ੫੧ ॥** [੯੪੩]

੨੩

# ਵੱਡੇ ਤੋਂ ਵੱਡੇ ਝੂਠ ਨੂੰ ਪੂਜਨੀਕ ਬਨਾਉਂਣ ਵਿਚ ਨਿਪੁੰਨ ਲਿਖਾਰੀ ਦਾ ਅਮੋਘ ਬਾਣ?

" ਜਨਮ ਲੈਂਦੇ ਸਾਰ ਹੀ ਬਜਰੰਗ ਬਲੀ ਹਨੂੰਮਾਨ ਨੇ ਸੂਰਜ ਨੂੰ ਮਿੱਠਾ ਫਲ ਸਮਝ ਕੇ ਨਿਗਲ ਲਿਆ ਅਤੇ ਸੰਸਾਰ ਵਿਚ ਰਾਤ ਦਾ ਘੁੱਪ ਹਨੇਰਾ ਪੱਸਰ ਗਿਆ। " ਏਡਾ ਵਡਾ ਪ੍ਰਤੱਖ ਅਤੇ ਕੋਰਾ ਝੂਠ, ਧਰਮ ਪੁਸਤਕਾਂ ਵਿਚ ਲਿਖ ਕੇ ਉਸ ਨੂੰ ਲੋਕਾਂ ਲਈ ਪੂਜਨੀਕ ਬਣਾ ਦੇਣ ਦੀ ਅਜ਼ਮਾਈ ਹੋਈ ਵਿਧੀ ਵਾਲੇ ਲਿਖਾਰੀ ਨੇ, ਉਪ੍ਰੋਕਤ ਵਿਚਾਰੇ ਸੁਧੇ ਕੁਫ਼ਰ **ਦੀ ਪੂਜਾ** ਵੀ, ਉਸੇ ਹੀ ਪੂਰਨ-ਗੁਰਦੇਵ ਸੂਰਮੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਿੱਖਾਂ ਕੋਲੋਂ ਕਰਵਾਉਣੀ ਸੀ, ਜਿਸ ਨਿਰਭੈ ਸਤਿਗੁਰੂ ਜੀ ਨੇ, ਨੌ ਸਾਲ ਦੀ ਉਮਰ ਵਿਚ ਜਨੇਊ ਪਾਉਣ ਵਾਲੀ ਬੜੀ ਜ਼ਰੂਰੀ ਪ੍ਰੋਹਿਤਵਾਦੀ-ਧਰਮ ਦੀ ਰਸਮ ਨੂੰ ਠੁਕਰਾ ਦੇਣ ਤੋਂ ਲੈ ਕੇ, ਸਾਰੀਆਂ ਕਰਮ ਕਾਂਡੀ ਵੇਦਕ-ਰਸਮਾਂ ਦੀਆਂ ਧੱਜੀਆਂ ਉਡਾਉਣੀਆਂ ਅਰੰਭ ਕਰ ਦਿੱਤੀਆਂ ਸਨ। ਗਿਆਨ ਦੀ ਖੰਡ ਵਿਚ ਲਪੇਟ ਕੇ ਝੂਠ-ਜ਼ਹਿਰ ਦੀ ਪੂਜਾ ਕਰਵਾਉਣ ਵਿਚ ਨਿਪੁੰਨ ਪ੍ਰੋਹਿਤ ਜੀ ਲਈ, ਏਥੇ ਆਪਣੇ ਝੂਠ ਦੇ ਦੁਆਲੇ **ਗਿਆਨ ਦੀ ਹੋਰ ਵੀ ਵੱਧ ਗਾੜ੍ਹੇ ਮਿੱਠੇ ਦੀ ਮੋਟੀ ਤਹਿ ਨਾਲੋ ਨਾਲ ਚਾੜ੍ਹੀ ਰੱਖਣ ਦੀ ਲੋੜ ਸੀ** ਪ੍ਰੋਹਿਤ ਜੀ ਚੰਗੀ ਤਰ੍ਹਾਂ ਜਾਣ ਚੁੱਕੇ ਸਨ ਕਿ ਖ਼ਾਲਸਾ ਜੀ ਆਪਣੇ ਸਤਿਗੁਰਾਂ ਦੇ ਬਚਨਾਂ ਤੇ ਪਰਵਾਨਿਆਂ ਵਾਂਗ ਕੁਰਬਾਨ ਹੋ ਜਾਂਦਾ ਹੈ। **ਖ਼ਾਲਸਾ ਜੀ ਦਾ ਇਹ ਵਡਾ ਗੁਣ** ਬਿੱਪ੍ਰ ਜੀ ਲਈ **ਖ਼ਾਲਸੇ ਦੀ ਕਮਜ਼ੋਰੀ** ਹੋ ਦਿੱਸਿਆ। " ਉਵੇਂ ਹੀ ਜਿਵੇ--ਮਹਾਂਭਾਰਤ ਵਿਚ ਕੌਰੋਆਂ ਦਾ ਮਾਮਾ ਸ਼ੁਕਨੀ ਦਰਯੋਦਨ ਨੂੰ ਸਿਖਿਆ ਦੇਂਦਾ ਹੋਇਆ ਕਹਿੰਦਾ ਹੈ ਕਿ ਪਾਂਡਵਾ ਕੋਲ ਹੋਰ ਸਾਰੇ **ਬਲ** (ਸ਼ਕਤੀਆਂ) ਹਨ, ਪਰ ਉਨ੍ਹਾਂ ਵਿਚ **ਛਲ-ਬਲ** (=ਕਪਟ) ਵਰਤਣ ਦੀ ਸੂਝ ਨਹੀਂ ਹੈ। ਉਨ੍ਹਾਂ ਦੇ ਇਸ ਕਪਟ ਰਹਿਤ ਹੋਣ ਵਾਲੇ ਵਾਲੇ ਗੁਣ ਨੂੰ ਹੀ ਉਨ੍ਹਾਂ ਦੇ ਵਿਰੁੱਧ ਵਰਤ ਕੇ ਅਸੀਂ ਉਨ੍ਹਾਂ ਦਾ ਨਾਸ ਕਰ ਸਕਦੇ ਹਾਂ " ।

ਗੁਰਸਿੱਖਾਂ ਦੇ ਇਸ ਅਨਮੋਲ-ਗੁਣ ਨੂੰ ਬ੍ਰਾਹਮਣ ਚੰਗੀ ਤਰ੍ਹਾਂ ਸਮਝ ਚੁੱਕਾ ਸੀ ਕਿ, ਇਹ ਜਿਸ ਵੀ ਬਚਨ ਨੂੰ ਗੁਰੂ ਬਾਣੀ ਦੇ ਅਨਕੂਲ ਸਮਝਣ (ਦਾ ਭਾਵੇਂ ਭੁਲੇਖਾ ਹੀ ਖਾ ਜਾਣ) ਉਸ ਬਚਨ ਦਾ ਬੜਾ ਸਤਿਕਾਰ ਕਰਦੇ ਹਨ। ਸੋ ਤਜਰਬੇ ਕਾਰ ਬ੍ਰਾਹਮਣ ਆਪਣੇ ਭਰਮ-ਜਾਲ ਵਿਚ ਫ਼ਸਾਉਣ ਲਈ, ਖ਼ਾਲਸਾ ਜੀ ਦੇ ਇਸੇ ਵਡਮੁੱਲੇ ਗੁਣ ਨੂੰ, ਸਿੱਖਾਂ ਲਈ ਵਡਾ ਔਗਣ ਬਣਾ ਲੈਣਾ ਚਾਹੁੰਦਾ ਸੀ। ਉਹ ਜਾਣਦਾ ਸੀ ਕਿ ਕਿੱਡੇ ਵੀ ਘਿਣਾਵਣੇ ਝੂਠ ਨਾਲ ਭਰਪੂਰ ਗਾਥਾ ਵਿਚ ਕੇਵਲ ਥੋਹੜਾ ਜਿਹਾ ਹੀ ਗੁਰਬਾਣੀ ਦੇ ਅਨਕੂਲ ਉਪਦੇਸ਼ ਲਿਖ ਦਿੱਤਾ ਜਾਵੇ ਤਾਂ ਦੂਲੇ ਖ਼ਾਲਸਾ ਜੀ ਨੇ ਸਾਰੇ ਝੂਠ ਤੁਫ਼ਾਨ ਨੂੰ ਅਤੇ ਵਡੀ ਤੋਂ ਵੱਡੀ ਅਸ਼ਲੀਲਤਾ ਨੂੰ, ਪਾਵਨ ਪਵਿੱਤਰ ਸੱਚ ਮੰਨ ਕੇ, ਹਿੰਦੂਆਂ ਨਾਲੋਂ ਵੀ ਬਹੁਤੇ ਜੋਸ਼ ਨਾਲ ਪੂਜਣਾ ਅਰੰਭ ਕਰ ਦੇਣਾ ਹੈ। ਸ਼ੁਰੂ ਤੋਂ ਹੀ ਗੁਰਬਾਣੀ ਨੂੰ ਗਹੁ ਨਾਲ ਵਾਚਦਾ ਰਹਿਣ ਦੇ ਕਾਰਨ, ਗੁਰਮਤਿ ਸਿਧਾਂਤ ਵਿਚਲੀ ਅਥਾਹ ਸ਼ਕਤੀ ਨੂੰ ਪ੍ਰੋਹਿਤ ਜੀ ਚੰਗੀ ਤਰ੍ਹਾਂ ਸਮਝ ਚੁੱਕੇ ਸਨ। ਗੁਰਬਾਣੀ ਦੇ ਅਨਕੂਲ ਕੁਝ ਛੰਦ ਜਾਂ ਚੌਪਈਆਂ, ਬੜੀ ਪ੍ਰਭਾਵ ਸ਼ਾਲੀ ਬੋਲੀ ਵਿਚ ਲਿਖ ਕੇ, ਪਹਾੜ ਜਿੱਡੇ ਪਰਤੱਖ ਝੂਠ ਵਿਚ ਰਲਾ ਦੇਣੀਆਂ, ਉੱਚ ਕੋਟੀ ਦੇ ਵਿਦਵਾਨ ਬ੍ਰਾਹਮਣ ਲਈ ਕਿਹੜੀ ਔਖੀ ਗੱਲ ਸੀ? ਅਤੇ ਫਿਰ ਗਾਥਾ ਅਨੁਸਾਰ ਦਸ਼ਮੇਸ਼ ਜੀ ਨੂੰ ਅਕਾਲ ਪੁਰਖ ਦੇ ਹੁਕਮ ਤੋਂ ਹੋਏ ਅਵਤਾਰੀ ਵੀ ਸਿੱਧ ਕਰ ਚੁੱਕਾ ਸੀ। (ਲਿਖਣ ਢੰਗ ਤੋਂ ਇਉਂ ਸਪੱਸ਼ਟ ਵੀ ਹੋ ਰਿਹਾ ਹੈ ਕਿ ਜਿਵੇਂ) ਹੁਣ ਥੋੜਾ ਚਿਰ ਬੋਲੀ ਨੂੰ ਬਦਲ ਲੈਣਾ ਲਿਖਾਰੀ ਨੇ ਜ਼ਰੂਰੀ ਮੰਨ ਲਿਆ ਸੀ ।

ਉਪ੍ਰੋਕਤ ੩੨ਵੀ ਚੋਪਈ ਤੋਂ ਅੱਗੇ ਹੁਣ ੬੪ ਵੀਂ ਚੌਪਈ (ਛੇਵੇਂ ਅਧਿਆਇ ਦੇ ਅੰਤ) ਤੱਕ ਲਿਖਣ ਵਿਧੀ ਨੇ ਪਰਤਾ ਖਾ ਲਆ। ਪਰ ਫਿਰ ਵੀ ਆਪਣੀ ਵਿਉਂਤ ਅਨੁਸਾਰ ਬ੍ਰਾਹਮਣੀ ਮਰਯਾਦਾ ਦੇ ਟੀਕੇ ਬੜੀ ਸਫ਼ਾਈ ਨਾਲ, ਨਿਰੰਤਰ ਲਾਈ ਤੁਰਿਆ ਗਿਆ:--

**ਮੈ ਹੋ ਪਰਮ ਪੁਰਖ ਕੋ ਦਾਸਾ ॥ ਦੇਖਨ ਆਯੋ ਜਗਤ ਤਮਾਸਾ ॥**
**ਜੋ ਪ੍ਰਭ ਜਗਤਿ ਕਹਾ ਸੋ ਕਹਿਹੋਂ ॥ ਮ੍ਰਿਤ ਲੋਕ ਤੇ ਮੋਨ ਨ ਰਹਿਹੋਂ ॥ ੩੩ ॥**

**ਅਰਥ**:--(ਭਾਵੇਂ ਮੈਨੂੰ ਵਾਹਿਗੁਰੂ ਨੇ ਆਪਣਾ ਪੁਤ੍ਰ ਨਿਵਾਜਿਆ ਹੈ, ਤਾਂ ਭੀ) ਮੈਂ ਵਾਹਿਗੁਰੂ ਦਾ ਦਾਸ ਨਦਾਸ ਹਾਂ। [ਉਸਦਾ ਭੇਜਿਆ ਹੋਯਾ, ਇਹ] ਜਗਤ ਰੂਪ ਤਮਾਸ਼ਾ ਵੇਖਣ ਲਈ ਆਯਾਹਾਂ। ਪ੍ਰਭੂ ਨੇ ਜੋ ਮੈਨੂੰ ਕਿਹਾ ਹੈ ਮੈਂ ਉਹ ਜਗਤ ਵਿਚ ਕਹਾਂਗਾ, ਜਗਤ ਦੇ ਲੋਕਾਂ ਤੋਂ ਡਰ ਕੇ ਚੁੱਪ ਨਹੀਂ ਰਹਾਂਗਾ । ੩੩ ।

ਸਿਆਣੇ ਪਾਠਕ ਸੱਜਣ, ਨਿਰਣਾ ਕਰ ਲੈਣ ਕਿ ਦਸ਼ਮੇਸ਼ ਜੀ ਮਨੁੱਖ ਦੀ ਜਿੰਦਗੀ ਸੁਆਰਨ ਲਈ ਕੋਈ ਮਹਾਂਨ ਸਾਕਾ ਵਰਤਾਉਣ ਆਏ ਸਨ । ਇਸ ਦਾ ਕੀ ਅਰਥ ਕਿ ਉਹ ਤਾਂ ਰੱਬ ਦੀਆਂ ਕਹੀਆਂ ਗੱਲਾਂ ਲੋਕਾਂ ਨੂੰ **ਨਿਰਭੈ ਹੋ ਕੇ** ਕਹਿਣ ਲਈ ਆਏ ਸਨ ? ਸਦੀਵੀ ਸੱਚ ਵਾਲਾ ਉਪਦੇਸ਼ ਤਾਂ ਲੋਕੀ ਸਗੋਂ ਸ਼ਰਧਾ ਨਾਲ ਸੁਣਦੇ ਹਨ। ਅਸੀਂ ਵੇਖਦੇ ਹਾਂ, ਕਿ ਚੰਗੀਆਂ ਗੱਲਾਂ ਸੁਣਨ ਦੀ ਸੱਧਰ ਵਾਲੇ ਸਰੋਤੇ ਚੰਗੇ ਉਪਦੇਸ਼ਕਾਂ ਨੂੰ ਬੜੀ ਖੁਲ੍ਹੀ ਮਾਇਆ ਖ਼ਰਚਕੇ ਵੀ ਮੰਗਾਉਂਦੇ ਹਨ। ਦਸ਼ਮੇਸ਼ ਜੀ ਵਰਗੇ ਉਪਦੇਸ਼ਕ ਸਤਿਗੁਰੂ ਜੀ ਕੋਲੋਂ, ਅਖਵਾਈ ਹੋਈ ਲੋਕਾਂ ਕੋਲੋਂ **ਡਰਨ** ਦੀ, ਅਥਵਾ **ਨਾ ਡਰਨ** ਦੀ, ਗੱਲ, ਬੜੀ ਓਪਰੀ ਅਨੁਭਵ ਹੁੰਦੀ ਹੈ। ਕਿਸੇ ਬੇਦਲੀਲੇ ਅਤੇ ਆਪਣੇ ਆਪ ਵਿਚ ਵਡਾ ਸ਼ਕਤੀ ਸ਼ਾਲੀ ਬਣੇ ਹੋਏ ਵੈਰੀ ਕੋਲੋਂ ਵੀ ਕਦੇ ਜ਼ਰਾ ਵੀ ਭੈ ਨਾ ਖਾਣ ਵਾਲੇ ਦਸ਼ਮੇਸ਼ ਹੀ, ਰੱਬ ਦੀ ਕਹੀ ਗੱਲ ਲੋਕਾਂ ਨੂੰ ਸਣਾਉਣ ਵਿਚ ਆਪਣੀ ਨਿਭੈਤਾ ਦਾ ਪ੍ਰਗਟਾਵਾ ਕਰਦੇ ਦਰਸਾ ਕੇ ਕਿਤੇ ਲਿਖਾਰੀ ਨੇ ਦਸ਼ਮੇਸ਼ ਜੀ ਨੂੰ ਟਿਚਕਰ ਹੀ ਤਾਂ ਨਹੀਂ ਕੀਤੀ ਹੋਈ?

**ਨਰਾਜ ਛੰਦ ॥**

**ਕਹਿਓ ਪ੍ਰਭੂ ਸੁ ਭਾਖਿਹੋ ॥ ਕਿਸੂ ਨ ਕਾਨ ਰਾਖਿਹੋ ॥ ਕਿਸੂ ਨ ਭੇਖ ਭੀਜ ਹੋਂ ॥ ਅਲੇਖ ਬੀਜ ਬੀਜ ਹੋਂ ॥੩੪॥**

**ਅਰਥ**:-ਜੋ ਪ੍ਰਭੂ ਨੇ ਕਿਹਾ ਹੈ, ਉਹ ਕਰਾਂਗਾ। ਕਿਸੇ ਦੀ ਪ੍ਰਵਾਹ ਨਹੀਂ ਰਖਾਂਗਾ । ਕਿਸੇ ਭੇਖ ਵਿਚ ਪ੍ਰੇਮ ਨਹੀਂ ਕਰਾਂਗਾ, ਅਲੇਖ (ਦੇ ਸਿਮਰਨ ਰੂਪ) ਬੀਜ ਨੂੰ ਬੀਜਾਂਗਾ ।੩੪ ।

**ਪਾਖਾਣ ਪੂਜਹੋਂ ਨਹੀਂ ॥ ਨ ਭੇਖ ਭੀਜਹੋਂ ਕਹੀਂ ॥ ਅਨੰਤ ਨਾਮੁ ਗਾਏ ਹੋਂ ॥ ਪਰਮ ਪੁਰਖ ਪਾਇ ਹੋਂ ॥੩੫॥**

**ਅਰਥ**:-ਮੈਂ ਪੱਥਰ ਪੂਜਕ ਨਹੀਂ ਹਾਂ, ਮੈਂ ਕਿਸੇ ਭੇਖ ਵਿਚ ਬਿੱਜਣ ਵਾਲਾ ਨਹੀਂ ਹਾਂ, ਬੇਅੰਤ ਦੇ ਨਾਮ ਨੂੰ ਸਿਮਰਾਂਗਾ। [ਇਸ ਤਰ੍ਹਾਂ] ਵਾਹਿਗੁਰੂ ਨੂੰ ਪਾਵਾਂਗਾ । ੩੫ ।

**ਜਟਾ** ਨ ਸੀਸ ਧਾਰਹੋਂ ॥ ਨ ਮੁੰਦ੍ਰਕਾ ਸੁਧਾਰਹੋਂ ॥ ਨ ਕਾਨ ਕਾਹੂ ਕੀ ਧਰੋਂ ॥ ਕਹਿਓ ਪ੍ਰਭੂ ਸੁ ਮੈ ਕਰੋਂ ॥ ੩੬ ॥

ਇਸ ਚੌਪਈ ਦੇ ਨਾਲ ਰਲਾ ਕੇ ਪਹਿਲਾਂ ਹੁਣ ਇਹ ਵੀ:--

**ਨ ਜਟਾ ਮੂੰਡ ਧਾਰੋਂ** ॥ ਨ ਮੁੰਦ੍ਰਕਾ ਸਵਰੋਂ ॥ ਜਪੋ ਤਾਸ ਨਾਮੰ ॥ ਸਰੈ ਸਰਬ ਕਾਮੰ ॥ ੫੧ ॥

ਬੜੀ ਭੁਲੇਖਾ ਪਾਊ ਬੋਲੀ ਹੈ । ਗੁਰਮਤਿ ਤੋਂ ਅਗਿਆਨੀ ਮਨੁੱਖ ਇਨ੍ਹਾਂ ਨੂੰ ਗੁਰਮਤਿ ਦੇ ਅਨਕੂਲ ਮੰਨੇਗਾ। ਪਰ ਆਉ ਪਰਖੀਏ:--

**ਛੰਦ ੩੫**--(੧) ਅਜੇਹੇ ਬਚਨ ਕਿ ਮੈਂ ਪੱਥਰ ਨਹੀਂ ਪੂਜਾਂਗਾ, ਜਾਂ, ਮੈਂ ਕਿਸੇ ਭੇਖ ਵਿਚ ਭਿੱਜਣ ਵਾਲਾ ਨਹੀਂ ਹਾਂ, ਆਦਿ ਦੀ ਮੁਹਾਰਨੀ- ਕਿਸੇ ਨੂੰ ਕੀ? ਜੇ ਲਿਖਾਰੀ ਨੇ ਕੋਈ ਕੰਮ ਨਹੀਂ ਕਰਨੇ, ਜਾਂ ਕਰਨੇ ਹਨ ਤਾਂ ਇਸ ਨਾਲ ਦੂਜੇ ਨੂੰ ਕੀ? ਇਨ੍ਹਾਂ ਕਰਮਾ ਦੇ ਕਰਨ ਵਿਚ ਕੀ ਖੋਟ ਹੈ ? ਅਤੇ ਅਜੇਹਾ ਨਾ ਕਰਨ ਵਿਚ ਗੁਣ ਕੀ ਹੈ ? ਇਹ ਗਿਆਨ ਕਿਸੇ ਨੂੰ ਕਿਵੇਂ ਅਤੇ ਕਿੱਥੋਂ ਮਿਲੇ ? ਪਰ ਜੇ ਅਜੇਹੇ ਬਚਨਾਂ ਦੁਆਰਾ ਲਿਖਾਰੀ ਜੀ ਆਪਣੀ ਵਡਿਆਈ ਦੱਸ ਰਹੇ ਹਨ, ਤਾਂ ਆਪਣੇ ਗੁਣ, ਆਪਣੇ ਹੀ ਮੂਹੋਂ ਦੱਸਣੇ ਗੰਭੀਰ ਮਹਾਂ ਪੁਰਖਾਂ ਲਈ ਬੜਾ ਵੱਡਾ ਔਗਣ ਬਣ ਖਲੋਂਦਾ ਹੈ। ਮਨੁੱਖ ਦੇ ਕਰਮਾ ਤੋਂ ਹੀ ਮਨੁੱਖ ਦੀ ਸਚਿਆਈ ਸਾਰਾ ਜੱਗਤ ਜਾਣ ਲੈਂਦਾ ਹੈ:--**ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥ ੧ ॥ ਰਹਾਉ ॥** [੬੬੨] ਸਚਿਆਰ ਨੂੰ ਬੋਲ ਕੇ ਦੱਸਣ ਦੀ ਕੀ ਲੋੜ? (੨) " ਅਨੰਤ ਪਰਮਾਤਮਾ ਦਾ ਨਾਮ ਜਪ ਕੇ ਮੈਂ **ਉਸ ਨੂੰ ਪਾ ਲਵਾਂਗਾ "** (ਭਾਵ, ਅਜੇ ਤੱਕ ਰੱਬ ਨੂੰ ਪਾਇਆ ਨਹੀਂ ਸੀ ?) ਜੇ ਇਹ ਬਚਨ ਦਸ਼ਮੇਸ਼ ਜੀ ਦੇ ਆਪਣੇ ਮੰਨ ਲਈਏ ਤਾਂ, ਏਸੇ ਨਾਟਕ ਵਿਚ ਹੀ ਕਥਿਤ ਤੌਰ ਤੇ ਉਚਾਰੇ ਉਨ੍ਹਾਂ ਦੇ ਆਪਣੇ ਬਚਨ--ਕਿ ਹੇਮ ਕੁੰਡ ਪਰਬਤ ਤੇ ਘੋਰ ਤਪੱਸਿਆ ਸਾਧ ਕੇ ਉਹ ਦੋ ਤੋਂ ਇੱਕ ਰੂਪ ਹੋ ਗਏ ਸਨ ਅਤੇ ਪਰਮਾਤਮਾ ਨੇ ਉਨ੍ਹਾਂ ਨੂੰ ਆਪਣਾ ' ਸੁਤ " ਕਹਿ ਕੇ ਨਿਵਾਜਿਆ ਸੀ " **ਕੀ ਝੂਠ ਸਨ** ? ਕੀ, ਹੇਮ ਕੁੰਡ ਤੇ ਉਨ੍ਹਾਂ ਨੇ ਪ੍ਰਭੂ ਨੂੰ ਪਾ ਨਹੀਂ ਸੀ ਲਿਆ? ਕਿਹੋ ਜਿਹਾ ਹੈ ਇਹ ਗਿਆਨ ? ਗੁਰੂ-ਬਾਣੀ ਵਿਚ, ਨਾਮ ਸਿਮਰਨ ਦੀਆਂ ਵਡਿਆਈਆਂ ਦੇ, ਅਤੇ ਪ੍ਰਭੂ ਦੀ ਸਦੀਵੀ ਯਾਦ ਹਿਰਦੇ ਵਿਚ ਵਸਾਉਣ ਦੇ ਉਪਦੇਸ਼ ਵਾਲੇ ਬੇਅੰਤ ਗੁਰੂ-ਸ਼ਬਦ ਹਨ ਪਰ ਅਜੇਹਾ ਬਚਨ ਇੱਕ ਵੀ ਨਹੀਂ ਹੈ, ਕਿ,--" ਮੈਂ ਅਨੰਤ ਪ੍ਰਭੂ ਦਾ ਨਾਮ ਸਿਮਰ ਕੇ ਉਸ ਨੂੰ ਪਾ **ਲਵਾਂਗਾ** "? ਮਨੁੱਖ ਦਾ ਮਨ ਕਿਹੜੇ ਵੇਲੇ ਕਿੱਧਰ ਨੂੰ ਮੋੜਾ ਖਾ ਜਾਵੇ, ਭਵਿਖ ਦਾ ਕੀ ਭਰੋਸਾ ?

**ਛੰਦ ੩੬**:--ਕਹਿਣ ਦਾ ਢੰਗ ਤਾਂ ਏਥੇ ਵੀ ਉਹੀ ਹੈ ਪਰ **ਜਟਾਂ** ਦਾ ਅਰਥ ਜੇ **ਕੇਸ** ਮੰਨ ਲਏ ਜਾਣ ਤਾਂ ਕੀ ਤਮਾਸ਼ਾ ਬਣੇ ? ਅਜੇਹਾ ਮੰਨ ਲੈਣਾ ਵਡਾ ਅਨਰਥ ਹੋਵੇਗਾ। ਕੀ ਦਸ਼ਮੇਸ਼ ਜੀ ਕੇਸ ਰੱਖਣ ਦੇ ਵਿਰੁੱਧ ਸਨ ? ਉਪ੍ਰੋਕਤ ਦੋਹਾਂ ਛੰਦਾ ਵਿਚ ਆਏ **ਜਟਾ** ਦਾ ਅਰਥ ਭੇਖੀ ਨਾਂਗੇ ਸਾਧਾਂ ਦੀਆਂ ਅਥਵਾ ਜੋਗੀਆਂ ਆਦਿ ਦੀਆਂ ਜੜਾਂਵਾਂ ਕਰਨਾ ਹੀ ਠੀਕ ਹੈ । ਪਰ ਸਮੱਸਿਆ ਇਹ ਹੈ ਕਿ-- " **ਅਕਾਲ ਉਸਤਤਿ** " ਬਾਣੀ ਦੇ " ਤਵ ਪ੍ਰਸਾਦਿ ਸਵਯੇ -- ਸਿਰਲੇਖ ਦੇ ਅੰਤਲੇ ਸਵੱਯੇ ਵਿਚ **ਜਟਾ** ਨਹੀਂ ਸਗੋਂ **ਕੇਸ** ਪਦ ਵਰਤਿਆ ਹੋਇਆ ਹੈ:--'

**ਤੀਰਥ ਕੋਟ ਕੀਏ ਇਸਨਾਨ, ਦੀਏ ਬਹੁ ਦਾਨ ਮਹਾਂ ਬ੍ਰਤ ਧਾਰੇ ॥**
**ਦੇਸ ਫਿਰਿਓ ਕਰ ਭੇਸ ਤਪੋਧਨ, ਕੇਸ ਧਰੇ ਨ ਮਿਲੇ ਹਰਿ ਪਿਆਰੇ ॥**
**ਆਸਵਨ ਕੋਟਿ ਕਰੇ ਅਸਟਾਂਗ ਧਰੇ ਬਹੁ ਨਿਆਸ ਕਰੇ ਮੁਖ ਕਾਰੇ ॥**
**ਦੀਨ ਦਇਆਲ ਅਕਾਲ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ ॥ ੨੫੨ ॥**

ਹੁਣ ਜਦ ਅਸੀਂ ਉਪਰ ਦੋ ਛੰਦਾਂ ਵਿਚਲੇ **ਜਟਾ** ਪਦ ਦਾ ਅਰਥ **ਜਟਾਂ** ਜਾਂ ਜੜਾਵਾਂ ਹੀ ਕੀਤਾ ਹੈ, ਤਾਂ ਏਥੇ ਦਸਮ ਗ੍ਰੰਥ ਦੇ ਕਿਸ ਨਿਯਮ ਅਨੁਸਾਰ ਅਸੀਂ **ਕੇਸ** ਦੇ ਅਰਥ ਬਦਲ ਕੇ **ਜਟਾਂ** ਕਰ ਸਕਦੇ ਹਾਂ ? ਕੇਸ ਕਤਲ ਕਰਾਉਣ ਦੇ ਹੱਕ ਵਿਚਲੀ ਦੁਨੀਆਂ ਕੀ, ਏਥੇ ਵੀ ਕੇਸ ਦਾ ਅਰਥ ਕੇਸ ਹੀ ਰਖਣ ਤੇ ਜ਼ਿੱਦ ਨਹੀਂ ਕਰ ਸਕਦੀ? ਸਾਨੂੰ ਸਾਰਿਆਂ ਨੂੰ ਇਹ ਮੰਨਣਾ ਪਵੇਗਾ ਕਿ, ਅਜੇਹੀ ਸਮੱਸਿਆ ਖੜੀ ਹੋ ਜਾਣ ਦਾ ਕਾਰਨ ਕੇਵਲ ਏਹੀ ਹੈ ਕਿ, **ਦੋਂਹੀਂ ਥਾਈ ਲਿਖਾਰੀ ਇੱਕੋ ਨਹੀਂ ਹੈ**।

**ਭਜੋਂ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ । ਨ ਜਾਪ ਆਨ ਕੋ ਜਪੋਂ । ਨ ਅਉਰ ਥਾਪਨਾ ਥਪੋ। ੩੭।**

**ਅਰਥ**:-ਇਕ ਉਸ ਦੇ ਨਾਮ ਨੂੰ ਜਪਾਂਗਾ, ਜੋ ਸਾਰੇ ਕੰਮ [ਬਨਾਉਂਦਾ] ਹੈ। ਹੋਰ [ਕਿਸੇ] ਦੇ ਜਾਪ ਨੂੰ ਨਹੀਂ ਜਪਾਂਗਾ । ਨ [ਕੋਈ] ਹੋਰ ਬਨਾਉਟ ਬਨਾਵਾਂਗਾ । ੩੭।

ਪੰਡਿਤ ਗਿਆਨੀ ਨਰਾਇਣ ਸਿੰਘ ਜੀ ਟੀਕਾਕਾਰ ਅਨੁਸਾਰ, ਅਗਲੇ ੩੮ ਤੋਂ ੪੦ ਤੱਕ ਅਤੇ ਫਿਰ ੫੨ ਨੰਬਰ ਛੰਦ, ਵਿਚ ਲਿਖਾਰੀ ਏਹੀ ਕਹੀ ਜਾ ਰਿਹਾ ਹੈ ਕਿ ਮੈ ਕੇਵਲ ਉਸੇ ਦਾ ਹੀ ਨਾਮ ਜਪਾਂਗਾ, ਉਸ ਬੇਅੰਤ ਪ੍ਰਭੂ ਤੋਂ ਬਿਨਾ ਕਿਸੇ ਹੋਰ ਦਾ ਧਿਆਨ ਵੀ ਨਾ ਧਰਾਂਗਾ, ਉਸ ਦੇ ਰੂਪ ਵਿਚ ਰਚ ਕੇ ਅਭੇਦ ਹੋ ਜਾਵਾਂਗਾ, ਅੱਖੀਆਂ ਬੰਦ ਕਰਨ ਵਾਲੇ ਪਖੰਡ ਅਤੇ ਹੋਰ ਖੋਟੇ ਕਰਮ ਮੈਂ ਨਹੀ ਗਰਾਂਗਾ, ਆਦਿ ਆਦਿ। ਅਜੇਹੇ ਬਚਨਾਂ ਤੋਂ ਇਉਂ ਲੱਗਦਾ ਹੈ ਕਿ ਦਸ਼ਮੇਸ਼ ਜੀ ਆਪਣੇ ਮਨ ਦੀ ਗੱਲ ਜਾਂ ਆਤਮ ਕਥਾ ਸੁਣਾ ਰਹੇ ਹਨ। ਪਾਠਕ ਨੂੰ ਆਪਣੇ ਲਈ ਉਪਦੇਸ਼ ਮਿਲਣਾ, ਕੇਵਲ ਪਾਠਕ ਦੇ ਆਪਣੇ ਵਿਚਾਰਾਂ ਤੇ ਨਿਰਭਰ ਹੈ। **ਗੁਰੂ** ਅਤੇ **ਸਿੱਖਸ਼ਕ** ਵਾਲਾ ਨਾਤਾ ਅਜੇਹੇ ਲਿਖਣ-ਢੰਗ ਨਾਲ ਕਦੇ ਸਥਾਪਤ ਨਹੀਂ ਹੁੰਦਾ। ਦੀਖਿਆ ਅਥਵਾ ਉਪਦੇਸ਼ ਦੇਣ ਦਾ ਇਹ ਤਰੀਕਾ ਕਦੇ ਕਿਸੇ ਗੁਰੂ ਨੇ ਨਹੀਂ ਅਪਨਾਇਆ। ਗਿਆਨੀ ਜੀ ਦੇ ਕੀਤੇ ਅਰਥ ਵਿਗਾੜਨ ਤੋਂ ਬਿਨਾ ਉਪ੍ਰੋਕਤ ਸ਼ੰਕਿਆਂ ਦਾ ਸਮਾਧਾਨ ਨਹੀਂ ਲੱਭ ਸਕਦਾ। **ਨਰਾਜ ਛੰਦਾਂ ਤੋਂ ਅੱਗੇ** ਹੁਣ:--

**ਚੌਪਈ ॥**

**ਜਿਨ ਜਿਨ ਨਾਮ ਤਿਹਾਰੋ ਧਿਆਇਆ ॥ ਦੁਖ ਪਾਪ ਤਿਹ ਨਿਕਟ ਨ ਆਇਆ ॥**
**ਜੇ ਜੇ ਅਉਰ ਧਿਆਨ ਕੋ ਧਰਹੀਂ ॥ ਬਹਿਸ ਬਹਿਸ ਬਾਦਨ ਤੇ ਮਰਹੀ ॥ ੪੧ ॥**

**(੪੨ ੪੩ ਅਤੇ ੪੪ ੪੫ ਚੌਪਈਆਂ ਅੱਗੇ ਅੱਡਰੀਆਂ ਵਿਚਾਰੀਆਂ ਗਈਆਂ ਹਨ )**

**ਅਵਰਨ ਕੀ ਆਸਾ ਕਿਛੁ ਨਾਹੀ ॥ ਏਕੈ ਆਸ ਧਰੋ ਮਨ ਮਾਹੀ ॥**
**ਆਨ ਆਸ ਉਪਜਤ ਕਿਛੁ ਨਾਹੀ ॥ ਵਾਕੀ ਆਸ ਧਰੋ ਮਨ ਮਾਹੀ ॥ ੪੬ ॥**

**ਚੌਪਈ ॥ ਕਈ ਕੋਟਿ ਮਿਲਿ ਪੜਤ ਕੁਰਾਨਾ ॥ ਬਾਚਤ ਕਿਤੇ ਪੁਰਾਨ ਅਜਾਨਾ ॥**
**ਅੰਤ ਕਾਲ ਕੋਈ ਕਾਮ ਨ ਆਵਾ ॥ ਦਾਵ ਕਾਲ ਕਾਹੂ ਨ ਬਚਾਵਾ ॥ ੪੮ ॥**
**ਕਿਉ ਨ ਜਪੋ ਤਾ ਕੋ ਤੁਮ ਭਾਈ ॥ ਅੰਤ ਕਾਲ ਜੋ ਹੋਇ ਸਹਾਈ ॥**
**ਫੋਕਟ ਧਰਮ ਲਖੋ ਕਰ ਭਰਮਾ ॥ ਇਨ ਤੇ ਸਰਤ ਨ ਕੋਈ ਕਰਮਾ ॥ ੪੯ ॥**

ਫਿਰ ਰਸਾਵਲ ਛੰਦ ੫੩ ਤੋਂ ੫੫ ਤੱਕ ਅਤੇ, ੫੬ ਨੰਬਰ ਦੋਹਰਾ, ਫਿਰ ੫੭ ਤੋਂ ੬੨ ਤੱਕ ਉਪ੍ਰੋਕਤ ਬਚਨਾਂ ਜਿਹੇ ਬਚਨ ਹਨ ਜਿਨ੍ਹਾਂ ਨੂੰ ਸ਼ੁਧ ਬ੍ਰਹਮ-ਗਿਆਨ ਤਾਂ ਭਾਵੇਂ ਨਹੀਂ ਮਿਲ ਰਿਹਾ, ਪਰ ਇਹ ਬਚਨ ਗੁਰਮਤਿ ਤੋਂ ਵਿਰੁੱਧ ਵੀ ਨਹੀਂ ਕਹੇ ਜਾ ਸਕਦੇ। ਨਾਲ ਇਹ ਵੀ ਸੱਚ ਹੈ ਕਿ ਬ੍ਰਾਹਮਣ ਦੇ ਲਿਖੇ ਕਈ ਗ੍ਰੰਥਾਂ ਵਿਚ ਇਸ ਤੋਂ ਵੱਧ ਪ੍ਰਭਾਵਸ਼ਾਲੀ ਕਵਿਤਾ ਵਿਚ ਅਜੇਹਾ ਕੁੱਝ ਲਿਖਿਆ ਮਿਲ ਜਾਂਦਾ ਹੈ ਜੋ ਵੀ ਗੁਰਮਤਿ ਦੀ ਕਸਵੱਟੀ ਤੇ ਸ਼ੁੱਧ ਉਤਰਦਾ ਹੈ। ਉਦਾਹਰਣ ਵਜੋਂ ਰਾਮ ਚ੍ਰਿਤਰ ਮਾਣਸ ਵਿਚ ੫੭੬ ਸਫ਼ੇ ਤੇ ਸਰੂਪ ਨਖਾ ਦਾ ਬਚਨ:--

ਵਿਦਯਾ ਬਿਨ ਬਿਬੇਕ ਉਪਜਾਏ ॥ ਸ੍ਰਮ ਫਲ ਪਢੇ ਕਿਯੇ ਅਰੁ ਪਾਏ ॥ ਸੰਗ ਤੇ ਜਤੀ ਕੁਮੰਤ੍ਰ ਤੇ ਰਾਜਾ ॥
ਮਾਨ ਤੇ ਗਯਾਨ ਪਾਨ ਤੇ ਲਾਜਾ ॥ ਪ੍ਰੀਤਿ ਪ੍ਰਨਯ ਬਿਨੁ ਮਦ ਗੁਨੀ ॥ ਨਾਸਹਿ ਬੇਗਿ ਨੀਤਿ ਅਸ ਮੁਨੀ ।

**ਅਰਥ:**--ਬਿਨਾ ਵਿਚਾਰ ਦੇ ਪੜ੍ਹਨ ਕਰਕੇ ਉਸਦਾ ਫਲ ਕੇਵਲ ਖੇਚਲ ਹੀ ਹੈ। (ਅਖੰਡ ਪਾਠ ਸਿਵਾਏ ਖੇਚਲ ਦੇ ਹੋਰ ਕੀ ਹਨ?) ਵਿਸ਼ੇ, ਰਾਗ ਦੀ ਸੰਗਤ ਕਰਕੇ ਸੰਨਯਾਸ, ਬੁਰੀ ਸਲਾਹ ਕਰਕੇ ਰਾਜਾ, ਮਾਣ ਕਰਣ ਨਾਲ ਗਯਾਨ, ਸ਼ਰਾਬ ਪੀਣ ਨਾਲ ਸ਼ਰਮ, ਨਿੰਮ੍ਰਤਾ ਬਗੈਰ ਪ੍ਰੇਮ, ਹੰਕਾਰ ਨਾਲ ਗੁਣ, ਇਹ ਸ਼ੀਘਰ ਹੀ ਨਸ਼ਟ ਹੋ ਜਾਂਦੇ ਹਨ। ਇਸ ਗਿਆਨ ਨੂੰ ਵੀ ਗੁਰਮਤਿ ਦੀ ਖੰਡਨਾ ਵਾਲਾ ਸਿੱਧ ਨਹੀਂ ਕਰ ਸਕਦੇ। ਪਰ ਉਂਜ ਰਾਮਾਇਨ ਗਾਥਾ ਕੇਵਲ ਕਲਪਣਾ ਦੀ ਉਪਜ ਇੱਕ ਮਿੱਥ ਹੀ ਹੈ।

ਇਸ ਕਾਰਨ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਸ ਗ੍ਰੰਥ ਵਿਚਲੇ ਅਜੇਹੇ ਬਚਨ ਦਸ਼ਮੇਸ਼ ਜੀ ਦੀ ਆਪਣੀ ਕਿਰਤ ਹਨ। ਇਥੇ ਇਹ ਗੱਲ ਵੀ ਧਿਆਨ ਦੇਣ ਗੋਚਰੀ ਹੈ ਕਿ ਲਿਖਾਰੀ ਜੀ ਦਸਮਗ੍ਰੰਥ ਵਿਚ ਜੰਗਾਂ ਜੁਧਾਂ ਦਾ ਵਰਣਨ ਲਿਖਣ ਸਮੇਂ, ਗ੍ਰੰਥ ਦੇ ਵਧ ਜਾਣ ਦਾ ਜ਼ਿਕਰ ਕਿਤੇ ਨਹੀਂ ਕਰਦੇ, ਅਜੇਹਾ ਜ਼ਿਕਰ ਕੇਵਲ ਉਥੇ ਹੀ ਆਇਆ ਮਿਲਦਾ ਹੈ ਜਿੱਥੇ ਕਵੀ ਜੀ ਨੇ ਕਹਾਣੀ ਨੂੰ ਮੋੜ ਦੇਣਾ ਹੋਵੇ, ਤੇ ਜਾਂ ਉਸ ਵਿਸ਼ੇ ਪ੍ਰਥਾਇ ਲਿਖਣ ਨੂੰ ਕੁਝ ਨਾ ਸੁੱਝਦਾ ਹੋਵੇ। ਸਤਿਗੁਰਾਂ ਨੇ ਜਦ ਵੀ ਬ੍ਰਹਮ ਗਿਆਨ ਲਿਖਣਾ ਅਰੰਭਿਆ, ਕਲਮ ਰੁਕਣ ਵਿਚ ਆਉਂਦੀ ਨਹੀਂ ਦਿਸਦੀ। ਪਰ ਏਥੇ ਲਿਖਾਰੀ ਜੀ ਚੰਗੇ ਬਚਨ ਲਿਖਣ ਤੋਂ ਇਕ ਦਮ ਖਿਸਕ ਜਾਣਾ ਚਾਹੁੰਦੇ ਅਨੁਭਵ ਹੋ ਰਹੇ ਹਨ। ੬੨ਵੀਂ ਚੌਪਈ ਤੋਂ ਝੱਟ ਹੀ ਅਗਲੀ ੬੩ਵੀਂ ਚੋਪਈ ਵਿਚ ਲਿਖਦੇ ਹਨ ਕਿ ਅਜੇਹਾ ਬਹੁਤਾ ਬਿਸਥਾਰ ਕੋਈ ਕਿਥੋਂ ਤੱਕ ਲਿਖੇ:--

**ਬਹੁ ਬਿਸਥਾਰ ਕਹ ਕਉ ਕੋਈ ਕਹੈ ॥ ਸਮਝਤ ਬਾਤਿ ਥਕਤ ਹੁਐ ਰਹੈ ॥**
**ਰਸਨਾ ਧਰੈ ਕਈ ਜੋ ਕੋਟਾ ॥ ਤਦਪਿ ਗਨਤ ਤਿਹ ਪਰਤ ਸੁ ਤੋਟਾ ॥ ੬੩ ॥**

**ਅਰਥ:**--ਬਹੁਤ ਵਿਸਥਾਰ ਹੈ, ਕੋਈ ਕਿਥੋਂ ਤੱਕ ਕਹੇ ? (ਜਦ ਇਸ) ਗੱਲ ਨੂੰ ਸਮਝਦਾ ਹੈ, (ਤਾਂ) ਥਕਤ ਹੋ ਕੇ (ਚੁਪ ਕਰ) ਰਹਿੰਦਾ ਹੈ। ਜੇ ਕੋਈ ਕ੍ਰੋੜਾਂ ਜੀਭਾਂ ਨੂੰ ਧਾਰਨ ਕਰ ਲਵੇ, ਤਾਂ ਭੀ (ਉਸਦੇ ਨਾਮਾਂ ਸੀ) ਗਿਣਤੀ ਕਰਿਆਂ, ਉਸ ਨੂੰ ਤੋਟਾ ਹੀ ਪਵੇਗਾ, (ਨਾਮ ਬੇਅੰਤ ਦਿੱਸਣਗੇ, ਜੀਭਾਂ ਪੂਰੀਆਂ ਨਹੀਂ ਹੋ ਸਕਦੀਆਂ ਕਿਉਂਕਿ ਉਹ ਅਕਹਿ ਹੈ) ।੬੩।

੨੪

# ਦੁਸ਼ਟ ਪਦ ਅਤੇ ਗੁਰਮਤਿ

**ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥ ੪੨ ॥**

ਪਦ ਅਰਥ:--**ਦੁਸ਼ਟ**=ਕਲੰਕੀ, ਖੋਟਾ, ਵੈਰੀ। **ਪਛਾਰੋ**= ਧਰਤੀ ਤੇ ਪਟਕਣਾਬੇਸੁੱਧ ਹੋ ਕੇ ਡਿੱਗਣਾ]

**ਅਰਥ:**--ਅਸੀਂ ਇਸ ਕੰਮ (ਨੂੰ ਪੂਰਾ ਕਰਨ ਲਈ) ਜਗਤ ਵਿਚ ਆਏ ਹਾਂ--ਧਰਮ (ਦੇ ਪ੍ਰਚਾਰ) ਵਾਸਤੇ ਨਿਰੰਕਾਰ ਜੀ ਨੇ ਸਾਨੂੰ ਭੇਜਿਆ ਹੈ। (ਸਾਨੂੰ ਹੁਕਮ ਦਿੱਤਾ ਹੈ)--ਤੁਸੀਂ ਜਿੱਥੇ ਕਿਥੇ ਧਰਮ ਦਾ ਪਰਚਾਰ ਕਰੋ, ਅਤੇ ਦੁਸ਼ਟਾਂ ਨੂੰ ਫੜ ਕੇ ਪਟਕਾ ਦਿਉ । ੪੨ ।

(੧) ਗੁਰਸਿੱਖੀ ਦਾ ਨਿਰਮਲ ਪੰਥ ਤਾਂ ਗੁਰੂ ਨਾਨਕ ਸਾਹਿਬ ਜੀ ਨੇ ੨੦੦ ਸਾਲ ਪਹਿਲਾਂ ਹੀ ਚਲਾ ਲਿਆ ਹੋਇਆ ਸੀ। ਬੁੱਧ, ਜੈਨ ਇਸਲਾਮ, ਈਸਾਈ ਅਥਵਾ ਹਿੰਦੂ ਆਦਿ, ਕਈ ਧਰਮ ਤਾਂ ਪਹਿਲਾਂ ਹੀ ਚਲੇ ਹੋਏ ਸਨ। ਫਿਰ ਲਿਖਾਰੀ ਜੀ ਨੇ ਹੋਰ ਕਿਹੜਾ ਧਰਮ ਚਲਾਉਂਣਾ ਸੀ? ਜੇ ਲਿਖਾਰੀ ਜੀ ਇਹ ਸਮਝਦੇ ਸਨ ਕਿ ਨਿਰਮਲ ਪੰਥ ਨੂੰ ਹੀ ਖ਼ਾਲਸਾ ਪੰਥ ਨਾਮ ਦੇਣਾ ਉਨ੍ਹਾਂ ਲਈ ਨਵਾਂ ਧਰਮ ਸੀ, ਤਾਂ ' ਖ਼ਾਲਸਾ ਧਰਮ ਚਲਾਉਣ ਬਾਰੇ ਸਪੱਸ਼ਟ ਜ਼ਿਕਰ ਕਰ ਦੇਣ ਵਿਚ ਸੰਗ ਕਿਸ ਗੱਲ ਦੀ ਸੀ? ਲਿਖ ਸਕਦੇ ਸਨ ਕਿ ਮੈ੍ਂ ਖ਼ਾਲਸਾ ਪੰਥ ਚਲਉਂਣ ਆਇਆ ਹਾਂ । ਭੁਲੇਖਾ ਇਸ ਲਈ ਰਖਿਆ ਕਿ,ਆਪੇ ਅੰਦਾਜ਼ੇ ਲਾਉਂਦੇ ਆਪਸ ਵਿਚ ਝਗੜਦੇ ਖ਼ੁਆਰ ਹੁੰਦੇ ਰਹਿਣਗੇ ?

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ **ਦੁਸਟ ਸਭਨ ਕੋ ਮੂਲ ਉਪਾਰਨ** ॥ ੪੩ ॥

**ਅਰਥ:**--ਅਸਾਂ ਏਸੇ ਕੰਮ ਵਾਸਤੇ (ਜਨਮੰ) ਅਵਤਾਰ ਧਾਰਿਆ ਹੈ । ਹੇ ਸਾਰੇ ਸੰਤੋ ! (ਤੁਸੀਂ ਆਪਨੇ) ਮਨ ਵਿਚ (ਇਸ ਗੱਲ ਨੂੰ ਚੰਗੀ ਤਰ੍ਹਾਂ) ਸਮਝ ਲਵੋ । (ਸਾਡਾ ਕੰਮ ਹੈ) (੧) ਧਰਮ ਦਾ ਪਰਚਾਰ ਕਰਨਾ । (ਪਰ ਕਿਹੜੇ ਧਰਮ ਦਾ ? ਇਸ ਪ੍ਰਸ਼ਨ ਦਾ ਠੀਕ ਉਤਰ ਇਸ ਗ੍ਰੰਥ ਵਿਚੋਂ ਤਾਂ ਮਿਲਿਆ ਨਹੀਂ) । (੨) ਸੰਤਾ ਦੀ ਰਖਿਆ ਕਰਨੀ । (੩) (ਧਰਮ ਦੇ ਵਿਰੋਧੀ) ਸਾਰੇ ਦੁਸ਼ਟਾਂ ਨੂੰ ਮੁਢੋਂ ਪੁੱਟ ਦੇਣਾ । (ਨਸਾਤਕਾਂ ਨੇ ਤਾਂ ਕਈ ਦੇਸ਼ਾਂ ਦਾ ਰਾਜ ਸਾਂਭਿਆ ਹੋਇਆ ਹੈ । ਲਿਖਾਰੀ ਨੇ, ਧਰਮ ਦੇ ਵੈਰੀਆਂ ਦਾ ਮੁਢੋਂ ਹੀ ਨਾਸ ਕਰ ਦੇਣ ਵਾਲੀ ਕੋਰੀ ਗੱਪ ਹੀ ਲਿਖੀ ਲੱਗਦੀ ਹੈ ?)

ਗੁਰੂ ਨਾਨਕ ਪਾਤਸ਼ਾਹ ਜੀ ਨੇ ਕਿਸੇ ਕਥਿਤ **ਦੁਸ਼ਟ** ਨੂੰ ਮਾਰ ਦੇਣ ਦੀ ਕਦੇ ਕੋਈ ਗੱਲ ਨਹੀਂ ਕੀਤੀ। ਸਗੋਂ ਕੁਰਾਹੇ ਪਏ ਅਪਰਾਧੀ ਦੇ ਅੰਦਰੋਂ **ਦੁਸ਼ਿਟਤਾਈ** ਨੂੰ ਜੜ੍ਹਾਂ ਤੋਂ ਖ਼ਤਮ ਕਰਨ ਦੀ ਸਮਰਥਾ ਆਪਣੇ ਪੰਥ ਨੂੰ ਬਖ਼ਸ਼ੀ ਸੀ। ਸਤਿਗੁਰਾਂ ਨੇ ਵੱਡੇ ਤੋਂ ਵੱਡੇ ਜ਼ਾਲਮ-ਦੁਸ਼ਟ ਨੂੰ ਵੀ ਜਾਨੋਂ ਨਹੀਂ ਸੀ ਮਾਰਿਆ, ਸਗੋਂ ਉਸ (ਨਿਰਦਈ ਜ਼ਾਲਮ) ਨੂੰ ਮਨੁੱਖਤਾ ਦਾ ਸੇਵਕ ਬਣਾ ਦਿੱਤਾ। ਜਦੋਂ ਹੀ ਕੋਈ ਦੁਸ਼ਟ ਆਪਣੇ ਪਾਪ-ਕਰਮਾਂ ਤੋਂ

ਹਟ ਗਿਆ ਸਤਿਗੁਰਾਂ ਨੇ ਉਸ ਨੂੰ ਓਵੇ ਹੀ ਸਤਿਕਾਰ ਦੀ ਬਖ਼ਸ਼ਸ਼ ਕੀਤੀ, ਜਿਵੇਂ ਗੁਰੂ ਦਰ ਤੇ ਦੂਜੇ ਸਿੱਖਾਂ ਦੀ ਕਦਰ ਕੀਮਤ **ਯੋਗਤਾ ਅਨੁਸਾਰ** ਪੈਂਦੀ ਰਹੀ ਹੈ। ਕੁਝ ਇਤਿਹਸਕ ਉਦਾਹਰਣਾ ਇਸ ਪ੍ਰਕਾਰ ਹਨ:---

**(੧)** ਅਜੋਕੇ ਪਾਕਿਸਤਾਨ ਦੇ ਮੁਲਤਾਨ ਸ਼ਹਿਰ ਦੇ **ਤੁਲੰਬਾ** ਨੱਗਰ ਦੇ ਵਾਸੀ, ਵਿਸ਼ਵਾਸ਼ਘਾਤੀ, ਦੁਰਾਚਾਰੀ ਕਾਤਲ ਠੱਗ ਨੂੰ ਭਾਈ ਸੱਜਣ ਬਣਾ ਕੇ ਉਸ ਦੇ ਜ਼ੁਲਮੀ ਕਾਰਿਆਂ ਵਾਲੇ ਅੱਡੇ ਨੂੰ ਸਿੱਖੀ ਪਰਚਾਰ ਦੀ ਧਰਮਸਾਲਾ ਬਣਾਇਆ, ਨਿਰਦਈ ਠੱਗ ਤੋਂ **ਭਾਈ** ਬਣ ਚੁੱਕੇ ਸੱਜਣ ਜੀ ਨੂੰ, ਗੁਰਸਿੱਖੀ ਦਾ ਪਰਚਾਰਕ ਅਤੇ ਮਨੁੱਖਤਾ ਦਾ ਸੇਵਕ ਥਾਪ ਦਿੱਤਾ। ਬੰਦੇ ਖਾਣੇ ਕਥਿਤ ਭੀਲ ਨੂੰ ਭਾਈ ਕੌਡਾ ਅਤੇ ਵਡੇ ਚੋਰ ਨੂੰ ਭਾਈ ਭੂਮੀਆਂ ਅਖਵਾਉਂ ਜੋਗਾ ਬਣਾ ਦਿੱਤਾ। ਯੂ ਪੀ, ਮਧ-ਪ੍ਰਦੇਸ਼ ਵਿਚਲੇ ਘਾਤਕ **ਦੁਸ਼ਟ-ਠੱਗਾਂ** ਦੇ ਡੇਰਿਆਂ ਵਿਚ ਗਏ ਅਤੇ ਉਨ੍ਹਾਂ ਨੂੰ **ਦੁਸ਼ਟਟਾਈ** ਤੋਂ ਹਟਾ ਕੇ ਧਰਮ ਦੀ ਕਮਾਈ ਕਰਨੀ ਸਿਖਾਈ। ਬੰਗਾਲ ਦੇ ਠੱਗ ਜਾਦੂਗਰ ਦੁਸ਼ਟਾਂ ਨੂੰ, ਨਿਤਾਣੇ ਮਨੁੱਖਾਂ ਦੇ ਵਪਾਰੀ, ਰੁਹੇਲਖੰਡੀਏ **ਦੁਸ਼ਟਾਂ** ਨੂੰ ਪ੍ਰਭੂ ਦੀ ਭਗਤੀ ਨਾਲ ਜੋੜਿਆ ਅਤੇ ਹੋਰ ਬੇਅੰਤ ਜ਼ਾਲਮਾਂ-ਦਸ਼ਟਾਂ ਨੂੰ ਮਨੁੱਖਤਾ ਦੇ ਸੇਵਕ ਬਣਾਇਆ ।

**(੨)** ਪੰਚਮ ਪਾਤਿਸ਼ਾਹ ਜੀ ਨੇ ਚੋਰ ਅਥਵਾ ਡਾਕੂ ਬਿਧੀ ਚੰਦ ਨੂੰ ਭਾਈ ਬਿਧੀ ਚੰਦ ਜੀ ਬਣਾ ਕੇ ਉਸ ਨੂੰ ਦੁਸ਼ਟ ਤੋਂ ਗੁਰਮਤਿ ਦਾ ਪਰਚਾਰਕ ਥਾਪਿਆ। ਤੱਤੀ ਲੋਹ ਤੇ ਬੈਠੇ ਗੁਰਦੇਵ ਨੂੰ ਵੇਖ ਕੇ ਰੋਸ ਵਿਚ ਆਏ ਪੀਰ ਮੀਆਂ ਮੀਰ ਨੇ ਜਦ ਲਾਹੌਰ ਅਤੇ ਦਿੱਲੀ ਦੀ ਇੱਟ ਨਾਲ ਇੱਟ ਖੜਕਾ ਦੇਣ ਦੀ ਗੱਲ ਕੀਤੀ ਤਾਂ ਸ਼ਾਂਤੀ ਦੇ ਪੁੰਜ, ਪੰਚਮ ਪਾਤਸ਼ਾਹ ਜੀ ਨੇ ਜੋ ਫ਼ਰਮਾਇਆ ਉਸ ਦਾ ਸਾਰੰਸ ਇਹ ਹੈ---' ਜੇ ਅਸੀਂ ਹੀ ਬਦਲੇ ਲੈਣ ਵਾਲੇ ਬਣ ਗਏ ਤਾਂ ਖਿਮਾਂ, ਸ਼ਾਂਤੀ, ਪਿਆਰ ਅਤੇ ਸਾਂਝੀਵਾਲਤਾ ਦਾ ਪਾਠ ਕਿਸ ਨੇ ਪੜ੍ਹਾਉਣਾ ਹੈ ? ਨਾਲੇ ਬਦਲਾ ਲੈਣਾ ਕਿਸ ਕੋਲੋਂ ਹੈ ? ਜਿਨ੍ਹਾਂ ਨੂੰ ਏਨਾਂ ਵੀ ਗਿਆਨ ਨਹੀਂ ਕਿ ਉਹ ਆਪਣੇ ਹੀ ਸ਼ੁੱਭ ਚਿੰਤਕ ਨੂੰ ਤਸੀਹੇ ਦੇ ਰਹੇ ਹਨ **?** ਪੀਰ ਜੀ ! ਉਨ੍ਹਾਂ ਦੀ ਹਾਲਤ ਤੇ ਤਰਸ ਕਰੋ ਅਤੇ ਅੱਲਾ ਅਗੇ ਉਨ੍ਹਾਂ ਦੇ ਹੱਕ ਵਿਚ ਦੁਆ ਕਰੋ ਕਿ ਉਹ ਭਲੇ ਪੁਰਸ਼ ਬਣਨ। "

**(੩) " ਦੁਸ਼ਟ ਸਭਨ ਕੋ ਮੂਲ ਉਪਾਰਨ " ਆਏ ਦਸ਼ਮੇਸ਼ ਜੀ ਦੇ ਦਰਸ਼ਨ:--**

(ੳ) ਸਭਨਾਂ ਦੇ ਸਾਂਝੇ ਸਤਿਗੁਰੂ ਨਾਨਕ ਜੀ ਦੇ ਦਸਵੇਂ ਸਰੂਪ, ਦਸ਼ਮੇਸ਼ ਜੀ ਦੀ ਪਾਵਨ ਜਾਨ ਦੇ ਵੈਰੀ ਬਣ ਆਏ **ਦੁਸ਼ਟਾਂ** ਨੇ ਸਤਿਗੁਰਾਂ ਦੇ ਕਿਲ੍ਹੇ ਨੂੰ ਕਰੜੇ ਘੇਰੇ ਵਿਚ ਰੱਖ ਲਿਆ ਹੋਇਆ ਸੀ। ਬਾਹਰ ਝੂਜ ਰਹੇ ਸਿੰਘਾਂ ਨੇ ਕਲਗ਼ੀਧਰ ਪਿਤਾ ਜੀ ਕੋਲ ਸ਼ਕਾਇਤ ਕੀਤੀ ਕਿ ਜਾਨ ਦੇ ਵੈਰੀ ਬਣ ਆਏ (ਭਾਈ) ਘਨਈਆ ਦੁਸ਼ਟਾਂ ਨੂੰ ਵੀ ਠੰਡਾ ਜਲ ਛਕਾ ਕੇ ਜੰਗ ਜਾਰੀ ਰੱਖਣ ਦੇ ਯੋਗ ਬਣਾਈ ਜਾਨ ਦਾ ਕੁਕਰਮ ਕਰ ਰਿਹਾ ਹੈ। ਇਤਿਹਾਸ ਕਾਰਾਂ ਨੇ ਹੈਰਾਨੀ ਨਾਲ ਉਂਗਲਾਂ ਮੂੰਹ ਵਿਚ ਪਾ ਲਈਆਂ, ਜਦ ਇਹ ਸੁਣਿਆਂ ਕਿ (**ਕਥਿਤ ਤੌਰ ਦੁਸ਼ਟ ਸਭਨ ਕੋ ਮੂਲ ਉਪਾਰਨ**} ਆਏ ਦਸ਼ਮੇਸ਼ ਜੀ ਨੇ ਥੱਕੇ ਹਾਰੇ ਘਾਇਲ ਦੁਸ਼ਟਾਂ ਨੂੰ ਪਾਣੀ ਪਿਲਾਉਣ ਦੇ ਨਾਲ ਉਨ੍ਹਾਂ ਦੇ ਜਖ਼ਮਾਂ ਨੂੰ ਠੀਕ ਕਰਕੇ ਆਰਾਮ ਦੇਣ ਵਾਲੀ ਕੀਮਤੀ ਮਲ੍ਹਮ ਦੀ ਡੱਬੀ ਦੇ ਕੇ, **ਦੁਸ਼ਟਾਂ** ਅਤੇ **ਸੱਜਣਾ ਨਾਲ ਇਕੋ ਜਿਹਾ ਵਿਹਾਰ ਜਾਰੀ ਰੱਖਣ ਦੇ ਥਾਪੜੇ ਦੀ ਬਖ਼ਸ਼ਸ਼ ਕੀਤੀ ਹੈ।**

(ਅ) ਸਭ ਤੋਂ ਵਡੇ **ਦੁਸ਼ਟ** ਅਤੇ ਨਿਰਦਈ ਔਰੰਗਜ਼ੇਬ ਦੇ ਹੁਕਮ ਨਾਲ ਗੁਰੂ ਤੇਗ਼ ਬਹਾਦਰ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਚਾਰ ਸਾਹਿਬਜ਼ਾਦੇ ਅਤੇ ਕਈ ਪਿਆਰੇ ਸਿੰਘ ਸ਼ਹੀਦ ਕੀਤੇ, ਅਨੰਦਪੁਰੀ ਨੂੰ ਉਜਾੜਿਆ ਗਿਆ, ਅਤੇ ਹੋਰ ਬੇਅੰਤ ਜ਼ੁਲਮ ਕੀਤੇ, ਉਸ "ਦੁਸ਼ਟ" ਔਰੰਗਜ਼ੇਬ ਦੇ ਜ਼ੁਲਮਾਂ ਦਾ ਬਦਲਾ ਲੈਣ ਦੀ ਵਿਚਾਰ ਤੱਕ ਮਨ ਵਿਚ ਕਦੇ ਨਹੀਂ ਆਈ। ਸਗੋਂ ਉਸ **ਦੁਸ਼ਟ** ਸਮਰਾਟ ਦੀ ਮੌਤ ਤੇ ਉਸ ਦੇ ਪੁੱਤ੍ਰਾਂ ਵਿਚ ਛਿੜੀ ਜੰਗ ਵਿਚ, ਉਸ ਦੇ ਵੱਡੇ ਲੜਕੇ ਬਹਾਦਰ-ਸ਼ਾਹ ਦੀ ਸਹਾਇਤਾ ਕਰਕੇ ਉਸ ਨੂੰ ਦਿੱਲੀ ਦੇ ਤਖ਼ਤ ਦਾ ਮਾਲਕ ਸਤਿਗੁਰੂ ਜੀ ਨੇ ਆਪਣੇ ਹੱਥੀਂ ਬਣਾਇਆ ।

(ੲ) ਪਹਾੜੀ ਰਾਜਿਆਂ ਨੇ ਕਈ ਵਾਰ ਵਿਸ਼ਵਾਸ਼-ਘਾਤ ਕਰਕੇ ਗੁਰੂ ਘਰ ਨਾਲ ਵੈਰ ਕਮਾਇਆ ਪਰ ਸਤਿਗੁਰਾਂ ਨੇ ਇੱਕ ਵਾਰ ਵੀ ਉਨ੍ਹਾਂ ਤੇ ਹਮਲਾ ਕਰਨ ਦੀ ਪਹਿਲ ਨਹੀਂ ਕੀਤੀ। ਉਹ ਵਿਸ਼ਵਾਸ਼ਘਾਤੀ ਰਾਜੇ ਜਦੋਂ ਵੀ ਸਤਿਗੁਰਾਂ ਦੀ ਜਾਨ ਦੇ ਵੈਰੀ ਬਣ ਕੇ ਚੜ੍ਹ ਆਏ ਉਨ੍ਹਾਂ ਨੂੰ ਵਾਰ ਕਰਨ ਦੀ ਪਹਿਲ ਕਰਨ ਦੀ ਖੁਲ੍ਹ ਦਿੱਤੀ। ਉਨ੍ਹਾਂ ਵਿਰੁੱਧ ਕਦੇ ਕੋਈ ਮੰਦਾ ਸ਼ਬਦ ਤੱਕ ਨਹੀਂ ਕਿਹਾ।

(ਸ) ਹਿੰਦ ਸਰਕਾਰ ਦੀ ਫ਼ੋਜ ਦਾ ਜਰਨੈਲ ਸੈਦ ਖਾਨ ਸਤਿਗੁਰਾਂ ਨੂੰ ਜੀਊਂਦੇ ਫੜਨ ਲਈ ਜਾਂ ਸ਼ਹੀਦ ਕਰਨ ਲਈ ਚੜ੍ਹ ਆਇਆ। ਸੈਦ ਖ਼ਾਨ ਦੇ ਅੰਦਰੋਂ ਵੈਰ ਭਾਵਣਾ ਮੁੱਕਦਿਆਂ ਹੀ ਸਤਿਗੁਰਾਂ ਨੇ ਉਸ ਨੂੰ ਛਾਤੀ ਨਾਲ ਲਾ ਲਿਆ ਅਤੇ ਨਾਮ-ਧੰਨ ਦੀ ਬਖ਼ਸ਼ਸ਼ ਨਾਲ ਮਾਲਾ ਮਾਲ ਕਰ ਦਿੱਤਾ। ਇਤਿਹਾਸ ਦਾ ਇਹ ਜ਼ਿਕਰ ਵੀ ਭੁਲਣ ਜੋਗ ਨਹੀਂ ਹੈ ਕਿ, ਭਖਦੇ ਜੰਗ ਵਿਚ ਸਤਿਗੁਰਾਂ ਦੇ ਪਿਆਰੇ ਸਿੰਘ ਜੂਝ ਕੇ ਸ਼ਹੀਦੀਆਂ ਪਾ ਰਹੇ ਸਨ, ਕਿ ਐਨ ਉਸ ਸਮੇ ਸਤਿਗੁਰਾਂ ਨੇ ਵੈਰੀ ਦਲ ਦੇ ਦੋ ਜਰਨੈਲ, (ਆਪਣੇ ਵਲੋਂ ਗੋਲੀ ਤੀਰ ਦੀ ਮਾਰ ਤੋਂ ਦੂਰ) ਬੈਠੇ ਚੌਪੜ ਖੇਡਦੇ ਵੇਖ ਲਏ। ਸਤਿਗੁਰਾਂ ਨੇ ਤੀਰ ਛੱਡਿਆ ਜੋ ਉਨ੍ਹਾਂ ਦੇ ਮੰਜੇ ਦੇ ਪਾਵੇ ਵਿਚ ਜਾ ਖੁਭਿਆ। ਜਰਨੈ ਪੁਕਾਰ ਉਠੇ ਕਿ ਏਡੀ ਦੂਰ ਤੀਰ ਦਾ ਪਾਵੇ ਵਿਚ ਆ ਖੁੱਭਣਾ, **ਕਰਾਮਾਤ ਹੈ** । ਇੱਕ ਹੋਰ ਸ਼ੂਕਦਾ ਤੀਰ ਦੂਜੇ ਪਾਵੇ ਵਿਚ ਆ ਵੱਜਾ । ਨਾਲ ਰੁੱਕਾ ਸੀ-" ਈਂ ਕਰਾਮਾਤਨੇਸਤ,ਕਮਾਲ ਅਸਤ"। ਹੈਰਾਨੀ ਹੈ ਕਿ ਕਥਿਤ ਤੌਰ ਤੇ " ਦੁਸ਼ਟ ਸਭਨ ਕੋ ਮੂਲ ਉਪਾਰਨ " ਬਚਨ ਉਚਾਰਨ ਵਾਲੇ ਦਸ਼ਮੇਸ਼ ਜੀ ਨੇ, ਜਾਨ ਦੇ ਵੈਰੀ ਬਣ ਆਏ ਉਨ੍ਹੇਂ ਜਰਨੈਲ **ਦੁਸ਼ਟਾਂ** ਨੂੰ ਜਮ ਲੋਕ ਪੁਚਾ ਕੇ ਆਪਣੇ ਕਥਿਤ ਬਚਨ ਏਥੇ ਵੀ ਪੂਰੇ ਨਹੀਂ ਕੀਤੇ। ਅਰੰਭ ਤੋਂ ਹੀ ਸਤਿਗੁਰੂ ਨਾਨਕ ਜੀ ਦੇ ਪੰਥ ਵਿਚ ਕਿਸੇ ਮਨੁੱਖ ਦੀ **ਧੰਙਾਣੇ ਜਾਨ ਲੈ ਲੈਣੀ, ਰੱਬ ਤੋਂ ਟੁੱਟੇ ਗੀਦੀਆਂ ਦਾ ਕੰਮ ਮੰਨਿਆਂ ਜਾਂਦਾ ਰਿਹਾ ਸੀ** ।

(ਹ) ਦੋ ਸਾਹਿਬਜ਼ਾਦੇ (ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ)ਅਖੀਆਂ ਦੇ ਸਾਹਮਣੇ ਸ਼ਹੀਦ ਹੋ ਗਏ । ਨੂਰੇ ਮਾਹੀ ਨੇ ਦੱਸਿਆ ਕਿ ਦੋ ਮਾਸੂਮ ਸਾਹਿਬਜ਼ਾਦੇ, ਨੀਹਾਂ ਵਚ ਚਿਣ ਕੇ ਬੇਦਰਦੀ ਨਾਲ ਸ਼ਹੀਦ ਕਰ ਦਿੱਤੇ ਗਏ ਹਨ। ਵਜ਼ੀਰ ਖ਼ਾਨ, ਸੁੱਚਾ ਨੰਦ, ਗੰਗੂ ਆਦਿ ਕਿਸੇ ਨੂੰ ਕੋਈ ਬਦ

ਅਸੀਸ ਤੱਕ ਨਹੀਂ ਦਿੱਤੀ। ਜ਼ਾਲਮ ਅਤੇ ਬੇਅਸੂਲੀ ਸਰਕਾਰ ਆਪਣੇ ਪਾਪਾਂ ਦੇ ਭਾਰ ਹੈਠ ਆਉਂਦੀ ਆਪਣੇ ਖ਼ਾਤਮੇ ਵੱਲ ਜਾ ਰਹੀ ਸੀ। ਸਤਿਗੁਰਾਂ ਨੂੰ " ਦੁਸ਼ਟ ਦਮਨ " ਕਹਿਨ ਵਾਲੇ ਹੇ ਮੇਰੇ ਭੁੱਲੜ ਮਨ ! ਗੁਰੂ ਨਾਨਕ ਜੀ ਦੇ ਘਰ ਦੀ ਲੜਾਈ ਕਿਸੇ **ਜ਼ਾਲਮ** ਵਿਰੁੱਧ ਨਹੀਂ, ਸਗੋਂ **ਜ਼ੁਲਮ** ਵਿਰੁੱਧ ਹੈ। ਕੱਲ੍ਹ ਦੇ ਜ਼ਾਲਮਾਂ ਨੂੰ ਅੱਜ ਸਤਿਗੁਰੂ ਜੀ ਆਪਣੇ ਹਿਰਦੇ ਨਾਲ ਲਾਉਂਦੇ ਦਿੱਸ ਆ ਰਹੇ ਹਨ? ਉਂਜ ਤਖ਼ਤ ਤੇ ਬੈਠਿਆਂ ਜਰਵਾਣਿਆਂ ਨੂੰ ਭਰੇ ਦਰਬਾਰ ਵਿਚ ਹੀ ਜਮ-ਲੋਕ ਭੇਜਣ ਵਾਲੇ (ਭਾਈ ਜੀਵਨ ਸਿੰਘ ਜੀ, ਭਾਈ ਬਚਿਤ੍ਰ ਸਿੰਘ ਜੀ ਵਰਗੇ) ਸਿਰਲੱਥ ਸੂਰਮਿਆਂ ਦੀ ਸਤਿਗੁਰਾਂ ਕੋਲ ਘਾਟ ਨਹੀਂ ਸੀ। ਗੁਰੂ ਘਰ ਦਾ ਵੈਰ **ਦੁਸ਼ਟਤਾਈ** ਨਾਲ ਹੈ ਕਿਸੇ **ਦੁਸ਼ਟ** ਨਾਲ ਨਹੀਂ ਹੈ।

## ੨੫
# ' ਦੁਸ਼ਟ ਦਮਨ ' ਜਾਂ ' ਦੁਸ਼ਟ ' ਦੋਵੇਂ, ਬਿੱਪ੍ਰੀ ਬੋਲੀ?

**ਦੁਸਟ ਦਮਨ ਕੌਣ ਸੀ ?** ਬਚਿਤ੍ਰ ਨਾਟਕ ਵਿਚੋਂ ਇਸ ਪ੍ਰਸ਼ਨ ਦਾ ਉੱਤਰ ਨਹੀਂ ਮਿਲਦਾ। ਪਰ ਸੂਰਜ ਪ੍ਰਕਾਸ਼ ਗ੍ਰੰਥ ਵਿਚ ਕਥਾ ਹੈ ਕਿ, ਹੇਮ ਕੁੰਡ ਵਾਲੀ ਥਾਂ ਤੇ ਇੱਕ ਬ੍ਰਾਹਮਣ ਤਪੱਸਵੀ ਮਿਰਗਸ਼ਾਲਾ ਦੇ ਬੈਠਾ ਤਪ ਕਰ ਰਿਹਾ ਸੀ। ਕੁਝ ਸਮੇਂ ਮਗਰੋਂ ਉਸ ਨੇ ਉਠ ਕੇ ਆਪਣਾ ਉਹ ਆਸਣ ਝਾੜਿਆ ਤਾਂ ਉਹ ਵਿਚੋਂ ਦੁਸ਼ਟ ਦਮਨ ਪੈਦਾ ਹੋਇਆ ਅਤੇ ਉਸੇ ਥਾਂ ਤੇ ਬੈਠ ਕੇ ਤਪੱਸਿਆ ਕਰਨ ਲੱਗ ਪਿਆ। ਅਤੇ ਉਹੀ ਪਰਮਾਤਾ ਨਾ ਇੱਕ ਹੋ ਕੇ ਪੱਟਨੇ ਵਿਖੇ ਮਾਤਾ ਗੁਜਰੀ ਜੀ ਦੀ ਕੁੱਖੋਂ ਜਨਮ ਲਿਆ। ਭਾਵ, ਦਸ਼ਮੇਸ਼ ਜੀ ਦਾ ਪਿਛਲਾ ਜਨਮ ਵੀ ਬ੍ਰਾਹਮਣ ਜੀ ਦੀ ਤਪੱਸਿਆ ਤੋ ਹੋਇਆ ਲਿਖ ਲਿਆ ਹੋਇਆ ਹੈ।

ਬਚਿਤ੍ਰ ਨਾਟਕ ਜੀ ਦੀ ਇਸ ਤੁਕ--ਤਹ ਹਮ ਅਧਿਕ ਤਪਸਿਆ ਸਾਧੀ " ਦੇ ਅਧਾਰ ਤੇ ਸੂਰਜ ਪ੍ਰਕਾਸ਼ ਦੇ ਕਰਤਾ [ਭਾਈ ਸਾਹਿਬ ਸੰਤੋਖ ਸਿੰਘ ਜੀ ਅਤੇ ਚਾਰ ਵਿਦਵਾਨ ਬ੍ਰਾਹਮਣ ਜਿਹੜੇ ਆਪਣੀ ਮੱਤ ਦੀਆਂ ਸਾਖੀਆਂ ਅਤੇ ਹੋ ਕਈ ਗੁਰਮਤਿ ਵਿਰੋਧੀ ਰਲੇ ਪਾਉਂਦੇ ਰਹੇ-(੧੯੯੯ ਵਿਚ-ਭਾਸ਼ਾ ਵਿਭਾਗ, ਪੰਜਾਬ ਵਲੋਂ ਪਰਕਾਸ਼ਤ-ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾ--ਜਿਲਦ ਪਹਿਲੀ--ਸਫ਼ਾ ੧੪੯)] ਨੇ ਕਥਿਤ ਦੁਸ਼ਟ ਦਮਨ ਦੀ ਕਥਿਤ ਤਪੱਸਿਆ ਬਾਰੇ ਬੜੇ ਲੱਮੇ ਚੌੜੇ ਪੁਲ ਬੱਧੇ ਹੋਏ ਹਨ। ਉਸ ਲਿਖਤ ਦਾ ਸੰਖੇਪ ਜਿਹਾ ਰੂਪ ਇਸ ਪ੍ਰਕਾਰ ਹੈ--**ਦੁਸ਼ਟ ਦਮਨ ਨੇ ਭਗਉਤੀ-ਦੁਰਗਾ-ਚੰਡਕਾ-ਸ਼ਿਵਾ- ਦੇਵੀ ਤੋਂ ਬਡੀ ਲੰਮੀ ਉਮਰ ਦਾ ਵਰ ਪ੍ਰਾਪ[ਤ ਕਰਨ ਉਪ੍ਰੰਤ ਉਸ ਦੀ ਆਗਿਆ ਦੀ ਪਾਲਣਾ ਵਿਚ ਬੜੇ ਅਦਭੁਤ ਰੂਪ ਵਿਚ ਤਪੱਸਿਆ ਅਰੰਭ ਕੀਤੀ। ਉਸ ਰੂਪ ਦਾ ਸੰਖੇਪ ਵਰਣਨ--ਸਿਰ ਤੇ ਜਟਾਂ, ਦਿਗੰਬਰ ਭਾਵ ਸਰੀਰ ਤੋਂ ਅਲਫ ਨੰਗੇ, ਅੱਖਾਂ ਬੰਦ, ਨਰਾਹਾਰੀ ਭਾਵ, ਖਾਣ ਪੀਣ ਦਾ ਪੱਕਾ ਤਿਆਗ--ਮੋਨਧਾਰੀ, ਭਾਵ, ਮੁਖੋਂ ਕਿਸੇ ਪ੍ਰਕਾਰ ਦੀ ਕੋਈ ਆਵਾਜ਼ ਨਹੀਂ ਕਢਣੀ, ਇੱਕ ਪੈਰ ਦੇ ਭਾਰ ਖੜੇ ਰਹਿ ਕੇ, ਦੋਵੇਂ ਬਾਹਾਂ ਉਪਰ ਕਰਕੇ, ਨਿਰਜੀਵ ਬਨ ਵਿਚ, ਭਾਵ ਅਜੇਹੀ ਉਜਾੜ ਥਾਂ ਜਿੱਥੇ ਕੋਈ ਜੀਵ ਨਾ ਹੋਵੇ, ਉਥੇ ਆਸਣ ਜਮਾ ਕੇ ਅਸੰਖਾਂ ਸਾਲਾ, ਘੋਰ ਤਪੱਸਿਆ ਕੀਤੀ ਜਿਸ ਤੋਂ ਸਰੀਰ ਹੱਡੀਆਂ ਹੀ ਹੱਡੀਆਂ ਰਹਿ ਗਿਆ।**(ਰਾਸ ੧੧, ਅੰਸੂ ੫੨)

ਹੇ ਸੁਹਿਰਦ ਪਾਠਕ ਸੱਜਣ ਜੀਓ ! ਕੀ ਇਹ ਸਾਰਾ ਊਲ ਜਲੂਲ ਮੰਨਣ ਜੋਗ ਹੈ ? ਅਸੰਖਾਂ ਭਾਵ ਜਿਸ ਦੀ ਸੰਖਿਆ ਨਾ ਹੋ ਸਕੇ--ਬੇਗਿਣਤ--ਬੇਅੰਤ ਸਾਲਾਂ ਵਿਚ ਤਾਂ---**ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ, ਹੁਕਮੁ ਅਪਾਰਾ ॥**(੧੦੩੫) ਵਾਲੀ ਹਾਲਤ ਵੀ ਕਈ ਵਾਰੀ ਬਣ ਸਕਣ ਦਾ ਸੰਕੇਤ ਤਾਂ ਪੰਚਮ ਸਤਿਗੁਰਾਂ ਦੇ ਇਸ ਬਚਨ ਤੋਂ--ਕਈ ਬਾਰ ਪਸਰਿਓ ਪਾਸਾਰਾ ॥ [੨੭੬] ਸਿੱਧ ਹੋ ਰਿਹਾ ਹੈ। ਇਸ ਓਪਤ ਪਰਲੌ ਵਾਲੇ ਚੱਕਰ ਦਾ **ਦੁਸ਼ਟ ਦਮਨ ਜੀ** ਦੀ ਸਮਾਧੀ ਤੇ ਕੋਈ ਅਸਰ ਨਾ ਪਿਆ ? ਕੀ ਇਹ ਸਮਾਧੀ ਹਰ ਹਾਲਤ ਵਿਚ ਅਡੋਲ ਰਹੀ ?

ਇਸ ਸਭ ਕੁਝ ਤੋਂ ਅੱਡਰੇ ਹਰੋ ਕਈ ਤਰ੍ਹਾਂ ਦੇ ਅਣਹੋਣੇ ਰਲੇ ਪਾ ਕੇ ਗੁਰੂ ਇਤਿਹਾਸ ਨੂੰ ਅਜੇਹਾ ਰੰਗ ਚਾੜ੍ਹਿਆ ਕਿ ਅਸੀਂ ਇਹ ਭੁੱਲ ਹੀ ਗਏ ਕਿ, ਸਾਡੇ ਧਰਮੀ ਪਿਤਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਹੀ ਹਨ। ਬਾਕੀ ਨੌਂ ਹੀ ਗੁਰੂ ਸਾਹਿਬਾਨ ਗੁਰੂ ਨਾਨਕ ਸਾਹਿਬ ਦੀ ਹੀ ਜੋਤਿ ਦੇ ਮਾਲਕ ਹੋਣ ਦੇ ਕਾਰਨ ਹੀ ਸਾਡੇ ਗੁਰੂ ਅਥਵਾ ਗੁਰੂ ਨਾਨਕ ਜੀ ਸਮਝੇ ਗਏ ਸਨ। ਜਦ ਗੁਰੂ ਬਾਣੀ ਕੇਵਲ " ਨਾਨਕ " ਹੀ ਨਾਨਕ " ਪੁਕਾਰ ਰਹੀ ਹੈ ਫਿਰ ਖ਼ਾਲਸਾ ਪੰਥ ਆਪਣਾ ਪਿਤਾ " **ਨਾਨਕ** " ਕਹਿਣਾ ਕਿਵੇਂ ਭੁੱਲ ਗਿਆ ? ਗੱਲ ਇਹ ਨਹੀਂ ਹੈ ਕਿ ਦਾਸ ਦਸ਼ਮੇਸ਼ ਜੀ ਨੂੰ ਪਿਤਾ ਮੰਨਣ ਦਾ ਵਿਰੋਧ ਕਰ ਰਿਹਾ ਹੈ। ਗੱਲ ਉਸ ਸਿਧਾਂਤ ਦੀ ਖੰਡਨਾਂ ਦੀ ਹੈ ਜਿਸ ਪਾਵਨ ਸਿਧਾਂਤ ਦੀ ਵਿਲੱਖਣਤਾ ਦਾ ਅਸੀਂ ਆਪ ਹੀ ਰੌਲਾ ਪਾਉਂਦੇ ਹਾਂ। ਕਿ, ਦਸੋਂ ਹੀ ਸਤਿਗੁਰੂ ਸਾਹਿਬਾਨ ਕੇਵਲ ਇੱਕ ਉਸੇ ਹੀ ਜੋਤ ਜੁਗਤਿ ਦੇ ਮਾਲਕ ਹੋਣ ਦੇ ਕਾਰਨ ਇੱਕ ਰੂਪ ਸਨ। ਅਤੇ ਫਿਰ ਅਜੇਹਾ ਕਰਕੇ ਕੀ ਅਸਾਂ--**ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ ॥ ੨ ॥** [੩੧੨]-ਵਾ-੨੦ ਦੀ ਖੰਡਨਾਂ ਵੀ ਤਾਂ ਨਹੀਂ ਕੀਤੀ ਹੋਈ ? ਪਿਛਲਾ ਜਨਮ ਬ੍ਰਾਹਮਣ ਦੇ ਆਸਣ ਹੇਠੋ ਜਨਮੇ ਦੁਸ਼ਟ ਦਮਨ ਅਤੇ ਇਸ ਜਨਮ ਵਿਚ ਉਹੀ ਦੁਸ਼ਟ ਦਮਨ ਜੀ ਸ੍ਰੀ ਰਾਮ ਚੰਦ੍ਰ ਜੀ ਦੀ ਜੱਦ ਵਿਚੋਂ ਪੈਦਾ ਹੋਏ ਲਿਖ ਦਿੱਤੇ ?

ਅੱਡਰੇ ਤੌਰ ਤੇ ਕੇਵਲ ਦਸ਼ਮੇਸ਼ ਜੀ **ਨੂੰ ਪਿਤਾ** ਅਤੇ ਮਾਤਾ ਸਾਹਿਬ ਦੇਵਾਂ ਨੂੰ **ਖ਼ਾਲਸੇ ਦੀ ਮਾਤਾ** ਮੰਨਣ ਵਾਲੀ ਗੱਲ, ਕੀ, ਦਸ਼ਮੇਸ਼ ਜੀ ਦੀ ਆਪਣੀ ਲਿਖਤ ਹੈ ? ਕੀ, ਸਾਨੂੰ ਅਸਲ ਮੁੱਢ ਗੁਰੂ ਨਾਨਕ ਜੀ ਦੀ ਜੋਤਿ ਨਾਲੋਂ ਅੱਡ ਕਰਨ ਲਈ ਹੀ ਅਜੇਹੇ ਰਲੇ ਤਾਂ ਨਹੀਂ ਪਾਏ ਗਏ ? ੧੯੮੪ ਤੋਂ ਪਹਿਲਾਂ ਦੇ ਲਿਖੇ ਸਾਰੇ ਪੁਰਾਤਨ ਗ੍ਰੰਥਾਂ ਵਿਚ ਮਾਤਾ ਜੀ ਦਾ ਨਾਮ ਸਹਿਬ ਦੇਵਾਂ ਹੀ ਹੈ, ਸਾਹਿਬ ਕੌਰ ਕਿਸੇ ਥਾਂ ਨਹੀਂ ਮਿਲਦਾ। ਇਹ ਅਚਾਣਕ ਬਦਲੀ ਕੀ, ਇਤਿਹਾਸ ਦੀ ਸਚਾਈ ਨੂੰ ਹੋਰ ਵੀ ਵੱਧ ਸ਼ੱਕੀ ਤਾਂ ਨਹੀਂ ਬਣਾਉਂਦੀ ? ਇਸ ਸਾਰੇ ਰੋਲ-ਘਚੋਲੇ ਦਾ ਕੀ ਭੇਦ ? ਕੀ, ਪੰਥ ਵਿਚੋਂ ਕੋਈ ਵਿਦਵਾਨ ਸੱਜਣ ਦਾਸ ਦੇ ਇਸ ਸ਼ੰਕੇ ਨੂੰ ਦੂਰ ਕਰਨ ਦੀ ਕਿਰਪਾਲਤਾ ਕਰ ਦੇਵੇਗਾ ਕਿ, " ਕਿਤੇ, ਅਜੇਹੇ ਸਾਰੇ ਰਲੇ, ਦਸ਼ਮੇਸ਼ ਜੀ ਨੂੰ ਸ੍ਰੀ ਗੁਰੂ

ਨਾਨਕ ਸਾਹਿਬ ਜੀ ਦੀ ਜੋਤਿ ਦੀ ਮੁਥਾਜੀ ਤੋਂ ਸੁਤੰਤ੍ਰ ਕੇਵਲ ਵਿਸ਼ਨੂੰ ਦਾ ਅਵਤਾਰ ਹੀ ਸਿੱਧ ਕਰਨ ਲਈ ਗੰਭੀਰ ਤਾਣਾ ਬਾਣਾ ਤਾਂ ਨਹੀਂ ਬੁਣਿਆਂ ਗਿਆ ? ਇਸ ਇੰਦ੍ਰ-ਜਾਲ ਨੂੰ ਹੁਣ ਹੋਰ ਵੀ ਵੱਧ ਤੋਂ ਵੱਧ ਪੱਕਾ ਕੀਤਾ ਜਾਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ, ਪਾਵਨਤਾ, ਸ਼ੁੱਧਤਾ, ਅਤੇ ਜਗਤ ਵਿਚਲੇ ਸਾਰੇ ਧਰਮ ਗ੍ਰੰਥਾਂ ਤੋ **ਵਿਲੱਖਣਤਾ** (ਵਾਲੇ ਅਨੁਪਮ ਗੁਣਾਂ) ਨੂੰ ਸੱਕੀ ਬਨਾਉਣ ਲਈ ਬੜੇ ਕਰੜੇ ਹਮਲੇ ਹੋਣੇ ਅਰੰਭ ਹੋ ਚੁੱਕੇ ਹਨ। ਭਾਵ, ਸਾਨੂੰ ਮੰਦ੍ਹਾਂ ਵਿਚ ਟੱਲ ਖੜਕਾਉਂਦੇ ਵੇਖਣ ਵਾਲਾ ਸਮਾਂ ਨੇੜੇ ਤੋਂ ਨੇੜੇ ਲਿਆਂਦਾ ਜਾ ਰਹਿਾ ਹੈ। ਉਪ੍ਰੋਕਤ ਵਰਣਨ ਸਾਰੇ ਕੁਝ ਨੂੰ ਧਿਆਨ ਵਿਚ ਰੱਖਦਿਆਂ ਕੀ, ਅਸੀਂ ਇਸ ਤੋਂ ਮੁੱਕਰ ਸਕਦੇ ਹਾਂ ਕਿ ਖ਼ਾਲਸਾ ਧਰਮ ਦਾ ਪਿਛੋਕੜ ਬ੍ਰਾਹਮ,ਣ ਜੀ ਦੀ ਗੋਦ ਵਿਚ ਖੇਢ ਰਿਹਾ ਹੈ? ਹਿੰਦੂਆਂ ਤੋਂ ਅੱਡਰੀ ਇੱਕ ਵੱਖਰੀ ਕੋਮ ਸਾਨੂੰ ਕਿਨ੍ਹਾਂ ਮੰਨਣਾ ਹੈ ?

## ਹਿੰਦੂ ਧਰਮ ਦੇ ਦੁਸ਼ਟ-ਦਮਨ ?

ਬ੍ਰਾਹਮਣੀ ਮਿਥਿਹਾਸ ਦੇ ਸਾਰੇ ਅਵਤਾਰ ਧਰਤੀ ਤੇ ਕੇਵਲ ਕਿਸੇ ਕਥਿਤ ਉਪੱਦਰੀ ਦੀ ਜਾਨ ਲੈਣ ਹੀ ਆਉਂਦੇ ਰਹੇ ਹਨ। ਪੁਰਾਣਾ ਦੀਆਂ ਕਥਾ ਕਹਾਣੀ ਅਨਸਾਰ ਜਿਵੇ:--(੧) ਵੇਦ ਲੈ ਕੇ ਸੰਖਾਸੁਰ ਦੈਂਤ ਜਦ ਸਮੁੰਦਰ ਵਿਚ ਜਾ ਵੜਿਆ ਤਾਂ ਬ੍ਰਹਮਾਂ ਦੀ ਫਰਿਆਦ ਸੁਣ ਕੇ ਵਿਸ਼ਨੂੰ ਭਗਵਾਨ ਨੇ ਮੱਛ ਅਵਤਾਰ ਧਾਰਿਆ ਤੇ ਸੰਖਾਸੁਰ **ਦੁਸ਼ਟ** ਨੂੰ ਮਾਰ ਕੇ ਵੇਦਾਂ ਦੀ ਖ਼ਲਾਸੀ ਕਰਵਾਈ। (੨) **ਪ੍ਰਹਲਾਦ ਭਗਤ ਦੀ ਫ਼ਰਿਆਦ ਤੇ ਨਰਸਿੰਘ ਅਵਤਾਰ ਧਾਰਿਆ ਅਤੇ** ਹਰਨਾਖਸ਼ **ਦੁਸ਼ਟ ਦਾ ਦਮਨ** ਕੀਤਾ। (੩) ਪ੍ਰਹਲਾਦ ਭਗਤ ਦਾ ਸਕਾ ਤਾਇਆ ਅਰਥਾਤ ਹਰਨਾਖਸ਼ ਦਾ ਵੱਡਾ ਭਾਈ **ਹਣਨਯਕਸ਼ਿਪੁ ਦੁਸ਼ਟ**, ਬ੍ਰਹਮਾ ਨਾਲ ਨਰਾਜ ਹੋ ਕੇ ਧਰਤੀ ਨੂੰ ਚੁੱਕ ਕੇ ਦੌੜ ਗਿਆ। **ਵਿਸ਼ਨੂੰ** ਜੀ ਵੈਰਾਹ (ਭਾਵ ਸੂਰ) ਅਵਤਾਰ ਹੋ ਕੇ ਆਏ ਅਤੇ ਉਸ ਦੁਸ਼ਟ ਦੈਂਤ ਦਾ **ਦਮਨ** ਕਰਕੇ ਕੇ ਧਰਤੀ ਆਜ਼ਾਦ ਕਰਵਾਈ (੪) ਰਾਮ ਜੀ ਧਰਤੀ ਮਾਤਾ ਦੀ ਪੁਕਾਰ ਸੁਣ ਕੇ **ਦੁਸ਼ਟ ਰਾਵਣ** ਦੀ ਜਾਨ ਲੈਣ ਲਈ ਆਏ ਅਤੇ (੫) ਸ੍ਰੀ ਕ੍ਰਿਸ਼ਨ ਜੀ ਆਖ਼ਰੀ **ਦੁਸ਼ਟ ਕੰਸ** ਦਾ ਘੁੱਟ ਭਰਨ ਲਈ ਆਏ ਲਿਖੇ ਹਨ। ਕੀ ਅੱਗੇ ਹੁਣ ਇਹ ਸਮਝ ਲਿਆ ਜਾਵੇ ਕਿ ਜਦ ਧਰਤੀ ਮਾਤਾ ਕੋਲ ਦੁਸ਼ਟਾਂ ਵਿਰੁੱਧ ਫ਼ਰਿਆਦ ਨਾ ਰਹੀ ਤਾਂ ਅਕਾਲਪੁਰਖ ਜੀ ਆਪ ਹੀ ਹੇਮਕੁੰਡ ਤੇ ਬੈਠੇ ਦਸ਼ਮੇਸ਼ ਜੀ ਕੋਲ ਜਾ ਫ਼ਰਿਆਦੀ ਹੋਏ ਸਨ ? ਕਿ ਜਾਉ ਅਤੇ ਸੰਸਾਰੀਆਂ ਤੋਂ ਮੇਰਾ ਨਾਮ ਜਪਾਉ ਅਤੇ ਪਹਿਲੇ ਅਵਤਾਰਾਂ ਤੋਂ ਜਿਹੜੇ **ਦੁਸ਼ਟ ਬਚ ਨਿਕਲੇ** ਸਨ, ਉਨ੍ਹਾਂ--" **ਦੁਸ਼ਟ ਸਭਨ ਕੋ ਮੂਲ ਉਪਾਰੋ** ? ਸਾਰਿਆਂ ਦੀ ਹੁੰਣ ਜੜ੍ਹਾਂ ਹੀ ਪੁੱਟ ਕੇ ਮੁੜਿਓ ? ਕੀ ਇਹ ਸਭ ਸੱਚ ਹੀ ਹੈ ? ਨਹੀਂ । ਸੰਪੂਰਨ ਸੱਚ ਇਹ ਹੈ ਕਿ ਗੁਰੂ ਨਾਨਕ ਸਾਹਿਬ ਜੀ ਲਈ ਕੋਈ ਵੀ ਮਨੁੱਖ ਦੁਸ਼ਟ ਨਹੀਂ ਸੀ। ਦੁਸ਼ਟਤਾਈ ਨਿਕਲ ਗਈ ਤਾਂ ਫਿਰ ਸਾਰੇ ਹੀ ਭਲੇ ਲੋਕ ਸਨ। ਏਸੇ ਸਿਧਾਂਤ ਦੀ ਪਾਲਣਾ ਕਰਨ ਦੀ ਸਿਖਿਆ ਵਾਲਾ ਸੰਤ-ਸੂਰਮਾ ਪ੍ਰਗਟ ਹੋਇਆ ਸੀ। **ਮੰਦਾ ਕਿਸਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ** ॥[੧੩੮੧] **ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ** ॥[੧੨੩੮]--ਮੰਦਾ ਕਹਿ ਕੇ ਕਿਸੇ ਨੂੰ ਦੁਰਕਾਰ ਦੇਣਾ ਸਤਿਗੁਰਾਂ ਦੇ ਹਿਰਦੇ ਨੇ ਕਦੇ ਕਬੂਲ ਨਹੀਂ ਕੀਤਾ। **ਇਸ ਲਈ ਦਸ਼ਮੇਸ਼ ਜੀ ਨੂੰ ਦੁਸ਼ਟ ਦਮਨ ਕਹਿਣਾ ਬਿੱਪ੍ਰਨ ਦੀ ਬੋਲੀ ਹੈ।**

## ਗੁਰਬਾਣੀ ਦਾ ਇੱਕ ਇਹ ਪੱਖ:--

ਗੁਰਬਾਣੀ ਵਿਚ ਅਜੇਹੇ ਕਈ ਸ਼ਬਦ ਹਨ ਜਿਨ੍ਹਾਂ ਵਿਚ **ਦਸ਼ਟਾਂ** ਨੂੰ ਮਾਰਣ ਦੀ ਗੱਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਭੈੜੇ ਆਚਰਨ ਵਾਲੇ ਨੂੰ **ਦੁਸ਼ਟ** ਕਿਹਾ ਹੈ ਅਤੇ ਜਾਂ ਬਹੁਤੀ ਥਾਂਈ ਕਾਮ ਕ੍ਰੋਧ ਸ਼ਦਿ ਪੰਜ ਵਿਕਾਰਾਂ ਨੂੰ **ਦੁਸ਼ਟ** ਫ਼ੁਰਮਾਨ ਕੀਤਾ ਹੈ। ਜਿੱਥੇ ਕਿਤੇ ਜਾਨ ਦੇ ਵੈਰੀ ਬਣੇ ਕਿਸੇ ਮਨੁੱਖ ਲਈ **ਦੁਸ਼ਟ** ਸ਼ਬਦ ਆਇਆ ਵੀ ਹੈ, ਓਥੇ ਅਕਾਲ ਪੁਰਖ ਦੇ ਬਿਰਦ ਉਤੇ ਭਰੋਸਾ ਰੱਖਣ ਦਾ ਉਪਦੇਸ਼ ਵੀ ਨਾਲ ਹੀ ਹੈ। ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਥਮ ਮਹਾਨ ਬਾਣੀ ਜਿਸ ਨੂੰ ਅਸੀਂ " ਮੂਲ ਮੰਤਰ " ਕਹਿੰਦੇ ਹਾਂ, ਦੀ ਵਿਚਾਰ ਲਿਖਦਿਆ, ਗੁਰਮਤਿ ਦੇ ਇਸ ਪੱਖ ਬਾਰੇ ਪੂਰੀ ਵਿਸਥਾਰ ਨਾਲ ਕਈ ਗੁਰੂ ਸ਼ਬਦਾਂ ਦੇ ਅਧਾਰ ਤੇ ਵਿਚਾਰ ਲਿਖੀ ਹੈ। ਉਸ ਵਿਚ ਨਿਰਵੈਰਤਾ ਦੇ ਨਾਲ, ਵੈਰ,, ਦੁਸ਼ਮਣੀ, ਦੁਸ਼ਟਤਾਈ ਆਦਿ ਦੇ ਹਰ ਪੱਖ ਦੀ ਖੋਹਲ ਕੇ ਗੁਰਮਤਿ ਨੂੰ ਵਿਚਾਰਿਆ ਹੈ। ਏਥੇ ਕੇਵਲ ਉਦਾਹਰਣ ਵਜੋਂ **ਪੰਜ** ਗੁਰੂ ਸ਼ਬਦ:--

੬੭- **ਥਿਰੁ ਘਰਿ ਬੈਸਹੁ ਹਰਿਜਨ ਪਿਆਰੇ ॥ ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥ਦੁਸਟ ਦੂਤ ਪਰਮੇਸਰਿ ਮਾਰੇ ॥ ਜਨ ਕੀ ਪੈਜ ਰਖੀ ਕਰਤਾਰੇ ॥ ੧ ॥ ਬਾਦਿਸ਼ਾਹ ਸਾਹ ਸਭ ਵਸਿ ਕਰਿ ਦੀਨੇ ॥ ਅੰਮ੍ਰਿਤ ਨਾਮ ਮਹਾ ਰਸ ਪੀਨੇ ॥ ੨ ॥ ਨਿਰਭਉ ਹੋਇ ਭਜਹੁ ਭਗਵਾਨ ॥ ਸਾਧ ਸੰਗਤਿ ਮਿਲਿ ਕੀਨੋ ਦਾਨੁ ॥ ੩ ॥ ਸਰਣਿ ਪਰੇ ਪ੍ਰਭ ਅੰਤਰਜਾਮੀ ॥ ਨਾਨਕ ਓਟ ਪਕਰੀ ਪ੍ਰਭ ਸੁਆਮੀ ॥ ੪ ॥**[੨੦੧]-੧੦੮

[ਨਿਰਭਉ ਪਦ ਦੇਣ ਵਾਲੇ ਸਿਰਜਣਹਾਰ ਵਾਹਿਗੁਰੂ ਜੀ ਤੇ ਅਟੱਲ ਭਰੋਸਾ ਰੱਖ ਕੇ ਉਸ ਦੀ ਯਾਦ ਵਿਚ ਜੁੜੇ ਰਹਿਣ ਦਾ ਵਡਮੁੱਲਾ ਉਪਦੇਸ਼ ਹੈ]

੬੮- **ਬਸਤ੍ਰ ਹਮਾਰੇ ਰੰਗਿ ਚਲੂਲ ॥ ਸਗਲ ਆਭਰਣ ਸੋਭਾ ਕੰਠਿ ਫੂਲ ॥ ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ ॥ ਦੁਸਟ ਦੂਤ ਕੀ ਚੂਕੀ ਕਾਨਿ ॥ ੩ ॥**[੩੭੨]-੭

[ਪ੍ਰਿੰ: ਸਾਹਿਬ ਸਿੰਘ ਜੀ ਨੇ ਏਥੇ ਦੁਸ਼ਟ ਦੂਤ ਦੇ ਅਰਥ **ਕਾਮਾਦਿਕ** ਲਿਖੇ ਹਨ--(ਸ੍ਰੀ ਗੁਰੂ ਗ੍ਰੰਥ ਸਾਹਿ ਦਰਪਣ-- ਪੋਥੀ ਤੀਜੀ ਸਫ਼ਾ ੧੩੭) ]

੬੯- **ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਰਿ ਘਰ ਅਪਨਾਏ ॥ ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ ॥ ੩ ॥**[੧੨੬੬]-੧

**ਪਦ ਅਰਥ**:--ਦੁਸਟ= (ਕਾਮਾਦਿਕ) ਵੈਰੀ । ਬਿਦਾਰੇ=ਨਾਸ ਕੀਤੇ । ਸਾਜਨ=(ਦੈਵੀ ਗੁਣ ਰੂਪ=) ਸੱਜਣ । ਰਹਸੇ=ਖ਼ੁਸ਼ ਹੋਏ, ਪ੍ਰਫੁਲਤ ਹੋਏ। ਅਪਨਾਏ=ਆਪਣੇ ਬਣਾ ਲਏ, ਅਪਣੱਤ ਵਿਖਾਈ । ਗ੍ਰਿਹਿ=(ਹਿਰਦੇ) ਘਰ ਵਿਚ । ਰੰਗੀਓ=ਰੰਗੀਲਾ, ਸੁਹਣਾ ।

੭੦- **ਦੁਸਟ ਮੁਏ ਬਿਖੁ ਖਾਈ ਰੀ ਮਾਈ ॥ ਜਿਸ ਕੇ ਜੀਅ ਤਿਨ ਹੀ ਰਖਿ ਲੀਨੇ ਮੇਰੇ, ਪ੍ਰਭ ਕਉ ਕਿਰਪਾ ਆਈ ॥ ੧ ॥ ਰਹਾਉ ॥**[੧੨੬੯]-੧੨-੧੬

[ਦੁਸਟ=ਕਾਮਾਦਿਕ ਵੈਰੀ--ਪ੍ਰਿੰ: ਸਾਹਿਬ ਸਿੰਘ-ਪੋਥੀ ਨੌਵੀਂ ਸਫ਼ਾ ੨੧੮]

੭੧- **ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥ ੧ ॥**
**ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥ ਪਾਪੀ ਮੂਆ ਗੁਰ ਪਰਤਾਪਿ ॥ ੧ ॥ ਰਹਾਉ ॥**
**ਆਪਣਾ ਖਸਮੁ ਜਨਿ ਆਪਿ ਧਿਆਇਆ ॥ ਇਆਣਾ ਪਾਪੀ ਓਹੁ ਆਪਿ ਪਚਾਇਆ ॥ ੨ ॥**
**ਪ੍ਰਭੁ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥ ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥ ੩ ॥**
**ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥ ੪ ॥**[੧੧੩੭-੯

[ਵਾਹਿਗੁਰੂ ਜੀ ਦੇ ਸ਼ਕਰਾਨ ਨਾਲ **ਇਆਣਾ** ਕਹਿਣ ਤੋਂ ਸਪੱਸ਼ਟ ਹੈ ਕਿ ਤੱਤੀ ਲੋਹ ਤੇ ਸ਼ਾਂਤ ਰਹਿਣ ਵਾਲੇ ਪੰਚਮ ਸਤਿਗੁਰਾਂ ਦੇ ਹਿਰਦੇ ਵਿਚ ਪਾਪੀ ਬ੍ਰਹਮਣ ਪ੍ਰਤੀ ਹਮਦਰਦੀ ਉਵੇਂ ਹੀ ਕਾਇਮ ਸੀ ਜਿਵੇ ਸਰਬੱਤ ਸੰਸਾਰ ਲਈ ਹੈ]

[ਨੋਟ:- ਇੱਕ ਥਾਂ ਪੁਰਾਣਕ ਗਾਥਾ ਵਾਲੇ ਪ੍ਰਹਿਲਾਦ ਦੇ ਪਿਤਾ ਹਰਨਾਕਸ਼ ਨੂੰ ਵੀ ਦੁਸ਼ਟ ਲਿਖਿਆ ਹੈ ਪਰ ਉਹ ਪ੍ਰਥਾਇ ਸਾਖੀ ਹੈ। ਅੱਗਲੇ ਸਫ਼ਿਆਂ ਤੇ ਇਸ ਸਾਖੀ ਦੇ ਅਧਾਰ ਤੇ ਲਿਖਿਆ ਗੁਰੂ ਸ਼ਬਦ ਵੀ ਲਿਖਿਆ ਹੋਇਆ ਹੈ]

ਅੱਗੇ ੪੪ ਅਤੇ ੪੫ ਚੌਪਈਆਂ ਵਿਚ ਵੀ ਪਹਿਲੇ ਆਏ ਕਥਿਤ ਅਵਤਾਰਾਂ ਦੀਆਂ ਹੀ ਭੁੱਲਾਂ ਦਾ ਵੇਰਵਾ ਹੈ ਕਿ--" ਪ੍ਰਭ ਦੋਖੀ ਕੋਈ ਨ ਬਿਦਾਰਾ " ਭਾਵ, ਉਨ੍ਹਾਂ ਵਿਚੋਂ ਕਿਸੇ ਨੇ ਵੀ ਰੱਬ ਦੇ ਦੋਖੀ ਨੂੰ ਪਾਰ ਨਾ ਬੁਲਾਇਆ। ੬੩ ਨੰਬਰ ਤੱਕ ਛੰਦ, ਦੋਹਰੇ ਅਤੇ ਚੌਪਈਆਂ ਗੁਰਮਤਿ ਤੋਂ ਅਗਿਆਨੀ ਸਿੱਖਾਂ ਨੂੰ ਕੁਰਾਹੇ ਪਾਉਣ ਵਾਲੀਆਂ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਚਨਾ ਤੋਂ ਬਹੁਤ ਨੀਵੀਂ ਪੱਧਰ ਦੀਆਂ ਹਨ।

ਪਹਿਲਾਂ ਏਸੇ ਛੇਵੇ ਧਿਆਇ ਦੀ ਚੌਥੀ ਚੌਪਈ ਵਿਚ--' **ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥ ਤਬ ਹਮ ਜਨਮ ਕਲੂ ਮਹਿ ਲੀਆ** '- ਲਿਖ ਆਏ ਹਨ ਪਰ ਹੁਣ ਇੱਕ ਵਾਰੀ ਫੇਰ ਉਸੇ ਬਚਨ ਦਾ ਚੇਤਾ ਕਰਾ ਰਹੇ ਹਨ ਕਿ, ਉਹ ਰੱਬੀ ਹੁਕਮ ਦੇ ਬੱਧੇ ਧਰਤੀ ਤੇ ਆਏ ਹਨ । ਹੁਣ ਅੰਤਲਾ ਦੋਹਰਾ ਇਸ ਪ੍ਰਕਾਰ ਹੈ:-- **ਦੋਹਰਾ ॥**

**ਜਬ ਆਇਸੁ ਪ੍ਰਭ ਕੋ ਭਯੋ ਜਨਮ ਧਰਾ ਜਗ ਆਇ ॥ ਅਬ ਮੈ ਕਥਾ ਸੰਛੇਪ ਤੇ ਸਭਹੂੰ ਕਹਤ ਸੁਨਾਇ ॥ ੬੪** ॥

**ਅਰਥ:**--ਜਦੋਂ ਪ੍ਰਭੂ ਜੀ ਦੀ ਆਗਿਆ ਹੋਈ ਤਦੋਂ ਜਨਮ ਨੂੰ ਧਾਰ ਕੇ ਜਗਤ ਵਿਚ ਆਏ । ਹੁਣ ਮੈਂ (ਆਪਨੇ ਜਨਮ ਦੀ) ਕਥਾ ਸੰਖੇਪ ਨਾਲ ਸਭ ਨੂੰ ਕਹਿ ਸੁਣਾਉਂਦਾ ਹਾਂ (ਅਰਥਾਤ ਜਿਸ ਤਰ੍ਹਾਂ ਤੇ ਜਿਥੇ ਸਾਡਾ ਜਨਮ ਹੋਯਾ ਅਗਲੇ ਅਧਿਯਾਇ ਵਿਚ ਇਸ ਗੱਲ ਦਾ ਵਰਣਨ ਕਰਾਂਗੇ । ੬੪ ।

## ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਮਮ ਆਗਿਆ ਕਾਲ ਜਗ ਪ੍ਰੇਵਸ ਕਰਨ ਨਾਮ ਖਸਟਮੋ ਧਿਆਇ ਸਮਾਪਤੁ ਸਭਮਸਤੁ ॥ ੬ ॥ ੨੭੯ ॥

[**ਨੋਟ:--ਪਾਠਕ ਸੱਜਣ** ਇਸ ਤੱਥ ਨੂੰ ਧਿਆਨ ਵਿਚ ਰੱਖੇ, ਕਿ ਜਿਥੇ ਵਾਹਿਗੁਰੂ ਦੀ ਨਿਰਾਦਰੀ ਵਾਲੇ ਸ਼ਬਦ ਲਿਖਣੇ ਹੋਣ ਉਥੇ ਰੱਬ ਨੂੰ " **ਅਕਾਲ ਪੁਰਖ** " ਲਿਖਿਆ ਹੈ, ਜਦ ਕੇ ਮਹਿਮਾ ਵਾਲੀ ਬੋਲੀ ਕੇਵਲ " **ਕਾਲ** " ਵਾਸਤੇ ਹੀ ਹੈ]

ਭਾਵ, ਬਚਿਤ੍ਰ ਨਾਟਕ ਵਿਚਲੇ **ਕਾਲ** ਜੀ ਦੀ ਆਗਿਆ ਨਾਲ ਮੇਰੇ ਜਗਤ ਵਿਚ ਪ੍ਰਵੇਸ਼ ਕਰਨ ਵਾਲੇ ਸਾਕੇ ਦਾ ਛੇਵਾਂ ਅਧਿਆਇ ਸਮਾਪਤ ਹੋ ਗਿਆ ਹੈ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ, ਕੀ ਹੇਮਕੁੰਡ ਕਿਸੇ ਹੋਰ ਜਗਤ ਵਿਚ ਸੀ? ਪਰ ਜਦ ਲੱਕ ਹੀ ਝੂਠ ਦੇ ਬੰਨ੍ਹ ਲਿਆ ਫਿਰ ਅਜੇਹੀ ਗੱਲ ਦੀ ਕੀ ਪਰਵਾਹ ? ਦੂਜੀ ਹੈਰਾਨੀ-- ਜਦੋਂ ਦਸ਼ਮੇਸ਼ ਜੀ ਨਾਲ ਬਚਨ ਕਰਨੇ ਦਰਸਾਉਣੇ ਸਨ ਤਾਂ **ਅਕਾਲ ਪੁਰਖ ਬਾਚ** " ਭਾਵ ਰੱਬ ਨੂੰ ' **ਅਕਾਲ ਪੁਰਖ** ' ਲਿਖਿਆ ਹੈ ਪਰ ਏਥੇ ਜਦ ਉਹੀ ਅਧਿਆਇ ਮੁੱਕਾ **ਤਾਂ ਖੰਡਤਾ ਰਹਿਤ** " **ਅਕਾਲ** " ਦੇ ਥਾਂ " **ਕਾਲ** ' ਬਣ ਗਿਆ ਜਿਸ ਦਾ ਵਜੂਦ ਹੈ ਹੀ ਖੰਡਤ ਹੋਣ ਤੇ ਨਿਰਭਰ। [**ਕਾਲ**=ਸਮਾ--ਭੂਤ-ਕਾਲ, ਵੇਰਤਮਾਨ ਕਾਲ ਤੇ ਭਵਿਖ ਕਾਲ= ਬ੍ਰਹਮਾ, ਬਿਸ਼ਨ ਮਹੇਸ਼]

੨੬

# ਸਤਵਾਂ ਅਧਿਆਇ

# ਅਬ ਕਬਿ ਜਨਮ ਕਥਨੰ ॥

ਕਾਲ ਜੀ ਦੀ ਆਗਿਆ ਜਗਤ ਪਰ੍ਵੇਸ਼ ਵਾਲੀ ਕਥਾ ਤੋਂ ਸਿੱਧ ਤਾਂ ਏਹੀ ਹੁੰਦਾ ਹੈ ਕਿ " ਕਬਿ ਜੀ " ਨੇ ਧਰਤੀ ਤੇ ਜਨਮ ਲੈ ਲਿਆ ਹੈ। ਪਰ ਕਿਉਂਕਿ ਤਜਰਬੇਕਾਰ ਲਿਖਾਰੀ ਨੇ ਅਜੇ ਇਸ ਕਥਾ ਨੂੰ ਅਜੇਹਾ ਮਨਮੋਹਣਾ ਬਣਾਉਣਾ ਸੀ, ਕਿ ਸਿੱਖ ਕੀਰਤਨੀਏ ਇਸ ਕਥਾ ਨੂੰ ਗਾ ਗਾ ਕੇ ਪੰਥ ਵਿਚ ਅਜੇਹੀ ਸ਼ਰਧਾ ਬਣਾ ਦੇਣ ਕਿ ਸ਼ਰਧਾਲੂ ਉਸ ਹੇਮ ਕੁੰਡ ਨੂੰ ਢੂੰਡ ਲੈਣ ਵਿਚ ਸਤਿਗੁਰਾਂ ਦੀ ਖ਼ੁਸ਼ੀ ਅਤੇ ਆਪਣੀ ਕਲਿਆਣ ਦਾ ਸਾਧਨ ਮੰਨ ਲੈਣ। ਸੋ ਜਗਤ ਪ੍ਰਵੇਸ਼ ਤੋਂ ਅੱਗੇ ਉਚੇਚਾ ਸਤਵਾਂ ਅਧਿਆਇ, ਕਵੀ ਜੀ ਦੇ ਜਨਮ-ਕਥਾ ਦਾ ਲਿਖਿਆ ਗਿਆ । ਹਰ ਗਲ ਵਿਚ ਵਿੰਗ ? :--

**ਚੌਪਈ ॥**

**ਮੁਰ ਪਿਤ ਪੂਰਬ ਕੀਯਸਿ ਪਯਾਨਾ ॥ ਭਾਂਤਿ ਭਾਂਤਿ ਕੇ ਤੀਰਥ ਨ੍ਹਾਨਾ ॥**
**ਜਬ ਹੀ ਜਾਤ ਤ੍ਰਿਬੇਣੀ ਭਏ ॥ ਪੁੰਨ ਦਾਨ ਦਿਨ ਕਰਤ ਬਿਤਏ ॥ ੧ ॥**
**ਤਹੀ ਪ੍ਰਕਾਸ ਹਮਾਰਾ ਭਯੋ ॥ ਪਟਨਾ ਸਹਰ ਬਿਖੈ ਭਵ ਲਯੋ ॥**
**ਮਦ੍ਰ ਦੇਸ ਹਮ ਕੋ ਲੈ ਆਏ ॥ ਭਾਂਤਿ ਭਾਂਤਿ ਦਾਈਅਨਿ ਦੁਲਰਾਏ ॥ ੨ ॥**
**ਕੀਨੀ ਅਨਿਕ ਭਾਂਤਿ ਕੀ ਰੱਛਾ ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥**
**ਜਬ ਹਮ ਧਰਮ ਕਰਮ ਮੋ ਆਏ ॥ ਦੇਵ ਲੋਕ ਤਬ ਪਿਤਾ ਸਿਧਾਏ ॥ ੩ ॥**

**ਅਰਥ:**--(ਜਦੋਂ) ਮੇਰੇ ਪਿਤਾ (ਸ੍ਰੀ ਗੁਰੂ ਤੇਗ਼ ਬਹਾਦਰ ਜੀ) ਨੇ ਪੂਰਬ ਵਲ (ਪਯਾਨਾ) ਜਾਣਾ ਕੀਤਾ ਸੀ, ਅਤੇ ਤਰ੍ਹਾਂ ਤਰ੍ਹਾਂ ਦੇ ਤੀਰਥਾਂ ਪੁਰ ਇਸ਼ਨਾਨ ਕੀਤੇ ਸਨ, ਜਦੋਂ ਏਸੇ ਤਰ੍ਹਾਂ, (ਤ੍ਰਬੈਣੀ) ਪ੍ਰਯਾਗਰਾਜ ਪੁੱਜੇ ਸਨ ਅਤੇ ਦਾਨ ਪੁੰਨ ਕਰਦਿਆਂ ਕਈ ਦਿਨ ਬਿਤਾ ਦਿੱਤੇ ਸਨ । ੧ । ਉਥੇ (ਪ੍ਰਯਾਗ ਵਿਚ) ਹੀ ਸਾਡਾ ਪ੍ਰਕਾਸ਼ ਹੋਇਆ ਸੀ ,[ਲਿਖਾਰੀ ਦੇ ਲਿਖਣ ਢੰਗ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਤ੍ਰਿਬੈਣੀ ਵਿਖੇ ਸਤਿਗੁਰੂ ਜੀ ਉਨਾ ਚਿਰ ਦਾਨ ਪੁੰਨ ਕਰਦੇ ਹੀ ਰਹੇ ਜਿੰਨਾ ਚਿਰ ਲਿਖਾਰੀ ਜੀ ਦਾ ਪ੍ਰਕਾਸ਼ ਨਹੀਂ ਸੀ ਹੋਇਆ] ਪਟਨਾ ਸ਼ਹਿਰ(ਵਿਚ ਅਸਾ, (ਭਵ) ਜਨਮ ਲਿਆ ਸੀ । (ਪੂਰਬ ਤੋਂ) ਸਾਨੂ ਪੰਜਾਬ ਦੇਸ ਵਿਚ ਲੈ ਆਏ ਅਤੇ ਤਰ੍ਹਾਂ ਤਰ੍ਹਾਂ (ਨਾਲ ਸਾਨੂੰ) ਦਾਈਆਂ ਨੇ ਲਾਡ ਕਰਾਏ ਸਨ । ੨ । ਅਨੇਕਾਂ ਤਰ੍ਹਾਂ ਨਾਲ (ਮਾਪਿਆਂ ਨੇ ਸਾਡੇ) ਤਨ ਦੀ ਰਖਿਆ ਕੀਤੀ, ਅਤੇ ਤਰ੍ਹਾਂ ਤਰ੍ਹਾਂ ਦੀ ਸਾਨੂੰ ਸਿਖਿਯਾ ਦਿੱਤੀ । ਜਦੋਂ ਅਸੀਂ ਧਰਮ ਦੇ ਕੰਮ ਵਿਚ ਆਏ, ਤਦੋਂ ਪਿਤਾ ਜੀ ਸਚ ਖੰਡ ਨੂੰ ਗਮਨ ਕਰ ਗਏ । ੩ । ।

ਧਿਆਨ ਰਹੇ ਕਿ ਲਿਖਾਰੀ ਨੇ ਸਤਿਗੁਰਾਂ ਦੀ ਤੀਰਥਾਂ ਦੇ ਇਸ਼ਨਾਨ ਦੀ ਇਹ ਯਾਤਰਾ ਉਸੇ ਤਰ੍ਹਾਂ ਦੀ ਨਹੀਂ ਲਿਖੀ ਜੋ ਚੌਥੇ ਗੁਰੂ ਨਾਨਕ ਜੀ ਨੇ ਗੁਰੂ ਅਮਰਦਾਸ ਜੀ ਦੇ ਤੀਰਥਾਂ ਤੇ ਜਾਣ ਬਾਰੇ ਲਿਖੀ ਹੈ। ਬਚਿਤ੍ਰ ਨਾਟਕ ਨੂੰ ਦਸ਼ਮੇਸ਼ ਜੀ ਦੀ ਆਪਣੀ ਲਿਖਤ ਸਿੱਧ ਕਰਨ ਦੇ ਯਤਨ ਵਿਚ ਰੁੱਝੇ ਕਈ ਵਿਦਵਾਨ, ਸਤਿਗੁਰਾਂ ਦੀ ਉਪ੍ਰੋਕਤ ਕਥਿਤ ਤੀਰਥ-ਯਾਤਰਾ ਨੂੰ ਗੁਰਮਤਿ ਦੇ ਅਨੁਕੂਲ ਦੱਸਣ ਲਈ ਤੁਖਾਰੀ ਛੰਤ ਮਹਲਾ ੪ ਦੇ ਗੁਰੂ-ਸ਼ਬਦਾਂ ਦੇ ਮਨ-ਮੱਤੀ ਅਰਥ ਕਰਕੇ ਸਰੋਤਿਆਂ ਨੂੰ ਕੁਰਾਹੇ ਪਾਉਣ ਵਿਚ ਸਫ਼ਲ ਹੋ ਰਹੇ ਹਨ । ਗੁਰੂ ਸ਼ਬਦ ਅਤੇ ਪ੍ਰਿੰ: ਸਾਹਿਬ ਸਿੰਘ ਜੀ ਦੇ ਲਿਖੇ ਅਰਥ ਇਸ ਪ੍ਰਕਾਰ:--

੭੨- **ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥**
**ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥ ਜਨਮ ਮਰਣ ਦੁਖ ਖਿਨ ਮਹਿ ਬਿਨਸੇ**
**ਪਾਇਆ ਪ੍ਰਭੁ ਅਬਿਨਾਸੀ ॥ ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥**
**ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ੧ ॥**[੧੧੧੬]-ਛੰਤ-੪-੧੦

**ਅਰਥ:**--ਹੇ ਭਾਈ ! (ਜਿਸ ਮਨੁੱਖ ਨੂੰ) ਸਤਿਗੁਰਾਂ ਦਾ ਦਰਸ਼ਨ ਹੋ ਗਿਆ, (ਇਹ ਗੁਰ-ਦਰਸ਼ਨ ਉਸ ਮਨੁੱਖ ਵਾਸਤੇ) ਤੀਰਥ--ਇਸ਼ਨਾਨ ਹੈ, (ਉਸ ਮਨੁੱਖ ਵਾਸਤੇ ਅਭੀਚ ਨਛੱਤ੍ਰ ਦਾ ਪਵਿੱਤਰ ਦਿਹਾੜਾ ਹੈ । (ਗੁਰੂ ਦੇ ਦਰਸ਼ਨ ਦੀ ਬਰਕਤਿ ਨਾਲ ਉਸ ਮਨੁੱਖ ਦੀ ਆਤਮਕ ਜੀਵਨ ਵਲੋਂ ਬੇਸਮਝੀ ਵਾਲਾ ਹਨੇਰਾ ਦੂਰ ਹੋ ਜਾਂਦਾ ਹੈ । ਹੇ ਭਾਈ ! (ਜਿਸ ਮਨੁੱਖ ਨੇ) ਗੁਰੂ ਦਾ ਦਰਸ਼ਨ ਕਰ ਲਿਆ, (ਉਸ ਨੇ ਆਪਣੇ ਅੰਦਰੋਂ) ਅਗਿਆਨ (--ਹਨੇਰਾ) ਦੂਰ ਕਰ ਲਿਆ, ਉਸ ਦੇ ਅੰਦਰ ਪਰਮਾਤਮਾ ਦੀ ਜੋਤਿ ਨੇ ਆਪਣਾ ਪਰਕਾਸ਼ ਕਰ ਦਿੱਤਾ, (ਗੁਰ ਦੇ ਦਰਸ਼ਨ ਦੀ ਬਰਕਤਿ ਨਾਲ ਉਸ ਮਨੁੱਖ ਨੇ) ਅਬਿਨਾਸ਼ੀ ਪ੍ਰਭੂ (ਦਾ ਮਿਲਾਪ) ਹਾਸਲ ਕਰ ਲਿਆ, ਉਸ ਮਨੁੱਖ ਦੇ ਜਨਮ ਤੋਂ ਮਰਨ ਤਕ ਦੇ ਸਾਰੇ ਦੁਖ ਨਾਸ ਹੋ ਗਏ । ਗੁਰੂ (ਅਮਰਦਾਸ ਅਭੀਚ ਪੁਰਬ ਦੇ ) ਤੀਰਥ-ਇਸ਼ਨਾਨ ਦੇ ਸਮੇ ਤੇ ਕੁਲਖੇਤ੍ਰ ਤੇ ਗਏ, ਕਰਤਾਰ ਨੇ ਆਪ ਗੁਰੂ ਦੇ ਜਾਣ ਦੇ ਇਸ ਉੱਦਮ ਨੂੰ ਉਥੇ ਇਕੱਠੇ ਹੋਏ ਲੋਕਾਂ ਵਾਸਤੇ) ਪਵਿਤੱਰ ਦਿਹਾੜਾ ਬਣਾ ਦਿੱਤਾ । ਜਿਸ ਮਨੁੱਖ ਨੂੰ ਸਤਿਗੁਰੂ ਦਾ ਦਰਸ਼ਨ ਹੋ ਗਿਆ, ( ਇਹ ਗੁਰ-ਦਰਸ਼ਨ ਉਸ ਮਨੁੱਖ ਵਾਸਤੇ ) ਤੀਰਥ-ਇਸ਼ਨਾਨ ਹੈ, (ਉਸ ਮਨੁੱਖ ਵਾਸਤੇ ਅਭੀਚ ਨਛੱਤ੍ਰ ਦਾ ਪਵਿੱਤਰ ਦਿਹਾੜਾ ਹੈ । ੧ ।

ਗੁਰਦੇਵ ਜੀ ਦੀ ਇਸ ਯਾਤਰਾ ਦਾ ਮੰਤਵ, ਅਗਲੇ ਛੰਤ ਵਿਚ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ:----

੭੩- **ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥ ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥**
**ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ ॥ ਜਿਨ ਦਰਸੁ ਸਤਿਗੁਰ ਗੁਰੂ ਕੀਆ**
**ਤਿਨ ਆਪਿ ਹਰਿ ਮੇਲਾਇਆ ॥ ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥ ਮਾਰਗਿ**
**ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥ ੨ ॥** [੧੧੧੬]-ਛੰਤ--੪-੧੦

**ਅਰਥ:**--ਹੇ ਭਾਈ ! ਅਨੇਕਾਂ ਸਿੱਖ ਗੁਰੂ (ਅਮਰਦਾਸ ਜੀ) ਦੇ ਨਾਲ ਉਸ ਲੰਮੇ ਪੈਂਡੇ ਵਿਚ ਗਏ । ਹਰੇਕ ਖਿਨ, ਨਿਮਖ ਨਿਮਖ, ਕਦਮ ਕਦਮ ਤੇ ਹਰ ਰੋਜ਼ ਪਰਮਾਤਮਾ ਦੀ ਭਗਤੀ ਦਾ ਅਵਸਰ ਬਣਿਆ ਰਹਿੰਦਾ ਸੀ । (ਉਸ ਸਾਰੇ ਪੈਂਡੇ ਵਿਚ) ਸਦਾ ਪਰਮਾਤਮਾ ਦੀ ਭਗਤੀ ਦਾ ਉੱਦਮ ਬਣਿਆਂ ਰਹਿੰਦਾ ਸੀ, ਬਹੁਤ ਲੁਕਾਈ ਗੁਰੂ ਦਾ ਦਰਸ਼ਨ ਕਰਨ ਆਉਂਦੀ ਸੀ । ਜਿਨ੍ਹਾਂ (ਵਡਭਾਗੀ ਮਨੁੱਖਾਂ) ਨੇ ਗੁਰੂ ਦਾ ਦਰਸ਼ਨ ਕੀਤਾ, ਪਰਮਾਤਮਾ ਨੇ ਆਪ ਉਨ੍ਹਾਂ ਨੂੰ (ਆਪਣੇ ਚਰਨਾਂ ਵਿਚ) ਜੋੜ ਲਿਆ (ਭਾਵ, ਜਿਹੜੇ ਮਨੁੱਖ ਗੁਰੂ ਦਾ ਦਰਸ਼ਨ ਕਰਦੇ ਹਨ ਉਨ੍ਹਾਂ ਨੂੰ ਪਰਮਾਤਮਾ ਆਪਣੇ ਨਾਲ ਮਿਲਾ ਲੈਂਦਾ ਹੈ) । (ਤੀਰਥਾਂ ਉਤੇ ਇਕੱਠੀ ਹੋਈ) ਸਾਰੀ ਲੁਕਾਈ ਨੂੰ (ਤੀਰਥ ਇਸ਼ਨਾਨਾਂ ਦੇ ਭਰਮ ਵਾਲੇ ਗ਼ਲਤ ਰਸਤੇ ਤੇ ਪਏ ਰਹਿਣ ਤੋਂ) ਬਚਾ ਲੈਣ ਲਈ ਸਤਿਗੁਰੂ ਨੇ ਤੀਰਥਾਂ ਉਤੇ ਜਾਣ ਦਾ ਉੱਦਮ ਕੀਤਾ ਸੀ । ਸਤਿਗੁਰਾਂ ਦੇ ਨਾਲ ਅਨੇਕਾਂ ਸਿੱਖ ਉਸ ਲੰਮੇ ਪੈਂਡੇ ਵਿਚ ਗਏ ਸਨ ।**[ਪ੍ਰਿੰ: ਸਾਹਿਬ ਸਿੰਘ]**

ਅਜੇਹਾ ਸੋਚਣਾ ਬੜੀ ਵੱਡੀ ਭੁੱਲ ਹੈ, ਅਥਵਾ ਘੋਰ ਪਾਪ ਹੈ, ਕਿ ਸਤਿਗੁਰਾਂ ਨੇ ਦ੍ਰਿਸ਼ਟਮਾਨ ਤੀਰਥਾਂ ਦੇ ਦਰਸ਼ਨ-ਇਸ਼ਨਾਨ ਨੂੰ (ਕਿਸੇ ਸਖ਼ਤ ਭੀੜ ਦੇ ਸਮੇ ਵੀ ) ਪੁੰਨ ਦਾ ਕੰਮ ਮੰਨਿਆ ਸੀ। ਗੁਰੂ ਨਾਨਕ ਸਾਹਿਬ ਜੀ ਤੋਂ ਹੀ ਸਤਿਗੁਰੂ ਜੀ ਲੋਕਾਂ ਦੀ ਭੀੜਾਂ ਵਾਲੇਉਨ੍ਹਾਂ ਥਾਵਾਂ ਤੇ ਸਦਾ ਪੁੱਜਦੇ ਰਹੇ ਸਨ ਤਾਂ ਜੋ ਵੱਧ ਤੋਂ ਵੱਧ ਮਨੁੱਖਾਂ ਨੂੰ ਗੁਰਮਤਿ ਗਿਆਨ ਤੋਂ ਜਾਣੂੰ ਕਰਾ ਕੇ ਕੇ ਵੱਧ ਤੋਂ ਵੱਧ ਲੋਕਾਂ ਨੂੰ ਬ੍ਰਾਹਮਣੀ ਭਰਮ-ਜਾਲ ਵਿਚੋਂ ਕੱਢਣ ਦੀ ਗੁਰਮਤਿ-ਸੇਵਾ ਕੀਤੀ ਜਾ ਸਕੇ। ਸਤਿਗੁਰਾਂ ਦੇ ਇਸ ਉਪਕਾਰ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਇਉਂ ਕੀਤਾ ਹੈ:--

**ਬਾਬਾ ਆਇਆ ਤੀਰਥੈ, ਤੀਰਥਿ ਪੁਰਬਿ ਸਭੇ ਫਿਰਿ ਦੇਖੈ ।**
**ਪੂਰਬ ਧਰਮਿ ਬਹੁ ਕਰਮ ਕਰਿ, ਭਾਉ ਭਗਤਿ ਬਿਨੁ ਕਿਤੇ ਨ ਲੇਖੈ ।**
**ਭਾਉ ਨ ਬ੍ਰਹਮੈ ਲਿਖਿਆ, ਚਾਰਿ ਬੇਦ, ਸਿੰਮ੍ਰਿਤਿ ਪੜ੍ਹਿ ਪੇਖੈ ।**
**ਢੂੰਡੀ ਸਗਲੀ ਪ੍ਰਿਥਵੀ, ਸਤਿਜੁਗਿ ਆਦਿ ਦੁਆਪਰਿ ਤ੍ਰੇਤੈ ।**
**ਕਲਿਜੁਗਿ ਧੁੰਧੂਕਾਰੁ ਹੈ, ਭਰਮਿ ਭੁਲਾਈ, ਬਹੁ ਬਿਧਿ ਭੇਖੈ ।**
**ਭੇਖੀ ਪ੍ਰਭੂ ਨ ਪਾਈਐ, ਆਪ ਗਵਾਏ ਰੂਪ ਨ ਰੇਖੈ ।**
**ਗੁਰਮੁਖਿ ਵਰਨੁ ਅਵਰਨ ਹੋਇ ਨਿਵਿ ਚਲਣਾ ਗੁਰ ਸਿਖਿ ਵਿਸੇਖੈ ।**
**ਤਾ ਕਿਛੁ ਘਾਲਿ ਪਵੈ ਦਰਿ ਲੇਖੈ । ੨੫ ।** [ਵਾਰ ੧ ਭਾਈ ਗੁਰਦਾਸ ਜੀ]

**ਤੀਰਥਾਂ ਦੇ ਇਸ਼ਨਾਨ ਨੂੰ ਫਲ ਦਾਇਕ ਮੰਨਣਾ** ਗੁਰਮਤਿ ਨਹੀਂ ਹੈ। ਇਹ ਕਰਮ ਬ੍ਰਾਹਮਣ-ਵਾਦ ਹੈ ਅਥਵਾ ਬਿੱਪ੍ਰਨ ਕੀ ਰੀਤ ਹੈ:--

(ੳ) ਤੀਰਥਾਂ ਦੇ ਇਸ਼ਨਾਨ ਨੂੰ ਪੁੰਨ ਕਰਮ ਸਮਝਣ ਵਾਲਿਆਂ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਥਮ ਬਾਣੀ, ਜਪੁਜੀ ਸਾਹਿਬ ਵਿਚੋ ਹੀ ਉਪਦੇਸ਼ ਮਿਲਣੇ ਅਰੰਭ ਹੋ ਜਾਂਦੇ ਹਨ--**ਤੀਰਥਿ ਨਾਵਾ, ਜੇ ਤਿਸੁ ਭਾਵਾ, ਵਿਣੁ ਭਾਣੇ ਕਿ ਨਾਇ ਕਰੀ ॥**(੬)

੭੪- **ਤੀਰਥਿ ਨਾਇ ਅਰੁ ਧਰਨੀ ਭ੍ਰਮਤਾ, ਆਗੈ ਠਉਰ ਨ ਪਾਵੈ ॥**
**ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥ ੨ ॥**[੨੧੯]-੬-੧੬੪

ਅਰਥ:--ਜੇਹੜਾ ਮਨੁੱਖ ਤੀਰਥ ਤੇ ਇਸ਼ਨਾਨ ਕਰਦਾ ਹੈ ਤੇ (ਤਿਆਗੀ ਬਣ ਕੇ) ਧਰਤੀ ਤੇ ਰਟਨ ਕਰਦਾ ਫਿਰਦਾ ਹੈ, ਉਹ ਵੀ ਪ੍ਰਭੂ ਦੀ ਦਰਗਾਹ ਵਿਚ ਥਾਂ ਨਹੀਂ ਲੱਭ ਸਕਦਾ । ਅਜੇਹਾ ਤਿਆਗੀ ਸਿਰਫ਼ ਲੋਕਾਂ ਨੂੰ ਹੀ (ਆਪਣੇ ਧਰਮੀ ਹੋਣ ਦਾ) ਨਿਸਚਾ ਕਰਾ ਰਿਹਾ ਹੁੰਦਾ ਹੈ ।

੭੫- **ਅੰਤਰਿ ਮੈਲੁ ਜੇ ਤੀਰਥ ਨਾਵੈ, ਤਿਸੁ ਬੈਕੁੰਠ ਨ ਜਾਨਾਂ ॥**
**ਲੋਕ ਪਤੀਣੇ ਕਛੂ ਨ ਹੋਵੈ, ਨਾਹੀ ਰਾਮੁ ਅਯਾਨਾ ॥ ੧ ॥**[੪੮੪]-੪-੩੭

੭੬- **ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥**
**ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥ ੧ ॥**[੮੩੦]-੨

**ਅਰਥ:**--ਜੇ ਮਨੁੱਖ ਪਰਮਾਤਮਾ ਦੀ ਸਰਨ ਨਹੀਂ ਪੈਂਦਾ, ਤਾਂ ਉਸ ਦੇ ਤੀਰਥ-ਜਾਤ੍ਰਾ ਕਰਨ ਦਾ ਕੋਈ ਲਾਭ ਨਹੀਂ, ਵਰਤ ਰੱਖਣ ਦਾ ਕੋਈ ਫ਼ਾਇਦਾ ਨਹੀਂ । ਜਿਹੜਾ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਭੁਲਾ ਦਿੰਦਾ ਹੈ, ਮੈਂ ਸਮਝਦਾ ਹਾਂ ਕਿ ਉਸ ਦੇ ਜੋ-ਸਾਧਨ ਅਤੇ ਜੱਗ (ਆਦਿਕ ਕਰਮ ਸਭ) ਵਿਅਰਥ ਹਨ (ਭਾਵ, ਸਵਾਏ ਪ੍ਰਭੂ ਦੀ ਯਾਦ ਦੇ ਬਾਕੀ ਤੀਰਥ ਇਸ਼ਨਾਨ ਆਦਿ ਸਾਰੇ ਕਰਮ ਕਾਂਡੀ ਉ–ਦਮ ਨਿਸਫ਼ਲ ਹਨ) । ੧ ।

## (ਅ) ਤੀਰਥ-ਯਾਤਰਾ ਹਉਮੈ ਦਾ ਮੂਲ ਹੈ

ਤੀਰਥਾਂ ਦੇ ਇਸ਼ਨਾਨ ਨਾਲ ਵਿਕਾਰਾਂ ਤੋਂ ਖ਼ਲਾਸੀ ਨਹੀਂ ਮਿਲਦੀ । ਜਿੰਨੇ ਮਰਜ਼ੀ ਹੈ ਤੀਰਥਾਂ ਦੇ ਇਸ਼ਨਾਨ ਕਰ ਲਵੇ ਪਰ ਮਨੁੱਖ ਦੇ ਅੰਦਰ ਦੀ ਹਉਮੈ ਦੀ ਮੈਲ ਕਦੇ ਨਹੀਂ ਜਾਂਦੀ--**ਅਨੇਕ ਤੀਰਥ ਜੇ ਜਤਨ ਕਰੈ, ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥**(੪੯੧)-੪-੬ । ਤੀਰਥਾਂ ਤੇ ਇਸ਼ਨਾਨ ਕਰਨ ਵਾਲੇ ਦੇ ਅੰਦਰ ਇਹ ਵਿਸ਼ਵਾਸ਼ ਬਣਦਾ ਹੈ ਕਿ ਉਸ ਨੇ ਹੋਰਨਾਂ ਨਾਲੋਂ ਅੱਡਰਾ ਅਤੇ ਬਹੁਤੇ ਧਰਮ ਦਾ ਕੰਮ ਕੀਤਾ ਹੈ, ਅਥਵਾ ਤੀਰਥ ਇਸ਼ਨਾਨੀ ਨੂੰ ਦੂਜਿਆਂ ਨਾਲੋਂ ਵੱਧ ਧਰਮੀ ਹੋਣ ਦਾ ਹੰਕਾਰ ਆ ਘੇਰਦਾ ਹੈ :--

੭੭- **ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥**
**ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੩ ॥** [੧੧੬]--੧੧-੧੨

੭੮- **ਤੀਰਥਿ ਜਾਉ ਤ ਹਉ ਹਉ ਕਰਤੇ ॥ ਪੰਡਿਤ ਪੂਛਉ ਤ ਮਾਇਆ ਰਾਤੇ ॥ ੧ ॥**[੩੮੫]--੫੮

## (ੲ) <u>ਤੀਰਥ, ਮਨੁੱਖ ਨੂੰ ਵੱਧ ਪਾਪ-ਕਰਮੀ ਬਣਾਉਂਦੇ ਹ</u>ਨ ?

੭੯- **ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥**
**ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥ ੨ ॥**[੧੩੪੮]-੨

੮੦- **ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥**
**ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥**[੭੮੯]-ਵਾਰ--੧੨

## (ਸ) ਤੀਰਥਾਂ ਦੇ ਵਾਸੀ ਹੋਣਾ ਜਾਂ ਤੀਰਥਾਂ ਤੇ ਪ੍ਰਾਣ ਤਿਆਗਣ ਦੀ ਇੱਛਾ ।

੮੧- **ਕਬੀਰ ਗੰਗਾ ਤੀਰ ਜੁ ਘਰੁ ਕਰਹਿ, ਪੀਵਹਿ ਨਿਰਮਲ ਨੀਰੁ ॥**
**ਬਿਨੁ ਹਰਿ ਭਗਤਿ ਨ ਮੁਕਤਿ ਹੋਇ, ਇਉ ਕਹਿ ਰਮੇ ਕਬੀਰ ॥ ੫੪ ॥**[੧੩੬੭]

੮੨- **ਮਨ ਕਾਮਨਾ ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ ਨ ਮਨ ਤੇ ਹੁਟੈ ॥**
**ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨਤੇ ਜਾਤਿ ॥..** ॥੩॥ [੨੬੫]-ਅਸਟ-੩

## (ਕ) ਸੰਤ-ਭਗਤ ਅਥਵਾ ਗੁਰਮੁਖਿ ਗੁਰੂ ਤਾਂ ਆਪ ਹੀ ਮਹਾਨ ਤੀਰਥ ਹੈ:--

੮੩- **ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ ॥ ਸਤਿਗੁਰੁ ਮਨ ਕਾਮਨਾ**
**ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥ ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥**
**ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਜਿ ਸਮਾਇ ॥ ੧ ॥**[੨੬]-੧-੩੪

## (ਖ) ਗੁਰੂ-ਸ਼ਬਦ ਵਿਚ ਸਾਰੇ ਤੀਰਥ

੮੪- **ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥ ਅਠਸਠਿ ਤੀਰਥ ਗੁਰ ਸਬਦਿ**
**ਦਿਖਾਏ ਤਿਤੁ ਨਾਤੈ ਮਲੁ ਜਾਏ ॥ ਸਚਾ ਸਬਦੁ ਸਚਾ ਹੈ ਨਿਰਮਲੁ ਨ ਮਲੁ ਲਗੈ ਨ ਲਾਏ ॥**
**ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥ ੫ ॥**[੭੫੩]--ਅਸਟ-੧

## (ਗ) ਪ੍ਰਭੂ ਦਾ ਨਾਮ ਹੀ ਸਰਬ-ਸ੍ਰੇਸ਼ਟ ਤੀਰਥ ਹੈ

੮੫- **ਤੀਰਥੁ ਹਮਰਾ ਹਰਿ ਕੋ ਨਾਮੁ ॥ ਗੁਰਿ ਉਪਦੇਸਿਆ ਤਤੁ ਗਿਆਨੁ ॥ ੧ ॥ ਰਹਾਉ ॥**[੧੧੪੨]-੧੨-੨੫

## (ਘ) ਹਿਰਦੇ ਵਿਚ ਬਣੇ ਤੀਰਥ ਦੇ ਦਰਸ਼ਨ

੮੬ **ਸੁਣਿਆ ਮੰਨਿਆ, ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ, ਮਲਿ ਨਾਉ ॥**(ਜਪੁ-੨੧)

੮੭- **ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥**

**ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥- - ੨ ॥**[੪੬੯]-ਵਾਰ-੧੦

**(ਙ) (ਸੱਚ ਦਾ--) ਗਿਆਨ-ਰੂਪੀ ਤੀਰਥ**

੮੮- **ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ, ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥ ੧ ॥**[੬੮੭]ਛੰਤ-੧

## ਦਾਨ ਪੁੰਨ ਦਾ ਦੋਸ਼

੮੯- **ਤੀਰਥੁ ਤਪੁ ਦਇਆ ਦਤੁ ਦਾਨ ॥ ਜੇ ਕੋ ਪਾਵੈ ਤਿਲ ਕਾ ਮਾਨੁ ॥**(ਪਉੜੀ-੨੧)

੯੦- **ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥**
**ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥**
**ਰਾਮੁ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥ ੪ ॥**[੬੨]-੧੪

੯੧- **ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥**
**ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲਿਐ ਹਰਿ ਦੁਆਰਾ ॥ ੪ ॥**[੬੪੨]-੩

੯੨- **ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥**
**ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥ ੧ ॥**[੬੭੪]--੧੩

**ਭੁਲੇਖਾ ਪਾਉਣ ਲਈ ਜਿਨ੍ਹਾਂ ਗੁਰੂ ਸ਼ਬਦਾਂ ਦੇ ਗ਼ਲਤ ਅਰਥ ਕੀਤੇ ਜਾਂਦੇ ਹਨ:--**

੯੩- **ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥**
**ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ ਬਿਲਮੁ ਨ ਤੂਟਸਿ ਕਾਚੈ ਤਾਗੈ ॥**
**ਜਿਉ ਤਾਗਾ ਜਗੁ ਏਵੈ ਜਾਣਹੁ ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥ ੧੨ ॥**[੮੪੦]-ਥਿਤਿ

**ਅਰਥ:**--ਪਰਮਾਤਮਾ ਦਾ ਨਾਮ ਜਪਣਾ ਹੀ ਦਸਵੀਂ ਥਿਤ ਤੇ ਦਾਨ ਕਰਨਾ ਤੇ ਇਸ਼ਨਾਨ ਕਰਨਾ ਹੈ (ਭਾਵ, ਨਾ ਮਾਇਆ ਦਾਨ ਕਰਨ ਦੀ ਲੋੜ ਹੈ ਅਤੇ ਨਾ ਹੀ ਕਿਸੇ ਤੀਰਥ ਤੇ ਇਸ਼ਨਾਨ ਕਰਨ ਦੀ ਜ਼ਰੂਰਤ ਹੈ) । ਪ੍ਰਭੂ ਦੇ ਗੁਣਾ ਨਾਲ ਡੂਘੀ ਸਾਂਝ ਹੀ ਸਦਾ-ਥਿਰ ਰਹਿਣ ਵਾਲਾ ਨਿੱਤ ਦਾ ਤੀਰਥ-ਇਸ਼ਨਾਨ ਹੈ । ਪ੍ਰਭੂ ਚਿੰਤਨ ਵਿਚ ਜੁੜਿਆਂ ਮਨ ਨੂੰ ਵਿਕਾਰਾਂ ਦੀ ਮੈਲ ਨਹੀਂ ਲੱਗਦੀ, ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ, ਮਨ ਦਾ ਸਹਿਮ (ਇਉਂ ਤੁਰਤ ਮੁਕਦਾ ਹੈ, ਜਿਵੇਂ) ਕੱਚੇ ਧਾਗੇ ਦੇ ਟੁੱਟਦਿਆਂ ਚਿਰ ਨਹੀਂ ਲੱਗਦਾ । ਜਗਤ ਦੇ ਸੰਬੰਧ ਨੂੰ ਇਉਂ ਹੀ ਸਮਝੋ ਜਿਵੇਂ ਕੱਚਾ ਧਾਗਾ ਹੈ, ਆਪਣੇ ਮਨ ਨੂੰ ਪ੍ਰਭੂ ਚਰਨਾਂ ਵਿਚ ਜੋੜੀ ਰਖ ਕੇ ਆਤਮਕ ਆਨੰਦ ਮਾਣੋ । ੧੨ ।

੯੪- **ਸੁਣਿ ਗਲਾ ਗੁਰ ਪਹਿ ਆਇਆ ॥ ਨਾਮੁ ਦਾਨੁ ਇਸਨਾਨੁ ਦਿੜਾਇਆ ॥**
**ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥ ੧੧ ॥**[੭੪]-੨--੨੯

ਅਰਥ:--ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ, ਗੁਰੂ ਜਿਸ ਜਿਸ ਨੂੰ ਸਦਾ-ਥਿਰ ਪ੍ਰਭੂ ਦੇ ਸਿਮਰਨ ਦੀ ਬੇੜੀ ਵਿਚ ਬਿਠਾਉਂਦਾ ਹੈ ਉਹੀ ਵਿਕਾਰਾਂ ਤੋਂ ਬਚਦਾ ਜਾਂਦਾ ਹੈ, ਇਸ ਤਰ੍ਹਾਂ ਸਾਰੇ ਜਗਤ ਦਾ ਉਧਾਰ ਹੋ ਰਿਹਾ ਹੈ--ਇਹ ਗੱਲਾਂ ਸੁਣ ਕੇ ਮੈ ਗੁਰੂ ਕੋਲ ਗਿਆ ਹਾਂ ਤੇ ਉਸ ਨੇ ਮੇਰੇ ਹਿਰਦੇ ਵਿਚ ਬਿਠਾ ਦਿੱਤਾ ਹੈ ਕਿ ਨਾਮ ਸਿਮਰਨਾ, ਹੋਰਨਾਂ ਨੂੰ ਸਿਮਰਨ ਵਲ ਪ੍ਰੇਰਨਾ (ਨਾਮ ਦਾ ਦਾਨ ਕਰਨਾ) ਪਵਿਤ੍ਰ ਜੀਵਨ ਬਨਾਉਣਾਂ (ਇਸ਼ਨਾਨਾ) ਇਹੀ ਹੈ ਸਹੀ ਜੀਵਨ ਰਾਹ ।

ਗੁਰੂ ਸਾਹਿਬ ਅਪਾਰ ਕਿਰਪਾ ਕਰਦੇ ਹੋਏ ਸਾਨੂੰ ਸਮਝਾਉਂਦੇ ਹਨ ਕਿ ਜੇ ਦਾਨ ਕਰਨਾ ਹੀ ਹੈ ਇਹ ਕੁਝ ਦਾਨ ਕਰੋ :--

੯੫- **ਅਬ ਮੇਰੋ ਠਾਕੁਰ ਸਿਉ ਮਨੁ ਲੀਨਾ ॥ ਪ੍ਰਾਨ ਦਾਨੁ,**
**ਗੁਰਿ ਪੂਰੈ ਦੀਆ ਉਰਝਾਇਓ ਜਿਉ ਜਲ ਮੀਨਾ ॥੧॥ ਰਹਾਉ ॥**
**ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥**
**ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥ ੧ ॥**
**ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ ਗੁਰਿ ਹਉ ਖੋਈ ਪ੍ਰਭੁ ਦੀਨਾ ॥**
**ਕਹੁ ਨਾਨਕ ਮੈ ਸਹਜ ਘਰੁ ਪਾਇਆ ਹਰਿ ਭਗਤਿ ਭੰਡਾਰ ਖਜੀਨਾ ॥ ੨ ॥**[੧੨੧੦]-੧੦--੩੩

**ਅਰਥ :-** ਹੇ ਮੇਰੇ ਭਾਈ ! ਪੂਰੇ ਗੁਰੂ ਨੇ ਮੈਨੂੰ ਆਤਮਕ ਜੀਵਨ ਦੀ ਦਾਤ ਬਖ਼ਸ਼ੀ ਹੈ, ਮੈਨੂੰ ਠਾਕੁਰ ਪ੍ਰਭੂ ਨਾਲ ਇਉਂ ਜੋੜ ਦਿੱਤਾ ਹੈ ਜਿਵੇਂ ਮੱਛੀ ਪਾਣੀ ਨਾਲ । ਹੁਣ ਮੇਰਾ ਮਨ ਠਾਕੁਰ-ਪ੍ਰਭੂ ਨਾਲ ਇਕ-ਮਿਕ ਹੋਇਆ ਰਹਿੰਦਾ ਹੈ । ੧ । ਰਹਾਉ ।

ਹੇ ਭਾਈ ! ਜਦੋਂ ਤੋਂ ਗੁਰੂ ਨੇ (ਆਪਣਾ) ਉਪਦੇਸ਼ ਮੇਰੇ ਹਿਰਦੇ ਵਿਚ ਪੱਕਾ ਕਰ ਕੇ ਮੈਨੂੰ ਹਰਿ-ਨਾਮ ਦੀ ਦਵਾਈ ਦਿੱਤੀ ਹੈ, ਤਦੋਂ ਤੋਂ ਮੈਨੂੰ ਸਾਰੇ ਗੁਣਾ ਵਿਚ ਸਿਆਣਾ ਪ੍ਰਭੂ ਮਿਲ ਪਿਆ ਹੈ, ਤੇ, ਮੈਂ (ਆਪਣੇ ਅੰਦਰੋਂ) ਕਾਮ ਕ੍ਰੋਧ ਲੋਭ ਹਉਮੈ ਈਰਖਾ (ਆਦਿਕ ਸਾਰੇ ਵਿਕਾਰ) ਸਦਾ ਲਈ ਕੱਢ ਦਿੱਤੇ ਹਨ । ੧ ।

ਹੇ ਪ੍ਰਭੂ ! (ਹੁਣ ਮੇਰਾ ਹਿਰਦਾ) ਤੇਰਾ ਘਰ ਬਣ ਗਿਆ ਹੈ, ਤੂੰ ਸਚ-ਮੁਚ ਮੇਰੇ (ਇਸ ਘਰ ਦਾ) ਮਾਲਕ ਬਣ ਗਿਆ ਹੈਂ। ਗੁਰੂ ਨੇ ਮੇਰੀ ਹਉਮੈ ਦੂਰ ਕਰ ਦਿੱਤੀ ਹੈ। ਹੇ ਨਾਨਕ ! (ਗੁਰੂ ਦੀ ਕਿਰਪਾ ਨਾਲ) ਮੈਂ ਆਤਮਕ ਅਡੋਲਤਾ ਦਾ ਸੋਮਾ ਲੱਭ ਲਿਆ ਹੈ । ਮੈਂ ਪਰਮਾਤਮਾ ਦੀ ਭਗਤੀ ਦੇ ਭੰਡਾਰ ਲੱਭ ਲਏ ਹਨ । ੨ ।

੯੬- **ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥**[੩੨੭]--੧੯

**ਅਰਥ:**--ਆਪਣੇ ਭਾਰ ਨਾਲ ਸੋਨਾ ਦਾਨ ਕੀਤਿਆਂ ਵੀ ਪ੍ਰਭੂ ਨਹੀਂ ਮਿਲਦਾ । ਪ੍ਰਭੂ ਨੂੰ ਪਾਉਣ ਲਈ ਆਪਾ-ਭਾਵ ਮਿਟਾਉਣਾ ਹੁੰਦਾ ਹੈ । (ਗੁਰੂ ਦੀ ਮਤ ਅਨੁਸਾਰ ਜੀਵਨ ਜੁਗਤ ਸੁਆਰਨ ਦੀ ਜਾਚ ਸਿਖਣੀ ਪੈਣੀ ਹੈ)

ਆਪਣੀ ਕਾਮਨਾ ਪੂਰੀ ਕਰਨ ਦੀ ਇਛਿਆ ਨਾਲ ਦਾਨ ਪੁੰਨ ਕਰਨੇ ਅਤੇ ਆਪਣੇ ਮੰਤਵ ਦੀ ਪੂਰਤੀ ਲਈ ਪਾਪ ਕਰਨੇ ਇਕ ਸਮਾਨ ਹੈ--**ਪਾਪ ਪੁੰਨ ਦੋਇ ਏਕ ਸਮਾਨ ॥** [੩੨੫] ਪੁਤ੍ਰ ਦੀ ਪ੍ਰਾਪਤੀ ਲਈ ਪੁੰਨ ਦਾਨ ਕਰਦੇ ਉਸੇ ਨੂੰ ਹੀ ਦਰਸਾਉਣਾ ਜਿਸ ਪੂਰਨ ਸਤਿਗੁਰੂ ਜੀ ਨੇ ਆਪ ਹੀ ਅਜੇਹੇ ਬਚਨ ਉਚਾਰੇ ਹਨ । ਕਿਵੇਂ ਦਿਲ ਮੰਨ ਲਏ ਕਿ ਅਜੇਹੇ ਗੁਰਮਤਿ ਵਿਰੋਧੀ ਬਚਨ ਦਸ਼ਮੇਸ਼ ਨੇ ਲਿਖੇ ਸਨ?

ਜਗਤ ਵਿਚ ਪ੍ਰਵੇਸ਼ ਕਰ ਲੈਣ ਮਗਰੋਂ ਜਨਮ-ਕਥਾ ਵਾਲੇ ਸਤਵਾਂ ਅਧਿਆਇ ਹੇਠ ਲਿਖੇ ਬਚਨਾਂ ਨਾਲ ਤਿੰਨ ਹੀ ਚੋਪਈਆਂ ਵਿਚ ਸਮਾਪਤ ਕਰ ਦਿੱਤਾ:-- **ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਕਬਿ ਜਨਮ ਕਥਨੰ ਨਾਮ ਸਪਤਮੋ ਧਿਆਇ ਸਮਾਪਤਮ ਸਤੁ ਸੁਭਮਸਤੁ ॥ ੭ ॥ ਅਫਜੂ ॥ ੨੯੨ ॥**

[**ਬੜਾ ਜ਼ਰੂਰੀ ਨੋਟ**:-- ਸਰਬ ਕਲਾ ਸਮਰੱਥ ਨੌਵੇਂ ਸਤਿਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਤੇਗ਼ ਬਾਹਾਦਰ ਜੀ ਬਾਰੇ ਜਦ ਇਹ ਲਿਖਿਆ ਪੜ੍ਹਿਆ ਕਿ ਪੁੱਤ੍ਰ ਦੀ ਪਰਾਪਤੀ ਲਈ ਉਨ੍ਹਾਂ ਨੇ ਕਈ ਤਰ੍ਹਾਂ ਦੀਆਂ ਯੋਗ ਸਾਧਨਾ ਸਾਧੀਆਂ ਅਤੇ ਹਿੰਦੂਆਂ ਦੇ ਬੜੇ ਵਡੇ ਤੀਰਥ, ਪ੍ਰਯਾਗ ਰਾਜ ਤੇ ਜਾ ਕੇ ਤ੍ਰਬੈਣੀ ਦੇ ਸੰਗਮ ਤੇ ਇਸ਼ਨਾਨ ਅਤੇ ਦਾਨ ਪੁੰਨ ਕੀਤੇ ਸਨ, ਤਾਂ ਵਡੀ ਹੈਰਾਨੀ ਇਸ ਗੱਲ ਦੀ ਹੋਈ ਕਿ ਤ੍ਰੈਕਾਲ ਦਰਸੀ ਸਤਿਗੁਰਾਂ ਨੂੰ ਕੀ ਇਹ ਪਤਾ ਨਾ ਲੱਗਾ ਹੋਵੇਗਾ ਕਿ ਉਨ੍ਹਾਂ ਦੇ ਘਰ ਜਨਮ ਲੈਣ ਵਾਲਾ **ਮਹਾਂਬਲੀ ਸਪੁੱਤਰ**, ਪ੍ਰਯਾਗਰਾਜ ਵਾਲੇ ਉਸੇ **U.P.** ਪ੍ਰਾਂਤ ਵਿਚ ਹੀ, ਹੇਮ ਕੁੰਡ ਦੀਆਂ ਬਰਫ਼ਾਂ ਵਿਚ ਬੈਠਾ ਪਟਨੇ ਬਣਨ ਵਾਲੇ ਉਨ੍ਹਾਂ ਦੇ ਘਰੇ ਹੀ ਆਉਣ ਦੀਆਂ ਤਿਆਰੀਆਂ ਕਰ ਰਿਹਾ ਹੈ? ਜੇ ਬਚਿੱਤਰ ਨਾਟਕ ਦੀ ਕਥਾ ਵਿਚ ਸਚਾਈ ਹੁੰਦੀ ਤਾਂ ਦਸ਼ਮੇਸ਼ ਜੀ ਦਾ ਆਗਮਨ ਹੋਣ ਉਪ੍ਰੰਤ ਸਤਿਗੁਰੂ ਦੀ ਉਸ ਪਾਵਨ ਪਵਿਤ੍ਰ ਪਹਾੜ ਤੇ, (ਜਿੱਥੇ ਰੱਬੀ ਬਰਕਤਾਂ ਦੇ ਮਾਲਕ ਬਣ ਕੇ ਆਏ ਸਪੁੱਤਰ ਨੇ ਘੋਰ ਤਪੱਸਿਆ ਕੀਤੀ ਸੀ, ਅਤੇ ਅਕਾਲ ਪੁਰਖ ਨਾਲ ਪਿਉ ਪੁੱਤਰ ਵਾਲਾ ਸਾਕ ਬਣਾਇਆ ਸੀ), ਆਪਣੇ ਸੇਵਕਾਂ ਸਮੇਤ ਜ਼ਰੂਰ ਪੁੱਜਦੇ । ਅਜੇਹੇ ਨਿਆਰੇ ਸਾਕੇ ਨਾਲ ਜੁੜੇ ਪਾਵਨ ਪਵਿੱਤਰ ਅਸਥਾਨ ਤੇ ਆਪਣੇ ਹੱਥੀਂ ਸਦੀਵੀ ਯਾਦਗਾਰ ਜ਼ਰੂਰ ਉਸਾਰਦੇ। ਫਿਰ ਜੇ ਕਿਸੇ ਮਜਬੂਰੀ ਦੇ ਕਾਰਨ ਨੌਵੇਂ ਪਾਤਸ਼ਾਹ ਜੀ ਅਜੇਹਾ ਨਹੀਂ ਸਨ ਕਰ ਸਕਦੇ ਤਾਂ ਦਸ਼ਮੇਸ਼ ਜੀ ਜਿਹੜੇ ਉਚੇਚੇ ਤੌਰ ਤੇ ਆਏ ਹੀ ਨਵੇਂ ਢੰਗ ਨਾਲ ਅਕਾਲਪੁਰਖ ਦੀ ਪੂਜਾ ਕਰਵਾਉਣ ਸਨ, ਉਹ ਆਪਣੇ ਬਲੀ ਸਿੰਘਾਂ ਨਾਲ ਹੇਮ ਕੁੰਡ ਤੇ ਜ਼ਰੂਰ ਪੁੱਜਦੇ ਅਤੇ **ਸੱਜਰੇ ਬਣੇ ਆਪਣੇ ਪਿਤਾ ਅਕਾਲ ਪੁਰਖ** ਜੀ ਦੀ ਪੂਜਾ ਵਾਲਾ ਤੀਰਥ ਆਪਣੇ ਹੱਥੀ ਬਣਾਉਂਣੋਂ ਕਦੇ ਨਾ ਖੁੰਝਦੇ। ਸਾਰੇ ਸੰਸਾਰ ਨੂੰ ਤਸੱਲੀ ਹੋ ਜਾਂਦੀ **ਕਿ ਰੱਬ ਜੀ ਦੇ ਬੇਟੇ ਹਜ਼ਰਤ ਈਸਾ ਜੀ ਨਹੀਂ, ਸਗੋਂ ਉਸ ਅਕਾਲ ਪੁਰਖ ਦੇ ਸਕੇ ਪੁੱਤਰ (=ਸੁਤ) ਦਸ਼ਮੇਸ਼ ਜੀ ਹਨ**। ਸਾਰਾ ਸੰਸਰਾ ਉਸ ਥਾਂ ਤੇ ਅਵੱਸ਼ਯ ਪੁਜਿਆ ਕਰਦਾ। ਅਜੇਹੀ ਪ੍ਰਤੱਖ ਅਤੇ ਨਿਆਰੀ ਕਰਾਮਾਤ ਨੇ ਸਾਰੇ ਸੰਸਾਰ ਨੂੰ ਚਕ੍ਰਿਤ ਕਰ ਦੇਣਾ ਸੀ। ਦਸ਼ਮੇਸ਼ ਜੀ ਦਾ ਚਲਾਯਾ ਨਿਆਰਾ ਧਰਮ ਸਾਰੇ ਸੰਸਾਰ ਵਿਚ ਫੈਲਣ ਦਾ ਬੜਾ ਤਕੜਾ ਰਾਹ ਖੁਲ੍ਹ ਜਾਣਾ ਸੀ। ਇੱਕ ਅਕਾਲ ਦੇ ਪੁਜਾਰੀਆਂ ਦੀ ਗਿਣਤੀ ਅਰਬਾਂ ਖਰਬਾਂ ਵਿਚ ਪੁੱਜ ਜਾਂਦੀ ਅਤੇ ਅਪਣੀ ਪੂਜਾ ਕਰਵਾਉਣ ਵਾਲੀ ਅਕਾਲ ਪੁਰਖ ਜੀ ਦੀ ਸੱਧਰ ਪੂਰੀ ਹੋਣ ਵਿਚ ਜ਼ਰਾ ਵੀ ਕਸਰ ਨਹੀਂ ਸੀ ਰਹਿਣੀ। ਪਰ ਇਹ ਕੁਝ ਹੁੰਦਾ ਤਦ ਜੇ ਬਚਿਤ੍ਰ ਨਾਟਕ ਦੀ ਗਾਥਾ ਸੱਚ ਹੁੰਦੀ। ਸੱਚੀ ਗੱਲ ਤਾਂ ਹੈ ਹੀ ਇਹ, ਕਿ--

੯੭- **ਝੂਠੁ ਨਾ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥**[੯੦੪]

੨੭

# ਅਠਵਾਂ ਅਧਿਆਇ

## ਅਥ ਰਾਜ ਸਾਜ ਕਥਨੰ ॥

ਸੂਝਵਾਨ ਪਾਠਕ ਨੂੰ ਯਾਦ ਹੋਵੇਗਾ ਕਿ ਪੰਜਵੇਂ ਅਧਿਆਇ ਦੀ ਸਮਾਪਤੀ ਤੇ ਜਦ ਅਸਾਂ--" ਪਾਤਸ਼ਾਈ ਬਰਣਨੰ ਪੰਚਮੋ ਧਿਆਏ ਸਮਾਪਤੁ ਸੁਭ ਮਸਤ " ਪੜ੍ਹਿਆ ਸੀ ਤਾਂ ਹੈਰਾਨੀ ਹੋਈ ਸੀ, ਕਿ, ਜੇ ਇਸ ਨਾਟਕ ਦੇ ਲਿਖਾਰੀ ਦਸ਼ਮੇਸ਼ ਜੀ ਹਨ ਤਾਂ ਉਨ੍ਹਾਂ ਨੇ ਆਪਣੀ ਕਥਾ ਲਿਖਣ ਤੋਂ ਪਹਿਲਾਂ, ਕੇਵਲ ਨੌ ਪਾਤਸ਼ਾਹੀਆਂ ਦੀ ਕਥਾ ਤੇ ' ਪਾਤਸ਼ਾਈ ਧਿਆਇ " ਸਮਾਪਤ ਕਰਨ ਦੀ ਘੋਸ਼ਣਾ ਕਿਸ ਕਾਰਨ ਕਰ ਦਿੱਤੀ ? ਫਿਰ ਇਹ ਖ਼ਿਆਲ ਆਇਆ ਸੀ ਕਿ ਸ਼ਾਇਦ ਨਿਮਰਤਾ ਦੇ ਪੁੰਜ, ਦਸ਼ਮੇਸ਼ ਜੀ ਨੇ ਆਪਣੇ ਆਪ ਨੂੰ ਵਡੱਕੇ ਨੌਂ ਗੁਰੂ ਸਾਹਿਬਾਨ ਦੇ ਬਰਾਬਰ ਪਾਤਸ਼ਾਹ ਲਿਖਣਾ ਠੀਕ ਨਾ ਸਮਝਿਆ ਹੋਵੇ ? ਪਰ ਉਪ੍ਰੋਕਤ ਸਿਰਲੇਖ ਨੇ ਸਾਡਾ ਉਹ ਅਨੁਮਾਨ ਵੀ ਮਿੱਟੀ ਵਿਚ ਮਿਲਾ ਦਿੱਤਾ। ਪਿਆਰੇ ਪਾਠ ਜੀਓ ! ਪਿਛਲੇ ਸਫ਼ਿਆਂ ਤੇ ਪੜ੍ਹੀ ਦਸ਼ਮੇਸ਼ ਜੀ ਦੀ **ਆਪਣੀ ਕਥਾ** ਵਲ ਮਾਰੋ ਪੰਛੀ-ਝਾਤ, ਅਤੇ ਸਮਝੋ ਲਿਖਾਰੀ ਦੀ ਲਿਖਣ ਵਿਧੀ ਦਾ ਭੇਤ--

**U.P.** ਵਿਚਲੇ ਹੇਮ ਕੁੰਡ ਤੋਂ ਜਗਤ ਪ੍ਰਵੇਸ਼, ਫਿਰ ਜਨਮ-ਕਥਾ ਅਤੇ ਜਨਮ ਲੈਂਦਿਆਂ ਹੀ **ਰਾਜ ਸਾਜ** ? ਗੁਰੂ ਨਾਨਕ ਸਾਹਿਬ ਜੀ ਤੋਂ ਤੁਰੀ ਆਉਂਦੀ ਗੁਰਿਆਈ ਕਦੋਂ ਅਤੇ ਕਿਵੇਂ ਮਿਲੀ ਕਿ, ਜਾਂ ਉਸ ਗੁਰਿਆਈ ਨਾਲ ਦਸ਼ਮੇਸ਼ ਜੀ ਦਾ ਕੋਈ ਵਾਸਤਾ ਹੈ ਵੀ ਸੀ ਕਿ ਨਹੀਂ?--ਇਹ ਲਿਖਣ ਦੀ ਲੋੜ ਤਾਂ ਤਦ ਪੈਂਦੀ ਜੇ ਉਸ ਗੁਰਿਆਈ ਨਾਲ ਬਚਿੱਤ੍ਰ ਨਾਟਕ ਲਿਖਣ ਵਾਲੇ ਕਬਿ ਜੀ ਦਾ ਆਪਣਾ ਕੋਈ ਵਸਤਾ ਹੁੰਦਾ ? ਪੰਜਵੇਂ ਅਧਿਆਇ ਵਿਚ ਪਾਤਿਸ਼ਾਹੀ ਬਰਣਨੰ (=ਜ਼ਿਕਰ) ਹੋ ਚੁੱਕਾ ਸੀ। **ਰਾਜ ਸਾਜ** ਦੇ ਇਸ ਉਚੇਚੇ ਕਥਨ ਦਾ ਕੀ ਅਰਥ ਹੋਇਆ ? ਕੀ ਦਸ਼ਮੇਸ਼ ਜੀ ਨੌਂ ਪਾਤਿਸ਼ਾਹੀਆਂ ਵਿਚ ਨਹੀਂ ਸਨ ਸਮਾ ਸਕਦੇ? ਕੀ ਇਨ੍ਹਾਂ ਦਾ **ਰਾਜ ਸਾਜ** ਬਾਕੀ ਨੌਆਂ ਪਾਤਸ਼ਾਹੀਆਂ ਨਾਲੋਂ ਅੱਡਰੀ ਡਿੱਠ ਵਾਲਾ ਹੋਣਾ ਸੀ?

**ਅੱਗੇ ਤੁਰਨ ਤੋਂ ਪਹਿਲਾਂ ਇਸ ਸਚਾਈ ਨੂੰ ਵੀ ਚੰਗੀ ਤਰ੍ਹਾਂ ਸਮਝ ਲੈਣਾ ਜ਼ਰੂਰੀ ਹੈ ਕਿ ਛੇਂਵੇ ਪਾਤਸ਼ਾਹ ਜੀ ਤੋਂ ਸਤਿਗੁਰੂ ਨਾਨਕ ਜੀ ਦੀ ਗੁਰਿਆਈ ' ਮੀਰੀ ' ਭਾਵ, ਪਾਤਸ਼ਾਹੀ ਦੀ ਮਾਲਕ ਵੀ ਬਣ ਚੁੱਕੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇ ਮਾਲਕ ਥਾਪ ਕੇ, ਦਸ਼ਮੇਸ਼ ਜੀ ਨੇ ਆਪ ਹੀ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਚਵਰ-ਤਖ਼ਤ-ਛਤਰ ਵਾਲੀ ਸੱਚੀ ਪਾਤਸ਼ਾਹੀ ਜੁਗੋ ਜੁਗੋ ਅਟੱਲ ਕਰ ਦਿੱਤੀ ਹੋਈ ਹੈ। ਸੋ ਪਾਤਸ਼ਾਹੀ ਧਿਆਇ ਸਮਾਪਤ ਕਰਕੇ ਰਾਜ ਸਾਜ ਦਾ ਕਥਨ ਅਰੰਭ ਹੋਣ ਵਾਲੇ ਨਿਰਮੂਲ ਅਤੇ ਦੁਖਦਾਈ ਬਚਨ ਦਸ਼ਮੇਸ਼ ਜੀ ਕਦੇ ਕਿਸੇ ਵੀ ਸਥਿਤੀ ਵਿਚ ਨਹੀਂ ਸਨ ਲਿਖ ਸਕਦੇ।**ਆਉ ਅੱਗੇ ਤੁਰੀਏ-

**ਚੌਪਈ ॥**

**ਰਾਜ ਸਾਜ ਹਮ ਪਰ ਜਬ ਆਯੋ ॥ ਜਥਾ ਸਕਤ ਤਬ ਧਰਮ ਬਲਾਯੋ ॥**

**ਅਰਥ:**--ਹੁਣ (ਅਸੀਂ ਆਪਣੇ) ਰਾਜ ਸਾਜ ਦਾ ਕਥਨ ਕਰਦੇ ਹਾਂ--(ਪਿਤਾ ਜੀ ਦੇ ਜੋਤੀ ਜੋਤ ਸਮਾ ਜਾਨ ਮਗਰੋਂ) ਜਦ ਰਾਜ ਦਾ (ਸਾਜ) ਭਾਰ ਸਾਡੇ ਪੁਰ ਆਯਾ, ਤਦ (ਅਸਾਂ ਨੇ) ਵਿਤ ਅਨੁਸਾਰ ਧਰਮ ਦਾ ਰਾਜ ਤੋਰਿਆ।>>

ਪਰ ਇਹ **ਜਥਾ ਸ਼ਕਤ ਧਰਮ,** ਹੈ ਕਿਸ ਪ੍ਰਕਾਰ ਦਾ ਸੀ ? ਲਉ ਸੁਣੋ ਕਬਿ ਜੀ ਧਰਮ ਚਲਾਉਣਾ ਕਿਵੇਂ ਅਰੰਭ ਕਰਦੇ ਹਨ]

**ਭਾਂਤਿ ਭਾਂਤਿ ਬਨ ਖੇਲ ਸਿਕਾਰਾ ॥ ਮਾਰੇ ਰੀਛ ਰੋਝ ਝੰਖਾਰਾ ॥ ੧ ॥**

<<ਤਰ੍ਹਾਂ ਤਰ੍ਹਾਂ (ਦੇ ਜੀਵਾਂ ਦੇ) ਸ਼ਿਕਾਰ ਕੀਤੇ, (ਕਈ) ਰਿਛ (ਕਈ) ਰੋਝ, (ਤੇ ਕਈ) ਬਾਰਾਂ ਸਿਙੇ ਮਾਰੇ ।੧।[ਪੰਡਤ ਨਰੈਣ ਸਿੰਘ ਗਯਾਨੀ]

ਕਈ ਪ੍ਰਕਾਰ ਦਾ ਸ਼ਿਕਾਰ ਖੇਡਦਿਆਂ ਰਿਛ, ਰੋਝ ਅਤੇ ਬਾਰਾ-ਸਿੰਗੇ ਮਾਰਨੇ--ਸ਼ਾਇਦ ਅੱਡਰੀ ਕਿਸਮ ਦਾ ਕੋਈ ਇਲਾਹੀ ਧਰਮ ਚਲ ਰਿਹਾ ਹੋਵੇ ? ਜਿੰਨ੍ਹਾਂ ਸੱਜਣਾ ਨੇ " **ਮਾਸੁ ਮਾਸੁ ਕਰਿ ਮੂਰਖੁ ਝਗੜੇ** " ਪੁਸਤਕ ਵਿਚ ਮਾਸ ਖਾਣ ਦੇ ਵਿਰੋਧੀਆਂ ਦੀਆਂ ਗੁਰਮਤਿ ਵਿਰੋਧੀ ਦਲੀਲਾਂ ਪੜ੍ਹ ਲਈਆਂ ਹਨ, ਦਾਸ ਦਾ ਯਕੀਨ ਹੈ ਕਿ ਉਹ ਇਹੋ ਜਿਹੀ ਅਰਥ-ਹੀਣ ਗੱਲ ਕਦੇ ਨਹੀਂ ਕਹਿ ਸਕਦੇ, ਕਿ, " ਦਸ਼ਮੇਸ਼ ਜੀ ਜੰਗਲੀ **ਜਾਨਵਰਾਂ ਨੂੰ ਜਾਨੋਂ ਮਾਰ ਕੇ ਉਨ੍ਹਾਂ ਦਾ ਉਧਾਰ ਕਰਿਆ ਕਰਦੇ ਸਨ।** ਹੈਰਾਨੀ ਹੈ ਕਿ ਕੇਵਲ ਜੰਗਲੀ ਜਾਨਵਰਾਂ ਦਾ ਹੀ ਉਧਾਰ ਕਿਉਂ ਕਰਨਾ ਸੀ। ਗਾਈਆਂ, ਮੱਝਾਂ, ਬੌਲਦ, ਘੋਦੇ, ਖੋਤੇ ਆਦਿ ਜੋ ਰਾਤ ਦਿਨ ਗ੍ਰਿਹਸਤੀਆਂ ਦੀ ਸੇਵਾ ਕਰ ਕੇ ਲੋਕਾਂ ਦੇ ਲੱਖਾਂ ਕੰਮ ਸੁਆਰ ਰਹੇ ਸਨ ਉਨ੍ਹਾਂ ਦਾ ਉਧਾਰ ਕਿਸ ਦਲੀਲ ਨਾਲ ਨਹੀਂ ਸੀ ਕਰਨਾ ਚਾਹੀਦਾ? ਦੂਜੀ ਜ਼ਰੂਰੀ ਗੱਲ ਇਹ ਹੈ ਕਿ, ਕਿਸੇ ਆਤਮਾਂ ਦਾ ਉਧਾਰ ਬ੍ਰਹਮ ਗਿਆਨ ਦੀ ਸੋਝੀ ਕਰਾ ਕੇ ਅਥਵਾ ਜੀਵਨ-ਜੁਗਤ ਸੁਆਰ ਦੇਣ ਨਾਲ ਕੀਤਾ ਜਾ ਸਕਦਾ ਹੈ। ਅਜੇਹੀ ਬਖ਼ਸ਼ਸ਼ ਪ੍ਰਾਪਤ ਕਰਨ ਲਈ ਮਨੁੱਖਾ ਜਨਮ ਮਿਲਣਾ ਜ਼ਰੂਰੀ ਹੈ। ਪਸ਼ੂ ਜੂਨੀ ਜੀਆਂ ਦੇ ਉਧਾਰ ਦੀ ਗੱਲ, ਵੇਦ ਪੁਰਾਣਾਂ ਦਾ ਗਿਆਨ ਹੈ। ਗੁਰਬਾਣੀ ਦਾ ਸਿਧਾਂਤ ਇਹ ਹੈ--**ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧ ॥ ਰਹਾਉ ॥** [੧੭੬] ਅਥਵਾ--**ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥ ੧॥**[੧੨] ਅਤੇ ਪਸ਼ੂ ਜੂਨ ਵਿਚ ਉਧਾਰ ਹੋਣ ਵਾਲੀ ਗੱਲ, ਇਹ ਫ਼ੁਰਮਾ ਕੇ ਰਦ ਕਰ ਦਿੱਤੀ ਹੈ--**ਚਾਰਿ ਪਾਵ ਦੁਇ ਸਿੰਗ ਗੁੰਗ ਮੁਖ, ਤਬ ਕੈਸੇ ਗੁਨ ਗਈਹੈ ॥**[੫੨੪] ਗੁਰਬਾਣੀ ਵਿਚ ਜਿੱਥੇ ਗਜ (ਹਾਥੀ) ਆਦਿ ਕਿਸੇ ਪਸ਼ੂ ਦੇ ਉਧਾਰ ਦਾ ਵਰਣਨ ਹੈ, ਉਹ ਪਰਚਲਤ ਹੋ ਚੁੱਕੀਆਂ ਪੁਰਾਣਕ ਕਥਾਵਾਂ ਵਿਚੋਂ **ਪਰਥਾਇ ਸਾਖੀ** ਬੋਲ ਕੇ ਨਾਮ ਸਿਮਰਨ ਦਾ ਉਤਸ਼ਾਹ ਦੇਣਾ ਮਹਾਂ ਪੁਰਖਾਂ ਵਾਲੇ ਬੋਲ ਹਨ--**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥** [੬੪੭] ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਅਕਾਲ ਉਸਤਤਿ ਵਿਚ ਕਿਸੇ ਦੇ ਪ੍ਰਾਣ ਲੈਣ ਵਾਲੇ ਨੂੰ ਦਸ਼ਮੇਸ਼ ਜੀ ਨੇ ਆਪ ਹੀ **ਜਾਮਦੂਤ** ਫ਼ੁਰਮਾਨ ਕੀਤਾ ਹੋਇਆ ਹੈ। ਸ਼ਿਕਾਰ ਕਰਕੇ ਉਨ੍ਹਾਂ ਦਾ ਮਾਸ ਛਕਣਾ, ਜਾਂ ਉਨ੍ਹਾਂ ਦੀ ਖੱਲ ਆਦਿ ਦੀ ਸੁਚੱਜੀ ਵਰਤੋਂ ਕਰਨੀ ਹੋਰ ਗੱਲ ਹੈ, ਪਰ ਉਧਾਰ ਕਰਨ ਲਈ ਜੰਗਲੀ ਜਾਨਵਰਾਂ (ਪਸ਼ੂ ਪੰਛੀਆਂ) ਨੂੰ ਮਾਰ ਮਾਰ ਕੇ ਅਜਾਈਆਂ ਬਰਬਾਦ ਕਰੀ ਜਾਣਾ, ਰਾਜਸੀ ਅਤੇ ਸਮਾਜਕ ਨਿਯਮਾਂ ਅਨੁਸਾਰ ਅਪਰਾਧ ਹੈ। ਅਜੇਹੀ ਨਿਰਮੂਲ ਦਲੀਲ ਦਸ਼ਮੇਸ਼ ਜੀ ਦੇ ਨਾਮਣੇ ਨਾਲ ਜੋੜਨੀ ਬ੍ਰਾਹਮਣਵਾਦ ਹੈ। ਅਗਲੀਆਂ ਚੋਪਈਆਂ ਇਉਂ ਹਨ:--

**ਦੇਸ ਚਾਲ ਹਮ ਤੇ ਪੁਨਿ ਭਈ ॥ ਸਹਰ ਪਾਂਵਟਾ ਕੀ ਸੁਧਿ ਲਈ ॥**
**ਕਾਲਂਦ੍ਰੀ ਤਟਿ ਕਰੇ ਬਿਲਾਸਾ ॥ ਅਨਿਕ ਭਾਂਤਿ ਕੇ ਪੇਖ ਤਮਾਸਾ ॥ ੨ ॥**
**ਤਹਿ ਕੇ ਸਿੰਘ ਘਨੇ ਚੁਨਿ ਮਾਰੇ ॥ ਰੋਝ ਰੀਛ ਬਹੁ ਭਾਂਤਿ ਬਿਦਾਰੇ ॥**
**ਫਤੇ ਸਾਹ ਕੋਪਾ ਤਬਿ ਰਾਜਾ ॥ ਲੋਹ ਪਰਾ ਹਮ ਸੋ ਬਿਨ ਕਾਜਾ ॥ ੩ ॥**

**ਅਰਥ:**--ਫਿਰ ਕਈ ਕਾਰਨਾ ਕਰਕੇ ਦੇਸ ਚਾਲ ਹੋ ਗਈ, (ਅਰਥਾਤ ਆਨੰਦਪੁਰ ਨੂੰ ਛੱਡ ਦਿੱਤਾ ਤੇ) ਪਾਂਵਟੇ ਸ਼ੈਹਰ ਦੀ ਖ਼ਬਰ ਲਈ, ਭਾਵ, ਪਾਂਵਟੇ ਸ਼ੈਹਰ ਚਲੇ ਗਏ। (ਉਥੇ ਜਮਨਾਂ ਦੇ ਕੰਢੇ ਉਤੇ (ਕਈ ਤਰ੍ਹਾਂ ਦੇ) ਕੌਤਕ ਕੀਤੇ ਅਤੇ ਅਨੇਕ ਤਰ੍ਹਾਂ ਦੇ ਤਮਾਸ਼ੇ ਵੇਖੇ ।੨। ਉਥੋਂ ਦੇ (ਜੰਗਲ ਵਿਚੋਂ) ਬਹੁਤੇ ਸ਼ੇਰ ਚੁਣ ਕੇ ਮਾਰੇ ਅਤੇ ਬਹਤ ਤਰ੍ਹਾਂ ਨਾਲ ਰਿਛ ਤੇ ਰੋਝਾਂ ਦੇ ਸ਼ਿਕਾਰ ਕੀਤੇ। ਤਦੋਂ ਹੀ ਰਾਜਾ ਫ਼ਤੇਹ ਸ਼ਾਹ (ਸਾਡੇ ਨਾਲ) ਗੁੱਸੇ ਹੋ ਗਿਆ। (ਜਿਸ ਕਰਕੇ) ਬਿਨਾ ਮਤਲਬ ਤੋਂ (ਹੀ ਉਸ ਨਾਲ) ਜੰਗ ਛਿੜ ਪਿਆ ।੩।

ਭੰਗਾਣੀ ਦੇ ਇਸ ਯੁੱਧ ਨੂੰ ਚੰਗੇ ਵਿਸਥਾਰ ਨਾਲ ਲਿਖਿਆ ਹੈ। ਸੂਰਮਿਆਂ ਦੇ ਜੰਗੀ ਜੋਸ਼ ਦਾ ਜ਼ਿਕਰ ਵੀ ਬੜੀ ਪ੍ਰਭਾਸ਼ਾਲੀ ਕਵਿਤਾ ਵਿਚ ਕੀਤਾ ਹੈ ਪਰ ਅਜੇਹਾ ਕਰਨ ਸਮੇ **ਸ਼ਿਵ ਜੀ ਦੀਆਂ ਡੈਣਾ ਅਤੇ ਚੁੜੇਲਾਂ** ਦਾ ਜ਼ਿਕਰ ਕਰਨਾ ਲਿਖਾਰੀ ਜੀ ਨਹੀਂ ਭੁੱਲੇ---

**ਬਜੀ ਭੇਰਿ ਭੁੰਕਾਰ ਧੁੱਕੇ ਗਾਰੇ ॥ ਦੁਹੂੰ ਓਰ ਤੇ ਬੀਰ ਬੰਕੇ ਬਕਾਰੇ ॥**
**ਕਰੇ ਬਾਹੁ ਆਘਾਤ ਸਸਤ੍ਰੰ ਪ੍ਰਹਾਰੰ ॥ ਡਕੀ ਡਾਕਣੀ ਚਾਂਡਵੀ ਚੀਤ ਕਾਰੰ ॥ ੧੮ ॥**

**ਅਰਥ**:--ਭੇਰੀ ਭੂੰ ਭੂੰ ਕਰ ਕਰ ਵੱਜਦੀ ਸੀ, ਨਗਾਰੇ ਧੁੰਕਾਰ (ਪਾ ਰਹੇ ਸਨ) ਦੋਹਾਂ ਪਾਸਿਆਂ ਵਲੋਂ ਬਾਂਕੇ ਸੂਰਮੇ ਲਲਕਾਰੇ ਮਾਰਦੇ ਸਨ। ਬਾਂਹ ਦਾ ਵਾਰ ਕਰਕੇ ਸ਼ਸਤ੍ਰ ਦੀ ਸੱਟ ਮਾਰਦੇ ਸਨ। ਡੈਣ (ਡਾਕਣੀ ਡਕਾਰਦੀ ਸੀ ਅਤੇ ਚੜੇਲ (ਡਾਂਡਵੀ) ਚਿੰਘਾਰਦੀ [ਚੀਕਾਂ ਮਾਰਦੀ ਸੀ । ੧੮ ।

ਜੰਗ ਦੇ ਹੋਰ ਕਈ ਤਰ੍ਹਾਂ ਦੇ ਵਿਸਥਾਰ ਲਿਖੇ, ਪਰ ਜਿਸ ਨਿਸ਼ਕਾਮ ਸੇਵਕ-ਮਹਾਂ ਪੁਰਖ ਨੇ ਦਸ਼ਮੇਸ਼ ਜੀ ਤੋਂ ਆਪਣੇ ਮਾਂ-ਜਾਏ ਭਰਾ, ਜਿਗਰ ਦੇ ਟੋਟੇ ਆਪਣੇ ਦੋ ਬੇਟੇ ਅਤੇ ਸੈਂਕੜੇ ਮੁਰੀਦ ਕੁਰਬਾਨ ਕਰ ਦਿੱਤੇ ਉਸ ਸੱਚੇ ਆਸ਼ਕ, **ਪੀਰ ਬੁਧੂ ਸ਼ਾਹ ਜੀ** ਦਾ ਮਾੜਾ ਮੋਟਾ ਜ਼ਿਕਰ ਤੱਕ ਨਹੀਂ ਕੀਤਾ ਪਰ ਚੁੜੇਲਾਂ, ਮਸਾਣਾ, ਭੂਤਨਿਆਂ ਅਤੇ ਰੁਦ੍ਰ-ਕਾਲ ਜੀ ਦਾ ਜ਼ਿਕਰ ਕਰਨਾ ਕਦੇ ਨਹੀਂ ਭੁੱਲਿਆ। ਪੈਰ ਪੈਰ ਤੇ ਬੇਅਸੂਲੀਆਂ ਨਾਲ ਭਰਪੂਰ, ਅਤੇ ਪੁਰਾਣਕ ਝੂਠ ਨੂੰ ਵੀ ਪਿੱਛੇ ਛੱਡ ਤੁਰੀ ਅਜੇਹੀ ਲਿਖਤ ਨੂੰ ਦਸ਼ਮੇਸ਼ ਜੀ ਦੇ ਪਾਵਨ ਪਵਿੱਤ੍ਰ ਨਾਮਣੇ ਨਾਲ ਜੋੜਨ ਲਈ ਅੱਡੀ ਚੋਟੀ ਦਾ ਜ਼ੋਰ ਲਾਈ ਜਾਣ ਵਾਲੇ ਵੀਰੋ ! ਵੇਖਿਓ ਕਿਤੇ ਇਸ ਗੰਭੀਰ ਅਕ੍ਰਿਤਘਣਤਾ ਅਤੇ ਵਿਤਕਰੇ ਵਾਲੀ ਨੀਚਤਾ ਨੂੰ ਵੀ " **ਸਤਿਗੁਰਾਂ ਦੀ ਮੌਜ** " **ਕਹਿਣ ਦਾ ਪਾਪ ਨਾ ਕਰ ਬੈਠਣਾ।** ਮੁਸੀਬਤ ਦੇ ਸਮੇ ਆਪਣਾ ਸਰਬੰਸ ਕੁਰਬਾਨ ਕਰ ਦੇਣ ਲਈ ਭਖਦੇ ਜੰਗ ਵਿਚ ਕੁੱਦ ਪੈਣ ਵਾਲੇ **ਉਪਕਾਰੀ ਪੀਰ ਜੀ ਦੀ ਭਰਪੂਰ ਸ਼ਲਾਘਾ ਕਰਨੋਂ ਦਸ਼ਮੇਸ਼ ਜੀ ਕਦੇ ਰਹਿ ਹੀ ਨਹੀਂ ਸਨ ਸਕਦੇ**। ਇਹ ਲਿਖਾਰੀ ਜ਼ਰੂਰ ਕੋਈ ਤੰਗ ਦਿਲ ਪੱਥਰ-ਪੂਜ ਪੱਥਰ ਦਿਲ ਹੈ। ਇਸ ਨੂੰ ਕਿਸੇ ਦੇ ਉਪਕਾਰ ਦਾ ਧਨਵਾਦ ਕਰਨ ਦਾ ਅਭਿਆਸ ਨਹੀਂ ਅਤੇ ਅਕਿਰਤਘਣ ਬਣ ਜਾਣ ਤੋਂ ਇਸ ਨੂੰ

ਕੋਈ ਸ਼ਰਮਿੰਦਗੀ ਨਹੀਂ ਹੈ। ਪਰ ਨਹੀਂ ਸਾਡਾ ਅੰਦਾਜ਼ਾ ਵੀ ਪੂਰਾ ਠੀਕ ਨਹੀਂ, ਸਭ ਕੁਝ ਜਾਣਦਾ ਬੁੱਝਦਾ ਇਹ ਵਿਦਵਾਨ ਲਿਖਾਰੀ-ਪ੍ਰੋਹਿਤ, ਸਤਿਗੁਰਾਂ ਨੂੰ ਇਤਿਹਾਸ ਦੀਆਂ ਨਜ਼ਰਾਂ ਵਿਚ ਨੀਵਾਂ ਕਰਨ ਦਾ ਪੂਰਾ ਟਿੱਲ ਲਾ ਰਿਹਾ ਹੈ।

ਰਣ ਜਿੱਤ ਲਿਆ। ਫਿਰ ਜੇ ਧਨਵਾਦ ਕੀਤਾ ਵੀ, ਤਾਂ ਗੁਰੂ ਨਾਨਕ ਸਾਹਿਬ ਜੀ ਦਾ ਅਥਵਾ ਉਨ੍ਹਾਂ ਦੇ **ਉਸ " ਅਕਾਲ ਪੁਰਖ "** ਦਾ ਨਹੀਂ ਜੋ **ਕਾਲ** ਦੀ ਪਹੁੰਚ ਤੋਂ ਪਰੇ ਅਟੱਲ ਅਤੇ ਅਡੋਲ ਸਦੀਵੀ ਸੱਚ ਹੈ। ਸਗੋਂ ਸ਼ਿਵ ਪੁਰਾਨ ਵਿਚਲੇ ਉਸ **' ਕਾਲ ' (=ਸਮੇ)** ਦੀ ਕਿਰਪਾ ਦੱਸੀ ਜਾ ਰਹੀ ਹੈ ਜੋ ਪੈਦਾਇਸ਼ੀ ਖੰਡਤ, ਹਰ ਪਲ ਤੇ ਬਦਲ ਰਿਹਾ ਛਲਾਵਾ, ਜੋ ਬਣਦਾ **ਵੀ** ਤਿੰਨ ਹਿਸਿਆਂ ਨੂੰ ਜੋੜ ਕੇ ਹੈ। ਜੋ ਰਹਿੰਦਾ ਹੀ ਸਦਾ ਅਡ ਅਡ ਤਿੰਨ ਥਾਵਾਂ ਤੇ ਹੈ (ਭਾਵ, ਭੂਤ ਕਾਲ, ਵਰਤਮਾਨ ਕਾਲ ਅਤੇ ਭਵਿੱਖ ਕਾਲ, ਬ੍ਰਹਮਾ ਵਿਸ਼ਨੂੰ ਅਤੇ ਮਹਾਂਦਿਉ) :--

**ਰਣੰ ਤਿਆਗਿ ਭਾਗੇ ॥ ਸਬੈ ਤ੍ਰਾਸ ਪਾਗੇ ॥ ਭਈ ਜੀਤ ਮੇਰੀ ॥ ਕ੍ਰਿਪਾ ਕਾਲ ਤੇਰੀ ॥ ੩੪ ॥**

ਖ਼ਾਲਸਾ ਵੀ ਵਾਹਿਗੁਰੂ ਜੀ ਦਾ, ਅਤੇ ਫ਼ਤਹ ਵੀ ਵਾਹਿਗੁਰੂ ਜੀ ਦੀ ਹੀ, ਕਹਣ ਦਾ ਉਪਦੇਸ਼ ਦੇਣ ਵਾਲੇ ਦਸ਼ਮੇਸ਼ ਜੀ, ਏਥੇ ਜਿੱਤ ਤਾਂ ਆਪਣੀ ਦੱਸ ਰਹੇ ਹਨ ਪਰ ਕਿਰਪਾ **ਕਾਲ** ਦੀ ਹੋ ਰਹੀ ਹੈ। ਕਿਵੇ ਮੰਨ ਲਿਆ ਜਾਵੇ ਕਿ ਇਹ ਬੋਲੀ ਉਸੇ ਮਰਦ ਅਗੰਮੜੇ, ਮਹਾਂ ਬਲੀ ਦਸ਼ਮੇਸ਼ ਜੀ ਦੀ ਹੀ ਹੈ ਜਿਸ ਨੇ ਸਤਿਗੁਰ ਪੂਰਾ, ਸੱਜਣ ਸੂਰਾ, ਅਜੇਹਾ ਸੰਤ ਸਿਪਾਹੀ ਖ਼ਾਲਸਾ ਸਿਰਜਿਆ ਸੀ, ਜੋ ਤਾਣ ਹੁੰਦਿਆਂ ਨਿਤਾਣਾ ਅਤੇ ਮਾਣ ਹੁੰਦਿਆਂ ਨਿਮਾਣਾ ਰਹਿਣਾ ਜਾਣਦਾ (ਹੈ ਕਿ) ਸੀ? ਪਰ ਏਧਰ ਜੰਗ ਜੇਤੂਆਂ ਦੀ ਹਲਤ ਲਿਖਾਰੀ ਜੀ ਇਉਂ ਲਿਖ ਰਹੇ ਹਨ:--

**ਦੋਹਰਾ ॥ ਜੁਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ ॥ ਕਾਹਲੂਰ ਮੈਂ ਬਾਂਧਿਯੋ ਆਨੰਦਪੁਰ ਗਾਂਵ ॥ ੩੬ ॥**

**ਅਰਥ:**--ਜਦੋਂ ਜੁੱਧ ਨੂੰ ਜਿਤ ਕੇ ਆਏ, ਤਾਂ (ਸੂਰਮਿਆਂ ਦੇ) ਉਸ (ਪਾਂਵਟੇ ਸ਼ੈਹਰ ਵਿਚ) ਪੈਰ ਨਾ ਟਿਕੇ। (ਫਿਰ) ਕਹਲੂਰ (ਦੇ ਇਲਾਕੇ) ਵਿਚ ਆਪਣੇ ਨਗਰ ' ਅਨੰਦ ਪੁਰ' ਵਿਚ ਆ ਕੇ (ਉਸ ਨੂੰ) (ਬਾਂਧਯੋ=) ਆਬਾਦ ਕੀਤਾ।੩੬।

ਖਿਮਾ ਦੇ ਪੁੰਜ, ਕੰਮਜੋਰਾਂ ਦਾ ਉਤਸ਼ਾਹ ਵਧਾ ਕੇ ਉਨ੍ਹਾਂ ਨੂੰ ਅੱਗੇ ਤੋਂ ਮਰਦਾਂ ਵਾਂਗ ਜੂਝ ਕੇ ਮਰ ਮਿਟਣ ਵਾਲੇ ਦਲੇਰ ਸੂਰਮੇ ਬਨਾਉਣ ਦੇ ਕਾਰਨ ਵਿਚ ਰੁੱਝੇ ਮਰਦ ਅਗੰਮੜੇ ਬਾਰੇ ਅਜੇਹੇ ਬਚਨ ਸੁਣ ਲੈਣੇ ਵੀ ਘੋਰ ਪਾਪੀ ਬਣਨ ਦਾ ਦੋਸ਼ ਹੈ। ਦਿੱਲੀ ਤਖ਼ਤ ਦੇ ਹੋਛੇ ਸਮਰਾਟ **ਬਲਬਨ ਖ਼ਾਨ** (ਜਿਸ ਨੇ ਹਾਰ ਕੇ ਮੁੜੀ ਆਪਣੀ ਫੌਜ ਦੇ ਮੂਹਾਂ ਨਾਲ ਤੋਬਰੇ ਬੰਨ੍ਹੇ ਅਤੇ ਭੁੱਖਿਆਂ ਰੱਖ ਕੇ ਮਾਰਿਆ ਸੀ) ਜਿਹੇ, ਜ਼ਾਲਮ ਅਤੇ ਪਰਲੇ ਦਰਜੇ ਦੇ ਕਾਇਰ ਵਾਂਗ ਹੀ

**ਜੇ ਜੇ ਨਰ ਤੱਹ ਨਾ ਭਿਰੇ ਦੀਨੇ ਨਗਰ ਨਿਕਾਰ ॥ ਜੇ ਤਿਹ ਠਉਰ ਭਲੇ ਭਿਰੇ ਤਿਨੈ ਕਰੀ ਪ੍ਰਤਿਪਾਰ ॥੩੭॥**

**ਅਰਥ**:--ਜੇਹੜੇ ਜੇਹੜੇ (ਪੁਰਸ਼ ਉਥੇ ਭੰਗਾਣੀ ਦੇ ਮੁਕਾਮ ਤੇ) ਨਹੀਂ ਸਨ ਲੜੇ, ਉਨ੍ਹਾਂ ਨੂੰ ਨਗਰੋਂ (ਧੱਕੇ ਮਾਰ ਮਾਰ ਕੇ) ਕੱਢ ਦਿਤਾ ਸੀ। (ਅਤੇ) ਜੇਹੜੇ ਉਸ ਜਗਾ ਤੇ ਚੰਗੀ ਤਰ੍ਹਾਂ ਨਾਲ) ਲੜੇ ਸਨ ਉਨ੍ਹਾਂ ਦੀ ਚੰਗੀ ਤਰ੍ਹਾਂ ਪ੍ਰਤਿਪਾਲਨਾ ਕੀਤੀ ਸੀ। ੩੮।

ਦੋਵੇਂ ਹੀ ਗੱਲਾਂ ਦਸ਼ਮੇਸ਼ ਜੀ ਦੀ ਸ਼ਾਨ ਨੂੰ ਨੀਵਾਂ ਕਰ ਰਹੀਆਂ ਹਨ। ਬੁਰਿਆਂ ਨਾਲ ਭਲਿਆਈ ਕਰਨ ਵਾਲੇ, ਖਿਮਾ ਦੇ ਪੁਤਲੇ, ਨਿਆਸਰਿਆਂ ਦੇ ਆਸਰੇ ਸਤਿਗੁਰੂ ਸੂਰੇ, ਕਿਸੇ ਨੂੰ ਬੇਘਰ ਕਿਵੇਂ ਕਰ ਸਕਦੇ ਸਨ। ਪੀਰ ਬੁਧੂ ਸ਼ਾਹ ਦੇ ਜ਼ਿਕਰ ਤੋਂ ਬਿਨਾ, ਜੰਗ ਵਿਚ ਝੂਝਣ ਵਾਲਿਆਂ ਦੀ ਪ੍ਰਤਿਪਾਲ ਕਰਨ ਵਾਲੀ ਗੱਲ ਹੋਰ ਵੀ ਨੀਵੀਂ ਰਹਿ ਗਈ। ਅਤੇ ਅੱਗੇ, ਅੰਤਲੀ ਚੌਪਈ ਨੇ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ:--

**ਚੌਪਈ**

**ਬਹੁਤ ਦਿਵਸ ਇਹ ਭਾਂਤਿ ਬਿਤਾਏ ॥ ਸੰਤ ਉਬਾਰ ਦੁਸ਼ਟ ਸਬ ਘਾਏ ॥**
**ਟਾਂਗ ਟਾਂਗ ਕਰਿ ਹਨੇ ਨਿਦਾਨਾ ॥ ਕੂਕਰ ਜਿਮਿ ਤਿਨ ਤਜੇ ਪਰਾਨਾ ॥ ੩੮ ॥**

**ਅਰਥ**:--(ਅਸਾਂ) ਬਹੁਤ ਦਿਨ ਇਸ ਤਰ੍ਹਾਂ ਗੁਜ਼ਾਰ ਦਿਤੇ, (ਫਿਰ) ਸੰਤਾਂ ਨੂੰ ਬਚਾਉਣ (ਵਾਸਤੇ) ਸਾਰੇ ਦੁਸ਼ਟ ਮਾਰ ਦਿੱਤੇ। (ਦੁਸ਼ਟਾਂ ਨੂੰ) ਟੰਗ ਟੰਗ ਕੇ (ਮਹਾਂ ਦੁਖੀ ਕਰਕੇ ਅੰਤ ਨੂੰ ਮਾਰ ਦਿਤਾ, ਕੁਤਿਆਂ ਵਾਂਗੂੰ (ਭੌਂਕ ਭੌਂਕ ਕੇ ਉਨ੍ਹਾਂ ਪਰਾਣ ਛੱਡੇ " **(ਅਰਥਾਤ ਗੁਰੂ ਦ੍ਰੋਹੀ ਕੁਤਿਆਂ ਵਾਂਗੂੰ ਭੌਂਕਦੇ ਮਰ ਗਏ) ਹਨ** । ੩੮।

ਦਸਮ ਗ੍ਰੰਥ ਦੇ ਭਗਤ ਪੰਡਿਤ ਨਰੈਣ ਸਿੰਘ ਨੇ ਆਪਣੇ ਕੋਲੋਂ ਹੀ (ਬਰੈਕਟ) ਵਿਚਲੀ ਅੰਤਲੀ ਪੰਗਤੀ ਲਿਖ ਕੇ ਲਿਖਾਰੀ ਦੀ ਭੁੱਲ ਤੇ ਪਰਦਾ ਪਾਉਣ ਦਾ ਯਤਨ ਕੀਤਾ ਹੈ, **ਪਰ ਟੰਗ ਟੰਗ ਕੇ ਮਾਰ ਦੇਣ ਵਾਲੀ ਨਿਰਦਾਇਤਾ ਤੇ ਪਰਦਾ ਕਿਵੇਂ ਪੈ ਸਕਦਾ ਹੈ।** ਜੰਗ ਵਿਚ ਸ਼ਾਮਲ ਨਾ ਹੋ ਸਕਣ ਵਾਲਿਆਂ ਦੀ ਗੱਲ ਤਾਂ ਛੱਡੋ, ਦਸ਼ਮੇਸ਼ ਜੀ ਨੇ ਤਾਂ ਉਨ੍ਹਾਂ ਨੂੰ ਖਿਮਾ ਕਰਦਿਆਂ ਢਿੱਲ ਨਹੀਂ ਕੀਤੀ ਜਿਹੜੇ ਅੱਤ ਦਰਜੇ ਦੀ ਭੀੜ ਸਮੇ ਸਤਿਗੁਰਾਂ ਨੂੰ ਬੇਦਾਵਾ ਲਿਖ ਕੇ ਸਾਥ ਛੱਡ ਆਏ ਸਨ। ਟੰਗ ਟੰਗ ਕੇ ਮਾਰਨ ਵਾਲੀ ਕਰਤੂਤ ਤਾਂ ਕੋਈ ਲੋਭ ਗ੍ਰਸਿਆ ਜ਼ਾਲਮ, ਸਿਆਸੀ ਰਾਜਾ ਮਹਾਰਾਜਾ ਹੀ ਕਰ ਸਕਦਾ ਹੈ। ਠੱਗਾਂ, ਡਾਕੂਆਂ ਅਤੇ ਬੰਦੇ ਖਾਣਿਆਂ ਨੂੰ ਬਖ਼ਸ਼ਸ਼ਾਂ ਦਾ ਭੰਡਾਰਾ ਵਰਤਾਉਣ ਵਾਲੇ ਦਸਮ ਸਤਿਗੁਰੂ ਨਾਨਕ ਜੀ ਕਿਸੇ ਨੂੰ ਕਿਸੇ ਵੀ ਅਪਰਾਧ ਕਾਰਨ ਟੰਗ ਟੰਗ ਕੇ ਕਦੇ ਨਹੀਂ ਸਨ ਮਾਰ ਸਕਦੇ। ਇਸ ਕੋਰੇ ਝੂਠ ਦਾ ਕੀਰਤਨ ਕਰਨ ਸੁਣਨ ਵਾਲੇ ਪਤਾ ਨਹੀਂ **......**? ਬਸ ਏਥੇ ਹੀ ਅਠਵੇਂ ਅਧਿਆਇ ਦੀ ਸਮਾਪਤੀ ਹੋ ਗਈ:--

**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਭੰਗਾਣੀ ਜੁੱਧ ਬਰਨਨੰ ਨਾਮ**
**ਅਸਟਮੋ ਧਿਆਇ ਸਮਾਪਤਮਸਤੁ ਸੁਭਮਸਤ ॥ ੮ ॥ ਅਫਜੂ ॥ ੩੨੦॥**

**੨੮**

# ਨੌਂਵਾਂ ਅਧਿਆਇ

**ਅਬ ਨਦਉਣ ਕਾ ਜੁੱਧ ਬਰਨਨੰ ॥ ਚੌਪਈ ॥**

ਦੁਸ਼ਟਾਂ ਨੂੰ ਚੁਣ ਚੁਣ ਕੇ ਟੰਗ ਟੰਗ ਕੇ ਮਾਰਦਿਆਂ ਅਤੇ ਸੰਤਾਂ ਦੀ ਰਖਿਆ ਕਰਦਿਆਂ ਜਦ--

**ਬਹੁਤ ਕਾਲ ਇਹ ਭਾਂਤਿ ਬਿਤਾਯੋ ॥ ਮੀਆਂ ਖਾਨ ਜੰਮੂ ਕਹ ਆਯੋ ॥**
**ਅਲਫ਼ ਖ਼ਾਨ ਨਾਦੌਣ ਪਠਾਵਾ ॥ ਭੀਮ ਚੰਦ ਤਨ ਬੈਰ ਬਢਾਵਾ ॥ ੧ ॥**
**ਜੁੱਧ ਕਾਜ ਨ੍ਰਿਪ ਹਮੈ ਬੁਲਾਯੋ ॥ ਆਪਿ ਤਵਨ ਕੀ ਓਰ ਸਿਧਾਯੋ ॥**
**ਤਿਨ ਕਠਗੜ ਨਰਵਸ ਪਰ ਬਾਂਧਯੋ ॥ ਤੀਰ ਤੁਫੰਗ ਨਰੇਸਨ ਸਾਂਧਯੋ ॥ ੨ ॥**
**ਜੰਗ ਛੰਦ॥** **ਤਹਾਂ ਰਾਜ ਸਿੰਘੰ ਬਲੀ ਭੀਮ ਚੰਦੰ ॥ ਚੜਿਓ ਰਾਮ ਸਿੰਘੰ ਮਹਾਂ ਤੇਜ ਵੰਦੰ ॥**
**ਸੁਖੰ ਦੇਵ ਗਾਜੀ ਜਸਾਰੋਟ ਰਾਜੰ ॥ ਚੜੇ ਕ੍ਰੁੱਧ ਕੀਨੇ ਕਰੇ ਸਰਬ ਕਾਜੰ ॥ ੩ ॥**

ਅਗੇ ਪਹਾੜੀ ਰਾਜਿਆਂ ਦੀ ਚੜ੍ਹਤ ਦਾ ਵਰਣਨ ਹੈ। ਫਿਰ ਰਾਜੇ ਭੀਮ ਚੰਦ ਦੇ ਮੂੰਹੋਂ ਹਨੂਮਾਨ ਦੇ ਮੰਤ੍ਰ ਦੀ ਬਰਕਤ ਅਤੇ ਲਿਖਾਰੀ (ਕਥਿਤ ਤੌਰ ਤੇ ਦਸ਼ਮੇਸ਼ ਜੀ) ਦੇ ਸਮੇਤ ਜੰਗ ਵਿਚ ਕੁੱਦ ਪੈਣ ਦਾ ਹਾਲ:--

**ਤਬੈ ਭੀਮ ਚੰਦੰ ਕੀਯੋ ਕੋਪ ਆਪੰ ॥ ਹਨੂਮਾਨ ਕੇ ਮੰਤ੍ਰ ਕੋ ਮੁਖ ਜਾਪੰ ॥**
**ਸਬੈ ਬੀਰ ਬੋਲੇ ਹਮੈ ਭੀ ਬੁਲਯੰ ॥ ਤਬੈ ਢੋਅ ਕੈ ਕੈ ਸੁ ਨੀਕੇ ਸਿਧਾਯੰ ॥ ੬ ॥**

**ਅਰਥ:**--ਤਦੋਂ ਭੀਮ ਚੰਦ ਨੇ ਆਪ ਕ੍ਰੋਧ ਕੀਤਾ, ਅਤੇ ਨਾਲ (ਉਸ ਨੇ) ਹਨੂੰਮਾਨ ਦੇ ਮੰਤਰ ਦਾ ਜਾਪ ਕੀਤਾ । ਸਾਰੇ ਸੂਰਮਿਆਂ ਨੂੰ ਸੱਦ ਲਿਆ ਅਤੇ ਸਾਨੂੰ ਭੀ ਬੁਲਾ ਲਿਆ, ਤਦ ਸਭਨਾਂ ਨੇ (ਢੋਅ ਕੈ) ਇਕੱਠਾ ਕਰਕੇ ਚੰਗੀ ਤਰ੍ਹਾਂ ਹੱਲਾ ਬੋਲ ਦਿੱਤਾ ।੬।

ਲਿਖਾਰੀ ਲਿਖਦਾ ਹੈ ਉਸ ਨੇ (ਕਥਿਤ ਤੌਰ ਤੇ ਦਸ਼ਮੇਸ਼ ਜੀ ਨੇ) ਇਸ ਜੰਗ ਵਿਚ ਕੇਵਲ ਏਨਾ ਕੁ ਹੀ ਹਿੱਸਾ ਲਿਆ:--

**ਤਵੰ ਕੀਟ ਤੌ ਲੌ ਤੁਫੰਗੰ ਸੰਭਾਰੋ ॥ ਹ੍ਰਿਦੈ ਏਕ ਰਾਵੰਤ ਕੇ ਤੱਕ ਮਾਰੋ ॥**
**ਗਿਰਿਓ ਝੂਮ ਭੂਮੈ ਕਰਿਯੋ ਜੁਧ ਸੁਧੰ ॥ ਤਉ ਮਾਰਿ ਬੋਲਿਯੋ ਮਹਾ ਮਾਨਿ ਕ੍ਰੁੱਧੰ ॥ ੧੭।**
**ਤਜਿਤੋ ਤੁਪ ਕੰਬਾ ਨ ਪਾਨੰ ਸੰਭਾਰੇ ॥ ਚਤੁਰ ਬਾਨਯੰ ਲੈ ਸੁ ਸੱਬਿਯੰ ਪ੍ਰਹਾਰੇ ॥**
**ਤ੍ਰਿਯੋ ਬਾਨ ਲੈ ਬਾਮ ਪਾਨੰ ਚਲਾਏ ॥ ਲਗੇ ਯਾ ਲਗੇ ਨ ਕਛੂ ਜਾਨਿ ਪਾਏ ॥ ੧੮ ॥**

**ਅਰਥ**:--(ਹੇ ਵਾਹਿਗੁਰੂ !) ਤੇਰੇ ਦਾਸ ਨੇ ਭੀ ਤਦ ਤਕ ਬੰਦੂਕ ਸੰਭਾਲੀ। ਇਕ ਰਾਜੇ ਦੀ ਛਾਤੀ ਤੱਕ ਕੇ ਚਲਾ ਦਿੱਤੀ। ਉਹ ਧਰਤੀ ਤੇ ਉਲਟਕੇ ਡਿੱਗ ਪਿਆ, (ਪਰ ਉਸ) ਨੇ ਜੁਧ ਦਾ ਹੀ (ਸੁਧੰ) ਖਿਆਨ ਕੀਤਾ (ਕਿਉਂ ਕਿ ਉਹ) ਮਹਾਂਮਾਨੀ ਤਦ ਕ੍ਰੋਧ ਕਰਕੇ ਮਾਰ ਲਉ ਹੀ ਬੋਲਿਆ । ੧੭ । (ਫਿਰ ਅਸਾਂ) ਬੰਦੂਕ ਛੱਡ ਦਿੱਤੀ, ਅਤੇ ਤੀਰ ਹੱਥ ਵਿਚ ਲਏ। ਚਾਰ ਤੀਰ ਲੈ ਕੇ (ਸੁਸਬਿਯੰ) ਸੱਜੇ ਹੱਥ ਨਾਲ ਮਾਰੇ । ਤਿੰਨ ਤੀਰ ਲੈ ਕੇ ਖੱਬੇ ਹੱਥ ਨਾਲ ਚਲਾਏ । (ਉਹ ਤੀਰ ਕਿਸੇ ਨੂੰ) ਲੱਗੇ ਹਨ ਜਾਂ ਨਹੀਂ ਲੱਗੇ (ਇਸ ਗਲ ਦਾ ਕੁਝ ਪਤਾ ਨਹੀਂ ਲੱਗਾ)। ੧੮।

ਅਲਫ਼ ਖਾਂਨ ਨਦੀਉਂ ਪਾਰ ਜਾ ਪਿਆ ਅਤੇ ਹਨੇਰੀ ਰਾਤ ਵੇਲੇ ਅੱਗ ਦੇ ਭਾਂਬੜ ਬਾਲ ਕੇ ਧੌਂਸੇ ਵੱਜਦੇ ਛੱਡ ਕੇ ਆਪ ਭੱਜ ਗਏ।

ਜੰਗ ਦੇ ਸਮੇ ਜੋਧਿਆਂ ਦੇ ਕ੍ਰੋਧ ਵਿਚ ਆਉਣ ਦਾ ਜ਼ਿਕਰ ਵਾਰ ਵਾਰ ਲਿਖਿਆ ਜਾ ਰਿਹਾ ਹੈ ਅਤੇ ਸਤਿਗੁਰਾਂ ਲਈ ਅਮਨ ਚੈਨ ਦੇ ਸਮੇ ਰੰਗਾ ਰੰਗ ਸੁਖਾਂ ਦੀ ਪ੍ਰਾਪਤੀ ਦੀ ਗਲ ਹੈ। ' ਪ੍ਰਭੂ ਦੀਆਂ ਵਡਿਆਈਆਂ ਦੀ ਕਥਾ ਦੀ, ਗੁਰਬਾਣੀ ਦੇ ਕੀਰਤਨ ਅਥਵਾ ਆਚਰ ਉੱਚਾ ਤੇ ਸੁੱਚਾ ਬਣਾਈ ਰੱਖਣ ਦੇ ਉਪਦੇਸ਼ ਵਾਲਾ ਗੁਰੂ ਦਰਬਾਰ ਅਥਵਾ ਦੀਵਾਨ ਕਦੇ ਨਾ ਲੱਗਿਆ, ਅਤੇ ਨਾ ਨਿਤਾ ਪ੍ਰਤੀ ਦੇ ਨਿੱਤ ਨੇਮ ਦਾ ਹੀ ਕਿਤੇ ਜ਼ਿਕਰ ਹੈ।

**ਨੋਟ:--ਸ਼ਬਦਾਰਥ ਦਸਮ ਗ੍ਰੰਥ ਸਾਹਿਬ " (ਸਫ਼ਾ ੮੧) ਕਿਰਤ ਭਾਈ ਰਣਧੀਰ ਸਿੰਘ ਅਨੁਸਾਰ, ਇਹ ਜੰਗ ੧੭੪੭ ਚੇਤ ਦੀ ੨੨ ਨੂੰ ਸਮਾਪਤ ਹੋਇਆ ਸੀ ।** ਜੰਗ ਦਾ ਹਾਲ ਲਿਖ ਕੇ ਲਿਖਾਰੀ ਜੀ ਨੇ ਅੰਤਲਾ ਦੋਹਰਾ ਇਉਂ ਲਿਖਿਆ ਹੈ:--

**ਦੋਹਰਾ ॥**

**ਆਲਸੂਨ ਕਹ ਮਾਰਕੈ ਇਹ ਦਿਸਿ ਕੀਓ ਪਿਯਾਨ ॥ ਭਾਤਿ ਅਨੇਕਨ ਕੇ ਕਰੇ ਪੁਰ ਅਨੰਦ ਸੁਖ ਆਨ ॥ ੨੪।(**

**ਅਰਥ:**--ਅਸਾਂ ਰਸਤੇ ਵਿਚ) 'ਆਲਸੂੰ ਪਿੰਡ ਨੂੰ ਲੁੱਟ ਕੁਟਕੇ ਇਸ ਪਾਸੇ ਵਲ ਚਾਲੇ ਪਾ ਦਿਤੇ। ਅਨੰਦਪੁਰ ਆ ਕੇ ਅਨੇਕ ਤਰ੍ਹਾਂ ਦੇ ਸੁਖ ਪ੍ਰਾਪਤ ਕੀਤੇ ।

**ਅਨੰਦ ਪੁਰ ਵਿਖੇ ਇਸ ਸਮੇ ਵਿਚ ਪ੍ਰਾਪਤ ਹੋਏ** ਅਨੇਕ ਤਰ੍ਹਾਂ ਦੇ ਸੁਖਾਂ ਵਿਚ ਕੀ ਕੁਝ ਪ੍ਰਾਪਤ ਕੀਤਾ ? ਇਹ ਵੇਰਵਾ ਤਾਂ ਲਿਖਾਰੀ ਜੀ ਹੀ ਜਾਨਣ। ਅਧਿਆਇ ਸਮਾਪਤੀ ਵਾਲੇ ਵਾਕ ਇਸ ਪ੍ਰਕਾਰ ਹਨ:--

**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੰ ਨਦੌਨ ਜੁਧ ਬਰਨਨੰ ਨਾਮ**
**ਨੌਮੇ ਧਿਆਇ ਸਮਾਪਤਮਸਤੁ ਸੁਭਮਸਤ ॥ ੯ ॥ ਅਫਜੂ ॥ ੩੪੪ ॥**

੨੯

# ਦਸਵਾਂ ਅਧਿਆਇ

ਦਸ਼ਮੇਸ਼ ਜੀ ਆਪਣੇ ਰਾਜ ਕਾਜ ਦੇ ਸਮੇ ਜਿਸ ਪ੍ਰਕਾਰ ਦਾ ਧਰਮ ਚਲਾਉਂਦੇ ਇਸ ਨਾਟਕ ਵਿਚ ਦਰਸਾਏ ਗਏ ਹਨ ਉਸ ਦਾ ਹੋਰ ਵੇਰਵਾ ਇਸ ਪ੍ਰਕਾਰ ਹੈ:--

**ਚੌਪਈ**

**ਬਹੁਤ ਬਰਖ ਇਹ ਬਾਂਤਿ ਬਿਤਾਏ ॥ ਚੁਨਿ ਚੁਨਿ ਚੋਰ ਸਬੈ ਗਹਿ ਘਾਏ ॥**
**ਕੇਤਕ ਭਾਜਿ ਸਹਿਰ ਤੇ ਗਏ ॥ ਭੂਤ ਮਰਤ ਫਿਰ ਆਵਤ ਭਏ ॥ ੧ ॥**

**ਅਰਥ:**--ਬਹੁਤ ਵਰ੍ਹੇ ਇਸ ਤਰ੍ਹਾਂ (ਸੁਖ ਅਨੰਦ ਨਾਲ) ਬੀਤ ਗਏ। (ਇਲਾਕੇ ਵਿਚੋਂ) ਲੱਭ ਲੱਭ ਕੇ ਚੋਰ ਸਾਰੇ ਫੜਕੇ ਮਾਰ ਦਿਤੇ । ਕਈ ਤਾਂ (ਅਨੰਦਪੁਰ) ਸ਼ੈਹਰ ਤੋਂ ਭੱਜ ਕੇ (ਚਲੇ) ਗਏ । (ਕਈ) ਭੁਖੇ ਮਰਦੇ ਮੁੜਕੇ (ਪਿਛਾਂਹ) ਆ ਗਏ । ੧ ।

ਇਹ ਕਥਾ ਉਸ ਮਿਠਬੋਲੜੇ ਦਿਆਲੂ ਸਤਿਗੁਰੂ ਨਾਨਕ ਸਾਹਿਬ ਜੀ ਦੇ ਦਸਵੇਂ ਸਰੂਪ ਦੀ ਨਹੀਂ ਹੋ ਸਕਦੀ ਜੋ, ਪਾਪੀਆਂ ਨੂੰ ਵਡੇ ਪੁੰਨੀ ਬਨਾਉਣ ਲਈ ਅਤੇ ਡੁੱਬਦਿਆਂ ਨੂੰ ਤਾਰਨ ਆਏ ਸਨ। ਇਹ ਤਾਂ ਕਿਸੇ ਅਜੇਹੇ ਜਾਬਰ ਅਤੇ ਨਿਰਦਈ ਕੋਤਵਾਲ ਦੇ ਕਾਰਿਆਂ ਦਾ ਵੇਰਵਾ ਅਨੁਭਵ ਹੋ

ਰਿਹਾ ਹੈ, ਜਿਸ ਨੇ ਕਿਸੇ ਵਿਗੜੇ ਹੋਏ ਦਾ ਜੀਵਨ ਤਾਂ ਕੀ ਸੁਆਰਨਾ ਸੀ ਸਗੋਂ ਚੋਰਾਂ ਨੂੰ ਲੱਭ ਲੱਭ ਕੇ ਜਾਨੋ ਹੀ ਮਾਰ ਮੁਕਾਇਆ। ਅਤੇ ਫਿਰ ਝੂਠ ਲਿਖਣ ਵਿਚ ਦਲੇਰ ਹੋ ਚੁੱਕੇ ਲਿਖਾਰੀ ਜੀ ਲਿਖਦੇ ਹਨ, ਕਿ ਜਾਨੋਂ ਮਾਰੇ ਜਾਣ ਦੀ ਸਜ਼ਾ ਤੋਂ ਡਰਦੇ ਜਿਹੜੇ ਚੋਰ ਦੌੜ ਗਏ ਸਨ ਉਹ ਭੁੱਖ ਦੇ ਦੁੱਖੋਂ ਮਰਨੋ ਡਰ ਕੇ,ਪੁੱਠੇ ਟੰਗੇ ਜਾ ਕੇ ਤਸੀਹੇ ਭਰੀ ਮੌਤੇ ਮਰਨ ਲਈ ਫਿਰ ਪਰਤ ਆਏ। ਵਾਹ ਬਚਿਤ੍ਰ ਨਾਟਕ ਜੀ ਤੁਹਾਡੀ ਹਰ ਗੱਲ ਹੀ ਬੜੀ ਬਚਿਤ੍ਰ ਹੈ। ਖ਼ੈਰ ਅੱਗੇ ਤੁਰਦੇ ਹਾਂ:--

**ਤਬ ਲੌ ਖਾਨ ਦਿਲਾਵਰ ਆਏ ॥ ਪੂਤ ਆਪਨ ਹਮ ਓਰ ਪਠਾਏ ॥**
**ਦਵੈਕ ਘਰੀ ਬੀਤੀ ਨਿਸਿ ਜਬੈ ॥ ਚੜਤ ਕਰੀ ਖਾਨਨ ਮਿਲਿ ਤਬੈ ॥ ੨ ॥**
**ਜਬ ਦਲ ਪਾਰ ਨਦੀ ਕੇ ਆਯੋ ॥ ਆਨ ਆਲਮੈ ਹਮੇ ਜਗਾਯੋ ॥**
**ਸੋਰੁ ਪਰਾ ਸਭ ਹੀ ਨਰ ਜਾਗੇ ॥ ਗਹਿ ਗਹਿ ਸਸਤ੍ਰ ਬੀਰ ਰਿਸ ਪਾਗੇ ॥ ੩ ॥**

ਇਸ ਲੜਾਈ ਦਾ ਸੰਖੇਪ ਜਿਹਾ ਹਾਲ ਲਿਖਦੇ ਹੋਏ ਅੰਤਲਾ ਦੋਹਰਾ ਇਸ ਪ੍ਰਕਾਰ ਲਿਖਦੇ ਹਨ:--

**ਦੋਹਰਾ ॥ ਬਰਵਾ ਗਾਉਂ ਉਜਾਰਕੈ ਕਰੇ ਮਕਾਮ ਭਲਾਨ ॥ ਪ੍ਰਭ ਬਲ ਹਮੈ ਨ ਛੁਇ ਸਕੈ ਭਾਜਤ ਭਏ ਨਿਦਾਨ ॥ ੯ ॥**

**ਅਰਥ:**--ਬੇਵਾ ਪਿੰਡ ਉਜਾੜ ਕੇ, ਭਲਾਨ (ਪਿੰਡ ਵਿਚ ਜਾ ਕੇ ਉਨ੍ਹਾਂ ਨੇ) ਡੇਰਾ ਕੀਤਾ । ਵਾਹਿਗੁਰੂ ਦੇ ਜ਼ੋਰ ਕਰ ਕੇ ਸਾਨੂੰ ਉਹ ਛੂਹ ਭੀ ਨ ਸਕੇ ਅੰਤ ਨੂੰ (ਆਪੇ ਹੀ) ਭੱਜਦੇ ਹੋਏ ।

ਭਾਵ, ਇਸ ਲੜਾਈ ਵਿਚ ਦਸ਼ਮੇਸ਼ ਜੀ ਨੂੰ ਸ਼ਸਤਰ ਨਹੀਂ ਸਨ ਫੜਨੇ ਪਏ।

**ਤਬ ਬਲ ਈਹਾ ਨ ਪਰ ਸਕੈ ਬਰਵਾ ਹਨਾ ਰਿਸਾਇ ॥ ਸਾਲਿਨ ਰਸ ਜਿਮ ਬਾਨਯੋ ਰੋਰਨ ਖਾਤ ਬਨਾਇ ॥੧੦॥**

**ਅਰਥ:**-- ਤਦੋਂ (ਏਧਰ ਦੇ) ਬਲ (ਕਰ ਕੇ ਦੁਸ਼ਮਨ) ਇਥੇ (ਅਨੰਦਪੁਰ ਉਤੇ ਤਾਂ) ਪੈ ਨ ਸਕੇ, ਗੁਸੇ ਭਰਿਆਂ ਨੇ (ਰਸਤੇ ਵਿਚ) ' ਬਰਵੇ ' ਪਿੰਡ ਨੂੰ ਮਾਰ ਲਿਆ। (ਸਾਲਨ ਰਸ) ਮਾਸ ਦਾ ਸੁਾਦ (ਚਾਹੁਣ ਵਾਲਾ) ਬਾਣੀਆਂ (ਮਾਸ ਤਾਂ ਖਾ ਨਹੀਂ ਸਕਦਾ, ਪਰ ਰੋੜਾਂ ਦਾ) ਸਾਲਨ ਬਣਾ ਕੇ ਖਾਂਦਾ ਹੈ), ਇਵੇਂ ਉਨ੍ਹਾਂ ਦਾ ਜ਼ੋਰ ਸਾਡੇ ਤੇ ਤਾਂ ਪਿਆ ਨਾ, ਪਰ ਵਿਚਾਰੇ ਪੇਡੂਆਂ ਨੂੰ ਤਬਾਹ ਕਰ ਗਏ । ੧੦ ।

ਰੋੜਾਂ ਦਾ ਸਲੂਣਾ ਤਾਂ ਨਾ ਕਦੇ ਕਿਸੇ ਖਾਧਾ ਹੈ ਅਤੇ ਨਾ ਕੋਈ ਖਾ ਹੀ ਸਕੇਗਾ ਫਿਰ ਅੰਤ ਵਿਚ ਲਿਖਾਰੀ ਜੀ ਨੇ ਇਹ ਰੋੜਾਂ ਦੇ ਸਾਲਨ ਦੀ ਮਿਸਾਲ ਪਤਾ ਨਹੀਂ ਕਿਵੇ ਢੁਕਾਈ ਹੈ।

**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਖਾਨਜਾਦੇ ਕੋ ਤ੍ਰਾਸ ਉਠ ਜੈਬੋ ਬਰਨਨੰ**
**ਨਾਮ ਦਸਮੋ ਧਿਆਇ ਸਮਾਪਤਮਸਤੁ ਸੁਭਮਸਤੁ । ੧੦ ॥ ਅਫ਼ਜੂ ॥ ੩੪੫ ॥**

੩੦

# ਯਾਰ੍ਹਵਾਂ ਅਧਿਆਇ

## ਹੁਸੈਨੀ ਯੁੱਧ

### ਭਜੰਗ ਪ੍ਰਯਾਤ ਛੰਤ ॥

**ਗਯੋ ਖ਼ਾਨ ਜ਼ਾਦਾ ਪਿਤਾ ਪਾਸ ਭੱਜੰ ॥ ਸਕੈ ਜ੍ਵਾਬੁ ਦੈ ਨ ਹਨੇ ਸੂਰ ਲੱਜੰ ॥ ਤਹਾ ਠੋਕ ਬਾਹਾਂ ਹੁਸੈਨੀ ਗਰੱਜਿਯੰ ॥**
**ਸਬੈ ਸੂਰ ਲੈਕੇ ਸਿਲਾ ਸਾਜ ਸੱਜਿਯੰ ॥ ੧ ॥ ਕੀਯੋ ਜੋਰ ਸੈਨੰ ਹੁਸੈਨੀ ਪ੍ਰਯਾਨੰ ॥ ਪ੍ਰਥਮ ਕੂਟ ਕੇ ਲੂਟ ਲੀਨੇ ਅਵਾਨੰ ॥**
**ਪੁਨਰ ਡਢਵਾਲੰ ਕੀਯੋ ਜੀਤਿ ਜੇਰੰ ॥ ਕਰੰ ਬੰਦਿ ਕੈ ਰਾਜ ਪੁਤ੍ਰਾਨ ਜੇਰੰ ॥ ੨ ॥ ਪੁਨਰਿ ਦੂਨਿ ਕੋ ਲੂਟਿ ਲੀਨੋ ਸੁਧਾਰੰ ॥**
**ਕੋਈ ਸਾਮੁਹੇ ਹ੍ਵੈ ਸਕਿਯੋ ਨ ਗਵਾਰੰ ॥ ਲੀਯੋ ਛੀਨ ਅੰਨੰਦਲੰ ਬਾਂਟਿ ਦਯੰ ॥ ਮਹਾ ਮੂੜਿਯੰਕੁ ਤਸਤੰਕਾਜ ਕੀਯੰ ॥੩॥**

**ਅਰਥ**:-(ਪੰਡਿਤ ਨਰੈਣ ਸਿੰਘ ਜੀ ਗਯਾਨੀ ਵਿਦਿਆ ਮਾਰਤੰਡ ਜੀ ਦੇ ਲਖੇ ਦਾ ਉਤਾਰਾ ਹੀ ਹੈ) ਜਦੋਂ ਰੁਸਤਮ ਖਾਂ ਜੰਗ ਵਿਚੋਂ ਭਜਕੇ (ਲਾਹੌਰ ਆਪਨੇ) ਪਿਉ (ਦਿਲਾਵਰ ਖਾਂ) ਕੋਲ ਗਿਆ, ਅਤੇ ਸੂਰਮਿਆਂ ਨੂੰ ਮਰਾਉਨ ਦੀ ਸਰਮ ਨਾਲ (ਪਿਉ ਦੇ ਸਾਹਮਣੇ) ਬੋਲ ਨਾ ਸਕਿਆ ਤਦੋਂ ਹੁਸੈਨੀ ਨੇ ਬਾਹਾਂ ਠੋਕਕੇ (ਡੌਲਿਆਂ ਪੁਰ ਥਾਪੀ ਮਾਰ ਕੇ) ਲਲਕਾਰਾ ਮਾਰਿਆ । ਦੋ ਹਜ਼ਾਰ ਸੂਰਮੇ ਨਾਲ ਲੈ ਕੇ (ਸਿਲਾ) ਸ਼ਸਤ੍ਰ ਸੰਜੋਆਂ ਸਜਾ ਲਈਆਂ । ੧ । ਸੈਨਾਂ ਨੂੰ ਜੋੜ ਕੇ ਹੁਸੈਨੀ ਨੇ ਚੱਲਨਾ ਕੀਤਾ । ਪਹਿਲਾਂ ਪਹਾੜ ਦੇ ਲੋਕਾਂ ਦੇ ਘਰਾਂ ਨੂੰ ਉਸ ਨੇ ਲੁੱਟ ਲਿਆ । ਫੇਰ ਡੱਢਵਾਲ ਦੇ ਰਾਜੇ (ਮਧੁਕਰ ਸ਼ਾਹ) ਨੂੰ ਜਿੱਤ ਕੇ ਆਪਣੇ ਅਧੀਨ ਕੀਤਾ (ਹੋਰ ਭੀ) ਕਈ ਰਾਜ ਪੁਤ੍ਰ ਕੈਦ ਕਰ ਲਏ ਜਾਂ ਸੇਵਕ ਬਣਾ ਲਏ । ੨ । ਫੇਰ ਉਸ ਨੇ ਦੂਨ ਨੂੰ ਚੰਗੀ ਤਰ੍ਹਾਂ ਲੁੱਟ ਲਿਆ ਕੋਈ ਮੂਰਖ (ਪਹਾੜੀ ਰਾਜਾ ਭੀ ਉਸ ਦੇ) ਸਾਹਮਣੇ ਨਾ ਹੋ ਸਕਿਆ । (ਲੋਕਾਂ ਕੋਲੋਂ ਉਸ ਨੇ) ਅੰਨ ਭੀ ਖੋਹ ਲਿਆ, (ਤੇ ਆਪਣੀ) ਫ਼ੌਜ ਨੂੰ ਵੰਡ ਦਿਤਾ । ਮਹਾਂ ਮੂਰਖ (ਹੁਸੈਨੀ) ਨੇ ਇਹ ਬਹੁਤ ਹੀ ਬੁਰਾ ਕੰਮ ਕੀਤਾ ਸੀ । ੩ ।

ਇਸ ਤਰ੍ਹਾਂ ਹੁਸੇਨੀ ਦੀਆਂ ਵਧੀਕੀਆਂ ਵੇਖ ਕੇ ਪਹਾੜੀਆਂ ਨੇ ਦਸ਼ਮੇਸ਼ ਜੀ ਤੋਂ ਸਹਾਇਤਾ ਮੰਗੀ ਤਾਂ ਉਨ੍ਹਾਂ ਨੇ ਭਾਈ ਸੰਗਤੀਏ ਦੀ ਜਥੇਦਾਰੀ ਵਿਚ ਆਪਣੇ ਸੂਰਮਿਆਂ ਦਾ ਜਥਾ ਹੁਸੈਨੀ ਦੇ ਵਿਰੁਧ ਲੜਨ ਲਈ ਭੇਜ ਦਿੱਤਾ। ਬੜੇ ਜ਼ੋਰਾਂ ਦਾ ਜੰਗ ਹੋਇਆ। ਜੰਗ ਦੇ ਮੈਦਾਨ ਦਾ ਚਤ੍ਰ ਉਲੀਕਣ ਲਗਿਆਂ ਲਿਖਾਰੀ ਜੀ ਨੇ ਦੋ ਦੋ ਲਫ਼ਜ਼ਾਂ ਦੀ ਅਜੇਹੀ ਛੰਦਾ ਬੰਦੀ ਕੀਤੀ ਹੈ ਕਿ ਸਿੱਖ ਵਿਦਵਾਨਾਂ ਨੂੰ ਭਰਮ ਬਣ ਜਾਂਦਾ ਹੈ ਕਿ ਅਜੇਹੀ ਸ਼ਬਦਾਵਲੀ ਵਾਲੀ ਕਵਿਤਾ ਕੇਵਲ ਦਸ਼ਮੇਸ਼ ਜੀ ਹੀ ਲਿਖ ਸਕਦੇ ਸਨ:--

**ਤੁਪਕ ਤੜਾਕ ॥ ਕੇਬਰ ਕੜਾਕ ॥ ਸੈਹਥੀ ਸੜਾਕ ॥ ਛੌਹੀ ਛੜਾਕ ॥ ੨੦ ॥**
**ਗੱਜੇ ਸੁਬੀਰ ॥ ਬੱਜੇ ਗਹੀਰ ॥ ਬਿਚਰੇ ਨਿਹੰਗ ॥ ਜੈਸੇ ਪਿਲੰਗ ॥ ੨੧ ॥**
**ਹੁੰਕੇ ਕਿਕਾਣ ॥ ਧੁੱਕੇ ਨਿਸਾਣਿ ॥ ਬਾਹੈ ਤੜਾਕ ॥ ਝੱਲੈ ਝੜਾਕ ॥ ੨੨ ॥**
**ਜੁੱਝੇ ਨਿਹੰਗ ॥ ਲਿੱਟੇ ਮ ਲੰਗ ॥ ਖੁਲ੍ਹੇ ਕਿਸਾਰ ॥ ਜਨੁ ਜਟਾ ਧਾਰ॥ ੨੩ ॥**
**ਸਜੇ ਗਜਿੰਦ੍ਰ ॥ ਗਜੇ ਗਜਿੰਦ੍ਰ ॥ ਉੱਤਰੇ ਖਾਨ ॥ ਲੈ ਲੈ ਕਮਾਨ ॥ ੨੪ ॥**

ਪਰ ਜਦੋਂ ਜੰਗ ਦੇ ਮੈਦਾਨ ਵਿਚ ਰੁਦ੍ਰ (ਮਹਾਂਦੇਵ, ਮਹੇਸ਼, ਸ਼ਿਵ ਸੰਭੂ) ਦੀ ਫ਼ੋਜ (ਮਸਾਣ, ਡੈਣਾ, ਚੁੜੇਲਾਂ, ਕਾਂ, ਕੁੱਤੇ ਆਦਿ ਦੀ) ਵੀ ਆ ਗੱਜੀ ਵੇਖੀਏ ਅਤੇ ਤਾਂ ਇਹੀ ਯਕੀਨ ਬਣ ਜਾਂਦਾ ਹੈ ਕਿ ਕਵਿਤਾ ਰਚਨ ਵਾਲੇ ਦਸ਼ਮੇਸ਼ ਜੀ ਨਹੀਂ ਸਗੋਂ ਖੰਡ ਵਿਚ ਲਪੇਟ ਕੇ ਸੰਖੀਆਂ ਛਕਾਉਣ ਵਾਲਾ ਕੋਈ ਚਾਤੁਰ ਅਤੇ ਵਿਦਵਾਨ ਬਿੱਪ੍ਰ ਹੈ:--

**ਪਾਧੜੀ ਛੰਦ**

**ਹੜ ਹੜ ਹੜਾਇ ਹੱਸੇ ਮਸਾਣ ॥ ਲਿੱਟੇ ਗਜਿੰਦ੍ਰ ਛੁੱਟੇ ਕਿਕਾਣ ॥**
**ਜੁੱਟੇ ਸੁ ਬੀਰ ਤਹ ਕੜਕ ਜੰਗ ॥ ਛੁਟੀ ਕ੍ਰਿਪਾਣ ਵੁਠੇ ਖਤੰਗ ॥ ੪੩ ॥**
**ਡਾਕਨਿ ਡਹਿਕ ਚਾਵਡਿ ਚਿਕਾਰ ॥ ਕਾਕੰ ਕਹੱਕਿ ਬੱਜੇ ਦੁਧਾਰ ॥**
**ਖੋਲੰ ਖੜੱਕ ਤੁਪਕਿ ਤੜਾਕਿ ॥ ਸੈਥੰ ਸੜੱਕ ਧੱਕੰ ਧਹਾਕਿ ॥ ੪੪ ॥...**

**ਭੁਜੰਗ ਛੰਦ- ਛੁਟੀ ਜੋਗਤਾਰੀ ਮਹਾਂ ਰੁਦ੍ਰ ਜਾਗੇ ॥ ਡਗਿਯੋ ਧਿਆਨ ਬ੍ਰਹਮੰ ਸਭੈ ਸਿਧ ਭਾਗੇ ॥**
**ਹਸੇ ਕਿੰਨਰੰ ਜੱਛ ਬਿਦਿਆ ਧਰੇਯੰ ॥ ਨਚੀ ਅੱਛਰਾ ਪੱਛਰਾ ਚਾਰਣੇਯੰ ॥ ੪੯ ॥**

ਹੁਸੈਨੀ ਮਾਰਿਆ ਗਿਆ ਅਤੇ ਭਾਈ ਸੰਗਤੀਆ ਵੀ ਸ਼ਹੀਦ ਹੋ ਗਿਆ। ਇਸ ਅਧਿਆਇ ਦੇ ਅੰਤਲੀ ਚੌਪਈ ਇਸ ਪ੍ਰਕਾਰ ਹੈ:--

**ਜੀਤ ਭਈ ਰਨ ਭਯੋ ਉਝਾਰਾ ॥ ਸਿਮ੍ਰਿਤ ਕਰਿ ਸਭ ਘਰੋ ਸਿਧਾਰਾ ॥**
**ਰਾਖਿ ਲੀਯੋ ਹਮ ਕੋ ਜਗਰਾਈ ॥ ਲੋਹ ਘਟਾ ਅਨਤੈ ਬਰਸਾਈ ॥ ੬੯ ॥**

**ਅਰਥ:**--[ਰਾਜਿਆਂ ਦੀ] ਜਿੱਤ ਹੋਈ, ਜੰਗ (ਦੇ ਮੈਦਾਨ ਵਿਚ) ਸੁੰਨ ਵਰਤ ਗਈ। ਹਰ ਕੋਈ (ਜੰਗ ਦੀਆਂ ਗੱਲਾਂ ਨੂੰ) ਚੇਤੇ ਕਰਦੇ ਹੋਏ (ਆਪੋ ਆਪਨੇ) ਘਰੀਂ ਚਲੇ ਗਏ। ਜਗਤ ਦੇ ਰਾਜੇ (ਜਗਰਾਈ) ਨੇ ਸਾਨੂੰ ਹਥ ਦੇ ਕੇ ਜੰਗ ਵਿਚ ਪੈਣੋ) ਰੱਖ ਲਿਆ, ਇਹ (ਲੋਹ ਘਟਾ) ਸ਼ਸਤਰਾਂ ਦੇ ਬੱਦਲਾਂ ਦੀ ਹੋਰਥੇ ਬਰਖਾ ਕਰਾ ਦਿੱਤੀ, (ਅਰਥਾਤ, ਹੁਸੈਨੀ ਆਯਾ ਤਾਂ ਸਾਡੇ ਉਪਰ ਚੜ੍ਹ ਕੇ ਸੀ, ਪਰ ਜੰਗ ਹੋਰਨਾਂ ਨਾਲ ਕਰਕੇ ਉਥੇ ਹੀ ਮਰ ਗਿਆ, ਇਹ --**ਕ੍ਰਿਪਾ ਕਾਲ ਤੇਰੀ**-ਹੈ) ।

ਆਪਣੇ ਪਹਿਲੇ ਸਰੂਪ ਵਿਚ ਹੀ, ਜ਼ੁਲਮ ਦਾ ਸ਼ਿਕਾਰ ਹੋਇਆਂ ਦੀ ਪੀੜ ਅਨੁਭਵ ਕਰਕੇ ਸਿੱਧਾ ਰੱਬ ਨੂੰ ਹੀ " **ਤੈਂ ਕੀ ਦਰਦ ਨ ਆਇਆ** " ਕਹਿਣ ਵਾਲੇ, ਹਰ ਤਰ੍ਹਾਂ ਦੇ ਭੈ ਤੋਂ ਰਹਿਤ ਹੋ ਚੁੱਕੇ ਮਹਾਂ ਬਲੀ ਦਸ਼ਮੇਸ਼ ਜੀ ਨੂੰ ਜੰਗ ਦੇ ਬੱਦਲ ਹੋਰਨਾਂ ਤੇ ਹੀ ਬਰਖਾ ਕਰਕੇ ਮੁੜ ਜਾਣ ਤੇ ਸੁਆਰਥੀ ਕਾਇਰਾਂ ਵਾਂਗ ' ਜਗਰਾਈ ' ਜੀ ਦਾ ਧਨਵਾਦ ਕਰਦੇ ਦਰਸਾ ਕੇ, ਲਿਖਾਰੀ ਨੇ **ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਦਾ ਮਖ਼ੌਲ ਉਡਾਇਆ ਹੈ।** [ਅਜੇਹੀਆਂ ਘਟੀਆ ਉਕਤੀਆਂ ਪੜ੍ਹ ਕੇ ਉਨ੍ਹਾਂ ਵਿਦਵਾਨਾਂ ਦੀ ਸੀਨਾ ਜੋਰੀ ਤੇ ਹਿਰਦਾ ਦੁਖੀ ਹੁੰਦਾ ਹੈ ਜਿਹੜੇ ਬਚ੍ਰਿਨਾਟਕ ਨੂੰ ਦਸ਼ਮੇਸ਼ ਜੀ ਦੀ ਹੀ ਕਿਰਤ ਲਿਖ ਰਹੇ ਹਨ]

ਮੁਗ਼ਲੀਆ ਸਰਕਾਰ ਦੇ ਜਰਨੈਲਾਂ ਵਿਚੋ ਹੁਸੈਨੀ ਦੂਜਾ ਸੀ ਜਿਸ ਦਾ ਸਾਹਮਣਾ ਵੀ ਦਸ਼ਮੇਸ਼ ਜੀ ਨਾਲ ਨਾ ਹੋਇਆ। ਕਈ ਹੋਰ ਅਧਿਆਵਾਂ ਨਾਲੋਂ ਲੰਮੇ ਇਸ ਅਧਿਆਇ ਵਿਚ ਕੇਵਲ ਹੁਸੈਨੀ ਦੀ ਲੁੱਟ ਮਾਰ ਅਤੇ ਉਸ ਦੀ ਮੌਤ ਦਾ ਵਰਨਣ ਹੈ। ਇਸ ਉਪ੍ਰੋਕਤ ੬੯ਵੀਂ ਚੌਪਈ ਤੇ ੧੧ਵੇਂ ਅਧਿਆਇ ਦਾ ਭੋਗ ਪੈ ਗਿਆ :--

**ਇਤ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਹੁਸੈਨੀ ਬਧਹ ਕਿਰਪਾਲ ਹਿੰਮਤ ਸੰਗਤੀਆ ਬਧ ਬਰਨਨੰ ਨਾਮ, ਗਿਆਰਮੋ ਧਿਆਇ ਸਮਾਪਤ ਮਸਤੁ ਸੁਭ ਮਸਤੁ ॥ ੧੧ ॥ਅਫ਼ਜੂ॥੪੨੩॥**

੩੧

# ਬਾਰ੍ਹਵਾਂ ਅਧਿਆਇ

## ਜੁਝਾਰ ਸਿੰਘ ਯੁੱਧ

**ਚੌਪਈ ॥ ਜੁੱਧ ਭਯੋ ਇਹ ਭਾਂਤਿ ਅਪਾਰਾ ॥ ਤੁਰਕਨ ਕੋ ਮਾਰਯੋ ਸਿਰਦਾਰਾ ॥**
**ਰਿਸਤਨ ਖਾਨ ਦਿਲਾਵਰ ਤਏ ॥ ਇਤੈ ਸਊਰ ਪਠਾਵਤ ਭਏ ॥ ੧ ॥**
**ਉਤੈ ਪਠਿਓ ਉਨ ਸਿੰਘ ਜੁਝਾਰਾ ॥ ਤਿੱਹ ਭਲਨਾ ਤੇ ਖੇਦ ਨਿਕਾਰਾ ॥**
**ਇਤ ਗਜ ਸਿੰਘ ਪੰਮਾ ਦਲ ਜੋਰਾ ॥ ਧਾਇ ਪਰੇ ਤਿਨ ਊਪਰ ਭੋਰਾ ॥ ੨ ॥**

**ਅਰਥ:**--ਇਸ ਤਰ੍ਹਾਂ ਨਾਲ ਬਹੁਤ ਵਡਾ ਜੁਧ ਹੋਯਾ, ਜਿਸ ਵਿਚ ਤੁਰਕਾਂ ਦੇ ਸਰਦਾਰਾਂ ਨੂੰ ਮਾਰ ਦਿੱਤਾ ਗਿਆ। (ਜਿਸ ਤੋਂ) ਦਿਲਾਵਰ ਖਾਂ ਨੇ (ਰਿਸਤਨ) ਕ੍ਰੋਧ ਨਾਲ (ਤਏ) ਲੋਹੇ ਲਾਖੇ ਹੋ ਕੇ (ਸਊਰ) ਸਵਾਰਾਂ ਦਾ ਜਥਾ ਇਧਰ ਭੇਜ ਦਿੱਤਾ । ੧ । ਉਧਰ ਉਨ੍ਹਾਂ ਨੇ ਜੁਝਾਰ ਸਿੰਹ (ਰਾਜਪੂਤ) ਨੂੰ ਭੇਜ ਦਿੱਤਾ । ਉਸ ਨੇ ' ਭਲਾਨ ' (ਦੇ ਮੁਕਾਮ) ਤੋਂ (ਲਾਹੌਰ ਦੀ ਸ਼ਾਹੀ ਫੌਜ ਨੂੰ ਦੁਖ ਦੇ ਕੇ ਉਠਾ ਦਿਤਾ । ਇਧਰੋਂ (ਭੀਮ ਚੰਦ ਨੇ ਅਪਨੇ ਸੰਬੰਧੀ ਤੇ ਸੈਨਾਪਤੀ ਗਜ ਸਿੰਘ ਤੇ ਪੰਮਾ) ਪਰਮਾਨੰਦ (ਨੂੰ ਭੇਜਿਆ ਜੋ) ਫੌਜ ਇਕੱਠੀ ਕਰ ਕੇ, ਉਨ੍ਹਾਂ ਉਤੇ (ਭੋਰਾ) ਸਵੇਰ ਸਾਰ ਨਾਲ ਧਾਵਾ ਕਰਕੇ ਜਾ ਪਏ । ੨ ।

ਹੁਸੈਨੀ ਨੂੰ ਮਰਵਾ ਕੇ ਜਦ ਸ਼ਾਹੀ ਫ਼ੌਜ ਲਾਹੌਰ ਪੁੱਜੀ ਤਾਂ ਸੂਬੇਦਾਰ ਦਿਲਾਵਰ ਖ਼ਾਨ ਜੰਗ ਦੇ ਹਾਲ ਸੁਣ ਕੇ ਬੜਾ ਕ੍ਰੋਧਵਾਨ ਹੋਇਆ ਤੇ ਪਹਾੜੀਆਂ ਨੂੰ ਸਬਕ ਸਿਖਾਉਣ ਲਈ ਰੁਸਤਮ ਖ਼ਾਨ ਫ਼ੋਜਦਾਰ ਨੂੰ ਭੇਜਿਆ। ਰੁਸਤਮ ਖ਼ਾਨ ਵੀ ਪਹਾੜੀ ਰਾਜਿਆਂ ਦਾ ਕੁਝ ਨਾ ਵਿਗਾੜ ਸਕਿਆ ਤਾਂ ਬਿਮਾਰੀ ਦਾ ਬਹਾਨਾ ਲਾ ਕੇ ਵਾਪਸ ਮੁੜ ਗਿਆ। ਲੜਾਈ ਦੇ ਅਰੰਭ ਹੋਣ ਦੇ ਵਰਣਨ ਦਾ ਨਮੂਨਾ ਮਾਤ੍ਰ:--

**ਉਤੈ ਜੁਝਾਰ ਸਿੰਘ ਭਯੋ ਆਡਾ ॥ ਜਿਮ ਰਨ ਖੰਭ ਭੂਮਿ ਰਨਿ ਗਾਡਾ ॥**
**ਗਾਡਾ ਚਲੈ ਨ ਹਾਡਾ ਚਲਿ ਹੈ ॥ ਸਾਮੁਹਿ ਸੇਲ ਸਮਰ ਮੋ ਝਲਿ ਹੈ ॥ ੩ ॥**

**ਪਦ ਅਰਥ:**--ਆਡਾ=ਜੁਧ ਵਾਲੀ ਥਾਂ ਤੇ ਗੱਡਿਆ ਹੋਇਆ ਝੰਡਾ। ਏਸੇ ਨੂੰ ਹੀ, ਰਨ ਖੰਭ ਰਨਿ ਗਾਡਾ ਲਿਖਿਆ ਹੈ। ਹਾਡਾ=ਰਾਜਪੂਤਾਂ ਦੀ ਇਕ ਜਾਤੀ, ਇਸ ਜਾਤੀ ਦਾ ਜੁਝਾਰ ਸਿੰਘ ਸੀ, ਉਸ ਵਲ ਇਸ਼ਾਰਾ ਹੈ।

**ਬਾਟ ਚੜੈ ਦਲ ਦੋਊ ਜੁਝਾਰਾ ॥ ਉਤੈ ਚੰਦੇਲ ਇਤੈ ਜਸਵਾਰਾ ॥**
**ਮੰਡਿਯੋ ਬੀਰ ਖੇਤ ਮੋ ਜੁਧਾ ॥ ਉਪਜਿਯੋ ਸਮਰ ਸੂਰ ਮਨ ਕ੍ਰੱਧਾ ॥ ੪ ॥**
**ਕੋਪ ਭਰੇ ਦੋਊ ਦਿਸ ਭਟ ਭਾਰੇ ॥ ਇਤੇ ਚੰਦੇਲ ਉਤੈ ਜਸਵਾਰੇ ॥**
**ਢੋਲ ਨਗਾਰੇ ਬਜੇ ਅਪਾਰਾ ॥ ਭੀਮ ਰੂਪ ਭੈਰੋ ਭਭਕਾਰਾ ॥ ੫ ॥**

ਬਚਿਤ੍ਰ ਨਾਟਕ ਦੇ ਲਿਖਾਰੀ ਜੀ, ਆਪਣੇ ਲਿਖੇ ਜੰਗ ਨੂੰ ਸ਼ਾਇਦ ਅਧੂਰਾ ਹੀ ਸਮਝਦੇ ਹੌਣਗੇ ਜੇ ਉਸ ਵਿਚ ਮਹਾਂ ਸ਼ਿਵ ਦਾ ਕੋਈ ਅਵਤਾਰ ਜਾਂ ਉਸ ਦੀ ਫੌਜ ਦੀਆਂ ਡੈਣਾ ਡਾਕਣੀਆਂ ਭਬਕਾਰਦੀਆਂ, ਚਿੰਘਾਰਦੀਆਂ, ਖਰੂਦ ਮਚਾਉਂਦੀਆਂ ਨਾ ਦਰਸਾਈਆਂ ਹੋਣ। ਏਥੇ ਸ਼ਿਵ ਜੀ ਦੇ ਅਵਤਾਰ, ਜੁੱਧ ਦੇ ਦੇਵਤੇ, ਭਿਆਣਕ ਰੂਪ ਵਾਲੇ ਭੈਰੋਂ ਭੂਤ (**ਭੈਰਉ ਭੂਤ ਸੀਤਲਾ ਧਾਵੈ**--੮੭੪) ਆ ਭਭਕਾਰਿਆ ਹੈ। ਇਸ ਮਾਰ ਧਾੜ ਵਿਚ ਦਸ਼ਮੇਸ਼ ਜੀ ਕਿਤੇ ਨਹੀਂ ਦਰਸਾਏ ਗਏ। ਝੁਝਾਰ ਸਿੰਘ (ਰਾਜਪੂਰਤ ਸਰਦਾਰ) ਦੀ ਮੌਤੇ ਦੇ ਨਾਲ ਹੀ ਇਸ ਅਧਿਆਈ ਦੀ ਸਮਾਪਤੀ ਦੀ ਘੋਸ਼ਣਾ ਵਿਚ ਅੰਤਲੀ ਚੌਪਈ ਇਸ ਪ੍ਰਕਾਰ ਹੈ:--

**ਚੌਪਈ ॥ ਇਹ ਬਿਧਿ ਘਨੇ ਘਰਨ ਕੋ ਗਾਰਾ ॥ ਭਾਂਤਿ ਭਾਂਤਿ ਕੇ ਕਰਿ ਹਥੀਆਰਾ ॥**
**ਚੁਨਿ ਚੁਨਿ ਬੀਰ ਪਖਰੀਆ ਮਾਰੇ ॥ ਅੰਤਿ ਦੇਵ ਪੁਰ ਆਪ ਪਧਾਰੇ ॥ ੧੨ ॥**

**ਅਰਥ:**--ਇਸ ਤ੍ਰਾਂ ਨਾਲ ਬਹੁਤੇ ਘਰਾਂ ਨੂੰ ਗਰਕ ਕਰ ਦਿਤਾ । ਤਰ੍ਹਾਂ ਤਰ੍ਹਾਂ ਨਾਲ ਸ਼ਸਤਰਾਂ ਦੇ ਵਾਰ ਕੀਤੇ । ਚੁਣ ਚੁਣ ਕੇ (ਪਖਰੀਆ) ਘੋੜ-ਚੜੇ ਸੂਰਮਿਆਂ ਨੂੰ ਮਾਰ ਦਿੱਤਾ। ਅੰਤ ਨੂੰ (ਜੁਝਾਰ ਸਿੰਘ) ਆਪ ਵੀ ਦੇਵ ਪੁਰੀ (ਸ੍ਵਰਗ) ਨੂੰ ਚਲਾ ਗਿਆ (ਭਾਵ-ਸ਼ਹੀਦ ਹੋ ਗਿਆ । ੧੨ ।

**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਜੁਝਾਰ ਸਿੰਘ ਬਰਨਨੰ ਨਾਮ**
**ਦ੍ਵਾਦਸਮੋ ਧਿਆਏ ਸਮਾਪਤ ਮਸਤੁ ਸੁਭ ਮਸਤੁ ॥ ੧੨ ॥ ਅਫਜੂ ॥ ੪੩੫ ॥**

੩੨

# ਤੇਰ੍ਹਵਾਂ ਅਧਿਆਇ

## ਸਹਜਾਦੇ ਕੋ ਆਗਮਨ ਮਦ੍ਰ ਦੇਸ ॥

[ਔਰੰਗਜ਼ੇਬ ਦੇ ਪੁੱਤਰ ਮੁਅਜ਼ਮ ਸ਼ਾਹ(ਬਹਾਦਰ ਸ਼ਾਹ) ਦਾ ਪੰਜਾਬ ਦੇਸ ਵਿਚ ਔਣਾ ।

**ਚੌਪਈ ॥ ਇਹ ਬਿਧਿ ਸੋ ਬਧ ਭਯੋ ਜੁਝਾਰਾ ॥ ਆਨ ਬਸੇ ਤਬ ਧਾਮ ਲੁਝਾਰਾ ॥**
**ਤਬ ਅਉਰੰਗ ਮਨ ਮਹਿ ਰਿਸਾਵਾ ॥ ਮੱਦ੍ਰ ਦੇਸ ਕੋ ਪੂਤ ਪਠਾਵਾ ॥ ੧ ॥**
**ਤਿੱਹ ਆਵਤ ਸਭ ਲੋਕ ਡਰਾਨੇ ॥ ਬਡੇ ਬਡੇ ਗਿਰ ਹੇਰ ਲੁਕਾਨੇ ॥**
**ਹਮਹੂੰ ਲੋਗਨ ਅਧਿਕ ਡਰਾਯੋ ॥ ਕਾਲ ਕਰਮ ਕੋ ਮਰਮ ਨ ਪਾਯੋ ॥ ੨ ॥**

**ਅਰਥ:**-ਇਸ ਤਰ੍ਹਾਂ ਨਾਲ ਜਦੋਂ ਜੁਝਾਰ ਸਿਹੁੰ ਸ਼ਹੀਦ ਹੋ ਗਿਆ ਤਾਂ ਸਾਰੇ ਲੜਾਕੇ ਜੋਧੇ (ਆਪੋ ਆਪਣੇ) ਘਰ ਵਿਚ ਬੈਠ ਗਏ। ਤਦ ਹੀ ਔਰੰਗਜ਼ੇਬ ਨੇ ਮਨ ਵਿਚ ਗ਼ੁੱਸਾ ਖਾਧਾ (ਉਸ ਨੇ) ਆਪਣੇ (ਵਡੇ) ਪੁਤਰ ਨੂੰ ਪੰਜਾਬ ਵਲ ਭੇਜ ਦਿਤਾ । ੧ । ਉਸ ਦੇ ਆਉਣ ਕਰਕੇ ਸਾਰੇ ਲੋਕ ਡਰ ਗਏ, ਅਤੇ ਵਡੇ ਵਡੇ ਪਹਾੜ ਵੇਖਕੇ (ਉਨ੍ਹਾਂ ਵਿਚ ਜਾ ਕੇ) ਲੁਕ ਗਏ । **ਸਾਨੂੰ ਭੀ (ਉਨ੍ਹਾਂ) ਲੋਕਾਂ ਨੇ ਬਹੁਤ ਡਰਾਇਆ । (ਜਿਨ੍ਹਾਂ ਨੇ) " ਕਾਲ "** ਦੀ (ਕਰਮ) ਖੇਡ ਦਾ ਕੁਝ ਭੇਦ ਨਹੀਂ ਪਾਯਾ ।੨।

ਭੈ-ਰਹਿਤ ਅਕਾਲ ਪੁਰਖ ਨਾਲ ਜੋੜ ਕੇ ਮਨੁੱਖ ਨੂੰ **ਨਿਰਭਉ ਪਦ** ਦੀ ਬਖ਼ਸ਼ਸ਼ ਕਰਨ ਆਏ, ਸਤਿਗੁਰੂ ਨਾਨਕ ਜੀ ਨੇ ਆਪਣੇ ਚੌਥੇ ਸਰੂਪ ਵਿਚ ਇਉਂ ਫ਼ੁਰਮਾਇਆ--**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥**

੯੮- **ਕਹੁ ਕਬੀਰ ਸੁਖਿ ਸਹਜਿ ਸਮਾਵਉ ॥ ਆਪਿ ਨ ਡਰਉ, ਨ ਅਵਰ ਡਰਾਵਉ ॥ ੩ ॥**[੩੨੭]-੧੭

ਅਕਾਲ ਪੁਰਖ ਦਾ ਰੂਪ, ਮਹਾਂ ਬਲੀ ਸਤਿਗੁਰੂ ਜੀ ਜਿਹੜੇ ਆਪਣੇ ਮਨ ਵਿਚ ਕਿਸੇ ਪ੍ਰਕਾਰ ਦਾ ਡਰਨ ਰੱਖਣਾ ਅਥਵਾ ਦੂਜੇ ਨੂੰ ਡਰਾਉਣਾ **ਜਾਣਦੇ ਹੀ ਨਹੀਂ ਸਨ**, ਅਣਖ ਦੇ ਪੁਤਲੇ ਉਸ ਸਤਿਗੁਰ ਸੂਰਮੇ ਦੀ ਕਲਮ ਨਾਲ ਇਹ ਬਚਨ ਜੋੜਨੇ,--**ਲੋਕਾਂ ਨੇ ਸਾਨੂੰ ਵੀ ਬੜਾ ਡਰਾ ਦਿੱਤਾ "** ਸਤਿਗੁਰਾਂ ਦੀ ਘੋਰ ਨਿੰਦਿਆ ਹੈ। ਦਿਲ ਕਰਦਾ ਸੀ ਕਿ ਇਸ ਪੰਗਤੀ ਦੇ (**ਹਮਹੂੰ ਲੋਗਨ ਅਧਿਕ ਡਰਾਯੋ**)--ਦੇ ਅਰਥ ਵਲ-ਵਿੰਗ ਪਾ ਕੇ, ਇਹ ਬਣਾ ਲਏ ਜਾਣ ਕਿ--" **ਲੋਕਾਂ ਨੇ ਤਾਂ ਸਾਨੂੰ ਡਰਾਉਣ ਦਾ ਬੜਾ ਯਤਨ ਕੀਤਾ ਪਰ, ਕਿਸੇ ਪ੍ਰਕਾਰ ਦੇ ਭੈ ਦਾ ਸਾਡੇ ਨੇੜੇ ਆਉਣ ਦਾ** ਕੀ ਕੰਮ ? ਪਰ ਜੋ ਕੁਝ ਅੱਗੇ ਲਿਖਿਆ ਹੈ, ਉਹ ਪੜ੍ਹ ਕੇ ਸਾਰਾ ਉਤਸ਼ਾਹ ਸ਼ਰਮਿੰਦਗੀ ਵਿਚ ਬਦਲ ਗਿਆ। ਕੀ, ਲਿਖਾਰੀ ਨੇ ਮਹਾਂ ਬਲੀ ਦਸ਼ਮੇਸ਼ ਜੀ ਦੀ ਅਪਾਰ ਸੂਰਮਤਾਈ ਦਾ, ਗ਼ਰੀਬਾਂ ਨਿਆਸਰਿਆਂ ਦੇ ਸੰਗੀ ਸਾਥੀ ਹੋਣ ਵਾਲੇ ਅਟੱਲ ਬਚਨ ਦਾ, ਦੀਨ ਕੇ ਹੇਤ ਪੁਰਜਾ ਪੁਰਜਾ ਹੋ ਕੇ ਕਟ ਮਰਨ ਵਾਲੇ ਬਚਨ ਦਾ, ਮੌਜੂ ਤਾਂ ਨਹੀਂ ਉਡਾਇਆ ਹੋਇਆ ?

ਪਾਠਕਾ ਨੂੰ ਲਿਖਾਰੀ ਦੀ ਸਾਰੀ ਝੂਠ-ਖੇਡ ਦੀ ਅਸਲੀਯਤ ਵਿਖਾਉਣ ਲਈ ਹੀ, ਸਾਰਾ ਵਿਸਥਾਰ ਲਿਖਣਾ ਪੈ ਰਿਹਾ ਹੈ। ਉਂਜ ਇਸ ਝੂਠ-ਦਲਦਲ ਵਿਚ ਫ਼ਸੇ ਰਹਿਣਾ ਗੁਰਮਤਿ ਨਹੀਂ ਆਗਿਆ ਨਹੀਂ ਦਿੰਦੀ। ਹੁਣ ਜਦ ਗਾਥਾ ਵਿਚ ਮਹਾਂ ਬਲੀ ਨਿਰਭੈ ਜੋਧੇ ਦਸ਼ਮੇਸ਼ ਜੀ ਨੂੰ ਡਰੇ ਹੋਏ ਦਰਸਾ ਲਿਆ ਤਾਂ ਅੱਗੇ ਇਉਂ ਲਿਖ ਦਿੱਤਾ:--

**ਕਿਤਕ ਲੋਕ ਤਜਿ ਸੰਗਿ ਸਿਧਾਰੇ ॥ ਜਾਏ ਬਸੇ ਗਿਰਵਰ ਜੱਹ ਭਾਰੇ ॥**
**ਚਿਤ ਮੂਜੀਯਨ ਕੇ ਅਧਿਕ ਡਰਾਨਾ ॥ ਤਿਨੈ ਉਬਾਰਨ ਅਪਨਾ ਜਾਨਾ ॥ ੩ ॥**

**ਅਰਥ**:--ਕਿੰਨੇ ਲੋਕ (ਸਾਡਾ ਭੀ) ਸੰਗ ਛਡ ਗਏ। (ਕਿਉਂਕਿ ਉਨ੍ਹਾਂ) ਗੀਦੀਆਂ ਦਾ ਚਿਤ ਬਹੁਤਾ ਡਰ ਗਿਆ ਸੀ। ਇਸ ਲਈ ਆਪਣਾ ਬਚਾਉ ਜਾਣਕੇ ਉਹ ਜਿਥੇ ਵਡੇ ਭਾਰੇ ਪਰਬਤ ਸਨ, (ਉਨ੍ਹਾਂ ਵਿਚ) ਜਾ ਵੱਸੇ। ।੩।

**ਤਬ ਅਉਰੰਗ ਜੀਅ ਮਾਂਝ ਰਿਸਾਏ॥ ਏਕ ਅਹਦੀਆ ਈਹਾਂ ਪਠਾਏ ॥**[**ਅਉਰੰਗ ਜੀਅ**=ਅਉਰੰਗ ਜ਼ੇਬ ਦਾ ਪੁੱਤਰ]
**ਹਮ ਤੇ ਭਾਜਿ ਬਿਮੁਖ ਜੇ ਗਏ ॥ ਤਿਨ ਕੇ ਧਾਮ ਗਿਰਾਵਤ ਭਏ ॥ ੪ ॥**

**ਅਰਥ**:--[ਜਦੋਂ ਬਹਾਦਰ ਸ਼ਾਹ ਨੇ ਇਹ ਸੁਣਿਆਂ ਕਿ ਮੇਰੇ ਸਿੱਖ ਮੈਥੋਂ ਵੀ ਬੇਮੁੱਖ ਹੋ ਮੇਰੇ ਸਾਥ ਛੱਡ ਕੇ ਭੱਜ ਗਏ ਹਨ ਤਾਂ ਉਹ (ਅਉਰੰਗ ਜੀਅ=) **ਅਉਰੰਗਜ਼ੇਬ ਦਾ ਪੁੱਤਰ** (ਬਹਾਦਰ ਸ਼ਾਹ ਆਪਣੇ) ਦਿਲ ਵਿਚ ਬੜਾ ਗੁਸੇ ਹੋ ਗਿਆ। (ਉਸ ਨੇ) ਇਕ ਅਹਦੀਆ ਇਥੇ (ਅਨੰਦਪੁਰ ਭੇਜਿਆ। ਜੇਹੜੇ ਸਾਡੇ ਪਾਸੋਂ ਭਜ ਕੇ (ਗੁਰੂ ਤੋਂ) ਬੇਮੁਖ (ਹੋ ਕੇ ਪਹਾੜੀਂ ਚਲੇ) ਗਏ ਸਨ (ਅਹਦੀਏ ਨੇ) **ਉਨ੍ਹਾਂ ਦੇ ਘਰ ਢਾ ਦਿੱਤੇ।**

**ਜੇ ਅਪਨੇ ਗੁਰ ਤੇ ਮੁਖ ਫਿਰ ਹੈ ॥ ਈਹਾਂ ਉਹਾਂ ਤਿਨ ਕੇ ਗ੍ਰਿਹਿ ਗਿਰ ਹੈ ॥ ਇਹਾਂ ਉਪਹਾਸ ਨ ਸੁਰ ਪੁਰ ਬਾਸਾ ॥**
**ਸਭ ਬਾਤਨ ਤੇ ਰਹੇ ਨਿਰਾਸਾ ॥ ੫ ॥ ਦੂਖ ਭੂਖ ਤਿਨ ਕੋ ਰਹੈ ਲਾਗੀ ॥ ਸੰਤ ਸੇਵ ਤੇ ਜੋ ਹੈ ਤਿਆਗੀ ॥**
**ਜਗਤ ਬਿਖੈ ਕੋਈ ਕਾਮ ਨ ਸਰਹੀ ॥ ਅੰਤਹਿ ਕੁੰਡ ਨਰਕ ਕੀ ਪਰਹੀ ॥੬॥ ਤਿਨ ਕੋ ਸਦਾ ਜਗਤ ਉਪਹਾਸਾ ॥**
**ਅੰਤਰਿ ਕੁੰਡ ਨਰਕ ਕੀ ਬਾਸਾ ॥ ਗੁਰ ਪਗ ਤੇ ਜੋ ਬੇਮੁਖ ਸਿਧਾਰੇ ॥ ਈਹਾਂ ਊਹਾਂ ਤਿਨ ਕੇ ਮੁਖ ਕਾਰੇ ॥੭॥**

**ਅਰਥ**:--ਜੇਹੜੇ (ਪੁਰਸ਼) ਆਪਣੇ ਗੁਰੂ ਤੋਂ ਮੂੰਹ ਮੋੜ ਲੈਂਦੇ ਹਨ। ਉਨ੍ਹਾਂ ਦੇ ਲੋਕ ਪ੍ਰਲੋਕ (ਵਿਚੋਂ) ਘਰ ਦਿੱਗ ਪੈਂਦੇ ਹਨ। ਇਥੇ (ਉਨਹਾਂ ਨੂੰ ਲੋਕ) ਠੱਠੇ ਕਰਦੇ ਹਨ, ਅਗੇ ਸੁਰਗ ਵਿਚ ਭੀ ਵਾਸਾ ਨਹੀਂ (ਮਿਲਦਾ)। ਸਾਰੀਆਂ ਗੱਲਾਂ ਵਲੋਂ ਨਿਰਾਸ ਰਹਿੰਦੇ ਹਨ। ੫ । ਉਨ੍ਹਾਂ ਨੂੰ (ਸਦ) ਦੁਖ ਤੇ ਭੁੱਖ ਲੱਗੀ ਰਹਿੰਦੀ ਹੈ। ਜਿਨ੍ਹਾਂ ਪੁਰਸ਼ਾਂ ਨੇ ਸੰਤਾਂ ਦੀ ਸੇਵਾ ਛੱਡ ਦਿੱਤੀ ਹੈ, ਜਗਤ ਵਿਚ (ਉਨ੍ਹਾਂ ਦਾ) ਕੋਈ ਭੀ ਕਮ ਪੂਰਾ ਨਹੀਂ ਹੁੰਦਾ। ਅੰਤ ਨੂੰ (ਭੀ ਉਹ ਜਾ ਕੇ) ਨਰਕ ਕੁੰਡ ਦੀ (ਅੱਗ ਵਿਚ) ਪੈਂਦੇ ਹਨ। ੬। ਉਨ੍ਹਾਂ ਨੂੰ ਜਗਤ ਵਿਚ ਸਦਾ ਮਖੌਲ ਹੁੰਦੇ ਹਨ। ਅੰਤ ਵੇਲੇ (ਉਹ) ਨਰਕ ਕੁੰਡ ਦੀ ਅੱਗ ਵਿਚ ਵਸਦੇ ਹਨ। ਜੋ (ਪੁਰਸ਼) ਗੁਰ ਚਰਨਾਂ ਤੋਂ ਬੇਮੁੱਖ (ਹੋ ਕੇ) ਜਾਂਦੇ ਹਨ, ਲੋਕ ਪ੍ਰਲੋਕ ਵਿਚ ਉਨ੍ਹਾਂ ਦੇ ਮੂੰਹ ਕਾਲੇ ਹੁੰਦੇ ਹਨ।੭।

ਇਤਿਹਾਸ ਵਿਚ ਇਸ ਗੱਲ ਦਾ ਜ਼ਿਕਰ ਤਾਂ ਜ਼ਰੂਰ ਆਇਆ ਹੈ ਕਿ, ਅਨੰਦੁਪੁਰ ਕਿਲੇ ਦੇ ਘੇਰੇ ਵਿਚ, ਅਤਿ ਭੀੜ ਦੇ ਸਮੇ ਕਈ ਸਿੰਘ ਲਿਖਤੀ ਬੇਦਾਵਾ-ਪੱਤਰ ਦੇ ਕੇ ਸਤਿਗੁਰਾਂ ਦਾ ਸਾਥ ਛੱਡ ਗਏ ਸਨ। ਪਰ ਇਤਿਹਾਸ ਵਿਚੋਂ ਇਸ ਗੱਲ ਦੀ ਲੇਸ ਮਾਤ੍ਰ ਭਿੰਣਕ ਨਹੀਂ ਮਿਲਦੀ ਕਿ, ਕਥਿਤ ਤੌਰ ਤੇ ਏਡਾ ਸਖ਼ਤ ਵਿਸ਼ਵਾਸ਼ਘਾਤ ਕਰਨ ਵਾਲਿਆਂ ਦੇ ਵਿਰੁੱਧ ਸਤਿਗੁਰਾਂ ਨੇ ਕੋਈ ਰੋਸ ਪ੍ਰਗਟਾਇਆ ਹੋਵੇ। ਸਗੋਂ ਇਹ ਗੱਲ ਇਤਿਹਾਸ ਪੁਕਾਰ ਪੁਕਾਰ ਕੇ ਦੱਸਦਾ ਆ ਰਿਹਾ ਹੈ ਕਿ, ਸਤਿਗੁਰਾਂ ਨੇ ਉਨ੍ਹਾਂ ਦਾ ਲਿਖਿਆ ਬੇਦਾਵਾ, (**ਜਗਤ ਦੀ ਅਮਾਨਤ**-) ਆਪਣੀ ਜਿੰਦ, ਵਾਂਗ ਹੀ ਸੰਭਾਲੀ ਰਖਿਆ ਅਤੇ ਖਦਰਾਣੇ ਦੀ ਜੰਗ ਵਿਚ ਜ਼ਖ਼ਮੀ ਹੋਏ ਅੰਤਲੇ ਸੁਆਸਾਂ ਤੇ ਪਏ ਸਿੰਘਾਂ ਦੇ ਸਾਹਮਣੇ (ਉਨ੍ਹਾਂ ਦਾ ਬੇਦਾਵਾ-ਰੂਪ ਕਾਗਜ਼) ਪਾੜ ਕੇ, ਉਨ੍ਹਾਂ ਦੇ ਮਨ ਨੂੰ ਪਛਤਾਵੇ ਦੇ ਬੋਝ ਤੋਂ ਸੁਖ਼ਰੂ ਕਰਕੇ ਅਪਾਰ ਬਖ਼ਸ਼ਸ਼ਾਂ ਨਾਲ ਵਰੋਸਾਇਆ ਸੀ। ਪਰ ਏਥੇ, ਜ਼ਾਲਮ ਮੁਗ਼ਲਾਂ ਤੋਂ ਆਪਣੀਆਂ ਅਤੇ ਆਪਣੇ ਪਰਵਾਰਾਂ ਦੀਆਂ ਜਾਨਾਂ ਬਚਾਉਂਣ ਲਈ ਲੁਕਦੇ ਫਿਰਦੇ **ਦੁਖਿਆਰਿਆਂ ਲਈ,** ਸਤਿਗੁਰਾਂ ਦੇ ਹਿਰਦੇ ਵਿਚ **ਜ਼ਰਾ ਵੀ ਹਮਦਰਦੀ ਨਹੀ ਹੈ?**

ਕਿਡੀ ਵਚਿਤ੍ਰ ਲੀਲ੍ਹਾ ਹੈ ਇਸ ਬਚਿਤ੍ਰ ਨਾਟਕ ਦੀ ਕਿ, ਜਿਸ ਦਸ਼ਮੇਸ਼ ਜੀ ਨੇ ਆਪਣੇ ਜਾਨ ਦੇ ਵੈਰੀ ਪਿਆਸਿਆਂ ਨੂੰ ਕੇਵਲ ਠੰਢਾ ਜਲ ਹੀ ਨਹੀਂ ਸੀ ਪਿਆਇਆ, ਸਗੋਂ ਜ਼ਖ਼ਮਾਂ ਦੀ ਪੀੜ ਨਾਲ ਮਰਨਾਊ ਪਏ ਵੈਰੀ ਜ਼ਖ਼ਮੀਆਂ ਦੀ ਮਲ੍ਹਮ ਪੱਟੀ ਕਰਕੇ ਉਨ੍ਹਾਂ ਨੂੰ ਨਵੀਂਆਂ ਜਿੰਦਗੀਆਂ ਬਖ਼ਸ਼ਸ਼ ਕੀਤੀਆਂ ਸਨ, ਸਭਨਾਂ ਦੇ ਦਰਦੀ ਉਸੇ ਦਸ਼ਮੇਸ਼ ਜੀ ਨੂੰ ਗ਼ਰੀਬ ਦੁਖਿਆਰਿਆਂ ਤੇ ਕਰੋਪਵਾਨ ਹੋਏ ਉਨ੍ਹਾਂ ਨੂੰ **ਬਦ ਅਸੀਸਾਂ ਦੇਣ (ਗੁਰਮਤ ਵਿਰੋਧੀ ਕਰਮ) ਵਿਚ ਰੁੱਝੇ ਦਰਸਾਇਆ ਹੈ।** ਅਜੇ ਕੱਲ੍ਹ ਜਿਹੜੇ ਸਿੱਖ ਉਨ੍ਹਾਂ ਦੀ ਸੇਵਾ ਕਰਦੇ ਅਤੇ ਦਸਵੰਧ ਦੇਂਦੇ ਰਹੇ ਸਨ ਅੱਜ ਮੁਗ਼ਲਾਂ ਦੀ ਕਰੋਪੀ ਤੋਂ ਉਨ੍ਹਾਂ ਦੀ ਰਖਿਆ ਕਰਨ ਦੇ ਥਾਂ, ਉਨ੍ਹਾਂ ਨੂੰ ਬਦਅਸੀਸਾਂ ਦੇਣ ਵਿਚ ਰੁੱਝੇ ਦਰਸਾਇਆ ਹੋਇਆ ਹੈ।

ਪੁਸਤਕ--**ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ**-- ਦੇ ਪਹਿਲੇ ਦੋ ਭਾਗਾਂ ਵਿਚ, ਧਰਮ ਗ੍ਰੰਥਾਂ ਦੇ ਪਰਮਾਣ ਦੇ ਕੇ ਸਿੱਧ ਕੀਤਾ ਹੈ ਕਿ ਸਰਾਪਾਂ ਦਾ, ਜਾਂ ਬਦ ਅਸੀਸਾਂ ਦਾ ਡਰ ਪਾ ਕੇ, ਨਰਕਾਂ ਵਿਚ ਪੈਣ ਦਾ ਭੈ ਦੇ ਕੇ ਲੋਕਾਂ ਨੂੰ ਲੁਟਣ ਦਾ ਧੰਦਾ ਪ੍ਰੋਹਤ ਨੇ ਅਰੰਭ ਕੀਤਾ ਸੀ। ਅਤੇ ਫਿਰ ਬਿੱਪ੍ਰ ਦੇ ਦੂਜੇ ਰੂਪ, ਪਖੰਡੀ ਸਾਧ ਠੱਗਾਂ ਨੇ ਲੁੱਟ ਖਾਣ ਲਈ ਲੋਕਾਂ ਨੂੰ ਵਰਾਂ-ਸਰਾਪਾਂ ਦੇ ਜਾਲ ਵਿਚ ਫ਼ਸਾਇਆ ਹੋਇਆ ਸੀ। ਏਧਰ ਗੁਰੂ ਬਾਣੀ ਦਾ ਫ਼ੁਰਮਾਨ ਤਾਂ ਇਸ ਪ੍ਰਕਾਰ ਹੈ:--

੬੯- **ਹਰਿ ਜਨੁ ਰਾਮ ਨਾਮ ਗੁਨ ਗਾਵੈ ॥**
**ਜੇ ਕੋ ਨਿੰਦ ਕਰੇ ਹਰਿ ਜਨ ਕੀ ਆਪੁਨਾ ਗੁਨੁ ਨ ਗਵਾਵੈ ॥ ੧ ॥ ਰਹਾਉ ॥**[੭੧੯]-੩

ਪੰਜਵੇਂ ਰੂਪ ਵਿਚ ਸਤਿਗੁਰਾਂ ਨੇ ਉਨ੍ਹਾਂ ਲਈ ਵੀ ਕੋਈ ਮੰਦਾ ਸ਼ਬਦ ਨਹੀਂ ਸੀ ਬੋਲਿਆ ਜਿਹੜੇ ਉਨ੍ਹਾਂ ਦੇ ਪਾਵਨ ਸੀਸ ਤੇ ਸੜਦੀ ਬਲਦੀ ਰੇਤ ਦੇ ਕੜਛੇ ਪਾ ਰਹੇ ਸਨ। ਏਧਰ ਉਨ੍ਹਾਂ ਦੇ ਹੀ ਦਸਵੇਂ ਰੂਪ ਸ੍ਰੀ ਦਸ਼ਮੇਸ਼ ਜੀ ਨੂੰ ਆਪਣੇ ਹੀ ਸੇਵਾਦਾਰ ਅਜੇਹੇ ਸਿੱਖਾਂ ਵਿਰੁੱਧ ਸਰਾਪਾਂ ਦੀ ਬਰਖਾ ਕਰਦੇ ਦਰਸਾਇਆ ਹੈ ਜਿਹੜੇ ਪਹਿਲਾਂ ਹੀ ਡਰ ਦੇ ਮਾਰੇ ਲੁਕਦੇ ਫਿਰਦੇ ਸਨ। ਸਤਿਗਰਾਂ ਨੇ ਨਿਰਭੈ ਸੂਰਮਿਆਂ ਵਾਲੀ ਸ਼ੇਰਵਾਈ ਭਬਕਾਰ ਮਾਰ ਕੇ ਮਰਦੇ ਜਾ ਰਹੇ ਕਮਜ਼ੋਰਾਂ ਨੂੰ ਸ਼ੇਰ ਬਣਾਉਣਾ ਸੀ ਕਿ ਜਾਂ ਡਰੂ ਠੱਗ ਸਾਧਾਂ ਵਾਂਗ (ਗੁਰਮਤਿ ਦੇ ਪ੍ਰਤਿਕੂਲ) ਸਰਾਪਾਂ ਦੇ ਗੋਲੇ ਦਾਗਣੇ ਅਰੰਭ ਕਰ ਦੇਣੇ ਸਨ? **ਸਤਿਗੁਰਾਂ ਦੀ ਆਤਮਕ ਉੱਚਤਾ ਨੂੰ ਇਸ ਤੋਂ ਵੀ ਨੀਵਾਂ ਦਰਸਾਉਣ ਵਾਲੀ ਦੁਖਦਾਈ ਚੌਪਈ:**--

**ਪੁਤ੍ਰ ਪਉਤ੍ਰ ਤਿਨਕੇ ਨਹੀ ਫਰੈ ॥ ਦੁਖ ਦੈ ਮਾਤ ਪਿਤਾ ਕੌ ਮਰੈ ॥**
**ਗੁਰ ਦੋਖੀ ਸਗ ਕੀ ਮ੍ਰਿਤ ਪਾਵੈ ॥ ਨਰਕ ਕੁੰਡ ਡਾਰੇ ਪਛੁਤਾਵੈ ॥ ੮ ॥**

**ਅਰਥ**:--ਉਨ੍ਹਾਂ ਦੇ ਪੁੱਤਰ ਪੋਤ੍ਰੇ ਭੀ ਨਹੀਂ ਫਲਦੇ, ਸਗੋਂ ਮਾਤਾ ਪਿਤਾ ਨੂੰ ਦੁਖ ਦੇ ਕੇ ਮਰ ਜਾਂਦੇ ਹਨ। ਗੁਰੂ ਨਿੰਦਕ (ਪੁਰਸ਼) ਕੁੱਤੇ ਦੀ ਮੌਤ ਪਾਵੇਗਾ। (ਜਦੋਂ ਉਸ ਨੂੰ ਜਮਰਾਜਾ) ਨਰਕ ਕੁੰਡ ਵਿਚ ਸੁੱਟੇਗਾ, (ਤਦੋਂ ਉਹ) ਪਛਤਾਵੇਗਾ ।੮।

ਹਿੰਦੂਆਂ ਦੇ ਅਵਤਾਰਾਂ ਦੀ ਸੂਚੀ ਵਿਚ ੧੯ਵਾਂ ਨੰਬਰ ਪਰਸਰਾਮ ਅਵਤਾਰ ਦਾ ਹੈ। ਰਾਮਾਇਣ ਗਾਥਾ ਦੇ ਲਿਖਾਰੀ ਪ੍ਰੋਹਿਤ ਜੀ ਨੇ ਲਿਖਿਆ ਹੈ ਕਿ ਤਪ ਸਾਧਦੇ ਪਰਸਰਾਮ ਨੂੰ ਜਦ ਪਤਾ ਲੱਗਾ ਕਿ ਉਸ ਦੇ ਪਿਤਾ ਨੂੰ ਸਹੰਰਬਾਹੂ ਇੱਕ ਖੱਤ੍ਰੀ ਰਾਜੇ ਨੇ ਕਤਲ ਕਰ ਦਿੱਤਾ ਹੈ ਤਾਂ ਉਸ ਨੇ ਪਹਿਲਾਂ ਜਾ ਕੇ ਆਪਣੇ ਪਿਤਾ ਦੇ ਕਾਤਲ ਸਹੰਸਰ ਬਾਹੂ (ਜੋ ਪਰਸਰਾਮ ਦਾ ਸਕਾ ਮਾਸੜ ਜੀ ਵੀ ਸੀ) ਨੂੰ ਕਤਲ ਕੀਤਾ ਅਤੇ ਫਿਰ ਆਪਣੇ ਪਿਤਾ

ਦੀ ਮਿਰਤਕ ਦੇਹ ਦਾ ਸਸਕਾਰ ਕੀਤਾ ਸੀ। ਅਤੇ ਫਿਰ ਭਗਵਾਨ ਪਰਸਰਾਮ ਜੀ ਨੇ ਇਸਤ੍ਰੀ ਮਰਦ, ਬਾਲਕ, ਬਿਰਧਾਂ ਸਮੇਤਾ, ਸਭ ਨੂੰ ਕਤਲ ਕਰਨਾ ਅਰੰਭ ਕਰ ਦਿੱਤਾ । ਅਤੇ ਇਹ ਕਤਲਾਮ ਉਦੋਂ ਰੁਕਿਆ ਜਦੋਂ ਖੱਤਰੀਆਂ ਦੀਆਂ ੨੧ ਕੁਲਾਂ ਨੂੰ (ਕਥਿਤ ਤੌਰ ਤੇ) ਧਰਤੀ ਤੋਂ ਖ਼ਤਮ ਕਰ ਦਿੱਤਾ ਸੀ। ਕਹਾਵਤ ਹੈ--" ਡਿੱਗਾ ਖੋਤੀ ਤੋਂ ਤੇ ਗੁੱਸਾ ਘੁਮਿਆਰੀ ਤੇ " ਕਾਤਲ ਤਾਂ ਕੇਵਲ ਸਹੰਸਰਬਾਹੂ ਸੀ, ਬਾਕੀ (ਬਾਲ ਬਿਰਧ) ਤੀਵੀਆਂ-ਮਰਦਾਂ ਦਾ ਅਤੇ ਉਨ੍ਹਾਂ ਖੱਤਰੀਆਂ ਦਾ ਜਿਨ੍ਹਾਂ ਨੇ ਆਉਣ ਵਾਲੀਆਂ ੨੦ ਪੀੜ੍ਹੀਆਂ ਵਿਚ ਅਜੇ ਜਨਮ ਲੈਣਾਂ ਸੀ, ਕੀ ਦੋਸ਼ ਸੀ? ਇਹ ਕਿਹੋ ਜਿਹਾ ਭਗਵਾਨ ਸੀ ਜੋ ਬਿਦੋਸ਼ਿਆਂ ਨੂੰ ਕਤਲਾਮ ਕਰਦਾ ਹੋਇਆ, **ਦੈਂਤ** ਦੇ ਥਾਂ **ਭਗਵਾਨ** ਬਣ ਗਿਆ? ਐਨ ਉਸੇ ਤਰ੍ਹਾਂ ਹੀ ਪਰਮਾਤਮਾ ਦਾ ਰੂਪ ਬਣ ਚੁੱਕੇ [-**ਇਹਿ ਬਿਧਿ ਕਰਤ ਤਪੱਸਿਆ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ]** ਦਸ਼ਮੇਸ਼ ਜੀ ਨੂੰ ਕਥਿਤ ਬੇਮੁਖਾਂ ਦੇ ਨਿਰਦੋਸ਼ ਪੁੱਤ੍ਰ ਪੋਤਰਿਆਂ ਦਾ ਅਤੇ ਉਨ੍ਹਾਂ ਦੇ ਮਾਤਾ ਪਿਤਾਂ ਦਾ ਸਰਬ ਨਾਸ ਕਰਨ ਸੀ ਲੋਚਣਾ ਕਰਦੇ ਦਰਸਾਇਆ ਗਿਆ ਹੈ। ਬੇ ਦੋਸ਼ਿਆਂ ਨੂੰ ਸਰਾਪ ਕਿਸ ਗਲੋਂ? ਪਰ ਅਜੇਹੀਆਂ ਬੇ ਅਸੂਲੀ ਗੱਲਾਂ ਲਿਖਣ ਗਿੱਝੇ ਬਿੱਪ੍ਰ ਦੀ ਜਾਦੂਗਿਰੀ ਦਾ ਵਡਾ ਕਮਾਲ ਇਹ ਹੈ ਕਿ, ਉਸਦਾ ਜਾਦੂ ਸਾਡੇ ਕਈ ਸ਼ਰਧਾਲੂ ਗੁਰਸਿਖਾਂ ਦੇ ਅਤੇ ਕਈ ਵਿਦਵਾਨ ਸਿੱਖ ਲਿਖਾਰੀਆਂ ਦੇ ਸਿਰ ਤੇ ਅਜੇਹਾ ਚੜ੍ਹ ਬੋਲਿਆ ਹੈ ਕਿ, ਉਹ ਆਪਣੀ ਵਿਦਵਤਾ ਦਾ ਸਾਰਾ ਜ਼ੋਰ ਇਹ ਸਿੱਧ ਕਰਨ ਤੇ ਲਾ ਰਹੇ ਹਨ ਕਿ ਅਜੇਹਾ ਸਾਰਾ ਅਨਰਥ ਲਿਖਿਆ ਵੀ ਦਸ਼ਮੇਸ਼ ਜੀ ਨੇ ਆਪਣੇ ਹੀ ਕਰ ਕੰਵਲਾ ਨਾਲ ਹੈ**?** ਜੀ ਬਾਰੇ ਅਥਵਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਯਿਾਰ੍ਹਵੇ ਅਤੇ ਸਦੀਵੀ ਪ੍ਰਗਟ ਸਰੂਪ, ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਇਸ ਪ੍ਰਕਾਰ ਹੈ--" **ਧਨੁ ਧਨੁ ਹਰਿ ਗਿਆਨੀ ਸਤਿਗੁਰੂ** (ਗੁਰੂ ਨਾਨਕ ਸਾਹਿਬ) **ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ।**[੫੯੪] ਜਿਸ ਦਸਮ-ਸਤਿਗੁਰੂ ਜੀ ਨੈ ਆਪਣੇ ਪਹਿਲੇ ਸਰੂਪਾਂ ਵਿਚ ਵਿਚਰਦੇ ਹੀ ਇਉਂ ਵੀ ਲਿਖਿਆ ਹੈ--

**੧੦੦/੧** **ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ**
**ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥ ੩ ॥**[੧੫]-੪

**੧੦੧/੨** **ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥ ਫਿਕਾ**
**ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥੧॥**[੪੭੩]-ਵਾ-੨੦

੧੦੨/੩ **ਮਹਲਾ ੫॥ ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ ੭੫ ॥** [੧੩੮੧]

੧੦੩/੪ **ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥ ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਹਿਬ ਏਕੁ ॥**
**ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ ॥ ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ ॥....੧॥**[੧੨੩੮]-ਵਾ-੨

੧੦੪/੫ **ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥**
**ਨਹੁ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥ ਜਿਸੁ ਨਾਲਿ ਸੰਗਤਿ ਕਰਿ**
**ਸਰੀਕੀ ਜਾਇ ਕਿਆ ਰੂਆਵਣਾ ॥ ਜੋ ਦੇਇ ਸਹਣਾਮਨਹਿ ਕਹਣਾ ਆਖਿ ਨਾਹੀ ਵਾਵਣਾ ॥**
**ਵਾਰੀ ਖਸਮੁ ਕਢਾਏ ਕਿਰਤੁ ਕਮਾਵਣ ॥ ੩ ॥**[੫੬੬]-ਛੰਤ-੧

ਸਾਡੇ ਜਿਹੇ ਨੀਚ ਕਰਮੀ ਤਾਂ ਭਾਵੇਂ ਅਜੇਹੀਆਂ ਭੁੱਲਾਂ ਕਰਨੋਂ ਨਾ ਰੁਕਦੇ ਹੋਣ, ਪਰ ਕਿਸੇ ਵੀ ਦੂਜੇ ਲਈ ਫਿੱਕਾ ਜਾਂ ਮੰਦਾ ਸ਼ਬਦ ਬੋਲਣ ਤੋਂ ਵਰਜਣ ਵਾਲੇ ਦਸਮ ਗੁਰੂ ਨਾਨਕ ਜੀ ਕਿਸੇ ਨੂੰ ਕੋਈ ਬਦਅਸੀਸ ਕਿਵੇਂ ਦੇ ਸਕਦੇ ਸਨ? ਵਰ ਸਰਾਪ ਵਾਲੇ ਜਿਸ ਪਖੰਡ ਦੀ ਸਤਿਗੁਰਾਂ ਭਰਪੂਰ ਖੰਡਨਾ ਕੀਤੀ ਹੈ ਉਹੀ ਸਭ ਕੁਝ ਕਰਦੇ ਦਸ਼ਮੇਸ਼ ਜੀ ਨੂੰ ਦਰਸਾ ਕੇ ਲਿਖਾਰੀ ਨੇ ਗੁਰਮਤਿ ਸਿਧਾਂਤ ਨਾਲ ਘਿਣਾਵਣਾ ਮਖ਼ੌਲ ਕੀਤਾ ਹੈ। ਕਹਾਣੀ ਦੇ ਹਰ ਮੋੜ ਤੇ ਗੁਰੂ-ਬਾਣੀ ਦੀ ਭਰਪੂਰ ਖੰਡਨਾ ਕੀਤੀ ਜਾ ਰਹੀ ਹੈ। ਪਰ ਕਿੱਡੀ ਮੰਦਭਾਗੀ ਹਾਲਤ ਬਣ ਰਹੀ ਹੈ ਕਿ, ਸਰਬੱਤ ਦਾ ਭਲਾ ਮੰਗਣ ਵਾਲੇ ਦਸਮ ਗੁਰੂ ਨਾਨਕ ਸਾਹਿਬ ਜੀ ਬੜੀ ਮਾਮੂਲੀ ਗੱਲੋਂ ਚਿੜੇ ਹੋਏ, ਬੇਦੋਸ਼ਿਆਂ ਨੂੰ ਦੁਖਦਾਈ ਬੋਲੀ ਵਿਚ ਸਰਾਪ ਦੇ ਰਹੇ ਦਰਸਾਉਣ ਵਾਲਾ ਬਚਿਤ੍ਰ ਨਾਟਕ, ਖ਼ਾਲਸਾ ਪੰਥ ਲਈ ਪਵਿੱਤਰ ਗ੍ਰੰਥ ਬਣ ਚੁੱਕਾ ਹੈ। ਇਸ ਝੂਠ-ਗ੍ਰੰਥ ਵਿਚੋਂ ਚੁਣੇ ਕੁਝ ਬਚਨਾ ਨੂੰ ਗੁਰਬਾਣੀ ਦੇ ਤੁੱਲ ਮੰਨ ਕੇ, ਉਨ੍ਹਾਂ ਦਾ ਕੀਰਤਨ ਗੁਰੂ ਦਰਬਾਰਾਂ ਵਿਚ ਕੀਤਾ ਜਾਂਦਾ ਹੈ। ਇਸ ਤੋਂ ਅੱਗੇ ਹੋਰ ਵੀ ਵੱਧ ਉਪੱਦਰ:--

**ਬਾਬੇ ਕੇ ਬਾਬਰ ਕੇ ਦੋਊ ॥ ਆਪ ਕਰੇ ਪਰਮੇਸਰ ਸੋਊ ॥ ਦੀਨ ਸਾਹ ਇਨ ਕੋ ਪਹਿਚਾਨੋ ॥**
**ਦੁਨੀ ਪੱਤਿ ਉਨਕੋ ਅਨੁਮਾਨੋ ॥ ੯ ॥ ਜੋ ਬਾਬੇ ਕੇ ਦਾਮ ਨ ਦੈ ਹੈ ॥ ਤਿਨ ਤੇ ਗਹਿ**
**ਬਾਬਰ ਕੇ ਲੈ ਹੈ ॥ ਦੈ ਦੈ ਤਿਨ ਕੋ ਬਡੀ ਸਜਾਇ ॥ ਪੁਨਿ ਲੈਹੈ ਗ੍ਰਹਿ ਲੂਟਿ ਬਨਾਇ ॥ ੧੦ ॥**

**ਅਰਥ:--(**ਇਕ) ਬਾਬੇ (ਗੁਰੂ ਨਾਨਕ ਜੀ) ਦੇ, ਦੂਜੇ ਬਾਬਰ (ਬਾਦਸ਼ਾਹ) ਦੇ। ਉਨ੍ਹਾਂ (ਦੋਹਾਂ ਨੂੰ) ਪਰਮੇਸ਼ਰ ਨੇ (ਪਾਤਸ਼ਾਹ) ਕੀਤਾ ਹੈ । ਇਨ੍ਹਾਂ (ਬਾਬੇ ਦੇ ਘਰ ਵਾਲਿਆਂ) ਨੂੰ ਧਰਮ ਦੇ ਪਾਤਸ਼ਾਹ ਪਛਾਨੋ । ਉਨ੍ਹਾਂ (ਬਾਬਰ ਕੁਲ ਵਾਲਿਆਂ) ਨੂੰ ਦੁਨੀਆਂ ਦੇ ਪਾਤਸ਼ਾਹ ਵਿਚਾਰ ਲੌ ।੯। ਜੋ (ਪੁਰਸ਼ ਗੁਰੂ ਬਾਬੇ ਕੇ) (ਦਾਮ) ਮਾਯਾ ਨਹੀ ਦੇਣਗੇ, ਉਨ੍ਹਾਂ ਦੇ (ਪਾਸੋਂ) ਬਾਬਰ ਦੀ (ਕੁਲ ਵਾਲੇ) ਫੜਕੇ (ਮਾਯਾ) ਲੈ ਲੈਣਗੇ। ਉਨ੍ਹਾਂ ਨੂੰ ਵਡੀ ਤੋਂ ਵਡੀ ਸਜ਼ਾ ਭੀ ਦੇਣਗੇ। ਫੇਰ ਉਨ੍ਹਾਂ ਦੇ ਘਰ ਨੂੰ ਭੀ ਚੰਗੀ ਤਰ੍ਹਾਂ ਲੁੱਟ ਲੈਣਗੇ ।੧੦।

**ਵਿਚਾਰ ਦਾ ਵੇਰਵਾ:**--

**(੧)** **(ਸਰਕਾਰੀ ਝੋਲੀ ਚੁੱਕ ਵਾਂਗ) ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਦੇ ਮਾਲਕਾਂ ਨੂੰ ਅਤੇ ਬਾਬਰ ਦੇ ਖ਼ਾਨਦਾਨ ਵਾਲੇ ਮੁਗ਼ਲ ਸਮਰਾਟਾਂ ਨੂੰ, (ਅਕਾਲਪੁਰਖ ਦੇ ਘਰ ਵਿਚ ਅਤੇ ਸੰਸਾਰ ਵਿਚ, ਦੋਹੀ ਥਾਈਂ") ਬਰਾਬਰੀ ਦਿੱਤੀ ਹੋਈ ਹੈ। ਦਸ਼ਮੇਸ਼ ਜੀ ਸੁਪਨੇ ਵਿਚ ਅਜੇਹਾ ਵਿਚਾਰ ਆਪਨੇ ਮਨ ਵਿਚ ਨਹੀਂ ਸਨ ਲਿਆ ਸਕਦੇ।**

**(੨)** **ਮਾਇਆ ਦੀ ਉਗ੍ਰਾਹੀ ਕਰਨ ਲਈ, ਜਾਂ ਕਹਿ ਲਵੋਂ ਲੋਕਾਂ ਕੋਲੋਂ ਮਾਇਆ ਖਿੱਚਣ ਲਈ ਸਤਿਗੁਰਾਂ ਵਲੋਂ ਮੁਗ਼ਲਾਂ ਦਾ ਬੜਾ ਕਰੜਾ ਹਊਆ ਵਿਖਾਇਆ ਹੋਇਆ ਹੈ। ਲੋਭੀ ਮਨੁੱਖਾਂ ਵਾਲੇ ਅਜੇਹੇ ਵਿਚਾਰ, ਦਸ਼ਮੇਸ਼ ਜੀ ਨੇ ਆਪ ਹੀ ਲਿਖੇ ਵਿਖਾ ਕੇ ਗੁਰੂ ਨਾਨਕ ਸਾਹਿਬ ਜੀ ਦੇ ਦਸਾਂ ਹੀ ਸਰੂਪਾਂ ਦੀ ਬੜੀ ਸਖ਼ਤ ਨਿਰਾਦਰੀ ਕੀਤੀ ਹੋਈ ਹੈ।**

**ਜਬ ਹ੍ਵੈ ਹੈ ਬੇਮੁਖ ਬਿਨਾ ਧਨ ॥ ਤਬਿ ਚੜਿ ਹੈ ਸਿੱਖਨ ਕਹ ਮਾਂਗਨ ॥**
**ਜੇ ਜੇ ਸਿੱਖ ਤਿਨੈ ਧਨ ਦੈ ਹੈਂ ॥ ਲੂਟਿ ਮਲੇਛ ਤਿਨੁ ਕੌ ਲੈ ਹੈਂ ॥ ੧੧ ॥**
**ਜਬ ਹੁਇ ਹੈ ਤਿਨ ਦਰਬ ਬਿਨਾਸਾ ॥ ਤਬ ਧਰਿ ਹੈ ਨਿਜਿ ਗੁਰ ਕੀ ਆਸਾ ॥**
**ਸਬ ਤੇ ਗੁਰ ਦਰਸਨ ਕੋ ਐਹੈਂ ॥ ਤਬ ਤਿਨ ਕੋ ਗੁਰ ਮੁਖ ਨ ਲਗੈ ਹੈਂ ॥ ੧੨ ॥**
**ਬਿਦਾ ਬਿਨਾ ਜੈਹੈਂ ਤਬ ਧਾਮੰ ॥ ਸਰਿ ਹੈ ਕੋਈ ਨ ਤਿਨ ਕੋ ਕਾਮੰ ॥**
**ਗੁਰਦਰ ਢੋਈ ਨ ਪ੍ਰਭ ਪੁਰ ਵਾਸਾ ॥ ਦੁਹੂੰ ਠਉਰ ਤੇ ਰਹੇ ਨਿਰਾਸਾ ॥੧੩॥**

**ਅਰਥः**--ਜਦੋਂ ਉਹ (ਡਰਦੇ ਨਸ ਗਏ ਹੋਏ) ਬੇਮੁਖ ਧਨ ਤੋਂ ਹੀਣ ਹੋ ਜਾਣਗੇ। ਤਦੋਂ ਫੇਰ ਸਿੱਖਾਂ ਕੋਲੋਂ ਮੰਗਣ ਚੜ੍ਹ ਜਾਣਗੇ **ਜੇਹੜੇ ਜੇਹੜੇ ਸਿੱਖ ਉਨ੍ਹਾਂ** ਨੂੰ ਧਨ ਦੇਣਗੇ, **ਉਨ੍ਹਾਂ ਦੇ (ਘਰਾਂ ਨੂੰ) ਮਲੇਛ ਲੁੱਟ ਲੈਣਗੇ** ।੧੧। ਜਦੋਂ ਉਨ੍ਹਾਂ (ਸਿੱਖਾਂ ਦਾ ਸਰਕਾਰੀ ਲੁੱਟ ਦੇ ਕਾਰਨ) ਧਨ ਨਾਸ ਹੋ ਜਾਏਗਾ, ਤਦੋਂ (ਉਹ ਫਿਰ) **ਆਪਣੇ ਗੁਰੂ ਦੀ ਆਸਾ ਰਖਣਗੇ** । ਉਹ ਸਾਰੇ ਫਿਰ ਦਰਸ਼ਨ ਨੂੰ ਆਉਣਗੇ । ਤਦੋਂ ਉਨ੍ਹਾਂ ਨੂੰ ਗੁਰੂ ਮਥੇ ਭੀ ਨਹੀਂ ਲਾਵੇਗਾ **।੧੨।** ਤਦ (ਉਹ ਗੁਰੂ ਦੀ) (ਬਿਦਾ) ਆਗਿਆ ਤੋਂ ਬਿਨਾ (ਆਪਣੇ) ਘਰਾਂ ਨੂੰ ਮੁੜ ਜਾਣਗੇ। (ਇਸ ਲਈ) ਉਨ੍ਹਾਂ ਦਾ ਕੋਈ ਕੰਮ ਵੀ (ਸਰਿ) ਪੂਰਾ ਨਹੀਂ ਹੋਵੇਗਾ । (ਜਿਸ) ਨੂੰ ਗੁਰੂ ਦੇ ਦਰ ਤੇ ਕਦੋ ਢੋਈ ਨਹੀਂ (ਮਿਲਦੀ ਉਸਦਾ) ਪ੍ਰਭੂ ਦੀ ਦਰਗਾਹ ਵਿਚ ਭੀ ਵਾਸਾ ਨਹੀਂ (ਹੁੰਦਾ) ਉਹ ਦੋਹਾਂ ਜੁੱਗਾਂ ਤੋਂ ਨਿਰਾਸ ਜਾਂਦੇ ਹਨ ।੩।

ਜੇ ਕੋਈ ਕਮ ਦਿਲਾ ਮੌਤ ਦੇ ਡਰੋਂ ਘਾਬਰ ਕੇ ਨੱਸ ਗਿਆ ਅਤੇ ਮੁੜ ਸਤਿਗੁਰਾਂ ਦੀ ਸਰਣ ਆਇਆ ਤਾਂ ਅੱਗੋਂ ਇਹ ਕੁੜ? ਕੀ ਬਣਿਅ: ਸਤਿਗੁਰਾਂ ਦੇ ਆਪਣੇ ਹੀ ਫ਼ੁਰਮਾਨ ਦਾ--**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹ ਬਿਰਦੁ ਸੁਆਮੀ ਸੰਦਾ ॥**

## ਵਿਚਾਰ ਦਾ ਚੇਰਵਾ:--

(੧) ਗੁਰੂ ਦੇ ਗਿਆਨ ਅਨੁਸਾਰ ਨਾ ਚੱਲਣ ਦੀ ਗੱਲ ਨਹੀਂ ਹੈ,, ਏਥੇ ਬੇਮੁੱਖ ਉਸ ਨੂੰ ਕਿਹਾ ਹੈ ਜਿਸ ਨੇ ਮਾਇਆ ਦੇ ਗੱਫੇ ਗੁਰੂ ਦੀ ਭੇਟਾ ਨਹੀਂ ਕੀਤੇ।

(੨) ਅਜੇਹੇ ਬੇਮੁਖਾਂ ਤੋਂ (ਬਚਿਤ੍ਰ ਨਾਟਕ ਦਾ ਪਾਤ੍ਰ) ਗੁਰੂ ਏਡਾ ਨਰਾਜ਼ ਹੈ ਕਿ ਖ਼ਰਚੋਂ ਆਤੁਰ ਵੇਖਕੇ ਜੇ ਕੋਈ ਸਿੱਖ, ਉਨ੍ਹਾਂ ਦੀ ਸਹਾਇਤਾ ਕਰੇਗਾ ਤਾਂ ਉਸ ਦਾ ਘਰ ਵੀ ਮੁਗ਼ਲ (ਮਲੇਛ) ਲੁਟ ਲੈਣਗੇ। (ਸਤਿਗੁਰਾਂ ਦਾ ਨਾਮ ਵਰਤ ਕੇ ਮੁਗ਼ਲਾਂ ਦੀ ਝੋਲੀ ਚੁੱਕੀ ਜਾ ਰਹੀ ਹੈ)

(੩) ਬਖ਼ਸ਼ਿੰਦ ਸਤਿਗੁਰੂ ਜੀ ਦਾ ਅਟੱਲ ਨਿਯੱਮ ਹੈ ਕਿ ਉਹ ਵਡੇ ਤੋਂ ਵਡੇ ਅਪਰਾਧੀਆਂ ਨੂੰ ਵੀ ਤਤਕਾਲ ਤਾਰਦੇ ਰਹੇ ਹਨ, ਪਰ **ਬਚਿਤ੍ਰ-ਨਾਟਕ** (ਦੇ ਪਾਤ੍ਰ) ਗੁਰੂ ਅਤੇ (ਬਖ਼ਸ਼ਿੰਦ, ਰਹੀਮ, ਕਰੀਮ, ਨਿਰਵੈਰ) ਪਰਮੇਸ਼ਰ, ਦੋਵੇਂ ਅਜੇਹੇ ਮਨੁੱਖ ਨੂੰ ਕਦੇ ਖਿਮਾ ਨਹੀਂ ਕਰਨਗੇ ਜੋ ਪਹਿਲਾਂ (ਗੁਰੂ ਦੇ ਕਥਿਤ **ਤੌਰ ਤੇ ਸਾਨੀ** ਬਾਬਰ ਕਿਆਂ ਤੋਂ) ਡਰਦੇ ਘਰੋਂ ਦੌੜ ਗਏ ਅਤੇ ਫਿਰ ਮਾਇਆ ਲੈ ਕੇ ਗੁਰੂ ਦੇ ਦਰਬਾਰ ਆਪਣੇ ਆਪ ਨਹੀਂ ਪੁੱਜੇ।

**ਜੇ ਜੇ ਗੁਰ ਚਰਨਨ ਰਤੁ ਹ੍ਵੈ ਹੈ ॥ ਤਿਨ ਕੋ ਕਸਟਿ ਨ ਦੇਖਨ ਪੈ ਹੈਂ ॥**
**ਰਿੱਧ ਸਿੱਧ ਤਿਨ ਕੇ ਗ੍ਰਿਹ ਮਾਹੀ ॥ ਪਾਪ ਤਾਪ ਛ੍ਵੈ ਸਕੈ ਨ ਛਾਹੀਂ ॥ ੧੪ ॥**
**ਤਿੱਹ ਮਲੇਛ ਛ੍ਵੈ ਹੈ ਨਹੀਂ ਛਾਹਾਂ ॥ ਅਸਟ ਸਿੱਧ ਹ੍ਵੈ ਹੈ ਘਰਿ ਮਾਹਾਂ ॥**
**ਹਾਸ ਕਰਤ ਜੋ ਉਦਮ ਉਠੈ ਹੈ ॥ ਨਵੋ ਨਿਧਿ ਤਿਨਕੈ ਘਰਿ ਐਹੈ ॥ ੧੫ ॥**
**ਮਿਰਜਾ ਬੇਗ ਹੁਤੋ ਤਿਹ ਨਾਮੰ ॥ ਜਿਨ ਢਾਹੇ ਬੇਮੁਖਨ ਕੇ ਧਾਮੰ ॥**
**ਸਬ ਸਨਮੁਖ ਗੁਰ ਆਪ ਬਚਾਏ ॥ ਤਿਨਕੇ ਬਾਰ ਨ ਬਾਂਕਨ ਪਾਏ ॥ ੧੬ ॥**

**ਅਰਥः**--ਜਿਹੜੇ ਜਿਹੜੇ ਗੁਰੂ ਚਰਨਾਂ ਦੇ ਪ੍ਰੇਮੀ ਹੁੰਦੇ ਹਨ, ਉਨ੍ਹਾਂ ਵਲ ਦੁਖ ਵੇਖ ਵੀ ਨਹੀਂ ਸਕਦੇ। ਉਨ੍ਹਾਂ ਦੇ ਘਰ ਸਦਾ ਰਿਧੀ ਸਿਧੀ ਰਹਿੰਦੀ ਹੈ। ਤਾਪ ਤੇ ਪਾਪ ਉਨ੍ਹਾਂ ਦੇ ਪਰਛਾਵੇਂ ਨੂੰ ਭੀ ਨਹੀਂ ਛੋਹ ਸਕਦੇ **।੧੪।** ਮਲੇਛ ਉਨ੍ਹਾਂ ਦੇ ਪ੍ਰਛਾਵੇਂ ਨੂੰ ਭੀ ਛੋਹ ਨਹੀਂ ਸਕਦਾ ਅੱਠੇ ਸਿਧੀਆਂ ਉਨ੍ਹਾਂ ਦੇ ਪ੍ਰਛਾਵੇਂ ਵਿਚ ਰਹਿੰਦੀਆਂ ਹਨ। **ਹਾਸੇ ਨਾਲ** ਭੀ ਜੇ (**ਉਹ ਲਾਭ) ਉਠਾਨ ਦਾ ਉਦੱਮ ਕਰਦੇ** ਹਨ ਤਾਂ **ਨੌਂ ਨਿਧਾਂ** (ਆਪੇ ਹੀ) ਉਨ੍ਹਾਂ ਦੇ ਘਰ ਵਿਚ ਆ ਜਾਂਦੀਆਂ ਹਨ**।੧੫।** ਉਸ (ਆਹਦੀਏ ਦਾ) ਨਾਮ **ਮਿਰਜ਼ਾ ਬੇਗ** ਸੀ, ਜਿਸਨੇ (ਗੁਰੂ ਤੋਂ) ਬੇਮੁੱਖ ਹੋਇਆਂ (ਰੱਬ ਦੀ ਗੱਲ ਕਿਤੇ ਨਹੀਂ ਆਈ) ਦੇ ਘਰ ਢਾਹੇ ਸਨ । ਸਾਰੇ ਸਨਮੁਖ ਸਿਖਾਂ ਨੂੰ ਸਤਿਗੁਰੂ ਜੀ ਨੇ (ਮਿਰਜ਼ਾ ਬੇਗ) ਕੋਲੋ ਆਪ ਬਚਾ ਲਿਆ ਹੈ। ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਣ ਪਾਇਆ।੧੬। ਮਿਰਜ਼ਾ ਬੇਗ ਨਾਲ ਕੋਈ ਜੰਗ ਨਹੀਂ ਹੋਈ। ਉਸ ਨੂੰ ਪਰਜਾ ਵਿਰੁੱਧ ਕੀ ਰੋਸ ਹੋ ਸਕਦਾ ਸੀ ? ਸਪੱਸ਼ਟ ਹੈ ਕਿ ਬਚਿਤ੍ਰ ਨਾਟਕ ਦੇ ਲਿਖਾਰੀ ਦੀ ਉਸ ਨਾਲ ਪੂਰੀ ਮਿਲੀ-ਭੁਗਤ ਸੀ। ਉਸ ਨੇ ਕੇਵਲ ਉਨ੍ਹਾਂ ਦੇ ਹੀ ਘਰ ਢਾ ਕੇ ਬਰਬਾਦ ਕੀਤੇ ਜਿਹੜੇ ਲਿਖਾਰੀ ਜੀ ਤੋਂ ਬੇਮੁੱਖ ਹੋਏ ਸਨ ?

## ਵਿਚਾਰ ਦਾ ਵੇਰਵਾ:--

(੧) ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਤਾਂ ਇਸ ਪ੍ਰਕਾਰ ਹੈ--**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ। ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨਾ ਕਰੇ ਵਿਚਾਰ ॥** [੫੯੪] ਕੇਵਲ ਸਤਿਗੁਰਾਂ ਦੇ ਦਰਸ਼ਨਾ ਤੋਂ ਜਾਂ ਚਰਨਾ ਦੇ ਭੌਰੇ ਬਣੇ ਰਹਿਣ ਦਾ ਅਭਿਆਸ ਕਰਨ ਤੋਂ ਕੋਈ ਮਨੁੱਖ ਵਿਕਾਰਾਂ ਤੋਂ ਖ਼ਲਾਸੀ ਨਹੀਂ ਪਾ ਸਕਦਾ, ਮਾਇਆ ਮੋਹ ਤੋਂ ਪੈਂਦੇ ਵਿਕਾਰਾਂ ਦੇ ਸੰਗਲ, ਤਦ ਹੀ ਟੁੱਟਦੇ ਹਨ,ਜੇ ਸਤਿ ਗੁਰੂ ਜੀ ਦੇ ਉਪਦੇਸ਼ ਅਨੁਸਾਰ, ਭਾਵ ਗੁਰਮਤਿ ਅਨੁਸਾਰ ਅਪਣੀ ਜੀਵਨ ਜੁਗਤ ਸੁਆਰ ਲੈਣ ਦੀ ਆਹਰ ਵਿਚ ਤਨੋ ਮਨੋਂ ਜੁੱਟ ਜਾਵਾਂਗੇ। ਏਧਰ ਉਪ੍ਰੋਕਤ ਚੌਪਈਆਂ ਦੀ ਗੱਲ ਛੱਡੀ, ਸਾਰੇ ਬਚਿਤ੍ਰ ਨਾਟਕ ਵਿਚ ਗੁਰੂ ਸ਼ਬਦ ਦੀ ਵਿਚਾਰ ਦਾ ਕਿਤੇ ਕੋਈ ਇਸ਼ਾਰਾ ਤੱਕ ਵੀ ਨਹੀਂ ਮਿਲਦਾ।

(੨) ਗੁਰੂ ਨਾਨਕ ਸਾਹਿਬ ਜੀ ਪ੍ਰਥਮ ਬਾਣੀ ਸ੍ਰੀ ਜਪੁ ਸਾਹਿਬ ਵਿਚ ਹੀ " **ਰਿਧਿ ਸਿਧਿ ਅਵਰਾ ਸਾਦ** " ਫ਼ੁਰਮਾ ਕੇ ਸਮਝਾਉਂਦੇ ਹਨ ਕਿ ਇਹ ਰਿਧੀਆਂ ਸਿਧੀਆਂ ਪ੍ਰਭੂ ਦੀ ਯਾਦ ਤੋਂ ਤੋੜ ਕੇ ਮਾਇਆ ਦਾ ਮੋਹ ਪੈਦਾ ਕਰਨ ਵਾਲਾ ਸੁਆਦ ਅਥਵਾ ਚਸਕਾ (-ਸਾਦ) ਹੈ। ਰਧੀਆਂ ਸਿਧੀਆਂ ਦੇ ਚੱਕਰ ਵਿਚ ਪੈਣਾ ਗੁਰਮਤਿ ਨਹੀਂ ਹੈ।

(੩) ਪਾਪਾਂ ਦੇ ਨਾਸ ਹੋ ਜਾਣ ਦਾ ਭਰੋਸਾ ਦੇ ਕੇ ਅਤੇ ਰਿਧੀਆਂ ਸਿਧੀਆਂ ਦੇ ਨਾਲ ਨੌ ਖ਼ਜਾਨਿਆਂ ਦੇ ਮਿਲਣ ਦਾ ਲੋਭ ਦੇ ਕੇ ਲੋਕਾਂ ਨੂੰ ਗੁਰੂ ਚਰਨਾਂ ਦੇ ਝੂਠੇ ਪ੍ਰੇਮੀ ਬਣਾਉਣਾ **ਬਿਪ੍ਰਨ ਕੀ ਰੀਤ ਹੈ।** ਅਤ ਖ਼ਾਲਸਾ ਪੰਥ ਨੂੰ ਇਹ ਤਾੜਨਾ---**ਜਬ ਇਹ ਗਹੇ ਬਿਪ੍ਰਨਕੀ ਰੀਤ । ਮੈਂ ਨਾ ਕਰੂੰ ਇਨਕੀ ਪਰਤੀਤ ।** ਦਸ਼ਮੇਸ਼ ਜੀ ਨੇ ਆਪ ਹੀ ਕੀਤੀ ਸੀ। ਕੀ ਆਪਣੇ ਕਹੇ ਦੀ ਉਲੰਘਣਾ ਕਰਨ ਦਾ ਉਪਦੇਸ਼ ਵੀ ਦਸ਼ਮੇਸ਼ ਜੀ ਨੇ ਆਪ ਹੀ ਦੇਣਾ ਅਰੰਭ ਕਰ ਦਿੱਤਾ ਸੀ ? ਗੁਰੂ ਬਾਣੀ ਵਿਚ ਲੋਭ ਨਾਲ ਜੁੜੇ ਪ੍ਰੇਮ ਨੂੰ ਵਿਅਰਥ ਦਾ ਪਖੰਡ ਕਹਿੰਦਿਆਂ ਫ਼ੁਰਮਾਨ ਕੀਤਾ ਹੈ ਕਿ, ਜਿਸ ਦਿਨ ਲੋਭੀ ਦਾ ਲੋਭ ਪੂਰਾ ਨਾ ਹੋ ਹੋਵੇ, ਨਿਹੁੰ ਟੁਟਦਿਆਂ ਢਿੱਲ ਨਹੀਂ ਲੱਗਦੀ। ਲੋਭ ਲਾਲਚ ਤੋਂ ਉਪਜਿਆ ਝੂਠਾ ਨਿਹੁੰ ਬਰਸਾਤ ਸਮੇਂ ਟੁੱਟੇ ਹੋਏ ਛੱਪਰ ਹੇਠ ਬੈਠਣ ਤੁੱਲ ਹੈ--**ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤਾ ਕੂੜਾ ਨੇਹੁ ॥ ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥ ੧੮ ॥**[੧੩੭੮]

(੪) ਉਪ੍ਰੋਕ ੧੬ਵੀਂ ਚੌਪਈ ਵਿਚ ਮਿਰਜ਼ਾ ਬੇਗ਼ਾ ਅਹਿਦੀਏ ਦਾ ਕਰੜਾ **ਭੈ** ਦਿੱਤਾ ਹੈ। ਪਰ ਜਿਸ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸ਼ਮੇਸ਼ ਜੀ ਨੇ ਆਪਣੀ ਥਾਂ ਗੁਰਿਆਈ ਸੌਂਪ ਖ਼ਾਲਸਾ ਜੀ ਨੂੰ ਗੁਰੂ ਬਾਣੀ ਦੇ ਲੜ ਲਾਇਆ ਹੈ, ਉਹ ਅਨੂਪਮ ਸਤਿਗੁਰੂ ਜੀ ਬੇਅੰਤ ਫ਼ੁਰਮਾਨਾਂ ਦੁਆਰਾ ਮਨੁੱਖ ਨੂੰ ਨਿਰਭੈ ਕਰ ਰਹੇ ਹਨ। ਉਦਾਹਰਣ ਵਜੋਂ ਪੰਜ ਗੁਰੁ-ਫ਼ੁਰਮਾਨ--(੧) **ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ ॥**[੫੭੭] (੨) **ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ॥ ਨਾਨਕੁ ਜਸ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥ ੪ ॥** [੧੦੦੦]- (੩) **ਨਿਰਭਉ ਭਏ ਸਗਲ ਭਉ ਮਿਟਿਆ ਰਾਖੇ ਰਾਖਨਹਾਰੇ ॥ ਐਸੀ ਦਾਤਿ ਤੇਰੀ ਪ੍ਰਭ ਮੇਰੇ, ਕਾਰਜ ਸਗਲ ਸਵਾਰੇ ॥ ੩ ॥** [੩੮੩]--(੪) **ਨਿਰਭਉ ਭਏ ਸਗਲ ਭਉ ਮਿਟਿਆ ਚਰਨ ਕਮਲ ਆਧਾਰੈ ॥ ਗੁਰ ਕੈ ਬਚਨਿ ਜਪਿਓ ਨਾਉ ਨਾਨਕ ਪ੍ਰਗਟ ਭਇਓ ਸੰਸਾਰੈ ॥ ੨ ॥**[੧੨੧੭--ਬਚਿਤ੍ਰ ਨਾਟਕ ਨੇ ਸਦੀਵੀ ਸੁਖ ਦੀ ਗੱਲ ਕਿਤੇ ਵੀ ਨਹੀਂ ਕੀਤੀ ਪਰ ਏਧਰ ਦਸਮ ਸਤਿਗੁਰਾਂ ਦੇ ਘਰ ਸਦੀਵੀ ਸੁੱਖ ਦੇ ਖੁਲ੍ਹੇ ਗੱਫੇ ਵਰਤਾਏ ਜਾਂਦੇ ਹਨ--(੫) **ਨਿਰਭਉ ਭਏ ਸਦਾ ਸੁਖ ਮਾਣੇ ਨਾਨਕ ਹਰਿ ਗੁਣ ਗਾਇ ॥ ੨ ॥** [੬੭੫]

ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ, ਬਚਿਤ੍ਰ ਨਾਟਕ ਦੇ ਨਾਇਕ, ਭਾਵ, ਹੇਮ ਕੁੰਡ ਦੇ ਤਪੱਸਵੀ ਜੀ ਤਾਂ ਆਏ ਹੀ ਅਕਾਲਪੁਰਖ ਦਾ ਨਾਮ ਜਪਾਉਣ ਸਨ, ਫਿਰ ਕੀ ਕਾਰਨ ਬਣਿਆ ਕਿ ਇਸ ਬਚਿਤ੍ਰ ਰਾਸ ਲੀਲ੍ਹਾ ਅਨੁਸਾਰ, ਉਨ੍ਹਾਂ ਨੇ, ਰੱਬ ਨਾਲ ਕਿਸੇ ਨੂੰ ਜੋੜਨ ਦੀ ਗੱਲ ਭੁੱਲ ਭੁਲਾ ਕੇ, ਲੋਕਾਂ ਨੂੰ ਆਪਣੇ ਹੀ ਚਰਨਾਂ ਨਾਲ ਜੋੜਨ ਲਈ ਲਾਲਚ ਅਤੇ ਡਰ ਦੇਣ ਵਾਲਾ ਬਿੱਪ੍ਰੀ ਧੰਦਾ ਅਰੰਭ ਕੀਤਾ ਹੋਇਆ ਹੈ। ਵਡੇ ਦੁਖ ਵਾਲੀ ਗੱਲ ਇਹ ਹੈ ਕਿ **ਅਕਾਲਪੁਰਖ** ਜੀ ਦਾ ਨਿਰਮਲ ਭੈ ਦੇਣ ਦੇ ਥਾਂ **ਮੁਗ਼ਲਾਂ ਦੇ ਹਾਕਮ ਮਿਰਜ਼ਾ ਬੇਗ ਦਾ** ਗੰਭੀਰ ਡਰਾਵਾ ਦਿੱਤਾ ਜਾ ਰਿਹਾ ਹੈ। ਦਸ਼ਮੇਸ਼ ਜੀ ਤਾਂ ਗੁਰਬਾਣੀ ਦੇ ਇਸ ਫ਼ੁਰਮਾਨ ਨੂੰ ਵੀ ਕਦੇ ਅੱਖੋਂ ਪ੍ਰੋਖਾ ਨਹੀਂ ਸਨ ਕਰ ਸਕਦੇ-- **ਆਪਿ ਨ ਡਰਉ ਨ ਅਵਰ ਡਰਾਉ ॥ ੩ ॥**[੩੨੭]

ਬਚਿੱਤ੍ਰ ਨਾਟਕ ਜੀ ਨੇ ਅੱਗੇ ਭੈ ਦੇਣ ਦੀ ਗੱਲ ਤੋਂ ਵੀ ਵੱਧ ਗੰਭੀਰ ਹੋਰ ਰੰਗ ਦਾ ਮੋੜਾ ਖਾ ਲਿਆ ਹੈ । ਭਾਵ, ਇਤਿਹਾਸਕਾਰ ਦਾ ਇਹ ਕਥਨ ਕਿ ਔਰੰਗਜ਼ੇਬਾ ਦਾ ਸਤਿਗੁਰਾਂ ਨਾਲ ਕਿਸੇ ਪ੍ਰਕਾਰ ਦਾ ਵਿਰੋਧ ਸੀ ਜਾਂ ਸ਼ਾਹੀ ਫੌਜਾਂ ਨੇ ਸ੍ਰੀ ਅੰਦ ਪੁਰ ਸਾਹਿਬ ਦੇ ਕਿਲ੍ਹੇ ਨੂੰ ਕਦੇ ਘੇਰਾ ਪਾਇਆ ਸੀ, ਸਰਸਾ ਨਦੀ ਦੇ ਕੰਢੇ ਕਿਸੇ ਫੌਜ ਨੇ ਸਤਿਗੁਰਾਂ ਦੇ ਵਿਸ਼ਵਾਸ਼ਘਾਤੀ ਹੱਲ ਬੋਲਿਆ ਸੀ, ਚਮਕੌਰ ਦਾ ਜੰਗ ਅਥਵਾ ਖਦਰਾਨੇ ਦੀ ਢਾਬ ਦਾ ਜੰਗ, ਸੱਭ ਝੂਠ ਹੈ ? ਕਿਉਂਕਿ (ਕਥਿਤ ਤੌਰ ਤੇ) ਦਸ਼ਮੇਸ਼ ਜੀ ਦਾ ਆਪਣੀ ਕਲਮ ਦਾ ਲਿਖਿਆ ਇਹ ਅਦਭੁਤ ਨਾਟਕ ਤਾਂ ਇਉਂ ਫ਼ੁਰਮਾਨ ਕਰ ਰਿਹਾ ਹੈ :--

**ਉਤ ਅਉਰੰਗ ਜੀਯ ਅਧਿਕ ਰਿਸਾਯੋ ॥ ਚਾਰ ਅਹਦੀਯਨ ਅਉਰ ਪਠਾਯੋ ॥**
**ਜੇ ਬੇਮੁਖ ਤਾਂਤੇ ਬਚਿ ਆਏ ॥ ਤਿਨਕੇ ਗ੍ਰਿਹ ਪੁਨਿ ਇਨੈ ਗਿਰਾਏ ॥ ੧੭ ॥**

ਪੰਡਿਤ ਨਰੈਣ ਸਿੰਘ ਜੀ ਗਯਾਨੀ ਵਿਦਿਆ ਮਾਰਤੰਡ ਇਸ ਚੌਪਈ ਦੇ ਅਰਥ ਇਉਂ ਲਿਖਦੇ ਹਨ:--

ਉਧਰ (ਦੱਖਨ ਵਿਚ) ਔਰੰਗਜ਼ੇਬ ਦਿਲ ਵਿਚ ਬਹੁਤ ਗੁੱਸੇ ਹੋਯਾ। (ਉਸ ਨੇ) ਚਾਰ ਅਹਦੀਏ ਹੋਰ ਭੇਜ ਦਿਤੇ। ਜੇਹੜੇ ਬੇਮੁਖ ਉਸ (ਮਿਰਜ਼ਾ ਬੇਗ ਤੋਂ) ਬਚ ਕੇ ਆ ਗਏ ਸਨ, ਉਨ੍ਹਾਂ ਦੇ ਘਰ ਫੇਰ ਇਨ੍ਹਾਂ ਚੌਹਾਂ ਨੇ (ਆ ਕੇ) ਢਾ ਦਿੱਤੇ।੧੭।

ਭਾਵ, ਇਹ ਕਿ, ਔਰੰਗਜ਼ੇਬ ਦੀ ਗੁਰੂ ਘਰ ਨਾਲ ਕੋਈ ਵਿਰੋਧਤਾ ਨਹੀਂ ਸੀ ਸਗੋਂ ਉਹ ਤਾਂ ਉਨ੍ਹਾਂ ਲੋਕਾਂ ਦਾ ਵੈਰੀ ਸੀ ਜਿਹੜੇ ਸਤਿਗੁਰਾਂ ਤੋਂ ਬੇਮੁੱਖ ਹੋ ਕੇ, ਸਤਿਗੁਰਾਂ ਦੇ ਹਜ਼ੂਰ " **ਕਾਰ ਭੇਟ** " (ਚੜ੍ਹਤ ਚੜ੍ਹਾਵਾ, ਮਾਇਆ) ਭੇਟਾ ਨਹੀਂ ਸਨ ਕਰਦੇ। ਮਾਇਆ ਆਦਿ ਭੇਟਾ ਨਾ ਕਰਨ ਵਾਲਾ ਅਜੇਹਾ ਰੋਸ ਅੱਗੇ ਹੋਰ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ:--

**ਜੇ ਤਜਿ ਭਜੇ ਹੁਤੇ ਗੁਰ ਆਨਾ ॥ ਤਿਨ ਪੁਨਿ ਗੁਰੁ ਅਹਦੀਅਹਿ ਜਾਨਾ ॥**
**ਮੂਤ੍ਰ ਡਾਰ ਤਿਨ ਸੀਸ ਮੁੰਡਾਏ ॥ ਪਾਹੁਰਿ ਜਾਨਿ ਗ੍ਰਿਹਹਿ ਲੈ ਆਏ ॥ ੧੮ ॥**
**ਜੇ ਜੇ ਭਾਜ ਹੁਤੇ ਬਿਨੁ ਆਇਸ ॥ ਕਹੋ ਅਹਿਦੀਅਹਿ ਕਿਨੈ ਬਤਾਇਸੁ ॥**
**ਮੂੰਡ ਮੂਡਿ ਕਰਿ ਸਹਿਰ ਫਿਰਾਏ ॥ ਕਾਰ ਭੇਟ ਜਨੁ ਲੈਨ ਸਿਧਾਏ ॥ ੧੯ ॥**
**ਪਾਛੈ ਲਾਗਿ ਲਰਿਕਵਾ ਚਲੇ ॥ ਜਾਨੁਕ ਸਿਖ ਸਖਾ ਹੈਂ ਭਲੇ ॥**
**ਛਿਕੇ ਤੋਬਰਾ ਬਦਨ ਚੜਾਏ ॥ ਜਨੁ ਗ੍ਰਿਹ ਖਾਨ ਮਲੀਦਾ ਆਏ ॥ ੨੦ ॥**
**ਮਸਤਕ ਸੁਭੇ ਪਨਹੀਯਨ ਘਾਏ ॥ ਜਨੁ ਕਰਿ ਟੀਕਾ ਦਏ ਬਨਾਇ ॥**
**ਸੀਸ ਈਟ ਘਾਇ ਕਰੇਹੀ ॥ ਜਨੁ ਤਿਨੁ ਭੇਟ ਪੁਰਾਤਨ ਦੇਹੀ ॥ ੨੧ ॥**

**ਅਰਥ**:--ਜੇਹੜੇ ਗੁਰੂ ਦੀ (ਆਨਾ) ਓਟ ਛੱਡ ਕੇ(ਅਨੰਦਪਰੁ ਤੋਂ) ਭੱਜ ਗਏ ਸਨ, ਉਨ੍ਹਾਂ ਨੇ ਫਿਰ ਅਹਦੀਆਂ ਨੂੰ ਗੁਰੂ (ਕਰਕੇ) ਜਾਣਿਆ ਹੈ। ਉਨ੍ਹਾਂ (ਅਹਦੀਆਂ ਨੇ ਉਨ੍ਹਾਂ ਬੇਮੁਖਾਂ ਦੇ) ਸਿਰ ਉਤੇ ਪਿਸ਼ਾਬ (ਪਾ ਕੇ) ਸਿਰ ਮੁੰਨਵਾ ਦਿਤੇ ਹਨ। (ਮਾਨੋਂ ਅਹਦੀਆ ਰੂਪ ਗੁਰੂ ਪਾਸੋਂ ਇਹ) ਪਾਹੁਲ (ਪਾਹੁਰਿ) ਲੈ ਕੇ ਘਰਾਂ ਨੂੰ ਆਏ ਹਨ **।੧੮।** ਜੇਹੜੇ (ਗੁਰ) ਆਗਿਆ ਤੋਂ ਬਿਨਾ (ਅਨੰਦਪੁਰੋਂ) ਭੱਜੇ ਹੋਏ ਸਨ, ਅਹਦੀਆਂ ਨੇ (ਕਿਹਾ ਉਨ੍ਹਾਂ ਦੇ ਨਾਮ) ਦਸੋ, (ਜਦ) ਕਿਸੇ ਨੇ ਉਨ੍ਹਾਂ ਨੂੰ ਦਸ ਦਿਤਾ, (ਤਾਂ ਅਹਦੀਆਂ ਨੇ ਉਨ੍ਹਾਂ ਨੂੰ ਫੜਕੇ ਕੇ) ਸਿਰਾਂ ਨੂੰ ਮੁੰਨ ਕੇ ਸ਼ੈਹਰ ਵਿਚ ਫਿਰਾਯਾ । (ਇਉਂ ਸਮਝੋ ਜੋ ਅਹਦੀਆ ਰੂਪ ਗੁਰੂ ਨੇ ਉਨ੍ਹਾਂ ਨੂੰ ਆਪਣੇ ਮਸੰਦ * ਬਣਾ ਕੇ ਹੱਟੀ ਹੱਟੀ ਤੋਂ ਕੌਡੀ ਕੌਡੀ ਮੰਗਣ ਭੇਜਿਆ, ਜਾਣੋ ਕਾਰ ਭੇਟਾ ਲੈਣ ਤੋਰਿਆ ਹੈ **।੧੯।** (ਉਨ੍ਹਾਂ ਦੇ) ਪਿੱਛੇ ਜੋ ਲੜਕੇ (ਓਇ ਓਇ ! ਕਰਦੇ)) ਲਗੇ ਚਲੇ ਜਾਂਦੇ ਸਨ। (ਇਹੋ) ਮਾਨੋ, (ਉਨ੍ਹਾਂ ਦੇ) ਚੰਗੇ ਸਿੱਖ ਸੇਵਕ ਹਨ। (ਜੋ ਉਨ੍ਹਾਂ ਦੇ) ਮੂੰਹ (ਉਤੇ ਲਿੱਦ ਦੇ) ਤੋਬਰੇ ਛਿੱਕੇ ਚਾੜ੍ਹੇ ਹੋਏ ਹਨ। ਜਾਨੋ (ਇਹ ਉਨ੍ਹਾਂ ਨੂੰ) ਘਰੋਂ ਖਾਨ ਲਈ (ਮਲੀਦਾ) ਚੂਰਮਾ ਆਇਆ ਹੈ **।੨੦।** (ਜੋ ਉਨ੍ਹਾਂ ਦੇ) ਮੱਥੇ ਉਤੇ ਜੁਤੀਆਂ ਦੇ (ਘਾਇ) ਨਿਸ਼ਾਨ ਸੋਭਦੇ ਹਨ, (ਉਹ) ਜਾਣੋ , (ਅਹਿਦੀਆ ਰੂਪ ਗੁਰੂ ਨੇ ਉਨ੍ਹਾਂ ਨੂੰ (ਮਸੰਦੀ ਦਾ) ਟਿੱਕਾ ਲਗਾ ਦਿੱਤਾ ਹੈ। (ਜੇ) ਸਿਰ ਉਤੇ ਇੱਟਾਂ ਨੇ (ਘਾਇ) ਜ਼ਖ਼ਮ ਕਰ ਦਿੱਤੇ ਹਨ ਜਾਣੋਂ, (ਇਹ ਉਨ੍ਹਾਂ ਨੂੰ ਪਿਛਲੀ (ਰਹਿੰਦੀ) ਭੇਟਾ ਦਿਤੀ ਗਈ ਹੈ ।੨੧।

## ਏਨੇ ਲਿਖੇ ਪ੍ਰਤੀ ਗੁਰਮਤਿ ਵਿਚਾਰ ਦਾ ਵੇਰਵਾ:--

(੧) ਸਿਖਾਂ ਦਾ ਇਸ ਤਰ੍ਹਾਂ ਡਰ ਕੇ ਨੱਸ ਜਾਣ ਵਿਚ ਉਨ੍ਹਾਂ ਦੇ ਗੁਰੂ ਦੀ ਬੜੀ ਗੰਭੀਰ ਕਮਜ਼ੋਰੀ ਸਮਝੀ ਜਾਂਦੀ ਹੈ। ਮਹਾਂ ਬਲੀ ਸੂਰਮੇ ਗੁਰੂ ਦੇ ਸਿੱਖ ਤਾਂ ਉਬਲਦੀਆਂ ਦੇਗਾਂ ਵਿਚ ਬੈਠਣੋ (**ਭਾਈ ਦਇਆਲਾ ਜੀ**) ਅਥਵਾ ਆਰੇ ਨਾ ਚੀਰੇ ਜਾਣੋਂ (**ਭਾਈ ਮਤੀਦਾਸ ਜੀ**) ਨਹੀਂ ਸਨ ਘਾਬਰੇ, ਅਜੇਹਾ ਲਿਖ ਕੇ ਲਿਖਾਰੀ ਨਿਰੰਦੇਹ ਦਸ਼ਮੇਸ਼ ਜੀ ਦਾ ਮੌਜੂ ਉਡਾ ਰਿਹਾ ਹੈ। ਇਤਿਹਾਸ ਕਾਰਾਂ ਨੇ ਲਿਖਿਆ ਹੈ ਕਿ ਜੰਗ ਦੇ ਬੱਦਲ ਸਿਰ ਤੇ ਆਏ ਅਨੁਭਵ ਕਰਕੇ ਸੁਜਾਨ ਅਤੇ ਨਿਤਾਣਿਆਂ ਦੇ ਸਦਾ ਸਹਾਈ ਦਸ਼ਮੇਸ਼ ਜੀ, ਵਪਾਰੀ, ਭਾਈ ਨੰਦ ਲਾਲ ਜਿਹੇ ਵਿਦਵਾਨ ਲਿਖਾਰੀ, ਅਥਵਾ ਤੀਵੀਆਂ, ਬਿਰਧ ਬੱਚੇ ਆਦਿ, ਸਾਰਿਆਂ ਨੂੰ ਸ਼ਹਿਰ ਛੱਡ ਕੇ ਕਿਸੇ ਸੁਰੱਖਿਤ ਥਾਂ ਚਲੇ ਜਾਣ ਲਈ ਆਪ ਹੀ ਕਹਿ ਦਿਆ ਕਰਦੇ ਸਨ ।

(੨) ਹੈਰਾਨੀ ਹੈ ਕਿ--ਤਿਲਕ ਜੰਞੂ ਦਾ ਰਾਖਾ ਬਣ ਖਲੋਣ ਦੀ ਗੱਲ ਲਿਖਣ ਵਾਲੇ, ਅਤੇ ਕੇਸਾਂ ਨੂੰ **ਗੁਰੂ ਦੀ ਮੋਹਰ** ਕਹਿਣ ਵਾਲੇ ਦਸ਼ਮੇਸ਼ ਜੀ, ਮੁਗ਼ਲ ਜਰਵਾਣਿਆਂ ਦੇ ਹੱਥੋਂ ਨਿਤਾਣੇ ਮਜ਼ਲੂਮ ਕੇਸਾ-ਧਾਰੀਆਂ ਦੇ ਕੇਸਾਂ ਵਿਚ **ਮੂਤਰ ਪਾ** ਕੇ ਮੁੰਨੇ ਜਾਣ ਤੇ ਕੇਸਾਂ ਦੀ ਅਜੇਹੀ ਬੇਅਦਬੀ ਤੇ ਨਰਾਜ਼ਗੀ ਪ੍ਰਗਟ ਕਰਦੇ ਦੀ ਜਾਏ, ਦਸ਼ਮੇਸ਼ ਜੀ ਨੂੰ ਸਗੋਂ ਦਿਲੀ ਅਨੰਦ ਪਰਗਟ ਕਰਦੇ ਦਰਸਾਇਆ ਹੋਇਆ ਹੈ।

(੩) ਮਾਇਆ ਦੇ ਮੋਹ ਦੀ ਮੈਲ ਤੋਂ ਨਿਰਲੇਪ, ਨਿਰੰਜਨ ਸਤਿਗੁਰੂ ਜੀ ਨੂੰ ਚੜ੍ਹਤ ਚੜ੍ਹਾਵੇ ਦੀ ਰਕਮ ਲਈ ਬੜੇ ਅਧੀਰ ਹੋਏ ਦਰਸਾਇਆ ਹੈ। ਅਜੇਹਾ ਸਾਰਾ **ਕੁਫ਼ਰ-ਪਾਪ** ਲਿਖ ਕੇ ਲਿਖਾਰੀ ਨੇ ਦਸ਼ਮੇਸ਼ ਜੀ ਨਾਲ ਅਤੇ ਉਸਦੇ ਪਿਆਰੇ ਅਤੇ ਅਣਖ ਦੇ ਪੁਤਲੇ ਖ਼ਾਲਸੇ ਨਾਲ ਬੜਾ ਹੀ ਘਿਣਾਵਣਾ ਮਖ਼ੌਲ ਕੀਤਾ ਹੈ। **ਮੁਗ਼ਲਾਂ ਦੀ ਸਖ਼ਤੀ, ਰੱਬ ਦਾ ਭਾਣਾ ? ਉਹ ਵੀ ਦਸ਼ਮੇਸ਼ ਜੀ ਦੀ ਆਪਣੀ ਕਲਮ ਤੋਂ? ਫਿਰ ਵਿਅੰਗ ਮਈ ਸੁਰ ਵਿਚ ?**

(੪) ਅਜੇਹੀਆਂ ਦੁਖਦਾਈ ਘਾਟਾਂ ਅਤੇ ਸਤਿਗੁਰਾਂ ਦੇ ਸੁਭਅ ਦੇ ਉਲਟ, ਗੁਰਮਤਿ ਵਿਰੋਧੀ ਤੱਥਾਂ ਨਾਲ ਭਰਪੂਰ ਇਸ ਬਚਿੱਤ੍ਰ ਨਾਟਕ ਨੂੰ ਧਰਮ ਗ੍ਰੰਥ ਮੰਨਣ ਵਾਲੇ ਅਥਵਾ ਇਸ ਨੂੰ ਧਰਮਗ੍ਰੰਥ ਲਿਖਣ ਵਾਲੇ ਵਿਦਵਾਨ, ਪਰਚਾਰਕ ਅਥਵਾ ਸਿੱਖਾਂ ਦੇ ਧਰਮ-ਆਗੂ ਬਣੇ ਹੋਏ ਜਥੇਰਦਾਰ ਸਾਹਿਬਾਨ, ਮੁਗ਼ਲਾਂ ਨੂੰ ਜਾਲਮ ਕਿਸ ਮੂੰਹ ਨਾਲ ਕਹਿ ਰਹੇ ਹੁੰਦੇ ਹਨ ? ਦਸ਼ਮੇਸ਼ ਜੀ ਦੇ ਦਰਬਾਰ ਵਿਚ ਜੁੜੇ ਸਿੱਖ ਸਦਾ ਸਤਿਸੰਗਤਿ ਹੀ ਅਖਵਾਉਂਦੀ ਰਹੀ ਹੈ। ਅਤੇ ਸਤਿਸੰਗਤ ਕੈਸੀ ਹੁੰਦੀ ਹੈ--

੧੦੫- **ਸਤਿਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥**
**ਏਕੋ ਨਾਮੁ ਹੁਕਮੁ ਹੈ ਸਤਿਗੁਰਿ ਦੀਆ ਬੁਝਾਇ ਜੀਉ ॥ ੫ ॥**[੭੨]-੧

**ਅਰਥ**:--ਕਿਹੋ ਜਿਹੇ ਇਕੱਠ ਨੂੰ ਸਤ ਸੰਗਤਿ ਸਮਝਣਾ ਚਾਹੀਦਾ ਹੈ? (ਸਤਸਣਗਤਿ ਉਹ ਹੈ) ਜਿੱਥੇ ਸਿਰਫ਼ ਪਰਮਾਤਮਾ ਦਾ ਨਾਮ ਸਲਾਹਿਆ ਜਾਂਦਾ ਹੈ। ਹੇ ਨਾਨਕ ! ਸਤਿਗੁਰੂ ਨੇ ਇਹ ਗੱਲ ਸਮਝਾ ਦਿੱਤੀ ਹੈ ਕਿ (ਸਤਸੰਗਤਿ ਵਿਚ) ਸਿਰਫ਼ ਪਰਮਾਤਮਾ ਦਾ ਨਾਮ ਜਪਣਾ ਹੀ (ਪ੍ਰਭੂ ਦਾ) ਹੁਕਮ ਹੈ। ੫ ।

ਇਸ ਮਹਾਂਵਾਕ ਤੋਂ ਗੰਭੀ ਸ਼ੰਕਾ ਉਪਜਦਾ ਹੈ ਕਿ, ਦਸ਼ਮੇਸ਼ ਜੀ ਦੇ ਦਰਬਾਰ ਵਿਚ ਕੱਚੀ ਕਵਿਤਾ ਬੋਲਣ ਵਾਲੇ ਕਵੀਆਂ ਦਾ ਝੁਰਮਟ **ਲਿਖ ਵਾਲੇ ਲਿਖਾਰੀ ਵੀ ਬ੍ਰਾਹਮਣ ਦੇ ਹੀ ਚੇਲੇ ਹਨ ?**

[*** Foot Note:--**ਦਸਮ ਗ੍ਰੰਥ ਦੇ ਭਗਤ ਪੰਡਿਤ ਨਰੈਣ ਸਿੰਘ ਨੇ ਸਿੱਖਾਂ ਨੂੰ ਭੁਲੇਖੇ ਵਿਚ ਰੱਖਣ ਦੇ ਯਤਨ ਵਿਚ ਜਾਣ ਬੁਝ ਕੇ ਕਈ ਥਾਈ-- "**ਮਸ਼ੰਦ**" ਸ਼ਬਦ ਵਰਤਿਆ ਹੈ। ਜੇ ਗੱਲ ਮਸੰਦਾਂ ਦੀ ਹੁੰਦੀ ਤਾਂ ਦਸ਼ਮੇਸ਼ ਜੀ ਮਸੰਦ ਲਿਖਣੋ ਸੰਕੋਚ ਕਿਉਂ ਕਰਦੇ? ੩੩ ਸਵੱਯੇ ਦਸਮ ਗ੍ਰੰਥ ਦਾ ਹੀ ਹਿੱਸਾ ਹੈ। ਜੇ ਓਥੇ ਇਉਂ ਲਿਖਿਆ ਹੈ ਤਾਂ ਬਚਿੱਤ੍ਰ ਨਾਟਕ ਵਿੱਚ ਲਿਖਣ ਤੋਂ ਸੰਗ ਕਿਉਂ ਹੋ ਸਕਦੀ ਸੀ?

੩੩ ਸਵੱਯੇ ਪਾਤਿਸ਼ਾਹੀ ੧੦

**ਜੋ ਕਰਿ ਸੇਵ ਮਸੰਦਨ ਕੀ, ਕਹੈ ਆਨਿ ਪ੍ਰਸਾਦਿ ਸਭੈ ਮੋਹਿ ਦੀਜੈ ॥**
**ਜੋ ਕਛੁ ਮਾਲ ਤਵਾਲਯ ਸੋ ਅਬ ਹੀ, ਉਠਿ ਭੇਟ ਹਮਾਰੀ ਹੀ ਕੀਜੈ ॥**
**ਮੇਰੋ ਈ ਧਯਾਨ ਧਰੋ ਨਿਸ ਬਾਸੁਰ, ਭੂਲ ਕੈ ਅਉਰ ਕੋ ਨਾਮ ਨ ਲੀਜੈ ॥**
**ਦੀਨੇ ਕੋ ਨਾਮੁ ਸੁਨੈ ਭਜਿ ਰਾਤਹਿ, ਲੀਨੇ ਬਿਨਾ ਨਹਿ ਨੈਕੁ ਪ੍ਰਸੀਜੈ ॥**

ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵਾਲਿਆਂ ਨੇ ਇਸ ਸਵਯੇ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ :- ਸਤਿਗੁਰਾਂ ਨੇ, ਇਸ ਸਵੱਯੇ ਵਿਚ ਧਰਮ ਨਾਮ ਹੇਠ ਮਾਇਆ ਇਕਤਰ ਕਰਕੇ ਖਾ-ਪੀ ਜਾਣ ਵਾਲੀ ਸ਼ਰੇਣੀ ਦਾ ਨਕਸ਼ਾ ਖਿਚਿਆ ਹੈ । ਇਹ ਸ਼ਰੇਣੀ ਸਦਾ ਹੀ ਕਿਸੇ ਨ ਕਿਸੇ ਢੰਗ ਨਾਲ ਜਨਤਾ ਨੂੰ ਜੋਕ ਤਰ੍ਹਾਂ ਚਿਮਟੀ ਰਹੀ ਹੈ, ਤੇ ਉਸ ਦਾ ਖੂਨ ਚੂਸ ਕੇ ਆਪਣੇ ਚਿਹਰੇ ਦੀ ਲਾਲੀ ਨੂੰ ਨਿਖਾਰਦੀ ਰਹੀ ਹੈ ।

ਸਤਿਗੁਰੂ ਸਮਝਾਉਂਦੇ ਹਨ, ਕਿ ਜੇ ਉਪਰੋਕਤ ਮਸੰਦ ਸ਼ਰੇਣੀ ਦੀ ਸੇਵਾ ਦੀ ਖ਼ਾਹਸ਼ ਪਰਗਟ ਕਰਕੇ ਉਹਨਾਂ ਵਲ ਵਧੀਏ, ਤਾਂ ਉਹ ਸਾਡੇ ਕਲਿਆਣ ਲਈ ਨੁਸਖ਼ੇ ਪੇਸ਼ ਕਰਨਗੇ ਕਿ ਅਸੀਂ ਸਾਰਾ ਮਾਲ ਪਰਸ਼ਾਦ ਉਹਨਾਂ ਨੂੰ ਦੇ ਦੇਈਏ । ਇਨ੍ਹਾਂ ਮਸੰਦਾਂ ਦੀ ਇਹ ਤੀਬਰ ਖ਼ਾਹਸ਼ ਹੁੰਦੀ ਹੈ ਤੇ ਇਸ ਖ਼ਾਹਸ਼ ਨੂੰ ਉਹ ਜ਼ਾਹਰ ਵੀ ਕਰ ਦੇਂਦੇ ਹਨ ਕਿ ਹੇ ਸ਼ਰਧਾਲੂ ! ਜੋ ਮਾਲ ਵੀ ਤੇਰੇ ਘਰ ਵਿੱਚ ਹੈ, ਅਥਵਾ ਜੋ ਕੁਝ ਵੀ ਤੂੰ ਦੇ ਸਕਦਾ ਹੈਂ, ਉਹ ਹੁਣੇ ਹੀ ਉਠਕੇ ਸਾਡੀ ਭੇਟਾ ਕਰ ਦੇ ।

ਸਤਿਗੁਰੂ ਵਿਅੰਗ ਨਾਲ ਮਸੰਦਾਂ ਦੀ ਖ਼ਾਹਸ਼ ਪਰਗਟ ਕਰਦੇ ਹਨ, ਕਿ ਹੇ ਸ਼ਰਧਾਲੂਓ ! ਤੁਸੀਂ ਦਿਨ ਰਾਤ ਮੇਰੀ ਸ਼ਕਲ ਜਾਂ ਪੈਰਾਂ ਦਾ (ਭਾਵ, ਮਸੰਦ ਅਥਵਾ ਡੇਰੇ ਦਾਰ ਦੇ ਪੈਰਾਂ ਦਾ) ਹੀ ਆਪਣੇ ਮਨ ਵਿਚ ਧਿਆਨ ਕਰੋ ਤੇ ਭੁਲ ਕੇ ਵੀ ਮੈਨੂੰ (ਮਸੰਦ ਅਥਵਾ ਉਸ ਸਾਧ ਦਾ ਲੜ) ਨਾ ਛੱਡੋ, ਹੋਰ ਕਿਸੇ ਦਾ ਧਿਆਨ ਤੇ ਨਾਮ ਆਪਣੇ ਮਨ ਵਿਚ ਨਾ ਟਿਕਾਓ । ਗੁਰਦੇਵ ਇਹਨਾਂ ਦਾ ਸੰਪੂਰਨ ਸਰੂਪ ਉਘਾੜਦੇ ਹੋਏ ਕਹਿੰਦੇ ਹਨ ਕਿ

ਇਹਨਾ ਦੁਸ਼ਟ ਮਸੰਦਾਂ ਨੂੰ ਕਿਤੋਂ ਕੁਝ ਮਾਲ ਮਿਲਣ ਦੀ ਖ਼ਬਰ ਪੁਜ ਜਾਵੇ ਜਾਂ ਪਤਾ ਚਲ ਜਾਵੇ ਕਿ ਕੋਈ ਕੁਝ ਦੇਣ ਦੀ ਸੋਚ ਬੈਠਾ ਹੈ ਤਾਂ ਇਹ ਮਸੰਦ ਦਿਨ ਵੀ ਨਹੀਂ ਚੜ੍ਹਨ ਦੇਣਗੇ ਤੇ ਰਾਤ ਨੂੰ ਹੀ ਇਸ ਸ਼ਰਧਾਲੂ ਦੀ ਛਿੱਲ ਲਾਹੁਣ ਲਈ ਉਠ ਭਜਣਗੇ ਤੇ ਜਦ ਤਕ ਸ਼ਰਧਾਲੂ ਤੋਂ ਆਪਣੀ ਖ਼ਾਹਸ਼ ਮੁਤਾਬਕ ਕੁਝ ਮਾਲ ਨ ਲੈਣਗੇ, ਇਹ ਸ਼ਾਂਤ ਤੇ ਰਾਜ਼ੀ ਨਹੀਂ ਹੋਣਗੇ ।

**ਦੋਹਰਾ ॥**

**ਕਬਹੂ ਰਣ ਜੂਝਿਓ ਨਹੀ ਕਛ ਦੈ ਜਸੁ ਨਹਿ ਲੀਨ ॥ ਗਾਂਵ ਬਸਤ ਜਾਨਿਯੋ ਨਹੀ ਜਮ ਸੋ ਕਿਨ ਕਹਿ ਦੀਨ ॥ ੨੨ ॥**

**ਅਰਥ**:--(ਜਿਨ੍ਹਾਂ ਨੇ) ਕਦੇ ਭੀ ਰਣ ਵਿਚ ਜੁਧ ਨਹੀਂ ਕੀਤਾ, ਅਤੇ ਨ ਹੀ (ਕਿਸੇ ਨੂੰ) ਕੁਝ ਦੇ ਕੇ ਜਸ ਲਿਆ ਹੈ, ਪਿੰਡ ਵਿਚ ਵਸਦੇ (ਨੂੰ ਭੀ ਕਿਸੇ ਨੇ) ਨਹੀਂ ਜਾਣਿਆ, (ਹੈਰਾਨੀ ਹੈ !) ਅਹਿਦੀਏ **(ਜਮ) ਨੂੰ (ਉਨ੍ਹਾਂ ਦਾ ਪਤਾ) ਕਿਸ ਨੇ ਕਹਿ ਦਿਤਾ (ਵਿਅੰਗ)?** ।੨੨।

**ਚੌਪਈ ॥**

**ਇਹ ਬਿਧਿ ਤਿਨੋ ਭਯੋ ਉਪਹਾਸਾ ॥ ਸਭ ਸੰਤਨ ਮਿਲਿ ਲਖਿਓ ਤਮਾਸਾ ॥**
**ਸੰਤਨ ਕਸਟ ਨ ਦੇਖਨ ਪਾਯੋ ॥ ਆਪ ਹਾਥ ਦੈ ਨਾਥ ਬਚਾਯੋ ॥ ੨੩ ॥**

**ਅਰਥ**:--ਉਨ੍ਹਾਂ (ਗੁਰੂ ਤੋਂ ਬੇਮੁਖਾਂ) ਨਾਲ (ਜਗਤ ਵਿਚ) ਇਸ ਤ੍ਰਾਂ ਦਾ ਠੱਠਾ ਹੋਯਾ ਹੈ। ਸਾਰੇ ਗੁਰਸਿੱਖਾਂ ਨੇ ਮਿਲਕੇ (ਇਹ) ਤਮਾਸਾ ਵੇਖਿਆ ਹੈ। ਗੁਰਸਿੱਖਾਂ ਨੇ ਦੁਖ ਦੇਖਣਾ ਵੀ ਨਹੀਂ ਪਾਯਾ । ਸ੍ਵਾਮੀ ਨੇ ਆਪਨਾ ਹੱਥ ਦੇ ਕੇ (ਗੁਰ ਸਿੱਖਾਂ ਨੂੰ ਬਚਾ ਲਿਆ ਹੈ ।੨੩।

ਪਤਾ ਨਹੀਂ ਇਸ ਬਚਿਤ੍ਰ ਲੀਲ੍ਹਾ ਦੇ ਰਚਨ ਹਾਰੇ ਨੇ ਸੰਤ ਕਿਸ ਨੂੰ ਆਖਿਆ ਹੈ। ਉਹ ਕਿਹੋ ਜਿਹੇ ਸੰਤ ਸੀ ਜਿਹੜੇ ਗ਼ਰੀਬਾਂ ਨਿਤਾਣਿਆਂ ਤੇ ਹੋ ਰਹੇ ਜ਼ੁਲਮਾਂ ਨੂੰ ਇੱਕ ਤਮਾਸ਼ਾ ਹੀ ਸਮਝ ਕੇ ਵੇਖ ਰਹੇ ਸਨ ? ਉਹ ਕਿਹੋ ਜਿਹੇ ਸੂਰਮੇ ਸੰਤ ਸਨ ਜਿਹੜੇ ਜੋ ਆਪਣੀ ਜਾਨ ਬਚ ਜਾਣ ਤੇ ਪ੍ਰਸੰਨ ਹੋਏ ਰੱਬ ਦਾ ਧਨਵਾਦ ਕਰ ਰਹੇ ਹਨ ?

ਅਗ਼ੇ ਫਿਰ ਭੁਲੇਖਾ ਪਾਊ ਕੁਟਲ ਬੋਲੀ। **ਘਾਤਕ ਜ਼ਹਿਰ** ਨੂੰ ਸੌਖਾ ਅੰਦਰ ਲੰਘਾਉਣ ਦੀ ਸਹਾਇਤਾ ਲਈ **ਕਾਲੇ ਗੁੜ ਦੀ ਢੇਲੀ**:--

**ਚਾਰਣੀ ॥ ਦੋਹਰਾ ॥**

**ਜਿਸਨੋ ਸਾਜਨ ਰਾਖਸੀ, ਦੁਸਮਨ ਕਵਣ ਬਿਚਾਰ ॥ ਛ੍ਵੈ ਨ ਸਕੈ ਤਿਹ ਛਾਹਿ ਕੋਂ, ਨਿਹਫਲ ਜਾਇ ਗਵਾਰ ॥ ੨੪ ॥**
**ਜੋ ਸਾਧੂ ਸਰਣੀ ਪਰੇ, ਤਿਨ ਕੇ ਕਵਨ ਬਿਚਾਰ ॥ ਦੰਤ ਜੀਭ ਰਾਖਿ ਹੈਂ, ਦੁਸਟ ਅਰਿਸਟ ਸੰਘਾਰ ॥ ੨੫ ॥**

**ਅਰਥ**:--ਜਿਸਨੂੰ (ਵਾਹਿਗੁਰੂ) ਸਜਨ ਰਖਦਾ ਹੈ, (ਉਸ ਦਾ ਨਾਸ਼ ਕਰਨ ਲਈ) ਦੁਸ਼ਮਨ ਕੌਣ ਵਿਚਾਰਾ ਹੈ? ਉਸ ਦੇ ਪ੍ਰਛਾਵੇਂ ਨੂੰ ਵੀ ਛੋਹ ਨਹੀਂ ਸਕਦਾ, ਮੂਰਖ (ਦਾ ਵਾਰ) ਨਿਹਫਲ ਹੀ ਜਾਂਦਾ ਹੈ।੨੪। ਜਿਹੜੇ ਸੰਤਾਂ ਦੀ ਸਰਨੀ ਪਏ ਹਨ, ਉਨ੍ਹਾਂ ਦੇ (ਦੁਖੀ ਹੋਣ ਦੀ) ਕੀਹ ਵੀਚਾਰ ਹੈ ? ਦੰਦਾਂ ਵਿਚ ਜੀਭ ਰਖਣ ਵਾਂਗੂੰ ਵੈਰੀ ਤੇ ਬਿਪਤਾ ਨੂੰ ਨਾਸ ਕਰਕੇ (ਵਾਹਿਗੁਰੂ ਉਨ੍ਹਾਂ ਨੂੰ ਰੱਖ ਲੈਂਦਾ ਹੈ)।੨੫। ਕੌਣ ਸੰਤ ਅਤੇ ਉਸ ਸੰਤ ਦਾ ਵੈਰੀ ਕੌਣ ? ਦਸ਼ਮੇਸ਼ ਜੀ ਦਾ ਤਾ--**ਨਾ ਕੋ ਬੈਰੀ ਨਹੀ ਬਿਗਾਨਾ ............**।

ਏਨੀ ਕੁ ਕੁਟਲ ਬੋਲੀ, ਅਤੇ ਅੱਗੇ ਨਾਲ ਹੀ ਅਧਿਆਇ ਦੀ ਸਮਾਪਤੀ ਦੀ ਘੋਸ਼ਣਾ---

## ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ਼ਾਹਜ਼ਾਦੇ ਵ ਅਹਦੀਆਗਮਨ ਬਰਨਨੰ ਨਾਮ ਤ੍ਰੌਦਸਮੋ ਧਿਆਇ ਸਮਾਪਤ ਮਸਤੁ ਸੁਭ ਮਸਤ॥ ੧੩ ॥ ਅਫ਼ਜੂ ॥ ੪੬੦॥

੩੩

# ਚੌਧਵਾ ਅਧਿਆਇ

ਭੰਗਾਣੀ ਦਾ ਜੁੱਧ ਵਿਸਥਾਰ ਨਾਲ ਵਿਖਾਇਆ ਅਤੇ ਦਸ਼ਮੇਸ਼ ਜੀ ਨੂੰ ਵੀ ਭਖਦੇ ਜੰਗ ਵਿਚ ਬਹਾਦਰੀ ਦੇ ਜੌਹਰ ਵਿਖਾਂਦੇ ਦਰਸਾਇਆ। ਪਰ ਨਾਲ ਹੀ ਬੁੱਧੂ ਸ਼ਾਹ ਦਾ ਜ਼ਿਕਰ ਤੱਕ ਨਾ ਕਰਕੇ ਬਿਨਾ ਲਿਖਿਉਂ, ਸੂਖ਼ਸ਼ਮ ਰੂਪ ਵਿਚ ਦਸ਼ਮੇਸ਼ ਜੀ ਨੂੰ ਅਕਿਰਤਘਣ ਕਹਿ ਦਿੱਤਾ। ਇਹ ਲੜਾਈ ਕੇਵਲ ਪਹਾੜੀ ਰਾਜਿਆਂ ਨਾਲ ਸੀ। ਅੱਗੇ ਨਦਉਣ ਦੀ ਜੰਗ ਹੈ। ਇਹ ਜੰਗ ਸੰਮਤ ੧੭੪੬ (ਸੰਨ ੧੬੮੯) ਵਿਚ ਪਹਾੜੀ ਰਾਜਿਆਂ ਤੋਂ ਕਰ (=ਮਸੂਲ) ਉਗਰਾਹੁਣ ਲਈ ਮੁਗ਼ਲ-ਸ਼ਾਹੀ ਫੌਜ ਦੇ ਜਰਨੈਲ ਅਲਫ਼ ਖ਼ਾਨ ਨੇ ਛੇੜੀ ਸੀ। ਉਸ ਜੰਗ ਵਿਚ ਸਤਿਗੁਰਾਂ ਨੇ ਬੰਦੂਕ ਦੀ ਇੱਕ ਗੋਲੀ ਚਲਾਈ ਜੋ ਵੱਜੀ ਤਾਂ ਕਿਸੇ ਰਾਜੇ ਨੂੰ, ਪਰ ਇਹ ਕੋਈ ਪਤਾ ਨਹੀਂ ਕਿ ਉਹ ਰਾਜ ਹੈ ਕੌਣ ਸੀ। ਕੀ ਉਹ ਮਰ ਗਿਆ ਸੀ ਕਿ ਜਾਂ ਲਲਕਾਰੇ ਮਾਰਦਾ ਦੌੜ ਗਿਆ ਸੀ ? ਫਿਰ ਚਾਰ ਤੀਰ ਸੱਜੇ ਹੱਥ ਨਾਲ ਚਲਾਏ ਅਤੇ ਤਿੰਨ ਤੀਰ ਖੱਬੇ ਹੱਥ ਨਾਲ ਚਲਾਏ। ਉਨ੍ਹਾਂ ਵਿਚ ਕੋਈ ਤੀਰ ਕਿਸੇ ਨੂੰ ਵੱਜਾ ਕਿ ਨਹੀਂ ਇਸ ਗੱਲ ਦਾ ਦਸ਼ਮੇਸ਼ ਜੀ ਨੂੰ ਕੋਈ ਪਤਾ ਨਹੀਂ, ਏਨਾ ਪਤਾ ਹੈ ਕਿ ਅਲਫ਼ ਖਾਂਨ ਰਾਤ ਦੇ ਹਨੇਰੇ ਵਿਚ ਦਰਿਆਉਂ ਪਾਰ ਦੌੜ ਗਿਆ ਸੀ*****। ਅਤੇ ਦਸ਼ਮੇਸ਼ ਜੀ ਨੇ ਵਾਪਸੀ ਤੇ ਰਸਤੇ ਵਿਚ ਆਲਸੂਨ ਪਿੰਡ ਨੂੰ ਖ਼ੂਬ ਲੁਟਿਆ ।

[*** Foot note:--**ਜੇ ਇਨ੍ਹਾਂ ੭ ਤੀਰਾਂ ਨੂੰ ਕਰਾਮਾਤੀ ਮੰਨ ਕੇ ਅਸੀਂ ਇਹ ਮੰਨ ਲਈਏ ਕਿ ਸਾਰੀ ਫੌਜ ਨੂੰ ਭਾਜੜਾ ਪਾ ਦੇਣ ਲਈ ਸਤਿਗੁਰਾਂ ਦੇ ਸੱਤ ਤੀਰ ਹੀ ਕਾਫ਼ੀ ਸਨ। ਤਾਂ ਫਿਰ ਇਹ ਪ੍ਰਸ਼ਨ ਆ ਘੇਰਨਗੇ ਕਿ ਸ੍ਰੀ ਅਨੰਦ ਪੁਰ ਦਾ ਘੇਰਾ ਤਾਂ ਕਈ ਮਹੀਨੇ ਰਿਹਾ ਸੀ। ਕਿਲ੍ਹੇ ਦੇ ਅੰਦਰ ਭੁੱਖ ਨੇ ਸਾਰਿਆਂ ਨੂੰ ਆਤੁਰ ਕਰ ਦਿੱਤਾ ਹੋਇਆ ਸੀ। ਆਖ਼ਰ ਸਤਿਗੁਰਾਂ ਨੂੰ ਆਪ ਹੀ ਕਿਲ੍ਹਾ ਤਿਆਗਣਾ ਪਿਆ ਸੀ। ਅਤੇ ਚਮਕੌਰ ਸਾਹਿਬ ਦੇ ਘੇਰੇ ਸਮੇ ਸਤਿਗੁਰਾਂ ਨੇ ਬੇਅੰਤ ਤੀਰ ਚਲਾਏ ਸਨ, ਦੋਹੀ ਥਾਈਂ ਸਤਿਗੁਰਾਂ ਨੇ ਉਹੋ ਜਿਹੇ ਕਰਾਮਾਤੀ ਤੀਰ ਚਲਾ ਕੇ ਵੈਰੀਆਂ ਨੂੰ ਭਾਜੜਾਂ ਕਿਸ ਕਾਰਨ ਨਾ ਪਾ ਦਿੱਤੀਆਂ? ਅਜੇਹੀ ਕਰਾਮਾਤ ਗੁਰੂ ਸਾਹਿਬਾਨ ਦੇ ਉੱਚੇ ਕਿਰਦਾਰ ਨਾਲ ਜੋੜਨੀ ਗੁਰਮਤਿ ਦੀ ਖੰਡਨਾ ਹੈ। ਬਚਿਤ੍ਰ ਨਾਟਕ ਦਾ ਲਿਖਾਰੀ ਇੱਕ ਪਾਸੇ ਤਾਂ-**ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭੁ ਲੋਗਨ ਕਹਿ ਆਵਤ ਲਾਜਾ ॥**ਲਿਖ ਰਿਹਾ ਹੈ, ਦੂਜੇ ਪਾਸੇ ਇਹ ਭਰਮ ਪਾ ਰਿਹਾ ਹੈ ਕਿ ਰਾਤ ਦੇ ਹਨੇਰੇ ਵਿਚ ਅੰਨ੍ਹੇ ਵਾਹ ਬਿਨਾ ਕਿਸੇ ਨਿਸ਼ਾਨੇ ਦੇ ਸੱਤ ਤੀਰ ਚਲਾਏ ਤੇ ਵੈਰੀ ਦਰਿਆਉਂ ਪਾਰ ਜਾ ਪਿਆ ਅਤੇ ਸਭ ਕੁਝ ਛੱਡ ਛਡਾ ਕੇ ਭੱਜ ਗਿਆ। ਫਿਰ ਨਾਲ ਇਹ ਲਿਖ ਦਿੱਤਾ ਕਿ ਉਨ੍ਹਾਂ ਨੇ ਰਸਤੇ ਵਿਚ ਇਕ ਪਿੰਡ ਨੂੰ ਖ਼ੂਬ ਲੁਟਿਆ । ਸੂਰਮੇ, ਨਿਰਵੈਰ ਅਤੇ ਹਰ ਪੱਖੋਂ ਸੁਜਾਨ ਸਤਿਗੁਰਾਂ ਦਾ ਮੌਜੂ ਉਡਾਇਆ ਹੋਇਆ ਪਤਾ ਨਹੀਂ ਸਾਡੇ ਹੀ ਸਿੱਖ ਵਿਦਵਾਨਾ ਨੂੰ ਕਿਉਂ ਨਜ਼ਰ ਨਹੀਂ ਆਉਂਦਾ?

ਬਚਿਤਰ ਨਾਟਕ ਅਨੁਸਾਰ ਦਸ਼ਮੇਸ਼ ਜੀ ਦੀ ਸਿੱਧੀ ਜੰਗ ਮੁਗ਼ਲਾਂ ਨਾਲ ਕਦੇ ਨਹੀਂ ਹੋਈ। ਸਗੋਂ ਮੁਗ਼ਲ ਹਾਕਮਾ ਨੇ ਔਰੰਗਜ਼ੇਬ ਦੇ ਹੁਕਮ ਨਾਲ ਕੇਵਲ ਉਨ੍ਹਾਂ ਬੇਮੁਖਾਂ ਨੂੰ ਹੀ ਮਾਰਿਆ ਕੁਟਿਆ, ਲੁਟਿਆ ਅਤੇ ਪਿਸ਼ਾਬ ਪਾ ਪਾ ਕੇ ਉਨ੍ਹਾਂ ਦੇ ਕੇਸ ਮੁੰਨ ਕੇ ਉਨ੍ਹਾਂ ਦੇ ਜਲੂਸ ਕੱਢੇ ਸਨ ਜਿਹੜੇ ਡਰਦੇ ਮਾਰੇ ਅਨੰਦ ਪੁਰੋਂ ਦੌੜ ਗਏ ਸਨ ਅਤੇ ਸਤਿਗੁਰਾਂ ਦੇ ਹਜ਼ੂਰ ਚੜ੍ਹਤ ਚੜ੍ਹਾਵਾ ਦੇਣੋਂ ਬੇਮੁਖ ਹੋ ਗਏ ਸਨ। ਭਾਵ, ਔਰੰਗਜ਼ੇਬ ਦੀ ਹਕੂਮਤ ਨੇ ਨਾ ਅਨੰਦ ਪੁਰ ਸਾਹਿਬ ਨੂੰ ਘੇਰਾ ਪਾਇਆ ਸੀ ਅਤੇ ਨਾ ਹੀ ਚਮਕੌਰ ਦਾ ਜਾਂ ਖਦਰਾਨੇ ਦੀ ਢਾਬ ਤੇ ਬੇਦਾਵਾ ਪਾੜਨ ਵਾਲਾ ਕੋਈ ਸਾਕਾ ਵਰਤਿਆ ?

ਇਸ ਬਚਿਤ੍ਰ ਨਾਟਕ ਅਨੁਸਾਰ, ਮੁਗ਼ਲ ਹਕੂਮਤ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੀ ਜ਼ਿੰਮੇਵਾਰ ਵੀ ਨਹੀਂ ਸੀ। ਇਉਂ ਅਨੁਭਵ ਹੁੰਦਾ ਹੈ ਕਿ ਲਿਖਾਰੀ ਇਕ ਪਾਸੇ ਦਸ਼ਮੇਸ਼ ਜੀ ਨੂੰ ਗੁਰੂ ਨਾਨਕ ਜੀ ਤੋਂ ਅੱਡਰਾ ਕਰਨ ਲੈਣ ਉਪ੍ਰੰਤ, ਉਨ੍ਹਾਂ ਦੀ ਸ਼ਾਨ ਘਟਾਉਣ ਲਈ ਉਨ੍ਹਾਂ ਨੂੰ ਮੁਗ਼ਲਾਂ ਦੇ ਅਰਥਈਏ ਦਰਸਾਉਣ ਦਾ ਯਤਨ ਕਰ ਰਿਹਾ ਹੈ। ਦੂਜੇ ਪਾਸੇ ਮੁਗ਼ਲੀਆ ਸਰਕਾਰ ਦੀ ਝੋਲੀ ਚੁੱਕ ਰਿਹਾ ਹੈ। ਬਚਿਤ੍ਰ ਨਾਟਕ ਇਸ ਪੱਖੋਂ ਚੁੱਪ ਹੈ, ਕਿ ਦਸ਼ਮੇਸ਼ ਜੀ ਨੇ ਸੀਸ ਭੇਟ ਵਾਲੀ ਪ੍ਰੀਖਿਆ ਲੈ ਕੇ ਸਿੰਘਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਸੀ। ਅਜੇਹੀਆਂ ਹੋਰ ਕਈ ਬੜੀਆਂ ਜ਼ਰੂਰੀ ਘਟਨਾਵਾਂ ਬਾਰੇ ਵੀ ਇਹ ਨਾਟਕ ਕੁਝ ਨਹੀਂ ਬੋਲਿਆ।

ਆਪਣੀ ਕਥਾ ਲਿਖਣ ਦਾ ਬਚਨ ਆਪ ਹੀ ਲਿਖ ਕੇ--" **ਅਬ ਮੈ ਅਪਨੀ ਕਥਾ ਬਖਾਨੋ**"-- ਅਤੇ ਦੂਜੀ ਬਾਰੀ--**ਅਬ ਮੈ ਕਥਾ ਸੰਛੇਪਤੇ ਸਭਹੂੰ ਕਹਤ ਸੁਣਾਏ**--ਲਿਖ ਕੇ ਆਪਣੀ ਜੀਵਨ-ਕਥਾ ਦਾ ਵੀਹਵਾਂ ਹਿੱਸਾ ਵੀ ਨਾ ਲਿਖਣਾ, ਦਸ਼ਮੇਸ਼ ਜੀ ਦੀ ਸ਼ਾਨ ਦੇ ਅਨਕੂਲ ਵਤੀਰਾ ਨਹੀਂ ਹੈ। ਜੇ ਇਹ ਮੰਨ ਲਿਆ ਜਾਵੇ ਕਿ (ਭਾਵੇਂ ਇਸ ਨਾਟਕ ਵਿਚ ਹੋਰ ਬੇਲੋੜੀਆਂ ਗੱਲ ਬੇਅੰਤ ਹਨ ਪਰ) ਦਸ਼ਮੇਸ਼ ਜੀ ਲਈ ਆਪਣੇ ਹੋਰ ਹਾਲਾਤ ਲਿਖਣ ਦਾ ਸਮਾ ਨਹੀਂ ਸੀ ਮਿਲਿਆ, ਤਦ ਇਸ ਗੱਲ ਦਾ ਕੀ ਉੱਤਰ ਬਣੇ ਕਿ ਸਰਬ ਕਲਾ ਸਮਰੱਥ ਸਤਿਗੁਰੂ ਜੀ, ਆਪਣੇ ਇਸ ਗ੍ਰੰਥ ਦੇ ਅਖ਼ੀਰ ਵਿਚ ਅਜੇਹਾ ਕੁਝ ਲਿਖਣਾ ਵੀ ਭੁੱਲ ਗਏ ਸਨ, ਜਿਸ ਤੋਂ ਸਪੱਸ਼ਟ ਸੰਕੇਤ ਮਿਲ ਸਕਦਾ ਕਿ ਅਜੇ ਉਨ੍ਹਾਂ ਦੀ **ਜੀਵਨ-ਕਥਾ ਪੂਰੀ ਨਹੀਂ ਹੋਈ**? ਅਜੇਹਾ ਕੋਈ ਸੰਕੇਤ ਲਿਖਣ ਦੇ ਥਾਂ, ਜੋ ਕੁਝ ਲਿਖਿਆ ਹੈ ਆਉ ਰਲ ਕੇ ਉਸ ਦੇ ਦਰਸ਼ਨ ਕਰ ਲਈਏ---

**ਚੌਪਈ ॥**

**ਸਰਬ ਕਾਲ ਸਭ ਸਾਧ ਉਬਾਰੇ ॥ ਦੁਖੁ ਦੈਕੈ ਦੋਖੀ ਸਭ ਮਾਰੇ ॥**
**ਅਦਭੁਤਿ ਗਤਿ ਭਗਤਨ ਦਿਖਲਾਈ ॥ ਸਭ ਸੰਕਟ ਤੇ ਲਏ ਬਚਾਈ ॥ ੧ ॥**

**ਅਰਥः**--ਸਾਰੇ ਸਮਿਆਂ (ਵਿਚ ਵਾਹਿਗੁਰੂ ਨੇ) ਸਾਰੇ ਸੰਤਾਂ ਨੂੰ ਬਚਾ ਲਿਆ ਹੈ, **ਦੋਖੀਆਂ ਨੂੰ ਦੁਖ ਦੇ ਕੇ ਮਾਰਿਆ ਹੈ**। (ਆਪਨੀ ਅਸਚਰਜ ਗਤੀ ਭਗਤਾਂ ਨੂੰ ਉਸ ਨੇ) ਵਿਖਾਈ ਹੈ। ਸਾਰੇ ਕਲੇਸ਼ਾਂ ਤੋਂ (ਭਗਤਾਂ ਨੂੰ) ਬਚਾ ਲਿਆ ਹੈ ।੧।

**ਸਭ ਸੰਕਟ ਤੇ ਸੰਤ ਬਚਾਏ ॥ ਸਭ ਕੰਟਕ ਕੰਟਕ ਜਿਮ ਘਾਏ ॥**
**ਦਾਸ ਜਾਨ ਮੁਹਿ ਕਰੀ ਸਹਾਇ ॥ ਆਪ ਹਾਥ ਦੈ ਲਯੋ ਬਚਾਇ ॥ ੨ ॥**

**ਅਰਥः**--ਸਾਰੇ ਦੁਖਾਂ ਤੋ ਸੰਤਾਂ ਨੂੰ ਬਚਾ ਲਿਆ ਹੈ। ਸਾਰੇ (ਕੰਟਕ) ਦੁਖ ਦੇਣ ਵਾਲਿਆਂ ਨੂੰ (ਕੰਟਕ) ਕੰਡਿਆਂ ਵਾਂਗੂੰ ਭੰਨ ਦਿਤਾ ਹੈ। (ਮੈਨੂੰ ਆਪਨਾ) ਦਾਸ ਜਾਣਕੇ ਮੇਰੀ ਸਹਾਇਤਾ ਕੀਤੀ ਹੈ। ਆਪਨਾ ਹੱਥ ਦੇ ਕੇ (ਮੈਨੂੰ ਵੈਰੀਆਂ ਤੋਂ) ਬਚਾ ਲਿਆ ਹੈ।੨।

**ਅਬ ਜੋ ਜੋ ਮੈਂ ਲਖੇ ਤਮਾਸਾ ॥ ਸੋ ਸੋ ਕਰੋ ਤੁਮੈ ਅਰਦਾਸਾ ॥**
**ਜੋ ਪ੍ਰਭ ਕਿਰਪਾ ਕਟਾਛ ਦਿਖੈ ਹੈ॥ ਸੋ ਤਵ ਦਾਸ ਉਚਾਰਤ ਜੈਹੈ ॥ ੩ ॥**

**ਅਰਥ**:--ਜੇਹੜੇ ਜੇਹੜੇ ਖੇਲ ਮੈਂ (ਲਖੇ) ਵੇਖੇ ਹਨ, ਹੁਣ ਸਾਰੇ ਮੈਂ ਤੁਹਾਡੇ ਅਗੇ (ਅਰਦਾਸ) ਨਵੇਦਨ ਕਰਦਾ ਹਾਂ। ਹੇ ਪ੍ਰਭੂ ! ਜੇਕਰ ਕ੍ਰਿਪਾ ਦ੍ਰਿਸ਼ਟੀ ਕਰਕੇ ਵੇਖੋਗੇ, (ਤਦ ਮੈਂ) ਤੇਰਾ ਦਾਸ ਉਨ੍ਹਾਂ ਖੇਲਾਂ ਨੂੰ) ਉਚਾਰਨ ਕਰਦਾ ਜਾਵਾਂਗਾ ।੩।

**ਜਿਹ ਜਿਹ ਬਿਧਿ ਮੈ ਲਖੇ ਤਮਾਸਾ ॥ ਚਾਹਤ ਤਿਨਕੋ ਕੀਯੋ ਪ੍ਰਕਾਸਾ ॥**
**ਜੋ ਜੋ ਜਨਮ ਪੂਰਬਲੇ ਹੇਰੇ ॥ ਕਹਿਹੋ ਸੁ ਪ੍ਰਭੁ ਪਰਾਕ੍ਰਮ ਤੇਰੇ ॥ ੪ ॥**
**ਸਰਬ ਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਿਕਾ ਮਾਤ ਹਮਾਰਾ ॥**
**ਮਨੂਆ ਗੁਰ ਮੁਰਿ ਮਨਸਾ ਮਾਈ ॥ ਜਿਨ ਮੋ ਕੋ ਸੁਭ ਕ੍ਰਿਆ ਪੜ੍ਹਾਈ ॥ ੫ ॥**
**ਜਬ ਮਨਸਾ ਮਨ ਮਯਾ ਬਿਚਾਰੀ ॥ ਗੁਰ ਮਨੂਆ ਕਹ ਕਹਿਯੋ ਸੁਧਾਰੀ ॥**
**ਜੇ ਜੇ ਚਰਿਤ ਪੁਰਾਤਨ ਲਹੇ ॥ ਤੇ ਤੇ ਅਬ ਚਹੀਅਤ ਹੈ ਕਹੇ ॥ ੬ ॥**
**ਸਰਬ ਕਾਲ ਕਰਣਾ ਤਬ ਭਰੇ ॥ ਸੇਵਕ ਜਾਨ ਦਯਾ ਰਸ ਢਰੇ ॥**
**ਜੋ ਜੋ ਜਨਮ ਪੂਰਬਲੋ ਭਯੋ ॥ ਸੋ ਸੋ ਸਭ ਸਿਮਰਣ ਕਰ ਦਯੋ ॥ ੭ ॥**

**ਅਰਥः**--ਜਿਸ ਜਿਸ ਤਰ੍ਹਾਂ ਦੇ ਖੇਲ ਮੈ ਵੇਖੇ ਹਨ, ਮੈ ਉਨ੍ਹਾਂ ਨੂੰ (ਜਗਤ ਵਿਚ ਰੌਸ਼ਨ ਕਰਨਾ ਚਾਹੁੰਦਾ ਹਾਂ। ਜੋ ਜੋ ਮੈਂ ਪਹਿਲੇ ਦੇਖੇ ਹਨ, ਹੇ ਪ੍ਰਭੂ ! ਉਹ ਤੇਰੇ ਬਲ ਨਾਲ ਕਹੇ ਹਨ। ।੪। (ਜੋ) ਸਭ ਦਾ ਕਾਲ ਕਰਨ ਵਾਲਾ ਅਪਾਰ (ਉਹੀ) ਮੇਰਾ ਪਿਤਾ ਹੈ । (ਉਸ ਦੀ ਪ੍ਰਕਾਸ਼ ਰੂਪ ਸ਼ਕਤੀ-) **ਦੇਬ-ਕਾਲਕਾ** ਮੇਰੀ **ਮਾਤਾ** ਹੈ। **ਮਨ ਮੇਰਾ ਗੁਰੂ ਹੈ** ਅਤੇ ਮਨਸਾ ਮੇਰੀ (ਮਾਈ) ਗੁਰੂ ਇਸਤ੍ਰੀ ਮੇਰੀ **ਮਾਤਾ** ਹੈ। ਜਿਸ ਨੇ ਮੈਨੂੰ (ਇਹ) ਸਾਰੀ ਸੁਭ ਕਰਣੀ ਸਿਖਾਈ ਹੈ । **੫** । ਜਦ ਮੈ (ਆਪਨੇ ਮਨ ਉਤੇ) ਸਬੁਧੀ ਦੀ ਕਿਰਪਾ ਵਿਚਾਰੀ, (ਤਦ) ਗੁਰੂ ਮਨ ਦੇ ਕਹੇ ਨੂੰ ਸੁਧਾਰ ਕੇ ਕਹਿੰਦਾ ਹਾਂ, ਜੇਹੜੇ ਕੌਤਕ ਪੁਰਾਤਨ (ਪੁਰਖਾਂ ਦੇ) ਜਾਣੇ ਹਨ ਉਹ ਹੁਣ ਸਾਰੇ ਕਹਿਣਾ ਚਾਹੁੰਦਾ ਹਾਂ । ੬ । ਤਦ (ਮੇਰੇ ਪੁਰ) ਸਰਬ ਕਾਲ ਜੀ ' ਕਰੁਣਾ ਰਸ ' ਨਾਲ ਭਰ ਗਏ। (ਮੈਨੂੰ ਆਪਨਾ) ਸੇਵਕ ਜਾਣਕੇ ਦਯਾ ਰਸ ਨਾਲ (ਢਰੇ-) ਪਸੀਜੇ। ਜੋ ਜੋ ਪੂਰਬਲੇ (ਜੁਗਾਂ ਵਿਚ) (ਜਨਮ=) ਅਵਤਾਰ ਹੋਏ ਹਨ, ਉਹ ਸਾਰੇ ਦੇ ਸਾਰੇ (ਮੈਨੂੰ) (ਸਿਮਰਣ=) ਚੇਤੇ ਕਰਾ ਦਿੱਤੇ ਹਨ । ੭ ।

**ਭਾਵ, ਸਾਰੀਆਂ ਦੇਵੀਆਂ ਸਮੇਤ ੨੪ ਅਵਤਾਰ ਅਤੇ ਹੋਰ ਪੁਰਾਣਾਂ ਵਿਚਲਾ ਬਿੱਪ੍ਰੀ ਝੂਠ ਤੂਫ਼ਾਨ ?, ਸਭ ਕੁਝ ਮੇਰੇ ਆਪਣੇ ਚੇਤੇ ਵਿਚ ਆ ਗਿਆ ਹੈ। ਲਿਖਾਰੀ ਜੀ ਨੇ ਆਪ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਉਹ, ਕਿਸੇ ਗ੍ਰੰਥ ਦਾ ਅਨਵਾਦ ਨਹੀਂ ਲਿਖ ਰਹੇ। ਕਾਲ ਜੀ ਦੀ ਮਿਹਰ ਦਾ ਸਦਕਾ, ਪਹਿਲਾਂ ਹੋ ਗੁਜ਼ਰੇ ਸਾਰੇ ਅਵਤਾਰਾਂ ਦੀ ਯਾਦ ਆ ਜਾਣ ਕਰਕੇ ਉਸ ਸਭ ਕੁਝ ਸਚੋ ਸੱਚ ਹੀ ਲਿਖਣਾ ਚਾਹੰਦੇ ਹਨ ?**

ਮੋ ਕੌ, ਇਤੀ ਹੁਤੀ ਕਹਿ ਸੁੱਧੰ ॥ ਜਸ ਪ੍ਰਭ ਦਹੀ ਕ੍ਰਿਪਾ ਕਰਿ ਬੁੱਧੰ ॥
ਸਰਬ ਕਾਲ ਤਬ ਭਏ ਦਇਆਲਾ ॥ ਲੋਹ ਰਛ ਹਮ ਕੋ ਸਬ ਕਾਲਾ ॥ ੮ ॥

**ਅਰਥ:**--ਮੈਨੂੰ ਡੇਨੀ (ਸੁੰਧ=) ਖ਼ਬਰ ਕਿਥੇ ਹੁੰਦੀ ਸੀ ? ਜਸ ਤਰ੍ਹਾਂ ਦੀ ਬੁੱਧੀ ਕ੍ਰਿਪਾ ਕਰ ਕੇ ਪ੍ਰਭੂ ਨੇ ਬਖ਼ਸ਼ੀ ਹੈ, ਤਦੇ (ਮੈਂ ਜਾਣਦਾ ਹਾਂ, ਮੇਰੇ ਪਰ) ਸਰਬ ਕਾਲ ਜੀ ਦਇਆਲ ਹੋਏ ਹਨ (ਲੋਹ=) ਪਰਕਾਸ਼ ਰੂਪ ਪ੍ਰਭੂ ਦੀ ਸਾਨੂੰ ਸਭ ਸਮਿਆਂ ਵਿਚ ਰਖਿਆ ਹੈ। ੮ ।

## ਵਿਚਾਰ ਦਾ ਵੇਰਵਾ:--

**(੧)** ਉਪ੍ਰੋਕਤ ਪਹਿਲੀ ਚੌਪਈ ਨੂੰ ਗੁਰਮਤਿ ਅਨੁਸਾਰ ਸਮਝਣ ਦਾ ਟਪਲਾ ਖਾਣ ਵਾਲੇ ਕਈ ਉਪਦੇਸ਼ਕ ਗੁਰਬਾਣੀ ਦਾ ਇਹ ਪਾਵਨ ਸ਼ਬਦ ਪੜ੍ਹ ਸੁਣਾਉਂਦੇ ਹਨ:--

੧੦੬- **ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥ ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥ ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥ ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥ ੪ ॥ [੪੫੧]-੧੩-੨੦**

ਪ੍ਰਹਲਾਦ ਅਤੇ ਹਰਣਾਖਸ ਆਦਿ ਬ੍ਰਾਹਮਣੀ ਕਲਪਣਾ ਦੀ ਉਪਜ, ਪੁਰਾਣਾ ਵਿਚਲੇ ਮਿਥਿਹਾਸ ਦੇ ਖ਼ਿਆਲੀ ਪਾਤ੍ਰਾਂ ਨਾਲ ਗੁਰਮਤਿ ਦਾ ਦੂਰ ਦਾ ਵੀ ਕੋਈ ਸੰਬੰਧ ਨਹੀਂ ਹੈ। ਕੇਵਲ ਭਗਤਾਂ ਦੀ ਰਾਖੀ ਕਰਨ ਲਈ ਕਥਿਤ ਦੁਸ਼ਟਾਂ ਨੂੰ ਦੁਖੀ ਕਰਕੇ ਮਾਰਨ ਵਾਲਾ ਤੰਗ ਦਿਲ, ਇੱਕ-ਵਾਗਾ, ਸੁਆਰਥੀ ਅਤੇ ਕ੍ਰੋਧੀ ਰੱਬ, ਬਿੱਪ੍ਰ ਦਾ ਹੀ ਹੋ ਸਕਦਾ ਹੈ। ਗੁਰੂ ਨਾਨਕ ਸਾਹਿਬ ਜੀ ਦਾ ਰਬ ਚੰਗੇ ਮਾੜੇ ਸਾਰਿਆਂ ਦਾ ਨਾਥ ਹੈ ਅਤੇ ਉਹ ਸਰਬ ਪ੍ਰਿਤਪਾਲਕ ਹੈ। ਪ੍ਰਹਲਾਦ ਅਤੇ ਹਰਣਾਖਸ ਵਾਲੀ ਇਹ ਗਾਥਾ ਹਜ਼ਾਰਾਂ ਸਾਲਾਂ ਤੋਂ ਬੜੀ ਪਰਚਲਤ ਹੋ ਚੁੱਕੀ ਸੀ। ਉਸ ਗਾਥਾ ਨੂੰ ਅਤੇ ਸ਼ੂਦਰ ਸ਼ੂਦਰ ਕਹਿ ਕੇ ਨਾਮ ਦੇਵ ਜੀ ਨੂੰ ਦੁਰਕਾਰਨ ਵਾਲੇ ਹੰਕਾਰੀ ਪਾਂਡਿਆਂ ਵਲ ਪਿੱਠ ਕਰ ਲੈਣ ਵਾਲੀ ਸਾਖੀ ਨੂੰ--" **ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ** " ਮਹਾਂ ਵਾਕ ਅਨੁਸਾਰ, ਸਤਿਗੁਰਾਂ ਨੇ ਕੇਵਲ ਉਦਾਹਰਣ ਵਜੋਂ ਵਰਤ ਕੇ, ਸਾਨੂੰ ਸਰਬੱਤ ਨੂੰ ਸਾਂਝੇ ਤੌਰ ਤੇ, ਪਰਮਾਤਮਾ ਦੀ ਯਾਦ ਨਾਲ ਜੋੜਨ ਦਾ ਉਪਰਾਲਾ ਕੀਤਾ ਹੈ। ਜਿਸ ਆਸ਼ੇ ਨਾਲ ਕਿਸੇ ਪ੍ਰਚਲਤ ਗਾਥਾ ਦਾ ਹਵਾਲਾ ਦਿੱਤਾ ਸੀ, ਸਤਿਗੁਰਾਂ ਦੀ ਉਸ ਦਿਲੀ ਮਨਸ਼ਾ ਅਥਵਾ ਡੂੰਘੀ ਸੱਧਰ ਵਲੋਂ ਉੱਕਾ ਵੀ ਧਿਆਨ ਹਟਾ ਕੇ, ਉਸ ਪ੍ਰਮਾਣ-ਰੂਪ, ਪੁਰਾਣਕ ਗਾਥਾ ਨੂੰ ਸੱਚ ਮੰਨ ਕੇ ਉਸ ਪ੍ਰਤੀ ਸ਼ਰਧਾ ਬਣਾ ਬੈਠਣਾ, ਅਗਿਆਨਤਾ **ਹੈ। ***

ਗੁਰਮਤਿ ਦਾ ਸਿਧਾਂਤ ਹੈ--**ਸਰਬ ਜੀਆ ਪ੍ਰਤਿਪਾਲਦਾ ਮੇਰੀ ਜਿੰਦੁੜੀਏ, ਜਿਉ ਬਾਲਕ ਪਿਤਾ ਮਾਤਾ ਰਾਮ ॥**[੫੪੧]। ਅਤੇ ਫਿਰ ਜਦ ਸਾਰਿਆਂ ਵਿਚ ਪ੍ਰਭੂ ਆਪ ਹੀ ਆਪ ਹੈ ਤਾਂ " **ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥"[੧੨੩੮]**

ਉਪ੍ਰੋਕਤ ਚੌਪਈ ਵਰਗੀਆਂ ਸੈਕੜੇ ਚੌਪਈਆਂ ਦੋਹਰਿਆਂ ਛੰਦਾ ਆਦਿ ਤੋਂ ਜਾਂ ਪੁਰਾਣਕ ਗਾਥਾਂਵਾਂ ਦੇ--ਪਰਾਥਾਏ ਸਾਖੀ ਦੀ ਵਰਤੋਂ ਵਾਲੇ, ਕਿਤੇ ਕਿਤੇ ਇੱਕਾ ਦੁੱਕਾ ਗੁਰਬਾਣੀ ਦੇ ਪਾਵਨ ਸ਼ਬਦ ਤੋਂ ਗੁਰਮਤਿ ਦੇ ਅਟੱਲ ਸਿਧਾਂਤ ਦੀ ਖੰਡਨਾ ਵਾਲੇ ਅਰਥ ਮਿਥ ਬਹਿਣਾ, ਵਡੀ ਭੁੱਲ ਹੈ। " **ਕਰਿ ਕਰਿ ਦੇਖੈ ਕੀਤਾ ਆਪਣਾ, ਜਿਉ ਤਿਸ ਦੀ ਵਡਿਆਈ**-ਆਪਣੇ ਸਿਰਜੇ ਹੋਏ ਦੀ ਬਿਨਾ ਕਿਸੇ ਵਿਤਕਰੇ ਦੇ ਇਉਂ ਪਾਲਣਾ ਕਰਦਾ ਹੈ ਜਿਵੇ ਕੋਈ ਆਜੜੀ ਆਪਣੇ ਭੇਡਾਂ ਦੇ ਵਾੜੇ ਦੀ ਜਾਂ ਕੋਈ ਚਰਵਾਹਾ ਆਪਣੇ ਗਾਈਆਂ ਦੇ ਵਾੜੇ ਦੀ ਦੇਖ ਭਾਲ ਕਰਦਾ ਹੈ--**ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ ॥**[੨੨੮]-- **ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ ॥** [੧੨੮੮]--ਚੰਗੇ ਮਾੜੇ ਸਾਰਿਆਂ ਦੀ ਇੱਕ ਸਾਰ ਦੇਖ-ਭਾਲ ਕਰਨ ਵਾਲੇ ਪ੍ਰਭੂ ਨੂੰ ਗੁਰਮਤਿ ਨੇ ਸਰਬੱਤ ਦਾ ਮਾਤਾ ਪਿਤਾ ਮੰਨਿਆਂ ਹੈ--**ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ॥**[੭੮੩]--**ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਾਰੀਆ ।**੨੦੩] ਗੁਰੂ ਨਾਨਕ ਸਾਹਿਬ ਦਾ ਰੱਬ ਮਿਹਰ, ਪ੍ਰਾਸਾਦਿ ਅਥਵਾ ਕਰਮ ਹੈ। **ਪਰ ਪ੍ਰੋਹਿਤ ਜੀ ਦਾ ਰਬ**, ਇੱਕ ਦੂਜੀ ਤੋਂ ਵਧ ਡਰਾਉਣੀ ਤੋਂ ਡਰਾਉਣੀ ਸ਼ਕਲ ਵਾਲਾ ਕਦੇ ਭਿਆਨਕ ਦੰਦਾਂ ਅਤੇ ਵਿਕਰਾਲ ਰੂਪ ਅਕਾਰ ਵਾਲਾ ਮੱਛ, ਕਦੇ ਲੰਮੀਆਂ ਅਤੇ ਘਿਰਣਤ ਹੁੱਡਾਂ ਵਾਲਾ ਸੂਰ, ਕਦੇ ਰਾਜ-ਭਾਗ ਸਭ ਕੁਝ ਠੱਗ ਕੇ ਕੰਗਾਲ ਕਰ ਦੇਣ ਲਈ ਬੌਣੇ ਮਨੁੱਖ ਦਾ ਰੂਪ, ਕਦੇ ਘੋੜੇ ਦੇ ਸਿਰ ਵਾਲੇ ਮਨੁੱਖ ਦੇ ਰੂਪ ਵਿਚ **ਹੈਗ੍ਰੀਵ** ਅਥਵਾ ਨਰਸਿੰਘ (ਉਤਲਾ ਹਿੱਸਾ ਸ਼ੇਰ ਦਾ ਅਤੇ ਹੇਠਲਾ ਮਨੁੱਖ ਦਾ) ਰੂਪ ਬਣ ਕੇ, ਆਪ ਹੀ ਪੈਦਾ ਕੀਤੇ ਜੀਵ ਨੂੰ, ਆਪਣੇ ਹੀ ਪੱਟਾਂ ਤੇ ਰੱਖ ਕੇ ਆਪਣੀਆਂ ਤਿਖੀਆਂ ਅਤੇ ਕਰੂਪ ਨੌਹਾਂ ਨਾਲ ਉਸ ਦਾ ਢਿੱਡ ਪਾੜਨ ਵਾਲਾ ਨਿਰਦਈ ਅਤੇ ਜਾਂਗਲੀ ਬਣਿਆਂ ਵਿਖਾਈ ਆਣ ਦਿੰਦਾ ਹੈ। ਪਰ ਗੁਰਮਤਿ ਦਾ ਅਕਾਲ ਪੁਰਖ ਤਾਂ---**ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ ॥ ਭਾਈ ਪੂਤ ਪਿਤਾ ਪ੍ਰਭੁ ਮਾਤਾ** ॥ ੩ ॥[੨੪੦] ਹੈ ।

[* **Foot note:**--ਸਤਿਗੁਰਾਂ ਦਾ ਕੇਵਲ ਏਨਾ ਬਚਨ--**ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ** ॥ ਪੁਰਾਣਕ ਕਹਾਣੀਆਂ ਤੋਂ ਆਪਣਾ ਨਾਤਾ ਤੋੜ ਲੈਣ ਬਾਰੇ ਸਤਿਗੁਰਾਂ ਦਾ ਸਪੱਸ਼ਟ ਸੰਕੇਤ ਹੈ। ਉਂਜ ਵੀ ਜਿਨ੍ਹਾਂ ਗੁਰਮੁਖਾਂ ਨੇ ਗੁਰੂ ਬਾਣੀ ਨੂੰ ਸ਼ਰਧਾ ਅਤੇ ਗਹੁ ਨਾਲ ਪੜ੍ਹਿਆ ਹੈ ਉਹ ਜਾਣਦੇ ਹਨ ਜਿ ਕਿ ਸਤਿਗੁਰਾਂ ਨੇ ਜਿਹੜੀ ਬਾਣੀ ਵਿਚ ਆਪਣੇ ਇਲਹਾਮੀ ਆਸ਼ੇ ਨੂੰ ਅਥਵਾ ਗੁਰਮਤਿ ਦੇ ਸਿਧਾਂਤ ਨੂੰ ਸਰਬੱਤ ਲੋਕਾਈ ਸਾਹਮਣੇ ਰਖਿਆ, ਉਸ ਵਿਚ ਕਿਸੇ ਪ੍ਰਕਾਰ ਦੀ ਪੁਰਾਣਕ ਅਥਵਾ ਵੇਦਾਂਤੀ ਮਤ ਵਾਲੀ ਕਿਸੇ ਕਥਾ ਕਹਾਣੀ ਦਾ ਹਵਾਲਾ ਨਹੀਂ ਮਿਲਦਾ ਹੈ। ਉਦਾਹਰਣ ਵਜੋਂ-(੧) ਮੂਲ ਮੰਤ੍ਰ (੨) ਜਪੁ ਸਾਹਿਬ (੩) ਵਾਰ ਸ੍ਰੀ ਰਾਗ,(੪) ਵਾਰ ਮਾਝ (੫) ਕਰਹਲੇ (੬) ਗਉੜੀ ਬਾਵਨ ਅੱਖਰੀ (੭) ਸੁਖਮਨੀ (੮) ਗਉੜੀ ਕੀ ਵਾਰ ਮ:੪ (੯) ਗਉੜੀ ਕੀ ਵਾਰ ਮ: ੫। (੧੦) ਬਿਹਾਗੜੇ (੧੧) ਪੱਟੀ ਆਸਾ ਮ:੧ (੧੨) ਪੱਟੀ ਆਸਾ ਮਹਲਾ (੩) (੧੩) ਆਸਾ ਦੀ ਵਾਰ -ਇੱਕਾ ਦੁੱਕਾ ਸਲੋਕਾਂ ਵਿਚ ਪੁਰਾਣਕ ਕਥਾ ਨੂੰ ਗੁਰਮਤਿ ਵਿਰੋਧੀ ਸਿੱਧ ਕੀਤਾ ਹੈ--ਧਰਮ ਰਾਜ ਆਦਿ ਬਚਨਾਂ ਦਾ ਅਰਥ ਸਾਹਿਬ ਸਿੰਘ ਜੀ ਨੇ ਆਤਮਕ ਮੌਤ ਕੀਤਾ ਹੈ--(੧੪) ਪਹਿਰੇ ਮਹਲਾ ੧, (੧੫ ਪਹਿਰੇ ਮਹਲਾ ੩ (੧੬) ਪਹਿਰੇ ਮਹਲਾ ੫ (੧੭) ਗੁਜਰੀ ਕੀ ਵਾਰ ਮ:੩ (੧੮) ਗੁਜਰੀ ਕੀ ਵਾਰ ਮ: ੫ (੧੯) ਸੋਰਠਿ ਕੀ ਵਾਰ ਮਹਲਾ ੧, (੨੦) ਬਿਹਾਗੜੇ ਕੀ ਵਾਰ, (੨੧) ਘੋੜੀਆਂ (੨੧) ਅਲਾਹਣੀਆਂ ਮ: ੧ (੨੨) ਅਲਾਹਣੀਆਂ ਮ:੩ (੨੩) ਵਡਹੰਸ ਕੀ ਵਾਰ (੨੪) ਕੁਚਜੀ ਮ: ੧ (੨੫) ਸੂਹੀ ਛੰਤ ਮ: ੧ (੨੬) ਸੂਹੀ ਛੰਤ ਮ: ੩ (੨੭) ਸੂਹੀ ਛੰਤ ਮ: ੪ । (੨੮) ਸੂਹੀ ਛੰਤ ਮ: ੫, (੨੯) ਸਹੀ ਕੀ ਵਾਰ) (੩੦) ਅਨੰਦ ਸਾਹਿਬ (੩੧) ਓਅੰਕਾਰ (੩੨) (ਸਿੱਧ ਗੋਸ਼ਟ) ਲਗ ਪਗ ਸਾਰੀਆਂ ਵਾਰਾ, ਫੁਨਹੇ, ਗਥਾ, ਸਸਿਕ੍ਰਿਤੀ ਸਲੋਕ ਆਦਿ ਗੁਰੂ ਬਾਣੀਆਂ ਤੋਂ ਛੁੱਟ ਬੇਅੰਤ ਗੁਰੂ ਸ਼ਬਦ ਵੀ। ਇਸ ਲਈ ਸਾਨੂੰ ਕਥਾ ਕਹਾਣੀਆਂ ਨੂੰ ਹੀ ਗੁਰਮਤਿ ਦਾ ਅੰਗ ਸਿੱਧ ਕਰਦਿਆਂ ਪ੍ਰਸੰਗ ਦੇ ਰੂਪ ਵਿਚ ਗੁਰੂ ਦਰਬਾਰਾਂ ਵਿਚ ਸੁਣਾਉਣਾ ਗੁਰਸਿੱਖਾਂ ਨੂੰ ਭਰਮੀ ਬਨਾਉਣ ਦਾ ਅਪਰਾਧ ਹੈ। ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਇਨ੍ਹਾਂ ਪੁਰਾਣਕ ਕਹਾਣੀਆਂ ਨਾਲ ਗੁਰਮਤਿ ਦਾ ਕੋਈ ਨੇੜ ਨਹੀਂ ਹੈ]

ਏਥੋਂ ਤੱਕ ਕਿ ਉਨ੍ਹਾਂ ਬਾਣਿਆਂ ਵਿਚ ਮਿਥਿਹਾਸਕ ਰੱਬ ਦੇ ਨਾਮ ਵੀ ਬੜੇ ਹੀ ਗਹੁ ਨਾਲ ਭਾਲਿਆਂ ਸ਼ਾਇਦ ਕਤੇ ਲੱਭ ਸਕੇ ਪਰ ਉਨ੍ਹਾਂ ਬਾਣੀਆਂ ਵਿਚੋਂ ਬਿੱਪ੍ਰੀ ਗ੍ਰੰਥ ਦੇ ਲਿਖਤ ਦੀ ਜ਼ਰਾ ਵੀ ਝਲਕ ਨਹੀਂ ਪੈਂਦੀ। ਕੇਵਲ ਉਨ੍ਹਾਂ ਸੁਤੰਤਰ ਗੁਰੂ ਸ਼ਬਦਾਂ ਵਿਚ ਹੀ ਅਜੇਹੀਆਂ

ਕਥਾ ਕਹਾਣੀਆਂ ਦਾ ਜ਼ਿਕਰ ਹੈ ਜੋ ਨਿਰੰਦੇਹ ਉਨ੍ਹਾਂ ਲੋਕਾਂ ਦੇ ਇਕੱਠ ਵਿਚ ਉਚਾਰਿਆ ਗਿਆ ਜਿਨ੍ਹਾਂ ਨੂੰ ਉਨ੍ਹਾਂ ਦੀ ਹੀ ਪਰਚਲਤ ਬੋਲੀ ਵਿਚ ਅਥਵਾ ਉਨ੍ਹਾਂ ਦੇ ਵਿਸ਼ਵਾਸ਼ ਵਾਲੀਆਂ ਕਹਾਣੀਆਂ ਦੁਆਰਾ ਗੁਰਮਤਿ ਦਾ ਆਸ਼ਾ ਸਮਝਾਉਣ ਦੀ ਜ਼ਰੂਰਤ ਸਮਝੀ ਗਈ ਸੀ।

ਸਰਬ ਸਾਂਝੇ ਪਿਤਾ ਜੀ ਦਾ ਸਾਰਿਆਂ ਲਈ ਇੱਕ ਅਟੱਲ ਨਿਯਮ ਹੈ। ਉਸ ਅਨੁਸਾਰ ਕੋਈ ਦੁਖ ਭੋਗ ਰਿਹਾ ਅਤੇ ਕੋਈ ਸੁਖੀ ਹੈ। ਉਂਜ ਸੰਸਾਰ ਵਿਚ ਰੱਬ ਦੇ ਸੱਚੇ ਆਸ਼ਕਾਂ ਦੇ ਜੀਵਨ ਦਾ ਇਤਿਹਾਸ ਭੁੱਲਣ ਵਾਲਾ ਨਹੀਂ ਹੈ। ਹਜ਼ਰਤ ਈਸਾ ਜੀ ਦੇ ਸਰੀਰ ਵਿਚ ਕਿੱਲ ਠੋਕ ਕੇ ਸੂਲੀ ਤੇ ਟੰਗ ਦਿੱਤਾ ਗਿਆ ਸੀ। ਸਰੀਰ ਵਿਚੋਂ ਪਰਾਣ-ਪੰਖੇਰੂ ਉਡਣ ਤੋਂ ਪਹਿਲਾਂ, ਕਈ ਦਿਨ ਅਤਿ ਦੇ ਤਸੀਹੇ ਝੱਲਣੇ ਪਏ। ਹਜ਼ਰਤ ਮੁਹੰਮਦ ਸਾਹਿਬ ਜੰਗਾਂ ਵਿਚ ਜ਼ਖ਼ਮੀ ਹੁੰਦੇ ਰਹੇ ਉਨ੍ਹਾਂ ਦਾ ਜਵਾਈ ਅਤੇ ਨਾਬਾਲਗ਼ ਦੋਹਤੇ ਪਾਣੀ ਤੋਂ ਤਿਹਾਏ ਰੱਖ ਕੇ ਸ਼ਹੀਦ ਕੀਤੇ ਗਏ, ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਪੀਣਾ ਪਿਆ, ਕਬੀਰ ਸਾਹਿਬ ਦੇ ਹੱਥ ਪੈਰ ਨੂੜ ਕੇ ਸਰੀਰ ਦੀ ਪੰਡ ਬੰਨ੍ਹ ਕੇ ਮਸਤੇ ਹੋਏ ਹਾਥੀ ਅੱਗੇ ਸੁਟਿਆ ਗਿਆ,ਪੰਚਮ ਪਾਤਸ਼ਾਹ ਜੀ ਨੂੰ ਅੱਗ ਅਤੇ ਪਾਣੀ ਦੇ ਦਿਲ ਕੰਬਾਊ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਗੁਰੂ ਹਰ ਗੋਬਿੰਦ ਸਾਹਿਬ ਜੀ ਵਿਰੁੱਧ ਜੰਗ ਦੇ ਬਿਗ਼ਲ ਵੱਜਦੇ ਹੀ ਰਹੇ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ, ਸਰਬੰਸ ਦਾਨੀ ਦਸ਼ਮੇਸ਼ ਜੀ ਦਾ ਅਦੁਤੀ ਇਤਿਹਾਸ ਅਤੇ ਬੇਅੰਤ ਸ਼ਹੀਦਾ ਤੇ ਹੋਏ ਅਸਹਿ ਅਤੇ ਅਕਹਿ ਜ਼ੁਲਮੀ ਸਾਕਿਆ ਦਾ ਇਤਿਹਾਸ, ਉਪ੍ਰੋਕਤ ਚੌਪਈ ਦੀ ਇਹ ਪੰਗਤੀ--**ਸਰਬ ਕਾਲ ਸਭ ਸਾਧ ਉਬਾਰੇ**--ਕਿਵੇਂ ਬਦਲ ਸਕਦੀ ਹੈ।

**ਪਰ ਯਾਦ ਰਹੇ** ਕਿ " **ਆਦਿ ਸਚੁ ਜੁਗਾਦਿ ਸਚੁ** " ਦੇ ਸੱਚੇ ਆਸ਼ਕਾਂ ਲਈ ਅਥਵਾ ਉਸ ਦੇ ਅਨਿਨ ਭਗਤਾਂ ਲਈ ਉਪਰੋਕਤ ਸੰਸਾਰੀ ਤਸੀਹੇ ਅਤੇ ਦੁੱਖ ਬੇ-ਮਤਲਬ ਹੁੰਦੇ ਹਨ---**ਦੂਖ ਸੂਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ** ॥[੧੦੩੨] ਸੱਚਾ ਭਗਤ ਕਦੇ ਦੁਖੀ ਹੁੰਦਾ ਹੀ ਨਹੀਂ। ਭਗਤ ਭਾਵੇਂ ਤੱਤੀ ਲੋਹ ਤੇ ਬੈਠਾ ਹੋਵੇਂ ਭਾਵੇਂ ਉਸ ਦੇ ਸਰੀਰ ਤੇ ਸੜਦੀ ਬਲਦੀ ਰੇਤ ਦੇ ਕੜਛੇ ਪਾਏ ਜਾਣ, ਭਾਵੇਂ ਉਸ ਨੂੰ ਕਈ ਦਿਨ ਕਿੱਲਾਂ ਵਾਲੇ ਤੰਗ ਪਿੰਜਰੇ ਵਿਚ ਰੱਖ ਕੇ ਸ਼ਹੀਦ ਕੀਤਾ ਜਾ ਰਿਹਾ ਹੋਵੇ--ਉਹ ਸਦਾ ਖਿੜਿਆ ਹੀ ਰਹਿੰਦਾ ਹੈ---**ਨਾਨਕ ਭਗਤਾ ਸਦਾ ਵਿਗਾਸ ॥** [ਜਪੁ]--ਉਹ ਤਾਂ ਹੁੰਦਾ ਹੀ ਸਦਾ ਸੁਖੀ ਹੈ ਜਿਹੜਾ---**ਗੁਰ ਕਾ ਕਹਿਆ ਜੇ ਕਰੀ ਸੁਖੀ ਹੂ ਸੁਖੁ ਸਾਰੁ** ॥[੧੨੪੯]--**ਗੁਰ ਕੇ ਚਰਨ ਰਿਦੈ ਪਰਵੇਸਾ ॥ ਰੋਗ ਸੋਗ ਸਭਿ ਦੂਖ ਬਿਨਾਸੇ ਉਤਰੇ ਸਗਲ ਕਲੇਸਾ ॥੧॥ਰਹਾਉ॥**੫੩੧] ਅਤੇ ਫਿਰ ਏਧਰ ਵੀ ਧਿਆਨ ਦਿਉ, ਇਹ ਫ਼ੁਰਮਾਨ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੀ ਹਨ--**ਨਾਨਕ ਦੁਨੀਆ ਕੈਸੀ ਹੋਈ ॥ ਸਾਲਕ ਮਿਤ ਨ ਰਹਿਓ ਕੋਈ** ॥[੧੪੧੦] ਅਤੇ --**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿੱਠੇ ॥ ਬਰਸੁ ਏਕੁ ਹਉ ਫਿਰਿਓ ਕਿਨੈ ਨਹ ਪਰਚਉ ਲਾਯਉ॥....... ੨।** [੧੩੯੫-੯੬] ਬਚਿਤ੍ਰ ਨਾਟਕ ਦੀਆਂ ਉਪ੍ਰੋਕਤ ਦੋ ਪੰਗਤੀਆਂ ਕਿਸ ਸ਼੍ਰੇਣੀ ਦੇ ਅਤੇ ਕਿਨ੍ਹਾਂ ਸਿਫ਼ਤਾਂ ਵਾਲੇ ਸਾਧਾਂ ਸੰਤਾਂ ਦੀ ਅਤੇ ਕਿਸ ਪ੍ਰਕਾਰ ਦੀ ਰਖਿਆ ਦੀ ਗੱਲ ਕਰ ਰਹੀਆਂ ਹਨ--ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਕੌਣ ਦੇਵੇ?

**(੨)** ਸਾਡੇ ਲਈ ਜੇ ਕਦੇ ਰੱਬ ਧਰਤੀ ਦੇ ਮਨੁੱਖ ਰੂਪ ਵਿਚ ਆਇਆ ਤਾਂ ਕੇਵਲ ਗੁਰੂ ਨਾਨਕ ਸਾਹਿਬ ਬਣ ਕੇ ਹੀ ਆਇਆ ਹੈ। ਮਨੁੱਖਾ ਦੇਹ ਵਾਲੇ **ਉਸ ਦੇ ਦਸੇ ਜਾਮੇ ਸਾਡੇ ਲਈ ਪਾਰਬ੍ਰਹਮ ਪਰਮੇਸ਼ਰ ਹਨ**। ਉਨ੍ਹਾਂ ਜਾਮਿਆਂ ਵਾਲੇ ਰਬ ਨੇ ਤਾਂ ਸਗੋਂ ਦੁਸ਼ਟ-ਦੋਖੀਆਂ ਦੇ ਘਰਾਂ ਵਿਚ ਜਾ ਜਾ ਕੇ ਉਨ੍ਹਾਂ ਨੂੰ ਉਬਾਰਿਆ, ਇਸ ਰੱਬ ਨੇ ਤਾਂ ਉਨ੍ਹਾਂ ਨੂੰ ਵੀ ਉਬਾਰਿਆਂ ਜਿਹੜੇ ਦੋਖੀ ਇਨ੍ਹਾਂ ਦੇ ਦਸਵੇਂ ਸਰੂਪ ਦੀ (ਪਾਵਨ) ਜਾਨ ਦੇ ਵੈਰੀ ਬਣ ਕੇ ਆਏ ਸਨ। ਸੋ ਇਸ ਚੌਪਈ ਦੀ ਇਹ ਪੰਗਤੀ--**ਦੁਖੁ ਦੈ ਕੈ ਦੋਖੀ ਸਭ ਮਾਰੇ**--ਵੀ ਗੁਰਮਤਿ ਦੀ ਤੇਜ਼ ਆਭਾ ਅੱਗੇ ਸਿਰ ਨੀਵਾਂ ਕੀਤੀ ਸ਼ਰਮ ਨਾਲ ਪਾਣੀ ਪਾਣੀ ਹੋ ਰਹੀ ਹੈ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਸ਼ਮੇਸ਼ ਜੀ ਨੇ ਹੀ ਸੌਂਪੀ ਹੈ, ਇਸ ਲਈ ਗੁਰਬਾਣੀ ਦੇ ਸਾਰੇ ਫ਼ੁਰਮਾਨ ਦਸ਼ਮੇਸ਼ ਜੀ ਦੇ ਆਪਣੇ ਹੀ ਹਨ--ਦੁਖਾਂ ਸੁਖਾਂ ਬਾਰੇ ਸਤਿਗੁਰਾਂ ਦੇ ਆਪਣੇ ਫ਼ੁਰਮਾਨ ਇਸ ਪ੍ਰਕਾਰ ਹਨ--(੧) " **ਹੁਕਮਿ ਲਿਖਿ ਦੁਖ ਸੁਖ ਪਾਈਐ ॥** ਜਪੁ-੨]-(੨) **ਤੁਧ ਦੁਖੁ ਸੁਖੁ ਨਾਲਿ ਉਪਾਇਆ ਲੇਖ ਕਰਤੈ ਲਿਖਿਆ ॥** [੭੮੭] ਅਤੇ (੩) **ਆਗਿਆ ਦੂਖ ਸੂਖ ਸਭ ਕੀਨੇ ॥** [੧੦੮੬]--ਦੁਖਾਂ ਸੁਖਾਂ ਦਾ ਛਾਂਦਾ ਜੀਵਾਂ ਦੀ ਆਪਣੀ ਕਮਾਈ ਦਾ ਫਲ ਹੁੰਦਾ ਹੈ--(੪) **ਦੁਖੁ ਸੁਖੁ ਦੀਆ ਜੇਹਾ ਕੀਆ ਸੋ ਨਿਬਹੇ ਜੀਅ ਨਾਲੇ ॥** [੫੮੧] (੫) **ਸੁਖ ਦੁਖ ਪੁਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥ ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ। ੧੮॥** [੧੦੩੦] ਸੋ ਚੌਪਈ ਦੀ ਇਸ ਪੰਗਤੀ--**ਦੁਖੁ ਦੈ ਕੈ ਦੋਖੀ ਸਭ ਮਾਰੇ ॥** ਪੂਰਨ ਤੌਰ ਤੇ ਗੁਰਮਤਿ ਦੀ ਖੰਡਨਾ ਵਾਲੀ ਹੋਣ ਕਰਕੇ ਗੁਰਸਿੱਖਾਂ ਲਈ ਬ੍ਰਾਹਮਣੀ ਜ਼ਹਿਰ ਦੇ ਦੁਆਲੇ **ਖੰਡ ਦਾ ਲੇਪ** ਹੀ ਹੋ ਸਕਦੀ ਹੈ।

੧੦੭- **ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ ਸੁਖੁ ਦੁਖੁ ਦੁਇ ਦਰਿ ਕਪੜੇ, ਪਹਿਰਹਿ ਜਾਇ ਮਨੁਖ ॥ਜਿਥੈ ਬੋਲਣ ਹਾਰੀਐ ਤਿਥੈ ਚੰਗੀ ਚੁਪ ॥ ੨ ॥**[੧੪੯]-ਵਾਰ-੨੪

## (੩) ਕਾਲ, ਸਰਬ-ਕਾਲ, ਦੇਬਿ ਕਾਲਿਕਾ, ਭਗਉਤੀ, ਦੁਰਗਾ ਆਦਿ ਰੱਬ ਦੇ ਹੀ ਨਾਮ?---

ਹਿੰਦੂਆਂ ਦੇ ਗ੍ਰੰਥ ਵਿਚ ਜਿੰਨੇ ਵੀ ਰੱਬ ਵਾਸਤੇ ਨਾਮ ਵਰਤੇ ਗਏ ਹਨ ਉਹ ਲਗ-ਪਗ ਸਾਰੇ ਨਾਮ ਸਤਿਗੁਰਾਂ ਨੇ ਗੁਰਬਾਣੀ ਵਿਚ ਲਿਖੇ ਹਨ। ਅਤੇ ਸਤਿਗੁਰਾਂ ਦਾ ਫ਼ੁਰਮਾਨ ਇਹ ਵੀ ਹੈ---" **ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ ੪ ॥**[੧੧੬੮] ਪਰ ਫਿਰ ਵੀ ਗੁਰਬਾਣੀ ਵਿਚ, ਦੁਰਗਾ, ਭਵਾਨੀ, ਭਗਉਤੀ, ਸ਼ਿਵਾ, ਕਾਲ, ਮਹਾਂਕਾਲ, ਅਸਿਧੁਜ, ਅਸਿਕੇਤ, ਖੜਗਕੇਤ, ਕਾਲਿਕਾ, ਦੇਬਿ ਕਾਲਿਕਾ ਆਦਿ ਨਾਮ, ਵਾਹਿਗੁਰੂ ਜੀ ਲਈ ਕਿਤੇ ਨਹੀਂ ਵਰਤਿਆ ਗਿਆ। ਗੁਰਮਤਿ ਦੇ ਮਹਾਨ ਗਿਆਤਾ, ਭਾਈ ਗੁਰਦਾਸ ਜੀ ਨੇ ਅਤੇ ਭਾਈ ਨੰਦ ਲਾਲ ਜੀ ਨੇ ਵੀ ਉਪ੍ਰੋਕਤ ਨਾਮ ਅਕਾਲਪੁਰਖ ਲਈ ਨਹੀਂ ਵਰਤੇ। ਆਪਣੇ ਸਤਿਗੁਰਾਂ ਦੇ ਹੁਕਮਾ ਤੋਂ ਅੱਗੇ ਲੰਘ ਤੁਰਨਾ ਵੀ ਬੜੀ ਸਖ਼ਤ

ਨਿਰਾਦਰੀ ਵਾਲੀ ਗੁਸਤਾਖ਼ੀ ਅਥਵਾ ਹੂੜ-ਮਤਿ ਹੈ। ਕੀ ਅਸੀਂ ਸਤਿਗੁਰਾਂ ਨਾਲੋਂ ਸਿਆਣੇ ਹਾਂ ? ਕੀ ਅਸੀਂ ਸਤਿਗੁਰਾਂ ਦੀ ਭੁੱਲ ਸੁਧਾਰ ਰਹੇ ਹਾਂ ? ਜਿਸ ਬਾਣੀ ਦੀ ਇੱਕ ਵੀ ਤੁਕ ਦਸ਼ਮੇਸ਼ ਜੀ ਨੇ ਗੁਰਿਆਈ ਦੇ ਕਾਬਲ ਨਹੀਂ ਸਮਝੀ ਅਸੀਂ ਕਿਸ ਅਧਿਕਾਰ ਨਾਲ ਉਸ ਨੂੰ ਗੁਰੂ ਬਾਣੀ ਦੀ ਬਰਾਬਰੀ ਦੇ ਰਹੇ ਹਾਂ ?

ਇਸ ਵਿਚ ਵੀ ਕਿਸੇ ਵਿਦਵਾਨ ਨੇ ਕਦੇ ਕੋਈ ਕਿੰਤੂ ਨਹੀਂ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸੇ ਤਰ੍ਹਾਂ ਗੁਰਿਆਈ ਨਹੀਂ ਸੀ ਸੌਂਪੀ ਗਈ ਜਿਵੇਂ ਪਹਿਲੇ ਨੌਂ ਗੁਰੂ ਸਾਹਿਬਾਨ ਨੂੰ ਸੌਂਪੀ ਜਾਂਦੀ ਰਹੀ ਹੈ। ਇਹ ਜ਼ਿੱਦ ਵੀ ਕਦੇ ਕਿਸੇ ਨਹੀਂ ਕੀਤੀ ਜੋ ਸਤਿਕਾਰ ਅਤੇ ਸ਼ਰਧਾ ਗੁਰੂ ਨਾਨਕ ਪਾਤਸ਼ਾਹ ਜੀ ਦੀ ਗੁਰਿਆਈ ਦੇ ਮਾਲਕ ਸਤਿਗੁਰੂ ਜੀ ਲਈ ਹੈ ਉਹੀ ਸਤਿਕਾਰ ਕਿਸੇ ਦੂਜੇ ਨੂੰ ਵੀ ਪ੍ਰਾਪਤ ਹੋਵੇ। ਫਿਰ ਇਹ ਵੀ ਕਦੇ ਕਿਸੇ ਵਿਦਵਾਨ ਨੇ ਸਿੱਧ ਨਹੀਂ ਕੀਤਾ ਕਿ ਦਸਮ ਗ੍ਰੰਥ ਸਾਹਿਬ-- " ਸੁਮੁੱਚੇ ਨੂੰ " ਜਾਂ ਉਸ ਦੇ " ਕਿਸੇ ਭਾਗ ਨੂੰ " ਦਸ਼ਮੇਸ਼ ਜੀ ਨੇ ਗੁਰਿਆਈ ਲਈ ਕਦੇ ਟਿੱਕਿਆ ਸੀ। ਅਤੇ ਫਿਰ ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਕਾਰ ਵਿਚ ਵਾਧਾ ਜਾਂ ਘਾਟਾ ਕਰ ਸਕਣ ਦੇ ਦਸ਼ਮੇਸ਼ ਜੀ ਨੂੰ ਪੂਰੇ ਅਧਕਾਰ ਸਨ। ਜਦ ਉਨ੍ਹਾਂ ਆਪਣਾ ਇੱਕ ਸ਼ਬਦ ਵੀ ਗੁਰਿਆਈ ਦੇ ਕਾਬਲ ਨਹੀਂ ਸਮਝਿਆ ਤਾਂ ਸਾਨੂੰ ਕਿੱਧਰੋਂ ਅਧਿਕਾਰ ਮਿਲ ਗਿਆ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਤੁੱਲ ਕਿਸੇ ਵੀ ਦੂਜੇ ਗ੍ਰੰਥ ਦੀ ਬਾਣੀ ਨੂੰ ਮਾਣਤਾ ਦੇਣੀ ਅਰੰਭ ਕਰ ਦੇਈਏ?

(੪) ਜੇ ਅਸੀਂ ਇਹ ਕਹਿ ਸਕਦੇ ਹਾਂ ਕਿ **ਕਾਲ, ਕਾਲਕਾ, ਭਗਉਤੀ** ਆਦਿ ਸਾਡੇ ਲਈ ਰੱਬ ਦੇ ਨਾਮ ਹਨ, ਤਾਂ ਫਿਰ ਮੂਰਤੀ ਦੇ ਪੁਜਾਰੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਪੱਥਰਾਂ ਵਿਚ ਰੱਬ ਦੇ ਦਰਸ਼ਨ ਹੁੰਦੇ ਹਨ, ਉਨ੍ਹਾਂ ਨੂੰ ਪੱਥਰ ਪੂਜ ਕਹਿ ਕੇ ਨਿੰਦਿਆ ਨਹੀਂ ਜਾਣਾ ਚਾਹੀਦਾ । ਸਾਡੀ ਆਪਣੀ ਹੂੜ-ਮਤਿ ਦੇ ਕਾਰਨ--**ਜੋ ਪਾਥਰ ਕਉ ਕਹਿਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥ ੧ ॥**[੧੧੬੦]--ਸਤਿਗੁਰੂ ਬਚਨ, ਆਪਣੇ ਆਪ ਵਿਅਰਥ ਬਣ ਕੇ ਰਹਿ ਜਾਣਗੇ। ਜਿਸ ਦਾ ਜੀਅ ਕਰਦਾ ਜਿਹੋ ਜਿਹਾ ਮਰਜ਼ੀ ਹੈ ਰੱਬ ਥਾਪ ਬੈਠੇ। ਨੇਕੀ ਬਦੀ, ਸ਼ੁੱਧ ਅਸ਼ੁੱਧ,, ਗੁਰਮਤਿ ਜਾਂ ਮਨਮਤ ਦਾ ਨਿਰਣਾ ਕਰ ਸਕਣ ਲਈ, ਗੁਰਸਿੱਖ ਕੋਲ **ਕੇਵਲ ਮਾਤ੍ਰ ਕਸਵੱਟੀ,** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਜਦ ਆਪਣੇ ਸਤਿਗੁਰੂ ਜੀ ਦਾ ਮਿਥਿਆ ਨਿੱਯਮ, ਅਸਾਂ ਆਪ ਭੰਗ ਕਰ ਲਿਆ, ਜਦ ਅਸੀਂ ਆਪ ਹੀ **ਲਛਮਣ-ਰੇਖਾ** ਟੱਪ ਖਲੋਤੇ ਹਾਂ, ਜਦ ਸਾਡਾ ਆਪਣਾ ਹੀ ਕੋਈ ਇੱਕ ਧੁਰਾ ਨਾ ਰਿਹਾ, ਤਾਂ ਅਸੀਂ ਕਿਸੇ ਨਿਰੰਕਾਰੀ, ਰਾਧਾ ਸੁਆਮੀ, ਨਾਮਧਾਰੀ ਆਦਿ, ਕਿਸੇ ਵੀ ਦੇਹ-ਧਾਰੀ ਗੁਰੂ ਵਿਰੁੱਧ ਕੋਈ ਬਚਨ ਕਿਵੇਂ ਬੋਲ ਸਕਦੇ ਹਾਂ? ਜਦ ਅਸਾਂ ਆਪ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਦੀ ਉਲੰਙਣਾ ਕਰਨੀ ਧਰਮ ਮੰਨ ਲਿਆ, ਤਾਂ ਸਾਡਾ ਨਿਖਸਮਿਆਂ ਦਾ ਕੀ ਹੱਕ ਰਹਿ ਗਿਆ ਕਿ ਅਸੀਂ ਕਿਸੇ ਦੂਜੇ ਨੂੰ ਉਪਦੇਸ਼ ਦੇਈਏ ਕਿ " ਗੁਰੂ ਕੇਵਲ ਸ਼ਬਦ ਹੁੰਦਾ ਹੈ, ਕੋਈ ਮਨੁੱਖ ਕਦੇ ਧਰਮ-ਗੁਰੂ ਨਹੀਂ ਬਣ ਸਕਦਾ " ? ਜੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਣ ਵਾਲੇ ਲਈ **ਕਾਲ, ਕਾਲਿਕਾ, ਭਗਉਤੀ** ਆਦਿ ਰੱਬ ਹੈ, ਤਾਂ ਦੇਹ ਧਾਰੀਆਂ ਤੇ ਵਿਸ਼ਵਾਸ਼ ਰੱਖਣ ਵਾਲਿਆਂ ਨੂੰ ਉਹੀ ਪ੍ਰਤੱਖ ਰੱਬ ਦਾ ਰੂਪ ਹਨ। ਕੇਵਲ ਇੱਕੋਂ ਹੀ ਬੰਨਾ ਹੈ ਜਦ ਉਹ ਟੱਪ ਲਿਆ ਤਾਂ ਗੁਰੂ ਸਿੱਖੀ ਜਿੰਨੇ ਮਰਜ਼ੀ ਧੜਿਆਂ ਵਿਚ ਵੰਡੀ ਜਾਂਦੀ ਰਹੇ ਕੋਈ ਰੋਕ ਨਾ ਰਹੀ। ਇਸ ਲਈ **ਜਿਸ ਲਿਖਾਰੀ ਦਾ ਪਿਤਾ ਸਰਬ ਕਾਲ ਹੈ ਅਤੇ ਮਾਤਾ ਦੇਬ ਕਾਲਕਾ ਹੈ ਉਸ ਨਾਲ ਸਾਡਾ ਕੋਈ ਵੀ ਵਾਸਤਾ ਨਹੀਂ ਹੋਣਾ ਚਾਹੀਦਾ? ਅਜੇਹੇ ਦੇਵੀ ਦੇਵਤਿਆਂ ਦੀ ਪੂਜਾ ਤੋਂ ਜੋ ਪ੍ਰਾਪਤੀ ਰੂਪ ਹਲਨੀ ਹੁੰਦੀ ਹੈ ਉਸ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਫ਼ੁਰਮਾਨ:--**

੧੦੮- **ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥ ੧ ॥ ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥ ੧ ॥ ਰਹਾਉ ॥ ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥ ੨ ॥ ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥ ਤੂ ਕਹੀਅਤਿ ਹੀਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥ ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥ ੫ ॥**[੮੭੪]-੨-੬

੧੦੯- **ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥ ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥ ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥ ੧ ॥ ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥ ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥ ੨ ॥ ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥ ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥ ੩ ॥ ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ ੪ ॥**[੮੭੪]-**੩-੭**

(ਉਪਰੋਕਤ ਦੋਵੇਂ ਗੁਰੂਬਾਣੀ ਸ਼ਬਦ ਬੜੀ ਵਿਸਥਾਰ ਵਾਲੀ ਪੂਰੀ ਵਿਚਾਰ ਸਮੇਤ, ਪੁਸਤਕ ਦੇ ਪਹਿਲੇ ਭਾਗ ਦੇ ਤੀਜੇ ਕਾਂਡ ਦੇ ੮੨ ਅਤੇ ੮੯ ਨੰਬਰਾਂ ਤੇ ਲਿਖੇ ਹੋਏ ਹਨ। ਜੇ ਇਹ ਸਮਝਣ ਵਿਚ ਕਸਰ ਰਹਿ ਜਾਵੇ ਕਿ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ, ਸ਼ਿਵ ਆਦਿ ਦੇਵਤਿਆਂ, ਦਸ਼ਰਥ ਦੇ ਪੁੱਤਰ ਰਾਮ ਜੀ ਅਥਵਾ ਹੋਰ ਕਥਿਤ ਅਵਤਾਰਾਂ ਨੂੰ ਅਤੇ ਦੇਵੀਆਂ ਨੂੰ ਅਕਾਲਪੁਰਖ ਦੇ ਰੂਪ ਵਿਚ ਕਿਸ ਕਾਰਨ ਨਹੀਂ ਲਿਖਿਆ ਤਾਂ ਪਹਿਲੇ ਭਾਗ ਵਿਚੋਂ ਵਿਆਖਿਆ ਪੜ੍ਹ ਲੈਣੀ ਜੀ)

(੫) ਬਚਿਤ੍ਰ ਨਾਟਕ ਨੇ ਇੱਕ ਬੜੀ ਹੀ ਬਚਿਤ੍ਰ ਖੇਡ ਇਹ ਵਰਤਾਈ ਹੈ ਕਿ ਪਹਿਲਾਂ ਪ੍ਰਭਾਵ ਤਾਂ ਇਹ ਦਿੱਤਾ ਹੈ ਕਿ ਲਿਖਾਰੀ ਜੀ ਨੂੰ ਉਪਦੇਸ਼ ਦੇ ਕੇ (ਉਸੇ ਦੇਸ਼ ਦੇ ਪਹਾੜਾਂ ਤੋਂ ਉਸੇ ਦੇਸ਼ ਦੇ ਮੈਦਾਨੀ ਇਲਾਕੇ ਰੂਪ) ਜਗਤ ਵਿਚ ਅਕਾਲਪੁਰਖ ਜੀ ਨੇ ਭੇਜਿਆ ਸੀ ਇਸ ਨਾਤੇ ਉਨ੍ਹਾਂ ਦੇ ਗੁਰੂ ਆਕਾਲ ਪੁਰਖ ਹੀ ਹਨ, ਪਰ ਹੁਣ ਏਥੇ ਪੰਜਵੀ ਚੌਪਈ ਵਿਚ--**ਮਨੂਆ ਗੁਰ ਮੁਰਿ**--ਭਾਵ, ਮੇਰਾ ਗੁਰੂ ਮੇਰਾ ਮਨ ਹੈ '--ਕਹਿ ਰਹੇ ਹਨ। ਅਤੇ ਫਿਰ ਗੁਰਬਾਣੀ ਸਰਬਤ ਲਈ ਰਿਜ਼ਕ ਦੇ ਭੰਡਾਰ ਧਰਤੀ ਨੂੰ ਮਾਤਾ-- " **ਮਾਤਾ ਧਰਤ ਮਹਤ** " ਤਾਂ ਕਿਹਾ

ਹੈ, ਪਰ **ਮਨਸਾ** ਨੂੰ **ਮੱਯਾ** ਕਿਸੇ ਥਾਂ ਨਹੀਂ ਲਿਖਿਆ। ਪੁਰਾਣਕ ਗ੍ਰੰਥਾਂ ਵਿਚ ਅਤੇ ਜਾਂ ਹੁਣ ਅਸਾਂ ਬਚਿੱਤ੍ਰ ਨਾਟਕ ਵਿਚ ਇਹ ਕੁਝ ਵੀ ਪੜ੍ਹ ਲਿਆ ਹੈ।

**ਗੁਰੂ ਗ੍ਰੰਥ ਸਾਹਿਬ ਜੀ ਨੇ ਮਨ ਨੂੰ, ਰਾਜਾ, ਸੁਲਤਾਨ, ਹਾਥੀ, ਡੱਡੂ, ਊਠ, ਘੋੜਾ, ਖੋਤਾ, ਪੰਛੀ, ਅਮੋੜ ਬਾਲਕ, ਅੰਧਾ, ਕਠੋਰ, ਖੋਟਾ, ਜੂਠਾ, ਮੈਲਾ,** ਆਦਿ ਕਈ ਕੁਝ ਕਿਹਾ ਹੈ ਮਨ ਨੂੰ ਜੋਤਿ ਸਰੂਪ ਵੀ ਆਖਿਆ ਪਰ ਸਤਿਗੁਰਾਂ ਨੇ **ਮਨ** ਨੂੰ **ਗੁਰੂ** ਕਿਸੇ ਥਾਂ ਨਹੀਂ ਕਿਹਾ। ਜੇ ਸਤਿਗੁਰਾਂ ਨੇ ਕਿਸੇ ਨੂੰ ਗੁਰੂ ਕਿਹਾ ਹੈ ਤਾਂ ਜਾਂ ((੧) **ਸਬਦ ਗੁਰੂ ਸੁਰਤਿ ਧੁਨਿ ਚੇਲਾ** ॥ [੯੪੩] **ਬਾਣੀ ਗੁਰੂ ਗੁਰੂ ਹੈ ਬਾਣੀ ...** ਵੀ ਫੁਰਮਾਨ ਵੀ ਹੋਇਆ ਹੈ। ਏਥੇ ਸਬਦ ਅਥਵਾ ਬਾਣੀ ਦਾ ਅਰਥ ਗਿਆਨ ਹੈ। ਅਤੇ ਸਬਦ **ਹਜ਼ਾਰੇ ਰਾਮਕਲੀ ਪਾਤਿਸ਼ਾਹੀ ੧੦॥** ਵਿਚ ਗਿਆਨ ਨੂੰ ਗੁਰੂ ਫ਼ੁਰਮਾਨ ਕੀਤਾ ਹੈ--**(੨) ਗਿਆਨ ਗੁਰੂ ਆਤਮ ਉਦੇਸਹੁ ਨਾਮ ਬਿਭੂਤ ਲਗਾਓ॥ ੧ ॥** **(੩)** ਕਬੀਰ ਸਾਹਿਬ ਨੇ ਵੀ ਬਿਬੇਕ-ਰੂਪ ਗਿਆਨ ਨੂੰ ਹੀ ਗੁਰੂ ਕਿਹਾ ਹੈ--**ਕਹੁ ਕਬੀਰ ਮੈਂ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ ॥ ੪ ॥**[੭੯੩] **ਗੁਰਬਾਣੀ ਵਿਚ (੫) ਪਵਣੁ** ਅਥਵਾ **ਪਉਣ** ਨੂੰ ਵੀ ਗੁਰੂ ਲਿਖਿਆ ਹੈ । **ਬਚਿਤ੍ਰ ਨਾਟਕ ਸਾਰੇ ਦੀ ਲੀਲ੍ਹਾ ਹਰ ਪਾਸਿਓਂ ਨਿਆਰੀ ਹੈ।**

**(੬)** **ਬਚਿਤ੍ਰ ਨਾਟਕ ਵਿਚ ਦਸ਼ਮੇਸ਼ ਜੀ ਦੀ ਜੀਵਨ ਲੀਲ੍ਹਾ ਦਾ ੧੦੦ਵਾਂ ਹਿੱਸਾ ਵੀ ਨਹੀਂ ਲਿਖਿਆ ਅਤੇ ਸਮਾਪਤੀ ਹੋ ਗਈ।**ਜੇ ਸਚ-ਮੁਚ ਬਚਿਤ੍ਰ ਨਾਟਕ ਦੇ ਲਿਖਾਰੀ ਦਸ਼ਮੇਸ਼ ਜੀ ਹੁੰਦੇ ਤਾਂ **ਸਤਵੀ ਚੋਪਈ ਵਿਚ ਇਹ ਕੁਝ ਕਦੇ ਨਹੀਂ ਸੀ ਲਿਖਣਾ---ਜੋ ਜੋ ਜਨਮ ਪੁਰਬਲੇ ਭਯੋ ॥ ਸੋ ਸੋ ਸਭ ਸਿਮਰਣ ਕਰ ਦਯੋ ॥**ਅਠਵੀ ਚੌਪਈ ਵਿਚ **ਸਰਬ ਕਾਲ** ਦਾ ਸ਼ੁਕਰਾਨਾ ਨਹੀਂ ਸੀ ਕਰਨਾ ਸਗੋਂ " **ਅਕਾ**ਲ ਪੁਰਖ ਵਾਹਿਗੁਰੂ ਜੀ ਦੇ ਧਨਵਾਦੀ ਹੋਣਾ ਸੀ।

ਅੱਗੇ ਨੌਵੀ ਚੌਪਈ ਪੰਡਿਤ ਨਰੈਣ ਸਿੰਘ ਜੀ ਵਿਦਿਆ ਮਾਰਤੰਡ ਜੀ ਦੇ ਕੀਤੇ ਟੀਕੇ **ਸਮੇਤ**:--

**ਸਰਬ ਕਾਲ ਰਛਾ ਸਬ ਕਾਲ ॥ ਲੋਹ ਰੱਛ ਸਰਬ ਦਾ ਬਿਸਾਲ ॥**
**ਢੀਠ ਭਯੋ ਤਵ ਕ੍ਰਿਪਾ ਲਖਾਈ ॥ ਐਂਡ ਫਿਰੋ ਸਭਨ ਭਯੋ ਰਾਈ ॥ ੯ ॥**

ਪੰਡਤਿ ਜੀ ਨੇ ਇਹ ਬਚਿਤ੍ਰਨਾਟਕ-ਰੂਪ ਸੰਖੀਆ ਕਿਉਂਕਿ ਖ਼ਾਲਸਾ ਜੀ ਦੇ ਸੰਘੋਂ ਥੱਲੇ ਜ਼ਰੂਰ ਧੱਕ ਕੇ ਹੀ ਦਮ ਲੈਣਾ ਸੀ ਇਸ ਲਈ-ਸਰਬ ਕਾਲ ਲੋਹ ਆਦਿ ਦੇ ਅਰਥ ਆਪਣੀ ਵਿਦਵਤਾ ਨਾਲ ਘੜ ਘੜ ਕੇ ਲਿਖੇ ਹਨ ਪਰ ਅਸਲੀਯਤ ਨੂੰ ਜਿੰਨਾ ਮਰਜ਼ੀ ਲੁਕਾਉ ਸਾਰੇ ਪਰਦੇ ਪਾੜ ਕੇ ਬਾਹਰ ਆ ਜਾਂਦੀ ਹੈ । --" ਸਰਬ ਕਾਲ " (ਵਾਹਿਗੁਰੂ) (ਜੀ ਦੀ ਮੈਨੂੰ) ਸਭ ਸਮਿਆਂ ਵਿਚ **ਰੱਖ ਹੈ। ਹੇ (ਲੋਹ)** ਪ੍ਰਕਾਸ਼ ਰੂਪ ! (ਤੂਹੀ ਮੇਰਾ) ਸਾਰੇ ਸਮਿਆਂ ਵਿਚ ਵੱਡਾ ਰਾਖਾ ਹੈ। (ਆਪਨੇ ਪੁਰ) ਤੇਰੀ ਕ੍ਰਿਪਾ ਜਾਣੀ ਹੈ, (ਇਸ ਲਈ ਮੈਂ ਸਭ ਤੋਂ) ਨਿਡਰ ਹੋ ਗਿਆ ਹਾਂ। **ਸਾਰਿਆਂ ਦਾ <u>ਰਾਜਾ ਹੋ ਕੇ ਆਕੜਿਆ ਫਿਰਦਾ ਹਾਂ ।</u> ੯ ।**

**ਲੋਹ ਦਾ** ਅਰਥ ਪੰਡਿਤ ਜੀ ਨੇ ਪ੍ਰਕਾਸ਼ ਰੂਪ- ਲਿਖਿਆ ਹੈ ਪਰ **ਮਹਾਨ ਕੋਸ਼ ਵਿਚ** ਲੋਹ ਦੇ ਅਰਥ ਇਸ ਪ੍ਰਕਾਰ ਹਨ:--ਲੋਹਾ-" ਗੁਰ ਪਾਰਸ, ਹਮ ਲੋਹ." (ਤੁਖਾ-ਛੰਤ ਮ: ੪) ੨ ਮੱਛੀ ਫਸਾਉਣ ਦੀ ਕੁੰਡੀ-" ਜਿਹਬਾ ਸੁਆਦੀ ਲੀਲਤ ਲੋਹ. "। (ਸਾਰ ਨਾਮਦੇਵ) ੩ ਲੋਹੇ ਦਾ ਵਡਾ ਤਵਾ । ੪ ਲੋਹੇ ਦਾ ਭਾਂਡਾ । ਇਸ ਤੋਂ ਇਹ ਵੀ ਸਿੱਧ ਹੋ ਗਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਲੋਹ ਨੂੰ ਪ੍ਰਕਾਸ਼ ਰੂਪ ਨਹੀਂ ਮੰਨਿਆਂ । ਪੈਰ ਪੈਰ ਤੇ ਗੁਰਬਾਣੀ ਤੋਂ ਬੇ-ਪਰਵਾਹੀ ਦਾ ਵਿਖਾਵਾ ਹੋ ਰਿਹਾ ਹੈ।

**ਐਡੋ** ਦਾ ਅਰਥ ਪੰਡਿਤ ਜੀ ਨੂੰ " ਆਕੜਿਆ ਫਿਰਦਾ " ਲਿਖਣਾ ਪੈ ਹੀ ਗਿਆ। **ਹਉਮੈ ਹੰਕਾਰ** ਦੇ ਪ੍ਰਗਟਾਵੇ ਵਾਲੇ " ਆਕੜਿਆ ਫਿਰਨਾਂ " ਬਚਨ, ਦਸ਼ਮੇਸ਼ ਜੀ ਦੀ ਸ਼ਾਨ ਦੇ ਅਨਕੂਲ ਨਹੀਂ ਹਨ । ਅਤੇ ਗੁਰਬਾਣੀ ਵਿਚ --ਐਡੋ ਲਜ਼ਫ਼ ਬੜੇ ਹੋਲੇ ਅਤੇ ਫੋਕੇ ਹੰਕਾਰੀ ਦੇ ਜ਼ਿਕਰ ਸਮੇਂ ਵਰਤਿਆ ਹੋਇਆ ਹੈ:--

੧੧੦- **ਕਹਾ ਨਰ ਗਰਬਸਿ ਥੋਰੀ ਬਾਤ ॥**
**ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੋ ਜਾਤੁ ॥ ੧ ॥ ਰਹਾਉ ॥** [੧੨੫੧]-੧

ਅਗੇ ਬਚਿਤ੍ਰ ਨਾਟਕ ਜੀ ਇਉਂ ਫ਼ੁਰਮਾਨ ਕਰਦੇ ਹਨ:--

**ਜਿਹ ਜਿਹ ਬਿਧਿ ਜਨਮਨ ਸੁਧਿ ਆਈ ॥ ਤਿਮ ਤਿਮ ਕਹੇ ਗਿਰੰਥ ਬਨਾਈ ॥**
**ਪ੍ਰਥਮੇ ਸਤਿਜੁਗ ਜਿਹ ਬਿਧਿ ਲਹਾ ॥ ਪ੍ਰਥਮੈ ਦੇਬਿ ਬਚਿਤ੍ਰ ਕੋ ਕਹਾ ॥ ੧੦ ॥**

**ਅਰਥ**:--ਜਿਸ ਜਿਸ ਤਰ੍ਹਾਂ ਅਵਤਾਰਾਂ ਦੀ ਸੁਰਤ ਆਈ ਹੈ। ਤਿਵੇਂ ਤਿਵੇਂ ਗ੍ਰੰਥ ਤਿਆਰ ਕਰ ਕੇ ਕਹਿ ਦਿਤੇ ਹਨ। ਪਹਿਲੇ ਸਤਿਜੁਗ (ਦਾ ਖੇਲ) ਜਿਸ ਤਰ੍ਹਾਂ ਜਾਣਿਆ ਹੈ, (ਉਸ ਨੂੰ ਮੈਂ) ਦੇਵੀ ਦੇ ਪਹਿਲੇ ਚਰਿਤ੍ਰ ਵਿਚ ਕਹਾਂਗਾ । ੧੦ ।

**(੧)** ਪਹਿਲੀ ਧਿਆਨ ਦੇਣ ਗੋਚਰੀ ਬੜੀ ਜ਼ਰੂਰੀ ਗੱਲ ਇਹ ਹੈ ਕਿ ਇਸ ਚੌਪਈ ਨੇ ਉਨ੍ਹਾਂ **ਲੋਕਾਂ ਨੂੰ ਮੁਢੋਂ ਹੀ ਝੂਠੇ** ਕਰ ਦਿੱਤਾ ਹੈ ਜਿਹੜੇ ਇਹ ਕਹਿ ਰਹੇ ਹਨ ਕਿ," ਦਸ਼ਮੇਸ਼ ਜੀ ਨੇ ਹਿੰਦੂਆਂ ਦੇ ਪੁਰਾਤਨ ਗ੍ਰੰਥਾਂ ਦਾ ਕੇਵਲ ਉਲਥਾ ਹੀ ਕੀਤਾ ਹੈ ਆਪਣੇ ਕੋਲੋਂ ਕੁਝ ਨਹੀਂ ਲਿਖਿਆ।

(੨) ਸਪੱਸ਼ਟ ਹੈ ਕਿ, ਸਤਿਜੁਗ ਤੋਂ ਪੁਰਾਣਕ ਅਵਤਾਰਾਂ ਦਾ ਅਤੇ ਦੇਵੀਆਂ ਦਾ ਹਾਲ ਲਿਖਣ ਦੀ ਗੱਲ ਕਰਨ ਵਾਲੇ ਲਿਖਾਰੀ ਕੋਲ, ਦਸ਼ਮੇਸ਼ ਜੀ ਦੀ ਪੂਰੀ ਆਤਮ ਕਥਾ ਲਿਖਣਾ ਲਈ ਬਹੁਤ ਸਮਾ ਸੀ। ਪਰ ਪਹਿਲੇ ਦਿਨ ਹੀ ਜਨੇਊ ਪਾਉਣ ਤੋਂ ਨਾਹ ਕਰ ਦੇਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਅੰਕ ਤੋਂ ਅਰੰਭ ਹੋਣ ਵਾਲੀ ਪਾਵਨ ਬਾਣੀ ਜਪੁ (ਸਾਹਿਬ) ਦੀ ਪੰਜਵੀ ਪਉੜੀ ਵਿਚ --**ਗੁਰਮੁਖਿ ਨਾਦੰ ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਇ ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੫ ॥** ਬ੍ਰਾਹਮਣੀ ਭਗਵਾਨਾਂ ਦੀ ਅੱਡਰੀ ਮਾਨਤਾ ਨੂੰ ਰੱਦ ਕਰ ਦਿੱਤਾ। ਅਤੇ ਫਿਰ ੨੭ਵੀ ਪਉੜੀ ਵਿਚ--

੧੧੧- " ਗਾਵਹਿ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ ॥ ਗਵਿਹਿ ਚਿਤੁ ਗੁਪਤੁ ਲਿਖਿ ਜਾਣਹਿ, ਲਿਖਿ ਲਿਖਿ ਧਰਮੁ ਵੀਚਾਰੇ ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥

ਇਨ੍ਹਾਂ ਕਥਿਤ ਦੇਵਤਿਆਂ ਅਤੇ ਭਗਵਾਨਾਂ ਦਾ ਵਰਣਨ ਕਰਨ ਉਪ੍ਰੰਤ, ਫਿਰ ਅੱਗੇ ਨਾਲ ਹੀ--

ਗਾਵਿਹ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥ ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥ ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ। ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵਹਿ ਜੋਧ ਮਹਾਂ ਬਲਸੂਰਾ ਗਾਵਹਿ ਖਾਣੀ ਚਾਰੇ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ ਹੋਰਿ ਕੇਤੇ ਗਾਵਨਿ ਸੇ ਮੈ ਵਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥ ...॥ ੨੭

**ਗਾ**ਉਣ ਦਾ ਅਰਥ ਭਾਵੇ ਰਾਗ ਨਾਲ ਜੋੜ ਕੇ ਸਾਰਿਆਂ ਨੂੰ ਅਕਾਲਪੁਰਖ ਦੇ ਦਰਬਾਰ ਦੇ ਗਵੱਯੇ ਭੰਡ ਮਿਥ ਲਉ, ਭਾਂਵੇ ਸ਼ਿਫਤਿ ਸਾਲਾਹ ਕਰਨ ਵਾਲੇ, ਭਾਵੇਂ ਪ੍ਰਭੂ ਦੇ ਦਰ ਦੇ ਸਵਾਲੀ ਜਾਣ ਲਉ, ਅਤੇ ਭਾਵੇਂ ਪ੍ਰਭੂ ਦਾ ਸਿਮਰਨ ਕਰਨ ਵਾਲੇ ਸਮਝ ਲਉ, ਪਰ ਇਹ ਜਿਹੜੇ ਲੋਕਾਂ ਦੇ ਕਰਮਾਂ ਦੇ ਲਿਖਣ-ਹਾਰੇ, ਅਥਵਾ ਕਰਮਾਂ ਅਨੁਸਾਰ ਧਰਮ ਨਿਆਂ ਕਰਨ ਵਾਲੇ, ਅਥਵਾ ਕਥਿਤ ਤੌਰ ਤੇ ਸ੍ਰਿਸ਼ਟੀ ਦੇ ਕਥਿਤ ਰਚੇਤਾ, ਅਤੇ ਪਾਲਣਾ ਕਰਨ ਵਾਲੇ ਅਥਵਾ ਖੈ ਕਰਨ ਵਾਲੇ (ਪਉਣ ਦੇਵਤਾ, ਪਾਣੀ ਦੇਵਤਾ, ਅਗਨੀ ਦੇਵਤਾ, ਚਿਤਰ ਗੁਪਤ, ਧਰਮ-ਰਾਜ, ਸ਼ਿਵ, ਬ੍ਰਹਮਾ, ਇੰਦਰ, ਦੇਵੀ ਦੇਵਤੇ, ਆਦਿ) ਸਾਰੇ ਭਗਵਾਨ ਵੀ ਉਥੇ ਹੀ ਖੜੇ ਹਨ ਜਿੱਥੇ ਚੌਹਾ ਖਾਣੀਆਂ ਦੇ ਜੀਵ ਜੰਤ ਕੀੜੇ ਮਕੌੜੇ ਵਿਚਰ ਰਹੇ ਹਨ। ਬੜੀ ਮਿੱਠੀ ਬੋਲੀ ਵਰਤ ਕੇ ਪ੍ਰੋਹਿਤਵਾਦੀ ਭਗਵਾਨਾਂ ਦੀ ਜੱਖਣਾ ਪੁੱਟ ਮਾਰੀ ਹੈ। ਪਰ ਅਜੇ ਹੋਰ ਸਪੱਸ਼ਟ ਸ਼ਬਦਾਂ ਵਿਚ, ਇਸ ਤੋਂ ਵੀ ਅੱਗੇ ਇਉਂ ਵੀ ਫੁਰਮਾ ਦਿੱਤਾ ਕਿ:--

੧੧੨- **ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥**
**ਕਾਮੁ ਕ੍ਰੋਧੁ ਪਸਰਿਆ ਸੰਸਾਰੇ , ਆਇ ਜਾਇ ਦੁਖੁ ਪਾਵਣਿਆ ॥ ੨ ॥**[੧੨੯] ਅਸਟ-੩੩

ਪ੍ਰਿੰ: ਸਾਹਿਬ ਸਿੰਘ ਜੀ ਦੇ ਲਿਖੇ ਅਰਥਾਂ ਦੇ ਅਧਾਰ ਤੇ ਸੰਖੇਪ ਵਿਚ ਏਹੀ ਕਿਹਾ ਜਾ ਸਕਦਾ ਹੈ ਕਿ ਦੇਵੀ ਦੇਵਤਿਆਂ ਦਾ ਰਚਿਆ ਜਾਣਾ ਕੇਵਲ, ਠੱਗ-ਧਰਮ-ਗੁਆਂ ਅਤੇ ਮਾਇਆ ਧਾਰੀ-ਸਿਆਸੀ ਲੋਕਾਂ ਦੀ ਮਿਲਵੀਂ ਯੋਜਨਾਂ ਦੁਆਰ ਰਚਿਆ ਮਾਇਆ ਜਾਲ ਤੋਂ ਵੱਧ ਹੋਰ ਕੁਝ ਨਹੀਂ ਹੈ। ਦੇਵੀ ਦੇਵਤਿਆਂ ਬਾਰੇ ਗੁਰੂ-ਮਤਿ ਦਾ ਫ਼ੈਸਲਾ ਕਈ ਗੁਰੂ-ਸ਼ਬਦਾਂ ਦੇ ਅਧਾਰ ਤੇ ਹੋਰ ਚੰਗੀ ਤਰ੍ਹਾਂ ਖੋਹਲ ਕੇ ਪੁਸਤਕ ਦੇ ਪਹਿਲੇ ਭਾਗ ਦੇ ਤੀਜੇ ਕਾਂਡ ਦੇ ੨੦, ੨੧ ਅਤੇ ੨੨ ਲੇਖਾਂ ਵਿਚ ਲਿਖਿਆ ਹੋਇਆ ਹੈ। ਗੁਰੂ ਦੇ ਸਿੱਖ ਨੂੰ ਤਾਂ ਅੱਜ ਤਾਈਂ ਵੀ ਗੁਰੂ-ਬਾਣੀ ਦੇ ਚਮਤਕਾਰੀ ਗਿਆਨ ਦੀ ਪੂਰੀ ਸੋਝੀ ਨਹੀਂ ਆਈ ਪਰ ਚਲਾਕ ਬ੍ਰਾਹਮਣ ਪਹਿਲੇ ਦਿਨ ਤੋਂ ਹੀ ਗੁਰਬਾਣੀ ਦੇ ਹਰ ਸ਼ਬਦ ਨੂੰ ਕਈ ਕਈ ਵਾਰੀ ਵਿਚਾਰਦਾ ਅਤੇ ਤੋਲਦਾ ਆ ਰਿਹਾ ਹੈ। ਵਿਦਵਾਨ ਬ੍ਰਾਹਮਣ ਜਾਣਦਾ ਸੀ ਗੁਰੂ ਨਾਨਕ ਸਾਹਬ ਜੀ ਨੇ ਸਿੱਖ ਧਰਮ ਵਿਚੋਂ ਦੇਵੀ ਦੇਵਤਿਆਂ ਦੀ ਹੋਂਦ ਵਾਲੇ ਭਰਮ ਨੂੰ ਮੁਕਾ ਦਿੱਤਾ ਹੈ। ਸੋ, ਵਡੇ ਚਪਲਬੁੱਧੀ, ਦੂਰ-ਅੰਦੇਸ਼, ਪਰਲੇ ਦਰਜੇ ਦੇ ਮੱਕਾਰ, ਉੱਚ ਕੋਟੀ ਦੇ ਵਿਦਵਾਨ, ਨਿਪੰਨ ਕਵੀ, ਪ੍ਰੋਹਿਤ ਨੇ ਅਜੇਹੇ ਗ੍ਰੰਥ ਦੀ ਰਚਨਾ ਕਰਕੇ ਦਸ਼ਮੇਸ਼ ਜੀ ਦੇ ਨਿਜ-ਧਾਮ ਦੇ ਪਿਆਣੇ ਦੇ ਅੱਠ ਨੌਂ ਸਾਲ ਪਿਛੋਂ ਅਜੇਹੀ ਸਫ਼ਲਤਾ ਨਾਲ ਸਿੱਖ ਪੰਥ ਦਾ ਧਰਮ ਗ੍ਰੰਥ ਬਣਾਇਆ, ਕੇ ਲਗ-ਪਗ ਸਾਰੇ ਪੰਥ ਨੇ ਇਸ ਨੂੰ ਦਸ਼ਮੇਸ਼ ਜੀ ਦੀ ਆਪਣੀ ਹੀ ਕਿਰਤ ਮੰਨ ਲਿਆ। ਦੇਵੀ ਦੇਵਤਿਆਂ ਅਤੇ ਅਵਤਾਰਾਂ ਦੀ ਹੋਂਦ ਨੂੰ ਭਰਮ ਕਹਿਣ ਵਾਲੇ ਗੁਰੂ ਨਾਨਕ ਸਾਹਿਬ ਜੀ ਦੀ ਆਪਣੀ ਹੀ ਮੋਹਰ ਲੁਆ ਕੈ ਇਸ ਸਾਰੇ ਝੂਠ ਨੂੰ ਸੱਚ ਬਣਾ ਲਿਆ। ਏਥੇ ਹੀ ਬੱਸ ਨਾ ਕੀਤੀ ਸਗੋਂ ਇਸ ਤੋਂ ਵੀ ਬਹੁਤ ਅੱਗੇ, ਅੱਠ ਗੁਰੂ ਸਾਹਿਬਾਨ ਨੂੰ ਵਿਸ਼ਨੂੰ ਦੇ ਕਥਿਤ ਅਵਤਾਰ, ਸ੍ਰੀ ਰਾਮ ਜੀ ਦੀ ਹੀ ਜਦ ਵਿਚੋਂ ਸਿੱਧ ਕਰ ਲਿਆ। ਬ੍ਰਾਹਮਣ ਦੀਆਂ ਲਿਖਤਾਂ ਦਾ ਹੀ ਕਮਾਲ ਹੈ ਕਿ ਖ਼ਾਲਸਾ ਕੌਮ ਭਾਰਤੀ ਵਿਧਾਨ ਵਿਚ ਕਦੇ ਵੀ ਅੱਡਰੀ ਕੌਮ ਨਹੀਂ ਬਣ ਸਕਣ ਲੱਗੀ। ਜਦੋ ਵੀ ਕਦੇ ਖ਼ਾਲਸਾ ਜੀ ਨੇ ਕਾਨੂੰਨੀ ਚਾਰਾ -ਜੋਈ ਅਰੰਭ ਕੀਤੀ, ਗੁਰਮਤਿ ਦੇ ਨਿਆਰੇ ਗਿਆਨ ਦੀ ਸ਼ੁੱਧਤਾ ਵਿਗਾੜ ਕੇ ਪਿੰਗਲਾ ਹੋ ਚੁੱਕੇ ਖ਼ਾਲਸਾ ਜੀ ਨੇ ਮੂੰਹ ਦੀ ਖਾਣੀ ਹੈ। ਉਮਰ ਦੇ ਅੰਤਮ ਦਿਨਾਂ ਵਿਚ ਪੁੱਜੇ, ਇਸ ਨਿਸ਼ਕਾਮ ਢੰਡੋਰਚੀ (ਦਾਸ ਗੁਰਬਖ਼ਸ਼ ਸਿੰਘ) ਦੀ ਹਾਲ-ਦੁਹਾਈ **ਜੇ ਨਾ ਸੁਣੀ** ਤਾਂ, **ਹੰਮ ਹਿੰਦੂ ਨਹੀਂ** ਲਿਖਣ ਵਾਲੇ ਸਿੰਘ ਜੀ ਨੇ ਅਛੋਪਲੇ ਹੀ " **ਹਮ ਹਿੰਦੂ ਹੀ ਹੈ** ' ਕਹਿਣਾ ਝੱਲ ਜਾਣਾ ਹੈ।

**(੭)** **ਨਾਟਕ ਦੀ ਗੱਲ ਅੱਗੇ ਤੁਰੀ:**--ਖ਼ਾਲਸਾ ਜੀ ਨੂੰ ਧੜਿਆਂ ਵਿਚ ਵੰਡ ਦੇਣ ਲਈ ਏਨਾ ਹੀ ਲਿਖਿਆ ਬਹੁਤ ਸੀ। ਲਿਖਾਰੀ ਨੂੰ ਕੀ ਲੋੜ ਸੀ ਕਿ, ਖੰਡੇ ਬਾਟੇ ਦੇ ਅੰਮ੍ਰਿਤ ਬਾਰੇ, ਜਾਂ ਦਸ਼ਮੇਸ਼ ਜੀ ਦਿਆਂ ਸਾਹਿਬ-ਜ਼ਾਦਿਆਂ ਬਾਰੇ ਇੱਕ ਅੱਖਰ ਵੀ ਲਿਖਦਾ ? ਇਤਿਹਾਸ ਦੇ ਲਿਖਾਰੀਆਂ ਅਨੁਸਾਰ ਮੁਹੰਮਦ ਮੁਅੱਜ਼ਿਮ ਬਹਾਦਰ ਸ਼ਾਹ (ਜਿਸ ਦਾ ਜ਼ਿਕਰ ਬਚਿੱਤਰ ਨਾਟਕ ਦੇ ੧੩ਵੇਂ ਅਧਿਆ ਤੋਂ ਅਰੰਭ ਹੋਇਆ ਹੈ) ਸੰਮਤ ੧੭੫੩ ਸਾਵਣ ਦੇ ਮਹੀਨੇ ਦੀ ੧੩ ਨੂੰ ਆਗਰੇ ਤੋਂ ਪੰਜਾਬ ਵਲਿ ਚੜ੍ਹਿਆ ਸੀ। ਜਦ ਕਿ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ੨੩ ਮਾਘ ਸੰਮਤ ੧੭੪੩ ਨੂੰ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਨਮ ੧੭੪੭ ਤੱਕ ਹੋ ਚੁੱਕਾ ਸੀ। ਗੁਰਮਤਿ ਵਿਰੋਧੀ ਭਰਮ ਪਾਉਣ ਲਈ ਤਾਂ ਆਪਣੇ ਮਾਤਾ ਪਿਤਾ ਨੂੰ ਯੋਗ ਸਾਧਨਾ ਕਰਦੇ ਅਤੇ ਤੀਰਥਾਂ ਦਾ ਇਸ਼ਨਾਨ ਅਤੇ ਦਾਨ ਪੁੰਨ ਕਰਦੇ ਵੀ ਦਰਸਾਇਆ ਹੈ, ਪਰ ਗੁਰਮਤਿ ਦੇ ਪ੍ਰਧਾਨ ਅੰਗ, ਗ੍ਰਿਹਸਤੀ ਜੀਵਨ ਨਾਲ ਸੰਬੰਧਤ ਵਿਆਹ ਸ਼ਾਦੀ ਦਾ ਅਤੇ ਔਲਾਦ ਦਾ ਜ਼ਿਕਰ ਕਿਸ ਕਾਰਨ ਨਾ ਲਿਖਿਆ ਜਾ ਸਕਿਆ? ਗੁਰਮਤਿ ਵਿਚ ਜਿਹੜੇ ਰਲੇ ਅਜੇ ਹੋਰ ਪਾਉਣੇ ਸਨ ਉਨ੍ਹਾਂ ਦਾ ਜ਼ਿਕਰ ਬੜੇ ਚੇਤੇ ਨਾਲ ਕੀਤਾ ਹੈ:-

**ਪਹਿਲੇ ਚੰਡੀ ਚਰਿਤ੍ਰ ਬਨਾਯੋ ॥ ਨਖ ਸਿਖ ਤੇ ਕ੍ਰਮ ਭਾਖ ਸੁਨਾਯੋ ॥**
**ਛੋਰ ਕਥਾ ਤਬ ਪ੍ਰਥਮ ਸੁਨਾਈ ॥ ਅਬ ਚਾਹਤ ਜਿਰਿ ਕਰੌ ਬਡਾਈ ॥ ੧੧ ॥**

ਪਾਠਕ ਸੱਜਣ ਧਿਆਨ ਦੇਣ ਕਿ ਇਸ ਲਿਖਤ ਵਿਚੋਂ ਜ਼ਰਾ ਵੀ ਸੰਕੇਤ ਨਹੀਂ ਮਿਲਦਾ ਕਿ ਲਿਖਾਰੀ ਨੂੰ ਇਨ੍ਹਾਂ ਅਵਤਾਰਾਂ ਪ੍ਰਤੀ ਜਾਂ ਦੇਵੀ ਦੇਵਤਿਆਂ ਪ੍ਰਤੀ ਨਿੱਜੀ ਤੌਰ ਤੇ ਕੋਈ ਦਿਲਚਸਪੀ ਨਹੀਂ ਹੈ, ਉਹ ਕੇਵਲ ਪੁਰਾਣਕ ਗ੍ਰੰਥਾਂ ਦਾ ਉਲਥਾ ਹੀ ਕਰ ਰਹੇ ਹਨ।

## ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸਰਬ ਕਾਲ ਕੀ ਬੇਨਤੀ ਬਰਨਨੰ ਨਾਮ ਚੌਦਸਮੋ ਧਿਆਇ ਸਮਾਪਤ ਮਸਤੁ ਸੁਭਮਸਤੁ ॥ ੧੪ ॥ ਅਫਜੂ ॥ ੪੭੧॥

ਪੰਥ ਨੂੰ ਬ੍ਰਾਹਮਣੀ ਰੀਤਾਂ ਨਾਲ ਜੋੜ ਕੇ ਸਤਿਗੁਰਾਂ ਦੀਆਂ ਨਜ਼ਰਾਂ ਵਿਚ ਬੇਪਰਤੀਤਾ ਬਣਾ ਦੇਣ ਦਾ ਰਸਤਾ ਇਸੇ ਬਿੱਤ੍ਰ ਨਾਟਕ ਦੀ ਘਾਤਕ ਦੇਣ ਇੱਕ ਕਰਾਮਾਤ ਹੈ। ਗੁਰਮਤਿ ਦੀ ਨਿਰੰਤਰ ਖੰਡਨਾਂ ਕਰੀ ਰੱਖਣ ਲਈ, U.P. ਵਿਚ ਹੀ ਹੇਮ-ਕੁੰਡ ਤੀਰਥ ਬਣ ਜਾਣਾ, ਇਸ ਨਾਟਕ ਦਾ ਪ੍ਰਤੱਖ ਕਰਿਸ਼ਮਾਂ ਹੈ। ਸ੍ਰੀ ਗੁਰੂ ਨਾਨਕ ਜੀ ਦਾ ਅਤੇ ਦਸ਼ਮੇਸ਼ ਜੀ ਦਾ ਇਸ ਨਾਟਕ ਨਾਲ ਦੂਰ ਦਾ ਵੀ ਕੋਈ ਸੰਬੰਧ ਨਹੀਂ ਹੈ। ਪੁਸਤਕ ਦੇ ਪੰਜਵੇਂ ਭਾਗ ਵਿਚ ਅਸੀਂ ਚੰਗੀ ਤਰ੍ਹਾਂ ਸਮਝ ਚੁੱਕੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਵਿਚ ਨਾਮ ਅੰਮ੍ਰਿਤ ਦੀ-- ਮਹਿਮਾਂ, ਨਾਮ ਅੰਮ੍ਰਿਤ ਪੀਣ ਦੇ ਚਖੱਣ ਦੇ, ਅਥਵਾ ਹੰਡਾਉਣ ਦੇ ਪ੍ਰਭਾਵ ਨਾਲ ਆਤਮਕ ਉੱਚਤਾ ਦੇ ਉਪਦੇਸ਼ ਵਾਲੇ ੧੨੦੦ ਤੋਂ ਵੱਧ ਗੁਰੂ-ਸ਼ਬਦ ਹਨ। ਪੰਜ਼ਵੇਂ ਭਾਗ ਵਿਚ ਅਸੀਂ ਇਹ ਵੀ ਸਮਝ ਚੁੱਕੇ ਹਾਂ ਕਿ ਪੰਜਾਂ ਪਿਆਰਿਆਂ ਦਾ ਅਤੇ ਪੰਜਾਂ ਕਕਾਰਾਂ ਦੇ Concept ਦਾ ਸੋਮਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਹੈ। ਖ਼ਾਲਸੇ ਦੀ ਮਰਯਾਦਾ ਵੀ ਗੁਰੂ ਬਾਣੀ ਦੇ ਅਧਾਰ ਤੇ ਹੀ ਬਣਦੀ ਅਤੇ ਸੁਰੱਖਿਅਤ ਹੁੰਦੀ ਹੈ। ਏਧਰ ਦਸ਼ਮੇਸ਼ ਜੀ ਦੀ ਇਸ ਕਥਿਤ ਜਨਮ-ਕਥਾ ਬਚਿੱਤ੍ਰ ਨਾਟਕ ਵਿਚ ਅਥਵਾ ਬਾਕੀ ਦਸਮ ਗ੍ਰੰਥ ਵਿਚ--**ਨਾਮ ਅੰਮ੍ਰਿਤ** ਦਾ ਅਥਵਾ **ਖੰਡੇ ਬਾਟੇ ਦੇ ਅੰਮ੍ਰਿਤ** ਦਾ ਕੋਈ **ਜ਼ਿਕਰ ਨਹੀਂ ਹੈ।** ਪੰਜ ਪਿਆਰਿਆਂ ਦੇ ਸਿਰਜੇ ਜਾਣ ਦਾ ਕੋਈ ਇਸ਼ਾਰਾ ਤੱਕ ਨਹੀਂ ਹੈ। ਸਿਧਾਂਤਕ ਤੌਰ ਤੇ (ਸਿਵਾਏ ਅਕਾਲ ਉਸਤਤਿ, ਜਾਪ ਸਾਹਿਬ ਜਿਹੀਆਂ ਕੁਝ ਬਾਣੀਆਂ ਦੇ) ਸਾਰਾ ਕੁਝ ਗੁਰਮਤਿ ਦੇ ਵਿਰੁੱਧ ਹੈ। ਹੌਲੀ ਹੌਲੀ ਖ਼ਾਲਸਾ ਜੀ ਨੂੰ ਹਿੰਦੂ ਬਣਾ ਲੈਣ ਦੀ ਯੋਜਨਾਂ ਨਾਲ ਰਚੇ ਇਸ ਸਾਰੇ ਸਾਹਿਤ ਵਿਚ ਖੰਡੇ ਬਾਟੇ ਦੇ ਅੰਮ੍ਰਿਤ ਦਾ ਅਥਵਾ ਪੰਜਾਂ ਕਕਾਰਾਂ ਦੇ ਧਾਰਨੀ ਹੋਣ ਦਾ ਜ਼ਿਕਰ ਕਿਉਂ ਆਉਣਾ ਸੀਂ ? ਸੋ ਇਸ ਗ੍ਰੰਥ ਨੂੰ ਅਧਾਰ ਮੰਨ ਕੇ, ਦਸ਼ਮੇਸ਼ ਜੀ ਨੂੰ ਤੀਸਰਾ ਪੰਥ ਸਿਰਜਣ ਵਾਲੇ ਮੰਨਣਾ ਸੱਚ ਨੂੰ ਝੂਠ ਕਹਿਣ ਵਾਲਾ ਪਾਪ ਹੈ । ਸੱਚ ਏਹੀ ਹੈ ਕਿ ਤੀਸਰਾ ਪੰਥ ਪਹਿਲੇ ਸਰੂਪ ਵਿਚ ਹੀ ਚਲਾ ਲਿਆ ਸੀ । ਸੋ ਖ਼ਾਲਸਾ ਜੀ ਦਾ ਜਨਮ ਦਿਨ ਮਨਾ ਕੇ ਕੌਮੀ ਹੰਕਾਰ ਵਧਾਉਣ ਦੀ ਭੁੱਲ, ਪੈਰ ਕੁਹਾੜਾ ਮਾਰੀ ਜਾਣ ਦੀ ਜ਼ਿਦ ਹੈ । ਪਰ, ਪੰਥ ਦੇ ਹਮਦਰਦੀਆਂ ਲਈ ਸਿਵਾਏ ਅਕਾਲਪੁਰਖ ਅੱਗੇ ਰਹਿਮ ਲਈ ਜੋਦੜੀਆਂ ਕਰੀ ਰੱਖਣ ਦੇ ਹੋਰ ਕੋਈ ਚਾਰਾ ਨਹੀਂ ਹੈ । ਕਿਉਂਕਿ ਪੰਥ ਵਿਚ ਬ੍ਰਾਹਮਣੀ ਲਿਖਤ ਦਾ ਪ੍ਰਭਾਵ ਅਥਵਾ ਝੂਠ ਦਾ ਬੋਲ ਬਾਲਾ ਗੁਰਬਾਣੀ ਨਾਲੋਂ ਕਿਤੇ ਵੱਧ ਬਾਜ਼ੀ ਲਈ ਤੁਰਿਆ ਜਾ ਰਿਹਾ ਹੈ--**ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ ॥ ਨਾਨਕ ਨਾਮੁ ਸਮਾਲਿ ਤੂ ਬੀਜਉ ਅਵਰੁ ਨ ਕੋਇ ॥ ੨ ॥** [੧੦੯੧]-ਵਾ-੧੪

**ਇਨ੍ਹਾਂ ਤੱਥਾਂ ਦੇ ਹੁੰਦਿਆਂ** ਕੀ, ਕਦੇ ਕੋਈ, ਸੁਹਿਰਦ ਗੁਰਮੁਖ ਅਥਵਾ ਵਿਦਵਾਨ ਖੋਜੀ-ਲਿਖਾਰੀ, ਹੇਠ ਲਿਖੇ ਸ਼ੰਕਿਆਂ ਦੀ ਨਿਵਰਤੀ ਕਰਨ ਲਈ ਕੋਈ ਅਜੇਹਾ ਵਿਚਾਰ ਲਿਖ ਸਕੇਗਾ ਜਿਹੜਾ ਗੁਰਮਤਿ ਦੀ ਕਸਵੱਟੀ ਤੇ ਪੂਰਾ ਉਤਰਦਾ ਹੋਵੇ **?**--

(੧) ਕੀ ਕਾਰਨ ਹੈ ਕਿ, ਦਸ਼ਮੇਸ਼ ਜੀ ਨੇ ਆਪਣੀ ਕੋਈ ਵੀ ਬਾਣੀ ਉਸ ਗੁਰਬਾਣੀ ਦਾ ਹਿੱਸਾ ਨਹੀਂ ਬਣਾਈ ਜਿਸ ਨੂੰ ਉਨ੍ਹਾਂ ਨੇ ਆਪਣੇ ਥਾਂ, ਗੁਰੂ ਨਾਨਕ ਸਾਹਿਬ ਜੀ ਦੀ ਜੋਤਿ-ਜੁਗਤਿ ਦੀ ਸਦੀਵੀ ਮਾਲਕੀ ਸੌਂਪਣੀ ਸੀ ? (ੳ) ਕੀ ਉਨ੍ਹਾਂ ਨੇ ਆਪਣੀ ਬਾਣੀ ਨੂੰ ਆਪਣੇ ਵਡੱਕੇ ਗੁਰੂ ਸਾਹਿਬਾਨ ਦੀ ਬਾਣੀ ਦੀ ਬਰਾਬਰੀ ਦੇਣੀ ਮੁਨਾਸਬ ਨਹੀਂ ਸਮਝੀ ? (ਅ) ਕਿ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਹਰ ਪੱਖੋਂ ਸੰਪੂਰਨ ਮੰਨ ਕੇ ਇਸ ਵਿਚ ਹੋਰ ਜ਼ਰਾ ਵੀ ਵਾਧਾ ਕਰਨਾ ਠੀਕ ਨਹੀਂ ਸੀ ਸਮਝਿਆ? (ੲ) ਕਿ ਜਾਂ, ਆਪਣੀ ਬਾਣੀ ਸ਼ਾਮਲ ਕਰਨੀ ਉਂਜ ਭੁੱਲ ਹੀ ਗਏ ਹੋਣੇਗੇ ? (=ਅਜੇਹਾ ਕਹਿਣਾ ਅਭੁੱਲ ਸਤਿਗੁਰਾਂ ਨੂੰ ਭੁੱਲੜ ਕਹਿਣ ਦਾ ਪਾਪ ਤਾਂ ਨਹੀਂ ਹੋਵੇਗਾ ?)

(੨) ਕਿਉਂਕਿ ਗੁਰੂ ਇਤਿਹਾਸ ਵਿਚ ਅਜੇਹਾ ਕੋਈ ਵਾਕਿਆ ਨਹੀਂ ਮਿਲਦਾ ਜਿਸ ਤੋਂ ਇਹ ਪਤਾ ਲੱਗੇ ਕਿ ਦਸਾਂ ਹੀ ਸਰੂਪਾਂ ਵਿਚ ਵਿਚਰਦਿਆਂ ਸਤਿਗੁਰਾਂ ਨੇ ਕਦੇ ਕੋਈ ਗੱਲ ਆਪਣੇ ਸਿੱਖਾਂ ਤੋਂ ਲੁਕਾ ਕੇ ਰੱਖੀ ਹੋਵੇ । ਇਸ ਲਈ ਇਹ ਕਹਿਣਾ ਇੱਕ **ਬੇਦਲੀਲਾ ਢੁੱਚਰ ਹੋਵੇਗਾ ਕਿ**," ਸਤਿਗੁਰਾਂ ਦੀਆਂ ਗੱਲਾਂ ਸਤਿਗੁਰ ਹੀ ਜਾਣਨ "--ਕੀ ਪਤਾ ਉਨ੍ਹਾਂ ਨੇ ਆਪਣੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਸਦਾ ਲਈ ਸੁਰੱਖਿਅਤ ਕਰ ਲੈਣ ਦੇ ਥਾਂ ਏਧਰ ਓਧਰ ਰੁਲਦੀ ਕਿਸ ਕਾਰਨ ਰਹਿਣ ਦਿੱਤੀ ? ਅਸਲ ਵਿਚ ਅਸੀਂ ਬਿੱਪ੍ਰਨ ਕੀ ਰੀਤ ਦੇ ਧਾਰਨੀ ਬਣ ਕੇ ਇਸ ਭਾਣੇ ਦੇ ਸ਼ਿਕਾਰ ਹੋ ਚੁੱਕੇ ਹਾਂ:----

੧੧੩- **ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥**੯੩੬]-੫-੯

ਇਹ ਲੇਖ ਦਾਸ ਨੇ ਕੇਵਲ ਅਤੇ ਕੇਵਲ ਪੰਥਕ ਪਿਆਰ ਕਾਰਨ ਅਤੇ ਇਸ ਦੀ ਹੋ ਰਹੀ ਮਾਂਦੀ ਹਾਲਤ ਤੋਂ ਨਿਰੰਤਰ ਉਪਜ ਰਹੇ ਦਰਦ ਦੀ ਤੀਬਰਤਾ ਤੋਂ ਹੋਈ ਪ੍ਰੇਰਨਾ ਅਧੀਨ ਲਿਖਿਆ ਹੈ। ਦਾਸ ਦੇ " ਸ਼ੁੱਭ-ਚਿੰਤਕਾਂ " ਵਲੋਂ ਅੱਜ ਵੀ ਬੜਾ ਡਰ ਪਾਇਆ ਜਾ ਰਿਹਾ ਹੈ ਕਿ ਅਕਾਲ ਤਖ਼ਤ ਨੇ ਅੱਗੇ ਅਜੇਹੀ ਦਲੇਰੀ ਕਰਨ ਵਾਲੇ ਗਿ: ਭਾਗ ਸਿੰਘ ਅੰਬਾਲਵੀ ਵਰਗਿਆਂ ਵਿਦਵਾਨਾਂ ਅਤੇ ਪੰਥ ਦਰਦੀਆਂ ਨੂੰ ਪੰਥ ਵਿਚੋਂ ਖ਼ਾਰਜ ਕਰ ਦਿੱਤਾ ਸੀ। ਪਰ ਦਾਸ ਨੇ ਫੇਰ ਵੀ ਇਹ ਕੁਝ ਲਿਦਾ ਅਤੇ ਪੰਥ ਦੇ ਜਥੇਦਾਰ ਸਾਹਿਬਾਂਨ ਦੀ ਸੇਵਾ ਵਿਚ ਭੇਜਦਾ ਤੁਰਿਆ ਆ ਰਹਿਆ ਹਾਂ।

ਪਹਿਲੀ ਵਾਰ ਅਧੂਰਾ ਖਰੜਾ **ਮਿਤੀ ੧੦ ਮਈ ੧੯੯੭** ਨੂੰ ਸ੍ਰੋਮਣੀ ਗੁ:ਪ੍ਰ: ਕਮੇਟੀ ਦੇ ਸਕੱਤਰ ਸਾਹਿਬ ਭਾਈ ਸੁਰਜੀਤ ਸਿੰਘ ਦੀ ਸੇਵਾ ਵਿਚ ਭੇਜ ਕੇ ਬੇਨਤੀ ਕੀਤੀ ਸੀ ਕਿ, ਜੇ ਕੋਈ ਗੱਲ ਗੁਰਮਤਿ ਵਿਰੋਧੀ ਹੋਵੇ ਤਾਂ ਲਿਖ ਭੇਜਣ। ਦਾਸ ਦਰੁਸਤੀ ਕਰਨ ਵਿਚ ਜ਼ਰਾ ਢਿੱਲ

ਨਹੀਂ ਕਰੇਗਾ। ਹੁਣ ਇਹ ਪੂਰਾ ਲੇਖ ਵੀ ਪੰਥ ਦੇ ਸ੍ਰੋਮਣੀ ਜਥੇਦਾਰਾਂ ਦੀ ਸੇਵਾ ਵਿਚ ਭੇਜ ਰਿਹਾ ਹਾਂ। ਕਿਉਂਕਿ (ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਮਿਹਰ ਦਾ ਸਦਕਾ) ਦਾਸ ਦੁਆਰਾ ਲਿਖਵਾਈਆਂ ਜਾ ਰਹੀਆਂ ਪੁਸਤਕਾਂ ਦੀ ਪ੍ਰਕਾਸ਼ਨ ਦੀ ਅਤੇ ਸੰਗਤਾਂ ਦੇ ਹੱਥਾਂ ਤੱਕ ਪੁਚਾਉਣ ਦੀ ਸੇਵਾ -**ਸ੍ਰੀ ਅਕਾਲ ਜੀ ਸਹਾਇ** ' ਸੁਸਾਇਟੀ ਰਜਿ: ਸ੍ਰੀ ਅੰਮ੍ਰਿਤਸਰ ਨੇ ਸਾਂਭੀ ਹੈ, ਇਸ ਲਈ ਇਸ ਖਰੜੇ ਦਾ ਉਤਾਰਾ ਅੱਜ **ਮਿਤੀ ੬ ਨਵੰਬਰ ੧੯੯੭ ਦਿਨ** ਵੀਰ ਸਮੇਤ, ਪਦਮ ਸਾਹਿਬ ਜੀ ਦੀ ਸੇਵਾ ਵਿਚ ਲਿਖੇ ਜੋਦੜੀ ਪੱਤੱਰ ਦੇ, ਉਪ੍ਰੋਕਤ ਸੁਸਾਇਟੀ ਦੇ ਪ੍ਰਧਾਨ ਸਾਹਿਬ ਦੀ ਸੇਵਾ ਵਿਚ ਭੇਜ ਰਿਹਾ ਹਾਂ। ਕਮੇਟੀ ਦੇ ਵਿਦਵਾਨ ਭਾਈਵਾਲਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਵੀ ਇਸ ਖਰੜੇ ਨੂੰ ਚੰਗੀ ਤਰ੍ਹਾਂ ਘੋਖ ਲੈਣ ਅਤੇ ਸ: ਪਿਆਰਾ ਸਿੰਘ ਪਦਮ ਅਤੇ ਹੋਰ ਵਿਦਵਾਨਾਂ ਕੋਲੋਂ ਵੀ ਇਸ ਲਿਖਤ ਬਾਰੇ ਲਿਖਤੀ ਰਾਏ ਲੈ ਲੈਣ। ਜਾਂ ਕਿਸੇ ਉਸ ਵਿਦਵਾਨ ਦੀ ਰਾਏ ਵੀ ਲੈ ਲੈਣ ਜਿਹੜੇ ਅੱਜ ਤੱਕ ਬਚਿੱਤ੍ਰ ਨਾਟਕ ਦੇ ਹਕ ਵਿਚ ਲਿਖਦੇ ਆ ਰਹੇ ਹਨ। ਜਿਧਰੋਂ ਵੀ ਗੁਰਬਾਣੀ ਪਰਮਾਣਾ ਵਿਚ ਗੁੰਦਿਆ, ਗੁਰਮਤਿ ਦੇ ਅਨੁਕੂਲ ਸੁਝਾ ਪੁਜਿਆ ਉਸ ਅਨੁਸਾਰ ਦਾਸ ਸੋਧ ਕਰ ਲੈਣ ਦੇ ਨਾਲ ਅਜੇਹੀ ਮਤਿ ਪ੍ਰਦਾਨ ਕਰਨ ਵਾਲੇ ਗੁਰਮਖ, ਸੱਜਣ ਪਿਆਰੇ ਦਾ ਦਿਲੋਂ ਧਨਵਾਦੀ ਹੋਣ ਦੇ ਨਾਲ ਸਦਾ ਰਿਣੀ ਅਨੁਭਵ ਕਰਿਆ ਕਰਾਂਗਾ। ਕੈਨੇਡਾ ਅੰਮ੍ਰੀਕਾ ਇੰਗਲੈਂਡ ਆਸਟ੍ਰੇਲੀਆ ਆਦਿ ਦੇਸ਼ਾਂ ਵਿਚ ਵੱਸਦੇ ਗੁਰਮੁਖ ਵਿਦਵਾਨਾਂ ਦੀ ਸੇਵਾ ਵਿਚ ਵੀ ਉਪ੍ਰੋਕਤ ਬੇਨਤੀਆਂ ਨਾਲ ਖਰੜੇ ਦੇ ਉਤਾਰੇ ਭੇਜੇ ਗਏ ਹਨ। ਜਿੱਧਰੋਂ ਵੀ ਕੋਈ ਗੁਰਮਤਿ ਦੇ ਅਨਕੂਲ ਸੁਝਾ ਆਇਆ ਧੰਨਾਵਦ ਸਹਿਤ ਸੋਧ ਕਰ ਲਈ ਜਾਵੇਗੀ। ਏਥੋਂ ਤੱਕ ਕਿ ਜੇ ਗੁਰਮਤਿ ਦੀ ਪਰਵਾਹ ਨਾ ਕਰਕੇ ਕਿਸੇ ਇਤਿਹਾਸਕ ਗਵਾਹੀਆਂ ਦੇ ਜ਼ੋਰ ਤੇ ਜਾਂ ਕਥਿਤ ਹੁਕਮਨਾਮਿਆਂ ਦੇ ਹਵਾਲਿਆਂ ਦਾ ਸਹਾਰਾ ਲੈ ਕੇ ਕੋਈ **ਸੁਝਾ** ਆਵੇ ਤਾਂ ਉਹ ਵੀ (ਗੁਰਮਤਿ ਹਵਾਲਿਆਂ ਦੇ ਅਧਾਰ ਤੇ) ਆਪਣੇ ਪੱਖ ਦੇ ਨਾਲ ਪਾਠਕਾਂ ਦੀ ਕਚੈਹਰੀ ਵਿਚ ਪੇਸ਼ ਹੋਣ ਲਈ ਇਸ ਗ੍ਰੰਥ ਦਾ ਹਿੱਸਾ ਬਣ ਕੇ ਨਾਲ ਹੀ ਛਪਵਾ ਦਿੱਤਾ ਜਾਵੇਗਾ।

**੧੧੪-** **ਸਲੋਕ ॥ ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥੧॥ ਮਨੁ ਤਨੁ ਰਾਤਾ ਰਾਮ ਪਿਆਰੇ ਹਰਿ ਪ੍ਰੇਮ ਭਗਤਿ ਬਣਿ ਆਈ ਸੰਤਹੁ ॥ ੧ ॥ ਸਤਿਗੁਰਿ ਖੇਪ ਨਿਬਾਹੀ ਸੰਤਹੁ॥ ਹਰਿ ਨਾਮੁ ਲਾਹਾ ਦਾਸ ਕਉ ਦੀਆ ਸਗਲੀ ਤ੍ਰਿਸਨ ਉਲਾਹੀ ਸੰਤਹੁ॥੧॥ਰਹਾਉ ॥ ਖੋਜਤ ਖੋਜਤ ਲਾਲੁ ਇਕੁ ਪਾਇਆ ਹਰਿ ਕੀਮਤਿ ਕਹਣੁ ਨ ਜਾਈ ਸੰਤਹੁ ॥ ੨ ॥ ਚਰਨ ਕਮਲ ਸਿਉ ਲਾਗੋ ਧਿਆਨਾ ਸਾਚੈ ਦਰਸਿ ਸਮਾਈ ਸੰਤਹੁ ॥ ੩ ॥ ਗੁਣ ਗਾਵਤ ਗਾਵਤ ਭਏ ਨਿਹਾਲਾ ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ ॥ ੪ ॥ ਆਤਮ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਸੰਤਹੁ ॥ ੫ ॥ ਆਦਿ ਜੁਗਾਦੀ ਹੈ ਭੀ ਹੋਸੀ ਸਭ ਜੀਆ ਕਾ ਸੁਖਦਾਈ ਸੰਤਹੁ ॥ ੬ ॥ ਆਪਿ ਬੇਅੰਤੁ ਅੰਤੁ ਨਹੀ ਪਾਈਐ ਪੂਰਿ ਰਹਿਆ ਸਭ ਠਾਈ ਸੰਤਹੁ ॥੭॥ ਮੀਤ ਸਾਜਨ ਮਾਲੁ ਜੋਬਨੁ ਸੁਤ ਹਰਿ ਨਾਨਕ ਬਾਪੁ ਮੇਰੀ ਮਾਈ** ਸੰਤਹੁ ॥ ੮ ॥ [੯੧੬]-੨-੭

ਦਾਸਰਾ ਗੁਰਬਖ਼ਸ਼ ਸਿੰਘ

## ੨

## ਪੰਥਕ ਆਗੂ ਜਥੇਦਾਰ ਸਾਹਿਬਾਨ ਅਤੇ ਸ੍ਰੀ ਦਸਮ ਗ੍ਰੰਥ ਨੂੰ ਸ੍ਰੀ ਦਸਮ ਗੁਰੂ ਨਾਨਕ ਸਾਹਿਬ ਦਸ਼ਮੇਸ਼ ਜੀ ਦੀ ਲਿਖਤ ਸਿੱਧ ਕਰ ਰਹੇ ਵਿਦਵਾਨਾਂ ਦੀ ਸੇਵਾ ਵਿਚ ਲਿਖੀ ਚਿਠੀਆਂ

**੧ ੴ ਸਤਿਗੁਰ ਪ੍ਰਸਾਦਿ ॥**

ਮਿਤੀ ੧੦ ਮਈ ੧੯੯੭

ਗੁਰਮੁਖ ਪਿਆਰੇ ਭਾਈ ਸਾਹਿਬ---ਸੁਰਜੀਤ ਸਿੰਘ ਸਕੱਤਰ ਸ਼੍ਰੋਮਣੀ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ,

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ ॥

ਆਪ ਜੀ ਵਧਾਈ ਦੇ ਪਾਤਰ ਹੋ ਜੋ ਸਤਿਗੁਰਾਂ ਨੇ ਆਪ ਜੀ ਨੂੰ ਪੰਥ ਦੀ ਠੋਸ ਸੇਵਾ ਕਰ ਸਕਣ ਦਾ ਵਡਮੁੱਲਾ ਅਵਸਰ ਬਖ਼ਸ਼ਿਆ ਹੈ। ਅਰਦਾਸ ਹੈ ਕਿ ਵਾਹਿਗੁਰੂ ਜੀ ਸਦਾ ਤੁਹਾਡੇ ਅੰਗ-ਸੰਗ ਰਹਿ ਕੇ ਤੁਹਾਨੂੰ ਚੜ੍ਹਦੀ ਕਲਾ ਵਿਚ ਰੱਖਣ ।

ਪੰਥਕ ਸੇਵਾ ਦੀਆਂ ਸਰਬ-ਸ੍ਰੇਸ਼ਟ ਪਦਵੀਆਂ ਸੰਭਾਲਣ ਦੀਆਂ ਜ਼ਿੰਮੇਵਾਰੀ ਨਿਭਾ ਰਹੇ ਲਗ-ਪਗ ਸਾਰੇ ਸ਼੍ਰੋਮਣੀ ਜਥੇਦਾਰ ਸਾਹਿਬਾਨ ਨੂੰ ਚਿੱਠੀਆਂ ਲਿਖੀਆਂ ਹਨ ਪਰ ਦਾਸ ਨੂੰ ਕਿਸੇ ਵਲੋਂ ਵੀ ਕਦੇ ਕੋਈ ਹੁੰਗਾਰ ਤੱਕ ਨਹੀਂ ਮਿਲਿਆ । ੨੦ ਫ਼ਰਵਰੀ ੧੯੯੬ ਨੂੰ ਸਨਮਾਨ ਜੋਗ ਟੋਹੜਾ ਸਾਹਿਬ ਦੀ ਸੇਵਾ ਵਿਚ ਲਿਖੀ ਚਿੱਠੀ ਬਾਰੇ ਸੁਣਿਆਂ ਸੀ ਕਿ, " ਬੇਨਤੀ ਪੱਤਰ ਦੇ ਉਤਾਰੇ ਤਿਆਰ ਕਰਵਾ ਕੇ ਸੰਬੰਧਤ ਧਿਰਾਂ ਤੋਂ ਜਵਾਬ ਤਿਆਰ ਕਰਵਾਇਆ ਜਾ ਰਿਹਾ ਹੇ " ਪਰ ਕਰੀਬ ੧੦ ਮਹੀਨਿਆਂ ਪਿਛੋਂ ਦਾਸ ਨੂੰ ਬੜੇ ਜ਼ਿੰਮੇਵਾਰ ਗੁਰਮੁਖ ਰਾਹੀ ਸੂਚਨਾ ਮਿਲੀ ਕਿ ਧਰਮ ਪਰਚਾਰ

ਕਮੇਟੀ ਵਿਚਲੇ ਉੱਚ ਕੋਟੀ ਦੇ ਵਿਦਵਾਨ ਅਤੇ ਜ਼ਿਮੇਵਾਰ ਸੱਜਣ ਭਾਈ ਸਾਹਿਬ ਵਰਿਆਮ ਸਿੰਘ ਜੀ ਨੇ, ਜੁੜੇ ਵਿਦਵਾਨਾਂ ਦੀ ਹਾਜ਼ਰੀ ਵਿਚ ਇਹ ਕਹਿ ਕੇ ਕਿਸੇ ਪ੍ਰਕਾਰ ਦਾ ਉੱਤਰ ਦੇਣ ਦੀ ਲੋੜ ਨੂੰ ਰੱਦ ਕਰ ਦਿੱਤਾ ਕਿ--" **ਕਿਸੇ ਪਾਗ਼ਲ ਦੀ ਚਿੱਠੀ ਦਾ ਉੱਤਰ ਕੌਣ ਦੇਵੇ ?** "। ਦਾਸ ਨੇ ਕੇਵਲ ਅਤੇ ਕੇਵਲ ਗੁਰਮਤਿ ਦੀ ਖੰਡਨਾਂ ਹੋ ਰਹੀ ਵੱਲ ਹੀ ਸਦਾ ਧਿਆਨ ਦਿਵਾਇਆ ਹੈ । ਸਦਾ ਤੋਂ ਦਾਸ ਦੀ ਜੋਦੜੀ ਏਹੀ ਹੁੰਦੀ ਰਹੀ ਹੈ ਕਿ ਦਾਸ ਨਾ ਸਕੂਲੀ ਪੜ੍ਹਾਈ ਦਾ ਵਿਦਵਾਨ ਹੈ ਅਤੇ ਨਾ ਹੀ ਗੁਰਮਤਿ ਦਾ ਪੂਰਾ ਗਿਆਤਾ ਹੈ । ਜੇ ਲਿਖਣ ਢੰਗ ਵਿਚ ਜਾਂ ਗੁਰਮਤਿ ਦੀ ਅਸਲੀਧਤ ਸਮਝਣ ਵਿਚ ਗ਼ਲਤ ਸਿਧ ਹੋਇਆ ਹਾਂ, ਤਾਂ ਪੰਥ ਦਾ ਅੰਗ ਹੋਣ ਦੇ ਨਾਤੇ ਪਿਆਰ ਨਾਲ ਜਾਂ ਝਿੜਕ ਕੇ ਠੀਕ ਗੁਰਮਤਿ ਤੋਂ ਜਾਣੂੰ ਕਰਵਾ ਦੇਣ ਵਿਚ ਕੋਈ ਹਾਨੀ ਨਹੀਂ ਸਗੋਂ ਗੁਰਸਿੱਖੀ ਦਾ ਪਰਮੁੱਖ ਧਰਮ ਹੈ। ਸ਼ਾਇਦ ਹੁਣ ਸਵਾਲੀ ਨੂੰ ਪਾਗ਼ਲ ਕਹਿ ਕੇ ਗੱਲ ਮੁਕਾ ਦੇਣੀ ਹੀ ਪੰਥਕ ਸੇਵਾ ਬਣਦੀ ਜਾ ਰਹੀ ਹੋਵੇ ? ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਤਾਂ ਵਿਸ਼ਵਾਸ਼ ਘਾਤੀ ਕਾਤਲ ਅਥਵਾ ਨਿਰਦਈ ਠੱਗ ਨੂੰ ਵੀ **ਭਾਈ ਸੱਜਣ** ਅਤੇ ਦੈਂਤ ਬਿਰਤੀ ਬੰਦੇ ਖਾਣੇ " ਕੌਡੇ " ਨੂੰ ਵੀ **ਭਾਈ ਕੌਡਾ** ਜੀ ਬਣਾ ਲਿਆ ਸੀ । ਦਾਸ ਤਾ ਤਾਂ ਰੋਮ ਰੋਮ ਪੰਥ ਦੀ ਚੜ੍ਹਦੀ ਕਲਾ ਲਈ ਸੱਧਰਾਂ ਭਰੀ ਸੁਹਿਰਦਤਾ ਨਾਲ ਗੁਰਮਤਿ ਸੋਧ ਲੈਣ ਲਈ ਪੁਕਾਰਾਂ ਕਰ ਰਿਹਾ ਹੈ । ਚਿੱਠੀਆਂ ਲੰਮੀਆਂ ਹੋਣ ਦਾ ਕਾਰਨ ਇਹ ਹੈ ਕਿ ਅਜੇਹਾ ਸਾਰਾ ਪੱਤਰ ਵਿਹਾਰ ਇਤਿਹਾਸ ਦਾ ਭਾਗ ਬਣਨਾ ਹੈ । ਆਉਣ ਵਾਲੀਆਂ ਪੀੜ੍ਹੀਆਂ ਦੇ ਗੁਰਮੁਖ ਪੜਚੋਲੀਆਂ ਨੇ ਪੂਰੀ ਪੜਤਾਲ ਕਰਨੀ ਹੈ ਕਿ-- " ਸਭ ਤੋਂ ਵਡੇ ਸਤਿਗੁਰੂ ਨਾਨਕ ਸਾਹਿਬ ਜੀ " ਦਾ ਨਿਆਰੀਆਂ ਬਰਕਤਾਂ ਵਾਲਾ ਨਿਆਰਾ ਪੰਥ ਏਡੀ ਛੇਤੀ ਢਹਿੰਦੀਆਂ ਕਲਾਂ ਵਲ ਨੂੰ ਚਾਲੇ ਕਿਉਂ ਪਾ ਤੁਰਿਆ ਸੀ । ਉਹ ਦਿਨ ਬਹੁਤੀ ਦੂਰ ਨਹੀਂ ਹੈ ਜਦੋਂ ਪੰਥ ਵਿਚੋਂ ਬੜੀ ਜ਼ੋਰਦਾਰ ਆਵਾਜ਼ ਪੈਦਾ ਹੋਣੀ ਹੈ ਕਿ ਪੰਥ ਦੇ ਪੱਤਣ ਦੇ ਅਸਲ ਕਾਰਨ ਕੀ ਸਨ ? ਫਿਰ ਗੁਰਬਾਣੀ ਦੇ ਪਰਮਾਣਾਂ ਤੋਂ ਬਿਨਾ ਅਥਵਾ ਗੁਰਮਤਿ ਦੀ ਕਸੱਵਟੀ ਤੇ ਪੂਰੀ ਨਾ ਉਤਰਨ ਵਾਲੀ ਫੋਕੀ-ਮਨਮੱਤੀ ਦਲੀਲ ਲਈ ਕੋਈ ਥਾਂ ਨਹੀਂ ਰਹਿ ਜਾਣੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਿਹਰ ਦਾ ਸਦਕਾ, ਪੰਥ ਨੇ ਆਪਣੇ ਅਸਲੇ ਵੱਲ ਨੂੰ ਮੋੜਾ ਜ਼ਰੂਰ ਖਾਣਾ ਹੈ । ਉ ਸੁਭਾਗੇ ਸਮੇ, ਇਨ੍ਹਾਂ ਚਿਠੀਆਂ ਨੇ ਅਜੋਕੇ ਧਾਰਮ ਆਗੂਆਂ ਦੀਆਂ ਅਣਗਹਿਲੀਆਂ ਦੀ ਸਾਖੀ ਬੜੇ ਅਸਰਦਾਰ ਢੰਗ ਨਾਲ ਭਰਨੀ ਹੈ।

" ਹੇ ਸੱਚੇ ਪਾਤਸ਼ਾਹ ਜੀਓ ! ਤੇਰੇ ਦਰਬਾਰ ਤੋਂ ਬਿਨਾਂ ਹੋਰ ਕਿਸ ਦੇ ਅੱਗੇ ਫ਼ਰਿਆਦਾਂ ਕਰੀਏ ? ਹੇ ਮਿਠ ਬੋਲੜੇ ਸੱਜਣ ਸਾਈਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀਓ ! ਤੁਹਾਡੇ ਇਸ ਮਹਾਨ ਕੇਂਦਰੀ ਅਸਥਾਨ (ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਤੋਂ ਗੁਰਮਤਿ ਬਾਰੇ ਉਸਾਰੂ ਸੇਧ ਮਿਲ ਸਕਣ ਵਾਲੀ ਤੁਹੀਡੀ ਸੱਧਰ ਅੱਜ ਮਿੱਟੀ ਵਿਚ ਰੋਲੀ ਜਾ ਰਹੀ ਹੈ । ਹੇ ਸੱਚੇ ਪਿਤਾ ਜੀਓ ! ਅੱਜ ਤੁਹਾਡੇ ਇਸ ਪਾਵਨ ਅਸਥਾਨ ਤੇ ਅਜੇਹੇ ਵਿਦਵਾਨਾਂ ਦਾ ਕਬਜ਼ਾ ਹੈ ਜੋ ਤੇਰੇ ਹੀ ਪੰਥ ਦੀ ਕਮਾਈ ਤੇ ਮੌਜਾਂ ਉਡਾ ਰਹੇ ਹਨ ਪਰ ਤੇਰੇ ਪੰਥ ਦੀ ਚੜ੍ਹਦੀ ਕਲਾ ਵੇਖਣ ਦੀ ਸੱਧਰ ਨਾਲ ਸਰਸ਼ਾਰ ਹਿਰਦੇ ਵਾਲੇ ਗੁਰਸਿੱਖ ਸੇਵਕ ਵਲੋਂ ਗੁਰਮਤਿ ਸੇਧ ਬਖ਼ਸ਼ਸ਼ ਕਰਨ ਲਈ ਲਿਖੇ ਫ਼ਰਿਆਦ-ਪੱਤਰ ਦਾ ਕੋਈ ਗੁਰਮਤਿ ਸੇਧ ਵਾਲਾ ਉੱਤਰ ਲਿਖਣ ਦੇ ਥਾਂ, ਫਰਿਆਦੀ ਨੂੰ " **ਪਾਗ਼ਲ** " ਕਹਿ ਕੇ ਦੁਰਕਾਰਣ ਨੂੰ ਅਤੇ ਉਸ ਦੀ ਲਿਖੀ ਚਿੱਠੀ ਨੂੰ " ਰੱਦੀ ਦਾ ਟੁਕੜਾ " ਬਣਾਈ ਜਾਣ ਵਿਚ **ਪੰਥਕ ਸੇਵਾ** ਮੰਨ ਰਹੇ ਹਨ । ਗੁਰੂ-ਬਾਣੀ ਪਰਮਾਣਾ ਨਾਲ ਗੁੰਦੀ ਹੋਈ ਲਿਖਤ ਨੂੰ, ਜਾਣ ਬੁੱਝ ਕੇ ਰੱਦੀ ਦਾ ਟੁਕੜਾ ਬਣਾ ਦੇਣਾ ਕੀ ਗੁਰਮਤਿ ਹੈ ? ਇਹ ਨਿਰਣਾ ਅੱਜ ਕੌਣ ਕਰੇ ?

ਆਪ ਜੀ (ਗੁਰਮੁਖ ਪਿਆਰੇ ਭਾਈ ਸੁਰਜੀਤ ਸਿੰਘ) ਦੀ ਸੇਵਾ ਵਿਚ ਬੇਨਤੀ ਹੈ ਕਿ, ਸਤਿਗੁਰਾਂ ਨੇ ਆਪ ਸਹਾਈ ਹੋ ਕੇ ਦਾਸ ਕੋਲੋਂ ਪੁਸਤਕ--" **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** " (ਜਿਸ ਦਾ ਪਹਿਲਾ ਭਾਗ ਛਪ ਕੇ ਸਿੱਖ ਜਗਤ ਵਿਚ ਵੰਡਿਆ ਜਾ ਚੁੱਕਾ ਹੈ ਅਤੇ ਹੁਣ ਉਹੀ ਪੁਸਤਕ ਦੋ ਭਾਗਾਂ ਵਿਚ ਕਰਕੇ ਛੇ ਹੋਰ ਹਿੱਸਿਆਂ ਸਮੇਤ ਛਪ ਰਹੀ ਹੈ) ਦੇ ਪੰਜਵੇਂ ਭਾਗ ਦਾ ਖਰੜਾ ਮਿਤੀ ੩੦ ਅਪਰੈਲ ਤੋਂ ਆਪ ਜੀ ਦੀ ਸੇਵਾ ਵਿਚ ਰਜਿਸਟਰੀ ਪਾਰਸਲ ਦੁਆਰਾ ਭੇਜਿਆ ਗਿਆ ਹੈ । ਵਿਸ਼ਾਲ ਪੁਸਤਕ ਦੇ ਉਸ ਪੰਜਵੇਂ ਭਾਗ ਵਿਚ ਕਈ ਅਜੇਹੇ ਬਿੱਪ੍ਰੀ ਮਸਲਿਆਂ ਬਾਰੇ ਗੁਰਮਤਿ ਪਰਖ ਲਿਖੀ ਹੋਈ ਹੈ ਜਿਹੜੇ ਬ੍ਰਾਹਮਣ ਵਾਦੀ ਅਤੇ ਪੰਥ ਲਈ ਹਾਨੀ-ਕਾਰਕ ਵਿਸ਼ੇ, ਸੈਕੜੇ ਸਾਲਾਂ ਤੋਂ ਪੰਥ ਵਿਚ ਗੁਰਮਤਿ ਦਾ ਅੰਗ ਬਣੇ ਬੈਠੇ ਹਨ । ਇਸ ਲਈ ਉਨ੍ਹਾਂ ਵਿਚਾਰਾਂ ਦਾ ਆਮ ਲੋਕਾਂ ਦੇ ਹੱਥਾਂ ਵਿਚ ਜਾਣ ਤੋਂ ਪਹਿਲਾਂ, ਗੁਰਮਤਿ ਦੇ ਵਿਦਵਾਨਾਂ ਦੁਆਰਾ ਪੂਰੀ ਪਰਖ ਹੋ ਜਾਣੀ ਜ਼ਰੂਰੀ ਸਮਝੀ ਗਈ ਹੈ । ਛਾਪੇ-ਖ਼ਾਨੇ ਪੁੱਜਣ ਤੋਂ ਪਹਿਲਾਂ ਉਨ੍ਹਾਂ ਦੀ ਗੁਰਮਤਿ ਅਨੁਸਾਰ (ਸੰਭਵਤਾ, ਲੋੜੀਂਦੀ) ਸੋਧ ਹੋ ਜਾਣੀ ਬੜਾ ਹੀ ਜ਼ਰੂਰੀ ਹੈ । ਪਹਿਲੇ ਬਣ ਚੁੱਕੇ ਵਿਸ਼ਵਾਸਾਂ ਨੂੰ ਭਰਮ ਸਿੱਧ ਕਰ ਰਹੇ ਉਨ੍ਹਾਂ **Sensitive** ਮਸਲਿਆਂ ਦਾ ਸੰਖੇਪ ਇਸ ਪ੍ਰਕਾਰ ਹਨ:--

੧) (ਪਹਿਲਾ ਕਾਂਡ) ਇਹ ਕਹਿਣਾ ਨਿਰਮੂਲ ਹੈ ਕਿ ਦਸ਼ਮੇਸ਼ ਜੀ ਨੇ ਕਦੇ ਕੋਈ ਸਿੰਘ ਵੇਦ-ਬਾਣੀ ਪੜ੍ਹਨ ਲਈ ਕਾਂਸ਼ੀ ਭੇਜੇ ਸਨ ਅਤੇ ਅਜੋਕੇ ਨਿਰਮਲੇ ਅਥਵਾ ਉਨ੍ਹਾਂ ਦੇ " ਧਰਮਧੁਜਾ ਅਖਾੜੇ " ਦਸ਼ਮੇਸ਼ ਜੀ ਦੀ ਦੇਣ ਹਨ । ਸਿੱਧ ਕੀਤਾ ਗਿਆ ਹੈ ਕਿ ਅਸਲ ਵਿਚ ਧਰਮ-ਧੁਜਾ ਅਖਾੜਾ ਵੀ ਪੰਥ-ਦੋਖੀਆਂ ਦੀ ਹੀ ਦੇਣ ਹੈ ?

੨) (ਤੀਜਾ ਕਾਂਡ) ਅਸਲੀ ਨਿਰਮਲ ਪੰਥ ਕਿਹੜਾ ਹੈ ? ਕੀ ਬਚਿਤ੍ਰ ਨਾਟਕ ਵੀ ਪੰਥ ਦੇ ਵੈਰੀਆਂ ਦੀ ਹੀ ਦੇਣ ਹੈ ?

੩) (ਪੰਜਵਾਂ ਕਾਂਡ) ਖ਼ਾਲਸੇ ਦਾ ਜਨਮ ਦਿਨ ? ਜਨਮਿਆਂ ਕਿ ਪ੍ਰਗਟ ਹੋਇਆ ? ਗੁਰਪੁਰਬ ?

੪) ਸਤਵਾਂ ਅਤੇ ਅਠਵਾਂ ਕਾਂਡ) ਚਿੜੀਉ ਸੇ ਬਾਜ ਤੁੜਵਾਉ ਤੋਂ ਅਰੰਭ ਹੋ ਕੇ ਪੰਥਕ ਪ੍ਰਬੰਧ ਤੱਕ । ਜਿਸ ਵਿਚ ਪੰਥ ਰਹਿਤ ਮਰਯਾਦਾ ਦੇ ਖਰੜੇ ਬਾਰੇ ਸ਼ੰਕੇ ਵੀ ਹਨ।

ਧਰਮ ਪਰਚਾਰ ਕਮੇਟੀ ਦੇ ਵਿਦਵਾਨ ਗੁਰਮੁਖਿ ਸੱਜਣ ਚੰਗੀ ਤਰ੍ਹਾਂ ਵਿਚਾਰ ਕੇ ਗੁਰੂ ਬਾਣੀ ਦੇ ਪਰਮਾਣਾ ਨਾਲ ਗੁੰਦਿਆ ਹੋਇਆ ਜਿਹੜਾ ਸੁਝਾ ਲਿਖ ਭੇਜਣਗੇ ਉਨ੍ਹਾਂ ਅਨੁਸਾਰ ਸੋਧ ਕਰ ਲੈਣ ਵਿਚ ਦਾਸ ਆਪਣੇ ਵਡੇ ਭਾਗ ਸਮਝੇਗਾ ? ਪਾਠਕਾਂ ਦੀ ਜਾਣਕਾਰੀ ਲਈ ਸਾਰਾ ਪੱਤਰ ਵਿਹਾਰ ਪੁਸਤਕ ਦਾ ਹਿੱਸਾ ਬਣਾ ਦਿੱਤਾ ਜਾਵਗਾ । ਦਾਸ ਪਿਛਲੇ ਛੇ ਸਾਲ ਤੋਂ ਬਾਰ ਬਾਰ ਜੋਦੜੀ ਕਰ ਰਿਹਾ ਹੈ ਕਿ ਦਾਸ ਨੂੰ ਗੁਰਮਤਿ ਤੋਂ ਸੋਝੀ ਕਰਵਾਈ ਜਾਣ ਦਾ ਉਪਕਾਰ ਕੀਤਾ ਜਾਵੇ ? ਜਿੜੇ ਜਥੇਦਾਰ ਸਾਹਿਬ ਗੁਰਮਤਿ ਦੇ ਉਲਟ ਲਿਖਣ ਦਾ ਦੋਸ਼ ਲਾ ਕੇ ਦਾਸ ਨੂੰ ਪਾਗ਼ਲ ਕਹਿ ਰਹੇ ਹਨ, ਅਥਵਾ ਜਿਹੜੇ ਜਥੇਦਾਰ ਸਾਹਿਬ ਕਈ ਲਿਖਾਰੀਆਂ ਨੂੰ ਪੰਥ ਵਿਚੋਂ ਖ਼ਾਰਜ ਕਰਨ ਦਾ ਕਾਰਜ ਕਰਦੇ ਆ ਰਹੇ ਹਨ, ਕੀ ਉਹੀ ਜਥੇਦਾਰ ਸਾਹਿਬਾਨ ਕਿਸੇ ਗ਼ਲਤੀ ਵਾਪਰਨ ਤੋਂ ਪਹਿਲਾਂ ਗੁਰਮਤਿ ਸੇਧ ਦੇਣ ਵਿਚ ਕੋਈ ਹਰਜ ਮੰਨ ਰਹੇ ਹਨ ਜੀ ? ਕੀ ਦਾਸ ਉਹ ਕਾਰਨ ਨਹੀਂ ਜਾਣ ਸਕਦਾ ਜਿਸ ਤੋਂ ਦਾਸ ਦੇ ਕਿਸੇ ਵੀ ਪੱਤਰ ਦਾ ਜਵਾਬ ਨਹੀਂ ਆ ਰਿਹਾ ?

ਆਪ ਜੀ ਕਿਉਂਕਿ ਦਫ਼ਤਰੀ ਕਾਰ ਵਿਹਾਰ ਦੇ ਮੁੱਖ ਪ੍ਰਬੰਧਕ ਹੋ, ਇਸ ਲਈ ਪੱਕਾ ਭਰੋਸਾ ਕੀਤਾ ਜਾਂਦਾ ਹੈ ਕਿ ਤੁਸੀਂ ਦਾਸ ਵਲੋਂ ਭੇਜਿਆ ਖਰੜਾ ਲੋੜੀਂਦੇ ਗੁਰਮਤਿ ਸੁਝਵਾਂ ਨਾਲ ਛੇਤੀ (ਵੱਧ ਤੋਂ ਵੱਧ ਤਿੰਨ ਮਹੀਨਿਆਂ ਦੇ ਅੰਦਰ) ਹੀ ਮਾਸਕ ਪੱਤਰ ਸੰਤ ਸਿਪਾਹੀ ਪੁਤਲੀਘਰ ਅੰਮ੍ਰਿਤਸਰ ਦੀ ਮਾਰਫ਼ਤ, ਕੁਲਬੀਰ ਸਿੰਘ ( ਜੋ ਪੁਸਤਕ " ਮਾਸੁ ਮਾਸੁ ਕਰਿ ਮੂਰਖ ਝਗੜੇ " ਅਤੇ " ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਦੇ ਪਰਕਾਸ਼ਕ ਹਨ) ਕੋਲ ਪੁਚਾ ਦਿੱਤਾ ਜਾਵੇਗਾ । ਇਸ ਖਰੜੇ ਨੂੰ ਗੁੰਮ ਹੋਣ ਤੋਂ ਬਚਾ ਕੇ ਆਪ ਜੀ ਇਸ ਨਿਮਾਣੇ ਬ੍ਰਿਧ ਸੇਵਕ ਤੇ ਬੜਾ ਵੱਡਾ ਉਪਕਾਰ ਕਰ ਰਹੇ ਹੋਵੋਗੇ ਜੀ ।

ਭੁੱਲ ਚੁੱਕ ਦੀ ਖਿਮਾ ਬਖ਼ਸ਼ਣੀ ਜੀ-- ਗੁਰਮਤਿ ਅਨੁਸਾਰ ਜੀਵਨ ਢਾਲ ਰਹਿਆਂ ਗੁਰਮੁਖਾਂ ਦੀ ਚਰਨ-ਧੂੜ:--

ਦਾਸ

ਗੁਰਬਖ਼ਸ਼ ਸਿੰਘ ਲੇਖਕ :--
ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ
" ਮਾਸੁ ਮਾਸੁ ਕਰਿ ਮੂਰਖ ਝਗੜੈ "

**੧ ਓ ਸਤਿਗੁਰ ਪ੍ਰਸਾਦਿ ॥**
**ਅੰਧਕਾਰ ਮਿਟਿਓ ਤਿਹ ਤਨ ਤੇ ਗੁਰ ਸਬਦਿ ਦੀਪਕੁ ਪਰਗਾਸਾ ॥**
**ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧ ਸੰਗਤਿ ਬਿਸ੍ਵਾਸਾ ॥ ੧ ॥**

**14727- Bothel Way N/E. # 5**
**Seattle. WA 98155 U. S. A.**
**Jan.2 1998.**

ਪਰਮ ਸਤਿਕਾਰਤ ਬਾਬਾ ਵਿਰਸਾ ਸਿੰਘ ਜੀਓ **,**

ਵਾਹਿਗੁਰੂ ਜੀ ਕਾ ਖ਼ਾਲਸਾ, ਵਹਿਗੁਰੂ ਜੀ ਕੀ ਫ਼ਤਹਿ

ਘਰੇਗੀ ਮਜਬੂਰੀਆਂ ਦੇ ਕਾਰਨ ਦਾਸ ਨੂੰ ਪਹਿਲੀ ਜਨਵਰੀ ੧੯੮੪ ਤੋਂ ਨੂੰ ਕੈਨੇਡਾ ਆਉਣਾ ਪਿਆ। ਦਾਸ ਦੀ ਗ੍ਰਿਫਤਾਰੀ ਲਈ ਦੇਸ਼ ਦਿਆਂ ਹਵਾਈ ਅਡਿਆਂ ਤੇ, ਸਰਕਾਰੀ ਹਾਦਾਇਤਾਂ ਪੁੱਜੀਆਂ ਹੋਣ ਦੇ ਕਾਰਨ ਉਸ ਦਿਨ ਤੋਂ ਦੋਬਾਰਾ, ਦਾਸ ਆਪਣੇ ਦੇਸ਼ ਵਿਚ ਨਾ ਵੜ ਸਕਿਆ। ਹੁਣ ਕੈਨੈਡਾ ਦੇਸ਼ ਦਾ ਸ਼ਹਿਰੀ ਹਾਂ। ਹੱਡ, ਚਮ, ਮਾਸ ਅਤੇ ਲਹੂ ਸਭ ਕੁਝ ਖ਼ਾਲਸਾ ਪੰਥ ਦਾ ਹੋਣ ਦੇ ਕਾਰਨ, ਪੰਥ ਦੇ ਭਲੇ ਬੁਰੇ ਵਿਚ ਹੀ ਆਪਣਾ ਨਿੱਜੀ ਸੁੱਖ ਦੁੱਖ ਅਨੁਭਵ ਕਰਦਾ ਹਾਂ।

ਪਰਸੋਂ ਮਿਤੀ ੩੧ ਦਸੰਬਰ ੧੯੯੭ ਦੀ ਸ਼ਾਮ ਦੇ ਪੰਜ ਵਜੇ, ਇੱਕ ਸੁਹਿਰਦ ਗੁਰਸਿੱਖ ਨੇ Internet ਤੇ ਆਈ ਖ਼ਬਰ ਛਾਪ ਕੇ ਦਾਸ ਨੂੰ ਲਿਆ ਫੜਾਈ। ਇਹ ਪੜ੍ਹ ਕੇ ਹਿਰਦਾ ਗਦ ਗਦ ਹੋ ਗਿਆ, ਕਿ ਗੋਬਿੰਦ ਸਦਨ ਦਿਲੀ ਵਿਖੇ, ਆਪ ਜੀ ਦੀ ਰਾਹ-ਨੁਮਾਈ ਹੇਠ, ਸ੍ਰੀ ਦਸਮ ਗ੍ਰੰਥ ਜੀ ਬਾਰੇ ਚਲ ਰਹੇ ਵਾਦ-ਵਿਵਾਦ ਨੂੰ ਸਮਾਪਤ ਕਰਨ ਹਿਤ Seminar ਕੀਤਾ ਜਾ ਰਿਹਾ। ਇਸ ਸੰਬੰਧ ਵਿਚ ਆਪਣਾ ਪੱਖ ਲਿਖ ਭੇਜਣ ਦੀ ਗੱਲ ਅਰੰਭ ਕਰਨ ਤੋਂ ਪਹਿਲਾਂ, ਦਾਸ ਆਪਣੇ ਵਿਚਾਰਾਂ ਦਾ ਕੁਝ ਪਿਛੋਕੜ ਲਿਖਣ ਦੀ ਆਗਿਆ ਚਾਹੁੰਦਾ ਹੈ। ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੁੜੇ ਹੋਏ ਹੇਠ ਲਿਖੇ ਬਚਨਾਂ ਬਾਰੇ, (ਸ੍ਰੀ ਅਕਾਲਤਖ਼ਤ ਸਾਹਿਬ ਜੀ ਤੋਂ ਅਥਵਾ ਸ੍ਰੀ ਹਰਿਮੰਦਰ ਸਾਹਿਬ ਤੋਂ ਅਰੰਭ ਹੋ ਕੇ) ਸਾਰੇ ਪੰਥ ਵਿਚ ਕਿਸੇ ਪ੍ਰਕਾਰ ਦਾ ਕਦੇ ਕੋਈ ਵਿਵਾਦ ਖੜਾ ਨਹੀਂ ਹੋਇਆ:--

**ਜਬ ਲਗ ਖਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਆ ਮੈਂ ਸਾਰਾ । ਜਬ ਇਹ ਗਹੇ ਬਿਪ੍ਰਨ ਕੀ ਰੀਤ । ਮੈਂ ਨਾ ਕਰੂੰ ਇਨਕੀ ਪਰਤੀਤ ।**

ਸੋ ਬਿਨਾ ਕਿਸੇ ਕਿੰਤੂ-ਪ੍ਰੰਤੂ ਤੇ ਸਾਰੇ ਪੰਥ ਵਿਚ ਮੰਨੇ ਜਾ ਚੁੱਕੇ ਦਸ਼ਮੇਸ਼ ਜੀ ਦੇ ਇਨ੍ਹਾਂ ਬਚਨਾਂ ਤੋਂ, ਇਹ ਗੱਲ ਸਪੱਸ਼ਟ ਹੈ, ਕਿ ਖ਼ਾਲਸਾ ਜੀ ਦਾ ਤੇਜ ਪ੍ਰਤਾਪ ਕੇਵਲ ਉਸ ਦੇ ਨਿਆਰੇ ਰਹਿਣ ਨਾਲ ਹੀ ਜੁੜਿਆ ਹੋਇਆ ਸੀ। ਇਤਿਹਾਸਕ ਸਚਾਈ ਹੈ ਕਿ ਸ਼ਿਖ਼ਰਾਂ ਤੇ ਪੁੱਜੇ ਤੇਜ ਪ੍ਰਤਾਪ ਵਾਲਾ ਰਾਜ-ਭਾਗ ੧੮੪੯ ਤੱਕ ਖ਼ਾਲਸਾ ਜੀ ਕੋਲੋਂ ਖੁੱਸ ਕੇ ਅੰਗਰੇਜ਼ ਕੋਲ ਚਲਾ ਗਿਆ ਅਤੇ ਖ਼ਾਲਸਾ ਜੀ ਪਰ-ਅਧੀਨ ਹੋ ਗਏ ਸਨ। **" ਇਕ ਸਾਧ ਬਚਨ ਅਟਲਾਧਾ "** ਸਤਿਗੁਰ-ਬਚਨਾਂ ਨੂੰ ਅਟੱਲ ਸਚਾਈ ਮੰਨਣ ਵਾਲੇ ਸ਼ਰਧਾਲੂ ਲਈ, ਖ਼ਾਲਸਾ ਰਾਜ ਦੇ ਖੁੱਸ ਜਾਣ ਦਾ ਕਾਰਨ, ਕੇਵਲ ਏਹੀ ਹੈ ਕਿ," ਖ਼ਾਲਸਾ ਆਪਣੇ ਨਿਆਰੇ ਸਤਿਗੁਰੂ ਜੀ ਦੇ ਨਿਆਰੇ ਗਿਆਨ ਅਨੁਸਾਰ ਚਲਣਾ ਭੁੱਲ ਕੇ ਆਪਣਾ ਨਿਆਰਾ ਆਚਰਨ, ਆਪਣੀ ਨਿਆਰੀ ਮਰਯਾਦਾ ਗੁਆ ਬੈਠਾ ਹੋਇਆ ਹੈ। ਤੌਖ਼ਲਾ ਹੈ ਕਿ, ਬਿੱਪ੍ਰਨ ਕੀ ਰੀਤ ਦਾ ਧਾਰਨੀ ਬਣ ਜਾਣ ਦੇ ਕਾਰਨ ਖ਼ਾਲਸਾ ਜੀ ਆਪਣੇ ਸਤਿਗੁਰਾਂ ਲਈ ਕਿਤੇ ਬੇਪ੍ਰਤੀਤੇ ਵੀ ਤਾਂ ਨਹੀਂ ਬਣ ਚੁਕੇ ਹੋਣ? ਕਿਉਂਕਿ ਜਦ **" ਆਪਨੀ ਪਰਤੀਤਿ ਆਪ ਹੀ ਖੋਵੈ ॥ (ਤਦ) ਬਹੁਰਿ ਉਸ ਕਾ ਬਿਸ੍ਵਾਸੁ ਨਾ ਹੋਵੈ "**॥ ਬੜੀ ਗੰਭੀਰਤਾ ਨਾਲ ਵਿਚਾਰਨ ਵਾਲਾ ਸੀ ਇਹ ਮਸਲਾ।

੧੯੭੮ ਦੀ ਵਿਸਾਖੀ ਤੇ ਵਰਤੇ ਭਾਣੇ ਦੇ ਦਿਨ ਤੋਂ ਲੱਖਾਂ ਦੀ ਗਿਣਤੀ ਵਿਚ ਬੇਗੁਨਾਹ ਸਿੱਖਾਂ ਦਾ ਕਤਲ, ਸਿੱਖੀ ਦੇ ਧਰਮ ਅਸਥਾਨਾਂ ਦੀ ਸਖ਼ਤ ਬੇਹੁਰਮਤੀ ਅਤੇ ਕ੍ਰੋੜਾਂ ਦੀ ਪੰਥਕ ਜਾਇਦਾਦ ਬਰਬਾਦ ਹੋ ਜਾਣ ਦੇ ਨਾਲ, ਸ੍ਰੀ ਦਰਬਾਰ ਸਾਹਿਬ ਦੀ ਸਰਦਾਰੀ, ਵੀ ਸਰਕਾਰ ਦੀ ਝੋਲੀ ਵਿਚ ਜਾ ਪੈਣੀ-- ਸਿੱਧ ਕਰਦਾ ਹੈ ਕਿ, ਜਿਸ ਟੀਸੀ ਤੇ ਪੁੱਜੇ ਖ਼ਾਲਸਾ ਜੀ ਨੂੰ ਦਸ਼ਮੇਸ਼ ਜੀ ਨੇ, ਸਤਿਗੁਰ ਪੂਰਾ ਅਤੇ ਸੱਜਣ ਸੂਰਾ ਮੰਨ ਕੇ, ਸਾਰੇ ਦਾ ਸਾਰਾ ਤੇਜ ਪ੍ਰਤਾਪ ਬਖ਼ਸ਼ਸ਼ ਕਰਨ ਦੇ ਬਚਨ ਬੋਲੇ ਸਨ, ਉਸ ਸ਼ਿਖ਼ਰ ਤੋਂ ਖ਼ਾਲਸਾ ਜੀ ਡਿੱਗ ਪਏ ਹੋਏ ਹਨ।

ਗੁਰੂ ਬਾਣੀ ਦੀ ਵਿਚਾਰ ਅਤੇ ਫਿਰ ਹਿੰਦੂ ਧਰਮ ਦੇ ਗ੍ਰੰਥਾਂ ਸਮੇਤ ਹੋਰ ਕਈ ਵਿਦਵਾਨਾ ਦੀਆਂ ਪੁਸਤਕਾਂ ਤੋਂ ਜਾਣਕਾਰੀ ਪ੍ਰਾਪਤ ਕਰਕੇ। ੧੨ ਸਾਲ ਦੀ ਕਰੜੀ ਘਾਲਣਾ ਉਪ੍ਰੰਤ ---ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ ' ਪੁਸਤਕ ਲਿਖਣੀ ਅਰੰਭੀ। ੧੯੯੫ ਵਿਚ ੮੧੨ ਸਫ਼ਿਆਂ ਦੇ, ਪੁਸਤਕ ਦਾ ਪਹਿਲਾ ਭਾਗ, ਛਪਿਆ ਜੋ ਛੇਤੀ ਸਮਾਪਤ ਹੋ ਗਿਆ। ਚਾਰ ਹੋਰ ਹਿੱਸਿਆਂ ਸਮੇਤ ਦੂਜਾ ਐਡੀਸ਼ਨ ਛਪ ਰਿਹਾ ਹੈ।

**ਆਪ ਜੀ ਦੀ ਦੇਖ-ਰੇਖ ਵਿਚ ਹੋ ਰਹੇ ਸੈਮੀਨਾਰ ਦੀ ਸਫ਼ਲਤਾ ਦੀ ਗੱਲ:--**

ਆਪ ਜੀ ਵਿਦਤ ਹੋ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਹੋਣ ਸਮੇਂ ਤੋਂ ਹੀ ਅਰੰਭ ਹੋਇਆ, ਵਾਦ-ਵਿਵਾਦ ਕਈ ਸਟੇਜਾਂ ਵਿਚੋਂ ਦੀ ਲੰਘਦਾ ਹੋਇਆ ਅੱਜ ਵੀ ਉਵੇ ਦਾ ਉਵੇਂ, ਪੰਥ ਵਿਚ ਇੱਕ ਗੰਭੀਰ ਮਸਲਾ ਬਣਿਆ ਤੁਰਿਆ ਆ ਰਿਹਾ ਹੈ। ਦਾਸ ਦੀ ਤੁੱਛ ਬੁੱਧੀ ਅਨੁਸਾਰ **ਇਹ ਮਸਲਾ ਤੱਦ ਹੀ ਹੱਲ ਹੋ ਸਕਦਾ ਹੈ,** ਜੇ ਅਸੀਂ ਦਸਾਂ ਸਤਿਗੁਰਾਂ ਦੀ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਸੱਚੇ ਹਿਰਦੇ ਤੋਂ, **ਸ੍ਰੀ ਗੁਰੂ ਨਾਨਕ ਸਾਹਿਬ ਮੰਨ ਕੇ, ਕੇਵਲ ਅਤੇ ਕੇਵਲ ਇਨ੍ਹਾਂ ਦੀ ਹੀ ਵਿਚੋਲਗੀ ਪਰਵਾਨ ਕਰ ਲਈਏ** ਨਹੀਂ ਤਾਂ ਆਪੋ ਆਪਣੀ ਮਤ ਅਨੁਸਾਰ ਦਲੀਲ ਬਾਜੀ ਅਰੰਭੀ ਰੱਖਣ ਦੇ ਕਾਰਨ, ਪੈ ਰਹੇ ਨਿੱਤ ਦੇ ਝਮੇਲਿਆਂ ਦਾ ਅੰਤ ਹੋਣਾ ਅਸੰਭਵ ਹੈ। ਪੰਥ ਦਿਆਂ ਮਸਲਿਆਂ ਦਾ ਹੱਲ ਸਦਾ ਗੁਰਮਤਿ ਹੀ ਰਿਹਾ ਹੈ। ਮਨਮਤਿ ਗੁਰੂਘਰ ਵਿਚ ਪ੍ਰਵਾਨ ਨਹੀਂ ਹੈ। ਸਤਿਗੁਰਾਂ ਦੀ ਵਿਚੋਲਗੀ ਲਈ ਪਹਿਲਾਂ, ਨਿਰਪੱਖ ਸੋਚਣੀ ਵਾਲੀ ਸੁਹਰਦਤਾ ਅਤੇ ਬਿਬੇਕਤਾ ਦੁਆਰਾ ਹੇਠ ਲਿਖਿਆਂ ਸੰਕਿਆਂ ਦਾ ਉਤਰ ਲੱਭਣ ਦੀ ਲੋੜ ਹੈ:--

**੧)** ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਗੁਰਿਆਈ ਮਿਲਣ ਬਾਰੇ ਮਹਾਨ ਕੋਸ਼ ਦੇ ੪੩੭ ਤੇ ਇਉਂ ਲਿਖਿਆ ਹੋਇਆ ਹੈ:--

' **(੩)** ਸ੍ਰੀ ਗੁਰੂ ਗੋਬਿੰਦ ਸਿੰਘ ਸ੍ਵਾਮੀ ਨੇ ਦਮਦਮੇ ਦੇ ਮੁਕਾਮ ਸੰਮਤ ੧੭੬੨-੬੩ ਵਿੱਚ ਜੋ ਆਤਮਕ ਸ਼ਕਤੀ ਨਾਲ ਕੰਠ ਤੋਂ ਬਾਣੀ ਉਚਾਰਣ ਕਰਕੇ ਗੁਰੂ ਗ੍ਰੰਥਸਾਹਿਬ ਲਿਖਵਾਇਆ, ਉਸ ਦਾ ਨਾਉ ਦਸਵੇ ਪਾਤਸ਼ਾਹ ਦਾ ਗ੍ਰੰਥਸਾਹਿਬ ਹੋਇਆ, ਪਰ ਪ੍ਰਸਿੱਧ ਨਾਉਂ ਦਮਦਮੇ ਵਾਲੀ ਬੀੜ ਹੈ। ਇਸ ਵਿਚ ਜੈਜੈਵੰਤੀ ਸਮੇਤ ੩੧ ਰਾਗ ਹਨ ਅਤੇ ਸ਼ਬਦ ਸਲੋਕ ਪੌੜੀ ਆਦਿ ਦੀ ਜਪ ਤੇ ਲੈਕੇ ਮੁੰਦਾਵਣੀ ਤੀਕ ਗਿਣਤੀ ੫੮੬੭ ਹੈ।..... ਗ੍ਰੰਥਸਾਹਿਬ ਨਾਲ ' ਗੁਰੂ ' ਸ਼ਬਦ ਸੰਮਤ ੧੭੬੫ ਤੋਂ ਲਾਉਣਾ ਅਰੰਭ ਹੋਇਆ, ਜਿਸ ਵੇਲੇ ਅਬਿਚਲਨਗਰ ਗੁਰੂ ਗੋਬਿੰਦਸਿੰਘ ਜੀ ਗੁਰਤਾ ਸਿੱਖ ਧਰਮ ਦੇ ਆਧਾਰਰੂਪ ਗ੍ਰੰਥ ਨੂੰ ਦਿਤੀ। ਬਹੁਤ ਸਿੱਖ, ਦਸਮਗ੍ਰੰਥ ਨਾਲ ਵੀ ' ਗੁਰੂ ' ਸ਼ਬਦ ਦਾ ਪ੍ਰਯੋਗ ਕਰਦੇ ਹਨ, ਜੋ ਗੁਰਮਤ ਵਿਰੁੱਧ ਹੈ।

ਕੀ ਆਪ ਜੀ ਸਮੇਤ ਸੈਮੀਨਾਰ ਵਿਚ ਆਏ ਸਾਰੇ ਵਿਦਵਾਨ ਇਸ ਲਿਖਤ ਨਾਲ ਸਹਿਮਤ ਹਨ ਜੀ?

**੨)** ਕੀ ਇਸ ਗੱਲ ਨਾਲ ਵੀ ਸਾਰੇ ਸਹਿਮਤ ਹਨ ਕਿ ਸੀਨਾ-ਬ-ਸੀਨਾ ਤੁਰੀ ਆ ਰਹੀ ਸੇਵਾ ਸੰਭਾਲ ਦੀ ਮਰਯਾਦਾ ਦੇ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਪੰਥ ਦੇ ਦੋਖੀਆਂ ਦੀ ਛੇੜ ਛਾੜ ਤੋਂ ਅੱਜ ਤੱਕ ਪੂਰੀ ਤਰ੍ਹਾਂ ਬਚੀ ਹੋਈ ਹੈ।

**੩)** ਜੰਗਾਂ ਜੁੱਧਾਂ ਵਲੋਂ ਚੈਨ ਦੇ ਦਿਨਾਂ ਵਿਚ, ਜਦ ਸ੍ਰੀ ਦਮਦਮਾ ਸਾਹਿਬ ਵਿਖੇ ਇਸ ਪਾਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਨਰ ਸੰਪਾਦਨਾ ਕੀਤੀ ਜਾ ਰਹੀਸੀ ਤਾਂ, ਦਸਵੇ ਸ੍ਰੀ ਗੁਰੂ ਨਾਨਕ ਸਾਹਿਬ , ਦਸ਼ਮੇਸ਼ ਜੀ ਆਪਣੀ ਬਾਣੀ ਵੀ ਸ਼ਾਮਲ ਕਰਕੇ ਆਪਣੀ ਮਰਜ਼ੀ ਅਨੁਸਾਰ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ) ਸਰੂਪ ਵਿਚ ਵਾਧਾ ਕਰ ਸਕਣ ਲਈ ਪੂਰੀ ਤਰ੍ਹਾਂ ਸਤੰਤਰ ਅਤੇ ਸਮਰੱਥ ਸਨ?

**੪)** " ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ " ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨਾ ਕੋਇ ॥ " ਅਤੇ ਅਜੇਹੇ ਹੋਰ ਕਈ ਗੁਰੂ ਫੁਰਮਾਨ--ਦਸਮ ਗ੍ਰੰਥ ਦੀ ਬਾਣੀ ਵਾਸਤੇ ਨਹੀਂ ਹਨ ਸਗੋਂ, ਕੇਵਲ ਉਸੇ ਪਾਵਨ ਗੁਰੂ ਬਾਣੀ ਵਾਸਤੇ ਹੀ ਹਨ ਜਿਸ ਨੂੰ ਬਾਕਾਇਦਾ ਤੌਰ ਤੇ ਦਸ਼ਮੇਸ਼ ਜੀ ਨੇ ਆਪਣੇ ਥਾਂ ਗੁਰਿਆਈ ਦਾ ਮਾਲਕ ਥਾਪਿਆ ਸੀ? ਜੇ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਸੰਪੂਰਨ **' ਹਾਂ ' ਦੇ ਥਾਂ ਨਹੀਂ "** ਹੈ, **ਅਤੇ ੧੧ਵੇਂ ਸਤਿਗੁਰਾਂ ਦੀ ਗੁਰਿਆਈ ਨੂੰ ਸ਼ੱਕੀ ਸਮਝਦੇ ਹਨ ਤਾਂ** ਅਸੀਂ ਸਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਕਿਸ ਦਲੀਲ ਨਾਲ ਰਹਿ ਗਏ? ਫਿਰ ਅਜੇਹੇ ਸੈਮੀਨਾਰ ਕਰਨ ਦਾ ਹੱਕ ਕੀ ਰਹਿ ਗਿਆ? ਪਰ ਜੇ ਸੱਚੇ ਦਿਲੋਂ ਉਤਰਾਂ **ਸੰਪੂਰਨ " ਹਾਂ "** ਹੈ, ਅਤੇ ਦਸਾਂ ਗੁਰੂ ਦੀ ਜੋਤਿ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ੧੧ਵੇਂ ਗੁਰੂ ਨਾਨਕ ਦੇਵ ਜੀ ਹੀ ਮੰਨਦੇ ਹਨ, ਤਾਂ ਆਪ ਜਿਹੇ ਅਧਿਆਤਮਕ ਵਾਦੀ ਮਹਾਂਪੁਰਖ ਜੀ ਦੀ ਪ੍ਰਧਾਨਗੀ ਹੇਠ ਹੋਏ ਇਸ ਸੈਮੀਨਾਰ ਵਿਚ ਦਸਮ ਗ੍ਰੰਥ ਦੀ ਬਾਣੀ ਵੀ ਨੂੰ ਗੁਰੂ ਬਾਣੀ ਹੀ ਸਿੱਧ ਕਰਦੇ ਰਹੇ ਅਜੇਹੇ ਵਿਦਵਾਨ ਸੱਜਣਾ ਤੋਂ ਰਾਏ ਲੈਣ ਉਪ੍ਰੰਤ ਹੇਠ ਲਿਖੇ ਸ਼ੰਕਿਆਂ ਨੂੰ ਦੂਰ ਕਰਨ ਲਈ ਗੁਰਮਤਿ ਅਨੁਸਾਰ ਸੋਧ, ਲਿਖ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ ਜੀ--

**੫)** **(ੳ)** ਕੀ ਕਾਰਨ ਸੀ ਜੋ --ਖੰਡੇ ਬੱਟੇ ਦੇ ਅੰਮ੍ਰਿਤ ਦੀ ਤਿਆਰੀ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ (ਜਾਪ ਸਾਹਿਬ, ਸਵਈਏ ਅਤੇ ਚੌਪਈ), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਿੱਸਾ ਨਾ ਬਣਾਈਆਂ ?

**੧**- ਦਸ਼ਮੇਸ਼ ਜੀ ਇਹ ਬਾਣੀਆਂ ਲਿਖਣੀਆਂ ਕੀ ਭੁੱਲ ਗਏ ਸਨ ? **ਕਿ ਜਾਂ,**

**੨**- ਉਨ੍ਹਾਂ ਨੇ , ਗੁਰੂ ਗ੍ਰੰਥ ਸਾਹਿਬ ਵਿਚ ਆ ਚੁੱਕੀ ਬਾਣੀ ਤੋਂ ਵਾਧੂ ਹੋਰ ਕਿਸੇ ਵੀ ਬਾਣੀ ਨੂੰ ਗੁਰਿਆਈ ਦੇ ਕਾਬਲ ਨਹੀ ਸੀ ਸਮਝਿਆ ?

**(ਅ)** ਗੁਰੂ-ਬਾਣੀ ਅਤੇ ਗੁਰੂ ਇਤਿਹਾਸ ਦੀ ਟੇਕ ਤੋਂ ਬਿਨਾਂ ਇਉਂ ਕਹਿਣਾ ਜਾਂ ਲਿਖਣਾ, ਕਿ--" ਕਿਸੇ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨਾ ਜਾਂ ਨਾ ਕਰਨਾ, ' ਦਸ਼ਮੇਸ਼ ਜੀ ਦੀ ਆਪਣੀ ਮੌਜ ਸੀ , ਉਨ੍ਹਾਂ ਦੀਆਂ ਉਹੀ ਜਾਨਣ ", ਉਨ੍ਹਾਂ ਤੇ ਕਿਸੇ ਪ੍ਰਕਾਰ ਦਾ ਕਿੰਤੂ ਕਰਨਾ ਸਿੱਖੀ ਨਹੀਂ ਹੈ ", ਭੁਲੇਖਾ ਪਾਊ ਗੁਰਮਤਿ ਵਿਰੋਧੀ ਢੁੱਚਰ ਬਾਜ਼ੀ ਹੈ। ਦਲੀਲ ਦਾ ਵੇਰਵਾ ਇਉਂ ਹੈ :--

(੧) ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਉਪ੍ਰੰਤ ਗੁਰਿਆਈ ਦੇ ਮਾਲਕ ਗੁਰੂ ਸਾਹਿਬਾਨ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫੁਰਮਾਨ ਹੈ--**ਲਹਿਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥** ਭਾਵ, ਬਾਬਾ ਲਹਿਣਾ ਜੀ ਨੂੰ ਗੁਰੂ ਨਾਨਕ ਜੀ ਦੀ ਗੁਰਿਆਈ ਮਿਲ ਜਾਣ ਉਪ੍ਰੰਤ, ਉਨ੍ਹਾਂ ਦੀ ਵਡਿਆਈ ਦੀਆਂ ਧੁੰਮਾ ਪੈ

ਜਾਣ ਦਾ ਕਾਰਨ ਇਹ ਸੀ ਕਿ, ਉਨ੍ਹਾਂ ਦਾ ਕੇਵਲ ਸਰੀਰ ਹੀ ਹੋਰ ਸੀ, **ਜੋਤਿ** ਅਤੇ **ਜੁਗਤ** ਦੋਵੇ ਉਹੀ ਗੁਰੂ ਨਾਨਕ ਸਾਹਿਬ ਵਾਲੀਆਂ ਹੀ ਸਨ। **ਜੋਤਿ** ਦੇ ਨਾਲ **ਜੁਗਤ** ਵੀ ਉਹੀ ਹੋਣੀ ਲਾਜ਼ਮੀ ਸੀ। ਤਦੇ ਹੀ ਸਾਰੇ ਗੁਰੂ ਸਾਹਿਬਾਨ ਸਤਿਗੁਰੂ " ਨਾਨਕ " ਜੀ ਕਰਕੇ ਹੀ ਜਾਣੇ ਗਏ ਹਨ।

(੨) ਗੁਰੂ ਫ਼ੁਰਮਾਨ--" **ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ ਮਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥ ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥ ੧ ॥**ਭਾਵ, ਜਿਵੇਂ ਬੱਚੇ ਨੂੰ ਜਨਮ ਦੇਣ ਉਪ੍ਰੰਤ ਮਾਂ ਅੰਦਰ ਬਾਹਰ ਕੰਮ ਕਰਦੀ ਹੋਈ ਬੱਚੇ ਨੂੰ ਸਦਾ ਆਪਣੀ ਨਜ਼ਰ ਵਿਚ ਰੱਖ ਕੇ ਬੜੇ ਪਿਆਰ ਨਾਲ ਪਾਲਦੀ ਹੈ, ਸਤਿਗੁਰੂ ਜੀ ਵੀ ਆਪਣੇ ਸਿਖ ਦੀ ਏਵੇ ਹੀ ਸੰਭਾਲ ਕਰਦੇ ਹਨ। ਅਜੇਹੇ ਹੋਰ ਕਈ ਗੁਰੂ ਬਾਣੀ ਸ਼ਬਦ ਹਨ ਜਿਨ੍ਹਾਂ ਤੋਂ ਗੁਰਸਿਖ ਨਾਲ ਸਤਿਗੁਰਾਂ ਦਾ ਰਿਸ਼ਤਾਂ ਹੋਰ ਸਾਰੇ ਸੰਸਾਰੀ ਰਿਸ਼ਤਿਆਂ ਨਾਲੋਂ ਉਚੇਚੇ ਪਿਆਰ ਵਾਲਾ ਹੋਣਾ ਦਰਸਾਇਆ ਹੈ।

(੩) ਇਨ੍ਹਾਂ ਦੋਂਹਾਂ ਉਪ੍ਰੋਕਤ ਗੁਰੂ ਬਾਣੀ ਉਦਾਹਰਣਾ ਨੂੰ ਧਿਆਨ ਵਿਚ ਰਖਦਿਆਂ ਵਿਚਾਰ ਕਰੀਏ ਕਿ, ਕੀ, ਪਹਿਲੇ ਨੌਂ ਹੀ ਗੁਰੂ ਸਾਹਿਬਾਨ ਵਿਚੋਂ ਕਿਸੇ ਨੇ ਕਦੇ ਕੋਈ ਅਜੇਹੀ **ਮੌਜ ਵਰਤਾਈ** ਸੀ ਜਿਸ ਤੋਂ ਬੱਚਿਆਂ ਤੋਂ ਪਿਆਰਾ ਉਨ੍ਹਾਂ ਦੇ ਪੰਥ ਦੋ ਧੜਿਆਂ ਵਿਚ ਵੰਡਿਆ ਗਿਆ ਹੋਵੇ?

(੪) ਦਾਦੂ ਜੀ ਦੀ ਕਬਰ ਤੇ ਵਰਤਾਇਆ ਦਸ਼ਮੇਸ਼ ਜੀ ਦਾ ਸਾਕਾ ਸਾਰੇ ਗੁਰਸਿੱਖਾਂ ਨੂੰ ਉਤਸ਼ਾਹਤ ਕਰਦਾ ਹੈ ਕਿ, ਜੇ ਕੋਈ ਗਰਮਤਿ ਵਿਰੋਧੀ ਗੱਲ ਆਪਣੇ ਵੱਡੇ ਤੋਂ ਵਡੇ ਜਥੇਦਾਰ ਵਿਚ ਵੇਖਣ, ਏਥੋਂ ਤੱਕ ਕਿ, ਆਪਣੇ ਸਤਿਗੁਰਾਂ ਨੇ ਵੀ ਕੋਈ ਗੁਰਮਤਿ ਵਿਰੋਧੀ **ਮੌਜ ਵਰਤਾਈ** ਵੇਖ ਲੈਣ, ਇਤਰਾਜ਼ ਕਰਨ ਤੋਂ ਅਗਾਂਹ ਤਨਖਾਹ ਵੀ ਲਾ ਸਕਦੇ ਹਨ। ਕੀ ਦਸ਼ਮੇਸ਼ ਜੀ ਏਡੇ ਭੁੱਲੜ ਅਤੇ ਲਾ ਪਰਵਾਹ ਸਨ ਕਿ ਕਿਸੇ ਅਜੇਹੇ ਗ੍ਰੰਥ ਨੂੰ ਅਣਗੌਲਿਆ ਹੀ ਛੱਡ ਜਾਂਦੇ, ਜਿਸ ਤੋਂ ਇਹ ਪਤਾ ਨਾ ਲੱਗ ਸਕੇ ਕਿ ਲਿਖਣ ਵਾਲਾ (ਗੁਰੂ) " ਨਾਨਕ " (ਜੀ) ਨਹੀਂ ਸਨ ਸਗੋਂ ਇਹ ਵੀ ਪੱਕਾ ਪਤਾ ਨਾ ਲੱਗ ਸਕੇ ਕਿ, ਇਸ ਦਾ ਲਿਖਾਰੀ ਹੈ ਕੌਣ, ਜਿਸ ਵਿਚੋਂ ਚੰਗੀਆਂ ਅਥਵਾ ਗੁਰਮਤਿ ਦੇ ਅਨਕੂਲ ਕੋਈ ਵਿਰਲੀ, ਪਰ ਬਿੱਪ੍ਰਨ ਕੀ ਰੀਤ ਨਾਲ ਜੁੜਨ ਦਾ ਉਤਸ਼ਾਹ ਦੇਣ ਵਾਲੀਆਂ ਅਤੇ ਝੂਠ ਦੀ ਪੂਜਾ ਨਾਲ ਜੋੜਨ ਵਾਲੀਆਂ ਬੇਅੰਤ ਹੋਣ?

**(ੲ)** (੧) ਅਜੇਹੀ ਕੋਈ ਗੱਲ ਜਿਸ ਦਾ ਸਪੱਸ਼ਟੀਕਰਨ ਗੁਰਮਤਿ ਬਿਬੇਕਤਾ ਤੋਂ ਨਾ ਹੋ ਸਕੇ ਅਤੇ,

੨) ਪੰਥ ਦੀ ਏਕਤਾ ਅਤੇ ਇੱਕ ਸੁਰਤਾ ਲਈ ਹਾਨੀ ਕਾਰਕ ਹੋਵੇ ਅਤੇ,

੩) ਸਤਿਗੁਰਾਂ ਦੀ ਅੰਤਰਯਾਮਤਾ ਨੂੰ ਸ਼ੱਕੀ ਬਣਾਉਂਦਾ ਹੋਵੇ, ਅਥਵਾ

੪) ਸਤਿਗੁਰਾਂ ਪ੍ਰਤੀ ਭੁੱਲੜ ਹੋਣ ਦਾ ਭਰਮ ਪਾਉਂਦਾ ਹੋਵੇ ਅਤੇ ਸਿੱਖ ਨੂੰ ਬਿੱਪ੍ਰਨ ਕੀ ਰੀਤ ਨਾਲ ਜੁੜਨ ਦਾ ਉਤਸ਼ਾਹ ਮਿਲਦਾ

੫) ਸਤਿਗੁਰਾਂ ਪ੍ਰਤੀ ਇਹ ਕਹਿਣਾ ਪਵੇ ਕਿ--ਉਨ੍ਹਾਂ ਦੀਆਂ ਉਹ ਜਾਨਣ " ਜਾਂ ਇਹ ਉਨ੍ਹਾਂ ਦੀ ਮੋਜ ਸੀ, ਸਮਝੋ ਅਜੇਹਾ ਸ਼ੋਸ਼ਾ ਕਿਸੇ ਪੰਥ ਵਿਰੋਧੀ ਨੇ ਛਡਿਆ ਹੋਇਆ ਹੈ।

**(ਸ)** ਦਾਸ ਨੂੰ (ਪਤਾ ਨਹੀਂ ਕਿਉਂ?) ਇਹ ਪੱਕਾ ਵਿਸ਼ਵਾਸ਼ ਹੈ ਕਿ ਸਾਰੇ ਗੁਰਸਿੱਖ, ਗੁਰੂ ਬਾਣੀ ਦੇ ਇਸ ਫ਼ੁਰਮਾਨ--" **ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥** ਦਾ ਸਤਿਕਾਰ ਕਰਦੇ ਹੋਏ ਸਤਿਗੁਰਾਂ ਨੂੰ ਭੁੱਲੜ ਕਹਿਣਾ, ਜਾਂ ਸੁਣ ਲੈਣਾ, ਜਾਂ ਕਿਸੇ ਗੱਲੋਂ ਸਤਿਗੁਰਾਂ ਨੂੰ ਬੇਬੱਸ ਹੋਏ ਮੰਨ ਲੈਣਾ, ਕਦੇ ਬਰਦਾਸ਼ਤ ਨਹੀਂ ਕਰਨਗੇ। ਇਹ ਵੀ ਸੱਚ ਹੈ ਕਿ ਸਤਿਗੁਰਾਂ ਦੇ ਹੁਕਮ ਨੂੰ ਨਾ ਮੰਨਣ ਵਾਲੀ ਗੁਸਤਾਖ਼ੀ ਨਾਲੋ ਉਨ੍ਹਾਂ ਦੇ ਹੁਕਮ ਤੋਂ ਅੱਗੇ ਲੰਘ ਤੁਰਨਾ, ਬਹੁਤਾ ਗੰਭੀਰ ਅਪਰਾਧ ਇਸ ਕਾਰਨ ਹੈ, ਕਿਉਂਕਿ ਅਜੇਹਾ ਕਰਕੇ ਅਸੀਂ ਸਤਿਗੁਰਾਂ ਨੂੰ ਭੁੱਲੜ ਅਥਵਾ ਆਪਨੇ ਨਾਲੋਂ ਘੱਟ ਸਿਆਣੇ ਸਿੱਧ ਕਰ ਰਹੇ ਹੁੰਦੇ ਹਾਂ। ਇਸ ਲਈ ਅਸੀਂ ਕਿਸ ਅਧਿਕਾਰ ਨਾਲ ਦਸਮਗੰਥ ਦੀ ਬਾਣੀ ਨੂੰ ਵੀ (ਗੁਰਿਆਈ ਮਿਲਿਆ ਬਿਨਾ ਹੀ) ਗੁਰੂ-ਬਾਣੀ ਦਾ ਦਰਜਾ ਦੇ ਰਹੇ ਹਾਂ ? **ਫਿਰ ਉਸ ਬਾਣੀ ਦੇ ਪਾਠ ਵੀ ਗੁਰੂ-ਬਾਣੀ ਦੇ ਤੁੱਲ ਹੀ ਕਰ ਰਹੇ ਹਾਂ ਜਿਹੜੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਪੱਸ਼ਟ ਸਿਧਾਂਤ ਦੀ ਖੰਡਨਾ ਕਰ ਰਹੀ ਹੈ?**

**ਦਾਸ ਨੇ ਆਪਣੇ ਗੁਰੂ ਪਰਮੇਸ਼ਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸੱਚੀ ਕਸਵੱਟੀ ਮੰਨ ਕੇ, ਸੰਪੂਰਨ ਸ੍ਰੀ ਬਚਿੱਤਰ ਨਾਟਕ ਦੀ ਅਧਿਆਏ ਵਾਰ ਗੁਰਮਤਿ ਪਰਖ ਲਿਖੀ ਹੈ--੯੯ ਸਫ਼ੇ ਦਾ ਉਹ ਲੇਖ (੨) ' ਪਰ ਨਾਰੀ ਗਮਨ ਅਤੇ ਦਸਮਗ੍ਰੰਥ ' ਛੇ ਸਫ਼ੇ, (੩) ' ਧਰਮ ਯੁੱਧ ਕੇ ਚਾਇ।।? ਚਾਰ ਸਫ਼ੇ (੪) ਪ੍ਰਥਮ ਭਗਾਉਤੀ ਬਾਰੇ ਪ੍ਰਧਾਨ ਸਾਹਿਬ S.G.P.C. ਅੰਮ੍ਰਿਤਸਰ, ਵੱਲ ਲਿਖੀ ਚਿੱਠੀ ਅੱਠ ਸਫ਼ੇ --ਕੁੱਲ ੧੧੭ ਸਫ਼ੇ ਆਪ ਜੀ ਦੀ ਸੇਵਾ ਵਿਚ ਭੇਜ ਰਿਹਾਂ। ਜੇ ਕੋਈ ਗੱਲ ਗੁਰਮਤਿ ਦੇ ਵਿਰੁਧ ਹੋਏ ਤਾਂ ਗੁਰੂ ਬਾਣੀ ਦੇ ਪਰਮਾਣਾ ਨਾਲ ਸੋਧ ਬਖ਼ਸ਼ਣ ਦੀ ਜੋਦੜੀ ਪਰਵਾਨ ਕਰਨੀ। ਦਾਸ ਦੀ ਦਿਲੀ ਇਛਿਆ ਹੈ ਕਿ, ਛਾਪੇ ਖ਼ਾਨੇ ਭੇਜਣ ਤੋਂ ਪਹਿਲਾਂ ਲੋੜੀਂਦੀ ਦਰੁਸਤੀ ਹੋ ਜਾਵੇ ਤਾਂ ਜੋ ਕੋਈ ਨਵਾਂ ਵਿਵਾਦ ਖੜਾ ਨਾ ਹੋ ਜਾਵੇ। ਇਤਿਹਾਸ ਦੀ ਉਹੀ ਗੱਲ ਮੰਨਣ ਜੋਗ ਹੋਣੀ ਚਾਹੀਦੀ ਹੈ, ਜੋ ਸਦੀਵੀ ਪਦਵੀ ਵਾਲੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਉਤਰੇ, ਅਤੇ ਸਤਿਗੁਰਾਂ ਦੀ ਪਾਵਨ ਸ਼ਖ਼ਸ਼ੀਅਤ ਦੇ ਅਨਕੂਲ ਹੋਵੇ। ਜੇ ਆਪ ਜੀ ਵਲੋਂ ਕੋਈ ਸੁਝਾ ਨਾ ਪੁੱਜਾ ਤਾਂ ਸਮਝਿਆ ਜਾਵੇਗਾ ਕਿ ਆਪ ਇਨ੍ਹਾਂ ਲਿਖਤਾਂ ਨਾਲ ਸਹਿਮਤ ਹੋ।**

ਆਪ ਜੀ ਦੀ ਸੇਵਾ ਵਿਚ ਲਿਖ ਭੇਜੇ ਦਾਸ ਦੇ ਇਨ੍ਹਾਂ ਗੁਰਮਤਿ ਵਿਚਾਰਾਂ ਬਾਰੇ, ਸੈਮੀਨਾਰ ਤੇ ਪੁੱਜੇ ਵਿਦਵਾਨਾਂ ਕੋਲੋਂ ਵੀ ਰਾਏ ਪ੍ਰਾਪਤ ਕਰ ਲੈਣ ਦੇ ਆਪ ਜੀ ਪੂਰੀ ਤਰ੍ਹਾਂ ਸਮਰੱਥ ਹੋ। ਦਾਸ ਬੜੀ ਉਤਸੁਕਤਾ ਨਾਲ ਉਡੀਕ ਵਿਚ ਰਹੇਗਾ ਅਤੇ ਜੇ ਆਪ ਜੀ ਵਲੋਂ ਸੋਧ ਪੱਤਰ ਛੇਤੀ ਆ ਮਿਲੇ ਤਾਂ ਆਪਣੇ ਆਪ ਨੂੰ ਵਡਭਾਗੀ ਸਮਝੇਗਾ। ਦੇਰੀ ਹੋਈ ਤਾਂ ਆਪ ਜੀ ਦੇ ਕ੍ਰਿਪਾ ਪੱਤਰ ਦੀ ਉਡੀਕ ਇਹ ਨਿਮਾਣਾ ਕੀਟ, **ਤਿੰਨ ਮਹੀਨੇ** ਤੱਕ ਕਰਦਾ ਰਹੇਗਾ। ਆਖ਼ਰ ਏਹੀ ਸਮਝਿਆ ਜਾਵੇਗਾ ਕਿ ਆਪ ਜੀ ਸਮੇਤ ਸਾਰੇ ਵਿਦਵਾਨ, ਦਾਸ ਵਲੋਂ ਭੇਜੇ, ਗੁਰਮਤਿ ਵਿਚਾਰਾਂ ਨਾਲ ਸਹਿਮਤ

ਹਨ ਅਤੇ ਇਹ ਸਾਰਾ ਕੁਝ ਪੁਸਤਕ ਦੇ ਰੂਪ ਵਿਚ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਕਰ ਦਿੱਤਾ ਜਾਵੇਗਾ। ਭੁੱਲ ਚੁੱਕ ਦੀ ਖਿਮਾ। ਧਨਵਾਦ ਸਹਿਤ ਸ਼ੁੱਧ ਗੁਰਮਤਿ ਸਿਖਿਆ ਭਰਪੂਰ, ਸੇਧ ਪੱਤਰ ਦਾ ਉਡੀਕਵਾਨ--

ਗੁਰਮਤਿ ਅਨੁਸਾਰ ਜੀਵਨ ਢਾਲ ਲੈਣ ਦੀ ਘਾਲਣਾ ਘਾਲ ਰਹੇ ਗੁਰੂ ਪਿਆਰਿਆਂ ਦੇ ਚਰਨਾਂ ਦੀ ਧੂੜ, ਦਾਸ

ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ

ਦੇ ਉਤਾਰੇ ਹੇਠ ਲਿਖੇ ਵਿਦਵਾਨਾਂ ਦੀ ਸੇਵਾ ਵਿਚ ਵੀ ਭੇਜੇ ਜਾ ਰਹੇ ਹਨ:--

1 Bhai Kirpal Singh ,Convener,(Seminar on Dasam Granth)

2) Dr Balkar Singh- Punjabi University Patiala.
3) Dr Hukam Chnd Rajpal '' '' '' '' ''
4) Dr S.S. Joshi '' '' '' '' ''
5) **Dr. Jodh Singh** ' ' '' '' '' ''
6) Dr Mohinder Kaur Gill Mata Sudri College Delhi.

ਇਸ ਚਿੱਠੀ ਦੇ ਉੱਤਰ ਵਿਚ ਛਪੇ ਹੋਏ ਪੈਡ ਤੇ, ਭਾਈ ਕਿਰਪਾਲ ਸਿੰਘ ਜੀ ਦਾ ਪੱਤਰ ਮਿਤੀ ੩੦ ਜਨਵਰੀ ੧੯੯੮ ਨੂੰ ਮਿਲਿਆ । ਉਤਾਰਾ ਇਸ ਪ੍ਰਕਾਰ ਹੈ:---

**(੧)** ੧੭-੧-੯੭

ਪਰਮ ਸਤਿਕਾਰ ਯੋਗ ਗੁਰਬਖ਼ਸ਼ ਸਿੰਘ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹ।

ਆਪ ਜੀ ਦੀ ਪਤ੍ਰਕਾ ਬਾਬਾ ਵਿਰਸਾ ਸਿੰਘ ਜੀ ਦੇ ਨਾਮ ਅਤੇ ਕਿਰਪਾਲ ਸਿੰਘ ਦੇ ਨਾਮ ਅਤੇ ਟੌਹੜਾ ਸਾਹਿਬ ਦੇ ਨਾਮ ਅਤੇ ਨਾਲ ਨੱਥੀ ਕੀਤੇ ਸਾਰੇ ਕਾਗ਼ਜ਼ ਮਿਲ ਗਏ ਹਨ। ਮੈ ਤਾਂ ਇਹੀ ਅਰਦਾਸ ਕਰਾਂਗਾ ਕਿਹ ਸਾਨੂੰ ਸਾਡੇ ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਨੂੰ ਨੂੰ ਸਮਝਣ ਦੀ ਸੋਝੀ ਵਾਹਿਗੁਰੂ ਬਖ਼ਸ਼ੇ। ਸਾਨੂੰ ਆਦਤ ਹੈ ਕਿ ਇਕ ਤੁਕ ਕਿਤੋ ਲੈਣੀ ਅੱਧੀ ਕਿਤੋਂ ਲੈਣੀ, ਚੌਥਾ ਹਿੱਸਾ ਹੋਰ ਪਾਸਿਓਂ ਲੈਣਾ।

Individual choice is the relibion without any authority, ਅਸੀਂ ਗੁਰੂ ਸਾਹਿਬ ਨੂੰ ਆਪਣੇ ਮਨ ਦੇ Standard ਨਾਲ ਨਾਪਣਾ ਚੌਹਨੇ ਹਾਂ। ਅਸੀਂ ਕਿਸੇ ਭੀ ਸਿਆਣੇ ਪੁਰਸ਼ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਹਾਂ। ਨਾ ਹੀ ਸਾਨੂੰ ਅਕਾਲ ਤਖ਼ਤ ਤੇ ਭਰੋਸਾ ਹੈ। ਨਾਂ ਹੀ ਸਾਨੂੰ ਸ੍ਰੋਮਨੀ ਗੁਰਦੁਵਾਰਾ ਪਰਬੰਧਕ ਕਮੇਟੀ ਤੇ ਭਰੋਸਾ ਹੈ। ਅਸੀਂ ਆਪਨੀ ਵੀਚਾਰ ਹੀ ਸਾਰਿਆਂ ਪਾਸੋਂ ਮਨੌਣੀ ਚੌਹੰਦੇ ਹਾਂ। ਦਸਮ ਗ੍ਰੰਥ ਬਾਰੇ ਹੇਠ ਲਿਖੇ ਸਬੂਤ ਹਨ:--ਇਨਹਾਂ ਨੇ ਸਾਰੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਮੰਨੀ ਹੈ:--

(੧) ੧੮੯੭ ਅਕਾਲ ਤਖ਼ਤ ਅੰਮ੍ਰਿਤਸਰ ਕਮੇਟੀ ਦੀ ਰਪੋਟ।

(੨) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ' ਸ਼੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਦਾ ੨੬-੯-੩੧ ਦਾ ਐਲਾਨ। **S.G.P.C.** ਦੀ ' ਸਿੱਖ ਹਿਸਟਰੀ ਸੋਸਾਇਟੀ ' ਦੇ ਰੀਸਰਚ ਸਕਾਲਰ ਰਣਧੀਰ ਸਿੰਘ ਦੀ ਲਿਖੀ " ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਦਬ ਮੂਰਤ " ਪੁਸਤਕ ਸ਼ਰੋਮਨੀ ਕਮੇਟੀ ਨੇ ੧੯੫੫ ਵਿਚ ਛਾਪਕੇ ਤੀਜੀ ਬਾਰ ੧੯੬੨ ਵਿਚ ਛਪਵਾਈ।

(੩) ੧੯੦੨ ਈਸਵੀ ਭਾਈ ਬਿਸ਼ਨ ਸਿੰਘ ਦਸਮ ਗ੍ਰੰਥ ਕਿਸ ਨੇ ਬਣਾਇ " ਪੁਸਤਕ ਲਿਖੀ।

(੪) ੧੯੩੫ ਭਾਈ ਸ਼ੇਰ ਸਿੰਘ (ਕਸ਼ਮੀਰ) ਨੇ ਦਸਮ ਗ੍ਰੰਥ ਦਰਪਣ ਨਾਮੀ ਪੁਸਤਕ ਲਿਖੀ।

(੫) ਡਲਕਟਰ ਜਸਵੰਤ ਸਿੰਘ ਲਖਨਊ ਨੇ ੧੯੩੭ ਵਿਚ ਅੰਮ੍ਰਿਤ ਰਸਾਲੇ ਦੇ ਲੇਖ।

(੬) ੧੯੫੫ " ਸਿਖ ਰੀਵੀਊ ' ਡਾਕਟਰ ਤਰਲੋਚਨ ਸਿੰਘ ਦੇ ਆਪਰਲਿੱਅਯ, ਜੂਨ, ਜੁਲਾਈ ਲੇਖ। (Ram Sham ਕਵੀ ਭੀ ਗੁਰੂ ਸਾਹਿਬ ਦੇ ਨਾਂ ਸੀ)

(੭) ੧੯੫੮ Dr Dharam Pal Askete ਨੇ ਦਸਮ ਗ੍ਰੰਥ Petry ' ਲਿਖੀ

(੮) ੧੯੫੮ Dr Harbhajan Singh ਨੇ ਦਸਮਗ੍ਰੰਥ ਗੁਰੂ ਕ੍ਰਿਤ ਮੰਨਿਆ ਹੈ।

(੯) (ਕੁਝ ਲਿਖ ਕੇ ਫਿਰ ਕਈ ਲਕੀਰਾਂ ਫੇਰ ਕੇ ਪੜ੍ਹਨ ਜੋਗ ਨਹੀਂ ਛਡਿਆ ਹੋਇਆ।

(੧੦) ਮਾਤਾ ਸੁੰਦਰੀ ਜੀ ਦੇ ਹੁਕਮ ਨਾਲ ਭਾਈ ਮਨੀ ਸਿੰਘ ਜੀ ਨੇ ਦਸਮ ਗ੍ਰੰਥ ਦੀ ਬੀੜ ਤਿਆਰ ਕੀਤੀ। ਕੇਸਰ ਸਿੰਘ ਛਿੱਬੜ ਨੇ ਸੰਧਾਂਵਾਲੀ ਨਾਮਾ ਵਿਚ ਭੀ ਬਰਨਣ ਕੀਤਾ ਹੈ।

(੧੧) ਭਾਈ ਦੇਸਾ ਸਿੰਘ ਪੁੱਤਰ ਭਾਈ ਮਨੀ ਸਿੰਘ ਨੇ ਰਹਿਤਨਾਮੇ ਵਿਚ ਲਿਖਿਆ ਹੈ।

(੧੨) ੧੯੬੧ ਵਿਚ ਡ: ਪਰਸਿੰ ਸਾਹਿਬ (?) ਨੇ " ਗੁਰੂ ਗੋਬਿੰਦ ਸਿੰਘ ਜੀਵਨੀ ਅਤੇ ਸਾਹਿਤ।

(੧੩) ਭਾਈ ਜੋਧ ਸਿੰਘ, ਗਿਆਨੀ ਗਿਆਨ ਸਿੰਘ, ਸ਼ਮਸ਼ੇਰ ਸਿੰਘ, ਅਕਾਲੀ ਕੌਰ ਸਿੰਘ, ਗਿਆਨੀ ਬਿਸ਼ਨ ਸਿੰਘ, ਖ਼ਾਲਸਾ ਕਾਲਜ ਅੰਮ੍ਰਿਤਸਰ।

(੧੪) ਸੰਤ ਇੰਦਰ ਸਿੰਘ ਚਕਰਵਰਤੀ ਨੇ ਹਿੰਦੀ ਪੁਸਤਕ ਗੋਬਿੰਦ ਰਾਮਾਇਣ ਵਿਚ ਰਾਮ, ਸ਼ਿਆਮ ਨਾਮ ਗੁਰੂ ਗੋਬਿੰਦ ਸਿੰਘ ਜੀ ਦੇ ਮੰਨੇ ਹਨ। ਜੇ ਕਿਸੇ ਸੱਜਨ ਨੂੰ ਦਸਮ ਗ੍ਰੰਥ ਬਾਰੇ ਸ਼ੱਕ ਸ਼ੁਬਾਹ ਹੈ ਤਾਂ ਉਪਰ ਲਿਖੇ ਹੋਏ ਹਵਾਲੇ ਦੇਖ ਸਕਦੇ ਹਨ।

ਸ਼ੁੱਭ ਇੱਛਾਂ ਨਾਲ। ਸ਼ੁਭ ਚਿੰਤਕ ਕਿਰਪਾਲ ਸਿੰਘ

ਇਸ ਪੱਤਰ ਦੇ ਉਤਰ ਵਿਚ ਦਾਸ ਨੇ ਇਹ ਬੇਨਤੀ ਪੱਤਰ ਲਿਖ ਭੇਜਿਆ:--

**ੴ ਸਤਿਗੁਰ ਪ੍ਰਸਾਦਿ ॥**

**ਗੁਰਮੁਖ ਸਿਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥**
**ਜੰਮਣ ਮਰਣ ਕਾ ਮੂਲ ਕਟੀਐ ਤਾਂ ਸੁਖ ਹੋਵੀ ਮਿਤ ॥ ੬੬ ॥**

**14727- Bothel Way N/E. # 5**
**Seattle. WA 98155 U. S. A.**
**Fub 7 1998.**

ਸਤਿਕਾਰ ਯੋਗ ਗੁਰਮੁਖਿ ਪਿਆਰੇ ਭਾਈ ਸਾਹਿਬ ਕਿਰਪਾਲ ਸਿੰਘ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ, ਵਹਿਗੁਰੂ ਜੀ ਕੀ ਫ਼ਤਹਿ।

ਕੋਟਾਨ ਕੋਟ ਧੰਨਵਾਦ ਹੈ, ਜੋ ਦਾਸ ਦੇ ਜੋਦੜੀ ਪੱਤਰ ਦੇ ਉੱਤਰ ਵਿਚ ਸਿਖਿਆ ਪੱਤਰ ਲਿਖ ਕੇ ਇਸ ਨਿਮਾਣੇ ਦਾ ਮਾਣ ਵਧਾਇਆ ਹੈ। ਸਤਿਗੁਰਾਂ ਦੀ ਬਾਣੀ ਪ੍ਰਤੀ ਆਪ ਜੀ ਦਾ ਵਿਸ਼ਵਾਸ਼ ਅਤੇ ਸ਼ਰਧਾ ਸਲਾਹਣਯੋਗ ਹੈ।

(੧) ਯਕੀਨ ਹੈ ਕਿ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚੇ ਹਿਰਦੇ ਤੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਦੇ ਸਦੀਵੀ ਮਾਲਕ ਮੰਨਦੇ ਹੋ। ਇਸ ਗੱਲ ਨਾਲ ਵੀ ਤੁਸੀ ਤਨੋਂ ਮਨੋਂ ਸਹਿਮਤ ਹੋ ਕਿ ਪੰਥ ਨੂੰ ਗੁਰਿਆਈ ਅਤੇ ਸ੍ਰੀ ਅਕਾਲ ਤੱਖ਼ਤ ਸਾਹਿਬ ਦੀ ਸਰਬ ਉੱਚ ਸਰਦਾਰੀ, ਸ੍ਰੀ ਗੁਰੂ ਗ਼ਰੰਥ ਸਾਹਿਬ ਜੀ ਦੇ ਤਹਿਤ ਰਹਿਣ ਵਿਚ ਹੈ। ਸਾਰਾ ਪੰਥ ਰਲ ਕੇ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਿਸੇ ਇੱਕ ਤੁਕ ਨੂੰ ਅਥਵਾ ਗੁਰਬਾਣੀ ਦੇ (ਅਰਥਾਂ ਤੇ ਅਸਰ ਪਾਉਣ ਲਈ) ਕਿਸੇ ਅੱਖਰ ਜਾਂ ਲਗ-ਮਾਤ੍ਰ ਨੂੰ ਵੀ ਕਦੇ ਨਹੀਂ ਬਦਲ ਸਕਦਾ। ਅਤੇ ਇਸ ਸਚਾਈ ਨਾਲ ਵੀ ਤੁਸੀਂ ਪੂਰੀ ਤਰ੍ਹਾਂ ਸਾਹਿਮਤ ਹੋ ਕਿ ਜਿਸ ਦਿਨ ਪੰਥ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਦਾਰੀ ਮੰਨਣੀ ਬੰਦ ਕਰ ਦਿੱਤੀ ਉਹ ਦਿੱਨ ਪੰਥ ਦੀ ਹੋਂਦ ਦਾ ਅੰਤਮ ਦਿਨ ਹੋਵੇਗਾ ? ਆਪ ਜੀ ਨੇ ਸ੍ਰਮਣੀ ਪ੍ਰਬੰਧਕ ਕਮੇਟੀ ਸਮੇਤ ੧੫ ਵਿਦਵਾਨਾਂ ਦੀਆਂ ਜਿਨ੍ਹਾਂ ਲਿਖਤਾਂ ਦਾ ਹਵਾਲਾ ਦਿੱਤਾ ਹੈ, ਉਨ੍ਹਾਂ ਨੂੰ ਪੜ੍ਹਨ ਦੀ ਲੋੜ ਇਸ ਕਾਰਨ ਨਹੀਂ, ਕਿਉਂਕਿ ਜੇ ਉਹ ਸਾਰੇ ਰਲ ਕੇ ਦਸਮ ਗ੍ਰੰਥ ਸਾਹਿਬ ਬਾਰੇ ਕੋਈ ਅੰਤਮ ਫੈਸਲਾ ਕਰ ਸਕੇ ਹੁੰਦੇ ਤਾਂ ਬਾਬਾ ਵਿਰਸਾ ਸਿੰਘ ਜੀ ਦੀ ਦੇਖ-ਰੇਖ ਹੇਠਾਂ ਆਪ ਜੀ ਨੂੰ ਸੈਮੀਨਾਰ ਬੁਲਾਉਣ ਦੀ ਕੀ ਲੋੜ ਸੀ? ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਦਾਰੀ ਤੋਂ ਬਿਨਾਂ ਹੀ ਸਾਰੇ ਲੇਖ ਲਿਖੇ ਜਾ ਰਹੇ ਹਨ। ਪਹਿਲਾਂ ਵੀ ਲਿਖਿਆ ਹੈ ਕਿ ਦਾਸ ਦੇ ਲਿਖਣ ਦਾ ਅਤੇ ਸੋਚਣ ਦਾ ਅਧਾਰ ਕੇਵਲ ਗੁਰਬਾਣੀ ਹੈ। ਗੁਰਮਤਿ-ਬਿਬੇਕਤਾ ਅਥਵਾ ਗੁਰੂ ਬਾਣੀ ਦੀ ਕਸਵੱਟੀ ਹੀ ਸ੍ਰੀ ਦਸਮ ਗ੍ਰੰਥ ਜੀ ਦੀ ਬਾਣੀ ਪ੍ਰਤੀ ਵਿਚਾਰ ਲਿਖਣ ਦੀ ਪ੍ਰੇਰਨਾ ਦਾ ਸਬੱਬ ਬਣੇ ਹਨ। ਅਤੇ ਦਾਸ ਦਾ ਵਿਸ਼ਵਾਸ਼ ਹੈ ਕਿ ਜਿੰਨਾ ਚਿਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵਿਚੋਲੇ ਨਹੀਂ ਮੰਨਦੇ, ਇਸ ਵਿਵਾਦ ਦਾ ਅੰਤ ਕਦੇ ਵੀ ਨਹੀਂ ਹੋ ਸਕਣਾ।

(੨) ਆਪ ਜੀ ਉਸ ਇਤਿਹਾਸਕ ਸਾਕੇ ਦੀ ਮਹੱਤਤਾ ਤੋਂ ਵੀ ਭਲੀਭਾਂਤ ਜਾਣੂ ਹੋ ਜਿਹੜਾ (ਸਾਕਾ) ਦਸ਼ਮੇਸ਼ ਜੀ ਨੇ **ਸ੍ਰੀ ਦਾਦੂ ਜੀ** ਦੀ ਕਬਰ ਵਲ ਆਪਣਾ (ਮੁਬਾਰਕ) ਤੀਰ ਝੁਕਾ ਕੇ ਵਰਤਾਇਆ ਸੀ। ਭਾਵ, ਗੁਰਮਤਿ ਦੀ ਮਰਯਾਦਾ ਜੇ ਸਤਿਗੁਰੂ ਜੀ ਤੋਂ ਵੀ ਭੰਗ ਹੋ ਜਾਵੇ ਤਾਂ ਗੁਰਸਿੱਖ ਆਪਣੇ ਸਤਿਗੁਰਾਂ ਨੂੰ ਵੀ ਤਨਖਾਹੀਆ ਘੋਸ਼ਤ ਕਰਨ ਤੋਂ ਝਿਜ਼ਕ ਨਾ ਮੰਨਣ। ਗੁਰਮਤ ਦੀ ਪਾਵਨਤਾ ਕਾਇਮ ਰੱਖਣ ਵਾਲਾ ਇਹ ਅਦੁਤੀ ਕਰਨਾਮਾ, ਆਪਣੇ ਆਪ ਵਿਚ ਸਾਰੇ ਸੰਸਾਰ ਦੇ ਇਤਿਹਾਸ ਤੋਂ ਨਿਆਰਾ ਹੈ। ਗੁਰੂ ਪੰਥ ਜਾਂ ਗੁਰ ਸਿੱਖ ਆਪਣੇ ਸਤਿਗੁਰਾਂ ਨਾਲ ਤਦ ਹੀ ਅਭੇਦ ਹੋ ਕੇ ਉਨ੍ਹਾਂ ਦਾ ਰੂਪ ਬਣ ਸਕਦਾ ਹੈ ਜੇ---**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵ ਨਾਨਕ ਮਿਲਣੁ ਸੁਭਾਏ ॥ ੮ ॥** ਬਾਣੀ ਅਤੇ ਬਾਣੇ ਦਾ ਪੱਕਾ ਧਾਰਨੀ, ਪੰਜਾਂ ਕਕਾਰਾਂ ਵਿਚ ਫੱਬਿਆ ਹੋਇਆ ਅੰਮ੍ਰਿਤਧਾਰੀ ਸਿੰਘ ਵੀ, ਜੇ ਆਪਣੇ ਸਤਿਗੁਰੂ ਜੀ ਦੇ ਹੁਕਮਾਂ ਦੇ ਪ੍ਰਤਿਕੂਲ ਵਿਹਾਰ ਕਰਦਾ ਹੈ, ਤਾਂ ਉਸ ਲਈ ਸਤਿਗੁਰਾਂ ਦਾ ਫ਼ੁਰਮਾਨ ਇਉਂ ਹੈ:--

**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ, ਸਭੁ ਬਾਦਿ ਸੀਗਾਰੁ ਜੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥**

**(**੩) ਆਪ ਜੀ ਦਾ ਫ਼ੁਰਮਾਨ ਬਿਲਕੁਲ ਹੀ ਠੀਕ ਹੈ, ਕਿ, ਅੱਜ ਲੱਗ-ਪੱਗ ਸਾਰੇ ਵਿਦਵਾਨ ਲਿਖਾਰੀਆਂ ਦਾ ਪਰਚਾਰਕਾਂ ਦਾ ਅਥਵਾ ਡੇਰੇ ਦਾਰ ਸਾਧਾਂ ਸੰਤਾਂ ਦਾ, ਏਹੀ ਵਤੀਰਾ ਬਣ ਚੁਕਿਆ ਹੈ, ਕਿ ਉਹ ਆਪਣੀ ਨਿੱਜ-ਮਤ ਨੂੰ ਗੁਰਮਤਿ ਸਿੱਧ ਕਰਨ ਲਈ ਗੁਰੂ-ਬਾਣੀ-ਪੰਗਤੀਆਂ ਦੀ ਕੁ-ਵਰਤੋਂ ਕਰਨ ਦਾ ਪਾਪ ਕਰ ਰਹੇ ਹਨ। ਮਾਸ ਖਾਣਾ ਗੁਰਮਤਿ ਦੇ ਵਿਰੁੱਧ ਸਿੱਧ ਕਰਨ ਵਾਲੇ, ਅਥਵਾ ਮਾਸ " ਖਾਣ ਜਾਂ ਨਾ ਖਾਣ " ਨਾਲ ਗੁਰਮਤਿ ਦਾ ਕੋਈ ਵਾਸਤਾ ਨਹੀਂ " ਕਹਿਣ ਵਾਲੇ, ਅਥਵਾ, ਦੇਵੀ ਦੇਵਤਿਆਂ ਦੀ, ਭੂਤਾਂ ਪ੍ਰੇਤਾਂ ਆਦ ਦੀ ਅੱਡਰੀ ਹੋਂਦ ਨੂੰ ਭਰਮ ਕਹਿਣ ਵਾਲੇ, ਅਤੇ ਇਸ ਨੂੰ ਅਣਡਿੱਠੀ ਦੁਨੀਆਂ ਦਾ ਨਾਮ ਦੇ ਕੇ, ਇਸ ਦੀ ਹੋਂਦ ਨੂੰ ਗੁਰਮਤਿ ਦੇ ਅਨੁਸਾਰ ਸਿੱਧ ਕਰਨ ਲਈ ਪੁਸਤਕਾਂ ਲਿਖਣ ਵਾਲੇ, ਦੋਵੇ ਵਿਰੋਧੀ ਵਿਚਾਰ, ਗੁਰੂ ਬਾਣੀ ਦੀਆਂ ਹੀ ਤੁਕਾਂ ਦੁਆਰਾ ਹੀ ਗੁਰਮਤਿ ਦੇ ਅਨਕੂਲ ਸਿੱਧ ਕੀਤੇ ਹੋਏ ਹਨ। ਅਜੇਹਾ ਕਰਕੇ ਅਸੀਂ ਲੋਕਾਂ ਨੂੰ ਇਹ ਦੱਸ ਰਹੇ ਹਾਂ ਕਿ, ਸ੍ਰੀ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਇੱਕ ਪੱਕਾ ਸਿਧਾਂਤ ਕੋਈ ਨਹੀਂ ਹੈ, ਸਗੋਂ ਇਹ ਸਵੈ-ਵਿਰੋਧੀ ਵਿਚਾਰਾਂ ਦਾ ਭੰਡਾਰ ਹੈ ? ਏਸੇ ਭਾਣੇ ਤੋਂ ਸੁਚੇਤ ਰਹਿਕੇ, ਲਿਖੀਆਂ ਗਈਆਂ ੬ ਪੁਸਤਕਤਾਂ ਵਿਚ ਦਾਸ ਨੇ, ਹਰ ਦਲੀਲ ਨੂੰ ਗੁਰਮਤਿ ਸਿੱਧ ਕਰਨ ਲਈ, ਕਈ ਕਈ ਗੁਰੂ ਫੁਰਮਾਨ ਵਰਤੇ ਹਨ, ਅਤੇ ਰਹਿੰਦੇ ਗੁਰੂ ਫੁਰਮਾਨਾਂ ਦੀ ਸੂਚੀ ਨਾਲੋ ਨਾਲ ਦੇਈ ਗਿਆ ਹਾਂ। ਵਿਵਾਦ ਗ੍ਰਸਤ ਵਿਸ਼ਿਆਂ ਨਾਲ ਸੰਬਧਤ ਲਗ ਪਗ ਸਾਰੇ ਦੇ ਸਾਰੇ ਗੁਰੂ ਫੁਰਮਾਨ ਲਿਖੇ ਹਨ॥ ਪਰ ਏਨੀ ਘਾਲਣਾ ਘਾਲਦੇ ਰਹਿਣ ਉਪ੍ਰੰਤ ਵੀ ' ਨੀਚ ਕਰਮੀ ਇਹ ਦਾਸਰਾ, **ਇਹ ਫਤਵਾ ਨਹੀਂ ਦੇ ਰਿਹਾ, ਕਿ, ਦਾਸ ਨੇ ਗੁਰੂ ਬਾਣੀ ਦੀ ਵਰਤੋਂ ਖੁਨਾਮੀ ਰਹਿਤ ਅਤੇ ਬਿਲਕੁਲ ਸ਼ੁੱਧ ਹੀ ਕੀਤੀ ਹੈ** ਵਿਦਵਾਨਾ ਦੀ ਸੇਵਾ ਵਿਚ, ਸਦਾ ਹੀ ਸੋਧ ਬਖ਼ਸ਼ਣ ਦੀ ਜੋਦੜੀ ਲਿਖ ਭੇਜਦਾ ਹਾਂ। ਕਿਸੇ ਵਿਸ਼ੇ ਨੂੰ ਗੁਰੂ-ਬਾਣੀ ਦਾ ਅਟੱਲ ਸਿੱਧਾਂਤ ਸਿੱਧ ਕਰਨ ਲਈ ਦਾਸ ਦਾ ਟੀਚਾ ਘੱਟੋ ਘੱਟ ਪੰਜ ਗੁਰੂ ਫੁਰਮਾਨਾਂ ਦਾ ਹੈ। ਇਹ ਸਮਝਾਉਣ ਲਈ ਕਿ ਦਾਸ ਨੇ ਕਿਸੇ ਥਾਂ ਗੁਰਮਤਿ ਦੀ ਖੰਡਨਾਂ ਕੀਤੀ ਹੈ ਪੰਜ ਹੀ ਗੁਰੂ ਫੁਰਮਾਨਾਂ ਦੀ ਮੰਗ ਹੈ। ਅਰਥ ਕੇਵਲ ਉਹ ਹੀ ਪਰਵਾਨ ਹੋਣੇ ਚਾਹੀਏ, ਜੋ ਸਮੁੱਚੀ ਗੁਰੂ-ਬਾਣੀ ਦਾ ਟੀਕਾ ਲਿਖਣ ਵਾਲੇ ਵਿਦਵਾਨਾ (ਡਾ: ਭਈ ਵੀਰ ਸਿੰਘ ਜੀ, ਅਥਵਾ ਪ੍ਰਿੰ: ਸਾਹਿਬ ਸਿੰਘ ਜੀ) ਨੇ ਲਿਖੇ ਹੋਏ ਹਨ।

(੪) ਆਪ ਦੀ ਸੇਵਾ ਵਿਚ ਭੇਜੇ ਹੋਏ " **ਬਚਿੱਤ੍ਰ ਨਾਟਕ** " ਲੇਖ ਦੇ ਅਰੰਭ ਵਿਚ ਸ਼ਸਤਰਾਂ ਦੀ ਪੂਜਾ ਨੂੰ ਅਥਵਾ ਸ਼ਸਤਰਾਂ ਵਿਚ ਅਕਾਲਪੁਰਖ ਦੇ ਦਰਸ਼ਨ ਕਰਨ ਨੂੰ, ਗੁਰਮਤਿ ਦੇ ਵਿਰੁੱਧ ਸਿੱਧ ਕਰਨ ਲਈ ਅਤੇ ਅੱਗੇ ਜਾ ਕੇ ਤੀਰਥਾਂ ਦੇ ਇਸ਼ਨਾਨ, ਦਾਨ ਪੁੰਨ, ਜੋਗ- ਅਭਿਆਸ ਆਦਿ ਨੂੰ ਗੁਰਮਤਿ ਵਿਰੋਧੀ ਸਿੱਧ ਕਰਨ ਲਈ, ਗੁਰਬਾਣੀ ਦੇ ਕਈ ਕਈ ਫੁਰਮਾਨ ਲਿਖੇ ਹਨ। ਆਪ ਜੀ ਤੋਂ ਅਥਵਾ ਸਨਮਾਨ ਜੋਗ ਬਾਬਾ ਵਿਰਸਾ ਸਿੰਘ ਜੀ ਤੋਂ ਇਹ ਆਸ ਰੱਖਦਾ ਹਾਂ ਕਿ ਤੁਸੀਂ ਗੁਰਬਾਣੀ ਦੇ ਸ਼ਬਦਾਂ ਦਾ ਹਵਾਲਾ ਦੇ ਕੇ ਦਾਸ ਨੂੰ ਲੋੜੀਂਦੀ ਸੋਧ ਬਖ਼ਸ਼ਸ਼ ਕਰੋਗੇ। ਸਾਰਿਆਂ ਨੂੰ ਇੱਕੋ ਡਾਂਗ ਨਾਲ ਹੱਕੀ ਜਾਣ ਵਾਲੀ ਗੱਲ, ਆਪ ਜਿਹੇ ਮਹਾਂਪੁਰਖਾਂ ਦੀ ਸ਼ਾਨ ਦੇ ਅਨਕੂਲ ਨਹੀਂ ਹੈ ਜੀ।

ਸਾਰੇ ਵਿਦਵਾਨ ਲਿਖਾਰੀ ਇਸ ਗੱਲ ਤੇ ਸਹਿਮਤ ਹਨ ਕਿ, (ਗੁਰਿਆਈ ਦੇ ਮਾਲਕ ਬਣ ਜਾਣ ਦੇ ਕਾਰਨ) ਸਿਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਬਾਕੀ ਹੋਰ ਕੋਈ ਵੀ ਲਿਖਤ ਅਜੇਹੀ ਨਹੀਂ ਹੈ, ਜੋ ਵੈਰੀਆਂ ਦੀ ਛੇੜ ਛਾੜ ਤੋਂ ਪੂਰਨ ਤੌਰ ਤੇ ਬਚੀ ਰਹੀ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬ ਉੱਚ ਮੁਹੱਤਤਾ ਵਾਲੀ ਸਰਦਾਰੀ ਨੂੰ ਅੱਖੋਂ ਪਰੋਖਾ ਕਰਕੇ, ਹੋਰ ਲਿਖਤਾਂ ਜਾਂ ਹੁਕਮਨਾਮਿਆਂ ਤੇ ਭਰੋਸਾ ਕਰਨਾ ਦਾਸ ਦੀ ਤੁੱਛ ਬੁਧੀ ਅਨੁਸਾਰ, ਪੰਥਕ-ਬਦਕਿਸਮਤੀ ਹੈ। ਅਜੇਹੀਆਂ ਲਿਖਤਾਂ ਜਾਂ ਹੁਕਮਨਾਮੇ ਵੀ ਤੱਦ ਹੀ ਪਰਵਾਨਗੀ ਜੋਗ ਹਨ ਜੇ ਉਹ ਗੁਰੂ ਬਾਣੀ ਦੀ ਕਸਵੱਟੀ ਤੇ ਪੂਰੇ ਉਤਰਦੇ ਹਨ।

(੫) ਆਸ ਰੱਖਦਾ ਹਾਂ ਕਿ ਆਪ ਜੀ ਦਾਸ ਦੇ ਸਾਰੇ ਭਰਮ ਦੂਰ ਕਰਨ ਲਈ ਕੇਵਲ ਗੁਰੂ ਬਾਣੀ ਦਾ ਹਵਾਲਾ ਦਿਉਗੇ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਨੇ ਉਸ ਅੰਗ੍ਰੇਜ਼ ਨੂੰ ਸਿਰੋਪਾਉ ਦਿੱਤਾ ਸੀ ਜਿਸ ਨੇ ਜੁਲਿਆਂ ਵਾਲੇ ਬਾਗ਼ ਵਿਚ ਬੇਗੁਨਾਹ ਖ਼ਲਕਤ ਤੇ ਗੋਲੀ ਚਲਾਈ ਸੀ। ਫਿਰ ਉਸ ਬਾਰੇ ਰੌਲਾ ਕਿਸ ਕਾਰਨ ਪਾਇਆ ਗਿਆ? ਹੁਣ ਗੋਇੰਦਵਾਲ ਸਾਹਿਬ ਮੁਰਦਘਾਟ ਦਾ ਉਦਘਟਨ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦਾ ਜਾਣਾ ਪ੍ਰੈਸ ਵਿਚ ਨਿੰਦਿਆ ਗਿਆ ਹੈ। ਕੀ, ਅਜੇਹੇ ਸਭ ਕੁਝ ਨੂੰ ਸਤਿਗੁਰਾਂ ਦਾ ਹੁਕਮ ਹੀ ਮੰਨਣਾ ਚਾਹੀਦਾ ਹੈ? ਸੋ ਗੁਰਬਾਣੀ ਦੀ ਖੰਡਨਾਂ ਵਾਲਾ ਫ਼ੈਸਲਾਂ ਭਾਂਵੇਂ ਦੋ ਸੌ ਸਾਲ ਪਹਿਲਾਂ ਦਾ ਵੀ ਹੋਵੇ, ਉਸ ਨੂੰ ਬਦਲ ਦੇਣਾਂ ਸੂਰਮਤਾਈ ਵਾਲਾ ਸ਼ੁੱਭ ਕਰਮ ਹੀ ਸਮਝਿਆ ਜਾ ਸਕਦਾ ਹੈ। ਅਸੀਂ ਉਸ ਮਹਾਨ ਅਤੇ ਨਿਰਭੈ ਸਤਿਗੁਰੂ ਜੀ ਦੇ ਸਿੱਖ ਹਾਂ, ਜਿਸ ਨੇ ਪਿੱਤ੍ਰਾਂ ਨੂੰ ਪਾਣੀ ਦੇਣ ਵਾਲੇ, ਮੂਰਤੀ ਪੂਜਾ ਵਾਲੇ, ਤੀਰਥਾਂ ਦੇ ਇਸ਼ਨਾਨ ਵਾਲੇ, ਮੱਕੇ ਨੂੰ ਰੱਬ ਦਾ ਘਰ ਮੰਨਣ ਵਾਲੇ, ਅਜੇਹੇ ਅਨੇਕ ਰਸਮਾਂ ਰਿਵਾਜਾਂ ਦਾ ਖੰਡਨ ਕੀਤਾ ਸੀ। ਇਹ ਸਾਰਾ ਕੁਝ ਉਨ੍ਹਾਂ ਦੇ ਧਰਮ ਗ੍ਰੰਥਾਂ ਵਿਚ ਲਿਖੇ ਹੋਣ ਦੇ ਕਾਰਨ ਨਿਰਾ ਰਸਮ ਰਿਵਾਜ ਹੀ ਨਹੀਂ ਸੀ ਰਿਹਾ ਹੋਇਆ ਸਗੋਂ ਹਜ਼ਾਰਾਂ ਸਾਲਾਂ ਤੋਂ ਧਰਮ ਦਾ ਹਿੱਸਾ ਬਣ ਚੁੱਕਾ ਸੀ। ਅਸੀਂ ਤਾਂ ਉਹ ਕੁਝ ਕਰਨਾ ਹੈ ਜੋ ਸਾਡੇ ਆਪਣੇ ਸਤਿਗੁਰੂ ਜੀ ਚਾਹੁੰਦੇ ਹਨ।

ਜੇ ਦਸਮ ਗ੍ਰੰਥ ਦੇ ਲਿਖਤ ਗੁਰਮਤਿ ਵਿਰੋਧੀ ਸਿੱਧ ਹੁੰਦੀ ਹੋਵੇ ਤਾਂ ਉਸ ਨੂੰ ਓਵੇ ਦਾ ਓਵੇਂ ਰਹਿਣ ਦੇਣ ਦਾ ਰੌਲਾ, ਪਾਉਣਾ ਵੀ ਕੀ, ਗੁਰਮਤਿ ਹੀ ਹੈ ਜੀ? ਦਾਸ ਦੇ ਵਿਚਾਰਾਂ ਨੂੰ ਗੁਰਮਤਿ ਦੇ ਵਿਰੁੱਧ ਸਿੱਧ ਕਰਨ ਦੀ ਕਿਰਪਾਲਤਾ ਕਰ ਦਿਉ ਤਾਂ ਦਾਸ ਤੇ ਬੜੀ ਵੱਡੀ ਮਿਹਰ ਕਰੋਗੇ। ਦਾਸ ਵਲੋਂ ਭੇਜੇ ਲੇਖ ਵਿਚ ਜੇ ਬਚਿੱਤ੍ਰ ਨਾਟਕ ਦੀ ਕਹਾਣੀ ਦੇ ਠੀਕ ਠੀਕ ਦਰਸ਼ਨ ਨਹੀਂ ਹੁੰਦੇ, ਅਥਵਾ ਜੇ ਦਾਸ ਉਸ ਕਹਾਣੀ ਨੂੰ ਸਮਝਣ ਵਿਚ ਭੁੱਲ ਕਰ ਰਿਹਾ ਹੈ ਤਾਂ ਠੀਕ ਹਵਾਲਾ ਦੇ ਭੇਜੋ, ਅਤੇ ਜੇ ਉਸ ਵਿਚ ਗੁਰਮਤਿ ਵਿਰੋਧੀ ਕੋਈ ਗੱਲ ਹੈ ਤਾਂ ਗੁਰੂਸ਼ਬਦਾਂ ਦਾ ਹਵਾਲਾ ਲਿਖ ਭੇਜਣ ਦਾ ਉਪਕਾਰ ਲਿਖ ਭੇਜੋ।

ਕਿਉਂਕਿ ਆਪਣੀ ਲਿਖਤ ਪਾਠਕਾਂ ਦੇ ਹੱਥ ਵਿਚ ਪੁਚਾਉਣ ਤੋਂ ਪਹਿਲਾਂ ਦਾਸ ਆਪਣੀ ਭੁੱਲਾਂ ਵਿਚ ਸੋਧ ਕਰ ਲੈਣੀ ਚਾਹੁੰਦਾ ਹੈ। ਆਪ ਜਿਹੇ ਮਹਾਂਪੁਰਖਾਂ ਤੱਕ ਪੁਜਣ ਦਾ ਹਵਾਲਾ ਵੀ ਪਾਠਕਾਂ ਨੇ ਪੜ੍ਹਨਾ ਹੈ। ਅਤੇ ਆਪ ਜੀ ਵਲੋਂ ਪੁਜੇ ਹਰ ਸੋਧ ਪੱਤਰ ਨੇ ਵੀ ਪੁਸਤਕ ਦਾ ਭਾਗ ਬਣਨਾ ਹੈ। ਅਜੇਹੇ ਯਤਨ ਇਸ ਲਈ ਕਰ ਰਿਹਾ ਹਾਂ ਤਾਂ ਜੋ ਪੰਥ ਵਿਚ ਕੋਈ ਨਵਾਂ ਵਿਵਾਦ ਖੜਾ ਨਾ ਹੋ ਜਾਵੇ। ਗੁਰਮਤਿ ਸੋਧ ਦੀ ਉਡੀਕ ਵਿਚ---

ਗੁਰਮਤਿ ਅਨੁਸਾਰ ਜੀਵਨ ਢਾਲ ਰਹੇ ਗੁਰਮੁਖਾਂ ਦੀ ਚਰਨਧੂੜ--

ਦਾਸ

ਗੁਰਬਖ਼ਸ਼ ਸਿੰਘ

**(**ਉਪ੍ਰੋਕਤ ਚਿੱਠੀ ਅਤੇ ਸ੍ਰੀ ਬਚਿਤ੍ਰ ਨਾਟਕ ਬਾਰੇ ਲਿਖਿਆ ਖਰੜਾ ਜਿਨ੍ਹਾਂ ਵਿਦਵਾਨਾਂ ਦੀ ਸੇਵਾ ਵਿਚ ਭੇਜਿਆ ਸੀ ਉਨ੍ਹਾਂ ਵਿਚੋ ਕੇਵਲ ਇੱਕ ਗੁਰਮੁਖ ਪਿਆਰੇ ਡਾਕਟਰ ਜੋਧ ਸਿੰਘ ਜੀ (ਉਪ੍ਰੋਕਤ ਚੌਥਾ ਨੰਬਰ) ਵਲੋਂ ਛਪੇ ਹੋਏ ਪੈਡ ਦੇ ਕਾਗਜ਼ ਤੇ ਅੰਗ੍ਰੇਜ਼ੀ ਭਾਸ਼ਾ ਵਿਚ ਲਿਖਿਆ ਹੇਠ ਲਿਖਿਆ ਪੱਤਰ ਆਇਆ ਹੈ:--

**Dr. Jodh Singh**

Tel:- 0-822461-65

Ext: 6204, 62114

Resi: 0175-353102
Member. Indiian of Pilosophical Research
M.A. Engish. Hindi. Phlosophy
Ph.D.(B.H.u.) Sahitya Ratna
Professor of Sikhism
Department of Religious Studies
Punjabi Universisty.Patiala[India] 147002

Respected Sardar Gurbax Singh Ji, Date.1-2...1998.......

Your letter dated January 2, 1998 is in my hands. From your latter it seems that you are a serious reader of Grubbing as well as the Dams Grant. Well, what I could make out from your letter is that you have created many imaginary phantoms about Dams Grant. I have not come across a single scholar who says that Dasam Granth is equal to Guru Granth Sahib. On page 17 (s section) of your letter the words you are trying to put in the mouth of (imaginary) people that ਅਸੀਂ ਕਿਸ ਅਧਿਕਾਰ ਨਾਲ ਦਸਮਗ੍ਰੰਥ ਨੂੰ ਵੀ ਗੁਰਬਾਣੀ ਦਾ ਦਰਜਾ ਦੇ ਰਹੇ ਹਾਂ, are totally uncalled for because nobody does that I am wonderstuck to see the trend of your research which somehow show your resourcefulness of having ultra modern devices for reading and writing but are totally destructive and directionless.From your research I am reminded of a fact about the Rigvedas. I think you are aware that the whole of the Rigveda is replete with mundana activities of life such as fights among the Aryans and indigenous people, the demands of more cows, oxes and fields, the insects in the form of Yama (brother)-Yam (sister) dialogue and then preparation of somsrasa (Wine)) etc. But then some sprinklings of spituiality sometimes in the nasdiya sukta (hymn of creation) and the Purushsukta are also there. These spatters of spirituality are such explained and highlighted by the Hindu scholars such as Gaudpada, Govinpad, their disciples Shankracharya,Ramanuj, Madhwa and Nimbark et al. in the forms of non-dualism (advaitvada), qualified non-duatiism etc. that today the Rigveda is held as one of the oldest spirtual scriptures of the world religions. And i prostrate before the the Sikh scholarships **who is not highlighting the bulk of spirituality in Dasm Granth but is busy in flashing few sprinkles of so-called obscenity**, **authenticity and God knows what else**. And this way the socalled scholars are feeling that they are doing a great service to the cause of Sikhisim. In fact so far we have not learnt to distinguish between the literature and the scripture. May God bless us with some more wisdom so that we can make good use of our resourcefulness. Let us not prove the proverb **that obscenity lies in the eyes of beholder**. Your zeal about the in-depth study of Sikhisim doctrines is commendable but I feel your conclusions are quite subjective. With folded hands I request that personal views should not be imposed on mainstream of Sikh panth and research may be used to construct and not to destroy the fabric of Sikhism. Jodh Singh..

ਉਪ੍ਰੋਕ ਪੱਤਰ ਆਉਣ ਤੇ ਹੇਠ ਲਿਖਿਆ ਜੋਦੜੀ ਪੱਤਰ ਲਿਖਿਆ ਗਿਆ:--

**੧ਓ ਸਤਿਗੁਰ ਪ੍ਰਸਾਦਿ ॥**

**ਗੁਰ ਕੀ ਮਹਿਮਾ ਕਿਆ ਕਹਾ ਗੁਰ ਬਿਬੇਕ ਸਤਿਸਰ॥**
**ਓਹ ਆਦਿ ਜੁਗਾਦੀ ਜੁਗਹੁ ਜੁਗੁ ਪੂਰਾ ਪਰਮੇਸਰ ॥ ੩ ॥**

ਪਰਮ ਸਤਿਕਾਰਯੋਗ ਡਾ: ਜੋਧ ਸਿੰਘ ਜੀਓ, **Feb: 19 1998**

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਸੋਧ ਪੱਤਰ ਲਿਖ ਕੇ ਦਾਸ ਦਾ ਜੋ ਮਾਣ ਆਪ ਜੀ ਨੇ ਵਧਾਇਆ ਹੈ ਉਸ ਦਾ ਧਨਵਾਦ ਕਰਨ ਲਈ ਅਗਿਆਨੀ ਅਤੇ ਮਤਿਹੀਨ ਇਸ ਨਿਮਾਣੇ ਨੂੰ ਢੁਕਵੇਂ ਸ਼ਬਦ ਨਹੀਂ ਮਿਲ ਰਹੇ। ਉੱਚ ਕੋਟੀ ਦੇ ਵਿਦਵਾਨ ਵਲੋਂ ਸਿਖਿਆ ਪੱਤਰ ਆਉਣਾ, ਬੜੇ ਵਡੇ ਭਾਗਾਂ ਦੀ ਨਿਸ਼ਾਨੀ ਹੈ। ਕੁਝ ਆਪਣੇ ਬਾਰੇ--

੧- ਏਧਰ ਆਉਣ ਤੋਂ ਪਹਿਲਾਂ, ਅਗਸਤ ੧੯੮੩ ਤੋਂ ਗੁਰੂ ਨਾਨਕ ਨਿਵਾਸ ਅਤੇ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ, ਬਾਬਾ ਜਰਨੈਲ ਸਿੰਘ ਦੀ ਸੇਵਾ ਵਿਚ ਰਿਹਾ। ੧ ਜਨਵਰੀ ੧੯੮੪ ਦੀ ਸਵੇਰ ਕੈਨੇਡਾ ਪੁੱਜਾ। ਵਾਪਸ ਪਰਤਣਾ ਸੀ ਕਿ **Blue Star** ਭਾਣਾ ਵਰਤ ਗਿਆ। ਹਿੰਦ

ਸਰਕਾਰ ਨੇ ਦਾਸ ਨੂੰ **Proclaimed** ਦੋਸ਼ੀ ਘੋਸ਼ਤ ਕਰਕੇ, ਗਿਰਫ਼ਤਾਰੀ ਲਈ ਕੈਨੇਡਾ ਸਰਕਾਰ ਨਾਲ ਵੀ ਚਿੱਠੀ ਪੱਤਰ ਕੀਤਾ। ੩੭ ਸਾਲ ਦੀ ਕਰੜੀ ਘਾਲਣਾ ਨਾਲ ਕੀਤੀ ਸੇਵਾ ਤੋਂ ਮਿਲਦੀ, ਪੈਨਸ਼ਨ ਜ਼ਬਤ, ਜਾਇਦਾਦ ਦੀ ਜ਼ਬਤੀ ਦੇ ਕਰੜੇ ਹੁਕਮ, ਦੇਸ਼ ਦੇ ਹਵਾਈ ਅੱਡਿਆਂ ਤੇ ਦਾਸ ਨੂੰ ਨੂੜ ਲੈਣ ਦੇ ਆਦੇਸ਼। ਵਾਪਸ ਪਰਤਣਾ ਅਸੰਭਵ ਬਣ ਗਿਆ। ਜਨਮ ਤਾਰੀਖ ੨੧ ਅਕਤੂਬਰ ੧੯੨੧ ਹੈ।

੨- ਦਾਸ ਨੇ ਆਪਣੀ ਜ਼ਿੰਦਗੀ ਦਾ ਪਿਛੋਕੜ ਅਤੇ ਲਿਖਣਾ ਅਰੰਭਣ ਦਾ ਕਾਰਨ, ੧੯੯੫ ਵਿਚ ਛਪ ਹੁਣ ਦੂਜੀ ਵਾਰੀ ਛਪ ਰਹੀ, ਪੁਸਤਕ " **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ-- ਭਾਗ ਪਹਿਲਾ** " ਦੀ ਭੂਮਕਾ ਵਿਚ ਲਿਖਿਆ ਹੈ। ਉਸ ਦਾ ਉਤਾਰਾ ਨਾਲ ਨੱਥੀ ਕਰ ਰਿਹਾ ਹਾਂ। ਆਸ ਹੈ ਆਪ ਜੀ ਪੜ੍ਹਨ ਦੀ ਖੇਚਲ ਜ਼ਰੂਰ ਕਰੋਗੇ। ਸ਼ੁੱਧ ਗੁਰਮਤਿ ਸੇਧ ਦੀ ਬਖ਼ਸ਼ਸ਼ ਕਰਨ ਲਈ ਦਾਸ ਨੇ ਲਗ-ਪਗ ਸਾਰੇ ਸ਼੍ਰੋਮਣੀ ਜਥੇਦਾਰਾਂ ਦੀ ਸੇਵਾ ਵਿਚ ਕਈ ਪੱਤਰ ਲਿਖੇ। ਦਾਸ ਦਾ ਇਹ ਸ਼ੰਕਾ ਨਵਿਰਤ ਕੋਈ ਨਹੀਂ ਕਰ ਰਿਹਾ ਕਿ, ਕੀ ਖ਼ਾਲਸਾ ਜੀ ਤੇ ਨਿਆਰੇ ਰਹਿਣ ਦੀ ਅਤੇ ਬਿੱਪ੍ਰਨ ਕੀ ਰੀਤ ਤੋਂ ਬਚੇ ਰਹਿਣ ਦੀ ਪਾਬੰਦੀ ਲਾਈ ਗਈ ਸੀ ਕਿ ਨਹੀਂ ? ਜੇ ਖ਼ਾਲਸਾ ਜੀ ਅਜੇਹੀਆਂ ਪਾਬੰਦੀਆਂ ਤੋਂ ਮੁਕਤ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਅਨੁਸਾਰ ਜੀਵਨ ਜੁਗਤਿ ਬਨਾਉਣ ਦੀ ਲੋੜ ਮੁਕਾ ਕੇ ਆਪਣੀ ਮਰਜ਼ੀ ਨਾਲ ਜਿਹੜਾ ਮਰਜ਼ੀ ਰਾਹ ਫੜ ਸਕਦੇ ਹਨ, ਤਾਂ ਦਾਸ ਅੱਜ ਹੀ ਆਪਣਾ ਲਿਖਿਆ ਸਭ ਕੁਝ ਵਾਪਸ ਲੈਣ ਲਈ ਤਿਆਰ ਹੈ। ਕਿਉਂਕਿ ਦਾਸ ਦਾ ਵਿਸ਼ਾ ਪੰਥ ਨੂੰ ਉਨ੍ਹਾਂ ਮਘੋਰਿਆਂ ਤੋਂ ਸੁਚੇਤ ਕਰਨ ਦਾ ਹੈ ਜਿੰਨ੍ਹਾਂ ਤੋਂ ਪੰਥ ਵਿਚ ਬਿੱਪ੍ਰਨ ਕੀ ਰੀਤ ਵੜਨੀ ਅਰੰਭ ਹੋ ਕੇ ਨਿਰੰਤਰ ਦਾਖ਼ਲ ਹੋਈ ਜਾ ਰਹੀ ਹੈ। ਅਤੇ ਖ਼ਾਲਸਾ ਜੀ ਦੇ ਨਿਆਰੇ ਗੁਰਮਤਿ ਗਿਆਨ ਨੂੰ ਦੂਸ਼ਤ ਕਰਕੇ ਇਸਦੀ ਨਿਆਰੀ ਆਭਾ ਨੂੰ ਮਲੀਆਮੇਟ ਕਰ ਰਹੀ ਹੈ। ਗੱਲ ਕੇਵਲ ਇੱਕ ਨਾਲ ਜੁੜਨ ਦੀ ਕਰ ਰਿਹਾ ਹਾਂ।

੩- ਦਾਸ ਨੂੰ ਆਪ ਜੀ ਨੇ ਵਿਦਵਾਨ ਸਮਝ ਕੇ ਗੂੜ੍ਹ ਅੰਗ੍ਰੇਜ਼ੀ ਵਿਚ ਸੇਧ ਦੇਣ ਦੀ ਖੇਚਲ ਕੀਤੀ। ਤੁਹਾਡੇ ਵਰਗਾ ਸੁਝਵਾਨ ਉੱਚ ਕੋਟੀ ਦੇ ਵਿਦਵਾਨ ' **ਅਭੁੱਲ** ' ਗੁਰਸਿੱਖ, ਗੁਰਮੁਖੀ ਅੱਖਰ ਵਰਤਣ ਤੋਂ ਸੰਗ ਮੰਨ ਕੇ ਕਿਸੇ ਸਿੰਘ ਨੂੰ ਸੰਬੋਧਨ ਕਰਨ ਸਮੇ ਦਸ਼ਮੇਸ਼ ਦੀ ਦੇਣ, ਫਤਹਿ ਵੀ ਨਾ ਲਿਖੇ--(੧੫ ਸਾਲ ਤੋਂ ਬਾਹਰ ਹਾਂ)-- ਕੀ ਪੰਥਕ ਰਹਿਤ ਮਰਯਾਦਾ ਵਿਚ ਸੋਧ ਹੋ ਚੁੱਕੀ ਹੈ ਜੀ?

੪- ਹਜ਼ੂਰ ਸਾਹਿਬ ਵਿਖੇ ਦਸਮ ਗ੍ਰੰਥ ਜੀ ਦਾ ਪ੍ਰਕਾਸ਼ ਕਰਕੇ ਬਾਕਾਇਦਾ ਹੁਕਮਨਾਮਾ ਲਿਆ ਜਾਂਦਾ ਹੈ, ਇਸ ਬਾਣੀ ਦੇ ਅਖੰਡਪਾਠ ਪਾਠ ਕੀਤੇ ਜਾਣ ਸਮੇ ਕੁੰਭ ਰਖਿਆ ਜਾਂਦਾ ਹੈ ਅਤੇ ਜਦੋ ਪਾਠ ਕਰਦਿਆਂ ਜੰਗਾਂ ਜੁਧਾਂ ਵਿਚ ਕਿਸੇ (ਨਿਰੋਲ ਕਲਪਣਾ ਦੀ ਉਪਜ, ਖਿਆਲੀ-) ਜੋਧੇ ਦੇ ਮਰਨ ਦੀ ਗੱਲ ਆਉਂਦੀ ਹੈ ਤਾਂ ਨਾਰੀਅਲ ਭੰਨੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਕਿਤੇ ਵਧ ਚੜ੍ਹਾਵਾ ਸ੍ਰੀ ਦਸਮ ਗ੍ਰੰਥ ਦੀ ਭੇਟਾ ਹੋ ਰਿਹਾ ਹੁੰਦਾ ਹੈ। ਦਸਮ ਗ੍ਰੰਥ ਦੇ ਅਖੰਡਪਾਠ ਅਤੇ ਸੰਪਟ ਪਾਠ ਕੀਤੇ ਜਾਣ ਨਾਲ ਕਈ ਤਰ੍ਹਾਂ ਦੇ ਫਲਾਂ ਦੀ ਪ੍ਰਾਪਤੀ ਦੇ ਵਡੇ ਵਡੇ ਝਾਂਸੇ ਦੇਣ ਵਾਲੀਆਂ ਪੁਸਤਕਾਂ ਅਤੇ ਗ੍ਰੰਥ ਵੀ ਲਿਖੇ ਜਾ ਰਹੇ ਹੋਣ (**ਪੜ੍ਹੋ ਸ੍ਰੀ ਮਾਨ ਪੰਥ ਰਤਨ ਵਿਦਯਾਮਾਰਤੰਡ ਸੰਤ ਗਿਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੀ " ਗੁਰਮਤਿ ਰੋਹਤ ਮਰਯਾਦਾ ' ਪੁਰਤਕ ਅਤੇ ' ਗੁਰਬਾਣੀ ਪਾਠ ਦਰਸ਼ਨ** '), ਖੰਡੇ ਬਾਟੇ ਦੀ ਪਾਹੁਲ ਤਿਆਰ ਕਰਨ ਵਿਚ ਦਸਮ ਗ੍ਰੰਥ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲੋਂ ਵੀ ਵਿਸ਼ੇਸ਼ਤਾ ਪ੍ਰਾਪਤ ਹੋਵੇ, ਦਸਮ ਗ੍ਰੰਥ ਦੀ ਬਾਣੀ ਦੇ ਅਧਾਰ ਤੇ ਹੀ ਹੇਮਕੁੰਡ ਜਿਹਾ ਤੀਰਥ ਉਸੇ ਥਾਂ ਤੇ ਹੀ ਬਣਿਆਂ ਹੋਵੇ ਜਿਥੇ ( UP **ਵਿਚ)** ਬ੍ਰਾਹਮਣ ਦੇ ਤੀਰਥ-ਮੰਦਰਾਂ ਦੀ ਸੱਭ ਤੋਂ ਵੱਧ ਭਰਮਾਰ ਹੈ--ਏਨੀਆਂ ਸਚਾਈਆਂ ਦੇ ਹੁੰਦਿਆਂ ਜਦ ਆਪ ਜਿਹੇ ਸਕਾਲਰ ਦੀ ਚਿੱਠੀ ਵਿਚ ਇਹ ਲਿਖਿਆ ਪੜ੍ਹੀਏ**--On page 17 (s section) of your letter the words you are trying to put in the mouth of (imaginary) people that-** ਅਸੀਂ ਕਿਸ ਅਧਿਕਾਰ ਨਾਲ ਦਸ਼ਮਗ੍ਰੰਥ ਬਾਣੀ ਨੂੰ ਵੀ ਗੁਰੂਬਾਣੀ ਦਾ ਦਰਜਾ ਦੇ ਰਹੇ ਹਾਂ" Are totally uncalled for because no body does that. ਅਤੇ ਫਿਰ ਕੋਈ ਵਿਸ਼ੇਸ਼ ਉਦਾਹਰਣ ਦਿੱਤੇ ਬਿਨਾਂ ਇਉਂ ਵੀ ਲਿਖ ਦੇਣਾ--I am wonderstruc to see the trend of your research which somehow Shows your resourcefulness of having ultra modern devices for reading and writing but are totally destructive and direction-less. ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਨੂੰ ਉਜਾਗਰ ਕਰਕੇ ਉਸ ਨਾਲ ਜੁੜਨ ਦੀ ਗੱਲ ਤੁਹਾਡੇ ਵਰਗੇ ਉੱਚ ਕੋਟੀ ਦੇ ਵਿਦਵਾਨ ਨੂੰ **direction-less** ਹੋ ਦਿੱਸੀ, ਇਹ ਦਾਸ ਦੀ ਬਦਕਿਸਮਤੀ ਹੈ? ਬਚਿਤਰ ਨਾਟਕ ਬਾਰੇ ਲਿਖ ਭੇਜੇ ਵਿਸ਼ਾਲ ਲੇਖ ਵਿਚੋਂ, ਅਤੇ ਚਿੱਠੀ ਨਾਲ ਭੇਜੀ ਸਾਰੀ ਸਮੱਗਰੀ ਵਿਚੋਂ ਕੇਵਲ ਏਹੀ (ਜੋ ਤੁਸਾਂ ਗੁਰਮੁਖੀ ਅੱਖਰਾਂ ਵਿਚ ਲਿਖੇ ਹਨ) ਸ਼ਬਦ ਉਭਰ ਕੇ ਤੁਹਾਡੀ ਨਜ਼ਰੀ ਚੜ੍ਹ ਸਕੇ। ਦਾਸ ਨੇ ਸੇਧ ਦੇਣ ਦੀ ਬੇਨਤੀ ਲਿਖੀ ਸੀ, ਬਿਨਾ ਉਦਾਹਰਣ ਤੋਂ, ਕੇਵਲ ਫਤਵੇ ਹੀ ਲਿਖ ਭੇਜਣੇ, ਸ਼ਾਇਦ ਨਵਾਂ ਲਿਖਣ ਢੰਗ ਬਣ ਗਿਆ ਹੋਵੇ?--**ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥** ਕੀ, ਝੂਠੇ ਵਿਚਾਰਾਂ ਦਾ ਤਿਆਗ ਕਰਕੇ, ਸੱਚ ਨਾਲ ....?

**੫-** ਦਾਸ ਤਾਂ ਮਸਾਂ ਸਕੂਲੀ ਪੜ੍ਹਈ ਹੀ ਮੁਕਾਈ ਸੀ। ਕਾਲਜ ਦੀਆਂ ਕੇਵਲ ਬਰੂਹਾਂ ਹੀ ਟੱਪ ਸਕਿਆ ਸਾਂ। ਤੁਹਾਡੇ ਤੇ ਸਤਿਗੁਰਾਂ ਦੀ ਅਪਾਰ ਮਿਹਰ ਹੈ। ਤੁਸੀ ਡਿਗਰੀਆਂ ਨਾਲ ਸ਼ਿੰਗਾਰੇ ਹੋਏ ਹੋ, ਅਤੇ ਫਿਰ ਤੁਸੀ ਤਾਂ ਸੇਵਾ ਵੀ ਵਿਦਿਆ-ਦਾਨ ਦੀ ਸਾਂਭੀ ਹੋਈ ਹੈ। ਕਿੱਡੀ ਵਧੀਆ ਗੱਲ ਹੁੰਦੀ ਜੇ ਤੁਸੀ ਗੁਰਮਤਿ ਦੀ ਲਿਖਣਵਿਧੀ ਦੀ ਮੁਹੱਤਤਾ ਅਣਪਛਾਣੀ ਨਾ ਕੀਤੀ ਹੁੰਦੀ? ਗੁਰਮਿਤ ਲਿਖਣ ਦੀ ਵਿਧੀ ਨੂੰ ਤਿਆਗ ਕੇ ਵੇਦਾਂ ਦੀ ਲਿਖਣ ਵਿਧੀ ਸਿਖਾਉਣੀ ਗੁਰਮਤਿ ਕਿਵੇਂ ਬਣ ਗਈ ? ਵੇਦਾ ਬਾਣੀ ਦੇ ਉੱਚ ਕੋਟੀ ਦੇ ਸਕਾਲਰ ਆਚਾਰਯਾ ਰਾਮ ਤੀਰਥ ਦੰਡੀ ਸਵਾਮੀ ਜੀ ਨੇ, ਗੁਰੂ ਗ੍ਰੰਥ ਸਾਹਿਬ ਨੂੰ ' ਸਰਬ ਉਤਮ ਗ੍ਰੰਥ ' ਇਸ ਕਾਰਨ ਲਿਖਿਆ ਹੈ ਕਿਉਂ ਇਸ ਵਿਚ ਰਿਗਵੇਦ ਜਹੀ **ਬਕਵਾਸ** ਕਿਸੇ ਥਾਂ ਨਹੀਂ ਹੈ। ਵੇਦਾਂ ਬਾਰੇ ਗੁਰਮਤਿ ਦਾ ਫ਼ਤਵਾ ਜੋ ਪੁਸਤਕ ਦੇ ਪਹਿਲੇ ਭਾਗ ਦਾ ਹਿੱਸਾ ਹੈ--ਨਾਲ ਨੱਥੀ ਪੱਤਰਿਆਂ ਤੇ ਪੜ੍ਹਨ ਦੀ ਖੇਚਲ ਸਹਾਰ ਵੇਖੀਣੀ ਜੀਓ ਜੀ।

ਦਾਸ ਨੂੰ ਗੁਰੂ ਪੰਥ ਨਾਲ ਬਚਪਨ ਤੋਂ ਦਿਲੀ ਪਿਆਰ ਹੈ ਅਤੇ ਇਸ ਦੀ ਢਹਿੰਦੀ-ਕਲਾ ਚਿੰਤਾ ਬਣ ਜਾਂਦੀ ਹੈ। ਮੇਰੀ ਤੁਛ ਬੁੱਧੀ ਇਹ ਸਮਝ ਬੈਠੀ ਹੈ ਕਿ, ਇਸ ਪੰਥ ਨੇ ਆਪਣਾ ਨਿਆਰਾ-ਪੁਣਾ ਸਭ ਪਾਸਿਆਂ ਤੋਂ ਗੁਆ ਲਿਆ ਹੈ ਅਤੇ ਇਹ ਬਿੱਪ੍ਰਨ ਕੀ ਰੀਤ ਦਾ ਵੀ ਧਾਰਨੀ ਬਣ ਗਿਆ ਹੈ- ਅਤੇ ਤੇਜਪ੍ਰਤਾਪ ਖੁੱਸਣ ਦਾ ਕੇਵਲ ਮਾਤ੍ਰ ਕਾਰਨ ਏਹੀ ਹੈ ਤੇ ਸਭ ਹੱਛਾ ਕਹੀ ਜਾਣ ਵਾਲੇ ਲੋਕ, ਪੰਥ ਦੇ ਵੈਰੀ ਹਨ। ਸੋ ਜੇ ਦਾਸ ਦੀ

ਇਹ ਸੋਚਣੀ ਪੰਥ ਦੇ ਹਿਤਾਂ ਲਈ ਮਾੜੀ ਹੈ ਤਾਂ ਖੋਹਲ ਕੇ ਸਮਝਾਉਣ ਦੀ ਮਿਹਰ ਕਰ ਦਿੰਦੇ। ਦਾਸ ਨੂੰ ਪੱਕਾ ਵਿਸ਼ਵਾਸ਼ ਬਣ ਚੁਕਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਪਮ ਅਤੇ ਨਿਆਰੇ ਗਿਆਨ ਦੇ ਸਾਹਮਣੇ ਸੰਸਾਰ ਦੇ ਸਾਰੇ ਧਰਮ ਗ੍ਰੰਥ ਸਿਰ ਝੁਕਾਈ ਖੜੇ ਹਨ। ਸਾਨੂੰ ਚਾਹੀਦਾ ਹੈ ਕਿ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਸ਼ਬਦ **੧** ਦੀ ਪਛਾਣ ਕਰੀਏ ਅਤੇ ਕੇਵਲ **ਏਕੇ** (**੧** ਰੱਬ, **੧** ਗੁਰੂ, **੧** ਮਰਯਾਦਾ, **੧** ਕੇਂਦਰ, **੧**-ਮੁੱਠਤਾ=ਪੰਜ-ਪਿਆਰੇ) ਨਾਲ ਜੁੜ ਕੇ ਆਪਣੀ ਜੀਵਨ ਜੁਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਬਣਾ ਲਈਏ ਤਾਂ ਯਕੀਨਨ ਅਸੀ ਆਪਣੀ ਪਹਿਲੀ ਚੜ੍ਹਦੀ ਕਲਾ ਵਾਲੀ ਅਵਸਥਾ ਤੇ ਪਰਤ ਸਕਦੇ ਹਾਂ। ਜੇ ਦਾਸ ਦੀ ਇਹ ਸੋਚਣੀ **ਗ਼ਲਤ ਹੈ**, ਤਾਂ ਸਪੱਸ਼ਟ ਸ਼ਬਦਾਂ ਵਿਚ ਸਮਝਾ ਦੇਣ ਦਾ ਉਪਕਾਰ ਕਰ ਭੇਜਦੇ। ਕੇਵਲ ਬੇਦਲੀਲੀਆਂ ਝਾੜਾਂ ਪਾਉਣੀਆਂ--ਪੁਲਸੀਆਂ ਦਾ ਕੰਮ ਹੈ।

੬- ਜੇ ਦਸਮ ਗ੍ਰੰਥ ਦੀ ਬਾਣੀ ਗੁਰੂ ਬਾਣੀ ਨਹੀਂ ਮੰਨੀ ਜਾਂਦੀ ਤਾਂ ਪੰਥ ਵਿਚ ਇਸ ਦਾ ਜੋ ਦਰਜਾ ਹੈ ਉਸ ਬਾਰੇ ਖੋਹਲ ਕੇ ਲਿਖ ਭੇਜਣਾ ਸੀ ਜੀ। ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਵਿਚ, ਦੋ ਅਤੇ ਤਿੰਨ ਦਾ ਅਨੁਪਾਤ ਕਿਸ ਦਲੀਲ ਨਾਲ ਬਣਿਆਂ ਏਹ ਸ਼ੰਕਾ ਦਾਸ ਨੇ ਆਪਣੀ ਚਿੱਠੀ ਵਿਚ ਵੀ ਪ੍ਰਗਟ ਕੀਤਾ ਹੋਇਆ ਹੈ, ਪਰ ਇਉਂ ਲੱਗਦਾ ਹੈ ਜਿਵੇ ਚਿੱਠੀ ਲਿਖਣ ਸਮੇ ਤੁਸੀਂ ਠੋਸ ਸੇਧ ਦੀ ਬਖ਼ਸ਼ਸ਼ ਕਰਨ ਦੇ ਮੂਡ ਵਿਚ ਨਹੀਂ ਸਾਉ। ਸਿਖਸ਼ਕ ਹੋਣ ਦੇ ਨਾਤੇ, ਸ਼ੰਕਿਆਂ ਦੀ ਨਿਵਰਤੀ ਕਰਨੀ ਤੁਹਾਡਾ ਧਰਮ ਬਣਦਾ ਹੈ। ਦਾਸ ਨੇ ਬਚਿਤ੍ਰ ਨਾਟਕ ਬਾਰੇ ਗੁਰਮਤਿ ਵਿਚਾਰ ਲਿਖ ਕੇ ਆਪ ਜੀ ਦੀ ਸੇਵਾ ਵਿਚ ਭੇਜੇ ਹਨ। ਉਨ੍ਹਾਂ ਵਿਚੋਂ ਕੋਈ ਲਿਖਤ ਬਿਬੇਕ-ਦਲੀਲ ਅਤੇ ਗੁਰਬਾਣੀ ਦੀ ਕਸਵੱਟੀ ਤੋਂ ਜੇ ਬਾਹਰੀ ਹੋਵੇ ਤਾਂ, ਲਿਖ ਭੇਜੋ, ਉਪਕਾਰ ਹੋਵੇਗਾ। ਕਿਸੇ ਪ੍ਰਕਾਰ ਦੀ ਸੇਧ ਦੀ ਬਖ਼ਸ਼ਸ਼ ਕੀਤੇ ਬਿਨਾਂ, ਚਿੱਠੀ ਵਿਚ ਜੋ ਬੋਲੀ ਤੁਸਾਂ ਵਰਤੀ ਹੈ ਕੀ ਉਹ Totally Constructive ਹੈ ? ਫਿਰ Destrutctive ਬੋਲੀ ਕਿਹੋ ਜਿਹੀ ਹੁੰਦੀ ਹੈ ਜੀ?

੭- ਬਚਿਤ੍ਰ ਨਾਟਕ ਦੇ ਅਰੰਭ ਤੋਂ ਅਖ਼ੀਰ ਤੱਕ ਇਕ-ਸਾਰ ਲਿਖੇ ਗੁਰਮਤਿ ਵਿਚਾਰਾਂ ਵਿਚ, ਉਚੇਚੇ ਤੌਰ ਤੇ ਕਿਸੇ Obscenity ਨੂੰ ਲਿਖਣ ਦਾ ਵਿਸ਼ਾ ਦਾਸ ਨੇ ਨਹੀਂ ਬਣਾਇਆ। ਫਿਰ ਵੀ ਪਤਾ ਨਹੀਂ ਤੁਸਾਂ ਦਾਸ ਵਲ ਇਹ ਕੁਝ--And I prostate before the Sikh scholership who is not highlighting the bulk of spirtuality in the Dasam Granth but is busy in flshing few sprinkles of so-called sbscenity, unauthenticity and God knows what else. ਪਤਾ ਨਹੀਂ ਕਿਸ ਦਲੀਲ ਨਾਲ ਲਿਖ ਭੇਜਿਆ ਹੈ। ਪਰ ਜੇ ਤੁਸਾਂ ਲਿਖਿਆ ਹੀ ਤਾਂ ਇਸ ਪ੍ਰਥਾਇ ਵੀ ਵਿਚਾਰ ਸਾਂਝੇ ਕਰ ਲਈਏ।

੮- ਦਸਮ ਗ੍ਰੰਥ ਦੇ ਜਿਸ ਤਿਰਯਾ ਚਰਿਤਰ ਭਾਗ ਦੀ ਤੁਸਾਂ ਗੱਲ ਛੇੜੀ ਹੈ ਉਸ ਵਿਚੋਂ bulk of ਦੀ ਗੱਲ ਛੱਡੀ, ਤੁਸੀਂ ਕਿਸੇ ਇੱਕ ਥਾਂਉਂ ਵੀ ਅਜੇਹੀ spirtuality ਦਾ ਨਿਸ਼ਾਨ ਪਤਾ ਲਿਖ ਭੇਜੋ ਜੋ (ਪੂਰਨ ਤੌਰ ਤੇ) ਗੁਰੂ ਗ੍ਰੰਥ ਸਾਹਿਬ ਦੀ ਕਸਵੱਟੀ ਤੇ ਪੂਰੀ ਉਤਰਦੀ ਹੋਵੇ। ਇਸ ਗ੍ਰੰਥ ਦੀ ਬੜੀ ਅਜੀਬ ਹੀ ਸਿਖਿਆ ਹੈ ਕਿ ਜੇ, ਬਾਹਰੋਂ ਕੋਈ ਸੋਹਣੀ ਇਸਤ੍ਰੀ ਮਿਲ ਜਾਏ ਤਾਂ ਘਰ ਵਾਲੀ ਨਾਲ ਪ੍ਰੇਮ ਨਹੀਂ ਕਰਨਾ ਚਾਹੀਦਾ:--

ਅੜਿੱਲ ॥ ਸੁਨੋ ਰਾਇ ਇਕ ਤ੍ਰਿਯਾ ਸੁਭ ਤਾਂਹਿ ਬੁਲਾਇਯੈ ॥ ਤਾ ਸੌ ਮੈਨ ਬਿਹਾਰ ਬਿਸੇਖ ਕਮਾਇਯੈ ॥
ਐਸੀ ਤ੍ਰਿਯ ਕਰ ਪਰੈ ਜਾਨ ਨਹਿ ਦੀਜਿਯੈ ॥ ਹੋ ਨਿਜ ਨਾਰੀ ਸੋ ਨੇਹੁ ਨ ਕਬਹੂੰ ਕੀਜਿਯੈ ॥ ੧੯ ॥
ਚੌਪਈ ॥ ਭਲੌ ਵਹੈ ਜੋ ਭੋਗ ਕਮਾਵੈ ॥ ਭਾਂਤ ਭਾਂਤਿ ਸੋ ਦਰਬੁ ਲੁਟਾਵੈ ॥
ਨਿਜੁ ਤ੍ਰਿਯ ਸਾਥ ਨ ਨੇਹ ਲਗੈਯੈ ॥ ਜੋ ਜਿਤ ਜਗ ਆਪਨ ਨ ਕਹੈਯੈ ॥ ੨੦ ॥ [ਚਰਿਤ੍ਰ ਨੰ: ੩੩ ॥ ੧੫੮ ॥ ਅਫਜੂੰ ]

ਅਤੇ ਫਿਰ ਘੋੜੀ ਦੀ ਭਗ ਵਿਚ ਹਜ਼ਾਰਾਂ ਵਾਰੀ ਜੀਭ ਪਾਉਣ ਨਾਲ ਰੋਗ ਹਟ ਜਾਣ ਦੀ ਗੱਲ ਲਿਖਣ ਨਾਲ ਕਿਸ ਪ੍ਰਕਾਰ ਦੇ ਗਿਆਨ ਦੀ ਸੋਝੀ ਦਿੱਤੀ ਗਈ ਹੈ?:--

ਯਾ ਘੋਰੀ ਕੇ ਭਗ ਬਿਖੈ ਜੀਭ ਦਈ ਸੌ ਬਾਰ ॥ ਤੁਰਤ ਰੋਗ " **ਹਮਰੋ** " ਕਟਯੋ ਸੁਨਹੁ ਬੈਦ ਉਪਚਾਰ ॥ ੨੯ ॥

ਕੀ ਇਹ ਕਲਮ ਦਸ਼ਮੇਸ਼ ਜੀ ਦੀ ਹੈ ? ਅਤੇ ਕਿਸੇ ਵਿਰਲੀ ਕਹਾਣੀ ਨੂੰ ਛੱਡ ਕੇ ਕਿਸੇ ਸਿਖਿਆ ਦੀ ਗੱਲ ਬੜੀ ਨੀਝ ਨਾਲ ਵੀ ਨਹੀਂ ਲੱਭੀ ਜਾ ਸਕਦੀ। ਅਜੇਹੀ ਸਿਖਿਆ ਨੂੰ **spirtuality ਕਿਵੇਂ ਮੰਨ ਲਿਆ ਜਾਵੇ?** ਫਿਰ ਇਸ ਗਿਆਨ ਦਾ ਸਿੱਟਾ ਕੀ ਹੋਵੇਗਾ? ਤੁਸੀ ਹੀ ਲਿਖ ਭੇਜੋ ਕਿ ਕਿਸ ਕਹਾਣੀ ਵਿਚੋਂ **ਗੁਰਮਤਿ ਦੀ spirtuality**, (ਗਯਾਨੀ ਅਗਿਆਨੀ, ਬਿਰਧ ਜਵਾਨ) ਹਰ ਤਰ੍ਹਾਂ ਦੇ ਪਾਠਕਾਂ ਦਾ ਸੁਆਗਤ ਕਰ ਰਹੀ ਹੈ?

## ੮- ਜ਼ਾਲਮ ਵਿਕਾਰੀਆਂ ਲਈ ਸ਼ਰਮਨਾਕ ਅਤੇ ਘਾਤਕ ' ਯੰਤ੍ਰ 'Device ਬਨਾਉਣ ਦੀ ਸਿਖਿਆ?--

ਪੁਲੀਸ ਟ੍ਰੇਨਿੰਗ ਦੇ ਕਾਲਜ ਫਿਲੌਰ ਕਿਲ੍ਹੇ ਵਿਚ ਅਜੈਬ-ਘਰ ਵੇਖਣ ਦਾ ਸਮਾ ੧੯੪੯ ਵਿਚ ਬਣਿਆ ਸੀ। ਉਥੇ ਮੰਦ ਕਰਮੀਆਂ ਵਲੋਂ ਵਰਤੇ ਗਏ ਅਤੇ ਵਰਤੇ ਜਾਂਦੇ **ਸੰਦ** (Devices) ਪਏ ਹੋਏ ਹਨ। ਹੋਰ ਕਈ ਕਿਸਮ ਦੇ ਯੰਤ੍ਰਾਂ ਵਿਚ ੮/੯ ਇੰਚ ਲੰਮੀ ਮੋਟੀ ਗਾਜਰ ਵਰਗੀ, ਸਖ਼ਤ ਕੱਪੜੇ ਦੀ ਬੜੀ ਕਰੜੀ ਥੈਲੀ ਜਿਸ ਵਿਚ ਪਹਿਲਾਂ ਵੱਡੇ ਟਕੇ-ਪੈਸੇ ਪਾਏ ਹੋਏ ਸਨ ਤੇ ਅਗਾਂਹ ਨੂੰ ਢਾਲਵੀਂ ਸ਼ਕਲ ਕਰਨ ਲਈ ਛੋਟੇ ਸਿੱਕੇ ਪਾ ਕੇ ਮਨੁੱਖੀ ਲਿੰਗ ਦੀ ਸ਼ਕਲ ਵਾਲਾ ਕਰੜਾ ਕਿੱਲਾ ਜਿਹਾ ਪਿਆ ਹੈ। Guide (ਜੋ ਸਾਰੇ ਸੰਦਾਂ ਬਾਰੇ ਸਾਨੂੰ ਸਮਝਾ ਰਿਹਾ ਸੀ) ਨੇ ਦਸਿਆ ਕਿ ਇਸ ਨੂੰ " **ਚਪਟੀ** " ਕਹਿੰਦੇ ਹਨ, ਅਤੇ ਕਾਮੀ ਔਰਤਾਂ ਆਪਸ ਵਿਚ ਭੋਗ ਕਰਨ ਸਮੇ, ਅਥਵਾ ਤਮਾਸ਼ਬੀਨ ਅਤੇ ਵਿਕਾਰੀ ਮਨੁੱਖ ਭੋਗ ਕਰਨ ਸਮੇਂ ਆਪਣੇ ਅੱਗੇ ਇਸ ਨੂੰ ਬੰਨ੍ਹ ਲੈਂਦੇ ਹਨ। ਬੜੇ ਹੈਰਾਨ ਸਾਂ ਕਿ ਅਜੇਹੀ ਗੰਦੀ ਕਾਢ ਕਿਸ ਨੇ ਕੱਢੀ ਹੋਵੇਗੀ। ਹੁਣ ਜਦੋਂ ੧੦੯ ਨੰਬਰ ਚਰਿਤਰ ਵਿਚ ਉਰਵਸ਼ੀ ਨਾਮੀ ਪਰੀ ਨੂੰ ਅਜੇਹੀ ਚਪਟੀ ਬਣਾ ਕੇ ਇਸਤ੍ਰੀ ਨਾਲ ਭੋਗ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰਨ ਦਾ ਅਨੋਖਾਂ ਢੰਗ ਪੜ੍ਹਿਆ ਤਾਂ ਸਮਝ ਆਈ ਕਿ ਆਤਮ ਜੀਵਨ ਦਾ ਘਾਤ ਕਰ ਰਹੇ **ਹੇਮਕੁੰਡ** ਵਾਂਗ ਹੀ, ਅਰੋਗਤਾ ਦਾ ਘੁੱਟ ਭਰਨ ਵਾਲੀ ਇਸ **ਚਪਟੀ ਦੇ ਜਨਮ ਦਾਤਾ ਵੀ ਸ੍ਰੀ ਦਸਮ ਗ੍ਰੰਥ ਜੀ ਹੀ ਹਨ**:--

**........ ਟਕਿਯਨ ਕੀ ਜਪਟੀ ਉਰ ਬਸੀ ॥ ਮੋਮ ਮਾਰਿ ਆਸਨ ਸੌ ਕਸੀ ॥ ੫੨ ॥**

ਬਿਖਿ ਕੋ ਲੇਪ ਤਵਨ ਮੌ ਕੀਯੋ ॥ **ਸਿਵਹਿ** ਰਿਝਾਇ ਮਾਂਗ ਕਰਿ ਲੀਯੋ ॥ (ਭੋਲਾ ਨਾਥ ਤੋ)
ਜਾਕੇ ਅੰਗ ਤਵਨ ਸੌ ਲਾਗੈ ॥ ਤਾਕੈ ਲੈ ਪ੍ਰਾਨ ਜਮ ਭਾਗੈ ॥ ੫੩ ॥
ਤਬ ਲੌ ਨਾਰਿ ਗਈ ਵਹੁ ਆਈ। **ਕਾਂਮੰਤੁਰ ਹਵੈਕੈ ਕਪਟਾਈ** ॥ (ਚਸਕੇ ਲੱਗ ਰਹੇ ਹਨ)
ਤਾਕੋ ਭੇਦ ਕਛੂ ਨਹਿ ਜਾਨਯੋ ॥ ਉਰਬਸਿ ਕੌ ਕਰਿ ਪੁਰਖ ਪਛਾਨਯੋ ॥ ੫੬ ॥
ਤਾਸੌ ਭੋਗ ਅਧਿਕ ਜਬ ਕੀਨੋ ॥ ਮਨ ਮੈ ਮਾਨਿ ਅਧਿਕ ਸੁਖ ਲੀਨੋ ॥ (=ਧੋਖੇ ਅਤੇ ਵਿਸ਼ਵਾਸ਼ ਘਾਤ ਦੀ ਸਿਖਲਾਈ ਦਾ ਸਿੱਖਰ)
ਬਿਖੁ ਕੇ ਚੜ੍ਹੇ ਮਤ ਤਬ ਭਈ ॥ ਜਮ ਕੇ ਧਾਮ ਬਿਖੈ ਚਲਿ ਗਈ ॥ ੫੫ ॥

ਕਿਸੇ ਨੂੰ ਕਤਲ ਕਰਨ ਦਾ ਨਵਾਂ ਢੰਗ ਸਿਖਾਲ ਕੇ ਬਦਮਾਸ਼ੀ ਅਤੇ ਜ਼ੁਲਮ ਦੇ ਇਤਿਹਾਸ ਵਿਚ ਨਵਾਂ ਅਧਿਆ ਖੋਹਲਿਆ ਦਿੱਤਾ? ਉਰਵਸ਼ੀ ਨੇ ਹਸੀਨ ਅਪੱਸਰਾ ਹੋਣ ਦੇ ਨਾਤੇ ਕਾਮ-ਗ੍ਰਸੇ ਸ਼ਿਵ ਕੋਲੋਂ ਘਾਤਕ ਜ਼ਹਿਰ ਮੰਗ ਲਿਆ ਦਰਸਾਇਆ ਹੈ, ਪਰ ਜ਼ਾਲਮ ਵਿਕਾਰੀਆਂ ਕੋਲ ਅੱਜ ਉਸ ਤੋਂ ਵੀ ਵੱਧ ਖ਼ਤਰਨਾਕ ਜ਼ਹਿਰਾਂ ਪੁੱਜ ਚੁਕੀਆਂ ਹੋਈਆਂ ਹਨ। ਦੇਵਤਿਆਂ ਦਾ ਨਾਮ ਵਰਤ ਕੇ ਲੁੱਚਪੁਣੇ ਦੀ ਸਿਖਲਾਈ ਦਾ ਧੰਦਾ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਮੜ੍ਹੀ ਰੱਖਣ ਦਾ ਜ਼ੋਰ ਲਈ ਰਖਣਾ--ਡਰੀਏ ਉਸ " ਸੱਚ ' ਦੇ ਸੱਚੇ ਤਪਾਵਸ ਤੋਂ ?

ਚਪਟੀ ਬਣਾ ਕੇ ਖੇਹ ਖਾਣ ਵਾਲੀ ਅਨੋਖੀ "**spirtuality** " ਦੀ ਬਖ਼ਸ਼ਸ਼ ਕਰਨ ਤੇ ਹੀ ਬਸ ਨਹੀਂ ਸਗੋਂ, ਅਫੀਮ ਸ਼ਰਾਬ, ਭੰਗ ਅਤੇ ਪੋਸਤ ਦੇ ਰਲਵੇਂ ਨਸ਼ੇ ਦੇ ਜ਼ੋਰ ਨਾਲ ਸਾਰੀ ਰਾਤ ਭੋਗ ਕਰਦੇ ਸਮੇ, ਆਦਮੀ ਸਾਰੀ ਰਾਤ ਜਾਂ ੨੪ ਘੰਟੇ ਇੱਕ ਸਾਰ ਲੱਗਾ ਰਹੇ ਤਾਂ ਵੀ ਵੀਰਜ ਨਹੀਂ ਗਿਰਦਾ। ਅਖੇ ਕੋਈ ਜਿੰਨਾ ਬਹੁਤਾ ਚਿਰ ਲਾਵੇ ਉਸ ਤੇ ਇਸਤ੍ਰੀ ਓਨੀ ਬਹੁਤੀ ਮੋਹਤ ਹੁੰਦੀ ਹੈ। ਉਸ ਅਲੋਕਾਰ ਕਥਿਤ ਬਾਣੀ ਦੀ ਕੇਵਲ ਵਣਗੀ ਮਾਤ੍ਰ ਦਰਸ਼ਨ:--

ਇਕ ਦਿਨ ਭਾਂਗ ਮਿੱਤ੍ਰ ਤਿਹ ਲਈ ॥ ਪੋਸਤ ਸਹਿਤ ਅਫੀਮ ਚੜਾਈ ॥ ਬਹੁ ਰਤਿ ਕਰੀ ਨ **ਬੀਰਜ ਗਿਰਾਈ** ॥
**ਆਠ ਪਹਿਰ ਲਗਿ ਕੁਅਰਿ ਬਜਾਈ** ॥ ੧੦ ॥ ਸਭ ਨਿਸਿ ਨਾਰਿ ਭੋਗ ਜਬ ਪਾਯੋ ॥ ਬਹੁ ਆਸਨ ਕਰਿ ਹਰਖ ਬਢਾਯੋ ॥
ਤਾ ਪਰ ਤਰੁਨਿ ਚਿਤ ਤੇ ਅਟਕੀ ॥ ਭੂਲਿ ਗਈ ਸਭ ਹੀ ਸੁਧਿ ਘਟ ਕੀ ॥ ੧ ੧ ॥ ਦ੍ਵੈ ਘਟਕਾ ਜੋ ਭੋਗ ਕਰਤ ਨਰ ॥
ਤਾ ਪਰ ਰੀਝਤ ਨਾਰਿ ਬਹੁਤ ਕਰਿ ॥ ਚਾਰਿ ਪਹਰ ਜੋ ਕੇਲ ਕਮਾਵੈ ॥ ਸੋ ਕਿ ਤ੍ਰਿਯ ਕੈ ਚਿੱਤ ਚੁਰਾਵੈ ॥ ੧੨ ॥
ਰੈਨ ਸਕਲ ਤਿਨ ਤਰੁਨਿ **ਬਜਾਈ** ॥ ਭਾਂਤਿ ਭਾਂਤਿ ਕੇ ਸਾਥ ਹੰਢਾਈ ॥ ਆਸਨ ਕਰੇ ਤਰੁਨ ਬਹੁ ਹਾਰਾ ॥
ਚੁੰਬਨਾਦਿ ਲਖ ਘਾਤ ਅਪਾਰਾ ॥ ੧੩ ॥ ਭਾਂਤਿ ਭਾਂਤਿ ਕੇ ਚਤੁਰਾਸਨ ਕਰਿ ॥ ਭਜਯੋ ਤਾਂਹਿ ਤਰ ਦਾਬਿ ਭੁਜਨ ਭਰਿ ॥
ਚੁੰਬਨ ਆਸਨ ਕਰਤ ਬਿਚੱਛਨ ॥ ਕੋਕ ਕਲਾ ਕੋਬਿਦ ਸਭ ਲੱਛਨ ॥ ੧੪ ॥
ਦੋਹਿਰਾ ॥ ਪੋਸਤ ਸ਼ਰਾਬ ਅਫ਼ੀਮ ਬਹੁ ਘੋਟਿ ਚੜ੍ਹਾਵਤ ਭੰਗ ॥ ਚਾਰਿ ਪਹਰ ਭਾਮਹਿ ਭਜਾ ਤਊ ਨ ਮੁਚਾ ਅਨੰਗ ॥ ੧੫ ॥
ਚੌਪਈ ॥ ਭੋਗ ਕਰਤ ਸਭ ਰੈਨਿ ਬਿਤਾਵਤ ॥ਦਲਿਮਲਿ ਸੇਜ ਮਲਿਨ ਹ੍ਵੈ ਜਾਵਤ ॥ ਹੋਤ ਦਿਵਾਕਰ ਕੀ ਅਨੁਰਾਈ ॥
ਛੈਲ ਸੇਜ ਮਿਲਿ ਬਹੁਰਿ ਬਿਛਾਈ ॥ ੧੬ ॥ ਪੌਢਿ ਪ੍ਰਜੰਕ ਅੰਕ ਭਰਿ ਸੋਊ ॥ ਭਾਂਗ ਅਫੀਮ ਪਿਯਤ ਮਿਲਿ ਦੋਊ ॥
ਬਹੁਰਿ ਕਾਮ ਕੀ ਕੇਲ ਮਚਾਵੈਂ ॥ ਕੋਕ ਸਾਰ ਮਤ ਪ੍ਰਗਟ ਦਿਖਾਵੈਂ ॥ ਕੈਫਨ ਸਾਥ ਰਸਮਸੇ ਹ੍ਵੈ ਕਰਿ ॥
ਪ੍ਰੌਢਿ ਪ੍ਰਜੰਕ ਰਹਤ ਦੋਊ ਸਵੈ ਕਰਿ ॥ ਬਹੁਰਿ ਜਗੈ ਰਸ ਰੀਤਿ ਮਚਾਵੈਂ ॥ ਕਵਿਤ ਉਚਾਰਿ ਧੁਰਪਦ ਗਾਵੈਂ ॥ ੧੮ ॥

ਡਾਕਟਰ ਸਾਹਿਬ ਜੀਓ ! ਕੀ ਖੋਹਲ ਕੇ ਨਿਰਣਾ ਲਿਖ ਭੇਜੋਗੇ ਕਿ ਉਪਰੋਤ ਲੰਮੀ ਚੋੜੀ ਵਿਆਖਿਆ ਪੜ੍ਹ ਕੇ ਨੌਜਵਾਨ ਇਸਤ੍ਰੀ ਮਰਦ ਕਿਸ ਪ੍ਰਕਾਰ ਦੀ **spirtuality ਦਾ ਭੰਡਾਰ ਬਣਨਗੇ? ਕੀ ਅੱਲੜ੍ਹ ਜਵਾਨੀ ਨੂੰ ਮੌਤ ਦੇ ਮੂੰਹ ਵਿਚ ਧੱਕ ਦੇਣ ਵਾਲਾ ਗਿਆਨ ਦਸ਼ਮੇਸ਼ ਜੀ ਨੇ ਹੀ ਦੇਣਾ ਸੀ?** ਆਪ ਜਿਹੇ ਵਿਦਿਆ ਮਾਤੰਡਾਂ ਦੀ ਕਿਰਪਾ ਦਾ ਸਦਕਾ ਹੁਣ ਇਹ ਸਾਰਾ ਕੁਝ ਅਰਥਾਂ ਸਮੇਤ ਬਾਜ਼ਾਰ ਵਿਚੋਂ..... ?

ਜਦ ਆਚਰਨ ਅਤੇ ਅਰੋਗਤਾ ਤਬਾਹ ਕਰ ਦੇਣ ਵਾਲੀ ਦੁਖਦਾਈ ਸਿਖਿਆ ਦੀ ਭਰਮਾਰ ਹੋਵੇ ਤਾਂ, ਕਿਸੇ ਵਿਰਲੇ ਥਾਂ ਚੰਗੀ ਗੱਲ ਹੋਣ ਦਾ ਸਿੱਧਾ ਅਰਥ ਸੰਖੀਏ ਦੁਆਲੇ ਖੰਡ ਦਾ ਲੇਪ ਦਾ ਕੰਮ? ਸ਼ਰਾਬ, ਅਫੀਮ, ਪੋਸਤ ਭੰਗ ਦੇ ਨਸ਼ੇ ਮਿਲਾ ਕੇ ਲੰਮੇ ਸਮੇ ਲਈ ਅਤੇ ਕਈ ਕਈ ਆਸਣਾਂ ਨਾਲ ਇਸਤ੍ਰੀ ਨਾਲ ਸੰਗ ਕਰਨ ਦੇ ਰੰਗ ਬੰਨ੍ਹੇ ਹੋਏ ਹਨ। ਫਿਰ ਵਡੀ ਦੁਖਦਾਈ ਗੱਲ ਇਹ ਹੈ ਕਿ ਭੋਗ ਕਰਨ ਦੀ, ਪਿਆਰ ਕਰਨ ਦੀ, ਗ੍ਰਿਹਸਤ, ਕਰਨ ਆਦਿ ਦੀ ਗੱਲ ਨਹੀਂ ਸਗੋਂ ' **ਠੋਕਣ** ' ਅਤੇ **ਵਜਾਉਣ** ਵਾਲੀ, ਅਥਵਾ " ਭਾਂਤ ਭਾਂਤ ਕਾ ਆਸਨ ਕੀਨਾ " ਹੋਲੇ ਮਲਤ ਦੀ ਸ਼ਬਦਾਵਲੀ ਨੂੰ **ਸਤਿਗੁਰਾਂ ਦੀ ਬਾਣੀ** ਮੰਨ ਕੇ ਅਖੰਡ ਪਾਠ ਕੀਤੇ ਜਾ ਰਹੇ ਹਨ ਪਰ ਤੁਸੀ ਡ੍ਰਿਸ ਸਭ ਕੁਝ ਤੇ ਪਰਦਾ ਪਾਉਣ ਲਈ ਇਹ ਲਿਖ ਰਹੇ ਹੋ--**--**On page 17 (s section) of your letter the words you are trying to put in the mouth of (imaginary) people that are totally uncalled for because no body does that ?

ਅਜੇਹੀ ਕੀਮਤੀ (ਗੁਰੂ) ਬਾਣੀ, ਖਸਮ ਕੀ ਬਾਣੀ, ਧੁਰ ਕੀ ਬਾਣੀ, ਤਾਂ ਨੋਟ ਕਰੀ ਜਾਣੀ ਚਾਹੀਦੀ ਸੀ, ਤਾਂ ਜੋ ਹੋਰ ਸ਼ਰਧਾਲੂ ਵੀ ਰਸ ਮਾਣ ਸਕਣ। ਪੋਸਤ ਭਾਂਗ਼ ਆਦਿ ਨਸ਼ਿਆਂ ਦੀ ਵਰਤੋਂ ਅਥਵਾ ਭੋਗ ਕਰਨ ਦੇ ਬੇਸ਼ਰਮੀ ਵਾਲੇ ਆਸਣਾ ਵਾਲੀ ਬਾਣੀ ਦੇ (ਕਰੀਬ ਅੱਧੇ ਗ੍ਰੰਥ ਵਿਚੋਂ) ਕੁਝ ਸਫ਼ੇ ਜੋ ਦਾਸ ਨੇ ਨੋਟ ਕੀਤੇ ਹਨ ਇਸ ਪ੍ਰਕਾਰ ਹਨ--

ਚਰਿਤ੍ਰ-੨੧੯- ਤੁਕ-ਨੰ: ੪,੫, । ਚਰਿਤ੍ਰ- ੨੩੬, ਤੁਕ-੧੩ । ਚਰਿਤ੍ਰ-੨੩੮, ਤੁਕ-੮। ਚਰਿਤ੍ਰ-੨੪੧, ਤੁਕ-੨੩। ਚ-੨੪੨, ਤੁ-੧੩।
ਚ-੨੪੫, ਤੁ-੩ । ਚ-੨੪੭, ਤੁ-੧੪,੧੫ । ਚ-੧੫੨, ਤੁ-੮ ਤੋਂ ੧੧ । ਚ-੨੪੬, ਤੁ-੩੪ । ਚ-੨੫੭, ਤੁ-੨੩ । ਚ-੨੭੯, ਤੁ-੧੨, ੧੩

ਠੁਕਾਵੈ, ਬਜਾਵੈ । ਚ--੨੮੯, ਤੁ--੮ ਤੋਂ ੧੨ । ਚ--੨੯੦, ਤੁ--੮ ਤੋਂ ੧੬ ਅਤੇ ਫਿਰ ਤੁਕ ੩੨ ਤੋਂ ੩੪। ਚ--੨੯੫, ਤੁ--੧੩ ਤੋਂ੧੫।

ਚ--੩੨੪, ਤੁ--੪, ੫ । ਚ--੩੪੫, ਤੁ--੫ ਤੋਂ ੧੦ । ਚ--੩੪੯, ਤੁ--੪ । ਚ--੩੬੯, ਤੁ--੪ । ਚ--੩੭੦, ਤੁ--੧੧, ੧੨ । ਚ--੩੭੬, ਤੁ--੪ । ਚ--੩੭੮, ਤੁ-੫ । ਚ--੩੯੩, ਤੁ--੪ ਤੋਂ ੧੦ ਅਤੇ ਤੁਕ--੧੩ । ਚ--੩੯੪, ਤੁ--੭ ਤੋ '੧੧ । ਚ--੩੯੭, ਤੁ--੪, ੫ ।

ਚ--੩੯੮, ਤੁ--੩ ਤੋਂ ੬ । ਚ--੪੦੨, ਤੁਕ--੮ ਤੋਂ ੧੩, ਫਿਰ ੨੩ ਤੋਂ ੨੬ । ਚ--੪੦੩--ਤੁਕ--੫, ੬ । ਅਤੇ ਹੋਰ ਬੇਅੰਤ।

ਚਰਿਤ੍ਰ ਨੰ: ੩੧੨। ਗੁਰੂ ਬਾਣੀ ਦਾ ਇੱਕ ਹੋਰ ਨਮੂਨਾ :--

**ਤ੍ਰਿਯ ਬਾਚ ॥** ਕੈ ਜੜ ਪ੍ਰਾਨਨ ਕੀ ਆਸਾ ਤਜ ॥ ਕੈ ਰੁਚਿ ਮਾਨਿ ਆਉ ਮਹਿ ਕੌ ਭਜੁ ॥

ਕੈ ਤੁਹਿ ਕਾਟਿ ਕਰੈ ਸਤ ਖੰਡਾ ॥ **ਕੈ ਦੈ ਮੋਹਿ ਭਗ ਬਿਖੇ ਲੰਡਾ ॥ ੧੧ ॥**

ਕੀ ਇਹ ਬਚਨ ਕਿਸੇ ਹੋਰ ਸ਼ਬਦਾਂ ਵਿਚ ਨਹੀਂ ਸਨ ਕਹੇ ਜਾ ਸਕਦੇ । ਕੀ ਇਹ ਬਾਣੀ ਦਸ਼ਮੇਸ਼ ਜੀ ਦੇ ਮੁਖਾਰਬਿੰਦ ਵਿਚ ਪਾਉਣ ਵਾਲੇ ਦਸ਼ਮੇਸ਼ ਜੀ ਦੇ ਹੀ ਸਿੱਖ ਮੰਨੇ ਜਾ ਸਕਦੇ ਹਨ ?

**੯-** ਤੁਹਾਡੇ ਹੀ ਸ਼ਹਿਰ ਦੇ ਪਿਆਰਾ ਸਿੰਘ ਪਦਮ ਨੇ ੨੧ ਵੇ ਚਰਿਤ੍ਰ-- ਅਨੂਪ ਕੌਰ ਵਾਲੀ ਕਹਾਣੀ ਜਿਸ ਵਿਚ ਇਹ ਕਵਤਾ ਹੈ--

ਸੁਧਿ ਜਬ ਤੇ **ਹਮ ਧਰੀ** ਬਚਨ ਗੁਰ ਦਏ ਹਮਾਰੇ ॥ ਪੂਤ ਇਹੈ ਪ੍ਰਬ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥ [ਭਾਵ, ਦਸ਼ਮੇਸ਼ ਜੀ ਨੇ ?]

ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥ ਪਰ ਨਾਰੀ ਜੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥ ੫੧ ॥

ਦਸ਼ਮੇਸ਼ ਜੀ ਦੇ ਪਾਵਨ ਜ਼ਾਤ ਨਾਲ ਮੜ੍ਹੀ ਹੋਈ ਹੈ। ਉਸ ਕਹਾਣੀ ਵਿਚ ਰਾਜੇ ਰੂਪ ਦਸ਼ਮੇਸ਼ ਜੀ ਨੂੰ, ਝੂਠਾ, ਡਰੂ, ,ਬੇਅਸੂਲਾ ਅਤੇ ਆਪਣੀ ਕਮਜ਼ੋਰੀ ਲੁਕਾਉਣ ਲਈ ਰਿਸ਼ਵਤਾਂ ਦਿੰਦਾ, ਹੀਣਤਾ ਦੀ ਏਡੀ ਡੂੰਘੀ ਖੱਡ ਵਿਚ ਪਿਆ ਦਰਸਾਇਆ ਹੈ ਕਿ ਸ਼ਰਮ ਨਾਲ ਪਾਣੀ ਪਾਣੀ ਹੋ ਜਾਈਦਾ ਹੈ। ਕਹਾਣੀਆਂ ਏਡੇ ਹੋਲੇ ਮੇਲ ਦੀਆਂ ਬਿਨਾ ਕਿਸੇ ਸਿਰ ਪੇਰ ਦੇ ਹਨ। ਗ੍ਰੰਥ ਅਰੰਭ ਤਾਂ ਹੁੰਦਾ ਹੈ ਵਜ਼ੀਰ ਅਤੇ ਰਾਜੇ ਦੀ ਗੱਲ ਬਾਤ ਤੋਂ ਪਰ ਫਿਰ ਇਸ ਅਰੰਭ ਦਾ ਚੇਤਾ ਹੀ ਭੁੱਲ ਜਾਂਦਾ ਹੈ। ਚਰਿਤਰਾਂ ਦੀ ਗਿਣਤੀ ਵੀ ਗ਼ਲਤ। ਕਈ ਤਰ੍ਹਾਂ ਦੀਆਂ ਭੁੱਲਾਂ ਅਭੁੱਲ ਸਤਿਗੁਰਾਂ ਦੇ ਨਾਮਣੇ ਨਾਲ ਮੜ੍ਹੀਆਂ ਹੋਈਆਂ ਹਨ। ਪਤਾ ਨਹੀਂ ਕਿਹੜੀ ਕਹਾਣੀ ਕਿਸ ਮਤਲਬ ਲਈ ਲਿਖੀ ਗਈ ਹੈ। ਝੂਠ ਅਤੇ ਆਸਲੀਲਤਾ ਦਾ ਸੜਾਂਦ ਮਾਰਦੇ ਉਸ ਸਾਗਰ ਵਿਚ ਜੇ ਕੋਈ ਸੁਗੰਧੀ ਵਾਲਾ ਫੁੱਲ ਰਲਾਇਆ ਵੀ ਹੈ ਤਾਂ ਕੇਵਲ ਜ਼ਹਿਰ ਦੀ ਪੁੜੀ ਸੰਘੋਂ ਹੇਠਾਂ ਉਤਾਰ ਦੇਣ ਦੀ ਸ਼ਰਾਤ ਨਾਲ।

**੧੦-** ਦਾਸ ਨੇ ਅਸ਼ਲੀਲਤਾ ਦੀਆਂ ਵਣਗੀ ਮਾਤਰ ਟੂਕਾਂ ਪੇਸ਼ ਕੀਤੀਆਂ ਹਨ। ਤੁਸੀ ਤਾਂ ' ਸਰਬਉੱਚ ਡਿਗਰੀਆਂ ਦੇ ਮਾਲਕ ਹੋ, ਕੀ, ਏਸੇ ਗ੍ਰੰਥ ਵਿਚੋਂ ਕਿਸੇ ਅਜੇਹੀ **spirtuality** ਦੀ ਸਿਖਿਆ ਵਾਲਾ ਇੱਕਸਾਰ ਕੇਵਲ ਇੱਕ ਸਫ਼ਾ ਲਿਖ ਕੇ ਭੇਜ ਸਕਦੇ ਹੋ ਜੋ ਗੁਰੂ ਬਾਣੀ ਦੀ ਕਸਵੱਟੀ ਤੇ ਪੂਰਾ ਉਤਰਦਾ ਹੋਵ**?** ' **ਬੇਨਤੀ ਚੋਪਈ** ' ਦਾ ਜ਼ਿਕਰ ਇਸ ਕਰਕੇ ਅਰਥਹੀਨ ਹੈ, ਕਿਉਂ ਜੋ ਉਸ ਦਾ ਅਰੰਭ ਹੀ " ਸਰਬੱਤ ਦੇ ਭਲੇ ' ਦੀ ਪੰਥਕ ਅਰਦਾਸ ਦੀ ਖੰਡਨਾਂ ਤੋਂ ਹੁੰਦਾ ਹੈ। (੧) **ਹਮਰੀ** ਕਰੋ ਹਾਥ ਦੇ ਰੱਛਾ (੨) **ਹਮਰੇ** ਦੁਸ਼ਟ ਸਭੈ ਤੁਮ ਘਾਵਹੁ (੩) ਸੁਖੀ ਬਸੇ ਮੋਰੋ ਪਰਵਾਰਾ (੪) **ਮੋ ਰੱਛਾ** ਨਿਜ ਕਰ ਦੈ ਕਰੀਯੈ। (੫) ਆ ਹਾਥ ਦੈ **ਮੁਝੈ** ਉਬਰੀਐ ॥ ਆਦਿ ਹਰ ਥਾਂ ਸਰਬਤ ਦਾ ਭਲਾ ਮੰਗਣ ਵਾਲੀ ਭਾਵਣਾ ਦਾ ਅਭਾਵ। ਅਤੇ ਇਉਂ ਲਗਦਾ ਹੈ ਜਿ ਲਿਖਾਰੀ ਮੌਤ ਦੇ ਸਮੇ ਤੋਂ ਬੜਾ ਭੈਭੀਤ ਹੋਵੇ ਤੇ ਪੁਕਾਰਾਂ ਕਰ ਰਿਹਾ ਹੈ ਕਿ ਹਾਏ ਮੇਰਾ-- **ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥** (ਮੇਰੇ ਮਨ ਵਿਚੋਂ) ਮੌਤ ਦੇ ਸਮੇ ਦਾ ਤ੍ਰਾਸ (ਦੁਖ, ਤਕਲੀਫ਼ ਦਾ ਭੈ) ਦੂਰ ਕਰ ਦਿਉ। ਅਜੇਹੇ ਬਚਨ ਗੁਰਮਤਿ ਦੀ ਘੋਰ ਖੰਨਾਂ ਵਾਲੇ ਹਨ। ਕਿਉਂਕਿ **ਮੌਤ ਦੇ ਸਮੇ ਦਾ ਭੈ** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ **ਆਪਣੇ ਕਈ ਫ਼ੁਰਮਾਨਾ ਦੁਆਰ ਉੱਕਾ ਹੀ ਖ਼ਤਮ ਕਰ ਦਿੱਤਾ ਹੋਇਆ ਹੈ**:--

**(੧) ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥ ੧॥ (੨) ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨ ਪਾਇਆ ॥ ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥ ੩ ॥** (੩) **ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ ॥ ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ ॥੮॥**੪) **ਨਾਨਕ ਪ੍ਰਭੁ ਮੇਰੈ ਸਾਥੇ ॥ ਜਨਮ ਮਰਣ ਭੈ ਲਾਥੇ ॥੪॥** (੫) **ਗੁਰ ਪਰਸਾਦਿ ਤਿਸੁ ਸਦਾ ਧਿਆਈ ॥ ਜਨਮ ਮਰਣ ਭੈ ਕਾਟੇ ਮੋਹਾ, ਬਿਨਸੇ ਸੋਗ ਸੰਤਾਪੇ ਜੀਉ ॥੩॥** (੬) **ਜਨਮ ਮਰਣ ਦੁਖੁ ਨੇੜਿ ਨ ਆਵੈ ਮਨਿ ਸੋ ਪ੍ਰਭੁ ਅਪਰ ਅਪਾਰਾ ਹੇ ॥ ੧੨ ॥** (੭) **ਉਹੁ ਅਬਿਨਾਸੀ ਰਾਇਆ ॥ ਨਿਰਭਉ ਸੰਗਿ ਤੁਮਾਰੈ ਬਸਤੇ, ਇਹੁ ਡਰਨੁ ਕਹਾ ਤੇ ਆਇਆ ॥ ੧ ॥ ਰਹਾਉ ॥** (੮) **ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥** (੯) ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੇ ਦੁਆਰੁ ॥ ਮਤ ਹਰਿ ਪੂਛੈ ਕਉਨ ਹੈ ਪਰਾ ਹਮਾਰੇ ਬਾਰ ॥ ੬੧॥ ਜੇ ਰੱਬ ਨਾਲ ਸਾਂਝ ਬਣਾ ਲਏਂ ਤਾਂ ਹੇ ਮਨ !--**ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਸਚਿੰਦ ਨਿਸਲੁ ਹੋਇ ਰਹੀਐ ॥ ਉਠਦਿਆ ਬਹਿਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ ਜਨ ਨਾਨਕ ਗੁਰਮੁਖਿ ਹਰਿ ਲਹੀਐ॥ ੨੧ ।**[੫੯੪]

**੧੧-** ਹੁਣ ਤੁਸੀਂ ਹੀ ਸਮਝਾਉਣ ਦੀ ਮਿਹਰ ਕਰ ਦਿਉ ਕਿ, ਜੇ ਮੰਦ ਪੜ੍ਹਨ ਸੁਣਨ ਨਾਲ ਆਚਰਨ ਤੇ ਘਾਤਕ ਅਸਰ ਨਹੀਂ ਸੀ ਪੈਦਾ ਤਾਂ ਸਤਿਗੁਰਾਂ ਨੇ ਅਕਾਲਪੁਰਖ ਦੇ ਦਰਬਾਰ ਇਹ ਫ਼ਰਿਆਦ ਕਿਸ ਕਾਰਨ ਕਰਨੀ ਸੀ ? :--

**ਮੇਰੇ ਮੋਹਨ ਸ੍ਵਨੀ ਇਹ ਨ ਸੁਨਾਏ ॥**

**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥ ੧ ॥ ਰਹਾਉ ॥ [੮੨੦]**

ਸਾਹਿਬ ਸਿੰਘ ਜੀ ਨੇ **ਸਾਕਤ ਗੀਤ** ਦਾ ਅਰਥ ਗੰਦੇ ਗੀਤ ਲਿਖਿਆ ਹੋਇਆ ਹੈ। ਤੁਸੀ ਕਿਹੜੇ ਅਣਜਾਣ ਹੋ**?**

ਗੁਰੂ ਗ੍ਰੰਥ ਸਾਹਿਬ ਜੀ ਦੇ ਅਜੇਹੇ ਕਈ ਫ਼ੁਰਮਾਨ ਹਨ ਜਿਨ੍ਹਾਂ ਵਿਚ ਸਦਾ ਸੱਚ ਵੇਖਣ ਦੀ, ਸੱਚ ਸੁਣਨ ਦੀ, ਸੱਚ ਖਾਣ ਦੀ, ਸੱਚ ਪੀਣ ਦੀ ਸੱਚ ਹੰਡਾਉਣ ਦੀ, ਤਾਕੀਦਾ ਕੀਤੀ ਹੋਈ ਹੈ। ਗੁਰਬਾਣੀ ਦਾ ਫ਼ਤਵਾ ਹੈ ਕਿ ਵੇਖੇ ਸੁਣੇ ਅਤੇ ਕੀਤੇ ਹਰ ਕੁਝ ਦੇ ਸੰਸਕਾਰ ਮਨ, ਚਿਤ, ਹਿਰਦਾ ਆਤਮਾ ਕਬੂਲਦਾ ਰਹਿੰਦਾ ਹੈ ਅਤੇ ਇਹ ਸੰਸਕਾਰ ਮਨੁੱਖ ਦਾ ਪਿੱਛਾ ਨਹੀਂ ਛੱਡਦੇ। ਖਿਮਾ ਕਰਨਾ ਜੀ--ਭਾਵੇਂ ਤੁਸੀਂ ਕਿੱਡੇ ਵੀ ਵਿਦਵਾਨ ਹੋ, ਪਰ ਸੁਹਿਰਦਤਾ ਨਾਲ ਤੁਸੀਂ ਆਪਣੇ ਅੰਦਰ ਝਾਤੀ ਮਾਰੋ, ਕੀ, ਤੁਹਾਡਾ ਮਨ ਤੁਹਾਨੂੰ ਕਦੇ ਵੀ ਅਜੇਹੇ ਗੰਦ ਵਿਚ ਨਹੀਂ ਲੈ ਵੜਦਾ ਜਿਹੜਾ ਤੁਸਾਂ ਸੁਣਿਆਂ ਵੇਖਿਆ ਜਾਂ ਪੜ੍ਹਿਆ ਹੋਵੇ? ਮਨ ਬਾਰੇ ੨੦੦ ਦੇ ਕਰੀਬ ਗੁਰੂ-ਸ਼ਬਦ ਪੁਸਤਕ ਦੇ ਅਠਵੇ ਨੌਵੇਂ ਭਾਗ ਵਿਚ ਅਰਥਾਂ ਸਮੇਤ ਲਿਖੇ ਹਨ। ਮਨ ਦੀਆਂ ੨੯ ਹਾਲਤਾਂ ਘੱਟੋ ਘੱਟ ਪੰਜ ਅਤੇ ਕਈ ਥਾਂਈ ਵਧ ਗੁਰੂ ਫ਼ੁਰਮਾਨ ਲਿਖ ਕੇ ਸਪੱਸ਼ਟ ਕੀਤੀਆਂ ਹਨ। ਮਨ ਦੀ ਚੰਚਲਤਾ ਦੇ ਅੱਗੇ ਸਾਰਾ ਸੰਸਾਰ ਗ਼ੋਡਿਆਂ ਪਰਨੇ ਹੋਇਆ ਨਜ਼ਰੀਂ ਆ ਰਿਹਾ ਹੈ। ਹਾਂ, ਮਨ ਦੇ ਪਿਛੇ ਨਾ ਲੱਗ ਤੁਰਨਾਂ, ਇਹ ਤੁਹਾਡੇ ਵੱਸ ਵਿਚ ਜ਼ਰੂਰ ਹੈ। ਪਰ ਇਸ ਨੂੰ ਸਥਿਰ ਮੌਤ ਹੀ ਕਰਦੀ ਹੈ। ਬਸ ਉਨ੍ਹਾਂ ਸੰਸਕਾਰਾਂ ਤੋਂ ਬਚਨ ਲਈ ਤਿਰਯਾ ਚਰਿਤਰਾਂ ਵਾਲੀ ਅਸ਼ਲੀਲਤਾ ਮਨੁੱਖਤਾ ਲਈ ਘਾਤਕ ਹੈ। ਜੇ ਤੁਸੀ ਇਸ ਦਲੀਲ ਨੂੰ ਗੁਰਬਾਣੀ ਦੁਆਰਾ ਮਨਮਤਿ ਸਿੱਧ ਕਰ ਦਿਉ ਤਾਂ ਦਾਸ ਦੇ ਮਨ ਦਾ ਬੜਾ ਵਡਾ ਭਰਮ ਦੂਰ ਹੋ ਜਾਵੇ ਅਤੇ ਆਪ ਦਾ ਉਪਕਾਰ ਜਨਮ ਜਨਮਾਂਤ੍ਰਾਂ ਤੱਕ ਯਾਦ ਰਹੇ।

**੧੨**- ਜਿਸ ਬਾਣੀ ਨੂੰ ਦਸ਼ਮੇਸ਼ ਜੀ ਨੇ ਆਪ ਕਿਸੇ ਗਿਣਤੀ ਵਿਚ ਨਹੀਂ ਮਿਥਿਆ ਉਸ ਨੂੰ ਪੰਥ ਦੇ ਹਿਤਾਂ ਲਈ ਲਹੇਵੰਦ ਕਹਿਣ ਵਾਲੇ ਹੀ ਪੰਥ ਦੀ ਇੱਕ ਸੁਰਤਾ ਦੀ ਅਤੇ ਇੱਕ ਮੁੱਠਤਾ ਦੀ ਜੜ੍ਹੀਂ ਤੇਲ ਪਾਈ ਜਾ ਰਹੇ ਹਨ। ਕੇਵਲ ਗੁਰੂ ਗ੍ਰੰਥ ਸਾਹਿਬ ਨਾਲ ਹੀ ਜੁੜੇ ਰਹਿਣ ਦੀ ਦੁਹਾਈ ਪੰਥ ਦੇ ਭਲੇ ਵਿਚ ਹੈ। ਗੁਰੂ ਤਾਂ ਮੰਨਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਰ ਗੁਣ ਗਾਉਣੇ ਕਿਸੇ ਹੋਰ ਗ੍ਰੰਥ ਵਿਚਲੀ ਕਥਿਤ ਅਸ਼ਲੀਲਤਾ ਦੇ। ਇਸ ਮੰਤਕ ਦਾ ਭੇਤ ਦਾਸ ਨੂੰ ਸਮਝਾ ਭੇਜੋ ਉਪਕਾਰ ਹੋਵੇਗਾ। ਕੁਰਾਨ ਸ਼ਰੀਫ ਵਿਚ ਤਾਂ ਦਸਮ ਗ੍ਰੰਥ ਨਾਲੋਂ ਵੀ ਵੱਧ Spirtuality ਹੈ ਉਸ ਨੂੰ ਵੀ ਆਪਣੇ ਧਰਮ ਵਿਚ ਕਿਸ ਕਾਰਨ ਨਹੀਂ ਧੂ ਲਿਆਉਂਦੇ ? ਬਾਈਬਲ ਵੀ ਕੋਈ ਪਿੱਛੇ ਨਹੀਂ ਰਹੀ ਹੋਈ। ਫਿਰ ਗੁਰੂ ਨਾਨਕ ਜੀ ਦਾ ਗਿਆਨ ਸੰਸਾਰ ਤੋਂ ਨਿਆਰਾ ਕਿਵੇਂ ਰਿਹਾ?

ਖੋਹਲ ਕੇ ਕਿਸੇ ਉਦਾਹਰਣ ਨਾਲ ਸਮਝਾਉ ਕਿ ਕਿਹੜਾ ਪੱਖ ਪੰਥ ਲਈ ਕਿਨ੍ਹਾਂ ਕਾਰਨਾ ਕਰਕੇ ਮਾੜਾ ਜਾਂ ਚੰਗਾ ਹੈ। ਐਵੇਂ ਫਤਵੇ ਦੇਈ ਜਾਣੇ ਡਿਕਟੇਕਰਾਂ ਦੇ ਜ਼ਿਮੇ ਹੀ ਰਹਿਣ ਦੇਈਏ। ਜੇ ਗੁਰਮਤਿ ਦੀ ਸਿਖਿਆ ਲਿਖ ਭੇਜੋ ਤਾਂ ਦਾਸ ਤੇ ਆਪ ਜੀ ਦਾ ਬੜਾ ਵਡਾ ਉਪਕਾਰ ਹੋਵੇਗਾ। ਗੁਰਮਤਿ ਵਿਚਾਰਾਂ ਗੁਰਬਾਣੀ ਫ਼ੁਰਮਾਨਾਂ ਦੇ ਅਧਾਰ ਤੇ ਹੋਣੀਆਂ ਜ਼ਰੂਰੀ ਹਨ। ਭਉ ਤੋਂ ਸਖਣੀ, ਗੁਰੂ ਬਾਣੀ ਦੇ ਹੁਕਮ-ਸ਼ਿੰਗਾਰ ਤੋ ਹੀਣੀ ਦਲੀਲ **ਮਨਮਤਿ** ਹੈ ਅਤੇ ਮਨਮਤਿ ਬਾਰੇ ਗੁਰੂਉਪਦੇਸ਼ ਦੀ ਝਲਕ ਮਾਤ੍ਰ ਇਸ ਪ੍ਰਕਾਰ ਹੈ--੧)**ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ। ਨਦਰੀ ਕਰਮੀ ਗੁਰ ਬੀਚਾਰੁ ॥੧॥**[੧੫੧] **(੨) ਹਉਮੈ ਕਰਤਿਆ ਨਹ ਸੁਖ ਹੋਇ ॥ ਮਨਮਤਿ ਝੂਠੀ ਸਚਾ ਸੋਇ ॥ ਸਗਲ ਬਿਗੂਤੇ ਭਾਵੈ ਦੋਇ ॥ ਸੋ ਕਮਾਵੈ ਧੁਰਿ ਲਿਖਿਆ ਹੋਇ ॥੧॥**[੨੨੨] (੩) **ਮਤੜੀ ਕਾਂਢੁ ਕੁਆਹ ਪਾਵ ਧੋਵੰਦੋ ਪੀਵਸਾ ॥ ਮੂ ਤਨਿ ਪ੍ਰੇਮੁ ਅਥਾਹ ਪਸਣ ਕੂ ਸਚਾ ਧਣੀ ॥੩॥**[੧੦੯੯]੪) **ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥ ਮਤਿ ਮਲੀਣ ਪਰਗਟ ਭਈ ਜਪਿ ਨਾਮੁ ਮੁਰਾਰਾ ॥ ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥ ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥**[੧੬੩] (੫) **ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥ ਬਿਨਸਿ ਗਈ ਹਉਮੈ ਮਤਿ ਮੇਰੀ ॥ ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ ॥੧੩॥**[੧੦੭੨]

ਪਰਮ ਪਿਰੇ ਡਾਕਟਰ ਸਾਹਿਬ ਜੀਓ ! ਜੇ ਇਸ ਬਿਰਧ ਤੇ ਦਇਵਾਨ ਹੋਏ ਹੋ ਤਾਂ ਦਾਸ ਦੀ ਲਿਖਤ ਵਿਚ ਗੁਰਮਤਿ ਸੋਧ ਕਰ ਭੇਜੋ। ਦਾਸ ਨੂੰ ਸਮਝਾਉ ਕਿ ਗੁਰਮਤਿ ਤੋਂ ਬਾਹਰ ਜਾਣਾ ਅਸਿੱਖੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਜਾਣ ਉਪ੍ਰੰਤ ਵੇਦਾਂ ਪੁਰਾਣਾ ਨਾਲ ਸਾਡਾ ਵਾਸਤਾ ਕੀ ਰਹਿ ਗਿਆ?

**ਵੇਦ ਪੁਕਾਰੇ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥**
**ਤ੍ਰੈਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥ ੭ ॥**

ਤੁਸੀ ਸ਼ਾਇਦ ਕਿਨ੍ਹਾਂ ਲੋਕਾਂ ਨੂੰ Scholar ਸਮਝਦੇ ਹੋਵੋਗੇ, ਦਾਸ ਲਈ ਤਾਂ--**ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥** ਜੇ ਦਾਸ ਦਾ ਇਹ ਵਿਚਾਰ ਹੁਣ ਪੁਰਾਣਾ ਅਤੇ ਪੁਠੇ ਰਾਹ ਪਾਉਣ ਵਾਲਾ ਹੈ ਕਿ,--"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਦੇ ਮਾਲਕ ਸੱਚੇ ਗੁਰੂ ਮੰਨ ਕੇ ਸਾਨੂੰ ਕੇਵਲ ਉਨ੍ਹਾਂ ਦੀ ਹੀ ਸਿਖਿਆ ਤੇ ਚਲਣਾ ਚਾਹੀਦਾ ਹੈ--ਜੇ ਇਨ੍ਹਾਂ ਵਿਚਾਰਾਂ ਨੂੰ ਕਥਿਤ Modern ਵਿਦਿਆ ਤੋਂ ਕੁਰਬਾਨ ਕਰਕੇ ਮੁੜ ਵੇਦਾਂ ਦੀ ਸਿਖਿਆ ਨਾਲ ਹੀ ਜੁੜ ਜਾਣਾ ਚਾਹਦਿਾ ਹੈ--ਤਾਂ ਦਾਸ ਨੂੰ ਸਪੱਸ਼ਟ ਸ਼ਬਦਾਂ ਵਿਚ ਸੋਧ ਦੇਣ ਦੀ ਮਿਹਰ ਕਰੋ। ਗੱਲ ਮਾਂ ਬੋਲੀ ਵਿਚ ਹੀ ਕਰੀਏ ਤਦ ਹੀ ਸੋਭਾ ਹੈ। ਸ਼ਾਇਦ ਤੁਸੀ ਭਾਵੇਂ ਆਪਣੇ ਬੱਚਿਆਂ ਨਾਲ ਵੀ ਅੰਗ੍ਰਜ਼ੀ ਹੀ ਬੋਲਦੇ ਹੋਵੋਂ, ਪਰ ਦਾਸ ਤਾਂ ਏਥੇ ਗੋਰਿਆਂ ਵਿਚ ਵੀ ਆਪਣੀ ਬੋਲੀ ਦੀ ਸੋਭਾ ਕਰਦਾ ਨਹੀਂ ਥੱਕਦਾ। ਜੇ ਤੁਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਅੰਗ੍ਰੇਜ਼ੀ ਵਿਚ ਗੱਲ ਨਹੀਂ ਕਰ ਸਕਦੇ ਤਾਂ ਉਨ੍ਹਾਂ ਦੇ ਸ਼ਰਧਾਲੂ ਸਿੰਘ ਨਾਲ ਪੰਜਾਬੀ ਵਿਚ ਬੋਲਦਿਆਂ ਸ਼ਰਮ ਕਿਸ ਗੱਲ ਦੀ?

**੧੩**- ਕਿਸੇ ਖ਼ਾਸ ਵਿਸ਼ੇ ਨੂੰ ਸਪੱਸ਼ਟ ਕਰਨ ਲਈ ਸਾਰੇ ਦਸਮ ਗ੍ਰੰਥ ਵਿਚੋਂ ਚਾਰ ਸ਼ਬਦ ਹੀ ਲੱਭ ਦਿਓ। ਅਸ਼ਲੀਲਤਾ ਅਤੇ ਝੂਠ=ਕਹਾਣੀਆਂ ਦੀ ਤਾਂ ਹਨੇਰੀ ਝੁੱਲ ਰਹੀ ਹੈ ਪਰ ਖੰਡੇ ਬਾਟੇ ਦੇ ਅੰਮ੍ਰਿਤ ਦੇ ਦਾਤੇ, ਦਸਮਗ੍ਰੰਥ ਦੇ (ਕਥਿਤ) ਲਿਖਾਰੀ ਸ੍ਰੀ ਦਸ਼ਮੇਸ਼ ਜੀ ਨੇ, ਦਸਮ ਗ੍ਰੰਥ ਵਿਚ " ਅੰਮ੍ਰਿਤ " ਲਫ਼ਜ਼ ਤੱਕ ਕਿਸ ਕਾਰਨ ਨਹੀਂ ਲਿਖਿਆ ? ਅੰਮ੍ਰਿਤ ਦੇ ਦਰਸ਼ਨ ਕਰਨੇ ਹੋਣ ਤਾਂ ਪੁਸਤਕ ਦੇ ਪੰਜਵੇ ਭਾਗ ਦਾ ਖਰੜਾ ਪੜ੍ਹਨ ਦੀ ਖੇਚਲ ਕਰ ਲੈਣੀ। ਅੰਮ੍ਰਿਤ ਦੇ ੧੪ ਅੱਡ ਅੱਡ ਰੂਪ ਸਮਝਾਉਣ ਲਈ ੯੧ ਗੁਰੂ ਫ਼ੁਰਮਾਨ ਅਰਥਾਂ ਸਮੇਤ ਲਿਖ ਕੇ ੩੭੦ ਗੁਰੂ ਸ਼ਬਦਾਂ ਦੀ ਸੂਚੀ ਦਿੱਤੀ ਹੋਈ ਹੈ। **ਇਹ ਸਮਝਾਉ ਕਿ** ਦਸਮਗ੍ਰੰਥ ਤੋਂ ਪੰਥ ਨੂੰ ਉਹ ਕਿਹੜੀ ਨਿਆਰੀ ਸੋਧ ਮਿਲਦੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਤੋ ਨਹੀਂ ਮਿਲ ਰਹੀ?

**ਵੇਦਾਂ ਆਦਿ ਹਿੰਦੂ ਗ੍ਰੰਥਾਂ ਬਾਰੇ ਦਾਸ ਨੇ ਗੁਰਮਤਿ ਵਿਚਾਰ** ਛਪ ਚੁੱਕੀ ਪੁਸਤਕ ਵਿਚ ਲਿਖੇ ਹੋਏ ਹਨ। ਉਨ੍ਹਾਂ ਦੀ ਤਾਲੀਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਕੋਈ ਅਰਥ ਨਹੀਂ ਰੱਖਦੀ। ਦੂਜੀ ਪੁਸਤਕ " ਮਾਸੁ ਮਾਸੁ ਕਰਿ ਮੂਰਖ ਝਗੜੇ " ਹੈ ਦੋਹਾਂ ਬਾਰੇ ਗੁਰੂ ਨਾਨਕ ਦੇਵ ਯਨੀਵਰ ਸਿਟੀ ਦੇ ਕੁਝ ਜਾਣੇ ਪਛਾਣੇ ਵਿਦਵਾਨਾਂ ਨੇ ਅਤੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸਾਹਿਬ ਦੀ ਸ਼ਮੂਲੀਅਤ ਨਾਲ ਜੋ ਗੋਸ਼ਟੀ ਹੋਈ ਸੀ ਉਸ ਦੀ **Audio Cassette** ਆਪ ਜੀ ਦੀ ਸੇਵਾ ਵਿਚ ਭੇਜ ਰਿਹਾ ਹਾਂ। ਉਸੇ ਪੁਸਤਕ ਦੇ ਹੁਣ ਪੰਜ ਭਾਗ ਛਪ ਰਹੇ ਹਨ। ਪੰਜਵੇਂ ਭਾਗ ਦਾ ਖਰੜਾ ਆਪ ਜੀ ਦੀ ਸੇਵਾ ਵਿਚ ਭੇਜਣ ਦੀ ਸੱਧਰ ਆਪ ਜੀ ਦੀ ਸੁਹਿਰਦਤਾ ਅਤੇ ਖੁਲ੍ਹਦਿਲੀ ਨੇ ਪੈਦਾ ਕੀਤੀ ਹੈ। ਜੇ ਉਸ ਵਿਚੋਂ ਕੋਈ ਗੁਰਮਤਿ ਵਿਰੋਧੀ ਗੱਲ ਲੱਭ ਕੇ ਲਿਖ ਭੇਜਣ ਦੀ ਖੇਚਲ ਝਲ ਸਕਦੇ ਹੋ ਤਾਂ ਦਾਸ ਖਰੜਾ ਭੇਜ ਦੇਵੇ। ਇਸ ਪੁਸਤਕ ਦੇ ਕੁੱਲ ੧੦ ਭਾਗ ਤਿਆਰੀ ਦੇ ਨੇੜੇ ਪੁੱਜ ਰਹੇ ਹਨ। ਪੰਜਾਂ ਦੀ ਛਪਾਈ ਦੀ ਮਾਇਆ ਅੰਮ੍ਰਿਤਸਰ ਸ੍ਰੀ ਅਕਾਲ ਸਹਾਇ ਸੁਸਾਇਟੀ ਰਜਿਸਤ੍ਰਡ ਕੋਲ ਪੁੱਜ ਚੁੱਕੀ ਹੈ। ਮਾਇਆ ਅਤੇ ਪੁਸਤਕਾਂ ਸਾਰਾ ਕੁਝ ਸੁਸਾਇਟੀ ਦੀ ਭੇਟਾ ਹੈ ਅਤੇ ਆਉਣ ਵਾਲੀ ਸਾਰੀ ਮਾਇਆ ਗੁਰਮਤਿ ਪਰਚਾਰ ਤੇ ਖ਼ਰਚਣਾ ਉਸ ਸੁਸਾਇਟੀ ਦਾ ਵਿਧਾਨ ਹੈ।

ਸੱਚ ਕੌੜਾ ਜ਼ਰੂਰ ਲੱਗਦਾ ਹੈ ਪਰ ਫਲ ਸਦਾ ਬੜਾ ਮਿੱਠਾ ਹੁੰਦਾ ਹੈ। ਭੁੱਲਾਂ ਦੀ ਖਿਮਾ। ਆਪਣੇ ਚਰਨਾਂ ਦਾ ਦਾਸ ਸਮਝ ਕੇ **ਮੈ- ਮੂਰਖ** ਨੂੰ ਸੁਚੱਜੀ ਸੇਧ ਦੇਣ ਦਾ ਉਪਕਾਰ ਕਰ ਭੇਜੋ। ਨਿਰੇ ਫ਼ਤਵੇ ਦੇਈ ਜਾਣੇ ਆਪ ਜੀ ਵਰਗੇ ਅਧਿਆਪਕ ਨੂੰ ਨਹੀਂ ਸੋਭਦੇ। ਤੁਸੀ ਤਾਂ ਸਰਬ ਪੱਖੀ ਗਿਆਨ ਦਾ ਭੰਡਾਰ ਹੋ। ਗੁਰਮਤਿ ਗਿਆਨ ਦੀ ਬਖ਼ਸ਼ਸ਼ ਕਰੋ। ਅਤੇ ਜੇ ਦਾਸ ਨੂੰ ਕਿਸੇ ਸੇਵਾ ਦੇ ਜੋਗ ਸਮਝੋ ਤਾਂ ਆਪਣੇ ਵਡੇ ਭਾਗ ਸਮਝਾਂਗਾ। ਸਿਖਿਆ ਭਰਪੂਰ ਪੱਤਰ ਦੀ ਉਡੀਕ ਵਿਚ--

ਗੁਰਮਤਿ ਅਨੁਸਾਰ ਆਪਣਾ ਜੀਵਨ ਢਾਲਣ ਦੀ ਘਾਲਣਾ ਘਾਲ ਰਹੇ ਗੁਰਮੁਖਾਂ ਦੇ ਚਰਨਾਂ ਦੀ ਧੂੜ-- ਦਾਸ ਗੁਰਬਖ਼ਸ਼ ਸਿੰਘ

**ਨੋਟ:-ਪਹਿਲਾਂ ਵੀ ਦਾਸ ਲਿਖ ਚੁਕਿਆ ਹੈ ਕਿ ਅਜੇਹਾ ਸਾਰਾ ਪੱਤਰ ਵਿਹਾਰ ਅਖ਼ਰ ਉਸ ਪੁਸਤਕ ਦਾ ਭਾਗ ਬਣਨਾ ਹੈ ਜਿਹੜੀ ਲਿਖ ਕੇ ਪਹਿਲਾਂ ਪੰਥ ਦੇ ਸਰਬਉਚ ਜਥੇਦਾਰਾਂ ਦੀ ਸੇਵਾ ਵਿਚ ਬੇਜਣੀ ਹੈ ਅਤੇ ਉਪ੍ਰੰਤ ਪੰਥ ਦੀ ਕਚਹਿਰੀ ਵਿਚ ਪੇਸ਼ ਹੋਣ ਲਈ ਦੇਸ਼ ਵਿਦੇਸ਼ ਦੇ ਛਾਪੇ ਖਾਨਿਆਂ ਦੁਆਰਾ ਛਪੁਵਾ ਕੇ ਪੰਥ ਦੇ ਨੌਨਿਹਾਲਾਂ ਤੱਕ ਪੁਚਾਉਣੀ ਹੈ।**

## ਜਥੇਦਾਰ ਆਕਾਲ ਤਖ਼ਤ ਭਾਈ ਰਣਜੀਤ ਸਿੰਘ ਨੂੰ ਚਿੱਠੀ

**ੴ ਸਤਿਗੁਰ ਪ੍ਰਸਾਦਿ ॥**
**ਗੁਰ ਕੀ ਮਹਿਮਾ ਕਿਆ ਕਹਾ ਗੁਰ ਬਿਬੇਕ ਸਤਿਸਰ॥**
**ਓਹ ਆਦਿ ਜੁਗਾਦੀ ਜੁਗਹੁ ਜੁਗੁ ਪੂਰਾ ਪਰਮੇਸਰ ॥ ੩ ॥**

**ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜਥੇਦਾਰ ਸ੍ਰੀ ਅਕਾਲਤਖ਼ਤ ਸਾਹਿਬ ਅੰਮ੍ਰਿਤਸਰ,**
**ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹ ॥** **January 9-1999**

ਨਿਮਰਤਾ ਸਹਿਤ ਅਰਜ਼ ਹੈ ਕਿ ਦਾਸ ਮਿਤੀ ੭ ਦਸੰਬਰ ੧੯੯੬ ਤੋਂ ਹੀ ਆਪ ਜੀ ਦੀ ਸੇਵਾ ਵਿਚ ਸੁਝਾ ਅਤੇ ਫਿਰ ਆਪ ਜੀ ਤੋਂ ਗੁਰਮਤਿ ਸੇਧਾਂ ਲੈਣ ਲਈ, ਜੋਦੜੀ ਪੱਤਰ ਲਿਖ ਕੇ ਭੇਜਦਾ ਆ ਰਿਹਾ ਹੈ । ਸ਼ਾਇਦ ਬੜਾ ਜ਼ਰੂਰੀ ਕਾਰਨ ਹੋਵੇਗਾ ਜੋ ਆਪ ਜੀ ਨੇ ਕਦੇ ਕੋਈ ਸੇਧ ਪੱਤਰ ਨਹੀਂ ਭੇਜਿਆ। ੧੦ ਮਈ ੧੯੯੭ ਦੀ ਚਿੱਠੀ (ਜਿਸ ਦਾ ਉਤਾਰਾ ਇਸ ਚਿੱਠੀ ਦੇ ਦੂਜੇ ਪਾਸੇ ਹੈ) ਆਪ ਜੀ ਦੇ ਦਫਤਰ ਵਿਚ (ਸਮੇਤ ਉਸ ਸਾਰੀ ਸਮੱਗਰੀ ਦੇ ਜਿਸ ਦਾ ਜ਼ਿਕਰ ਉਸ ਵਿਚ ਹੈ) ਭੇਜਿਆ ਸੀ। ਫਿਰ ਅਗਸਤ ੧੯੯੮ ਵਿਚ ਸ੍ਰੀ ਅਕਾਲ ਸਹਾਏ ਸੁਸਾਇਤੀ ਅੰਮ੍ਰਿਤਸਰ ਦੀ ਮਾਰਫ਼ਤ ਵੀ ਸ੍ਰੀ ਦਸਮਗ੍ਰੰਥ ਬਾਰੇ ਲਿਖੇ ਖਰੜੇ ਦਾ ਉਤਾਰਾ ਭੇਜਿਆ--ਕਈ ਯਾਦ ਪੱਤਰ ਵੀ ਭੇਜੇ-- ਪਰ ਆਪ ਜੀ ਵਲੋਂ ਕੋਈ ਸੇਧ ਪੱਤਰ ਨਹੀਂ ਪੁੱਜਾ । ਪੁਸਤਕ ਦੇ ਛਪ ਜਾਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਦੀ ਓਟ ਲਈ ਤੋਂ ਬਿਨਾ ਜੇ ਕੋਈ ਆਦੇਸ਼ ਜਾਰੀ ਹੋਇਆ ਤਾਂ ਉਸ ਦੇ ਵਿਰੁੱਧ ਦੇਸ਼-ਬਿਦੇਸ਼ ਦੀਆਂ ਅਦਾਲਤਾਂ ਵਿਚ ਅਪੀਲਾਂ ਕੀਤੀਆਂ ਜਾਣ ਵਿਚ ਝਿਜਕ ਨਹੀਂ ਕਤਿੀ ਜਾਵੇਗੀ। ਫਿਰ ਸਾਰੀ ਬਦਨਾਮੀ ਅਤੇ ਖ਼ਰਚ ਖ਼ਰਾਬੇ ਦੀ ਜ਼ਿੰਮੇਵਾਰੀ ਆਪ ਜੀ ਤੇ ਹੋਵੇਗੀ ।

ਹੁਣ ਇਸ ਬੇਨਤੀ ਪੱਤਰ ਨਾਲ ਨੱਥੀ ਲੇਖ--ਸਤਿਗੁਰਾਂ ਦੀ ਇੱਕ ਤੋਂ ਵੱਧ ਕਥਿਤ ਸ਼ਾਦੀਆਂ ਬਾਰੇ ਹੈ। (-ਕੁੱਲ ੧੫ ਸਫੇ) ਇਸ ਨੂੰ (ਤੁਹਾਡੇ ਆਪਣੇ ਰੀਕਾਰਡ ਹੋਏ ਸ਼ਬਦਾਂ ਅਨੁਸਾਰ) ਧਿਆਨ ਨਾਲ ਵਾਚ ਕੇ, ਅਥਵਾ ਲੋੜ ਸਮਝੋ ਤਾਂ, ਆਪਣੇ ਅਧੀਨ ਧਰਮ ਪਰਚਾਰ ਕਮੇਟੀ ਦੀ ਸਲਾਹ ਅਨੁਸਾਰ ਗੁਰਮਤਿ ਸੇਧਾਂ ਬਖ਼ਸ਼ਸ਼ ਕਰੋ। ਆਪ ਜੀ ਦੇ ਹਰ ਉਸ ਹੁਕਮ ਨੂੰ ਸਤਿਗੁਰਾਂ ਦਾ ਨਿੱਜੀ ਫ਼ੁਰਮਾਨ ਜਾਣ ਕੇ ਸਤਿਕਾਰ ਕੀਤਾ ਜਾਵੇਗੀ ਜਿਹੜਾ ਘੱਟ ਤੋਂ ਘੱਟ ਪੰਜ ਗੁਰੂ ਸ਼ਬਦਾਂ ਦੇ ਅਧਾਰ ਤੇ ਲਿਖਿਆ ਹੋਵੇਗਾ। ਆਪਣੀ ਮਤ ਨੂੰ ਗੁਰੂ ਦੀ ਮੱਤ ਦੇ ਨਕੂਲ ਸਮਝਣ ਵਾਲੇ ਕਿਸੇ ਵੀ ਜਥੇਦਾਰ ਸਾਹਿਬ ਵੱਲੋ ਜਾਰੀ ਹੋਏ ਆਦੇਸ਼ ਦੀ ਪਾਲਣਾ ਕਰਨੀ ਸਤਿਗੁਰਾਂ ਨੂੰ ਦੇਦਾਵਾ ਲਿਖ ਦੇਣ ਤੁੱਲ ਹੈ। ਤੁਹਾਡੇ ਦਫ਼ਤਰ ਵਲੋਂ ਕੋਈ ਉੱਤਰ ਨਾ ਆਉਣ ਤੋਂ ਆਪ ਜੀ ਦੀ ਸਹਿਮਤੀ ਸਮਝ ਕੇ ਪੁਸਤਕ ਦੇ ਦਸਵੇਂ ਭਾਗ ਦੇ ਹਿੱਸੇ ਦੇ ਤੌਰ ਤੇ ਇਸ ਲੇਖ ਨੂੰ ਵੀ ਛਪਵਾ ਕੇ ਸਮੁੱਚੇ ਖ਼ਾਲਸਾ ਪੰਥ ਦੀ ਵਿਚਾਰ ਗੋਚਰਾ ਬਣਾ ਦਿੱਤਾ ਜਾਵੇਗਾ ਜੀ। ਭੁੱਲਾਂ ਦੀ ਖਿਮਾ । ਗੁਰਮਤਿ ਅਨੁਸਾਰ ਜੀਵਨ ਬਿਤਾ ਰਹੇ

ਤਿਆਗੀ ਅਤੇ ਸੱਚੇ ਪੰਥ-ਸੇਵਕ--ਗੁਰਮੁਖਾਂ ਦੇ ਚਰਨਾਂ ਦੀ ਧੂੜ-- ਦਰਦ ਭਰੇ ਹਿਰਦੇ ਤੋਂ ਪੰਥ ਦਾ ਅਤੇ ਆਪ ਜੀ ਦਾ ਸੱਚਾ ਸ਼ੁੱਭ ਚਿੰਤਕ--

**ਗੁਰਮਤਿ ਅਨੁਸਾਰ ਜੀਵਨ ਜੀਊਂ ਰਹੇ ਗੁਰਮੁਖਾਂ ਦੀ ਚਰਨਧੂੜ**--

ਨਿਮਾਣਾ ਨਿਤਾਣਾ ਦਾਸਰਾ

**ਗੁਬਖਸ਼ ਸਿੰਘ**

**ਪਤਾ : 11445-86/a Avenue, Delta-B-C- V4C-2Y9 Canada ]**

**{ Note:--ਇਹ ਚਿੱਠੀ ਅਮਰੀਕਾ ਦੇ ਸਿਅਟਲ ਸ਼ਹਿਰ ਤੋਂ ਪਹਿਲਾਂ 01191183553919 ਨੰਬਰ ਤੇ ਫ਼ੈਕਸ ਕੀਤੀ ਅਤੇ ਫਿਰ ਉਸੇ ਦਿਨ ਹੀ-ਵਾਪਸੀ ਰਸੀਦ ਆਉਣ ਵਾਲੇ ਰਜਿਸਟਰ੍ਹੀ ਲਫ਼ਾਫ਼ੇ ਵਿਚ ਭੇਜੀ। ਡਾਕ ਮਹਿਕਮੇ ਤੋਂ ਹੋਈ ਰਜਿਸਟਰੀ ਦਾ ਨੰਬਰ- 218371/682 Jan 9 1999}**

# ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦੇ ਸਕੱਤਰ ਨੂੰ ਚਿੱਠੀ

**੧ ੴ ਸਤਿਗੁਰ ਪ੍ਰਸਾਦਿ ॥**

**ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥ ੧ ॥**

ਮਿਤੀ ੧੦ ਮਈ ੧੯੯੭

ਗੁਰਮੁਖ ਪਿਆਰੇ ਭਾਈ ਸਾਹਿਬ---ਸੁਰਜੀਤ ਸਿੰਘ ਸਕੱਤਰ ਸ਼੍ਰੋਮਣੀ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ,

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ ॥

ਆਪ ਜੀ ਵਧਾਈ ਦੇ ਪਾਤਰ ਹੋ ਜੋ ਸਤਿਗੁਰਾਂ ਨੇ ਆਪ ਜੀ ਨੂੰ ਪੰਥ ਦੀ ਠੋਸ ਸੇਵਾ ਕਰ ਸਕਣ ਦਾ ਵਡਮੁੱਲਾ ਅਵਸਰ ਬਖ਼ਸ਼ਿਆ ਹੈ। ਅਰਦਾਸ ਹੈ ਕਿ ਵਾਹਿਗੁਰੂ ਜੀ ਸਦਾ ਤੁਹਾਡੇ ਅੰਗ-ਸੰਗ ਰਹਿ ਕੇ ਤੁਹਾਨੂੰ ਚੜ੍ਹਦੀ ਕਲਾ ਵਿਚ ਰੱਖਣ ।

ਪੰਥਕ ਸੇਵਾ ਦੀਆਂ ਸਰਬ-ਸ੍ਰੇਸ਼ਟ ਪਦਵੀਆਂ ਸੰਭਾਲਣ ਦੀਆਂ ਜ਼ਿੰਮੇਵਾਰੀ ਨਿਭਾ ਰਹੇ ਲਗ-ਪਗ ਸਾਰੇ ਸ਼੍ਰੋਮਣੀ ਜਥੇਦਾਰ ਸਾਹਿਬਾਨ ਨੂੰ ਚਿੱਠੀਆਂ ਲਿਖੀਆਂ ਹਨ ਪਰ ਦਾਸ ਨੂੰ ਕਿਸੇ ਵਲੋਂ ਵੀ ਕਦੇ ਕੋਈ ਹੁੰਗਾਰ ਤੱਕ ਨਹੀਂ ਮਿਲਿਆ । ੨੦ ਫ਼ਰਵਰੀ ੧੯੯੬ ਨੂੰ ਸਨਮਾਨ ਜੋਗ ਟੋਹੜਾ ਸਾਹਿਬ ਦੀ ਸੇਵਾ ਵਿਚ ਲਿਖੀ ਚਿੱਠੀ ਬਾਰੇ ਸੁਣਿਆਂ ਸੀ ਕਿ, " ਬੇਨਤੀ ਪੱਤਰ ਦੇ ਉਤਾਰੇ ਤਿਆਰ ਕਰਵਾ ਕੇ ਸੰਬੰਧਤ ਧਿਰਾਂ ਤੋਂ ਜਵਾਬ ਤਿਆਰ ਕਰਵਾਇਆ ਜਾ ਰਿਹਾ ਹੇ " ਪਰ ਕਰੀਬ ੧੦ ਮਹੀਨਿਆਂ ਪਿਛੋਂ ਦਾਸ ਨੂੰ ਬੜੇ ਜ਼ਿੰਮੇਵਾਰ ਗੁਰਮੁਖ ਰਾਹੀ ਸੂਚਨਾ ਮਿਲੀ ਕਿ ਧਰਮ ਪਰਚਾਰ ਕਮੇਟੀ ਵਿਚਲੇ ਉੱਚ ਕੋਟੀ ਦੇ ਵਿਦਵਾਨ ਅਤੇ ਜ਼ਿਮੇਵਾਰ ਸੱਜਣ ਭਾਈ ਸਾਹਿਬ ਵਰਿਆਮ ਸਿੰਘ ਜੀ ਨੇ, ਜੁੜੇ ਵਿਦਵਾਨਾਂ ਦੀ ਹਾਜ਼ਰੀ ਵਿਚ ਇਹ ਕਹਿ ਕੇ ਕਿਸੇ ਪ੍ਰਕਾਰ ਦਾ ਉੱਤਰ ਦੇਣ ਦੀ ਲੋੜ ਨੂੰ ਰੱਦ ਕਰ ਦਿੱਤਾ ਕਿ--" **ਕਿਸੇ ਪਾਗ਼ਲ ਦੀ ਚਿੱਠੀ ਦਾ ਉੱਤਰ ਕੌਣ ਦੇਵੇ ?** "। ਦਾਸ ਨੇ ਕੇਵਲ ਅਤੇ ਕੇਵਲ ਗੁਰਮਤਿ ਦੀ ਖੰਡਨਾਂ ਹੋ ਰਹੀ ਵੱਲ ਹੀ ਸਦਾ ਧਿਆਨ ਦਿਵਾਇਆ ਹੈ । ਸਦਾ ਤੋਂ ਦਾਸ ਦੀ ਜੋਦੜੀ ਏਹੀ ਹੁੰਦੀ ਰਹੀ ਹੈ ਕਿ ਦਾਸ ਨਾ ਸਕੂਲੀ ਪੜ੍ਹਾਈ ਦਾ ਵਿਦਵਾਨ ਹੈ ਅਤੇ ਨਾ ਹੀ ਗੁਰਮਤਿ ਦਾ ਪੂਰਾ ਗਿਆਤਾ ਹੈ । ਜੇ ਲਿਖਣ ਢੰਗ ਵਿਚ ਜਾਂ ਗੁਰਮਤਿ ਦੀ ਅਸਲੀਧਤ ਸਮਝਣ ਵਿਚ ਗ਼ਲਤ ਸਿਧ ਹੋਇਆ ਹਾਂ, ਤਾਂ ਪੰਥ ਦਾ ਅੰਗ ਹੋਣ ਦੇ ਨਾਤੇ ਪਿਆਰ ਨਾਲ ਜਾਂ ਝਿੜਕ ਕੇ ਠੀਕ ਗੁਰਮਤਿ ਤੋਂ ਜਾਣੂੰ ਕਰਵਾ ਦੇਣ ਵਿਚ ਕੋਈ ਹਾਨੀ ਨਹੀਂ ਸਗੋਂ ਗੁਰਸਿੱਖੀ ਦਾ ਪਰਮੁੱਖ ਧਰਮ ਹੈ। ਸ਼ਾਇਦ ਹੁਣ ਸਵਾਲੀ ਨੂੰ ਪਾਗ਼ਲ ਕਹਿ ਕੇ ਗੱਲ ਮੁਕਾ ਦੇਣੀ ਹੀ ਪੰਥਕ ਸੇਵਾ ਬਣਦੀ ਜਾ ਰਹੀ ਹੋਵੇ ? ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਤਾਂ ਵਿਸ਼ਵਾਸ਼ ਘਾਤੀ ਕਾਤਲ ਅਥਵਾ ਨਿਰਦਈ ਠੱਗ ਨੂੰ ਵੀ **ਭਾਈ ਸੱਜਣ** ਅਤੇ ਦੈਂਤ ਬਿਰਤੀ ਬੰਦੇ ਖਾਣੇ " ਕੌਡੇ " ਨੂੰ ਵੀ **ਭਾਈ ਕੌਡਾ** ਜੀ ਬਣਾ ਲਿਆ ਸੀ । ਦਾਸ ਤਾ ਤਾਂ ਰੋਮ ਰੋਮ ਪੰਥ ਦੀ ਚੜ੍ਹਦੀ ਕਲਾ ਲਈ ਸੱਧਰਾਂ ਭਰੀ ਸੁਹਿਰਦਤਾ ਨਾਲ ਗੁਰਮਤਿ ਸੇਧ ਲੈਣ ਲਈ ਪੁਕਾਰਾਂ ਕਰ ਰਿਹਾ ਹੈ । ਚਿੱਠੀਆਂ ਲੰਮੀਆਂ ਹੋਣ ਦਾ ਕਾਰਨ ਇਹ ਹੈ ਕਿ ਅਜੇਹਾ ਸਾਰਾ ਪੱਤਰ ਵਿਹਾਰ ਇਤਿਹਾਸ ਦਾ ਭਾਗ ਬਣਨਾ ਹੈ । ਆਉਣ ਵਾਲੀਆਂ ਪੀੜ੍ਹੀਆਂ ਦੇ ਗੁਰਮੁਖ ਪੜਚੋਲੀਆਂ ਨੇ ਪੂਰੀ ਪੜਤਾਲ ਕਰਨੀ ਹੈ ਕਿ-- " ਸਭ ਤੋਂ ਵਡੇ ਸਤਿਗੁਰੂ ਨਾਨਕ ਸਾਹਿਬ ਜੀ " ਦਾ ਨਿਆਰੀਆਂ ਬਰਕਤਾਂ ਵਾਲਾ ਨਿਆਰਾ ਪੰਥ ਏਡੀ ਛੇਤੀ ਢਹਿੰਦੀਆਂ ਕਲਾਂ ਵਲ ਨੂੰ ਚਾਲੇ ਕਿਉਂ ਪਾ ਤੁਰਿਆ ਸੀ । ਉਹ ਦਿਨ ਬਹੁਤੀ ਦੂਰ ਨਹੀਂ ਹੈ ਜਦੋਂ ਪੰਥ ਵਿਚੋਂ ਬੜੀ ਜ਼ੋਰਦਾਰ ਆਵਾਜ਼ ਪੈਦਾ ਹੋਣੀ ਹੈ ਕਿ ਪੰਥ ਦੇ ਪੱਤਣ ਦੇ ਅਸਲ ਕਾਰਨ ਕੀ ਸਨ ? ਫਿਰ ਗੁਰਬਾਣੀ ਦੇ ਪਰਮਾਣਾਂ ਤੋਂ ਬਿਨਾ ਅਥਵਾ ਗੁਰਮਤਿ ਦੀ ਕਸੱਵਟੀ ਤੇ ਪੂਰੀ ਨਾ ਉਤਰਨ ਵਾਲੀ ਫੋਕੀ-ਮਨਮੱਤੀ ਦਲੀਲ ਲਈ ਕੋਈ ਥਾਂ ਨਹੀਂ ਰਹਿ ਜਾਣੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਿਹਰ ਦਾ ਸਦਕਾ, ਪੰਥ ਨੇ ਆਪਣੇ ਅਸਲੇ ਵੱਲ ਨੂੰ ਮੋੜਾ ਜ਼ਰੂਰ ਖਾਣਾ ਹੈ । ਉ ਸੁਭਾਗੇ ਸਮੇ, ਇਨ੍ਹਾਂ ਚਿਠੀਆਂ ਨੇ ਅਜੋਕੇ ਧਾਰਮ ਆਗੂਆਂ ਦੀਆਂ ਅਣਗਹਿਲੀਆਂ ਦੀ ਸਾਖੀ ਬੜੇ ਅਸਰਦਾਰ ਢੰਗ ਨਾਲ ਭਰਨੀ ਹੈ।

" ਹੇ ਸੱਚੇ ਪਾਤਸ਼ਾਹ ਜੀਓ ! ਤੇਰੇ ਦਰਬਾਰ ਤੋਂ ਬਿਨਾਂ ਹੋਰ ਕਿਸ ਦੇ ਅੱਗੇ ਫ਼ਰਿਆਦਾਂ ਕਰੀਏ ? ਹੇ ਮਿਠ ਬੋਲੜੇ ਸੱਜਣ ਸਾਈਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀਓ ! ਤੁਹਾਡੇ ਇਸ ਮਹਾਨ ਕੇਂਦਰੀ ਅਸਥਾਨ (ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਤੋਂ ਗੁਰਮਤਿ ਬਾਰੇ ਉਸਾਰੂ ਸੇਧ ਮਿਲ ਸਕਣ ਵਾਲੀ ਤੁਹੀਡੀ ਸੱਧਰ ਅੱਜ ਮਿੱਟੀ ਵਿਚ ਰੋਲੀ ਜਾ ਰਹੀ ਹੈ । ਹੇ ਸੱਚੇ ਪਿਤਾ ਜੀਓ ! ਅੱਜ ਤੁਹਾਡੇ ਇਸ ਪਾਵਨ ਅਸਥਾਨ ਤੇ ਅਜੇਹੇ

ਵਿਦਵਾਨਾਂ ਦਾ ਕਬਜ਼ਾ ਹੈ ਜੋ ਤੇਰੇ ਹੀ ਪੰਥ ਦੀ ਕਮਾਈ ਤੇ ਮੌਜਾਂ ਉਡਾ ਰਹੇ ਹਨ ਪਰ ਤੇਰੇ ਪੰਥ ਦੀ ਚੜ੍ਹਦੀ ਕਲਾ ਵੇਖਣ ਦੀ ਸੱਧਰ ਨਾਲ ਸਰਸ਼ਾਰ ਹਿਰਦੇ ਵਾਲੇ ਗੁਰਸਿੱਖ ਸੇਵਕ ਵਲੋਂ ਗੁਰਮਤਿ ਸੇਧ ਬਖ਼ਸ਼ਸ਼ ਕਰਨ ਲਈ ਲਿਖੇ ਫ਼ਰਿਆਦ-ਪੱਤਰ ਦਾ ਕੋਈ ਗੁਰਮਤਿ ਸੇਧ ਵਾਲਾ ਉੱਤਰ ਲਿਖਣ ਦੇ ਥਾਂ, ਫਰਿਆਦੀ ਨੂੰ " **ਪਾਗ਼ਲ** " ਕਹਿ ਕੇ ਦੁਰਕਾਰਣ ਨੂੰ ਅਤੇ ਉਸ ਦੀ ਲਿਖੀ ਚਿੱਠੀ ਨੂੰ " ਰੱਦੀ ਦਾ ਟੁਕੜਾ " ਬਣਾਈ ਜਾਣ ਵਿਚ **ਪੰਥਕ ਸੇਵਾ** ਮੰਨ ਰਹੇ ਹਨ । ਗੁਰੂ-ਬਾਣੀ ਪਰਮਾਣਾ ਨਾਲ ਗੁੰਦੀ ਹੋਈ ਲਿਖਤ ਨੂੰ, ਜਾਣ ਬੁੱਝ ਕੇ ਰੱਦੀ ਦਾ ਟੁਕੜਾ ਬਣਾ ਦੇਣਾ ਕੀ ਗੁਰਮਤਿ ਹੈ ? ਇਹ ਨਿਰਣਾ ਅੱਜ ਕੌਣ ਕਰੇ ?

ਆਪ ਜੀ (ਗੁਰਮੁਖ ਪਿਆਰੇ ਭਾਈ ਸੁਰਜੀਤ ਸਿੰਘ) ਦੀ ਸੇਵਾ ਵਿਚ ਬੇਨਤੀ ਹੈ ਕਿ, ਸਤਿਗੁਰਾਂ ਨੇ ਆਪ ਸਹਾਈ ਹੋ ਕੇ ਦਾਸ ਕੋਲੋਂ ਪੁਸਤਕ--" **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** " (ਜਿਸ ਦਾ ਪਹਿਲਾ ਭਾਗ ਛਪ ਕੇ ਸਿੱਖ ਜਗਤ ਵਿਚ ਵੰਡਿਆ ਜਾ ਚੁੱਕਾ ਹੈ ਅਤੇ ਹੁਣ ਉਹੀ ਪੁਸਤਕ ਦੋ ਭਾਗਾਂ ਵਿਚ ਕਰਕੇ ਛੇ ਹੋਰ ਹਿੱਸਿਆਂ ਸਮੇਤ ਛਪ ਰਹੀ ਹੈ) ਦੇ ਪੰਜਵੇਂ ਭਾਗ ਦਾ ਖਰੜਾ ਮਿਤੀ ੩੦ ਅਪਰੈਲ ਤੋਂ ਆਪ ਜੀ ਦੀ ਸੇਵਾ ਵਿਚ ਰਜਿਸਟਰੀ ਪਾਰਸਲ ਦੁਆਰਾ ਭੇਜਿਆ ਗਿਆ ਹੈ । ਵਿਸ਼ਾਲ ਪੁਸਤਕ ਦੇ ਉਸ ਪੰਜਵੇਂ ਭਾਗ ਵਿਚ ਕਈ ਅਜੇਹੇ ਬਿੱਪ੍ਰੀ ਮਸਲਿਆਂ ਬਾਰੇ ਗੁਰਮਤਿ ਪਰਖ ਲਿਖੀ ਹੋਈ ਹੈ ਜਿਹੜੇ ਬ੍ਰਾਹਮਣ ਵਾਦੀ ਅਤੇ ਪੰਥ ਲਈ ਹਾਨੀ-ਕਾਰਕ ਵਿਸ਼ੇ, ਸੈਕੜੇ ਸਾਲਾਂ ਤੋਂ ਪੰਥ ਵਿਚ ਗੁਰਮਤਿ ਦਾ ਅੰਗ ਬਣੇ ਬੈਠੇ ਹਨ । ਇਸ ਲਈ ਉਨ੍ਹਾਂ ਵਿਚਾਰਾਂ ਦਾ ਆਮ ਲੋਕਾਂ ਦੇ ਹੱਥਾਂ ਵਿਚ ਜਾਣ ਤੋਂ ਪਹਿਲਾਂ, ਗੁਰਮਤਿ ਦੇ ਵਿਦਵਾਨਾਂ ਦੁਆਰਾ ਪੂਰੀ ਪਰਖ ਹੋ ਜਾਣੀ ਜ਼ਰੂਰੀ ਸਮਝੀ ਗਈ ਹੈ । ਛਾਪੇ-ਖ਼ਾਨੇ ਪੁੱਜਣ ਤੋਂ ਪਹਿਲਾਂ ਉਨ੍ਹਾਂ ਦੀ ਗੁਰਮਤਿ ਅਨੁਸਾਰ (ਸੰਭਵਤਾ, ਲੋੜੀਂਦੀ) ਸੋਧ ਹੋ ਜਾਣੀ ਬੜਾ ਹੀ ਜ਼ਰੂਰੀ ਹੈ । ਪਹਿਲੇ ਬਣ ਚੁੱਕੇ ਵਿਸ਼ਵਾਸਾਂ ਨੂੰ ਭਰਮ ਸਿੱਧ ਕਰ ਰਹੇ ਉਨ੍ਹਾਂ **Sensitive** ਮਸਲਿਆਂ ਦਾ ਸੰਖੇਪ ਇਸ ਪ੍ਰਕਾਰ ਹਨ:--

੧) (ਪਹਿਲਾ ਕਾਂਡ) ਇਹ ਕਹਿਣਾ ਨਿਰਮੂਲ ਹੈ ਕਿ ਦਸ਼ਮੇਸ਼ ਜੀ ਨੇ ਕਦੇ ਕੋਈ ਸਿੰਘ ਵੇਦ-ਬਾਣੀ ਪੜ੍ਹਨ ਲਈ ਕਾਂਸ਼ੀ ਭੇਜੇ ਸਨ ਅਤੇ ਅਜੋਕੇ ਨਿਰਮਲੇ ਅਥਵਾ ਉਨ੍ਹਾਂ ਦੇ " ਧਰਮਧੁਜਾ ਅਖਾੜੇ " ਦਸ਼ਮੇਸ਼ ਜੀ ਦੀ ਦੇਣ ਹਨ । ਸਿੱਧ ਕੀਤਾ ਗਿਆ ਹੈ ਕਿ ਅਸਲ ਵਿਚ ਧਰਮ-ਧੁਜਾ ਅਖਾੜਾ ਵੀ ਪੰਥ-ਦੋਖੀਆਂ ਦੀ ਹੀ ਦੇਣ ਹੈ ?

੨) **(ਤੀਜਾ ਕਾਂਡ) ਅਸਲੀ ਨਿਰਮਲ ਪੰਥ ਕਿਹੜਾ ਹੈ ? ਕੀ ਬਚਿਤ੍ਰ ਨਾਟਕ ਵੀ ਪੰਥ ਦੇ ਵੈਰੀਆਂ ਦੀ ਹੀ ਦੇਣ ਹੈ ?**

**੩) (ਪੰਜਵਾਂ ਕਾਂਡ) ਖ਼ਾਲਸੇ ਦਾ ਜਨਮ ਦਿਨ ? ਜਨਮਿਆਂ ਕਿ ਪ੍ਰਗਟ ਹੋਇਆ ? ਗੁਰਪੁਰਬ ?**

੪) ਸਤਵਾਂ ਅਤੇ ਅਠਵਾਂ ਕਾਂਡ) ਚਿੜੀਉ ਸੇ ਬਾਜ ਤੁੜਵਾਊ ਤੋਂ ਅਰੰਭ ਹੋ ਕੇ ਪੰਥਕ ਪ੍ਰਬੰਧ ਤੱਕ ।

ਧਰਮ ਪਰਚਾਰ ਕਮੇਟੀ ਦੇ ਵਿਦਵਾਨ ਗੁਰਮੁਖਿ ਸੱਜਣ ਚੰਗੀ ਤਰ੍ਹਾਂ ਵਿਚਾਰ ਕੇ ਗੁਰੂ ਬਾਣੀ ਦੇ ਪਰਮਾਣਾ ਨਾਲ ਗੁੰਦਿਆ ਹੋਇਆ ਜਿਹੜਾ ਸੁਝਾ ਲਿਖ ਭੇਜਣਗੇ ਉਨ੍ਹਾਂ ਅਨੁਸਾਰ ਸੋਧ ਕਰ ਲੈਣ ਵਿਚ ਦਾਸ ਆਪਣੇ ਵਡੇ ਭਾਗ ਸਮਝੇਗਾ ? ਪਾਠਕਾਂ ਦੀ ਜਾਣਕਾਰੀ ਲਈ ਸਾਰਾ ਪੱਤਰ ਵਿਹਾਰ ਪੁਸਤਕ ਦਾ ਹਿੱਸਾ ਬਣਾ ਦਿੱਤਾ ਜਾਵਗਾ । ਦਾਸ ਪਿਛਲੇ ਛੇ ਸਾਲ ਤੋਂ ਬਾਰ ਬਾਰ ਜੋਦੜੀ ਕਰ ਰਿਹਾ ਹੈ ਕਿ ਦਾਸ ਨੂੰ ਗੁਰਮਤਿ ਤੋਂ ਸੋਝੀ ਕਰਵਾਈ ਜਾਣ ਦਾ ਉਪਕਾਰ ਕੀਤਾ ਜਾਵੇ ? ਜਿੜੇ ਜਥੇਦਾਰ ਸਾਹਿਬ ਗੁਰਮਤਿ ਦੇ ਉਲਟ ਲਿਖਣ ਦਾ ਦੋਸ਼ ਲਾ ਕੇ ਦਾਸ ਨੂੰ ਪਾਗ਼ਲ ਕਹਿ ਰਹੇ ਹਨ, ਅਥਵਾ ਜਿਹੜੇ ਜਥੇਦਾਰ ਸਾਹਿਬ ਕਈ ਲਿਖਾਰੀਆਂ ਨੂੰ ਪੰਥ ਵਿਚੋਂ ਖ਼ਾਰਜ ਕਰਨ ਦਾ ਕਾਰਜ ਕਰਦੇ ਆ ਰਹੇ ਹਨ, ਕੀ ਉਹੀ ਜਥੇਦਾਰ ਸਾਹਿਬਾਨ ਕਿਸੇ ਗ਼ਲਤੀ ਵਾਪਰਨ ਤੋਂ ਪਹਿਲਾਂ ਗੁਰਮਤਿ ਸੇਧ ਦੇਣ ਵਿਚ ਕੋਈ ਹਰਜ ਮੰਨ ਰਹੇ ਹਨ ਜੀ ? ਕੀ ਦਾਸ ਉਹ ਕਾਰਨ ਨਹੀਂ ਜਾਣ ਸਕਦਾ ਜਿਸ ਤੋਂ ਦਾਸ ਦੇ ਕਿਸੇ ਵੀ ਪੱਤਰ ਦਾ ਜਵਾਬ ਨਹੀਂ ਆ ਰਿਹਾ ?

ਆਪ ਜੀ ਕਿਉਂਕਿ ਦਫ਼ਤਰੀ ਕਾਰ ਵਿਹਾਰ ਦੇ ਮੁੱਖ ਪ੍ਰਬੰਧਕ ਹੋ, ਇਸ ਲਈ ਪੱਕਾ ਭਰੋਸਾ ਕੀਤਾ ਜਾਂਦਾ ਹੈ ਕਿ ਤੁਸੀਂ ਦਾਸ ਵਲੋਂ ਭੇਜਿਆ ਖਰੜਾ ਲੋੜੀਂਦੇ ਗੁਰਮਤਿ ਸੁਝਵਾਂ ਨਾਲ ਛੇਤੀ (ਵੱਧ ਤੋਂ ਵੱਧ ਤਿੰਨ ਮਹੀਨਿਆਂ ਦੇ ਅੰਦਰ) ਹੀ ਮਾਸਕ ਪੱਤਰ ਸੰਤ ਸਿਪਾਹੀ ਪੁਤਲੀਘਰ ਅੰਮ੍ਰਿਤਸਰ ਦੀ ਮਾਰਫ਼ਤ, ਕੁਲਬੀਰ ਸਿੰਘ ( ਜੋ ਪੁਸਤਕ " ਮਾਸੁ ਮਾਸੁ ਕਰਿ ਮੂਰਖ ਝਗੜੇ " ਅਤੇ " ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਦੇ ਪਰਕਾਸ਼ਕ ਹਨ) ਕੋਲ ਪੁਚਾ ਦਿੱਤਾ ਜਾਵੇਗਾ । ਇਸ ਖਰੜੇ ਨੂੰ ਗੁੰਮ ਹੋਣ ਤੋਂ ਬਚਾ ਕੇ ਆਪ ਜੀ ਇਸ ਨਿਮਾਣੇ ਬ੍ਰਿਧ ਸੇਵਕ ਤੇ ਬੜਾ ਵੱਡਾ ਉਪਕਾਰ ਕਰ ਰਹੇ ਹੋਵੋਗੇ ਜੀ ।

ਭੁੱਲ ਚੁੱਕ ਦੀ ਖਿਮਾ ਬਖ਼ਸ਼ਣੀ ਜੀ-- ਗੁਰਮਤਿ ਅਨੁਸਾਰ ਜੀਵਨ ਢਾਲ ਰਹਿਆਂ ਗੁਰਮੁਖਾਂ ਦੀ ਚਰਨ-ਧੂੜ:--

ਦਾਸ

ਗੁਰਬਖ਼ਸ਼ ਸਿੰਘ ਲੇਖਕ :--
ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ
" ਮਾਸੁ ਮਾਸੁ ਕਰਿ ਮੂਰਖ ਝਗੜੈ "

**ਇਸ ਚਿੱਠੀ ਦੇ ਉਤਰ ਵਿਚ ਸ: ਕਿਰਪਾਲ ਸਿੰਘ ਜੀ ਦਾ ਹੇਠ ਲਿਖਿਆ ਪੱਤਰ ੨ਫ਼ਰਵਰੀ (੧)**

**੧ ੴ ਸੋਤਿਗੁਰ ਪ੍ਰਸਾਦਿ ॥**
**ਅੰਧਕਾਰ ਮਿਟਿਓ ਤਿਹ ਤਨ ਤੇ ਗੁਰ ਸਬਦਿ ਦੀਪਕੁ ਪਰਗਾਸਾ ॥**
**ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧ ਸੰਗਤਿ ਬਿਸ੍ਵਾਸਾ ॥ ੧ ॥**

**14727- Bothel Way N/E. # 5**
**Seattle. WA 98155 U. S. A.**

**Jan.2 1998**.

ਸਤਿਕਾਰ ਯੋਗ ਭਾਈ ਕਿਰਪਾਲ ਸਿੰਘ ਜੀਓ ,Convener, (Seminar on Dasam Granth)

ਵਾਹਿਗੁਰੂ ਜੀ ਕਾ ਖ਼ਾਲਸਾ, ਵਹਿਗੁਰੂ ਜੀ ਕੀ ਫ਼ਤਹਿ

ਘਰੇਗੀ ਮਜਬੂਰੀਆਂ ਦੇ ਕਾਰਨ ਦਾਸ ਨੂੰ ਪਹਿਲੀ ਜਨਵਰੀ ੧੯੮੪ ਤੋਂ ਨੂੰ ਕੈਨੇਡਾ ਆਉਣਾ ਪਿਆ। ਦਾਸ ਦੀ ਗ੍ਰਿਫਤਾਰੀ ਲਈ ਦੇਸ਼ ਦਿਆਂ ਹਵਾਈ ਅਡਿਆਂ ਤੇ, ਸਰਕਾਰੀ ਹਾਦਾਇਤਾਂ ਪੁੱਜੀਆਂ ਹੋਣ ਦੇ ਕਾਰਨ ਉਸ ਦਿਨ ਤੋਂ ਦੋਬਾਰਾ, ਦਾਸ ਆਪਣੇ ਦੇਸ਼ ਵਿਚ ਨਾ ਵੜ ਸਕਿਆ। ਹੁਣ ਕੈਨੈਡਾ ਦੇਸ਼ ਦਾ ਸ਼ਹਿਰੀ ਹਾਂ। ਹੱਡ, ਚਮ, ਮਾਸ ਅਤੇ ਲਹੂ ਸਭ ਕੁਝ ਖ਼ਾਲਸਾ ਪੰਥ ਦਾ ਹੋਣ ਦੇ ਕਾਰਨ, ਪੰਥ ਦੇ ਭਲੇ ਬੁਰੇ ਵਿਚ ਹੀ ਆਪਣਾ ਨਿੱਜੀ ਸੁੱਖ ਦੁੱਖ ਅਨੁਭਵ ਕਰਦਾ ਹਾਂ।

ਪਰਸੋਂ ਮਿਤੀ ੩੧ ਦਸੰਬਰ ੧੯੯੭ ਦੀ ਸ਼ਾਮ ਦੇ ਪੰਜ ਵਜੇ, ਇੱਕ ਸੁਹਿਰਦ ਗੁਰਸਿੱਖ ਨੇ Internet ਤੇ ਆਈ ਖ਼ਬਰ ਛਾਪ ਕੇ ਦਾਸ ਨੂੰ ਲਿਆ ਫੜਾਈ। ਇਹ ਪੜ੍ਹ ਕੇ ਹਿਰਦਾ ਗਦ ਗਦ ਹੋ ਗਿਆ, ਕਿ ਗੋਬਿੰਦ ਸਦਨ ਦਿਲੀ ਵਿਖੇ, ਆਪ ਜੀ ਦੀ ਰਾਹ-ਨੁਮਾਈ ਹੇਠ, ਸ੍ਰੀ ਦਸਮ ਗ੍ਰੰਥ ਜੀ ਬਾਰੇ ਚਲ ਰਹੇ ਵਾਦ-ਵਿਵਾਦ ਨੂੰ ਸਮਾਪਤ ਕਰਨ ਹਿਤ Seminar ਕੀਤਾ ਜਾ ਰਿਹਾ। ਇਸ ਸੰਬੰਧ ਵਿਚ ਆਪਣਾ ਪੱਖ ਲਿਖ ਭੇਜਣ ਦੀ ਗੱਲ ਅਰੰਭ ਕਰਨ ਤੋਂ ਪਹਿਲਾਂ, ਦਾਸ ਆਪਣੇ ਵਿਚਾਰਾਂ ਦਾ ਕੁਝ ਪਿਛੋਕੜ ਲਿਖਣ ਦੀ ਆਗਿਆ ਚਾਹੁੰਦਾ ਹੈ। ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੁੜੇ ਹੋਏ ਹੇਠ ਲਿਖੇ ਬਚਨਾਂ ਬਾਰੇ, (ਸ੍ਰੀ ਅਕਾਲਤਖ਼ਤ ਸਾਹਿਬ ਜੀ ਤੋਂ ਅਥਵਾ ਸ੍ਰੀ ਹਰਿਮੰਦਰ ਸਾਹਿਬ ਤੋਂ ਅਰੰਭ ਹੋ ਕੇ) ਸਾਰੇ ਪੰਥ ਵਿਚ ਕਿਸੇ ਪ੍ਰਕਾਰ ਦਾ ਕਦੇ ਕੋਈ ਵਿਵਾਦ ਖੜਾ ਨਹੀਂ ਹੋਇਆ:--

**ਜਬ ਲਗ ਖਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਆ ਮੈਂ ਸਾਰਾ । ਜਬ ਇਹ ਗਹੇ ਬਿਪ੍ਰਨ ਕੀ ਰੀਤ । ਮੈਂ ਨਾ ਕਰੂੰ ਇਨਕੀ ਪਰਤੀਤ ।**

ਸੋ ਬਿਨਾ ਕਿਸੇ ਕਿੰਤੂ-ਪ੍ਰੰਤੂ ਤੇ ਸਾਰੇ ਪੰਥ ਵਿਚ ਮੰਨੇ ਜਾ ਚੁੱਕੇ ਦਸ਼ਮੇਸ਼ ਜੀ ਦੇ ਇਨ੍ਹਾਂ ਬਚਨਾਂ ਤੋਂ, ਇਹ ਗੱਲ ਸਪੱਸ਼ਟ ਹੈ, ਕਿ ਖ਼ਾਲਸਾ ਜੀ ਦਾ ਤੇਜ ਪ੍ਰਤਾਪ ਕੇਵਲ ਉਸ ਦੇ ਨਿਆਰੇ ਰਹਿਣ ਨਾਲ ਹੀ ਜੁੜਿਆ ਹੋਇਆ ਸੀ। ਇਤਿਹਾਸਕ ਸਚਾਈ ਹੈ ਕਿ ਸਿਖ਼ਰਾਂ ਤੇ ਪੁੱਜੇ ਤੇਜ ਪ੍ਰਤਾਪ ਵਾਲਾ ਰਾਜ-ਭਾਗ ੧੮੪੯ ਤੱਕ ਖ਼ਾਲਸਾ ਜੀ ਕੋਲੋਂ ਖੁੱਸ ਕੇ ਅੰਗਰੇਜ਼ ਕੋਲ ਚਲਾ ਗਿਆ ਅਤੇ ਖ਼ਾਲਸਾ ਜੀ ਪਰ-ਅਧੀਨ ਹੋ ਗਏ ਸਨ। " **ਇਕ ਸਾਧ ਬਚਨ ਅਟਲਾਧਾ** " ਸਤਿਗੁਰ-ਬਚਨਾਂ ਨੂੰ ਅਟੱਲ ਸਚਾਈ ਮੰਨਣ ਵਾਲੇ ਸ਼ਰਧਾਲੂ ਲਈ, ਖ਼ਾਲਸਾ ਰਾਜ ਦੇ ਖੁੱਸ ਜਾਣ ਦਾ ਕਾਰਨ, ਕੇਵਲ ਏਹੀ ਹੈ ਕਿ," ਖ਼ਾਲਸਾ ਆਪਣੇ ਨਿਆਰੇ ਸਤਿਗੁਰੂ ਜੀ ਦੇ ਨਿਆਰੇ ਗਿਆਨ ਅਨੁਸਾਰ ਚਲਣਾ ਭੁੱਲ ਕੇ ਆਪਣਾ ਨਿਆਰਾ ਆਚਰਨ, ਆਪਣੀ ਨਿਆਰੀ ਮਰਯਾਦਾ ਗੁਆ ਬੈਠਾ ਹੋਇਆ ਹੈ। ਤੌਖ਼ਲਾ ਹੈ ਕਿ, ਬਿੱਪ੍ਰਨ ਕੀ ਰੀਤ ਦਾ ਧਾਰਨੀ ਬਣ ਜਾਣ ਦੇ ਕਾਰਨ ਖ਼ਾਲਸਾ ਜੀ ਆਪਣੇ ਸਤਿਗੁਰਾਂ ਲਈ ਕਿਤੇ ਬੇਪ੍ਰਤੀਤੇ ਵੀ ਤਾਂ ਨਹੀਂ ਬਣ ਚੁਕੇ ਹੋਣ? ਕਿਉਂਕਿ ਜਦ " **ਆਪਨੀ ਪਰਤੀਤਿ ਆਪ ਹੀ ਖੋਵੈ ॥ (ਤਦ) ਬਹੁਰਿ ਉਸ ਕਾ ਬਿਸ੍ਵਾਸੁ ਨਾ ਹੋਵੈ** "॥ ਬੜੀ ਗੰਭੀਰਤਾ ਨਾਲ ਵਿਚਾਰਨ ਵਾਲਾ ਸੀ ਇਹ ਮਸਲਾ।

੧੯੭੮ ਦੀ ਵਿਸਾਖੀ ਤੇ ਵਰਤੇ ਭਾਣੇ ਦੇ ਦਿਨ ਤੋਂ ਲੱਖਾਂ ਦੀ ਗਿਣਤੀ ਵਿਚ ਬੇਗੁਨਾਹ ਸਿੱਖਾਂ ਦਾ ਕਤਲ, ਸਿੱਖੀ ਦੇ ਧਰਮ ਅਸਥਾਨਾਂ ਦੀ ਸਖ਼ਤ ਬੇਹੁਰਮਤੀ ਅਤੇ ਕ੍ਰੋੜਾਂ ਦੀ ਪੰਥਕ ਜਾਇਦਾਦ ਬਰਬਾਦ ਹੋ ਜਾਣ ਦੇ ਨਾਲ, ਸ੍ਰੀ ਦਰਬਾਰ ਸਾਹਿਬ ਦੀ ਸਰਦਾਰੀ, ਵੀ ਸਰਕਾਰ ਦੀ ਝੋਲੀ ਵਿਚ ਜਾ ਪੈਣੀ-- ਸਿੱਧ ਕਰਦਾ ਹੈ ਕਿ, ਜਿਸ ਟੀਸੀ ਤੇ ਪੁੱਜੇ ਖ਼ਾਲਸਾ ਜੀ ਨੂੰ ਦਸ਼ਮੇਸ਼ ਜੀ ਨੇ, ਸਤਿਗੁਰ ਪੂਰਾ ਅਤੇ ਸੱਜਣ ਸੂਰਾ ਮੰਨ ਕੇ, ਸਾਰੇ ਦਾ ਸਾਰਾ ਤੇਜ ਪ੍ਰਤਾਪ ਬਖ਼ਸ਼ਸ਼ ਕਰਨ ਦੇ ਬਚਨ ਬੋਲੇ ਸਨ, ਉਸ ਸਿਖ਼ਰ ਤੋਂ ਖ਼ਾਲਸਾ ਜੀ ਡਿੱਗ ਪਏ ਹੋਏ ਹਨ।

ਗੁਰੂ ਬਾਣੀ ਦੀ ਵਿਚਾਰ ਅਤੇ ਫਿਰ ਹਿੰਦੂ ਧਰਮ ਦੇ ਗ੍ਰੰਥਾਂ ਸਮੇਤ ਹੋਰ ਕਈ ਵਿਦਵਾਨਾ ਦੀਆਂ ਪੁਸਤਕਾਂ ਤੋਂ ਜਾਣਕਾਰੀ ਪ੍ਰਾਪਤ ਕਰਕੇ। ੧੨ ਸਾਲ ਦੀ ਕਰੜੀ ਘਾਲਣਾ ਉਪ੍ਰੰਤ ---ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ ' ਪੁਸਤਕ ਲਿਖਣੀ ਅਰੰਭੀ। ੧੯੯੫ ਵਿਚ ੮੧੨ ਸਫ਼ਿਆਂ ਦੇ, ਪੁਸਤਕ ਦਾ ਪਹਿਲਾ ਭਾਗ, ਛਪਿਆ ਜੋ ਛੇਤੀ ਸਮਾਪਤ ਹੋ ਗਿਆ। ਚਾਰ ਹੋਰ ਹਿੱਸਿਆਂ ਸਮੇਤ ਦੂਜਾ ਐਡੀਸ਼ਨ ਛਪ ਰਿਹਾ ਹੈ।

**ਆਪ ਜੀ ਦੀ ਦੇਖ-ਰੇਖ ਵਿਚ ਹੋ ਰਹੇ ਸੈਮੀਨਾਰ ਦੀ ਸਫ਼ਲਤਾ ਦੀ ਗੱਲ:--**

ਆਪ ਜੀ ਵਿਦਤ ਹੋ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਹੋਣ ਸਮੇਂ ਤੋਂ ਹੀ ਅਰੰਭ ਹੋਇਆ, ਵਾਦ-ਵਿਵਾਦ ਕਈ ਸਟੇਜਾਂ ਵਿਚੋਂ ਦੀ ਲੰਘਦਾ ਹੋਇਆ ਅੱਜ ਵੀ ਉਵੇ ਦਾ ਉਵੇਂ, ਪੰਥ ਵਿਚ ਇੱਕ ਗੰਭੀਰ ਮਸਲਾ ਬਣਿਆ ਤੁਰਿਆ ਆ ਰਿਹਾ ਹੈ। ਦਾਸ ਦੀ ਤੁੱਛ ਬੁੱਧੀ ਅਨੁਸਾਰ ਇਹ ਮਸਲਾ ਤੱਦ ਹੀ ਹੱਲ ਹੋ ਸਕਦਾ ਹੈ, ਜੇ ਅਸੀਂ ਸੱਚੇ ਹਿਰਦੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਰੂ ਨਾਨਕ ਸਾਹਿਬ ਜੀ ਨੂੰ ੧੧ਵੇਂ ਸ੍ਰੀ ਗੁਰੂ ਨਾਨਕ ਜੀ ਮੰਨ ਕੇ, ਕੇਵਲ ਅਤੇ ਕੇਵਲ ਇਨ੍ਹਾਂ ਦੀ ਹੀ ਵਿਚੋਲਗੀ ਪਰਵਾਨ ਕਰ ਲਈਏ। ਨਹੀਂ ਤਾਂ ਆਪੋ ਆਪਣੀ ਮਤ ਅਨੁਸਾਰ ਪੈ ਰਹੇ ਨਿੱਤ ਦੇ ਝਮੇਲਿਆਂ ਦਾ ਅੰਤ ਹੋਣਾ ਅਸੰਭਵ ਹੈ। ਸਤਿਗੁਰਾਂ ਦੀ ਵਿਚੋਲਗੀ ਲਈ ਪਹਿਲਾਂ, ਨਿਰਪੱਖ ਸੋਚਣੀ ਵਾਲੀ ਸੁਹਰਦਤਾ ਅਤੇ ਬਿਬੇਕਤਾ ਦੁਆਰਾ ਹੇਠ ਲਿਖਿਆਂ ਸੰਕਿਆਂ ਦਾ ਉਤਰ ਲੱਭਣ ਦੀ ਲੋੜ ਹੈ:--

੧) ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਗੁਰਿਆਈ ਮਿਲਣ ਬਾਰੇ ਮਹਾਨ ਕੋਸ਼ ਦੇ ੪੩੭ ਤੇ ਇਉਂ ਲਿਖਿਆ ਹੋਇਆ ਹੈ:--

' **(੩)** ਸ੍ਰੀ ਗੁਰੂ ਗੋਬਿੰਦ ਸਿੰਘ ਸ੍ਵਾਮੀ ਨੇ ਦਮਦਮੇ ਦੇ ਮੁਕਾਮ ਸੰਮਤ ੧੭੬੨-੬੩ ਵਿੱਚ ਜੋ ਆਤਮਕ ਸ਼ਕਤੀ ਨਾਲ ਕੰਠ ਤੋਂ ਬਾਣੀ ਉਚਾਰਣ ਕਰਕੇ ਗੁਰੂ ਗ੍ਰੰਥਸਾਹਿਬ ਲਿਖਵਾਇਆ, ਉਸ ਦਾ ਨਾਉ ਦਸਵੇ ਪਾਤਸ਼ਾਹ ਦਾ ਗ੍ਰੰਥਸਾਹਿਬ ਹੋਇਆ, ਪਰ ਪ੍ਰਸਿੱਧ ਨਾਉਂ ਦਮਦਮੇ ਵਾਲੀ ਬੀੜ ਹੈ। ਇਸ ਵਿਚ ਜੈਜੈਵੰਤੀ ਸਮੇਤ ੩੧ ਰਾਗ ਹਨ ਅਤੇ ਸ਼ਬਦ ਸਲੋਕ ਪੌੜੀ ਆਦਿ ਦੀ ਜਪ ਤੋ ਲੈਕੇ ਮੁੰਦਾਵਣੀ ਤੀਕ ਗਿਣਤੀ ੫੮੬੭ ਹੈ।.....
ਗ੍ਰੰਥਸਾਹਿਬ ਨਾਲ ' ਗੁਰੂ ' ਸ਼ਬਦ ਸੰਮਤ ੧੭੬੫ ਤੋਂ ਲਾਉਣਾ ਅਰੰਭ ਹੋਇਆ, ਜਿਸ ਵੇਲੇ ਅਬਿਚਲਨਗਰ ਗੁਰੂ ਗੋਬਿੰਦਸਿੰਘ ਜੀ ਗੁਰਤਾ ਸਿੱਖ ਧਰਮ ਦੇ ਆਧਾਰਾਰੂਪ ਗ੍ਰੰਥ ਨੂੰ ਦਿਤੀ। ਬਹੁਤ ਸਿੱਖ, ਦਸਮਗ੍ਰੰਥ ਨਾਲ ਵੀ ' ਗੁਰੂ ' ਸ਼ਬਦ ਦਾ ਪ੍ਰਯੋਗ ਕਰਦੇ ਹਨ, ਜੋ ਗੁਰਮਤ ਵਿਰੁੱਧ ਹੈ।

ਕੀ ਆਪ ਜੀ ਸਮੇਤ ਸੈਮੀਨਾਰ ਵਿਚ ਆਏ ਸਾਰੇ ਵਿਦਵਾਨ ਇਸ ਲਿਖਤ ਨਾਲ ਸਹਿਮਤ ਹਨ ਜੀ?

੨) ਕੀ ਇਸ ਗੱਲ ਨਾਲ ਵੀ ਸਾਰੇ ਸਹਿਮਤ ਹਨ ਕਿ ਸੀਨਾ-ਬ-ਸੀਨਾ ਤੁਰੀ ਆ ਰਹੀ ਸੇਵਾ ਸੰਭਾਲ ਦੀ ਮਰਯਾਦਾ ਦੇ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਪੰਥ ਦੇ ਦੋਖੀਆਂ ਦੀ ਛੇੜ ਛਾੜ ਤੋਂ ਅੱਜ ਤੱਕ ਪੂਰੀ ਤਰ੍ਹਾਂ ਬਚੀ ਹੋਈ ਹੈ।

੩) ਜੰਗਾਂ ਜੁੱਧਾਂ ਵਲੋਂ ਚੈਨ ਦੇ ਦਿਨਾਂ ਵਿਚ, ਜਦ ਸ੍ਰੀ ਦਮਦਮਾ ਸਾਹਿਬ ਵਿਖੇ ਇਸ ਪਾਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਨਰ ਸੰਪਾਦਨਾ ਕੀਤੀ ਜਾ ਰਹੀਸੀ ਤਾਂ, ਦਸਵੇ ਸ੍ਰੀ ਗੁਰੂ ਨਾਨਕ ਸਾਹਿਬ , ਦਸ਼ਮੇਸ਼ ਜੀ ਆਪਣੀ ਬਾਣੀ ਵੀ ਸ਼ਾਮਲ ਕਰਕੇ ਆਪਣੀ ਮਰਜ਼ੀ ਅਨੁਸਾਰ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ) ਸਰੂਪ ਵਿਚ ਵਾਧਾ ਕਰ ਸਕਣ ਲਈ ਪੂਰੀ ਤਰ੍ਹਾਂ ਸਤੰਤਰ ਅਤੇ ਸਮਰੱਥ ਸਨ?

**੪)** " ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ " ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨਾ ਕੋਇ ॥ " ਅਤੇ ਅਜੇਹੇ ਹੋਰ ਕਈਗੁਰੂ ਫ਼ੁਰਮਾਨ--ਦਸਮ ਗ੍ਰੰਥ ਦੀ ਬਾਣੀ ਵਾਸਤੇ ਨਹੀਂ ਹਨ ਸਗੋਂ, ਕੇਵਲ ਉਸੇ ਪਾਵਨ ਗੁਰੂ ਬਾਣੀ ਵਾਸਤੇ ਹੀ ਹਨ ਜਿਸ ਨੂੰ ਬਾਕਾਇਦਾ ਤੌਰ ਤੇ ਦਸ਼ਮੇਸ਼ ਜੀ ਨੇ ਆਪਣੇ ਥਾਂ ਗੁਰਿਆਈ ਦਾ ਮਾਲਕ ਥਾਪਿਆ ਸੀ? ਜੇ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਸੰਪੂਰਨ **' ਹਾਂ ' ਦੇ ਥਾਂ ਨਹੀਂ "** ਹੈ, **ਅਤੇ ੧੧ਵੇਂ ਸਤਿਗੁਰਾਂ ਦੀ ਗੁਰਿਆਈ ਨੂੰ ਸ਼ੱਕੀ ਸਮਝਦੇ ਹਨ ਤਾਂ**ਅਸੀਂ ਸਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਕਿਸ ਦਲੀਲ ਨਾਲ ਰਹਿ ਗਏ? ਫਿਰ ਅਜੇਹੇ ਸੈਮੀਨਾਰ ਕਰਨ ਦਾ ਹੱਕ ਕੀ ਰਹਿ ਗਿਆ? ਪਰ ਜੇ ਸੱਚੇ ਦਿਲੋਂ ਉਤਰਾਂ **ਸੰਪੂਰਨ " ਹਾਂ "** ਹੈ, ਅਤੇ ਦਸਾਂ ਗੁਰੂ ਦੀ ਜੋਤਿ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ੧੧ਵੇਂ ਗੁਰੂ ਨਾਨਕ ਦੇਵ ਜੀ ਹੀ ਮੰਨਦੇ ਹਨ, ਤਾਂ ਆਪ ਜਿਹੇ ਅਧਿਆਤਮਕ ਵਾਦੀ ਮਹਾਂਪੁਰਖ ਜੀ ਦੀ ਪ੍ਰਧਾਨਗੀ ਹੇਠ ਹੋਏ ਇਸ ਸੈਮੀਨਾਰ ਵਿਚ ਦਸਮ ਗ੍ਰੰਥ ਦੀ ਬਾਣੀ ਵੀ ਨੂੰ ਗੁਰੂ ਬਾਣੀ ਹੀ ਸਿੱਧ ਕਰਦੇ ਰਹੇ ਅਜੇਹੇ ਵਿਦਵਾਨ ਸੱਜਣਾ ਤੋਂ ਰਾਏ ਲੈਣ ਉਪ੍ਰੰਤ ਹੇਠ ਲਿਖੇ ਸ਼ੰਕਿਆਂ ਨੂੰ ਦੂਰ ਕਰਨ ਲਈ ਗੁਰਮਤਿ ਅਨੁਸਾਰ ਸੋਧ, ਲਿਖ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ ਜੀ--

**੫)** **(ੳ)** ਕੀ ਕਾਰਨ ਸੀ ਜੋ --ਖੰਡੇ ਬੱਟੇ ਦੇ ਅੰਮ੍ਰਿਤ ਦੀ ਤਿਆਰੀ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ (ਜਾਪ ਸਾਹਿਬ, ਸਵਈਏ ਅਤੇ ਚੌਪਈ), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਿੱਸਾ ਨਾ ਬਣਾਈਆਂ ?

**੧**- ਦਸ਼ਮੇਸ਼ ਜੀ ਇਹ ਬਾਣੀਆਂ ਲਿਖਣੀਆਂ ਕੀ ਭੁੱਲ ਗਏ ਸਨ ? **ਕਿ ਜਾਂ,**

**੨**- ਉਨ੍ਹਾਂ ਨੇ , ਗੁਰੂ ਗ੍ਰੰਥ ਸਾਹਿਬ ਵਿਚ ਆ ਚੁੱਕੀ ਬਾਣੀ ਤੋਂ ਵਾਧੂ ਹੋਰ ਕਿਸੇ ਵੀ ਬਾਣੀ ਨੂੰ ਗੁਰਿਆਈ ਦੇ ਕਾਬਲ ਨਹੀ ਸੀ ਸਮਝਿਆ ?

**(ਅ)** ਗੁਰੂ-ਬਾਣੀ ਅਤੇ ਗੁਰੂ ਇਤਿਹਾਸ ਦੀ ਟੇਕ ਤੋਂ ਬਿਨਾਂ ਇਉਂ ਕਹਿਣਾ ਜਾਂ ਲਿਖਣਾ, ਕਿ--" ਕਿਸੇ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨਾ ਜਾਂ ਨਾ ਕਰਨਾ, ' ਦਸ਼ਮੇਸ਼ ਜੀ ਦੀ ਆਪਣੀ ਮੌਜ ਸੀ , ਉਨ੍ਹਾਂ ਦੀਆਂ ਉਹੀ ਜਾਨਣ ", ਉਨ੍ਹਾਂ ਤੇ ਕਿਸੇ ਪ੍ਰਕਾਰ ਦਾ ਕਿੰਤੂ ਕਰਨਾ ਸਿੱਖੀ ਨਹੀਂ ਹੈ ", ਭੁਲੇਖਾ ਪਾਊ ਗੁਰਮਤਿ ਵਿਰੋਧੀ ਢੁੱਚਰ ਬਾਜ਼ੀ ਹੈ। ਦਲੀਲ ਦਾ ਵੇਰਵਾ ਇਉਂ ਹੈ :--

(੧) ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਉਪ੍ਰੰਤ ਗੁਰਿਆਈ ਦੇ ਮਾਲਕ ਗੁਰੂ ਸਾਹਿਬਾਨ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ੁਰਮਾਨ ਹੈ--**ਲਹਿਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥** ਭਾਵ, ਬਾਬਾ ਲਹਿਣਾ ਜੀ ਨੂੰ ਗੁਰੂ ਨਾਨਕ ਜੀ ਦੀ ਗੁਰਿਆਈ ਮਿਲ ਜਾਣ ਉਪ੍ਰੰਤ, ਉਨ੍ਹਾਂ ਦੀ ਵਡਿਆਈ ਦੀਆਂ ਧੁੰਮਾ ਪੈ ਜਾਣ ਦਾ ਕਾਰਨ ਇਹ ਸੀ ਕਿ, ਉਨ੍ਹਾਂ ਦਾ ਕੇਵਲ ਸਰੀਰ ਹੀ ਹੋਰ ਸੀ, ਜੋਤਿ ਅਤੇ ਜੁਗਤ ਦੋਵੇ ਉਹੀ ਗੁਰੂ ਨਾਨਕ ਸਾਹਿਬ ਵਾਲੀਆਂ ਹੀ ਸਨ। **ਜੋਤਿ** ਦੇ ਨਾਲ **ਜੁਗਤ** ਵੀ ਉਹੀ ਹੋਣੀ ਲਾਜ਼ਮੀ ਸੀ। ਤਦੇ ਹੀ ਸਾਰੇ ਗੁਰੂ ਸਾਹਿਬਾਨ ਸਤਿਗੁਰੂ " ਨਾਨਕ " ਜੀ ਕਰਕੇ ਹੀ ਜਾਣੇ ਗਏ ਹਨ।

(੨) ਗੁਰੂ ਫ਼ੁਰਮਾਨ--**" ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ ਮਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥ ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥ ੧ ॥**ਭਾਵ, ਜਿਵੇਂ ਬੱਚੇ ਨੂੰ ਜਨਮ ਦੇਣ ਉਪ੍ਰੰਤ ਮਾਂ ਅੰਦਰ ਬਾਰਿ ਕੰਮ ਕਰਦੀ ਹੋਈ ਬੱਚੇ ਸਦਾ ਆਪਣੀ ਨਜ਼ਰ ਵਿਚ ਰੱਖ ਕੇ ਬੜੇ ਪਿਆਰ ਨਾਲ ਪਾਲਦੀ ਹੈ, ਸਤਿਗੁਰੂ ਜੀ ਵੀ ਆਪਣੇ ਸਿਖ ਦੀ ਏਵੇ ਹੀ ਸੰਭਾਲ ਕਰਦੇ ਹਨ। ਅਜੇਹੇ ਹੋਰ ਕਈ ਗੁਰੂ ਬਾਣੀ ਸ਼ਬਦ ਹਨ ਜਿਨ੍ਹਾਂ ਤੋਂ ਗੁਰਸਿਖ ਨਾਲ ਸਤਿਗੁਰਾਂ ਦਾ ਰਿਸ਼ਤਾਂ ਹੋਰ ਸਾਰੇ ਸੰਸਾਰੀ ਰਿਸ਼ਤਿਆਂ ਨਾਲੋਂ ਉਚੇਚੇ ਪਿਆਰ ਵਾਲਾ ਹੋਣਾ ਦਰਸਾਇਆ ਹੈ।

(੩) ਇਨ੍ਹਾਂ ਦੋਂਹਾਂ ਉਪ੍ਰੋਕਤ ਗੁਰੂ ਬਾਣੀ ਉਦਾਹਰਣਾ ਨੂੰ ਧਿਆਨ ਵਿਚ ਰਖਦਿਆਂ ਵਿਚਾਰ ਕਰੀਏ ਕਿ, ਕੀ, ਪਹਿਲੇ ਨੌਂ ਹੀ ਗੁਰੂ ਸਾਹਿਬਾਨ ਵਿਚੋਂ ਕਿਸੇ ਨੇ ਕਦੇ ਕੋਈ ਅਜੇਹੀ **ਮੌਜ ਵਰਤਾਈ** ਸੀ ਜਿਸ ਤੋਂ ਬੱਚਿਆਂ ਤੋਂ ਪਿਆਰਾ ਉਨ੍ਹਾਂ ਦੇ ਪੰਥ ਦੋ ਧੜਿਆਂ ਵਿਚ ਵੰਡਿਆ ਗਿਆ ਹੋਵੇ?

(੪) ਦਾਦੂ ਜੀ ਦੀ ਕਬਰ ਤੇ ਵਰਤਾਇਆ ਦਸ਼ਮੇਸ਼ ਜੀ ਦਾ ਸਾਕਾ ਸਾਰੇ ਗੁਰਸਿੱਖਾਂ ਨੂੰ ਉਤਸ਼ਾਹਤ ਕਰਦਾ ਹੈ ਕਿ, ਜੇ ਕੋਈ ਗਰਮਤਿ ਵਿਰੋਧੀ ਗੱਲ ਆਪਣੇ ਵੱਡੇ ਤੋਂ ਵਡੇ ਜਥੇਦਾਰ ਵਿਚ ਵੇਖਣ, ਏਥੋਂ ਤੱਕ ਕਿ, ਆਪਣੇ ਸਤਿਗੁਰਾਂ ਨੇ ਵੀ ਕੋਈ ਗੁਰਮਤਿ ਵਿਰੋਧੀ **ਮੌਜ ਵਰਤਾਈ** ਵੇਖ ਲੈਣ, ਇਤਰਾਜ਼ ਕਰਨ ਤੋਂ ਅਗਾਂਹ ਤਨਖਾਹ ਵੀ ਲਾ ਸਕਦੇ ਹਨ। ਕੀ ਦਸ਼ਮੇਸ਼ ਜੀ ਏਡੇ ਭੁੱਲੜ ਅਤੇ ਲਾ ਪਰਵਾਹ ਸਨ ਕਿ ਕਿਸੇ ਅਜੇਹੇ ਗ੍ਰੰਥ ਨੂੰ ਅਣਗੌਲਿਆ ਹੀ ਛੱਡ ਜਾਂਦੇ, ਜਿਸ ਤੋਂ ਇਹ ਪਤਾ ਨਾ ਲੱਗ ਸਕੇ ਕਿ ਲਿਖਣ ਵਾਲਾ (ਗੁਰੂ) " ਨਾਨਕ " (ਜੀ) ਨਹੀਂ ਸਨ ਸਗੋਂ ਇਹ ਵੀ ਪੱਕਾ ਪਤਾ ਨਾ ਲੱਗ ਸਕੇ ਕਿ, ਇਸ ਦਾ ਲਿਖਾਰੀ ਹੈ ਕੌਣ, ਜਿਸ ਵਿਚੋਂ ਚੰਗੀਆਂ ਅਥਵਾ ਗੁਰਮਤਿ ਦੇ ਅਨਕੂਲ ਕੋਈ ਵਿਰਲੀ, ਪਰ ਬਿੱਪ੍ਰਨ ਕੀ ਰੀਤ ਨਾਲ ਜੁੜਨ ਦਾ ਉਤਸ਼ਾਹ ਦੇਣ ਵਾਲੀਆਂ ਅਤੇ ਝੂਠ ਦੀ ਪੂਜਾ ਨਾਲ ਜੋੜਨ ਵਾਲੀਆਂ ਬੇਅੰਤ ਹੋਣ?

**(ੲ)** (੧) ਅਜੇਹੀ ਕੋਈ ਗੱਲ ਜਿਸ ਦਾ ਸਪੱਸ਼ਟੀਕਰਨ ਗੁਰਮਤਿ ਬਿਬੇਕਤਾ ਤੋਂ ਨਾ ਹੋ ਸਕੇ ਅਤੇ,
੨) ਪੰਥ ਦੀ ਏਕਤਾ ਅਤੇ ਇੱਕ ਸੁਰਤਾ ਲਈ ਹਾਨੀ ਕਾਰਕ ਹੋਵੇ ਅਤੇ,
੩) ਸਤਿਗੁਰਾਂ ਦੀ ਅੰਤਰਯਾਮਤਾ ਨੂੰ ਸ਼ੱਕੀ ਬਣਾਉਂਦਾ ਹੋਵੇ, ਅਥਵਾ
੪) ਸਤਿਗੁਰਾਂ ਪ੍ਰਤੀ ਭੁੱਲੜ ਹੋਣ ਦਾ ਭਰਮ ਪਾਉਂਦਾ ਹੋਵੇ ਅਤੇ ਸਿੱਖ ਨੂੰ ਬਿੱਪ੍ਰਨ ਕੀ ਰੀਤ ਨਾਲ ਜੁੜਨ ਦਾ ਉਤਸ਼ਾਹ ਮਿਲਦਾ
੫) ਸਤਿਗੁਰਾਂ ਪ੍ਰਤੀ ਇਹ ਕਹਿਣਾ ਪਵੇ ਕਿ--ਉਨ੍ਹਾਂ ਦੀਆਂ ਉਹ ਜਾਨਣ " ਜਾਂ ਇਹ ਉਨ੍ਹਾਂ ਦੀ ਮੋਜ ਸੀ, ਸਮਝੋ ਅਜੇਹਾ ਸ਼ੋਸ਼ਾ ਕਿਸੇ ਪੰਥ ਵਿਰੋਧੀ ਨੇ ਛਡਿਆ ਹੋਇਆ ਹੈ।

**(ਸ)** - ਦਾਸ ਨੂੰ (ਪਤਾ ਨਹੀਂ ਕਿਉਂ?) ਇਹ ਪੱਕਾ ਵਿਸ਼ਵਾਸ਼ ਹੈ ਕਿ ਸਾਰੇ ਗੁਰਸਿੱਖ, ਗੁਰੂ ਬਾਣੀ ਦੇ ਇਸ ਫ਼ੁਰਮਾਨ ਦਾ--" **ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥** " ਦਾ ਸਤਿਕਾਰ ਕਰਦੇ ਹੋਏ ਸਤਿਗੁਰਾਂ ਨੂੰ ਭੁੱਲੜ ਕਹਿਣਾ, ਜਾਂ ਸੁਣ ਲੈਣਾ, ਜਾਂ ਕਿਸੇ ਗੱਲੋਂ ਸਤਿਗੁਰਾਂ ਨੂੰ ਬੇਬੱਸ ਹੋਏ ਮੰਨ ਲੈਣਾ, ਕਦੇ ਬਰਦਾਸ਼ਤ ਨਹੀਂ ਕਰਨਗੇ। ਇਹ ਵੀ ਸੱਚ ਹੈ ਕਿ ਸਤਿਗੁਰਾਂ ਦੇ ਹੁਕਮ ਨੂੰ ਨਾ ਮੰਨਣ ਵਾਲੀ ਗੁਸਤਾਖ਼ੀ ਨਾਲੋ ਉਨ੍ਹਾਂ ਦੇ ਹੁਕਮ ਤੋਂ ਅੱਗੇ ਲੰਘ ਤੁਰਨਾ, ਬਹੁਤਾ ਗੰਭੀਰ ਅਪਰਾਧ ਇਸ ਕਾਰਨ ਹੈ, ਕਿਉਂਕਿ ਅਜੇਹਾ ਕਰਕੇ ਅਸੀਂ ਸਤਿਗੁਰਾਂ ਨੂੰ ਭੁੱਲੜ ਅਥਵਾ ਆਪਨੇ ਨਾਲੋਂ ਘੱਟ ਸਿਆਣੇ ਸਿੱਧ ਕਰ ਰਹੇ ਹੁੰਦੇ ਹਾਂ। ਇਸ ਲਈ ਅਸੀਂ ਕਿਸ ਅਧਿਕਾਰ ਨਾਲ ਦਸਮਗ੍ਰੰਥ ਜੀ ਦੀ ਬਾਣੀ ਨੂੰ ਵੀ (ਗੁਰਿਆਈ ਮਿਲਿਆ ਬਿਨਾ ਹੀ) ਗੁਰੂ-ਬਾਣੀ ਦਾ ਦਰਜਾ ਦੇ ਰਹੇ ਹਾਂ ? **ਫਿਰ ਉਸ ਬਾਣੀ ਦੇ ਪਾਠ ਵੀ ਗੁਰੂ-ਬਾਣੀ ਦੇ ਤੁੱਲ ਹੀ ਕਰ ਰਹੇ ਹਾਂ ਜਿਹੜੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਪੱਸ਼ਟ ਸਿਧਾਂਤ ਦੀ ਖੰਡਨਾ ਕਰ ਰਹੀ ਹੈ?**

**ਦਾਸ ਨੇ ਆਪਣੇ ਗੁਰੂ ਪਰਮੇਸ਼ਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸੱਚੀ ਕਸਵੱਟੀ ਮੰਨ ਕੇ, ਸੰਪੂਰਨ ਸ੍ਰੀ ਬਚਿੱਤਰ ਨਾਟਕ ਦੀ ਅਧਿਆਏ ਵਾਰ ਗੁਰਮਤਿ ਪਰਖ ਲਿਖੀ ਹੈ--੯੯ ਸਫ਼ੇ ਦਾ ਉਹ ਲੇਖ (੨) " ਪਰ ਨਾਰੀ ਗਮਨ ਅਤੇ ਦਸਮਗ੍ਰੰਥ " (ਛੇ ਸਫ਼ੇ,) (੩) " ਧਰਮ ਯੁੱਧ ਕੇ ਚਾਇ ...? (ਚਾਰ ਸਫ਼ੇ) (੪) ਪ੍ਰਥਮ ਭਗਾਉਤੀ ਬਾਰੇ ਪ੍ਰਧਾਨ ਸਾਹਿਬ S.G.P.C. ਅੰਮ੍ਰਿਤਸਰ, ਵੱਲ ਲਿਖੀ ਚਿੱਠੀ ਅੱਠ ਸਫੇ --ਕੁੱਲ ੧੧੭ ਸਫ਼ੇ ਆਪ ਜੀ ਦੀ ਸੇਵਾ ਵਿਚ ਭੇਜ ਰਿਹਾਂ। ਜੇ ਕੋਈ ਗੱਲ ਗੁਰਮਤਿ ਦੇ ਵਿਰੁਧ ਹੋਏ ਤਾਂ ਗੁਰੂ ਬਾਣੀ ਦੇ ਪਰਮਾਣਾ ਨਾਲ ਸੋਧ ਬਖ਼ਸ਼ਣ ਦੀ ਜੋਦੜੀ ਪਰਵਾਨ ਕਰਨੀ। ਦਾਸ ਦੀ ਦਿਲੀ ਇਛਿਆ ਹੈ ਕਿ, ਛਾਪੇ ਖ਼ਾਨੇ ਭੇਜਣ ਤੋਂ ਪਹਿਲਾਂ ਲੋੜੀਂਦੀ ਦਰੁਸਤੀ ਹੋ ਜਾਵੇ ਤਾਂ ਜੋ ਕੋਈ ਨਵਾਂ ਵਿਵਾਦ ਖੜਾ ਕਰਨਾ ਸਹਿਲ ਨਾ ਬਣ ਜਾਵੇ। ਇਤਿਹਾਸ ਦੀ ਉਹੀ ਗੱਲ ਮੰਨਣ ਜੋਗ ਹੋਣੀ ਚਾਹੀਦੀ ਹੈ, ਜੋ ਸਦੀਵੀ ਪਦਵੀ ਵਾਲੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਉਤਰੇ, ਅਤੇ ਜਾਂ ਸਤਿਗੁਰਾਂ ਦੀ ਪਾਵਨ ਸ਼ਖ਼ਸ਼ੀਅਤ ਦੇ ਅਨਕੂਲ ਹੋਵੇ। ਜੇ ਆਪ ਜੀ ਵਲੋਂ ਜੇ ਕੋਈ ਸੁਝਾ ਨਾ ਪੁੱਜਾ ਤਾਂ ਸਮਝਿਆ ਜਾਵੇਗਾ ਕਿ ਆਪ ਇਨ੍ਹਾਂ ਲਿਖਤਾਂ ਨਾਲ ਸਹਿਮਤ ਹੋ।**

ਆਪ ਜੀ ਦੀ ਸੇਵਾ ਵਿਚ ਲਿਖ ਭੇਜੇ ਦਾਸ ਦੇ ਇਨ੍ਹਾਂ ਗੁਰਮਤਿ ਵਿਚਾਰਾਂ ਬਾਰੇ, ਸੈਮੀਨਾਰ ਤੇ ਪੁੱਜੇ ਵਿਦਵਾਨਾਂ ਕੋਲੋਂ ਵੀ ਰਾਏ ਪ੍ਰਾਪਤ ਕਰ ਲੈਣ ਦੇ ਤੁਸੀਂ ਪੂਰੀ ਤਰ੍ਹਾਂ ਸਮਰੱਥ ਹੋ। ਇਹ ਨਿਮਾਣਾ ਕੀਟ, ਆਪ ਜੀ ਦੇ ਕ੍ਰਿਪਾ ਪੱਤਰ ਦੀ ਉਡੀਕ ਬੜੀ ਉਤਸੁਕਤਾ ਨਾਲ **ਤਿੰਨ ਮਹੀਨੇ** ਤੱਕ ਕਰਦਾ ਰਹੇਗਾ। ਜੇ ਆਪ ਜੀ ਵਲੋਂ ਸੋਧ ਪੱਤਰ ਛੇਤੀ ਆ ਮਿਲੇ ਤਾਂ ਇਹ ਦਾਸਰਾ, ਆਪਣੇ ਆਪ ਨੂੰ ਵਡਭਾਗੀ ਸਮਝੇਗਾ। ਆਖ਼ਰ ਏਹੀ ਸਮਝਿਆ ਜਾਵੇਗਾ ਕਿ ਆਪ ਜੀ ਸਮੇਤ ਸਾਰੇ ਵਿਦਵਾਨ, ਦਾਸ ਵਲੋਂ ਭੇਜੇ, ਗੁਰਮਤਿ ਵਿਚਾਰਾਂ ਨਾਲ ਸਹਿਮਤ ਹਨ ਅਤੇ ਇਹ ਸਾਰਾ ਕੁਝ ਪੁਸਤਕ ਦੇ ਰੂਪ ਵਿਚ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਕਰ ਦਿੱਤਾ ਜਾਵੇਗਾ। ਭੁੱਲ ਚੁੱਕ ਦੀ ਖਿਮਾ। ਧਨਵਾਦ ਸਹਿਤ ਸ਼ੁੱਧ ਗੁਰਮਤਿ ਸਿਖਿਆ ਭਰਪੂਰ, ਸੋਧ ਪੱਤਰ ਦਾ ਉਡੀਕਵਾਨ--
ਗੁਰਮਤਿ ਅਨੁਸਾਰ ਜੀਵਨ ਢਾਲ ਲੈਣ ਦੀ ਘਾਲਣਾ ਘਾਲ ਰਹੇ ਗੁਰੂ ਪਿਆਰਿਆਂ ਦੇ ਚਰਨਾਂ ਦੀ ਧੂੜ, ਦਾਸ

ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ

ਇਸ ਪੱਤਰ ਦੇ ਉਤਾਰੇ ਹੇਠ ਲਿਖੇ ਵਿਦਵਾਨਾਂ ਦੀ ਸੇਵਾ ਵਿਚ ਵੀ ਭੇਜੇ ਜਾ ਰਹੇ ਹਨ:--
1) Dr Balkar Singh- Punjabi University Patiala.
2) Dr Hukam Chnd Rajpal '' '' '' '' ''
3) Dr S.S. Joshi '' '' '' '' ''
4) **Dr. Jodh Singh** ' ' '' '' '' ''
5) Dr Mohinder Kaur Gill Mata Sudri College Delhi.

ਇਸ ਚਿੱਠੀ ਦੇ **ਉੱਤਰ** ਵਿਚ, ਛਪੇ ਹੋਏ ਪੈਡ ਤੇ, ਭਾਈ ਕਿਰਪਾਲ ਸਿੰਘ ਜੀ ਦਾ ਪੱਤਰ ਮਿਤੀ ੩੦ ਜਨਵਰੀ ੧੯੯੮ ਨੂੰ ਮਿਲਿਆ । ਪੱਤਰ ਦਾ ਉਤਾਰਾ ਇਸ ਪ੍ਰਕਾਰ ਹੈ:---

**(੧)** ੧੭-੧-੯੭

ਪਰਮ ਸਤਿਕਾਰ ਯੋਗ ਗੁਰਬਖ਼ਸ਼ ਸਿੰਘ ਜੀ
ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹ।

ਆਪ ਜੀ ਦੀ ਪਤ੍ਰਕਾ ਬਾਬਾ ਵਿਰਸਾ ਸਿੰਘ ਜੀ ਦੇ ਨਾਮ ਅਤੇ ਕਿਰਪਾਲ ਸਿੰਘ ਦੇ ਨਾਮ ਅਤੇ ਟੌਹੜਾ ਸਾਹਿਬ ਦੇ ਨਾਮ ਅਤੇ ਨਾਲ ਨੱਥੀ ਕੀਤੇ ਸਾਰੇ ਕਾਗ਼ਜ਼ ਮਿਲ ਗਏ ਹਨ। ਮੈ ਤਾਂ ਇਹੀ ਅਰਦਾਸ ਕਰਾਂਗਾ ਕਿਹ ਸਾਨੂੰ ਸਾਡੇ ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਨੂੰ ਨੂੰ ਸਮਝਣ ਦੀ ਸੋਝੀ ਵਾਹਿਗੁਰੂ ਬਖ਼ਸ਼ੇ। ਸਾਨੂੰ ਆਦਤ ਹੈ ਕਿ ਇਕ ਤੁਕ ਕਿਤੋ ਲੈਣੀ ਅੱਧੀ ਕਿਤੋਂ ਲੈਣੀ, ਚੌਥਾ ਹਿੱਸਾ ਹੋਰ ਪਾਸਿਓਂ ਲੈਣਾ।

Individual choice is the relibion without any authority, ਅਸੀਂ ਗੁਰੂ ਸਾਹਿਬ ਨੂੰ ਆਪਣੇ ਮਨ ਦੇ ਸ਼ਤਅਨਗਅਰਦ ਨਾਲ ਨਾਪਣਾ ਚੌਹਨੇ ਹਾਂ। ਅਸੀਂ ਕਿਸੇ ਭੀ ਸਿਆਣੇ ਪੁਰਸ਼ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਹਾਂ। ਨਾ ਹੀ ਸਾਨੂੰ ਅਕਾਲ ਤਖ਼ਤ ਤੇ ਬਰੋਸਾ ਹੈ। ਨਾਂ ਹੀ ਸਾਨੂੰ ਸ੍ਰੋਮਨੀ ਗੁਰਦੁਵਾਰਾ ਪਰਬੰਧਕ ਕਮੇਟੀ ਤੇ ਭਰੋਸਾ ਹੈ। ਅਸੀਂ ਆਪਨੀ ਵੀਚਾਰ ਹੀ ਸਾਰਿਆਂ ਪਾਸੋਂ ਮਨੌਣੀ ਚੌਹੰਦੇ ਹਾਂ। ਦਸਮ ਗ੍ਰੰਥ ਬਾਰੇ ਹੇਠ ਲਿਖੇ ਸਬੂਤ ਹਨ:--ਇਨਹਾਂ ਨੇ ਸਾਰੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਮੰਨੀ ਹੈ:--

(੧) ੧੯੯੭ ਅਕਾਲ ਤਖ਼ਤ ਅੰਮ੍ਰਿਤਸਰ ਕਮੇਟੀ ਦੀ ਰਪੋਟ।

(੨) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ' ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਦਾ ੨੬-੯-੩੧ ਦਾ ਐਲਾਨ।
**S.G.P.C.** ਦੀ ' ਸਿੱਖ ਹਿਸਟਰੀ ਸੋਸਾਇਟੀ ' ਦੇ ਰੀਸਰਚ ਸਕਾਲਰ ਰਣਧੀਰ ਸਿੰਘ ਦੀ ਲਿਖੀ " ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਦਬ ਮੂਰਤ " ਪੁਸਤਕ ਸ਼ਰੋਮਨੀ ਕਮੇਟੀ ਨੇ ੧੯੫੫ ਵਿਚ ਛਾਪਕੇ ਤੀਜੀ ਬਾਰ ੧੯੬੨ ਵਿਚ ਛਪਵਾਈ।

(੩) ੧੯੦੨ ਈਸਵੀ ਭਾਈ ਬਿਸ਼ਨ ਸਿੰਘ ਦਸਮ ਗ੍ਰੰਥ ਕਿਸ ਨੇ ਬਣਾਇ " ਪੁਸਤਕ ਲਿਖੀ।

(੪) ੧੯੩੫ ਭਾਈ ਸ਼ੇਰ ਸਿੰਘ (ਕਸ਼ਮੀਰ) ਨੇ ਦਸਮ ਗ੍ਰੰਥ ਦਰਪਣ ਨਾਮੀ ਪੁਸਤਕ ਲਿਖੀ।

(੫) ਡਲਕਟਰ ਜਸਵੰਤ ਸਿੰਘ ਲਖਨਊ ਨੇ ੧੯੩੭ ਵਿਚ ਅੰਮ੍ਰਿਤ ਰਸਾਲੇ ਦੇ ਲੇਖ।

(੬) ੧੯੫੫ " ਸਿਖ ਰੀਵੀਊ ' ਡਾਕਟਰ ਤਰਲੋਚਨ ਸਿੰਘ ਦੇ ਆਪਰਲਿ'ਅਥ, ਜੂਨ, ਜੁਲਾਈ ਲੇਖ। (Ram Sham ਕਵੀ ਭੀ ਗੁਰੂ ਸਾਹਿਬ ਦੇ ਨਾਂ ਸੀ)

(੭) ੧੯੫੮ Dr Dharam Pal Askete ਨੇ ਦਸਮ ਗ੍ਰੰਥ Petry ' ਲਿਖੀ

(੮) ੧੯੫੮ Dr Harbhajan Singh ਨੇ ਦਸਮਗ੍ਰੰਥ ਗੁਰੂ ਕ੍ਰਿਤ ਮੰਨਿਆ ਹੈ।

(੯) (ਕੁਝ ਲਿਖ ਕੇ ਫਿਰ ਕਈ ਲਕੀਰਾਂ ਫੇਰ ਕੇ ਪੜ੍ਹਨ ਜੋਗ ਨਹੀਂ ਛਡਿਆ ਹੋਇਆ।

(੧੦) ਮਾਤਾ ਸੁੰਦਰੀ ਜੀ ਦੇ ਹੁਕਮ ਨਾਲ ਭਾਈ ਮਨੀ ਸਿੰਘ ਜੀ ਨੇ ਦਸਮ ਗ੍ਰੰਥ ਦੀ ਬੀੜ ਤਿਆਰ ਕੀਤੀ। ਕੇਸਰ ਸਿੰਘ ਛਿੱਬੜ ਨੇ ਸੰਧਾਂਵਾਲੀ ਨਾਮਾ ਵਿਚ ਭੀ ਬਰਨਣ ਕੀਤਾ ਹੈ।

(੧੧) ਭਾਈ ਦੇਸਾ ਸਿੰਘ ਪੁੱਤਰ ਭਾਈ ਮਨੀ ਸਿੰਘ ਨੇ ਰਹਿਤਨਾਮੇ ਵਿਚ ਲਿਖਿਆ ਹੈ।

(੧੨) ੧੯੬੧ ਵਿਚ ਡ: ਪਰਸਿੰ ਸਾਹਿਬ (?) ਨੇ " ਗੁਰੂ ਗੋਬਿੰਦ ਸਿੰਘ ਜੀਵਨੀ ਅਤੇ ਸਾਹਿਤ।

(੧੩) ਭਾਈ ਜੋਧ ਸਿੰਘ, ਗਿਆਨੀ ਗਿਆਨ ਸਿੰਘ, ਸ਼ਮਸ਼ੇਰ ਸਿੰਘ, ਅਕਾਲੀ ਕੌਰ ਸਿੰਘ, ਗਿਆਨੀ ਬਿਸ਼ਨ ਸਿੰਘ, ਖ਼ਾਲਸਾ ਕਾਲਜ ਅੰਮ੍ਰਿਤਸਰ।

(੧੪) ਸੰਤ ਇੰਦਰ ਸਿੰਘ ਚਕਰਵਰਤੀ ਨੇ ਹਿੰਦੀ ਪੁਸਤਕ ਗੋਬਿੰਦ ਰਾਮਾਇਣ ਵਿਚ ਰਾਮ, ਸ਼ਿਆਮ ਨਾਮ ਗੁਰੂ ਗੋਬਿੰਦ ਸਿੰਘ ਜੀ ਦੇ ਮੰਨੇ ਹਨ। ਜੇ ਕਿਸੇ ਸੱਜਨ ਨੂੰ ਦਸਮ ਗ੍ਰੰਥ ਬਾਰੇ ਸ਼ੱਕ ਸ਼ੁਬਾਹ ਹੈ ਤਾਂ ਉਪਰ ਲਿਖੇ ਹੋਏ ਹਵਾਲੇ ਦੇਖ ਸਕਦੇ ਹਨ।

ਸ਼ੁੱਭ ਇੱਛਾਂ ਨਾਲ। ਸ਼ੁਭ ਚਿੰਤਕ ਕਿਰਪਾਲ ਸਿੰਘ

ਇਸ ਪੱਤਰ ਦੇ ਉਤਰ ਵਿਚ ਦਾਸ ਨੇ ਇਹ ਬੇਨਤੀ ਪੱਤਰ ਲਿਖ ਭੇਜਿਆ:--

**੧ਓ ਸਤਿਗੁਰ ਪ੍ਰਸਾਦਿ ॥**

**ਗੁਰਮੁਖ ਸਿਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥**
**ਜੰਮਣ ਮਰਣ ਕਾ ਮੂਲ ਕਟੀਐ ਤਾਂ ਸੁਖ ਹੋਵੀ ਮਿਤ ॥ ੬੬ ॥**

**14727- Bothel Way N/E. # 5**
**Seattle. WA 98155 U. S. A.**
**Fub 7 1998.**

ਸਤਿਕਾਰ ਯੋਗ ਗੁਰਮੁਖਿ ਪਿਆਰੇ ਭਾਈ ਸਾਹਿਬ ਕਿਰਪਾਲ ਸਿੰਘ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ, ਵਹਿਗੁਰੂ ਜੀ ਕੀ ਫ਼ਤਹਿ।

ਕੋਟਾਨ ਕੋਟ ਧੰਨਵਾਦ ਹੈ, ਜੋ ਦਾਸ ਦੇ ਜੋਦੜੀ ਪੱਤਰ ਦੇ ਉੱਤਰ ਵਿਚ ਸਿਖਿਆ ਪੱਤਰ ਲਿਖ ਕੇ ਇਸ ਨਿਮਾਣੇ ਦਾ ਮਾਣ ਵਧਾਇਆ ਹੈ। ਸਤਿਗੁਰਾਂ ਦੀ ਬਾਣੀ ਪ੍ਰਤੀ ਆਪ ਜੀ ਦਾ ਵਿਸ਼ਵਾਸ਼ ਅਤੇ ਸ਼ਰਧਾ ਸਲਾਹਣਯੋਗ ਹੈ।

(੧) ਯਕੀਨ ਹੈ ਕਿ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚੇ ਹਿਰਦੇ ਤੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਦੇ ਸਦੀਵੀ ਮਾਲਕ ਮੰਨਦੇ ਹੋ। ਇਸ ਗੱਲ ਨਾਲ ਵੀ ਤੁਸੀ ਤਨੋਂ ਮਨੋਂ ਸਹਿਮਤ ਹੋ ਕਿ ਪੰਥ ਨੂੰ ਗੁਰਿਆਈ ਅਤੇ ਸ੍ਰੀ ਅਕਾਲ ਤੱਖ਼ਤ ਸਾਹਿਬ ਦੀ ਸਰਬ ਉੱਚ

ਸਰਦਾਰੀ, ਸ੍ਰੀ ਗੁਰੂ ਗ਼ਰੰਥ ਸਾਹਿਬ ਜੀ ਦੇ ਤਹਿਤ ਰਹਿਣ ਵਿਚ ਹੈ। ਸਾਰਾ ਪੰਥ ਰਲ ਕੇ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਿਸੇ ਇੱਕ ਤੁਕ ਨੂੰ ਅਥਵਾ ਗੁਰਬਾਣੀ ਦੇ (ਅਰਥਾਂ ਤੇ ਅਸਰ ਪਾਉਣ ਲਈ) ਕਿਸੇ ਅੱਖਰ ਜਾਂ ਲਗ-ਮਾਤ੍ਰ ਨੂੰ ਵੀ ਕਦੇ ਨਹੀਂ ਬਦਲ ਸਕਦਾ। ਅਤੇ ਇਸ ਸਚਾਈ ਨਾਲ ਵੀ ਤੁਸੀਂ ਪੂਰੀ ਤਰ੍ਹਾਂ ਸਹਿਮਤ ਹੋ ਕਿ ਜਿਸ ਦਿਨ ਪੰਥ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਦਾਰੀ ਮੰਨਣੀ ਬੰਦ ਕਰ ਦਿੱਤੀ ਉਹ ਦਿੱਨ ਪੰਥ ਦੀ ਹੋਂਦ ਦਾ ਅੰਤਮ ਦਿਨ ਹੋਵੇਗਾ ? ਆਪ ਜੀ ਨੇ ਸ੍ਰਮਣੀ ਪ੍ਰਬੰਧਕ ਕਮੇਟੀ ਸਮੇਤ ੧੫ ਵਿਦਵਾਨਾਂ ਦੀਆਂ ਜਿਨ੍ਹਾਂ ਲਿਖਤਾਂ ਦਾ ਹਵਾਲਾ ਦਿੱਤਾ ਹੈ, ਉਨ੍ਹਾਂ ਨੂੰ ਪੜ੍ਹਨ ਦੀ ਲੋੜ ਇਸ ਕਾਰਨ ਨਹੀਂ, ਕਿਉਂਕਿ ਜੇ ਉਹ ਸਾਰੇ ਰਲ ਕੇ ਦਸਮ ਗ੍ਰੰਥ ਸਾਹਿਬ ਬਾਰੇ ਕੋਈ ਅੰਤਮ ਫੈਸਲਾ ਕਰ ਸਕੇ ਹੁੰਦੇ ਤਾਂ ਬਾਬਾ ਵਿਰਸਾ ਸਿੰਘ ਜੀ ਦੀ ਦੇਖ-ਰੇਖ ਹੇਠਾਂ ਆਪ ਜੀ ਨੂੰ ਸੈਮੀਨਾਰ ਬੁਲਾਉਣ ਦੀ ਕੀ ਲੋੜ ਸੀ? ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਦਾਰੀ ਤੋਂ ਬਿਨਾਂ ਹੀ ਸਾਰੇ ਲੇਖ ਲਿਖੇ ਜਾ ਰਹੇ ਹਨ। ਪਹਿਲਾਂ ਵੀ ਲਿਖਿਆ ਹੈ ਕਿ ਦਾਸ ਦੇ ਲਿਖਣ ਦਾ ਅਤੇ ਸੋਚਣ ਦਾ ਅਧਾਰ ਕੇਵਲ ਗੁਰਬਾਣੀ ਹੈ। ਗੁਰਮਤਿ-ਬਿਬੇਕਤਾ ਅਥਵਾ ਗੁਰੂ ਬਾਣੀ ਦੀ ਕਸਵੱਟੀ ਹੀ ਸ੍ਰੀ ਦਸਮ ਗ੍ਰੰਥ ਜੀ ਦੀ ਬਾਣੀ ਪ੍ਰਤੀ ਵਿਚਾਰ ਲਿਖਣ ਦੀ ਪ੍ਰੇਰਨਾ ਦਾ ਸਬੱਬ ਬਣੇ ਹਨ। ਅਤੇ ਦਾਸ ਦਾ ਵਿਸ਼ਵਾਸ਼ ਹੈ ਕਿ ਜਿੰਨਾ ਚਿਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵਿਚੋਲੇ ਨਹੀਂ ਮੰਨਦੇ, ਇਸ ਵਿਵਾਦ ਦਾ ਅੰਤ ਕਦੇ ਵੀ ਨਹੀਂ ਹੋ ਸਕਣਾ।

(੨) ਆਪ ਜੀ ਉਸ ਇਤਿਹਾਸਕ ਸਾਕੇ ਦੀ ਮਹੱਤਤਾ ਤੋਂ ਵੀ ਭਲੀਭਾਂਤ ਜਾਣੂ ਹੋ ਜਿਹੜਾ (ਸਾਕਾ) ਦਸ਼ਮੇਸ਼ ਜੀ ਨੇ **ਸ੍ਰੀ ਦਾਦੂ ਜੀ** ਦੀ ਕਬਰ ਵਲ ਆਪਣਾ (ਮੁਬਾਰਕ) ਤੀਰ ਝੁਕਾ ਕੇ ਵਰਤਾਇਆ ਸੀ। ਭਾਵ, ਗੁਰਮਤਿ ਦੀ ਮਰਯਾਦਾ ਜੇ ਸਤਿਗੁਰੂ ਜੀ ਤੋਂ ਵੀ ਭੰਗ ਹੋ ਜਾਵੇ ਤਾਂ ਗੁਰਸਿੱਖ ਆਪਣੇ ਸਤਿਗੁਰਾਂ ਨੂੰ ਵੀ ਤਨਖਾਹੀਆ ਘੋਸ਼ਤ ਕਰਨ ਤੋਂ ਝਿਜਕ ਨਾ ਮੰਨਣ। ਗੁਰਮਾਤ ਦੀ ਪਾਵਨਤਾ ਕਾਇਮ ਰੱਖਣ ਵਾਲਾ ਇਹ ਅਦੁਤੀ ਕਰਨਾਮਾ, ਆਪਣੇ ਆਪ ਵਿਚ ਸਾਰੇ ਸੰਸਾਰ ਦੇ ਇਤਿਹਾਸ ਤੋਂ ਨਿਆਰਾ ਹੈ। ਗੁਰੂ ਪੰਥ ਜਾਂ ਗੁਰ ਸਿੱਖ ਆਪਣੇ ਸਤਿਗੁਰਾਂ ਨਾਲ ਤਦ ਹੀ ਅਭੇਦ ਹੋ ਕੇ ਉਨ੍ਹਾਂ ਦਾ ਰੂਪ ਬਣ ਸਕਦਾ ਹੈ ਜੇ---**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵ ਨਾਨਕ ਮਿਲਣੁ ਸੁਭਾਏ ॥ ੮ ॥** ਬਾਣੀ ਅਤੇ ਬਾਣੇ ਦਾ ਪੱਕਾ ਧਾਰਨੀ, ਪੰਜਾਂ ਕਕਾਰਾਂ ਵਿਚ ਫੱਬਿਆ ਹੋਇਆ ਅੰਮ੍ਰਿਤਧਾਰੀ ਸਿੰਘ ਵੀ, ਜੇ ਆਪਣੇ ਸਤਿਗੁਰੂ ਜੀ ਦੇ ਹੁਕਮਾਂ ਦੇ ਪ੍ਰਤਿਕੂਲ ਵਿਹਾਰ ਕਰਦਾ ਹੈ, ਤਾਂ ਉਸ ਲਈ ਸਤਿਗੁਰਾਂ ਦਾ ਫ਼ੁਰਮਾਨ ਇਉਂ ਹੈ:--

**ਕਹੈ ਪ੍ਰਭੂ ਅਵਰੁ ਅਵਰੁ ਕਿਛੁ ਕੀਜੈ, ਸਭੁ ਬਾਦਿ ਸੀਗਾਰੁ ਜੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੂ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥**

**(**੩) ਆਪ ਜੀ ਦਾ ਫ਼ੁਰਮਾਨ ਬਿਲਕੁਲ ਹੀ ਠੀਕ ਹੈ, ਕਿ, ਅੱਜ ਲੱਗ-ਪੱਗ ਸਾਰੇ ਵਿਦਵਾਨ ਲਿਖਾਰੀਆਂ ਦਾ ਪਰਚਾਰਕਾਂ ਦਾ ਅਥਵਾ ਡੇਰੇ ਦਾਰ ਸਾਧਾਂ ਸੰਤਾਂ ਦਾ, ਏਹੀ ਵਤੀਰਾ ਬਣ ਚੁਕਿਆ ਹੈ, ਕਿ ਉਹ ਆਪਣੀ ਨਿੱਜ-ਮਤ ਨੂੰ ਗੁਰਮਤਿ ਸਿੱਧ ਕਰਨ ਲਈ ਗੁਰੂ-ਬਾਣੀ-ਪੰਗਤੀਆਂ ਦੀ ਕੁ-ਵਰਤੋਂ ਕਰਨ ਦਾ ਪਾਪ ਕਰ ਰਹੇ ਹਨ। ਮਾਸ ਖਾਣਾ ਗੁਰਮਤਿ ਦੇ ਵਿਰੁੱਧ ਸਿੱਧ ਕਰਨ ਵਾਲੇ, ਅਥਵਾ ਮਾਸ " ਖਾਣ ਜਾਂ ਨਾ ਖਾਣ " ਨਾਲ ਗੁਰਮਤਿ ਦਾ ਕੋਈ ਵਾਸਤਾ ਨਹੀਂ " ਕਹਿਣ ਵਾਲੇ, ਅਥਵਾ, ਦੇਵੀ ਦੇਵਤਿਆਂ ਦੀ, ਭੂਤਾਂ ਪ੍ਰੇਤਾਂ ਆਦ ਦੀ ਅੱਡਰੀ ਹੋਂਦ ਨੂੰ ਭਰਮ ਕਹਿਣ ਵਾਲੇ, ਅਤੇ ਇਸ ਨੂੰ ਅਣਡਿੱਠੀ ਦੁਨੀਆਂ ਦਾ ਨਾਮ ਦੇ ਕੇ, ਇਸ ਦੀ ਹੋਂਦ ਨੂੰ ਗੁਰਮਤਿ ਦੇ ਅਨੁਸਾਰ ਸਿੱਧ ਕਰਨ ਲਈ ਪੁਸਤਕਾਂ ਲਿਖਣ ਵਾਲੇ, ਦੋਵੇ ਵਿਰੋਧੀ ਵਿਚਾਰ, ਗੁਰੂ ਬਾਣੀ ਦੀਆਂ ਹੀ ਤੁਕਾਂ ਦੁਆਰਾ ਹੀ ਗੁਰਮਤਿ ਦੇ ਅਨਕੂਲ ਸਿੱਧ ਕੀਤੇ ਹੋਏ ਹਨ। ਅਜੇਹਾ ਕਰਕੇ ਅਸੀਂ ਲੋਕਾਂ ਨੂੰ ਇਹ ਦੱਸ ਰਹੇ ਹਾਂ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਇੱਕ ਪੱਕਾ ਸਿਧਾਂਤ ਕੋਈ ਨਹੀਂ ਹੈ, ਸਗੋਂ ਇਹ ਸਵੈ-ਵਿਰੋਧੀ ਵਿਚਾਰਾਂ ਦਾ ਭੰਡਾਰ ਹੈ ? ਏਸੇ ਭਾਣੇ ਤੋਂ ਸੁਚੇਤ ਰਹਿਕੇ, ਲਿਖੀਆਂ ਗਈਆਂ ੬ ਪੁਸਤਕਤਾਂ ਵਿਚ ਦਾਸ ਨੇ, ਹਰ ਦਲੀਲ ਨੂੰ ਗੁਰਮਤਿ ਸਿੱਧ ਕਰਨ ਲਈ, ਕਈ ਕਈ ਗੁਰੂ ਫ਼ੁਰਮਾਨ ਵਰਤੇ ਹਨ, ਅਤੇ ਰਹਿੰਦੇ ਗੁਰੂ ਫ਼ੁਰਮਾਨਾਂ ਦੀ ਸੂਚੀ ਨਾਲੋ ਨਾਲ ਦੇਈ ਗਿਆ ਹਾਂ। ਵਿਵਾਦ ਗ੍ਰਸਤ ਵਿਸ਼ਿਆਂ ਨਾਲ ਸੰਬਧਤ ਲਗ ਪਗ ਸਾਰੇ ਦੇ ਸਾਰੇ ਗੁਰੂ ਫ਼ੁਰਮਾਨ ਲਿਖੇ ਹਨ॥ ਪਰ ਏਨੀ ਘਾਲਣਾ ਘਾਲਦੇ ਰਹਿਣ ਉਪ੍ਰੰਤ ਵੀ ' ਨੀਚ ਕਰਮੀ ਇਹ ਦਾਸਰਾ, **ਇਹ ਫਤਵਾ ਨਹੀਂ ਦੇ ਰਿਹਾ, ਕਿ, ਦਾਸ ਨੇ ਗੁਰੂ ਬਾਣੀ ਦੀ ਵਰਤੋਂ ਖੁਨਾਮੀ ਰਹਿਤ ਅਤੇ ਬਿਲਕੁਲ ਸ਼ੁੱਧ ਹੀ ਕੀਤੀ ਹੈ** ਵਿਦਵਾਨਾ ਦੀ ਸੇਵਾ ਵਿਚ, ਸਦਾ ਹੀ ਸੋਧ ਬਖ਼ਸ਼ਣ ਦੀ ਜੋਦੜੀ ਲਿਖ ਭੇਜਦਾ ਹਾਂ। ਕਿਸੇ ਵਿਸ਼ੇ ਨੂੰ ਗੁਰੂ-ਬਾਣੀ ਦਾ ਅਟੱਲ ਸਿੱਧਾਂਤ ਸਿੱਧ ਕਰਨ ਲਈ ਦਾਸ ਦਾ ਟੀਚਾ ਘੱਟੋ ਘੱਟ ਪੰਜ ਗੁਰੂ ਫ਼ੁਰਮਾਨਾਂ ਦਾ ਹੈ। ਇਹ ਸਮਝਾਉਣ ਲਈ ਕਿ ਦਾਸ ਨੇ ਕਿਸੇ ਥਾਂ ਗੁਰਮਤਿ ਦੀ ਖੰਡਨਾਂ ਕੀਤੀ ਹੈ ਪੰਜ ਹੀ ਗੁਰੂ ਫ਼ੁਰਮਾਨਾਂ ਦੀ ਮੰਗ ਹੈ। ਅਰਥ ਕੇਵਲ ਉਹ ਹੀ ਪਰਵਾਨ ਹੋਣੇ ਚਾਹੀਏ, ਜੋ ਸਮੁੱਚੀ ਗੁਰੂ-ਬਾਣੀ ਦਾ ਟੀਕਾ ਲਿਖਣ ਵਾਲੇ ਵਿਦਵਾਨਾ (ਡਾ: ਭਈ ਵੀਰ ਸਿੰਘ ਜੀ, ਅਥਵਾ ਪ੍ਰਿੰ: ਸਾਹਿਬ ਸਿੰਘ ਜੀ) ਨੇ ਲਿਖੇ ਹੋਏ ਹਨ।

(੪) ਆਪ ਦੀ ਸੇਵਾ ਵਿਚ ਭੇਜੇ ਹੋਏ **" ਬਚਿੱਤ੍ਰ ਨਾਟਕ "** ਲੇਖ ਦੇ ਅਰੰਭ ਵਿਚ ਸ਼ਸਤਰਾਂ ਦੀ ਪੂਜਾ ਨੂੰ ਅਥਵਾ ਸ਼ਸਤਰਾਂ ਵਿਚ ਅਕਾਲਪੁਰਖ ਦੇ ਦਰਸ਼ਨ ਕਰਨ ਨੂੰ, ਗੁਰਮਤਿ ਦੇ ਵਿਰੁੱਧ ਸਿੱਧ ਕਰਨ ਲਈ ਅਤੇ ਅੱਗੇ ਜਾ ਕੇ ਤੀਰਥਾਂ ਦੇ ਇਸ਼ਨਾਨ, ਦਾਨ ਪੁੰਨ, ਜੋਗ- ਅਭਿਆਸ ਆਦਿ ਨੂੰ ਗੁਰਮਤਿ ਵਿਰੋਧੀ ਸਿੱਧ ਕਰਨ ਲਈ, ਗੁਰਬਾਣੀ ਦੇ ਕਈ ਕਈ ਫ਼ੁਰਮਾਨ ਲਿਖੇ ਹਨ। ਆਪ ਜੀ ਤੋਂ ਅਥਵਾ ਸਨਮਾਨ ਜੋਗ ਬਾਬਾ ਵਿਰਸਾ ਸਿੰਘ ਜੀ ਤੋਂ ਇਹ ਆਸ ਰੱਖਦਾ ਹਾਂ ਕਿ ਤੁਸੀਂ ਗੁਰਬਾਣੀ ਦੇ ਸ਼ਬਦਾਂ ਦਾ ਹਵਾਲਾ ਦੇ ਕੇ ਦਾਸ ਨੂੰ ਲੋੜੀਂਦੀ ਸੋਧ ਬਖ਼ਸ਼ਸ਼ ਕਰੋਗੇ। ਸਾਰਿਆਂ ਨੂੰ ਇੱਕੋ ਡਾਂਗ ਨਾਲ ਹੱਕੀ ਜਾਣ ਵਾਲੀ ਗੱਲ, ਆਪ ਜਿਹੇ ਮਹਾਂਪੁਰਖਾਂ ਦੀ ਸ਼ਾਨ ਦੇ ਅਨਕੂਲ ਨਹੀਂ ਹੈ ਜੀ।

ਸਾਰੇ ਵਿਦਵਾਨ ਲਿਖਾਰੀ ਇਸ ਗੱਲ ਤੇ ਸਹਿਮਤ ਹਨ ਕਿ, (ਗੁਰਿਆਈ ਦੇ ਮਾਲਕ ਬਣ ਜਾਣ ਦੇ ਕਾਰਨ) ਸਿਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਬਾਕੀ ਹੋਰ ਕੋਈ ਵੀ ਲਿਖਤ ਅਜੇਹੀ ਨਹੀਂ ਹੈ, ਜੋ ਵੈਰੀਆਂ ਦੀ ਛੇੜ ਛਾੜ ਤੋਂ ਪੂਰਨ ਤੌਰ ਤੇ ਬਚੀ ਰਹੀ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬ ਉੱਚ ਮੁਹੱਤਤਾ ਵਾਲੀ ਸਰਦਾਰੀ ਨੂੰ ਅੱਖੋਂ ਪਰੋਖਾ ਕਰਕੇ, ਹੋਰ ਲਿਖਤਾਂ ਜਾਂ ਹੁਕਮਨਾਮਿਆਂ ਤੇ ਭਰੋਸਾ ਕਰਨਾ ਦਾਸ ਦੀ ਤੁੱਛ ਬੁਧੀ

ਅਨੁਸਾਰ, ਪੰਥਕ-ਬਦਕਿਸਮਤੀ ਹੈ। ਅਜੇਹੀਆਂ ਲਿਖਤਾਂ ਜਾਂ ਹੁਕਮਨਾਮੇ ਵੀ ਤੱਦ ਹੀ ਪਰਵਾਨਗੀ ਜੋਗ ਹਨ ਜੇ ਉਹ ਗੁਰੂ ਬਾਣੀ ਦੀ ਕਸਵੱਟੀ ਤੇ ਪੂਰੇ ਉਤਰਦੇ ਹਨ।

(੫) ਆਸ ਰੱਖਦਾ ਹਾਂ ਕਿ ਆਪ ਜੀ ਦਾਸ ਦੇ ਸਾਰੇ ਭਰਮ ਦੂਰ ਕਰਨ ਲਈ ਕੇਵਲ ਗੁਰੂ ਬਾਣੀ ਦਾ ਹਵਾਲਾ ਦਿਉਗੇ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਨੇ ਉਸ ਅੰਗ੍ਰੇਜ਼ ਨੂੰ ਸਿਰੋਪਾਉ ਦਿੱਤਾ ਸੀ ਜਿਸ ਨੇ ਜੁਲਿਆਂ ਵਾਲੇ ਬਾਗ਼ ਵਿਚ ਬੇਗੁਨਾਹ ਖ਼ਲਕਤ ਤੇ ਗੋਲੀ ਚਲਾਈ ਸੀ। ਫਿਰ ਉਸ ਬਾਰੇ ਰੌਲਾ ਕਿਸ ਕਾਰਨ ਪਾਇਆ ਗਿਆ? ਹੁਣ ਗੋਇੰਦਵਾਲ ਸਾਹਿਬ ਮੁਰਦਘਾਟ ਦਾ ਉਦਘਟਨ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦਾ ਜਾਣਾ ਪ੍ਰੈਸ ਵਿਚ ਨਿੰਦਿਆ ਗਿਆ ਹੈ। ਕੀ, ਅਜੇਹੇ ਸਭ ਕੁਝ ਨੂੰ ਸਤਿਗੁਰਾਂ ਦਾ ਹੁਕਮ ਹੀ ਮੰਨਣਾ ਚਾਹੀਦਾ ਹੈ? ਸੌ ਗੁਰਬਾਣੀ ਦੀ ਖੰਡਨਾਂ ਵਾਲਾ ਫ਼ੈਸਲਾਂ ਭਾਂਵੇਂ ਦੋ ਸੌ ਸਾਲ ਪਹਿਲਾਂ ਦਾ ਵੀ ਹੋਵੇ, ਉਸ ਨੂੰ ਬਦਲ ਦੇਣਾਂ ਸੂਰਮਤਾਈ ਵਾਲਾ ਸ਼ੁੱਭ ਕਰਮ ਹੀ ਸਮਝਿਆ ਜਾ ਸਕਦਾ ਹੈ। ਅਸੀਂ ਉਸ ਮਹਾਨ ਅਤੇ ਨਿਰਭੈ ਸਤਿਗੁਰੂ ਜੀ ਦੇ ਸਿੱਖ ਹਾਂ, ਜਿਸ ਨੇ ਪਿੱਤ੍ਰਾਂ ਨੂੰ ਪਾਣੀ ਦੇਣ ਵਾਲੇ, ਮੂਰਤੀ ਪੂਜਾ ਵਾਲੇ, ਤੀਰਥਾਂ ਦੇ ਇਸ਼ਨਾਨ ਵਾਲੇ, ਮੱਕੇ ਨੂੰ ਰੱਬ ਦਾ ਘਰ ਮੰਨਣ ਵਾਲੇ, ਅਜੇਹੇ ਅਨੇਕ ਰਸਮਾਂ ਰਿਵਾਜਾਂ ਦਾ ਖੰਡਨ ਕੀਤਾ ਸੀ। ਇਹ ਸਾਰਾ ਕੁਝ ਉਨ੍ਹਾਂ ਦੇ ਧਰਮ ਗ੍ਰੰਥਾਂ ਵਿਚ ਲਿਖੇ ਹੋਣ ਦੇ ਕਾਰਨ ਨਿਰਾ ਰਸਮ ਰਿਵਾਜ ਹੀ ਨਹੀਂ ਸੀ ਰਿਹਾ ਹੋਇਆ ਸਗੋਂ ਹਜ਼ਾਰਾਂ ਸਾਲਾਂ ਤੋਂ ਧਰਮ ਦਾ ਹਿੱਸਾ ਬਣ ਚੁੱਕਾ ਸੀ। ਅਸੀਂ ਤਾਂ ਉਹ ਕੁਝ ਕਰਨਾ ਹੈ ਜੋ ਸਾਡੇ ਆਪਣੇ ਸਤਿਗੁਰੂ ਜੀ ਚਾਹੁੰਦੇ ਹਨ।

ਜੇ ਦਸਮ ਗ੍ਰੰਥ ਦੇ ਲਿਖਤ ਗੁਰਮਤਿ ਵਿਰੋਧੀ ਸਿੱਧ ਹੁੰਦੀ ਹੋਵੇ ਤਾਂ ਉਸ ਨੂੰ ਓਵੇ ਦਾ ਓਵੇਂ ਰਹਿਣ ਦੇਣ ਦਾ ਰੌਲਾ, ਪਾਉਣਾ ਵੀ ਕੀ, ਗੁਰਮਤਿ ਹੀ ਹੈ ਜੀ? ਦਾਸ ਦੇ ਵਿਚਾਰਾਂ ਨੂੰ ਗੁਰਮਤਿ ਦੇ ਵਿਰੁੱਧ ਸਿੱਧ ਕਰਨ ਦੀ ਕਿਰਪਾਲਤਾ ਕਰ ਦਿਉ ਤਾਂ ਦਾਸ ਤੇ ਬੜੀ ਵੱਡੀ ਮਿਹਰ ਕਰੋਗੇ। ਦਾਸ ਵਲੋਂ ਭੇਜੇ ਲੇਖ ਵਿਚ ਜੇ ਬਚਿੱਤ੍ਰ ਨਾਟਕ ਦੀ ਕਹਾਣੀ ਦੇ ਠੀਕ ਠੀਕ ਦਰਸ਼ਨ ਨਹੀਂ ਹੁੰਦੇ, ਅਥਵਾ ਜੇ ਦਾਸ ਉਸ ਕਹਾਣੀ ਨੂੰ ਸਮਝਣ ਵਿਚ ਭੁੱਲ ਕਰ ਰਿਹਾ ਹੈ ਤਾਂ ਠੀਕ ਹਵਾਲਾ ਦੇ ਭੇਜੋ, ਅਤੇ ਜੇ ਉਸ ਵਿਚ ਗੁਰਮਤਿ ਵਿਰੋਧੀ ਕੋਈ ਗੱਲ ਹੈ ਤਾਂ ਗੁਰੂਸ਼ਬਦਾਂ ਦਾ ਹਵਾਲਾ ਲਿਖ ਭੇਜਣ ਦਾ ਉਪਕਾਰ ਲਿਖ ਭੇਜੋ।

ਕਿਉਂਕਿ ਆਪਣੀ ਲਿਖਤ ਪਾਠਕਾਂ ਦੇ ਹੱਥ ਵਿਚ ਪੁਚਾਉਣ ਤੋਂ ਪਹਿਲਾਂ ਦਾਸ ਆਪਣੀ ਭੁੱਲਾਂ ਵਿਚ ਸੋਧ ਕਰ ਲੈਣੀ ਚਾਹੁੰਦਾ ਹੈ। ਆਪ ਜਿਹੇ ਮਹਾਂਪੁਰਖਾਂ ਤੱਕ ਪੁਜਣ ਦਾ ਹਵਾਲਾ ਵੀ ਪਾਠਕਾਂ ਨੇ ਪੜ੍ਹਨਾ ਹੈ। ਅਤੇ ਆਪ ਜੀ ਵਲੋਂ ਪੁਜੇ ਹਰ ਸੋਧ ਪੱਤਰ ਨੇ ਵੀ ਪੁਸਤਕ ਦਾ ਭਾਗ ਬਣਨਾ ਹੈ। ਅਜੇਹੇ ਯਤਨ ਇਸ ਲਈ ਕਰ ਰਿਹਾ ਹਾਂ ਤਾਂ ਜੋ ਪੰਥ ਵਿਚ ਕੋਈ ਨਵਾਂ ਵਿਵਾਦ ਖੜਾ ਨਾ ਹੋ ਜਾਵੇ। ਗੁਰਮਤਿ ਸੋਧ ਦੀ ਉਡੀਕ ਵਿਚ---

ਗੁਰਮਤਿ ਅਨੁਸਾਰ ਜੀਵਨ ਢਾਲ ਰਹੇ ਗੁਰਮੁਖਾਂ ਦੀ ਚਰਨਧੂੜ--

ਦਾਸ

ਗੁਰਬਖ਼ਸ਼ ਸਿੰਘ

(ਉਪ੍ਰੋਕਤ ਚਿੱਠੀ ਅਤੇ ਸ੍ਰੀ ਬਚਿਤ੍ਰ ਨਾਟਕ ਬਾਰੇ ਲਿਖਿਆ ਖਰੜਾ ਜਿਨ੍ਹਾਂ ਵਿਦਵਾਨਾਂ ਦੀ ਸੇਵਾ ਵਿਚ ਭੇਜਿਆ ਸੀ ਉਨ੍ਹਾਂ ਵਿਚੋ ਕੇਵਲ ਇੱਕ ਗੁਰਮੁਖ ਪਿਆਰੇ ਡਾਕਟਰ ਜੋਧ ਸਿੰਘ ਜੀ (ਉਪ੍ਰੋਕਤ ਚੌਥਾ ਨੰਬਰ) ਵਲੋਂ ਛਪੇ ਹੋਏ ਪੈਡ ਦੇ ਕਾਗਜ਼ ਤੇ ਅੰਗ੍ਰੇਜ਼ੀ ਭਾਸ਼ਾ ਵਿਚ ਲਿਖਿਆ ਹੇਠ ਲਿਖਿਆ ਪੱਤਰ ਆਇਆ ਹੈ:--

**Dr. Jodh Singh**

Tel:- 0-822461-65
Ext: 6204, 62114
Resi: 0175-353102

Member. Indiian of Pilosophical Research
M.A. Engish. Hindi. Phlosophy
Ph.D.(B.H.u.) Sahitya Ratna

Professor of Sikhism
Department of Religious Studies
Punjabi Universisty.Patiala[India] 147002

Respected Sardar Gurbax Singh Ji, Date.1-2...1998.......

Your letter dated January 2, 1998 is in my hands. From your latter it seems that you are a serious reader of Grubbing as well as the Dams Grant. Well, what I could make out from your letter is that you have created many imaginary phantoms about Dams Grant. I have not come across a single scholar who says that Dasam Granth is equal to Guru Granth Sahib. On page 17 (s section) of your letter the words you are trying to put in the mouth of (imaginary) people that ਅਸੀਂ ਕਿਸ ਅਧਿਕਾਰ ਨਾਲ ਦਸਮਗ੍ਰੰਥ ਨੂੰ ਵੀ ਗੁਰਬਾਣੀ ਦਾ ਦਰਜਾ ਦੇ ਰਹੇ ਹਾਂ, are totally uncalled for because nobody does that I am wonderstuck to see the trend of your research which somehow show your resourcefulness of having ultra modern devices for reading and writing but are totally destructive and directionless.From your research I am reminded of a fact about the Rigvedas. I think you are aware that the whole of the Rigveda is replete with mundana activities of life such as fights among the Aryans and indigenous people, the demands of more cows, oxes and fields, the insects in the form of Yama (brother)-Yam (sister) dialogue and then preparation of somsrasa (Wine)) etc. But then some sprinklings of spituiality

sometimes in the nasdiya sukta (hymn of creation) and the Purushsukta are also there. These spatters of spirituality are such explained and highlighted by the Hindu scholars such as Gaudpada, Govinpad, their disciples Shankracharya,Ramanuj, Madhwa and Nimbark et al. in the forms of non-dualism (advaitvada), qualified non-duatiism etc. that today the Rigveda is held as one of the oldest spirtual scriptures of the world religions. And i prostrate before the the Sikh scholarships **who is not highlighting the bulk of spirituality in Dasm Granth but is busy in flashing few sprinkles of so-called obscenity**, **authenticity and God knows what else**. And this way the socalled scholars are feeling that they are doing a great service to the cause of Sikhisim. In fact so far we have not learnt to distinguish between the literature and the scripture. May God bless us with some more wisdom so that we can make good use of our resourcefulness. Let us not prove the proverb **that obscenity lies in the eyes of beholder**. Your zeal about the in-depth study of Sikhisim doctrines is commendable but I feel your conclusions are quite subjective. With folded hands I request that personal views should not be imposed on mainstream of Sikh panth and research may be used to construct and not to destroy the fabric of Sikhism. Jodh Singh..

ਉਪ੍ਰੋਕ ਪੱਤਰ ਆਉਣ ਤੇ ਹੇਠ ਲਿਖਿਆ ਜੋਦੜੀ ਪੱਤਰ ਲਿਖਿਆ ਗਿਆ:--

**ੴ ਸਤਿਗੁਰ ਪ੍ਰਸਾਦਿ ॥**
**ਗੁਰ ਕੀ ਮਹਿਮਾ ਕਿਆ ਕਹਾ ਗੁਰ ਬਿਬੇਕ ਸਤਿਸਰ॥**
**ਓਹ ਆਦਿ ਜੁਗਾਦੀ ਜੁਗਹੁ ਜੁਗੁ ਪੂਰਾ ਪਰਮੇਸਰ ॥ ੩ ॥**

ਪਰਮ ਸਤਿਕਾਰਯੋਗ ਡਾ: ਜੋਧ ਸਿੰਘ ਜੀਓ, **Feb: 19 1998**

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਸੋਧ ਪੱਤਰ ਲਿਖ ਕੇ ਦਾਸ ਦਾ ਜੋ ਮਾਣ ਆਪ ਜੀ ਨੇ ਵਧਾਇਆ ਹੈ ਉਸ ਦਾ ਧਨਵਾਦ ਕਰਨ ਲਈ ਅਗਿਆਨੀ ਅਤੇ ਮਤਿਹੀਨ ਇਸ ਨਿਮਾਣੇ ਨੂੰ ਢੁਕਵੇਂ ਸ਼ਬਦ ਨਹੀਂ ਮਿਲ ਰਹੇ। ਉੱਚ ਕੋਟੀ ਦੇ ਵਿਦਵਾਨ ਵਲੋਂ ਸਿਖਿਆ ਪੱਤਰ ਆਉਣਾ, ਬੜੇ ਵਡੇ ਭਾਗਾਂ ਦੀ ਨਿਸ਼ਾਨੀ ਹੈ। ਕੁਝ ਆਪਣੇ ਬਾਰੇ--

੧- ਏਧਰ ਆਉਣ ਤੋਂ ਪਹਿਲਾਂ, ਅਗਸਤ ੧੯੮੩ ਤੋਂ ਗੁਰੂ ਨਾਨਕ ਨਿਵਾਸ ਅਤੇ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ, ਬਾਬਾ ਜਰਨੈਲ ਸਿੰਘ ਦੀ ਸੇਵਾ ਵਿਚ ਰਿਹਾ। ੧ ਜਨਵਰੀ ੧੯੮੪ ਦੀ ਸਵੇਰ ਕੈਨੇਡਾ ਪੁੱਜਾ। ਵਾਪਸ ਪਰਤਣਾ ਸੀ ਕਿ **Blue Star** ਭਾਣਾ ਵਰਤ ਗਿਆ। ਹਿੰਦ ਸਰਕਾਰ ਨੇ ਦਾਸ ਨੂੰ **Proclaimed** ਦੋਸ਼ੀ ਘੋਸ਼ਤ ਕਰਕੇ, ਗਿਰਫ਼ਤਾਰੀ ਲਈ ਕੈਨੇਡਾ ਸਰਕਾਰ ਨਾਲ ਵੀ ਚਿੱਠੀ ਪੱਤਰ ਕੀਤਾ। ੩੭ ਸਾਲ ਦੀ ਕਰੜੀ ਘਾਲਣਾ ਨਾਲ ਕੀਤੀ ਸੇਵਾ ਤੋਂ ਮਿਲਦੀ, ਪੈਨਸ਼ਨ ਜ਼ਬਤ, ਜਾਇਦਾਦ ਦੀ ਜ਼ਬਤੀ ਦੇ ਕਰੜੇ ਹੁਕਮ, ਦੇਸ਼ ਦੇ ਹਵਾਈ ਅੱਡਿਆਂ ਤੇ ਦਾਸ ਨੂੰ ਨੂੜ ਲੈਣ ਦੇ ਆਦੇਸ਼। ਵਾਪਸ ਪਰਤਣਾ ਅਸੰਭਵ ਬਣ ਗਿਆ। ਜਨਮ ਤਾਰੀਖ ੨੧ ਅਕਤੂਬਰ ੧੯੨੧ ਹੈ।

੨- ਦਾਸ ਨੇ ਆਪਣੀ ਜ਼ਿੰਦਗੀ ਦਾ ਪਿਛੋਕੜ ਅਤੇ ਲਿਖਣਾ ਅਰੰਭਣ ਦਾ ਕਾਰਨ, ੧੯੯੫ ਵਿਚ ਛਪ ਹੁਣ ਦੂਜੀ ਵਾਰੀ ਛਪ ਰਹੀ, ਪੁਸਤਕ " **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ-- ਭਾਗ ਪਹਿਲਾ** " ਦੀ ਭੂਮਕਾ ਵਿਚ ਲਿਖਿਆ ਹੈ। ਉਸ ਦਾ ਉਤਾਰਾ ਨਾਲ ਨੱਥੀ ਕਰ ਰਿਹਾ ਹਾਂ। ਆਸ ਹੈ ਆਪ ਜੀ ਪੜ੍ਹਨ ਦੀ ਖੇਚਲ ਜ਼ਰੂਰ ਕਰੋਗੇ। ਸ਼ੁੱਧ ਗੁਰਮਤਿ ਸੋਧ ਦੀ ਬਖ਼ਸ਼ਸ਼ ਕਰਨ ਲਈ ਦਾਸ ਨੇ ਲਗ-ਪਗ ਸਾਰੇ ਸ਼੍ਰੋਮਣੀ ਜਥੇਦਾਰਾਂ ਦੀ ਸੇਵਾ ਵਿਚ ਕਈ ਪੱਤਰ ਲਿਖੇ। ਦਾਸ ਦਾ ਇਹ ਸ਼ੰਕਾ ਨਵਿਰਤ ਕੋਈ ਨਹੀਂ ਕਰ ਰਿਹਾ ਕਿ, ਕੀ ਖ਼ਾਲਸਾ ਜੀ ਤੇ ਨਿਆਰੇ ਰਹਿਣ ਦੀ ਅਤੇ ਬਿੱਪ੍ਰਨ ਕੀ ਰੀਤ ਤੋਂ ਬਚੇ ਰਹਿਣ ਦੀ ਪਾਬੰਦੀ ਲਾਈ ਗਈ ਸੀ ਕਿ ਨਹੀਂ ? ਜੇ ਖ਼ਾਲਸਾ ਜੀ ਅਜੇਹੀਆਂ ਪਾਬੰਦੀਆਂ ਤੋਂ ਮੁਕਤ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਅਨੁਸਾਰ ਜੀਵਨ ਜੁਗਤਿ ਬਨਾਉਣ ਦੀ ਲੋੜ ਮੁਕਾ ਕੇ ਆਪਣੀ ਮਰਜ਼ੀ ਨਾਲ ਜਿਹੜਾ ਮਰਜ਼ੀ ਰਾਹ ਫੜ ਸਕਦੇ ਹਨ, ਤਾਂ ਦਾਸ ਅੱਜ ਹੀ ਆਪਣਾ ਲਿਖਿਆ ਸਭ ਕੁਝ ਵਾਪਸ ਲੈਣ ਲਈ ਤਿਆਰ ਹੈ। ਕਿਉਂਕਿ ਦਾਸ ਦਾ ਵਿਸ਼ਾ ਪੰਥ ਨੂੰ ਉਨ੍ਹਾਂ ਮਘੋਰਿਆਂ ਤੋਂ ਸੁਚੇਤ ਕਰਨ ਦਾ ਹੈ ਜਿੰਨ੍ਹਾਂ ਤੋਂ ਪੰਥ ਵਿਚ ਬਿੱਪ੍ਰਨ ਕੀ ਰੀਤ ਵੜਨੀ ਅਰੰਭ ਹੋ ਕੇ ਨਿਰੰਤਰ ਦਾਖ਼ਲ ਹੋਈ ਜਾ ਰਹੀ ਹੈ। ਅਤੇ ਖ਼ਾਲਸਾ ਜੀ ਦੇ ਨਿਆਰੇ ਗੁਰਮਤਿ ਗਿਆਨ ਨੂੰ ਦੂਸ਼ਤ ਕਰਕੇ ਇਸਦੀ ਨਿਆਰੀ ਆਭਾ ਨੂੰ ਮਲੀਆਮੇਟ ਕਰ ਰਹੀ ਹੈ। ਗੱਲ ਕੇਵਲ ਇੱਕ ਨਾਲ ਜੁੜਨ ਦੀ ਕਰ ਰਿਹਾ ਹਾਂ।

੩- ਦਾਸ ਨੂੰ ਆਪ ਜੀ ਨੇ ਵਿਦਵਾਨ ਸਮਝ ਕੇ ਗੂੜ੍ਹ ਅੰਗ੍ਰੇਜ਼ੀ ਵਿਚ ਸੋਧ ਦੇਣ ਦੀ ਖੇਚਲ ਕੀਤੀ। ਤੁਹਾਡੇ ਵਰਗਾ ਸੁਝਵਾਨ ਉੱਚ ਕੋਟੀ ਦੇ ਵਿਦਵਾਨ " **ਅਭੁੱਲ** " ਗੁਰਸਿੱਖ, ਗੁਰਮੁਖੀ ਅੱਖਰ ਵਰਤਣ ਤੋਂ ਸੰਗ ਮੰਨ ਕੇ ਕਿਸੇ ਸਿੰਘ ਨੂੰ ਸੰਬੋਧਨ ਕਰਨ ਸਮੇ ਦਸ਼ਮੇਸ਼ ਦੀ ਦੇਣ, ਫਤਹਿ ਵੀ ਨਾ ਲਿਖੇ--(੧੫ ਸਾਲ ਤੋਂ ਬਾਹਰ ਹਾਂ)-- ਕੀ ਪੰਥਕ ਰਹਿਤ ਮਰਯਾਦਾ ਵਿਚ ਸੋਧ ਹੋ ਚੁੱਕੀ ਹੈ ਜੀ?

੪- ਹਜ਼ੂਰ ਸਾਹਿਬ ਵਿਖੇ ਦਸਮ ਗ੍ਰੰਥ ਜੀ ਦਾ ਪ੍ਰਕਾਸ਼ ਕਰਕੇ ਬਾਕਾਇਦਾ ਹੁਕਮਨਾਮਾ ਲਿਆ ਜਾਂਦਾ ਹੈ, ਇਸ ਬਾਣੀ ਦੇ ਅਖੰਡਪਾਠ ਪਾਠ ਕੀਤੇ ਜਾਣ ਸਮੇ ਕੁੰਭ ਰਖਿਆ ਜਾਂਦਾ ਹੈ ਅਤੇ ਜਦੋ ਪਾਠ ਕਰਦਿਆਂ ਜੰਗਾਂ ਜੁਧਾਂ ਵਿਚ ਕਿਸੇ (ਨਿਰੋਲ ਕਲਪਣਾ ਦੀ ਉਪਜ, ਖਿਆਲੀ-) ਜੋਧੇ ਦੇ ਮਰਨ ਦੀ ਗੱਲ ਆਉਂਦੀ ਹੈ ਤਾਂ ਨਾਰੀਅਲ ਭੰਨੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਕਿਤੇ ਵਧ ਚੜ੍ਹਾਵਾ ਸ੍ਰੀ ਦਸਮ ਗ੍ਰੰਥ ਦੀ ਭੇਟਾ ਹੋ ਰਿਹਾ ਹੁੰਦਾ ਹੈ। ਦਸਮ ਗ੍ਰੰਥ ਦੇ ਅਖੰਡਪਾਠ ਅਤੇ ਸੰਪਟ ਪਾਠ ਕੀਤੇ ਜਾਣ ਨਾਲ ਕਈ ਤਰ੍ਹਾਂ ਦੇ ਫਲਾਂ ਦੀ ਪ੍ਰਾਪਤੀ ਦੇ ਵਡੇ ਵਡੇ ਝਾਂਸੇ ਦੇਣ ਵਾਲੀਆਂ ਪੁਸਤਕਾਂ ਅਤੇ ਗ੍ਰੰਥ ਵੀ ਲਿਖੇ ਜਾ ਰਹੇ ਹੋਣ (**ਪੜ੍ਹੋ ਸ੍ਰੀ ਮਾਨ ਪੰਥ ਰਤਨ ਵਿਦਯਾਮਾਰਤੰਡ ਸੰਤ ਗਿਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੀ " ਗੁਰਮਤਿ ਰੋਹਤ ਮਰਯਾਦਾ " ਪੁਰਤਕ ਅਤੇ " ਗੁਰਬਾਣੀ ਪਾਠ ਦਰਸ਼ਨ** "), ਖੰਡੇ ਬਾਟੇ ਦੀ ਪਾਹੁਲ ਤਿਆਰ ਕਰਨ ਵਿਚ ਦਸਮ ਗ੍ਰੰਥ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲੋਂ ਵੀ ਵਿਸ਼ੇਸ਼ਤਾ ਪ੍ਰਾਪਤ ਹੋਵੇ, ਦਸਮ ਗ੍ਰੰਥ ਦੀ ਬਾਣੀ ਦੇ ਅਧਾਰ ਤੇ ਹੀ ਹੇਮਕੁੰਡ ਜਿਹਾ ਤੀਰਥ ਉਸੇ ਥਾਂ ਤੇ ਹੀ ਬਣਿਆਂ ਹੋਵੇ ਜਿਥੇ ( UP **ਵਿਚ)** ਬ੍ਰਾਹਮਣ ਦੇ ਤੀਰਥ-ਮੰਦਰਾਂ ਦੀ ਸੱਭ ਤੋਂ ਵੱਧ ਭਰਮਾਰ ਹੈ--ਏਨੀਆਂ ਸਚਾਈਆਂ ਦੇ ਹੁੰਦਿਆਂ ਜਦ ਆਪ ਜਿਹੇ ਸਕਾਲਰ ਦੀ ਚਿੱਠੀ ਵਿਚ ਇਹ ਲਿਖਿਆ ਪੜ੍ਹੀਏ**--On page 17 (s section) of your letter the words you are trying to put in the mouth of (imaginary) people that-** ਅਸੀਂ ਕਿਸ ਅਧਿਕਾਰ ਨਾਲ ਦਸ਼ਮਗ੍ਰੰਥ ਬਾਣੀ ਨੂੰ ਵੀ ਗੁਰੂਬਾਣੀ ਦਾ ਦਰਜਾ ਦੇ ਰਹੇ ਹਾਂ" Are totally uncalled for because no body does that. ਅਤੇ ਫਿਰ ਕੋਈ ਵਿਸ਼ੇਸ਼ ਉਦਾਹਰਣ ਦਿੱਤੇ ਬਿਨਾਂ ਇਉਂ ਵੀ ਲਿਖ ਦੇਣਾ--I am wonderstruc to see the trend of your research which somehow Shows your resourcefulness of having ultra modern devices for reading and writing but are totally destructive and direction-less. ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਨੂੰ ਉਜਾਗਰ ਕਰਕੇ ਉਸ ਨਾਲ ਜੁੜਨ ਦੀ ਗੱਲ ਤੁਹਾਡੇ ਵਰਗੇ ਉੱਚ ਕੋਟੀ ਦੇ ਵਿਦਵਾਨ ਨੂੰ **direction-less** ਹੋ ਦਿੱਸੀ, ਇਹ ਦਾਸ ਦੀ ਬਦਕਿਸਮਤੀ ਹੈ? ਬਚਿਤਰ ਨਾਟਕ ਬਾਰੇ ਲਿਖ ਭੇਜੇ ਵਿਸ਼ਾਲ ਲੇਖ ਵਿਚੋਂ, ਅਤੇ ਚਿੱਠੀ ਨਾਲ ਭੇਜੀ ਸਾਰੀ ਸਮੱਗਰੀ ਵਿਚੋਂ ਕੇਵਲ ਏਹੀ (ਜੋ ਤੁਸਾਂ ਗੁਰਮੁਖੀ ਅੱਖਰਾਂ ਵਿਚ ਲਿਖੇ ਹਨ) ਸ਼ਬਦ ਉਭਰ ਕੇ ਤੁਹਾਡੀ ਨਜ਼ਰੀ ਚੜ੍ਹ ਸਕੇ। ਦਾਸ ਨੇ ਸੇਧ ਦੇਣ ਦੀ ਬੇਨਤੀ ਲਿਖੀ ਸੀ, ਬਿਨਾ ਉਦਾਹਰਣ ਤੋਂ, ਕੇਵਲ ਫਤਵੇ ਹੀ ਲਿਖ ਭੇਜਣੇ, ਸ਼ਾਇਦ ਨਵਾਂ ਲਿਖਣ ਢੰਗ ਬਣ ਗਿਆ ਹੋਵੇ?--**ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥** ਕੀ, ਝੂਠੇ ਵਿਚਾਰਾਂ ਦਾ ਤਿਆਗ ਕਰਕੇ, ਸੱਚ ਨਾਲ ....?

**੫-** ਦਾਸ ਤਾਂ ਮਸਾਂ ਸਕੂਲੀ ਪੜ੍ਹਈ ਹੀ ਮੁਕਾਈ ਸੀ। ਕਾਲਜ ਦੀਆਂ ਕੇਵਲ ਬਰੂਹਾਂ ਹੀ ਟੱਪ ਸਕਿਆ ਸਾਂ। ਤੁਹਾਡੇ ਤੇ ਸਤਿਗੁਰਾਂ ਦੀ ਅਪਾਰ ਮਿਹਰ ਹੈ। ਤੁਸੀ ਡਿਗਰੀਆਂ ਨਾਲ ਸ਼ਿੰਗਾਰੇ ਹੋਏ ਹੋ, ਅਤੇ ਫਿਰ ਤੁਸੀ ਤਾਂ ਸੇਵਾ ਵੀ ਵਿਦਿਆ-ਦਾਨ ਦੀ ਸਾਂਭੀ ਹੋਈ ਹੈ। ਕਿੱਡੀ ਵਧੀਆ ਗੱਲ ਹੁੰਦੀ ਜੇ ਤੁਸੀ ਗੁਰਮਤਿ ਦੀ ਲਿਖਣਵਿਧੀ ਦੀ ਮੁਹੱਤਤਾ ਅਣਪਛਾਣੀ ਨਾ ਕੀਤੀ ਹੁੰਦੀ? ਗੁਰਮਿਤ ਲਿਖਣ ਦੀ ਵਿਧੀ ਨੂੰ ਤਿਆਗ ਕੇ ਵੇਦਾਂ ਦੀ ਲਿਖਣ ਵਿਧੀ ਸਿਖਾਉਣੀ ਗੁਰਮਤਿ ਕਿਵੇਂ ਬਣ ਗਈ ? ਵੇਦਾ ਬਾਣੀ ਦੇ ਉੱਚ ਕੋਟੀ ਦੇ ਸਕਾਲਰ ਆਚਾਰਯਾ ਰਾਮ ਤੀਰਥ ਦੰਡੀ ਸਵਾਮੀ ਜੀ ਨੇ, ਗੁਰੂ ਗ੍ਰੰਥ ਸਾਹਿਬ ਨੂੰ " ਸਰਬ ਉਤਮ ਗ੍ਰੰਥ " ਇਸ ਕਾਰਨ ਲਿਖਿਆ ਹੈ ਕਿਉਂ ਇਸ ਵਿਚ ਰਿਗਵੇਦ ਜਹੀ **ਬਕਵਾਸ** ਕਿਸੇ ਥਾਂ ਨਹੀਂ ਹੈ। ਵੇਦਾਂ ਬਾਰੇ ਗੁਰਮਤਿ ਦਾ ਫ਼ਤਵਾ ਜੋ ਪੁਸਤਕ ਦੇ ਪਹਿਲੇ ਭਾਗ ਦਾ ਹਿੱਸਾ ਹੈ--ਨਾਲ ਨੱਥੀ ਪੱਤਰਿਆਂ ਤੇ ਪੜ੍ਹਨ ਦੀ ਖੇਚਲ ਸਹਾਰ ਵੇਖੀਣੀ ਜੀਓ ਜੀ।

ਦਾਸ ਨੂੰ ਗੁਰੂ ਪੰਥ ਨਾਲ ਬਚਪਨ ਤੋਂ ਦਿਲੀ ਪਿਆਰ ਹੈ ਅਤੇ ਇਸ ਦੀ ਢਹਿੰਦੀ-ਕਲਾ ਚਿੰਤਾ ਬਣ ਜਾਂਦੀ ਹੈ। ਮੇਰੀ ਤੁਛ ਬੁੱਧੀ ਇਹ ਸਮਝ ਬੈਠੀ ਹੈ ਕਿ, ਇਸ ਪੰਥ ਨੇ ਆਪਣਾ ਨਿਆਰਾ-ਪੁਣਾ ਸਭ ਪਾਸਿਆਂ ਤੋਂ ਗੁਆ ਲਿਆ ਹੈ ਅਤੇ ਇਹ ਬਿੱਪ੍ਰਨ ਕੀ ਰੀਤ ਦਾ ਵੀ ਧਾਰਨੀ ਬਣ ਗਿਆ ਹੈ- ਅਤੇ ਤੇਜਪ੍ਰਤਾਪ ਖੁੱਸਣ ਦਾ ਕੇਵਲ ਮਾਤ੍ਰ ਕਾਰਨ ਏਹੀ ਹੈ ਤੇ ਸਭ ਹੱਛਾ ਕਹੀ ਜਾਣ ਵਾਲੇ ਲੋਕ, ਪੰਥ ਦੇ ਵੈਰੀ ਹਨ। ਸੋ ਜੇ ਦਾਸ ਦੀ ਇਹ ਸੋਚਣੀ ਪੰਥ ਦੇ ਹਿਤਾਂ ਲਈ ਮਾੜੀ ਹੈ ਤਾਂ ਖੋਹਲ ਕੇ ਸਮਝਾਉਣ ਦੀ ਮਿਹਰ ਕਰ ਦਿੰਦੇ। ਦਾਸ ਨੂੰ ਪੱਕਾ ਵਿਸ਼ਵਾਸ਼ ਬਣ ਚੁਕਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਪਮ ਅਤੇ ਨਿਆਰੇ ਗਿਆਨ ਦੇ ਸਾਹਮਣੇ ਸੰਸਾਰ ਦੇ ਸਾਰੇ ਧਰਮ ਗ੍ਰੰਥ ਸਿਰ ਝੁਕਾਈ ਖੜੇ ਹਨ। ਸਾਨੂੰ ਚਾਹੀਦਾ ਹੈ ਕਿ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਸ਼ਬਦ **੧** ਦੀ ਪਛਾਣ ਕਰੀਏ ਅਤੇ ਕੇਵਲ **ਏਕੇ** (**੧** ਰੱਬ, **੧** ਗੁਰੂ, **੧** ਮਰਯਾਦਾ, **੧** ਕੇਂਦਰ, **੧**-ਮੁੱਠਤਾ=ਪੰਜ-ਪਿਆਰੇ) ਨਾਲ ਜੁੜ ਕੇ ਆਪਣੀ ਜੀਵਨ ਜੁਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਬਣਾ ਲਈਏ ਤਾਂ ਯਕੀਨਨ ਅਸੀ ਆਪਣੀ ਪਹਿਲੀ ਚੜ੍ਹਦੀ ਕਲਾ ਵਾਲੀ ਅਵਸਥਾ ਤੇ ਪਰਤ ਸਕਦੇ ਹਾਂ। ਜੇ ਦਾਸ ਦੀ ਇਹ ਸੋਚਣੀ **ਗ਼ਲਤ ਹੈ**, ਤਾਂ ਸਪੱਸ਼ਟ ਸ਼ਬਦਾਂ ਵਿਚ ਸਮਝਾ ਦੇਣ ਦਾ ਉਪਕਾਰ ਕਰ ਭੇਜਦੇ। ਕੇਵਲ ਬੇਦਲੀਲੀਆਂ ਝਾੜਾਂ ਪਾਉਣੀਆਂ--ਪੁਲਸੀਆਂ ਦਾ ਕੰਮ ਹੈ।

**੬**- ਜੇ ਦਸਮ ਗ੍ਰੰਥ ਦੀ ਬਾਣੀ ਗੁਰੂ ਬਾਣੀ ਨਹੀਂ ਮੰਨੀ ਜਾਂਦੀ ਤਾਂ ਪੰਥ ਵਿਚ ਇਸ ਦਾ ਜੋ ਦਰਜਾ ਹੈ ਉਸ ਬਾਰੇ ਖੋਹਲ ਕੇ ਲਿਖ ਭੇਜਣਾ ਸੀ ਜੀ। ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਵਿਚ, ਦੋ ਅਤੇ ਤਿੰਨ ਦਾ ਅਨੁਪਾਤ ਕਿਸ ਦਲੀਲ ਨਾਲ ਬਣਿਆਂ ਏਹ ਸ਼ੰਕਾ ਦਾਸ ਨੇ ਆਪਣੀ ਚਿੱਠੀ ਵਿਚ ਵੀ ਪ੍ਰਗਟ ਕੀਤਾ ਹੋਇਆ ਹੈ, ਪਰ ਇਉਂ ਲੱਗਦਾ ਹੈ ਜਿਵੇ ਚਿੱਠੀ ਲਿਖਣ ਸਮੇ ਤੁਸੀਂ ਠੋਸ ਸੇਧ ਦੀ ਬਖ਼ਸ਼ਸ਼ ਕਰਨ ਦੇ ਮੂਡ ਵਿਚ ਨਹੀਂ ਸਾਉ। ਸਿਖਸ਼ਕ ਹੋਣ ਦੇ ਨਾਤੇ, ਸ਼ੰਕਿਆਂ ਦੀ ਨਿਵਰਤੀ ਕਰਨੀ ਤੁਹਾਡਾ ਧਰਮ ਬਣਦਾ ਹੈ। ਦਾਸ ਨੇ ਬਚਿਤ੍ਰ ਨਾਟਕ ਬਾਰੇ ਗੁਰਮਤਿ ਵਿਚਾਰ ਲਿਖ ਕੇ ਆਪ ਜੀ ਦੀ ਸੇਵਾ ਵਿਚ ਭੇਜੇ ਹਨ। ਉਨ੍ਹਾਂ ਵਿਚੋਂ ਕੋਈ ਲਿਖਤ ਬਿਬੇਕ-ਦਲੀਲ ਅਤੇ ਗੁਰਬਾਣੀ ਦੀ ਕਸਵੱਟੀ ਤੋਂ ਜੇ ਬਾਹਰੀ ਹੋਵੇ ਤਾਂ, ਲਿਖ ਭੇਜੋ, ਉਪਕਾਰ ਹੋਵੇਗਾ। ਕਿਸੇ ਪ੍ਰਕਾਰ ਦੀ ਸੇਧ ਦੀ ਬਖ਼ਸ਼ਸ਼ ਕੀਤੇ ਬਿਨਾਂ, ਚਿੱਠੀ ਵਿਚ ਜੋ ਬੋਲੀ ਤੁਸਾਂ ਵਰਤੀ ਹੈ ਕੀ ਉਹ Totally Constructive ਹੈ ? ਫਿਰ Destrutctive ਬੋਲੀ ਕਿਹੋ ਜਿਹੀ ਹੁੰਦੀ ਹੈ ਜੀ?

੭- ਬਚਿਤ੍ਰ ਨਾਟਕ ਦੇ ਅਰੰਭ ਤੋਂ ਅਖ਼ੀਰ ਤੱਕ ਇਕ-ਸਾਰ ਲਿਖੇ ਗੁਰਮਤਿ ਵਿਚਾਰਾਂ ਵਿਚ, ਉਚੇਚੇ ਤੌਰ ਤੇ ਕਿਸੇ Obscenity ਨੂੰ ਲਿਖਣ ਦਾ ਵਿਸ਼ਾ ਦਾਸ ਨੇ ਨਹੀਂ ਬਣਾਇਆ। ਫਿਰ ਵੀ ਪਤਾ ਨਹੀਂ ਤੁਸਾਂ ਦਾਸ ਵਲ ਇਹ ਕੁਝ--And I prostate before the Sikh scholership who is not highlighting the bulk of spirtuality in the Dasam Granth but is busy in flshing few sprinkles of so-called sbscenity, unauthenticity and God knows what else. ਪਤਾ ਨਹੀਂ ਕਿਸ ਦਲੀਲ ਨਾਲ ਲਿਖ ਭੇਜਿਆ ਹੈ। ਪਰ ਜੇ ਤੁਸਾਂ ਲਿਖਿਆ ਹੀ ਤਾਂ ਇਸ ਪ੍ਰਥਾਇ ਵੀ ਵਿਚਾਰ ਸਾਂਝੇ ਕਰ ਲਈਏ।

੮- ਦਸਮ ਗ੍ਰੰਥ ਦੇ ਜਿਸ ਤਿਰਯਾ ਚਰਿਤਰ ਭਾਗ ਦੀ ਤੁਸਾਂ ਗੱਲ ਛੇੜੀ ਹੈ ਉਸ ਵਿਚੋਂ bulk of ਦੀ ਗੱਲ ਛੱਡੋ, ਤੁਸੀਂ ਕਿਸੇ ਇੱਕ ਥਾਂਉਂ ਵੀ ਅਜੇਹੀ spirtuality ਦਾ ਨਿਸ਼ਾਨ ਪਤਾ ਲਿਖ ਭੇਜੋ ਜੋ (ਪੂਰਨ ਤੌਰ ਤੇ) ਗੁਰੂ ਗ੍ਰੰਥ ਸਾਹਿਬ ਦੀ ਕਸਵੱਟੀ ਤੇ ਪੂਰੀ ਉਤਰਦੀ ਹੋਵੇ। ਇਸ ਗ੍ਰੰਥ ਦੀ ਬੜੀ ਅਜੀਬ ਹੀ ਸਿਖਿਆ ਹੈ ਕਿ ਜੇ, ਬਾਹਰੋਂ ਕੋਈ ਸੋਹਣੀ ਇਸਤ੍ਰੀ ਮਿਲ ਜਾਏ ਤਾਂ ਘਰ ਵਾਲੀ ਨਾਲ ਪ੍ਰੇਮ ਨਹੀਂ ਕਰਨਾ ਚਾਹੀਦਾ:--

ਅੜਿੱਲ ॥ ਸੁਨੋ ਰਾਇ ਇਕ ਤ੍ਰਿਯਾ ਸੁਭ ਤਾਂਹਿ ਬੁਲਾਇਯੈ ॥ ਤਾ ਸੌ ਮੈਨ ਬਿਹਾਰ ਬਿਸੇਖ ਕਮਾਇਯੈ ॥
<u>ਐਸੀ ਤ੍ਰਿਯ ਕਰ ਪਰੈ ਜਾਨ ਨਹਿ ਦੀਜਿਯੈ ॥</u> <u>ਹੋ ਨਿਜ ਨਾਰੀ ਸੋ ਨੇਹੁ ਨ ਕਬਹੂੰ ਕੀਜਿਯੋ ॥ ੧੯ ॥</u>
ਚੌਪਈ ॥ ਭਲੌ ਵਹੈ ਜੋ ਭੋਗ ਕਮਾਵੈ ॥ ਭਾਂਤ ਭਾਂਤਿ ਸੋ ਦਰਬੁ ਲੁਟਾਵੈ ॥
ਨਿਜੁ ਤ੍ਰਿਯ ਸਾਥ ਨ ਨੇਹ ਲਗੈਯੇ ॥ ਜੋ ਜਿਤ ਜਗ ਆਪਨ ਨ ਕਹੈਯੇ ॥ ੨੦ ॥ [ਚਰਿਤ੍ਰ ਨੰ: ੩੩ ॥ ੧੫੮ ॥ ਅਫਜੂੰ ]

ਅਤੇ ਫਿਰ ਘੋੜੀ ਦੀ ਭਗ ਵਿਚ ਹਜ਼ਾਰਾਂ ਵਾਰੀ ਜੀਭ ਪਾਉਣ ਨਾਲ ਰੋਗ ਹਟ ਜਾਣ ਦੀ ਗੱਲ ਲਿਖਣ ਨਾਲ ਕਿਸ ਪ੍ਰਕਾਰ ਦੇ ਗਿਆਨ ਦੀ ਸੋਝੀ ਦਿੱਤੀ ਗਈ ਹੈ?:--

ਯਾ ਘੋਰੀ ਕੇ ਭਗ ਬਿਖੈ ਜੀਭ ਦਈ ਸੌ ਬਾਰ ॥ ਤੁਰਤ ਰੋਗ " **ਹਮਰੋ** " ਕਟਯੋ ਸੁਨਹੁ ਬੈਦ ਉਪਚਾਰ ॥ ੨੯ ॥

ਕੀ ਇਹ ਕਲਮ ਦਸ਼ਮੇਸ਼ ਜੀ ਦੀ ਹੈ ? ਅਤੇ ਕਿਸੇ ਵਿਰਲੀ ਕਹਾਣੀ ਨੂੰ ਛੱਡ ਕੇ ਕਿਸੇ ਸਿਖਿਆ ਦੀ ਗੱਲ ਬੜੀ ਨੀਝ ਨਾਲ ਵੀ ਨਹੀਂ ਲੱਭੀ ਜਾ ਸਕਦੀ। ਅਜੇਹੀ ਸਿਖਿਆ ਨੂੰ **spirtuality ਕਿਵੇਂ ਮੰਨ ਲਿਆ ਜਾਵੇ?** ਫਿਰ ਇਸ ਗਿਆਨ ਦਾ ਸਿੱਟਾ ਕੀ ਹੋਵੇਗਾ? ਤੁਸੀ ਹੀ ਲਿਖ ਭੇਜੋ ਕਿ ਕਿਸ ਕਹਾਣੀ ਵਿਚੋਂ **ਗੁਰਮਤਿ ਦੀ spirtuality**, (ਗਆਨੀ ਅਗਿਆਨੀ, ਬਿਰਧ ਜਵਾਨ) ਹਰ ਤਰ੍ਹਾਂ ਦੇ ਪਾਠਕਾਂ ਦਾ ਸੁਆਗਤ ਕਰ ਰਹੀ ਹੈ?

## ੯- ਜ਼ਾਲਮ ਵਿਕਾਰੀਆਂ ਲਈ ਸ਼ਰਮਨਾਕ ਅਤੇ ਘਾਤਕ ' ਯੰਤ੍ਰ 'Device ਬਨਾਉਣ ਦੀ ਸਿਖਿਆ?--

ਪੁਲੀਸ ਟ੍ਰੇਨਿੰਗ ਦੇ ਕਾਲਜ ਫਿਲੌਰ ਕਿਲ੍ਹੇ ਵਿਚ ਅਜੈਬ-ਘਰ ਵੇਖਣ ਦਾ ਸਮਾ ੧੯੪੯ ਵਿਚ ਬਣਿਆ ਸੀ। ਉਥੇ ਮੰਦ ਕਰਮੀਆਂ ਵਲੋਂ ਵਰਤੇ ਗਏ ਅਤੇ ਵਰਤੇ ਜਾਂਦੇ **ਸੰਦ** (Devices) ਪਏ ਹੋਏ ਹਨ। ਹੋਰ ਕਈ ਕਿਸਮ ਦੇ ਯੰਤ੍ਰਾਂ ਵਿਚ ੮/੯ ਇੰਚ ਲੰਮੀ ਮੋਟੀ ਗਾਜਰ ਵਰਗੀ, ਸਖ਼ਤ ਕੱਪੜੇ ਦੀ ਬੜੀ ਕਰੜੀ ਥੈਲੀ ਜਿਸ ਵਿਚ ਪਹਿਲਾਂ ਵੱਡੇ ਟਕੇ-ਪੈਸੇ ਪਾਏ ਹੋਏ ਸਨ ਤੇ ਅਗਾਂਹ ਨੂੰ ਢਾਲਵੀਂ ਸ਼ਕਲ ਕਰਨ ਲਈ ਛੋਟੇ ਸਿੱਕੇ ਪਾ ਕੇ ਮਨੁੱਖੀ ਲਿੰਗ ਦੀ ਸ਼ਕਲ ਵਾਲਾ ਕਰੜਾ ਕਿੱਲਾ ਜਿਹਾ ਪਿਆ ਹੈ। Guide (ਜੋ ਸਾਰੇ ਸੰਦਾਂ ਬਾਰੇ ਸਾਨੂੰ ਸਮਝਾ ਰਿਹਾ ਸੀ) ਨੇ ਦਸਿਆ ਕਿ ਇਸ ਨੂੰ " **ਚਪਟੀ** " ਕਹਿੰਦੇ ਹਨ, ਅਤੇ ਕਾਮੀ ਔਰਤਾਂ ਆਪਸ ਵਿਚ ਭੋਗ ਕਰਨ ਸਮੇ, ਅਥਵਾ ਤਮਾਸ਼ਬੀਨ ਅਤੇ ਵਿਕਾਰੀ ਮਨੁੱਖ ਭੋਗ ਕਰਨ ਸਮੇਂ ਆਪਣੇ ਅੱਗੇ ਇਸ ਨੂੰ ਬੰਨ੍ਹ ਲੈਂਦੇ ਹਨ। ਬੜੇ ਹੈਰਾਨ ਸਾਂ ਕਿ ਅਜੇਹੀ ਗੰਦੀ ਕਾਢ ਕਿਸ ਨੇ ਕੱਢੀ ਹੋਵੇਗੀ। ਹੁਣ ਜਦੋਂ ੧੦੯ ਨੰਬਰ ਚਰਿਤਰ ਵਿਚ ਉਰਵਸ਼ੀ ਨਾਮੀ ਪਰੀ ਨੂੰ ਅਜੇਹੀ ਚਪਟੀ ਬਣਾ ਕੇ ਇਸਤ੍ਰੀ ਨਾਲ ਭੋਗ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰਨ ਦਾ ਅਨੋਖਾਂ ਢੰਗ ਪੜ੍ਹਿਆ ਤਾਂ ਸਮਝ ਆਈ ਕਿ ਆਤਮ ਜੀਵਨ ਦਾ ਘਾਤ ਕਰ ਰਹੇ **ਹੇਮਕੁੰਡ** ਵਾਂਗ ਹੀ, ਅਰੋਗਤਾ ਦਾ ਘੁੱਟ ਭਰਨ ਵਾਲੀ ਇਸ **ਚਪਟੀ ਦੇ ਜਨਮ ਦਾਤਾ ਵੀ ਸ੍ਰੀ ਦਸਮ ਗ੍ਰੰਥ ਜੀ ਹੀ ਹਨ**:--

**........ ਟਕਿਯਨ ਕੀ ਜਪਟੀ ਉਰ ਬਸੀ ॥ ਮੋਮ ਮਾਰਿ ਆਸਨ ਸੌ ਕਸੀ ॥ ੫੨ ॥**
ਬਿਖਿ ਕੋ ਲੇਪ ਤਵਨ ਮੋ ਕੀਯੋ ॥ **ਸਿਵਹਿ** ਰਿਝਾਇ ਮਾਂਗ ਕਰਿ ਲੀਯੋ ॥ (ਭੋਲਾ ਨਾਥ ਤੋ)
ਜਾਕੇ ਅੰਗ ਤਵਨ ਸੌ ਲਾਗੈ ॥ ਤਾਕੈ ਲੈ ਪ੍ਰਾਨ ਜਮ ਭਾਗੈ ॥ ੫੩ ॥
ਤਬ ਲੌ ਨਾਰਿ ਗਈ ਵਹੁ ਆਈ। **ਕਾਂਮੰਤੁਰ ਹਵੈਕੈ ਕਪਟਾਈ** ॥ (ਚਸਕੇ ਲੱਗ ਰਹੇ ਹਨ)
ਤਾਕੋ ਭੇਦ ਕਛੂ ਨਹਿ ਜਾਨਯੋ ॥ ਉਰਬਸਿ ਕੌ ਕਰਿ ਪੁਰਖ ਪਛਾਨਯੋ ॥ ੫੬ ॥
ਤਾਸੌ ਭੋਗ ਅਧਿਕ ਜਬ ਕੀਨੋ ॥ ਮਨ ਮੈ ਮਾਨਿ ਅਧਿਕ ਸੁਖ ਲੀਨੋ ॥ (=ਧੋਖੇ ਅਤੇ ਵਿਸ਼ਵਾਸ਼ ਘਾਤ ਦੀ ਸਿਖਲਾਈ ਦਾ ਸਿੱਖਰ)
ਬਿਖੁ ਕੇ ਚੜ੍ਹੇ ਮਤ ਤਬ ਭਈ ॥ ਜਮ ਕੇ ਧਾਮ ਬਿਖੈ ਚਲਿ ਗਈ ॥ ੫੫ ॥

ਕਿਸੇ ਨੂੰ ਕਤਲ ਕਰਨ ਦਾ ਨਵਾਂ ਢੰਗ ਸਿਖਾਲ ਕੇ ਬਦਮਾਸ਼ੀ ਅਤੇ ਜ਼ੁਲਮ ਦੇ ਇਤਿਹਾਸ ਵਿਚ ਨਵਾਂ ਅਧਿਆ ਖੋਹਲਿਆ ਦਿੱਤਾ? ਉਰਵਸ਼ੀ ਨੇ ਹਸੀਨ ਅਪੱਸਰਾ ਹੋਣ ਦੇ ਨਾਤੇ ਕਾਮ-ਗ੍ਰਸੇ ਸ਼ਿਵ ਕੋਲੋਂ ਘਾਤਕ ਜ਼ਹਿਰ ਮੰਗ ਲਿਆ ਦਰਸਾਇਆ ਹੈ, ਪਰ ਜ਼ਾਲਮ ਵਿਕਾਰੀਆਂ ਕੋਲ ਅੱਜ ਉਸ ਤੋਂ ਵੀ ਵੱਧ ਖ਼ਤਰਨਾਕ ਜ਼ਹਿਰਾਂ ਪੁੱਜ ਚੁਕੀਆਂ ਹੋਈਆਂ ਹਨ। ਦੇਵਤਿਆਂ ਦਾ ਨਾਮ ਵਰਤ ਕੇ ਲੁੱਚਪੁਣੇ ਦੀ ਸਿਖਲਾਈ ਦਾ ਧੰਦਾ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਮੜ੍ਹੀ ਰੱਖਣ ਦਾ ਜ਼ੋਰ ਲਈ ਰਖਣਾ--ਡਰੀਏ ਉਸ " ਸੱਚ ' ਦੇ ਸੱਚੇ ਤਪਾਵਸ ਤੋਂ ?

ਚਪਟੀ ਬਣਾ ਕੇ ਖੇਹ ਖਾਣ ਵਾਲੀ ਅਨੋਖੀ "**spirtuality** " ਦੀ ਬਖ਼ਸ਼ਸ਼ ਕਰਨ ਤੇ ਹੀ ਬਸ ਨਹੀਂ ਸਗੋਂ, ਅਫੀਮ ਸ਼ਰਾਬ, ਭੰਗ ਅਤੇ ਪੋਸਤ ਦੇ ਰਲਵੇਂ ਨਸ਼ੇ ਦੇ ਜ਼ੋਰ ਨਾਲ ਸਾਰੀ ਰਾਤ ਭੋਗ ਕਰਦੇ ਸਮੇ, ਆਦਮੀ ਸਾਰੀ ਰਾਤ ਜਾਂ ੨੪ ਘੰਟੇ ਇੱਕ ਸਾਰ ਲੱਗਾ ਰਹੇ ਤਾਂ ਵੀ ਵੀਰਜ

ਨਹੀਂ ਗਿਰਦਾ। ਅਖੇ ਕੋਈ ਜਿੰਨਾ ਬਹੁਤਾ ਚਿਰ ਲਾਵੇ ਉਸ ਤੇ ਇਸਤ੍ਰੀ ਓਨੀ ਬਹੁਤੀ ਮੋਹਤ ਹੁੰਦੀ ਹੈ। ਉਸ ਅਲੌਕਾਰ ਕਥਿਤ ਬਾਣੀ ਦੀ ਕੇਵਲ ਵਣਗੀ ਮਾਤ੍ਰ ਦਰਸ਼ਨ:--

ਇਕ ਦਿਨ ਭਾਂਗ ਮਿੱਤ੍ਰ ਤਿਹ ਲਈ ॥ ਪੋਸਤ ਸਹਿਤ ਅਫੀਮ ਚੜਾਈ ॥ ਬਹੁ ਰਤਿ ਕਰੀ ਨ **ਬੀਰਜ ਗਿਰਾਈ** ॥
**ਆਠ ਪਹਿਰ ਲਗਿ ਕੁਅਰਿ ਬਜਾਈ** ॥ ੧੦ ॥ ਸਭ ਨਿਸਿ ਨਾਰਿ ਭੋਗ ਜਬ ਪਾਯੋ ॥ ਬਹੁ ਆਸਨ ਕਰਿ ਹਰਖ ਬਢਾਯੋ ॥
ਤਾ ਪਰ ਤਰੁਨਿ ਚਿਤ ਤੇ ਅਟਕੀ ॥ ਭੂਲਿ ਗਈ ਸਭ ਹੀ ਸੁਧਿ ਘਟ ਕੀ ॥ ੧੧ ॥ ਦ੍ਵੈ ਘਟਕਾ ਜੋ ਭੋਗ ਕਰਤ ਨਰ ॥
ਤਾ ਪਰ ਰੀਝਤ ਨਾਰਿ ਬਹੁਤ ਕਰਿ ॥ ਚਾਰਿ ਪਹਰ ਜੋ ਕੇਲ ਕਮਾਵੈ ॥ ਸੋ ਕਿ ਤ੍ਰਿਯ ਕੈ ਚਿੱਤ ਚੁਰਾਵੈ ॥ ੧੨ ॥
ਰੈਨ ਸਕਲ ਤਿਨ ਤਰੁਨਿ **ਬਜਾਈ** ॥ ਭਾਂਤਿ ਭਾਂਤਿ ਕੇ ਸਾਥ ਹੰਢਾਈ ॥ ਆਸਨ ਕਰੇ ਤਰੁਨ ਬਹੁ ਹਾਰਾ ॥
ਚੁੰਬਨਾਦਿ ਲਖ ਘਾਤ ਅਪਾਰਾ ॥ ੧੩ ॥ ਭਾਂਤਿ ਭਾਂਤਿ ਕੇ ਚਤੁਰਾਸਨ ਕਰਿ ॥ ਭਜਯੋ ਤਾਂਹਿ ਤਰ ਦਾਬਿ ਭੁਜਨ ਭਰਿ ॥
ਚੁੰਬਨ ਆਸਨ ਕਰਤ ਬਿਚੱਛਨ ॥ ਕੋਕ ਕਲਾ ਕੋਬਿਦ ਸਭ ਲੱਛਨ ॥ ੧੪ ॥
ਦੋਹਿਰਾ ॥ ਪੋਸਤ ਸ਼ਰਾਬ ਅਫ਼ੀਮ ਬਹੁ ਘੋਟਿ ਚੜ੍ਹਾਵਤ ਭੰਗ ॥ ਚਾਰਿ ਪਹਰ ਭਾਮਹਿ ਭਜਾ ਤਊ ਨ ਮੁਚਾ ਅਨੰਗ ॥ ੧੫ ॥
ਚੋਪਈ ॥ ਭੋਗ ਕਰਤ ਸਭ ਰੈਨਿ ਬਿਤਾਵਤ ॥ਦਲਿਮਲਿ ਸੇਜ ਮਲਿਨ ਹ੍ਵੈ ਜਾਵਤ ॥ ਹੋਤ ਦਿਵਾਕਰ ਕੀ ਅਨੁਰਾਈ ॥
ਛੈਲ ਸੇਜ ਮਿਲਿ ਬਹੁਰਿ ਬਿਛਾਈ ॥ ੧੬ ॥ ਪੌਢਿ ਪ੍ਰਜੰਕ ਅੰਕ ਭਰਿ ਸੋਊ ॥ ਭਾਂਗ ਅਫੀਮ ਪਿਯਤ ਮਿਲਿ ਦੋਊ ॥
ਬਹੁਰਿ ਕਾਮ ਕੀ ਕੇਲ ਮਚਾਵੈਂ ॥ ਕੋਕ ਸਾਰ ਮਤ ਪ੍ਰਗਟ ਦਿਖਾਵੈਂ ॥ ਕੈਫਨ ਸਾਥ ਰਸਮਸੇ ਹ੍ਵੈ ਕਰਿ ॥
ਪ੍ਰੌਢਿ ਪ੍ਰਜੰਕ ਰਹਤ ਦੋਊ ਸਵੈ ਕਰਿ ॥ ਬਹੁਰਿ ਜਗੈ ਰਸ ਰੀਤਿ ਮਚਾਵੈਂ ॥ ਕਵਿਤ ਉਚਾਰਿ ਧੁਰਪਦ ਗਾਵੈਂ ॥ ੧੮ ॥

ਡਾਕਟਰ ਸਾਹਿਬ ਜੀਓ ! ਕੀ ਖੋਹਲ ਕੇ ਨਿਰਣਾ ਲਿਖ ਭੇਜੋਗੇ ਕਿ ਉਪਰੋਤ ਲੰਮੀ ਚੋੜੀ ਵਿਆਖਿਆ ਪੜ੍ਹ ਕੇ ਨੌਜਵਾਨ ਇਸਤ੍ਰੀ ਮਰਦ ਕਿਸ ਪ੍ਰਕਾਰ ਦੀ **spirtuality ਦਾ ਭੰਡਾਰ ਬਣਨਗੇ? ਕੀ ਅੱਲੜ੍ਹ ਜਵਾਨੀ ਨੂੰ ਮੌਤ ਦੇ ਮੂੰਹ ਵਿਚ ਧੱਕ ਦੇਣ ਵਾਲਾ ਗਿਆਨ ਦਸ਼ਮੇਸ਼ ਜੀ ਨੇ ਹੀ ਦੇਣਾ ਸੀ?** ਆਪ ਜਿਹੇ ਵਿਦਿਆ ਮਾਤੰਡਾਂ ਦੀ ਕਿਰਪਾ ਦਾ ਸਦਕਾ ਹੁਣ ਇਹ ਸਾਰਾ ਕੁਝ ਅਰਥਾਂ ਸਮੇਤ ਬਾਜ਼ਾਰ ਵਿਚੋਂ..... ?

ਜਦ ਆਚਰਨ ਅਤੇ ਅਰੋਗਤਾ ਤਬਾਹ ਕਰ ਦੇਣ ਵਾਲੀ ਦੁਖਦਾਈ ਸਿਖਿਆ ਦੀ ਭਰਮਾਰ ਹੋਵੇ ਤਾਂ, ਕਿਸੇ ਵਿਰਲੇ ਥਾਂ ਚੰਗੀ ਗੱਲ ਹੋਣ ਦਾ ਸਿੱਧਾ ਅਰਥ ਸੰਖੀਏ ਦੁਆਲੇ ਖੰਡ ਦਾ ਲੇਪ ਦਾ ਕੰਮ? ਸ਼ਰਾਬ, ਅਫ਼ੀਮ, ਪੋਸਤ ਭੰਗ ਦੇ ਨਸ਼ੇ ਮਿਲਾ ਕੇ ਲੰਮੇ ਸਮੇ ਲਈ ਅਤੇ ਕਈ ਕਈ ਆਸਣਾਂ ਨਾਲ ਇਸਤ੍ਰੀ ਨਾਲ ਸੰਗ ਕਰਨ ਦੇ ਰੰਗ ਬੰਨ੍ਹੇ ਹੋਏ ਹਨ। ਫਿਰ ਵਡੀ ਦੁਖਦਾਈ ਗੱਲ ਇਹ ਹੈ ਕਿ ਭੋਗ ਕਰਨ ਦੀ, ਪਿਆਰ ਕਰਨ ਦੀ, ਗ੍ਰਿਹਸਤ, ਕਰਨ ਆਦਿ ਦੀ ਗੱਲ ਨਹੀਂ ਸਗੋਂ " **ਠੋਕਣ** " ਅਤੇ **ਵਜਾਉਣ** ਵਾਲੀ, ਅਥਵਾ " ਭਾਂਤ ਭਾਂਤ ਕਾ ਆਸਨ ਕੀਨਾ " ਹੋਲੇ ਮਲਤ ਦੀ ਸ਼ਬਦਾਵਲੀ ਨੂੰ **ਸਤਿਗੁਰਾਂ ਦੀ ਬਾਣੀ** ਮੰਨ ਕੇ ਅਖੰਡ ਪਾਠ ਕੀਤੇ ਜਾ ਰਹੇ ਹਨ ਪਰ ਤੁਸੀ ਡਿਸ ਸਭ ਕੁਝ ਤੇ ਪਰਦਾ ਪਾਉਣ ਲਈ ਇਹ ਲਿਖ ਰਹੇ ਹੋ--**--**On page 17 (s section) of your letter the words you are trying to put in the mouth of (imaginary) people that are totally uncalled for because no body does that ?

ਅਜੇਹੀ ਕੀਮਤੀ (ਗੁਰੂ) ਬਾਣੀ, ਖਸਮ ਕੀ ਬਾਣੀ, ਧੁਰ ਕੀ ਬਾਣੀ, ਤਾਂ ਨੋਟ ਕਰੀ ਜਾਣੀ ਚਾਹੀਦੀ ਸੀ, ਤਾਂ ਜੋ ਹੋਰ ਸ਼ਰਧਾਲੂ ਵੀ ਰਸ ਮਾਣ ਸਕਣ। ਪੋਸਤ ਭਾਂਗ ਆਦਿ ਨਸ਼ਿਆਂ ਦੀ ਵਰਤੋਂ ਅਥਵਾ ਭੋਗ ਕਰਨ ਦੇ ਬੇਸ਼ਰਮੀ ਵਾਲੇ ਆਸਣਾ ਵਾਲੀ ਬਾਣੀ ਦੇ (ਕਰੀਬ ਅੱਧੇ ਗ੍ਰੰਥ ਵਿਚੋਂ) ਕੁਝ ਸਫ਼ੇ ਜੋ ਦਾਸ ਨੇ ਨੋਟ ਕੀਤੇ ਹਨ ਇਸ ਪ੍ਰਕਾਰ ਹਨ--

ਚਰਿਤ੍ਰ-੨੧੯- ਤੁਕ-ਨੰ: ੪,੫, । ਚਰਿਤ੍ਰ- ੨੩੬, ਤੁਕ-੧੩ । ਚਰਿਤ੍ਰ-੨੩੮, ਤੁਕ-੮। ਚਰਿਤ੍ਰ-੨੪੧, ਤੁਕ-੨੩। ਚ-੨੪੨, ਤੁ-੧੩।
ਚ-੨੪੫, ਤੁ-੩ । ਚ-੨੪੭, ਤੁ-੧੪,੧੫ । ਚ-੧੫੨, ਤੁ-੮ ਤੋਂ ੧੧ । ਚ-੨੪੬, ਤੁ-੩੪ । ਚ-੨੫੭, ਤੁ-੨੩ । ਚ-੨੭੯, ਤੁ-੧੨, ੧੩
ਠੁਕਾਵੈ, ਬਜਾਵੈ । ਚ--੨੮੯, ਤੁ--੮ ਤੋਂ ੧੨ । ਚ--੨੯੦, ਤੁ--੮ ਤੋਂ ੧੬ ਅਤੇ ਫਿਰ ਤੁਕ ੩੨ ਤੋਂ ੩੪। ਚ--੨੯੫, ਤੁ--੧੩ ਤੋਂ੧੫।
ਚ--੩੨੪, ਤੁ--੪, ੫ । ਚ--੩੪੫, ਤੁ--੫ ਤੋਂ ੧੦ । ਚ--੩੪੯, ਤੁ--੪ । ਚ--੩੬੯, ਤੁ--੪ । ਚ--੩੭੦, ਤੁ--੧੧, ੧੨ । ਚ--੩੭੬, ਤੁ--੪ । ਚ--੩੭੮, ਤੁ-੫ । ਚ--੩੯੩, ਤੁ--੪ ਤੋਂ ੧੦ ਅਤੇ ਤੁਕ--੧੩ । ਚ--੩੯੪, ਤੁ--੭ ਤੋ '੧੧ । ਚ--੩੯੭, ਤੁ--੪, ੫ ।
ਚ--੩੯੮, ਤੁ--੩ ਤੋਂ ੬ । ਚ--੪੦੨, ਤੁਕ--੮ ਤੋਂ ੧੩, ਫਿਰ ੨੩ ਤੋਂ ੨੬ । ਚ--੪੦੩--ਤੁਕ--੫, ੬ । ਅਤੇ ਹੋਰ ਬੇਅੰਤ।

ਚਰਿਤ੍ਰ ਨੰ: ੩੧੨। ਗੁਰੂ ਬਾਣੀ ਦਾ ਇੱਕ ਹੋਰ ਨਮੂਨਾ :--

**ਤ੍ਰਿਯ ਬਾਚ** ॥ ਕੈ ਜੜ ਪ੍ਰਾਨਨ ਕੀ ਆਸਾ ਤਜ ॥ ਕੈ ਰੁਚਿ ਮਾਨਿ ਆਉ ਮਹਿ ਕੌ ਭਜੁ ॥
ਕੈ ਤੁਹਿ ਕਾਟਿ ਕਰੈ ਸਤ ਖੰਡਾ ॥ **ਕੈ ਦੈ ਮੋਹਿ ਭਗ ਬਿਖੈ ਲੰਡਾ ॥ ੧੧ ॥**

ਕੀ ਇਹ ਬਚਨ ਕਿਸੇ ਹੋਰ ਸ਼ਬਦਾਂ ਵਿਚ ਨਹੀਂ ਸਨ ਕਹੇ ਜਾ ਸਕਦੇ । ਕੀ ਇਹ ਬਾਣੀ ਦਸ਼ਮੇਸ਼ ਜੀ ਦੇ ਮੁਖਾਰਬਿੰਦ ਵਿਚ ਪਾਉਣ ਵਾਲੇ ਦਸ਼ਮੇਸ਼ ਜੀ ਦੇ ਹੀ ਸਿੱਖ ਮੰਨੇ ਜਾ ਸਕਦੇ ਹਨ ?

੯- ਤੁਹਾਡੇ ਹੀ ਸ਼ਹਿਰ ਦੇ ਪਿਆਰਾ ਸਿੰਘ ਪਦਮ ਨੇ ੨੧ ਵੇ ਚਰਿਤ੍ਰ-- ਅਨੂਪ ਕੌਰ ਵਾਲੀ ਕਹਾਣੀ ਜਿਸ ਵਿਚ ਇਹ ਕਵਤਾ ਹੈ--

ਸੁਧਿ ਜਬ ਤੇ **ਹਮ ਧਰੀ** ਬਚਨ ਗੁਰ ਦਏ ਹਮਾਰੇ ॥ ਪੂਤ ਇਹੈ ਪ੍ਰਬ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥ [ਭਾਵ, ਦਸ਼ਮੇਸ਼ ਜੀ ਨੇ ?]
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥ ਪਰ ਨਾਰੀ ਜੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥ ੫੧ ॥

ਦਸ਼ਮੇਸ਼ ਜੀ ਦੇ ਪਾਵਨ ਜ਼ਾਤ ਨਾਲ ਮੜ੍ਹੀ ਹੋਈ ਹੈ। ਉਸ ਕਹਾਣੀ ਵਿਚ ਰਾਜੇ ਰੂਪ ਦਸ਼ਮੇਸ਼ ਜੀ ਨੂੰ, ਝੂਠਾ, ਡਰੂ, ,ਬੇਅਸੂਲਾ ਅਤੇ ਆਪਣੀ ਕਮਜ਼ੋਰੀ ਲੁਕਾਉਣ ਲਈ ਰਿਸ਼ਵਤਾਂ ਦਿੰਦਾ, ਹੀਣਤਾ ਦੀ ਏਡੀ ਡੂੰਘੀ ਖੱਡ ਵਿਚ ਪਿਆ ਦਰਸਾਇਆ ਹੈ ਕਿ ਸ਼ਰਮ ਨਾਲ ਪਾਣੀ ਪਾਣੀ ਹੋ ਜਾਈਦਾ ਹੈ। ਕਹਾਣੀਆਂ ਏਡੇ ਹੋਲੇ ਮੇਲ ਦੀਆਂ ਬਿਨਾ ਕਿਸੇ ਸਿਰ ਪੇਰ ਦੇ ਹਨ। ਗ੍ਰੰਥ ਅਰੰਭ ਤਾਂ ਹੁੰਦਾ ਹੈ ਵਜ਼ੀਰ ਅਤੇ ਰਾਜੇ ਦੀ ਗੱਲ ਬਾਤ ਤੋਂ ਪਰ ਫਿਰ ਇਸ ਅਰੰਭ ਦਾ ਚੇਤਾ ਹੀ ਭੁੱਲ ਜਾਂਦਾ ਹੈ। ਚਰਿਤਰਾਂ ਦੀ ਗਿਣਤੀ ਵੀ ਗ਼ਲਤ। ਕਈ ਤਰ੍ਹਾਂ ਦੀਆਂ ਭੁੱਲਾਂ ਅਭੁੱਲ ਸਤਿਗੁਰਾਂ ਦੇ ਨਾਮਣੇ ਨਾਲ ਮੜ੍ਹੀਆਂ ਹੋਈਆਂ ਹਨ। ਪਤਾ ਨਹੀਂ ਕਿਹੜੀ ਕਹਾਣੀ ਕਿਸ ਮਤਲਬ ਲਈ ਲਿਖੀ ਗਈ ਹੈ। ਝੂਠ ਅਤੇ ਆਸਲੀਲਤਾ ਦਾ ਸੜਾਂਦ ਮਾਰਦੇ ਉਸ ਸਾਗਰ ਵਿਚ ਜੇ ਕੋਈ ਸੁਗੰਧੀ ਵਾਲਾ ਫੁੱਲ ਰਲਾਇਆ ਵੀ ਹੈ ਤਾਂ ਕੇਵਲ ਜ਼ਹਿਰ ਦੀ ਪੁੜੀ ਸੰਘੋਂ ਹੇਠਾਂ ਉਤਾਰ ਦੇਣ ਦੀ ਸ਼ਰਾਤ ਨਾਲ।

**੧੦-** ਦਾਸ ਨੇ ਅਸ਼ਲੀਲਤਾ ਦੀਆਂ ਵਣਗੀ ਮਾਤਰ ਟੂਕਾਂ ਪੇਸ਼ ਕੀਤੀਆਂ ਹਨ। ਤੁਸੀ ਤਾਂ ' ਸਰਬਉੱਚ ਡਿਗਰੀਆਂ ਦੇ ਮਾਲਕ ਹੋ, ਕੀ, ਏਸੇ ਗ੍ਰੰਥ ਵਿਚੋਂ ਕਿਸੇ ਅਜੇਹੀ **spirtuality** ਦੀ ਸਿਖਿਆ ਵਾਲਾ ਇੱਕਸਾਰ ਕੇਵਲ ਇੱਕ ਸਫ਼ਾ ਲਿਖ ਕੇ ਭੇਜ ਸਕਦੇ ਹੋ ਜੋ ਗੁਰੂ ਬਾਣੀ ਦੀ ਕਸਵੱਟੀ ਤੇ ਪੂਰਾ ਉਤਰਦਾ ਹੋਵ**?** ' **ਬੇਨਤੀ ਚੌਪਈ** ' ਦਾ ਜ਼ਿਕਰ ਇਸ ਕਰਕੇ ਅਰਥਹੀਨ ਹੈ, ਕਿਉਂ ਜੋ ਉਸ ਦਾ ਅਰੰਭ ਹੀ " ਸਰਬੱਤ ਦੇ ਭਲੇ ' ਦੀ ਪੰਥਕ ਅਰਦਾਸ ਦੀ ਖੰਡਨਾਂ ਤੋਂ ਹੁੰਦਾ ਹੈ। (੧) **ਹਮਰੀ** ਕਰੋ ਹਾਥ ਦੇ ਰੱਛਾ (੨) **ਹਮਰੇ** ਦੁਸ਼ਟ ਸਭੈ ਤੁਮ ਘਾਵਹੁ (੩) ਸੁਖੀ ਬਸੇ ਮੋਰੋ ਪਰਵਾਰਾ (੪) **ਮੋ ਰੱਛਾ** ਨਿਜ ਕਰ ਦੈ ਕਰੀਯੈ। (੫) ਆ ਹਾਥ ਦੈ **ਮੁਝੈ** ਉਬਰੀਐ ॥ ਆਦਿ ਹਰ ਥਾਂ ਸਰਬਤ ਦਾ ਭਲਾ ਮੰਗਣ ਵਾਲੀ ਭਾਵਣਾ ਦਾ ਅਭਾਵ। ਅਤੇ ਇਉਂ ਲਗਦਾ ਹੈ ਜਿ ਲਿਖਾਰੀ ਮੌਤ ਦੇ ਸਮੇ ਤੋਂ ਬੜਾ ਭੈਭੀਤ ਹੋਵੇ ਤੇ ਪੁਕਾਰਾਂ ਕਰ ਰਿਹਾ ਹੈ ਕਿ ਹਾਏ ਮੇਰਾ-- **ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥** (ਮੇਰੇ ਮਨ ਵਿਚੋਂ) ਮੌਤ ਦੇ ਸਮੇ ਦਾ ਤ੍ਰਾਸ (ਦੁਖ, ਤਕਲੀਫ਼ ਦਾ ਭੈ) ਦੂਰ ਕਰ ਦਿਉ। ਅਜੇਹੇ ਬਚਨ ਗੁਰਮਤਿ ਦੀ ਘੋਰ ਖੰਨਾਂ ਵਾਲੇ ਹਨ। ਕਿਉਂਕਿ **ਮੌਤ ਦੇ ਸਮੇ ਦਾ ਭੈ** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ **ਆਪਣੇ ਕਈ ਫ਼ੁਰਮਾਨਾ ਦੁਆਰ ਉੱਕਾ ਹੀ ਖ਼ਤਮ ਕਰ ਦਿੱਤਾ ਹੋਇਆ ਹੈ:--**

**(੧) ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥ ੧॥ (੨) ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨ ਪਾਇਆ ॥ ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥ ੩ ॥** (੩) **ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ ॥ ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ ॥੮॥** ੪) **ਨਾਨਕ ਪ੍ਰਭੁ ਮੇਰੈ ਸਾਥੇ ॥ ਜਨਮ ਮਰਣ ਭੈ ਲਾਥੇ ॥੪॥** (੫) **ਗੁਰ ਪਰਸਾਦਿ ਤਿਸੁ ਸਦਾ ਧਿਆਈ ॥ ਜਨਮ ਮਰਣ ਭੈ ਕਾਟੇ ਮੋਹਾ, ਬਿਨਸੇ ਸੋਗ ਸੰਤਾਪੇ ਜੀਉ ॥੩॥** (੬) **ਜਨਮ ਮਰਣ ਦੁਖੁ ਨੇੜਿ ਨ ਆਵੈ ਮਨਿ ਸੋ ਪ੍ਰਭੁ ਅਪਰ ਅਪਾਰਾ ਹੇ ॥ ੧੨ ॥** (੭) ਉਹੁ **ਅਬਿਨਾਸੀ ਰਾਇਆ ॥ ਨਿਰਭਉ ਸੰਗਿ ਤੁਮਾਰੈ ਬਸਤੇ, ਇਹੁ ਡਰਨੁ ਕਹਾ ਤੇ ਆਇਆ ॥ ੧ ॥ ਰਹਾਉ ॥** (੮) **ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥** (੯) ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੇ ਦੁਆਰੁ ॥ ਮਤ ਹਰਿ ਪੂਛੈ ਕਉਨ ਹੈ ਪਰਾ ਹਮਾਰੇ ਬਾਰ ॥ ੬੧॥ ਜੇ ਰੱਬ ਨਾਲ ਸਾਂਝ ਬਣਾ ਲਏਂ ਤਾਂ ਹੇ ਮਨ !--**ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਸਚਿੰਦ ਨਿਸਲੁ ਹੋਇ ਰਹੀਐ ॥ ਉਠਦਿਆ ਬਹਿਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ ਜਨ ਨਾਨਕ ਗੁਰਮੁਖਿ ਹਰਿ ਲਹੀਐ॥ ੨੧ ॥**[੫੯੪]

**੧੧-** ਹੁਣ ਤੁਸੀਂ ਹੀ ਸਮਝਾਉਣ ਦੀ ਮਿਹਰ ਕਰ ਦਿਉ ਕਿ, ਜੇ ਮੰਦ ਪੜ੍ਹਨ ਸੁਣਨ ਨਾਲ ਆਚਰਨ ਤੇ ਘਾਤਕ ਅਸਰ ਨਹੀਂ ਸੀ ਪੈਦਾ ਤਾਂ ਸਤਿਗੁਰਾਂ ਨੇ ਅਕਾਲਪੁਰਖ ਦੇ ਦਰਬਾਰ ਇਹ ਫ਼ਰਿਆਦ ਕਿਸ ਕਾਰਨ ਕਰਨੀ ਸੀ ? :--

**ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥**

**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥ ੧ ॥ ਰਹਾਉ ॥ [੮੨੦]**

ਸਾਹਿਬ ਸਿੰਘ ਜੀ ਨੇ **ਸਾਕਤ ਗੀਤ** ਦਾ ਅਰਥ ਗੰਦੇ ਗੀਤ ਲਿਖਿਆ ਹੋਇਆ ਹੈ। ਤੁਸੀ ਕਿਹੜੇ ਅਣਜਾਣ ਹੋ**?**

ਗੁਰੂ ਗ੍ਰੰਥ ਸਾਹਿਬ ਜੀ ਦੇ ਅਜੇਹੇ ਕਈ ਫ਼ੁਰਮਾਨ ਹਨ ਜਿਨ੍ਹਾਂ ਵਿਚ ਸਦਾ ਸੱਚ ਵੇਖਣ ਦੀ, ਸੱਚ ਸੁਣਨ ਦੀ, ਸੱਚ ਖਾਣ ਦੀ, ਸੱਚ ਪੀਣ ਦੀ ਸੱਚ ਹੰਡਾਉਣ ਦੀ, ਤਾਕੀਦਾ ਕੀਤੀ ਹੋਈ ਹੈ। ਗੁਰਬਾਣੀ ਦਾ ਫ਼ਤਵਾ ਹੈ ਕਿ ਵੇਖੇ ਸੁਣੇ ਅਤੇ ਕੀਤੇ ਹਰ ਕੁਝ ਦੇ ਸੰਸਕਾਰ ਮਨ, ਚਿਤ, ਹਿਰਦਾ ਆਤਮਾ ਕਬੂਲਦਾ ਰਹਿੰਦਾ ਹੈ ਅਤੇ ਇਹ ਸੰਸਕਾਰ ਮਨੁੱਖ ਦਾ ਪਿੱਛਾ ਨਹੀਂ ਛੱਡਦੇ। ਖਿਮਾ ਕਰਨਾ ਜੀ--ਭਾਵੇਂ ਤੁਸੀਂ ਕਿੱਡੇ ਵੀ ਵਿਦਵਾਨ ਹੋ, ਪਰ ਸੁਹਿਰਦਤਾ ਨਾਲ ਤੁਸੀਂ ਆਪਣੇ ਅੰਦਰ ਝਾਤੀ ਮਾਰੋ, ਕੀ, ਤੁਹਾਡਾ ਮਨ ਤੁਹਾਨੂੰ ਕਦੇ ਵੀ ਅਜੇਹੇ ਗੰਦ ਵਿਚ ਨਹੀਂ ਲੈ ਵੜਦਾ ਜਿਹੜਾ ਤੁਸਾਂ ਸੁਣਿਆਂ ਵੇਖਿਆ ਜਾਂ ਪੜ੍ਹਿਆ ਹੋਵੇ? ਮਨ ਬਾਰੇ ੨੦੦ ਦੇ ਕਰੀਬ ਗੁਰੂ-ਸ਼ਬਦ ਪੁਸਤਕ ਦੇ ਅਠਵੇ ਨੌਵੇਂ ਭਾਗ ਵਿਚ ਅਰਥਾਂ ਸਮੇਤ ਲਿਖੇ ਹਨ। ਮਨ ਦੀਆਂ ੨੯ ਹਾਲਤਾਂ ਘੱਟੋ ਘੱਟ ਪੰਜ ਅਤੇ ਕਈ ਥਾਂਈ ਵਧ ਗੁਰੂ ਫ਼ੁਰਮਾਨ ਲਿਖ ਕੇ ਸਪੱਸ਼ਟ ਕੀਤੀਆਂ ਹਨ। ਮਨ ਦੀ ਚੰਚਲਤਾ ਦੇ ਅੱਗੇ ਸਾਰਾ ਸੰਸਾਰ ਗ਼ੋਡਿਆਂ ਪਰਨੇ ਹੋਇਆ ਨਜ਼ਰੀਂ ਆ ਰਿਹਾ ਹੈ। ਹਾਂ, ਮਨ ਦੇ ਪਿਛੇ ਨਾ ਲੱਗ ਤੁਰਨਾਂ, ਇਹ ਤੁਹਾਡੇ ਵੱਸ ਵਿਚ ਜ਼ਰੂਰ ਹੈ। ਪਰ ਇਸ ਨੂੰ ਸਥਿਰ ਮੌਤ ਹੀ ਕਰਦੀ ਹੈ। ਬਸ ਉਨ੍ਹਾਂ ਸੰਸਕਾਰਾਂ ਤੋਂ ਬਚਨ ਲਈ ਤਿਰਯਾ ਚਰਿਤਰਾਂ ਵਾਲੀ ਅਸ਼ਲੀਲਤਾ ਮਨੁੱਖਤਾ ਲਈ ਘਾਤਕ ਹੈ। ਜੇ ਤੁਸੀ ਇਸ ਦਲੀਲ ਨੂੰ ਗੁਰਬਾਣੀ ਦੁਆਰਾ ਮਨਮਤਿ ਸਿੱਧ ਕਰ ਦਿਉ ਤਾਂ ਦਾਸ ਦੇ ਮਨ ਦਾ ਬੜਾ ਵਡਾ ਭਰਮ ਦੂਰ ਹੋ ਜਾਵੇ ਅਤੇ ਆਪ ਦਾ ਉਪਕਾਰ ਜਨਮ ਜਨਮਾਂਤ੍ਰਾਂ ਤੱਕ ਯਾਦ ਰਹੇ।

**੧੨-** ਜਿਸ ਬਾਣੀ ਨੂੰ ਦਸ਼ਮੇਸ਼ ਜੀ ਨੇ ਆਪ ਕਿਸੇ ਗਿਣਤੀ ਵਿਚ ਨਹੀਂ ਮਿਥਿਆ ਉਸ ਨੂੰ ਪੰਥ ਦੇ ਹਿਤਾਂ ਲਈ ਲਹੇਵੰਦ ਕਹਿਣ ਵਾਲੇ ਹੀ ਪੰਥ ਦੀ ਇੱਕ ਸੁਰਤਾ ਦੀ ਅਤੇ ਇੱਕ ਮੁੱਠਤਾ ਦੀ ਜੜ੍ਹੀਂ ਤੇਲ ਪਾਈ ਜਾ ਰਹੇ ਹਨ। ਕੇਵਲ ਗੁਰੂ ਗ੍ਰੰਥ ਸਾਹਿਬ ਨਾਲ ਹੀ ਜੁੜੇ ਰਹਿਣ ਦੀ ਦੁਹਾਈ ਪੰਥ ਦੇ ਭਲੇ ਵਿਚ ਹੈ। ਗੁਰੂ ਤਾਂ ਮੰਨਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਰ ਗੁਣ ਗਾਉਣੇ ਕਿਸੇ ਹੋਰ ਗ੍ਰੰਥ ਵਿਚਲੀ ਕਥਿਤ ਅਸ਼ਲੀਲਤਾ ਦੇ। ਇਸ ਮੰਤਕ ਦਾ

ਭੇਤ ਦਾਸ ਨੂੰ ਸਮਝਾ ਭੇਜੋ ਉਪਕਾਰ ਹੋਵੇਗਾ। ਕੁਰਾਨ ਸ਼ਰੀਫ ਵਿਚ ਤਾਂ ਦਸਮ ਗ੍ਰੰਥ ਨਾਲੋਂ ਵੀ ਵੱਧ Spirtuality ਹੈ ਉਸ ਨੂੰ ਵੀ ਆਪਣੇ ਧਰਮ ਵਿਚ ਕਿਸ ਕਾਰਨ ਨਹੀਂ ਧੂ ਲਿਆਉਂਦੇ ? ਬਾਈਬਲ ਵੀ ਕੋਈ ਪਿੱਛੇ ਨਹੀਂ ਰਹੀ ਹੋਈ। ਫਿਰ ਗੁਰੂ ਨਾਨਕ ਜੀ ਦਾ ਗਿਆਨ ਸੰਸਾਰ ਤੋਂ ਨਿਆਰਾ ਕਿਵੇਂ ਰਿਹਾ?

ਖੋਹਲ ਕੇ ਕਿਸੇ ਉਦਾਹਰਣ ਨਾਲ ਸਮਝਾਉ ਕਿ ਕਿਹੜਾ ਪੱਖ ਪੰਥ ਲਈ ਕਿਨ੍ਹਾਂ ਕਾਰਨਾ ਕਰਕੇ ਮਾੜਾ ਜਾਂ ਚੰਗਾ ਹੈ। ਐਵੇਂ ਫਤਵੇ ਦੇਈ ਜਾਣੇ ਡਿਕਡੇਕਰਾਂ ਦੇ ਜ਼ਿਮੇ ਹੀ ਰਹਿਣ ਦੇਈਏ। ਜੇ ਗੁਰਮਤਿ ਦੀ ਸਿਖਿਆ ਲਿਖ ਭੇਜੋ ਤਾਂ ਦਾਸ ਤੇ ਆਪ ਜੀ ਦਾ ਬੜਾ ਵਡਾ ਉਪਕਾਰ ਹੋਵੇਗਾ। ਗੁਰਮਤਿ ਵਿਚਾਰਾਂ ਗੁਰਬਾਣੀ ਫ਼ੁਰਮਾਨਾਂ ਦੇ ਅਧਾਰ ਤੇ ਹੋਣੀਆਂ ਜ਼ਰੂਰੀ ਹਨ। ਭਉ ਤੋਂ ਸਖਣੀ, ਗੁਰੂ ਬਾਣੀ ਦੇ ਹੁਕਮ-ਸ਼ਿੰਗਾਰ ਤੋ ਹੀਣੀ ਦਲੀਲ **ਮਨਮਤਿ** ਹੈ ਅਤੇ ਮਨਮਤਿ ਬਾਰੇ ਗੁਰੂਉਪਦੇਸ਼ ਦੀ ਝਲਕ ਮਾਤ੍ਰ ਇਸ ਪ੍ਰਕਾਰ ਹੈ--੧)**ਭਉ ਮੁਚੁ ਭਾਰਾ ਵਡਾ ਤੋਲ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ। ਨਦਰੀ ਕਰਮੀ ਗੁਰ ਬੀਚਾਰੁ ॥੧॥**[੧੫੧] **(੨) ਹਉਮੈ ਕਰਤਿਆ ਨਹ ਸੁਖ ਹੋਇ ॥ ਮਨਮਤਿ ਝੂਠੀ ਸਚਾ ਸੋਇ ॥ ਸਗਲ ਬਿਗੂਤੇ ਭਾਵੈ ਦੋਇ ॥ ਸੋ ਕਮਾਵੈ ਧੁਰਿ ਲਿਖਿਆ ਹੋਇ ॥੧॥**[੨੨੨] (੩) **ਮਤੜੀ ਕਾਂਢੁ ਕੁਆਹ ਪਾਵ ਧੋਵੰਦੋ ਪੀਵਸਾ ॥ ਮੂ ਤਨਿ ਪ੍ਰੇਮੁ ਅਥਾਹ ਪਸਣ ਕੂ ਸਚਾ ਧਣੀ ॥੩॥**[੧੦੯੯]੪) **ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥ ਮਤਿ ਮਲੀਣ ਪਰਗਟ ਭਈ ਜਪਿ ਨਾਮੁ ਮੁਰਾਰਾ ॥ ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥ ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥**[੧੬੩] (੫) **ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥ ਬਿਨਸਿ ਗਈ ਹਉਮੈ ਮਤਿ ਮੇਰੀ ॥ ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ ॥੧੩॥**[੧੦੭੨]

ਪਰਮ ਪਿਰੇ ਡਾਕਟਰ ਸਾਹਿਬ ਜੀਓ ! ਜੇ ਇਸ ਬਿਰਧ ਤੇ ਦਇਵਾਨ ਹੋਏ ਹੋ ਤਾਂ ਦਾਸ ਦੀ ਲਿਖਤ ਵਿਚ ਗੁਰਮਤਿ ਸੋਧ ਕਰ ਭੇਜੋ। ਦਾਸ ਨੂੰ ਸਮਝਾਉ ਕਿ ਗੁਰਮਤਿ ਤੋਂ ਬਾਹਰ ਜਾਣਾ ਅਸਿੱਖੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਜਾਣ ਉਪ੍ਰੰਤ ਵੇਦਾਂ ਪੁਰਾਣਾ ਨਾਲ ਸਾਡਾ ਵਾਸਤਾ ਕੀ ਰਹਿ ਗਿਆ?

**ਵੇਦ ਪੁਕਾਰੇ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥**
**ਤ੍ਰੈਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥ ੭ ॥**

ਤੁਸੀ ਸ਼ਾਇਦ ਕਿਨ੍ਹਾਂ ਲੋਕਾਂ ਨੂੰ Scholar ਸਮਝਦੇ ਹੋਵੋਗੇ, ਦਾਸ ਲਈ ਤਾਂ--**ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥** ਜੇ ਦਾਸ ਦਾ ਇਹ ਵਿਚਾਰ ਹੁਣ ਪੁਰਾਣਾ ਅਤੇ ਪੁਠੇ ਰਾਹ ਪਾਉਣ ਵਾਲਾ ਹੈ ਕਿ,--"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਦੇ ਮਾਲਕ ਸੱਚੇ ਗੁਰੂ ਮੰਨ ਕੇ ਸਾਨੂੰ ਕੇਵਲ ਉਨ੍ਹਾਂ ਦੀ ਹੀ ਸਿਖਿਆ ਤੇ ਚਲਣਾ ਚਾਹੀਦਾ ਹੈ--ਜੇ ਇਨ੍ਹਾਂ ਵਿਚਾਰਾਂ ਨੂੰ ਕਥਿਤ Modern ਵਿਦਿਆ ਤੋਂ ਕੁਰਬਾਨ ਕਰਕੇ ਮੁੜ ਵੇਦਾਂ ਦੀ ਸਿਖਿਆ ਨਾਲ ਹੀ ਜੁੜ ਜਾਣਾ ਚਾਹਦਿਾ ਹੈ--ਤਾਂ ਦਾਸ ਨੂੰ ਸਪੱਸ਼ਟ ਸ਼ਬਦਾਂ ਵਿਚ ਸੋਧ ਦੇਣ ਦੀ ਮਿਹਰ ਕਰੋ। ਗੱਲ ਮਾਂ ਬੋਲੀ ਵਿਚ ਹੀ ਕਰੀਏ ਤਦ ਹੀ ਸੋਭਾ ਹੈ। ਸ਼ਾਇਦ ਤੁਸੀ ਭਾਵੇਂ ਆਪਣੇ ਬੱਚਿਆਂ ਨਾਲ ਵੀ ਅੰਗ੍ਰਜ਼ੀ ਹੀ ਬੋਲਦੇ ਹੋਵੋਂ, ਪਰ ਦਾਸ ਤਾਂ ਏਥੇ ਗੋਰਿਆਂ ਵਿਚ ਵੀ ਆਪਣੀ ਬੋਲੀ ਦੀ ਸੋਭਾ ਕਰਦਾ ਨਹੀਂ ਥੱਕਦਾ। ਜੇ ਤੁਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਅੰਗ੍ਰੇਜ਼ੀ ਵਿਚ ਗੱਲ ਨਹੀਂ ਕਰ ਸਕਦੇ ਤਾਂ ਉਨ੍ਹਾਂ ਦੇ ਸ਼ਰਧਾਲੂ ਸਿੰਘ ਨਾਲ ਪੰਜਾਬੀ ਵਿਚ ਬੋਲਦਿਆਂ ਸ਼ਰਮ ਕਿਸ ਗੱਲ ਦੀ?

**੧੩**- ਕਿਸੇ ਖ਼ਾਸ ਵਿਸ਼ੇ ਨੂੰ ਸਪੱਸ਼ਟ ਕਰਨ ਲਈ ਸਾਰੇ ਦਸਮ ਗ੍ਰੰਥ ਵਿਚੋਂ ਚਾਰ ਸ਼ਬਦ ਹੀ ਲੱਭ ਦਿਓ। ਅਸ਼ਲੀਲਤਾ ਅਤੇ ਝੂਠ=ਕਹਾਣੀਆਂ ਦੀ ਤਾਂ ਹਨੇਰੀ ਝੁੱਲ ਰਹੀ ਹੈ ਪਰ ਖੰਡੇ ਬਾਟੇ ਦੇ ਅੰਮ੍ਰਿਤ ਦੇ ਦਾਤੇ, ਦਸਮਗ੍ਰੰਥ ਦੇ (ਕਥਿਤ) ਲਿਖਾਰੀ ਸ੍ਰੀ ਦਸ਼ਮੇਸ਼ ਜੀ ਨੇ, ਦਸਮ ਗ੍ਰੰਥ ਵਿਚ " ਅੰਮ੍ਰਿਤ " ਲਫ਼ਜ਼ ਤੱਕ ਕਿਸ ਕਾਰਨ ਨਹੀਂ ਲਿਖਿਆ ? ਅੰਮ੍ਰਿਤ ਦੇ ਦਰਸ਼ਨ ਕਰਨੇ ਹੋਣ ਤਾਂ ਪੁਸਤਕ ਦੇ ਪੰਜਵੇ ਭਾਗ ਦਾ ਖਰੜਾ ਪੜ੍ਹਨ ਦੀ ਖੇਚਲ ਕਰ ਲੈਣੀ। ਅੰਮ੍ਰਿਤ ਦੇ ੧੪ ਅੱਡ ਅੱਡ ਰੂਪ ਸਮਝਾਉਣ ਲਈ ੯੧ ਗੁਰੂ ਫ਼ੁਰਮਾਨ ਅਰਥਾਂ ਸਮੇਤ ਲਿਖ ਕੇ ੩੭੦ ਗੁਰੂ ਸ਼ਬਦਾਂ ਦੀ ਸੂਚੀ ਦਿੱਤੀ ਹੋਈ ਹੈ। **ਇਹ ਸਮਝਾਉ ਕਿ** ਦਸਮਗ੍ਰੰਥ ਤੋਂ ਪੰਥ ਨੂੰ ਉਹ ਕਿਹੜੀ ਨਿਆਰੀ ਸੋਧ ਮਿਲਦੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਤੋ ਨਹੀਂ ਮਿਲ ਰਹੀ? **ਵੇਦਾਂ ਆਦਿ ਹਿੰਦੂ ਗ੍ਰੰਥਾਂ ਬਾਰੇ ਦਾਸ ਨੇ ਗੁਰਮਤਿ ਵਿਚਾਰ** ਛਪ ਚੁੱਕੀ ਪੁਸਤਕ ਵਿਚ ਲਿਖੇ ਹੋਏ ਹਨ। ਉਨ੍ਹਾਂ ਦੀ ਤਾਲੀਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਕੋਈ ਅਰਥ ਨਹੀਂ ਰੱਖਦੀ। ਦੂਜੀ ਪੁਸਤਕ " ਮਾਸੁ ਮਾਸੁ ਕਰਿ ਮੂਰਖ ਝਗੜੇ " ਹੈ ਦੋਹਾਂ ਬਾਰੇ ਗੁਰੂ ਨਾਨਕ ਦੇਵ ਯਨੀਵਰ ਸਿਟੀ ਦੇ ਕੁਝ ਜਾਣੇ ਪਛਾਣੇ ਵਿਦਵਾਨਾਂ ਨੇ ਅਤੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸਾਹਿਬ ਦੀ ਸ਼ਮੂਲੀਅਤ ਨਾਲ ਜੋ ਗੋਸ਼ਟੀ ਹੋਈ ਸੀ ਉਸ ਦੀ **Audio Cassette** ਆਪ ਜੀ ਦੀ ਸੇਵਾ ਵਿਚ ਭੇਜ ਰਿਹਾ ਹਾਂ। ਉਸੇ ਪੁਸਤਕ ਦੇ ਹੁਣ ਪੰਜ ਭਾਗ ਛਪ ਰਹੇ ਹਨ। ਪੰਜਵੇਂ ਭਾਗ ਦਾ ਖਰੜਾ ਆਪ ਜੀ ਦੀ ਸੇਵਾ ਵਿਚ ਭੇਜਣ ਦੀ ਸੱਧਰ ਆਪ ਜੀ ਦੀ ਸੁਹਿਰਦਤਾ ਅਤੇ ਖੁਲ੍ਹਦਿਲੀ ਨੇ ਪੈਦਾ ਕੀਤੀ ਹੈ। ਜੇ ਉਸ ਵਿਚੋਂ ਕੋਈ ਗੁਰਮਤਿ ਵਿਰੋਧੀ ਗੱਲ ਲੱਭ ਕੇ ਲਿਖ ਭੇਜਣ ਦੀ ਖੇਚਲ ਝਲ ਸਕਦੇ ਹੋ ਤਾਂ ਦਾਸ ਖਰੜਾ ਭੇਜ ਦੇਵੇ। ਇਸ ਪੁਸਤਕ ਦੇ ਕੁੱਲ ੧੦ ਭਾਗ ਤਿਆਰੀ ਦੇ ਨੇੜੇ ਪੁੱਜ ਰਹੇ ਹਨ। ਪੰਜਾਂ ਦੀ ਛਪਾਈ ਦੀ ਮਾਇਆ ਅੰਮ੍ਰਿਤਸਰ ਸ੍ਰੀ ਅਕਾਲ ਸਹਾਇ ਸੁਸਾਇਟੀ ਰਜਿਸਤ੍ਰਡ ਕੋਲ ਪੁੱਜ ਚੁੱਕੀ ਹੈ। ਮਾਇਆ ਅਤੇ ਪੁਸਤਕਾਂ ਸਾਰਾ ਕੁਝ ਸੁਸਾਇਟੀ ਦੀ ਭੇਟਾ ਹੈ ਅਤੇ ਆਉਣ ਵਾਲੀ ਸਾਰੀ ਮਾਇਆ ਗੁਰਮਤਿ ਪਰਚਾਰ ਤੇ ਖ਼ਰਚਣਾ ਉਸ ਸੁਸਾਇਟੀ ਦਾ ਵਿਧਾਨ ਹੈ।

ਸੱਚ ਕੌੜਾ ਜ਼ਰੂਰ ਲੱਗਦਾ ਹੈ ਪਰ ਫਲ ਸਦਾ ਬੜਾ ਮਿੱਠਾ ਹੁੰਦਾ ਹੈ। ਭੁੱਲਾਂ ਦੀ ਖਿਮਾ। ਆਪਣੇ ਚਰਨਾਂ ਦਾ ਦਾਸ ਸਮਝ ਕੇ **ਮੈ- ਮੂਰਖ** ਨੂੰ ਸੁਚੱਜੀ ਸੇਧ ਦੇਣ ਦਾ ਉਪਕਾਰ ਕਰ ਭੇਜੋ। ਨਿਰੇ ਫ਼ਤਵੇ ਦੇਈ ਜਾਣੇ ਆਪ ਜੀ ਵਰਗੇ ਅਧਿਆਪਕ ਨੂੰ ਨਹੀਂ ਸੋਭਦੇ। ਤੁਸੀ ਤਾਂ ਸਰਬ ਪੱਖੀ ਗਿਆਨ ਦਾ ਭੰਡਾਰ ਹੋ। ਗੁਰਮਤਿ ਗਿਆਨ ਦੀ ਬਖ਼ਸ਼ਸ਼ ਕਰੋ। ਅਤੇ ਜੇ ਦਾਸ ਨੂੰ ਕਿਸੇ ਸੇਵਾ ਦੇ ਜੋਗ ਸਮਝੋ ਤਾਂ ਆਪਣੇ ਵਡੇ ਭਾਗ ਸਮਝਾਂਗਾ। ਸਿਖਿਆ ਭਰਪੂਰ ਪੱਤਰ ਦੀ ਉਡੀਕ ਵਿਚ--

ਗੁਰਮਤਿ ਅਨੁਸਾਰ ਆਪਣਾ ਜੀਵਨ ਢਾਲਣ ਦੀ ਘਾਲਣਾ ਘਾਲ ਰਹੇ ਗੁਰਮੁਖਾਂ ਦੇ ਚਰਨਾਂ ਦੀ ਧੂੜ-- ਦਾਸ ਗੁਰਬਖ਼ਸ਼ ਸਿੰਘ

**ਨੋਟ:-ਪਹਿਲਾਂ ਵੀ ਦਾਸ ਲਿਖ ਚੁਕਿਆ ਹੈ ਕਿ ਅਜੇਹਾ ਸਾਰਾ ਪੱਤਰ ਵਿਹਾਰ ਅਖ਼ਰ ਉਸ ਪੁਸਤਕ ਦਾ ਭਾਗ ਬਣਨਾ ਹੈ ਜਿਹੜੀ ਲਿਖ ਕੇ ਪਹਿਲਾਂ ਪੰਥ ਦੇ ਸਰਬਉਚ ਜਥੇਦਾਰਾਂ ਦੀ ਸੇਵਾ ਵਿਚ ਬੇਜਣੀ ਹੈ ਅਤੇ ਉਪ੍ਰੰਤ ਪੰਥ ਦੀ ਕਚਹਿਰੀ ਵਿਚ ਪੇਸ਼ ਹੋਣ ਲਈ ਦੇਸ਼ ਵਿਦੇਸ਼ ਦੇ ਛਾਪੇ ਖਾਨਿਆਂ ਦੁਆਰਾ ਛਪੁਵਾ ਕੇ ਪੰਥ ਦੇ ਨੌਨਿਹਾਲ" ਤਕ ਪਚਾਉਣੀ ਹੈ।**

ੴ ਸਤਿਗੁਰ ਪ੍ਰਸਾਦਿ ॥
ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ ॥
ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ ॥ ੩ ॥

**ਗੁਰਮੁਖ ਪਿਆਰੇ ਸਃ ਗੁਰਚਰਨ ਸਿੰਘ ਜੀ--ਲਾਂਬਾ,**

**14727-BothelWay NE # 5**
**Shoreline. WA 98155**
**USA May 26 1998**

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ॥

ਸ੍ਰੀ ਦਸਮ ਗ੍ਰੰਥ ਜੀ ਪ੍ਰਤੀ ਅਪਾਰ ਸ਼ਰਧਾ ਅਤੇ ਜਾਣਕਾਰੀ ਦਰਸਾਉਂਦੇ, ਸੰਤ ਸਿਪਾਹੀ ਵਿਚ ਛਪੇ ਆਪ ਜੀ ਦਾ ਲੇਖ, ਆਪ ਜੀ ਦੀ ਸੇਵਾ ਵਿਚ ਹਾਜ਼ਰ ਹੋ ਸਕਣ ਦਾ ਸਾਧਨ ਬਣਿਆਂ ਹੈ। ਪੰਥਕ ਪਿਆਰ ਦੇ ਕਾਰਨ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਪ੍ਰੇਰਣਾ ਅਤੇ ਬਖ਼ਸ਼ਸ਼ ਦਾ ਸਦਕਾ ਦਾਸ ਨੇ ਇੱਕ ਪੁਸਤਕ--ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ--(ਭਾਗ ਪਹਿਲਾ) ਲਿਖੀ ਜੋ ੧੯੯੫ ਵਿਚ ਛਪੀ ਅਤੇ ਜਿਸ ਦੇ ਹੁਣ ਪੰਜ ਭਾਗ ਇਕੋ ਵਾਰੀ ਛਪ ਰਹੇ ਹਨ। ਦਾਸ ਦੇ ਸਿਰ ਤੇ ਮਿਹਰਾਂ ਭਰਿਆ ਆਪਣਾ ਹੱਥ ਰੱਖ ਕੇ ਸਤਿਗੁਰਾਂ ਨੇ ਦਾਸ ਕੋਲੋਂ ਇੱਕ ਪੁਸਤਕ--ਮਾਸ ਮਾਸ ਕਰਿ ਮੂਰਖ ਝਗੜੇ--ਵੀ ਲਿਖਵਾਈ ਜੋ ੧੯੯੬ ਵਿਚ ਛਪ ਕੇ ਸੰਸਾਰ ਦੇ ਕਈ ਦੇਸ਼ਾਂ ਵਿਚ ਪੁੱਜੀ। ਪੁਸਤਕਾਂ ਲਿਖਣ ਦੀ **ਪ੍ਰੇਰਨਾ** ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੁੜੇ ਇਨ੍ਹਾਂ--**[ਜਬ ਲਗ ਖਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਆ ਮੈਂ ਸਾਰਾ। ਭ** ਾਵ, ੧੯੪੯, ਤੋਂ ਤੇਜ ਪ੍ਰਤਾਪ ਖੁੱਸ ਜਾਣਾ ਸਿੱਧ ਕਰਦਾ ਹੈ ਕਿ, ਉਸ ਸਮੇਂ ਤੱਕ ਪੁੱਜਣ ਤੋਂ ਪਹਿਲਾਂ ਹੀ ਖ਼ਾਲਸਾ ਆਪਣੀ ਨਿਆਰੀ ਗੁਰਮਤਿ ਮਰਯਾਦਾ, ਨਿਆਰੀ ਜੀਵਨ ਮਰਯਾਦਾ, ਨਿਆਰਾ ਆਚਰਨ ਗਲ ਕੀ, ਆਪਣੀ ਵਿਲੱਖਣਤਾ ਗੁਆਈ ਤੁਰਿਆ ਆ ਰਿਹਾ ਸੀ। ਕਿਉਂਕਿ ਸਤਿਗੁਰਾਂ ਦੇ ਬਚਨਾਂ ਦਾ ਸਿੱਧਾ ਅਰਥ ਏਹੀ ਬਣਦਾ ਹੈ ਕਿ ਖਾਲਸਾ ਜੀ ਕੋਲ **Dooms Day** ਤੱਕ ਨਿਆਰੀਆਂ ਚੜ੍ਹਤਾਂ ਵਾਲਾ ਰਾਜ-ਭਾਗ ਰਹਿਣ ਦਾ ਸਾਧ ਬਚਨ ਹੋ ਚੁੱਕਾ ਸੀ, ਕੇਵਲ ਸ਼ਰਤ ਨਿਆਰਾ ਰਹਿਣ ਦੀ ਸੀ। ਅਤੇ ਫਿਰ-- **ਜਬ ਇਹ ਗਹੇ ਬਿਪ੍ਰਨ ਕੀ ਰੀਤ । ਮੈਂ ਨਾ ਕਰੂੰ ਇਨਕੀ ਪਰਤੀਤ**--ਜੇ ਇਸ ਨੇ ਬਿੱਪ੍ਰਨ ਕੀ ਰੀਤ ਅਪਣਾ ਲਈ, ਤਾਂ ਇਹ ਖ਼ਾਲਸਾ ਮੇਰੇ ਲਈ ਬੇਪ੍ਰਤੀਤਾ। ਮੈਂ ਇਸ ਦਾ ਕੁਝ ਨਹੀਂ ਲੱਗਦਾ। ਅਤੀਅੰਤ ਚਿੰਤਾਤੁਰ ਹੋ ਕੇ ਨਵੰਬਰ ੧੯੯੪--ਤੋਂ ਪੜਚੋਲ ਕਰਨੀ ਅਰੰਭ ਕਰ ਦਿੱਤੀ--" **ਕਿਤੇ ਸਚ ਮੁਚ ਖ਼ਾਲਸਾ ਬਿੱਪ੍ਰਨ ਕੀ ਰੀਤ ਦਾ ਧਾਰਨੀ ਵੀ ਤਾਂ ਨਹੀਂ ਬਣ ਚੁੱਕਾ ? ] ਬਚਨਾਂ ਤੋ ਮਿਲੀ । ਪੁਸਤਕਾਂ ਦੀ** ਛਪਾਈ ਦੀ ਜਿੰਮੇਵਾਰੀ ਸ੍ਰੀ ਅਕਾਲ ਸਹਾਇ ਸੁਸਾਇਟੀ Reg ਅੰਮ੍ਰਿਤਸਰ ਨਿਭਾ ਰਹੀ ਹੈ। ਕਰਤਾ ਧਰਤਾ ਸਃ ਜਸਵਿੰਦਰ ਸਿੰਘ ਜੀ ਐਡਵੋਕੇਟ ਮੈਂਬਰ SGPC ਅੰਮ੍ਰਿਤਸਰ ਹਨ।

ਗੁਰੂ ਬਾਣੀ ਦੀ ਕਸੱਵੱਟੀ ਤੇ ਪਰਖ ਕੇ ਹਰ ਉਸ ਮਘੋਰੇ ਨੂੰ ਨੰਗਾ ਕਰੀ ਜਾਣਾ ਧਰਮ ਬਣ ਗਿਆ ਜਿਸ ਥਾਣੀ ਪੰਥ ਦਾ ਨਿਆਰਾ ਪੁਣਾ ਧੋ ਖੜਨ ਵਾਲੀ ਬਿੱਪ੍ਰਨ ਕੀ ਰੀਤ ਦਾਖ਼ਲ ਹੋਈ ਅਤੇ ਨਿਰੰਤਰ ਦਾਖ਼ਲ ਹੁੰਦੀ ਜਾ ਰਹੀ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਬਾਰੇ ਪੜਚੋਲ ਕਰਨੀ ਵੀ ਉਸੇ ਤੌਖ਼ਲੇ ਦਾ ਹਿੱਸਾ ਹੈ ਜੀ। ਦਾਸ ਨੇ ਇੱਕ ਲੇਖ ਸ੍ਰੀ ਬਚਿੱਤ੍ਰ ਨਾਟਕ ਤੇ ਲਿਖਿਆ। ਉਸ ਦੇ ਉਤਾਰੇ ਉਨ੍ਹਾਂ ਸਾਰੇ ਵਿਦਵਾਨਾਂ ਕੋਲ ਟਿੱਪਣੀ ਲਈ ਭੇਜੇ ਜਿਹੜੇ--Gobind sadan Gadapur Mehrauli New Delhi ਮਿਤੀ ੩੧-੧੨-੧੯੯੭ ਵਿਚ ਹੋਏ Seminar ਤੇ ਪੁੱਜੇ ਸਨ। ਫਿਰ ਪਿਆਰਾ ਸਿੰਘ ਜੀ ਪਦਮ ਦੀ ਪੁਸਤਕ--**ਦਸਮ ਗ੍ਰੰਥ ਦਰਸ਼ਨ**--ਪੜ੍ਹੀ। ਸੰਤ ਸਿਪਾਹੀ ਵਿਚ ਛਪਦੇ ਉਨ੍ਹਾਂ ਦੇ ਲੇਖ ਪੜ੍ਹੇ ਅਤੇ ਆਸ ਬੱਝੀ ਕਿ ਉਹ ਦਾਸ ਨੂੰ ਠੀਕ ਸੇਧ ਬਖ਼ਸ਼ਸ਼ ਕਰਨਗੇ। ਆਪਣੇ ਸ਼ੰਕਿਆਂ ਦੇ ਨਾਲ ਸ੍ਰੀ ਬਚਿੱਤ੍ਰ ਨਾਟਕ ਬਾਰੇ ਲਿਖਿਆ ਉਹ ਲੇਖ ਉਨ੍ਹਾਂ ਦੀ ਸੇਵਾ ਵਿਚ ਭੇਜ ਦਿੱਤਾ। ਫਿਰ ਜਿਹੜੇ ਸੰਕੇ ਉਨ੍ਹਾਂ ਦੀ ਪੁਸਤਕ ਪੜ੍ਹ ਕੇ ਮਨ ਵਿਚ ਉਪਜੇ ਸਨ ਚਰਿਤ੍ਰੋ ਪਖਯਾਨ ਗ੍ਰੰਥ ਤੇ ਨਿਰਧਾਰਤ, ਚਿੱਠੀ ਦੀ ਸ਼ਕਲ ਵਿਚ ਉਹ ਸਾਰੇ ਸੰਕੇ ਉਨ੍ਹਾਂ ਦੀ ਸੇਵਾ ਵਿਚ ਲਿਖ ਭੇਜੇ। ਜੋਦੜੀਆਂ ਤਾਂ ਇਹ ਹਨ ਕਿ ਦਾਸ ਦੇ ਵਿਚਾਰ ਜੇ ਗੁਰਮਤਿ ਦੇ ਵਿਰੁੱਧ ਹਨ ਜਾਂ ਦਸਮ ਗ੍ਰੰਥ ਸਾਹਿਬ ਦੀ ਬਾਣੀ ਸਮਝਣ ਵਿਚ ਉਕਾਈ ਹੋਈ ਹੋਵੇ ਤਾਂ ਸੇਧ ਬਖ਼ਸ਼ਸ਼ ਕੀਤੀ ਜਾਵੇ। ਪਰ ਪਤਾ ਨਹੀਂ ਕਿਸੇ ਪਾਸਿਉਂ ਵੀ ਕੋਈ ਜਵਾਬ ਨਾ ਆਇਆ। ਪਿਆਰਾ ਸਿੰਘ ਜੀ ਵਲੋਂ ਇੱਕ ਚਿੱਠੀ ਮਿਲੀ, ਪਰ ਉਸ ਨੂੰ ਪੜ੍ਹ ਕੇ ਸਗੋਂ ਹੋਰ ਵੀ ਨਿਰਾਸਤਾ ਹੋਈ। ਬਿਨਾ ਕਿਸੇ ਲਿਖਤ ਦਾ ਹਵਾਲਾ ਦਿੱਤਿਆਂ ਐਵੇਂ ਲਿਖ ਦੇਣਾ ਕਿ ਲਿਖਾਰੀ ਦਾ ਲਿਖਣ ਢੰਗ ਠੀਕ ਨਹੀਂ, ਜਾਂ ਕੀ, ਅੱਜ ੩੦੦ ਸਾਲ ਪਿੱਛੋਂ ਏਹੀ ਸਿਆਣਾ ਰਹਿ ਗਿਆ ? ਅਜੇਹੀਆਂ ਤਰਕਾਂ ਲਿਖ ਭੇਜਣੀਆਂ ਕੋਈ ਠੀਕ ਗੱਲ ਨਹੀਂ ਹੈ। ਏਦਾਂ ਤਾਂ ਹਰਦੁਆਰ ਵਾਲੇ ਪਾਂਡੇ ਸਤਿਗੁਰਾਂ ਨੂੰ ਵੀ ਕਹਿ ਸਕਦੇ ਸਨ ਕਿ --ਅੱਜ ਦੋ ਢਾਈ ਹਜ਼ਾਰ ਸਾਲ ਪਿੱਛੋਂ ਤੂੰ ਵੱਡਾ ਸਿਆਣਾ ਕਿਧਰੋਂ ਆ ਗਿਆ ? ਕੀ ਪਤਾ ਕਿਸ ਸਮੇਂ ਕਿਸੇ ਤੇ ਕਿਸ ਤਰ੍ਹਾਂ ਦੀ ਮਿਹਰ ਹੋ ਜਾਣੀ ਹੁੰਦੀ ਹੈ ? ਲਿਖਤ ਤੋਂ ਹਵਾਲੇ ਦੇ ਕੇ ਉਸ ਨੂੰ ਝੂਠੀ ਜਾਂ, ਗੁਰਮਤਿ ਵਿਰੋਧੀ ਕਹਿਣ ਨਾਲ ਦਾਸ ਨੂੰ ਵੀ ਸਮਝ ਆਵੇ ਅਤੇ ਪਾਠਕ ਵੀ ਕਿਸੇ ਵਾਧੂ ਦੁਬਿਦਾ ਵਿਚ ਫਸਨੋਂ ਬਚ ਜਾਣ। ਗੱਲ ਦਲੀਲ ਦੀ ਹੋਣੀ ਚਾਹੀਦੀ ਹੈ, ਡਿਕਟੇਟਰਾਂ ਵਾਲੀ ਹੂੜ ਮਤਿ ਵਿਦਵਾਨਾਂ ਨੂੰ ਨਹੀਂ ਸੋਭਦੀ।

ਆਪ ਜੀ ਦੀ ਸੂਝ ਬੂਝ ਤੇ ਭਰੋਸਾ ਬਣਦਾ ਹੈ। ਠੀਕ ਸੇਧ ਮਿਲ ਜਾਣ ਦੀ ਆਸ ਬੱਝੀ ਹੈ। ਬਚਿੱਤ੍ਰ ਨਾਟਕ ਲੇਖ ਕਰੀਬ ੮੦ ਸਫ਼ੇ ਦਾ ਹੈ-ਪਦਮ ਜੀ ਦੇ ਨਾਮ ਚਿੱਠੀ ਵੀ ਏਡੀ ਹੀ ਹੈ ਅਤੇ ਦੁਰਗਾ ਦੇਵੀ ਦੇ ਤਿੰਨੇ ਚਰਿਤ੍ਰ--ਜੇ ਆਪ ਜੀ ਸਮਾ ਕੱਢ ਕੇ ਇਨ੍ਹਾਂ ਬਾਰੇ ਠੀਕ ਸੇਧ ਬਵਖ਼ਸ਼ਸ਼ ਕਰ ਸਕੋ ਤਾਂ ਦਾਸ ਧਨਵਾਦੀ ਹੋਵੇਗਾ ਅਤੇ ਜੋ ਪਾਠਕਾਂ ਦੀ ਕਚਿਹਰੀ ਵਿਚ ਵੀ ਠੀਕ ਠੀਕ ਗੱਲ ਪੁੱਜ ਸਕੇਗੀ । ਛਾਪੇ ਖ਼ਾਨੇ ਭੇਜਣ ਤੋਂ ਪਹਿਲਾਂ ਦਾਸ ਨੇ ਹਰ ਉਸ ਗੁਰਸਿੱਖ ਵਿਦਵਾਨ ਦੇ ਦਰ ਦਾ ਕੁੰਡਾ ਜ਼ਰੂਰ ਖੜਕਾਉਣਾ ਹੈ ਜਿਹੜੇ ਦਸਮ ਗ੍ਰੰਥ ਸਾਹਿਬ ਜੀ ਨੂੰ ਦਸ਼ਮੇਸ਼ ਜੀ ਦੀ ਕਿਰਤ ਮੰਨਦੇ ਹਨ। ਅਜੇ ਤੱਕ ਦਾਸ ਦਾ ਯਕੀਨ ਬਣ ਰਿਹਾ ਹੈ ਕਿ ਇਹ ਗ੍ਰੰਥ ਸਾਡੇ ਵਿਰੋਧੀਆਂ ਦੀ ਦੇਣ ਹੈ।

ਆਪ ਜੀ ਵਲੋਂ ਉੱਤਰ ਆਉਣ ਤੇ ਹੁਕਮ ਦੀ ਪਾਲਣਾ ਕਰਾਂਗਾ । ਵਾਹਿਗੁਰੂ ਜੀ ਆਪ ਨੂੰ ਪਰਵਾਰ ਸਹਿਤ ਸਦਾ ਚੜ੍ਹਦੀ ਕਲਾ ਦੀ ਜੀਵਨੀ ਬਖ਼ਸ਼ਸ਼ ਕਰੀ ਰੱਖਣ। ਗੁਰਮਤਿ ਅਨੁਸਾਰ ਆਪਣੀ ਜੀਵਨੀ ਢਾਲ ਰਹੇ ਗੁਰਮੁਖਾਂ ਦੀ ਚਰਨ ਧੂੜ--- ਦਾਸਰਾ

**ਅਤੀਯੰਤ ਖ਼ੁਸ਼ੀ ਹੋਈ ਜਦ ਉਪ੍ਰੋਕਤ ਚਿੱਠੀ ਦਾ, ਹੇਠ ਲਿਖਿਆ ਉੱਤਰ ਮਿਤੀ ੩੧ ਜੂਨ ਨੂੰ ਆ ਮਿਲਿਆ :-**

ੴ

**GurcarnjItSingh Lamba**
**(Advotate)**
**24. Shaheed Udham Singh Nagar .**
**Jalandhar City--144001**
**Phone (0I81)227665**

6--6- 1998

ਪਿਆਰੇ ਵੀਰ ਗੁਰਬਖ਼ਸ਼ ਸਿੰਘ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ । ਵਹਿਗੁਰੂ ਜੀ ਕੀ ਫਤਹਿ ।

ਆਪ ਜੀ ਦੀ ਚਿੱਠੀ ਲਈ ਧਨਵਾਦ। ਆਪ ਜੀ ਆਪਣੀ ਲਿਖਤ ਅਤੇ ਪਦਮ ਜੀ ਨੂੰ ਲਿਖੀ ਚਿੱਠੀ ਦੀ ਕਾਪੀ ਭੇਜ ਦੇਵੋ। ਸਤਿਗੁਰੂ ਜੀ ਦੀ ਬਖ਼ਸ਼ਸ਼ ਕੀਤੀ ਬੁੱਧਿ ਅਤੇ ਜੁਗਤਿ ਅਨੁਸਾਰ ਆਪਣੇ ਵਿਚਾਰ ਭੇਜਣ ਦੀ ਕੋਸ਼ਸ਼ ਕਰਾਂਗਾ ।ਆਪ ਜੀ ਦੀ ਚਿੱਠੀ ਪਾ ਕੇ ਖ਼ੁਸ਼ੀ ਹੋਈ ਕਿਉਂਕਿ ਸਤਿਕਾਰਯੋਗ ਗੁਰਪੁਰਵਾਸੀ ਗਿ: ਗੁਰਬਚਨ ਸਿੰਘ ਜੀ ਨਾਲ ਸਾਦੇ ਕਾਫ਼ੀ ਨਿੱਘੇ ਅਤੇ ਪਿਆਰੇ ਤੱਲਕ ਸਨ। ੧੯੮੪ ਦੇ ਘਲੂਘਾਰੇ ਨੇ ਸਾਨੂੰ ਪਟਨਾ ਸਾਹਿਬ ਤੋਂ ਇਥੇ ਲੈ ਆਂਦਾ ਹੈ।

ਆਪ ਸਭ ਦੀ ਚੜ੍ਹਦੀ ਕਲਾ ਦੀ ਅਰਦਾਸ ਸਹਿਤ ਆਪ ਦਾ ਵੀਰ

ਗੁਰਚਰਨ ਜੀਤ ਸਿੰਘ ।

ਖ਼ੁਸ਼ੀਆਂ ਵੰਡਦੇ ਇਸ ਪੱਤਰ ਦੇ ਪੁੱਜਣ ਉਪਰੰਤ ਦਾਸ ਦਾ ਬੇਨਤੀ ਪੱਤਰ:---

**ੴ ਸਤਿਗੁਰ ਪ੍ਰਸਾਦਿ ॥**
**ਜੇ ਵਡੇ ਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ ॥**
**ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ ॥ ੧ ॥**[੮੮੧]

**July-13 1998.**

**ਗੁਰਮੁਖ ਪਿਆਰੇ ਭਾਈ ਸਾਹਿਬ ਸ: ਗੁਰਚਰਨਜੀਤ ਸਿੰਘ ਜੀਓ,**

**ਵ**ਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਵਾਹਗੁਰੂ ਜੀ ਕੀ ਫਤਿਹ ॥

ਪਿਆਰ ਅਤੇ ਖ਼ੁਸ਼ੀਆਂ ਵੰਡਦਾ ਆਪ ਜੀ ਦਾ ੬-੬-੧੯੯੮ ਦਾ ਪੱਤਰ ਮਿੱਤੀ ੩੦ ਜੂਨ ੧੯੯੮ ਬੁੱਧਵਾਰ ਉਸ ਸਮੇ ਮਿਲਿਆ ਜਦ ਦਾਸ ਨਿਊਯਾਰਕ ਨੂੰ ਜਾਣ ਵਾਲੀ **Flight** ਤੇ ਚੜ੍ਹਨ ਲਈ ਹਵਾਈ ਅੱਡੇ ਨੂੰ ਤੁਰਨ ਵਾਲਾ ਸੀ। ਚਿੱਠੀ ਦੁਆਰਾ ਸੁੱਚੇ ਹਿਰਦੇ ਵਾਲੇ ਗੁਰਮੁਖ ਦੇ ਦਰਸ਼ਨ ਹੋ ਜਾਣੇ ਦਾਸ ਲਈ ਬੜਾ ਹੀ ਸ਼ੁੱਭ ਸ਼ਗੁਨ ਸੀ। ਕਈ ਦਿਨ ਗੁਰਮੁਖਾਂ ਨਾਲ ਸ਼ਬਦ ਵਿਚਾਰ ਸਤਿਸੰਗ ਕਰਦੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ। ਕੱਲ ਹੀ ਆਪਣੇ ਆਹਲਣੇ ਵਿਚ ਪਰਤਿਆਂ ਹਾਂ।

ਆਪ ਜੀ ਦੇ ਪੱਤਰ ਤੋਂ ਉਤਸ਼ਾਹਤ ਹੋ ਕੇ ਦਾਸ ਆਪ ਜੀ ਦੀ ਸੇਵਾ ਵਿਚ ਸ੍ਰੀ ਬਚਿੱਤ੍ਰ ਨਾਟਕ --ਉਸ ਤੋਂ ਅੱਗੇ ਸ੍ਰੀ ਪਿਆਰਾ ਸਿੰਘ ਜੀ ਪਦਮ ਨਾਲ ਹੋਇਆ ਚਿੱਠੀ ਪੱਤ੍ਰ ਅਤੇ ਉਨ੍ਹਾਂ ਦੀ ਪੁਸਤਕ ਦਸਮ ਗ੍ਰੰਥ ਦਰਸ਼ਨ--ਦੇ ਅਧਾਰ ਤੇ ਚਰਿਤ੍ਰੋਪਖਯਾਨ ਗ੍ਰੰਥ ਬਾਰੇ ਲਿਖਿਆ ਚਿੱਠੀ ਰੂਪ ਲੇਖ--ਉਸ ਤੋਂ ਅੱਗੇ ਕਥਾ ਸ੍ਰੀ ਅਸਧੁਜ ਜੀ--ਭਾਵ ੪੦੫ਵਾਂ ਚਰਿਤ੍ਰ ਅਤੇ ਉਸੇ ਦੇ ਹੀ ਅੰਗ--ਬੇਨਤੀ ਚੌਪਈ--ਚੰਡੀ ਦੀ ਵਾਰ ਦੇ ਤਿੰਨੇ ਰੂਪ--ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿਚ ਸਿਰ ਨੀਵਾਂ ਕਰਕੇ ਖੜੇ ਦਰਸਾਏ ਹਨ।

ਭਾਵੇਂ ਦਾਸ ਦਾ ਨਿਜ-ਸੁਆਰਥ ਲੇਸ ਮਾਤ੍ਰ ਵੀ ਨਹੀਂ--ਕਈਆਂ ਵਿਦਵਾਨਾਂ ਦੀ ਸੇਵਾ ਵਿਚ ਬੇਨਤੀਆਂ ਲਿਖ ਭੇਜੀਆਂ ਸਨ--ਉਨ੍ਹਾਂ ਸਾਰਿਆਂ ਆਪ ਜੀ ਹੀ ਪਹਿਲੇ ਸੱਜਣ ਪਿਆਰੇ ਹੋ ਜਿਨ੍ਹਾਂ ਨੇ, (ਉੱਚ ਕੋਟੀ ਦੇ ਵਿਦਵਾਨ ਹੋਣ ਦੇ ਨਾਲ ਵਕਾਲਤ ਵਰਗੀ ਬੜੇ ਰੁਝੇਵੇਂ ਦੀ ਸੇਵਾ ਨਿਭਾਉਂਦੇ ਹੋਣ ਦੇ ਬਾਵਜੂਦ ਵੀ) ਦਾਸ ਜਿਹੇ ਅਲ੍ਹੜ ਮਨੁੱਖ ਦਾ ਲਿਖਿਆ ਪੜ੍ਹ ਕੇ ਗੁਰਮਤਿ ਸੋਧ ਦੀ ਬਖ਼ਸ਼ਸ਼ ਕਰਨ ਦਾ ਭਰੋਸਾ ਲਿਖ ਭੇਜਿਆ ਹੈ। ਨਿਰਸੰਦੇਹ ਆਪ ਜੀ ਸੁਹਿਰਦ ਗੁਰਮੁਖਿ ਪਿਆਰੇ ਸੁੱਚੇ ਸੱਚੇ ਉੱਤਮ ਗੁਰਸਿੱਖ ਹੋ ।ਪੁਸਤਕ ਦਾ ਖਰੜਾ ਅਤੇ ਵਿਦਵਾਨਾਂ ਨਾਲ ਹੋਇਆ ਚਿੱਠੀ-ਪੱਤਰ ਪਾਰਸਲ-ਰੂਪ ਡਾਕੇ ਪੈ ਚੁੱਕਾ ਹੈ। ਹੋ ਸਕਦਾ ਹੈ ਉਹ ਇੱਕ ਦੋ ਦਿਨ ਲੇਟ ਹੋ ਜਾਵੇ।

ਪਾਰਬ੍ਰਹਮ ਪਰਮੇਸ਼ਰ-ਰੂਪ ਸਤਿਗੁਰੂ ਨਾਨਕ ਸਾਹਿਬ ਜੀ ਆਪ ਜੀ ਨੂੰ ਸਹਿਤ-ਪਰਵਾਰ ਸਦਾ ਚੜ੍ਹਦੀ ਕਲਾ ਦੇ ਜੀਵਨ ਦੀ ਬਖ਼ਸ਼ਸ਼ ਕਰਦੇ ਰਹਿਣ। ਇਸ ਨਿਮਾਣੇ ਦਾਸਰੇ ਨੂੰ ਕਿਸੇ ਸੇਵਾ ਜੋਗ ਸਮਝੋ ਤਾਂ ਬੜੀ ਪ੍ਰਸੰਨਤਾ ਹੋਵੇ। ਸਾਰੇ ਪ੍ਰਵਾਰ ਵਲੋਂ ਆਪ ਜੀ ਦੇ ਪਰਵਾਰ ਨੂੰ ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫਤਹਿ ।

ਗੁਰਮਤਿ ਸੋਧਾਂ ਦੀ ਉਡੀਕ ਵਿਚ--

ਆਪ ਜੀ ਦਾ ਆਪਣਾ--

ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ

ਇਸ ਪੱਤਰ ਦੇ ਉੱਤਰ ਵਿਚ ਛਪੇ ਹੋਏ ਪੈਡ ਤੇ ਆਇਆ ਲਾਂਬਾ ਜੀ ਦਾ ਪੱਤਰ:---

ੴ ਵਾਹਿਗੁਰੂ ਜੀ ਕੀ ਫਤਹਿ ॥

**@ G U R C H A R N J I T S I N G H LAMBA @**

24 SHAHEED UDHAM SINGH NAGAR JALUDHAR CITY 144 001 PHONE: (0181) 227665

23 jULY

ਪਿਆਰੇ ਵੀਰ ਗੁਰਬਖ਼ਸ਼ ਸਿੰਘ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ ।

ਆਪ ਜੀ ਵਲੋਂ ਭੇਜਿਆ ਗਿਆ ਆਪ ਜੀ ਦੀ ਪੁਸਤਕ ਦੇ ਦਸਵੇਂ ਭਾਗ ਦਾ ਖਰੜਾ ਪ੍ਰਾਪਤ ਹੋਇਆ ਹੈ, ਧਨਵਾਦ। ਇਸ ਤੋਂ ਅਲਾਵਾ ਖੁਲ੍ਹੇ ਵਰਕਿਆਂ ਦੇ ਪੰਨਾ ੨੬-੩੭ ਮਿਲਿਆ ਹੈ। ਜੇ ਹੋ ਸਕੇ ਤਾਂ ਇਸ ਦੇ ਬਾਕੀ ਵਰਕੇ ਅਤੇ ਆਪ ਜੀ ਵਲੋਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖੀ ਚਿੱਠੀ ਅਤੇ ਪਦਮ ਸਾਹਿਬ ਦਾ ਜਵਾਬ ਵੀ ਭਿਜਵਾਣ ਦੀ ਕਿਰਪਾ ਕਰਨੀ ਜੀ।

ਇਹ ਇਕ ਹੈਰਾਨੀ ਅਤੇ ਗੰਭਗੀਰ ਚਿੰਤਾ ਦਾ ਵਿਸ਼ਾ ਹੈ ਕਿ ਇਤਨਾ ਕੁਝ ਪੜ੍ਹ ਲਿਖ ਨਕੇ ਵੀ ਆਪ ਜੀ ਦੀ ਦੁਬਿਧਾ ਦੂਰ ਨਹੀਂ ਹੋ ਰਹੀ। ਦਸਮ ਪਾਤਸ਼ਾਹ ਦੀ ਬਾਣੀ ਬਾਰੇ ਵਿਚਾਰਾਂ ਅਤੇ ਦੁਬਿਧਾ ਦਾ ਕਾਰਣ ਨਿਜ ਸੋਚ ਤੇ ਜ਼ਿਆਦਾ ਭਰੋਸਾ ਕਰ ਕੇ ਹੀ ਜਾਪਦੀ ਹੈ। ਸਾਂਝੀ ਸੋਚ ਨਿਜ ਸੋਚ ਨਾਲੋਂ ਉਤੱਮ ਹੁੰਦੀ ਹੈ। ਮੇਰੀ ਜਾਚੇ ਜੇ ਅਸੀ ਆਪਣੇ ਅਹੰ ਨੂੰ ਦਰਕਿਨਾਰ ਕਰ ਕੇ ਅਤੇ ਗੁਰੂ ਪੰਥ ਵਲੋਂ ਲਏ ਨਿਰਣਿਆਂ ਨੂੰ ਅਧਾਰ ਬਣਾਈਏ ਤਾਂ ਕੋਈ ਕਾਰਣ ਨਹੀਂ ਕਿ ਸਾਂਝੀ ਪੰਥਕ ਸੋਚ ਨਾ ਨਿਕਲੇ।

ਮੇਰੀ ਦਿਲੀ ਇੱਛਾ ਹੈ ਕਿ ਮੈਂ ਆਪ ਜੀ ਨਾਲ ਆਪ ਦੇ ਸਾਰੇ ਸ਼ੰਕਿਆਂ ਬਾਰੇ ਵਿਸਥਾਰ ਸਹਿਤ ਵਿਚਾਰ ਸਾਂਝੇ ਕਰਾਂ ਪਰ ਇਸ ਤੋਂ ਪਹਿਲਾਂ ਹੇਠ ਲਿਖੇ ਸਵਾਲਾਂ ਦਾ ਜਵਾਬ ਜੇ ਕਰ ਆਪ ਭੇਜ ਸਕੋ ਤਾਂ ਇਹ ਮੇਰੇ ਲਈ ਸਹਾਈ ਹੋਣਗੇ ।

* ਆਪ ਜੀ ਨੇ ਅੰਮ੍ਰਿਤ ਕਦੋਂ ਅਤੇ ਕਿੱਥੋਂ ਛਕਿਆ ।
* ਅੰਮ੍ਰਿਤ ਦੀ ਪ੍ਰਾਪਤੀ ਕਰਦਿਆਂ ਕਿਹੜੀਆਂ ਬਾਣੀਆਂ ਦਾ ਪਾਠ ਕੀਤਾ ਗਿਆ ?
* ਨਿਤਨੇਮ ਵਿਚ ਆਪ ਜੀ ਕਿਹਨਾਂ ਬਾਣੀਆਂ ਦਾ ਪਾਠ ਕਰਦੇ ਹੋ ?
* ਅੰਮ੍ਰਿਤ ਛਕਣ ਸਮੇ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਅਤੇ ਨਿਤਨੇਮ ਦੀਆਂ ਇਹਨਾਂ ਬਾਣੀਆਂ ਅਤੇ ਅਰਦਾਸ ਦੀ ਪਹਿਲੀ ਪਉੜੀ ਨੂੰ ਆਪ ਪਾਵਨ ਅਤੇ ਗੁਰੂ ਸਾਹਿਬ ਦੀ ਰਚਨਾ ਮੰਨਦੇ ਹੋ ਕਿ ਨਹੀ ?
* ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ ਵਲੋਂ ਗਿਆਨੀ ਭਾਗ ਸਿੰਘ ਵਿਰੁੱਧ ਜਾਰੀ ਕੀਤੇ ਹੁਕਮਨਾਮੇ ਅਤੇ ਉਹਨਾਂ ਵਲੋਂ ਤਖ਼ਤ ਸਾਹਿਬ ਤੇ ਪੇਸ਼ ਹੋ ਕੇ ਕੀਤੇ ਪਸਚਾਤਾਪ ਅਤੇ ਮਾਫ਼ੀ ਮੰਗਣ ਬਾਰੇ ਆਪ ਜੀ ਦੇ ਕੀ ਵਿਚਾਰ ਹਨ ?

ਦਾਸ ਗੁਰਚਰਨਜੀਤ ਸਿੰਘ ਲਾਂਬਾ

**ਦਾਸ ਵਲੋਂ ਉੱਤਰ--**

**੧ ੴ ਸਤਿਗੁਰ ਪ੍ਰਸਾਦਿ ॥**

14727-Bothel Way NE # 5
Shore Line W.A. 98155.
U.S.A. August 3-1997

ਗੁਰਮੁਖਿ ਪਿਆਰੇ ਸੁਹਿਰਦ ਸੱਜਣ ਲਾਂਬਾ ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਿਹ ॥

ਵਿਦਵਾਨ ਅਤੇ ਗੁਰਮੁਖਿ ਪਿਆਰੇ ਵੀਰ ਜੀ ਦਾ ਪਿਆਰਾ ਪੱਤਰ ਮਿਲਿਆ। ਪੜ੍ਹ ਕੇ ਪ੍ਰਸੰਨਤਾ ਵਿਚ ਵਾਧਾ ਹੋਇਆ। ਦਾਸ ਨੂੰ ੨੬-੨੭ ਸਫ਼ੇ ਤੋਂ ਯਾਦ ਨਹੀਂ ਆ ਰਿਹਾ ਕਿ ਇਹ ਸਫ਼ੇ ਕਿਹੜੇ ਲੇਖ ਦਾ ਹਿੱਸਾ ਹਨ। ਉਨ੍ਹਾਂ ਦਾ ਉਤਾਰਾ ਆ ਜਾਂਦਾ ਤਾਂ ਪੜ੍ਹ ਕੇ ਪਤਾ ਲੱਗ ਸਕਣਾ ਸੀ ਕਿ ਇਹ ਸਫ਼ੇ ਕਿਥੋਂ ਟੁੱਟ ਕੇ ਆਪ ਜੀ ਦੀ ਸੇਵਾ ਵਿਚ ਜਾ ਪੁੱਜੇ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲ ਕਈ ਚਿਠੀਆਂ ਲਿਖੀਆਂ ਹਨ। ਬੜੀਆਂ ਜ਼ਰੂਰੀ ਚਿੱਠੀਆਂ ਵਿਚੋਂ ਕੁਝ ਚਿਠੀਆਂ ਤੁਹਾਡੀ ਸੇਵਾ ਵਿਚ ਭੇਜ ਰਿਹਾ ਹਾਂ । ਜੇ ਹੁਕਮ ਹੋਇਆ ਤਾਂ ਬਾਕੀ ਵੀ ਹਾਜ਼ਰ ਹੋ ਜਾਣਗੀਆਂ।

ਜਿਸ ਨੂੰ ਆਪ ਜੀ ਨੇ ਦੁਬਿਧਾ ਸਮਝਿਆ ਹੈ ਉਹ ਤਾਂ ਪੈਦਾ ਹੀ ਗੁਰੂ ਬਾਣੀ ਗਿਆਨ ਤੋਂ ਹੋਈ ਹੈ। ਜਿੰਨਾਂ ਚਿਰ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਵ ਸ਼ਬਦ ਗੁਰੂ ਜੀ ਦੇ ਦਰਸ਼ਨ ਨਸੀਬ ਨਹੀਂ ਸਨ ਹੋਏ ਉਨਾ ਚਿਰ ਤਾਂ ਅਜੇਹੀ ਕਥਿਤ ਦੁਬਿਧਾ ਕਦੇ ਨੇੜੇ ਨਹੀਂ ਸੀ। ਆਪ ਜੀ ਦੇ ਇਸ ਪੱਤਰ ਦੇ ਪੁੱਜਣ ਤੋਂ ਪਹਿਲਾਂ ਸਤਿਗੁਰੂ-ਗਿਆਨ ਦੀ ਸੂਝ-ਬਖ਼ਸ਼ਸ਼ ਤੋਂ ਉਪਜੇ ਧੰਨਵਾਦ ਦੇ ਅਨੰਦ ਮਈ ਨਸ਼ੇ ਵਿਚ ਸਦਾ ਗੁਰਬਾਣੀ ਦੀ ਏਹੀ ਪੰਗਤੀ ਜ਼ਬਾਨ ਤੇ ਚੜ੍ਹੀ ਰਹਿੰਦੀ ਸੀ--**ਮਨ ਮਾਨਿਆ ਨਾਮੁ ਸਖਾਈ ॥ ਪਾਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ** ॥ ਰਹਾਉ ॥[੫੯੬] ਪਰ ਹੁਣ ਜਦ ਆਪ ਜੀ ਵਰਗੇ ਸੂਝਵਾਨ ਅਤੇ ਸੁਹਿਰਦ ਵਿਦਵਾਨ ਗੁਰਸਿੱਖ ਦੀ ਕਲਮ ਤੋਂ ਲਿਖਿਆ--**ਦੁਬਿਧਾ**--ਅਤੇ **ਹੌਂ** ਸ਼ਬਦ ਪੜ੍ਹੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਫ਼ੁਰਮਾਨ ਲਾਗੂ ਹੁੰਦਾ ਦਿੱਸ ਆਇਆ---ਕਬੀਰ **ਜਿਨਹੁ ਕਿਛੂ ਜਾਨਿਆ ਨਹੀ, ਤਿਨ ਸੁਖ ਨੀਦ ਬਿਹਾਇ ॥ ਹਮਹੁ ਜੁ ਬੂਝਾ ਬੂਝਨਾ, ਪੂਰੀ ਪਰੀ ਬਲਾਇ ॥ ੧੮੧ ॥**[੧੩੭੪] ਆਸ ਤਾਂ ਸੀ ਕਿ ਗੁਰਮਤਿ ਸਮਝਣ ਦੀ ਉਕਾਈ ਸਮਝਾਉਣ ਵਾਲਾ ਕੋਈ ਸੇਧ ਪੱਤਰ ਪ੍ਰਾਪਤ ਹੋਵੇਗਾ, ਪਰ ਤੁਸਾਂ ਬਖ਼ਸ਼ਸ਼ਾਂ ਕਰਨ ਤੋਂ ਪਹਿਲਾਂ ਦਾਸ ਦੀ ਨਿੱਜੀ ਜੀਵਨੀ ਤੋਂ ਤਸੱਲੀ ਕਰ ਲੈਣੀ ਠੀਕ ਸਮਝੀ ਹੈ । ਸੋ ਪਹਿਲਾਂ ਆਪ ਦੇ ਹੁਕਮ ਦੀ ਪਾਲਣਾ ਕਰ ਲਵਾਂ, ਆਪਣੇ ਵਲੋਂ ਬਾਕੀ ਜ਼ਰੂਰੀ ਅਰਜ਼ਾਂ ਫੇਰ ਸਹੀ--

ਪੁਸਤਕ ਦਾ ਪਹਿਲਾ ਭਾਗ ਜੋ ੧੯੯੫ ਵਿਚ ਛਪਿਆ ਸੀ ਉਸ ਦੀ ਭੂਮਕਾ ਵਿਚ ਦਾਸ ਨੇ ਅੰਮ੍ਰਿਤ ਪਾਨ ਕਰਨ ਬਾਰੇ ਅਤੇ ਮੁਢਲੀ ਜ਼ਿੰਦਗੀ ਦਾ ਸੰਖੇਪ ਹਾਲ ਲਿਖ ਦਿੱਤਾ ਸੀ। ਆਪ ਜੀ ਨੇ ਸ਼ਾਇਦ ਪੜ੍ਹਨੀ ਪਸੰਦ ਨਾ ਕੀਤੀ ਹੋਵੇ, ਜਾਂ ਉਂਜ ਪੁਸਤਕਾਂ ਦਾ ਪਤਾ ਹੀ ਨਾ ਲੱਗ ਸਕਿਆ ਹੋਵੇ, ਇਸ ਲਈ ਅਜੇਹੇ ਪ੍ਰਸ਼ਨ ਲਿਖ ਭੇਜਣ ਦੀ ਖੇਚਲ ਆਪ ਜੀ ਨੂੰ ਕਰਨੀ ਪਈ। ਆਪ ਜੀ ਦੀ ਸੇਵਾ ਵਿਚ ਪੁੱਜ ਚੁੱਕੇ ਤੀਜੇ ਦੇਵੀ ਚਤ੍ਰਿ--ਭਾਵ, ' ਵਾਰ ਸ੍ਰੀ ਭਗਉਤੀ ਜੀ ਕੀ " ॥ ਲੇਖ ਵਿਚ ਵੀ ਸ੍ਰੀ ਦਸਮ ਗ੍ਰੰਥ ਬਾਰੇ ਆਪਣੇ ਅੰਧ ਵਿਸ਼ਵਾਸ਼ ਦੀ ਸੱਚੀ ਘਟਨਾ ਦਾ ਜ਼ਿਕਰ ਲਿਖਿਆ ਹੋਇਆ ਹੈ।

ਦਾਸ ਨੂੰ ਮਾਤਾ ਦੇ ਉਦਰ ਤੋਂ ਹੀ ਦਸ਼ਮੇਸ਼ ਜੀ ਪ੍ਰਤੀ ਉਚੇਚਾ ਸਤਿਕਾਰ ਅਤੇ ਸ਼ਰਧਾ ਪ੍ਰਾਪਤ ਹੋਈ। ਅਜੇ ਨੌਂਵੀ ਵਿਚ ਹੀ ਸਾਂ ਕਿ ਮਾਤਾ ਜੀ ਨੇ ਖੰਡੇਬਾਟੇ ਦਾ ਅੰਮ੍ਰਿਤ ਪਾਨ ਕਰਵਾ ਦਿੱਤਾ ਸੀ। --ਬਾਣੀਆਂ ਅਤੇ ਨਿਤ ਨੇਮ ਬਾਰੇ **ਦਾਸ ਦੇ ਅਟੱਲ ਵਿਚਾਰ** ਜਾਨਣ ਲਈ ਇਸ ਚਿੱਠੀ ਨਾਲ ਆਇਆ **ਚਿੱਠੀ ਸੰਗ੍ਰਹ ਨੰ: 1** ਦੇ ਦੂਜੇ ਸਫ਼ੇ ਤੇ **ਜ਼ਰੂਰੀ ਸੂਚਨਾ--ਰੂਪ ਨੋਟ ਪੜ੍ਹ**ਨ ਦੀ ਖੇਚਲ ਕਰ ਲੈਣੀ। [That portion is marked with red ink please]

ਆਪ ਜੀ ਦਾ ਇਹ ਕਥਨ--ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ ਵਲੋਂ ਗਿਆਨੀ ਭਾਗ ਸਿੰਘ ਵਿਰੁੱਧ ਜਾਰੀ ਕੀਤੇ ਹੁਕਮਨਾਮੇ--**ਦਾਸ** ਦੀ ਜਾਣਕਾਰੀ ਅਨੁਸਾਰ ਸ਼ਾਇਦ ਸ਼ੁੱਧ ਨਹੀਂ ਹੈ। ਗਿਆਨੀ ਭਾਗ ਸਿੰਘ ਜੀ ਵਿਰੁੱਧ ਹੁਕਮਨਾਮਾ ਜਥੇਦਾਰ ਸਾਧੂ ਸਿੰਘ ਭੌਰਾ ਜੀ ਨੇ ਜਾਰੀ ਕੀਤਾ ਸੀ। ਤੁਸਾਂ ਕੇਵਲ ਇੱਕ ਹੁਕਮਨਾਮੇ ਦਾ ਜ਼ਿਕਰ ਕੀਤਾ ਹੈ ਪਰ ਆਪ ਜੀ ਕੋਲ ਪੁਜ ਰਹੇ ਚਿੱਠੀ ਸੰਗ੍ਰਹ ਨੰ: ੨ ਜੋ ੨੯ ਸਫ਼ੇ ਤੋਂ ਅਰੰਭ ਹੁੰਦਾ ਹੈ, ਉਸ ਵਿਚਲੇ **੩੨** ਸਫ਼ੇ (ਦਿੱਲੀ ਤੋਂ ਭਾਈ ਸਾਹਿਬ ਕਿਰਪਾਲ ਸਿੰਘ) ਦੇ ਪੱਤਰ ਵਿਚ **੧੪ ਅਜੇਹੇ** ਹਵਾਲੇ ਹਨ। ਉਸ ਪੱਤਰ ਦੇ ਉਤਰ ਵਿਚ ਮਿਤੀ ੨ ਫ਼ਰਵਰੀ ੧੯੯੮ ਨੂੰ ਲਿਖੀ ਦਾਸ ਦੀ ਚਿੱਠੀ (ਜੋ ਵੀ ਉਪਰੋਕਤ ਵਰਣਨ **੩੨** ਸਫ਼ੇ ਤੋਂ ਹੀ ਅਰੰਭ ਹੋ ਕੇ ੩੪ ਸਫ਼ੇ ਤੱਕ ਹੈ) ਵਿਚ ਗੁਰਮਤਿ ਵਿਚਾਰ ਲਿਖ ਦਿੱਤੇ ਹੋਏ ਹਨ। ਉਸ ਤੋਂ ਅੱਡ, ਆਪ ਜੀ ਵੱਲ ਦਾਸ ਹੋਰ ਕੀ ਲਿਖ ਸਕਦਾ ਹੈ ?

ਆਪ ਜੀ ਦੇ ਪ੍ਰਸ਼ਨਾਂ ਦੇ ਉੱਤਰ, ਦਾਸ ਨੇ ਆਪ ਜੀ ਦੀ ਸੇਵਾ ਵਿਚ ਭੇਜ ਦਿੱਤੇ ਹਨ। ਭਾਵੇਂ ਲੱਗ ਪਗ ਸਾਰੀਆਂ ਲਿਖਤਾਂ ਵਿਚ ਲਿਖੇ ਜਾ ਚੁੱਕੇ ਸਨ ਪਰ ਫਿਰ ਵੀ, ਆਪਣੇ ਵਿਦਵਾਨ ਵੀਰ ਲਾਂਬਾ ਸਾਹਿਬ ਜੀ ਦੀ ਸੇਵਾ ਵਿਚ ਆਪਣੇ ਸੰਕੇ ਅੱਡ ਕਰਕੇ ਲਿਖਣ ਦਾ ਕਾਰਨ ਕੇਵਲ ਇਹੀ ਹੈ ਕਿ, ਜਿਹੜਾ ਸੱਚ ਲਿਖਣ ਤੋਂ ਸਾਰੇ ਖਿਸਕੀ ਜਾ ਰਹੇ ਹਨ, ਪਤਾ ਨਹੀਂ ਇਹ ਵਿਸ਼ਵਾਸ਼ ਕਿਸ ਵਜਾਹ ਨਾਲ ਬਣ ਗਿਆ ਹੈ ਕਿ ਤੁਸੀਂ ਆਪਣੇ ਹਿਰਦੇ ਦੀ ਆਵਾਜ਼ ਨਾ ਦਬਾਉਂਦੇ ਹੋਏ, ਸੱਚ ਸੱਚ ਲਿਖਣ ਵਿਚ ਕਦੇ ਝਿਜਕ ਨਹੀਂ ਮੰਨਣ ਲੱਗੇ। ਅਤੇ ਦਾਸ ਦੇ ਲਿਖੇ ਹਵਾਲੇ ਨਾਲ ਕੋਈ ਠੋਸ਼ ਗੁਰਮਤਿ ਸੇਧ ਦੀ ਬਖ਼ਸ਼ਸ਼ ਜ਼ਰੂਰ ਕਰੋਗੇ। ਆਪ ਜੀ ਦੇ ਧਿਆਨ ਗੋਚਰੇ ਪ੍ਰਸ਼ਨ ਇਸ ਪ੍ਰਕਾਰ ਹਨ:--

੧) ਦਾਸ ਦੇ ਮਨ ਦੀ ਸਭ ਤੋਂ ਵਡੀ ਦੁਬਿਧਾ ਇਹ ਹੈ ਜੀ---**ਕੀ,** ਸ੍ਰੀ ਅਕਾਲਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬ ਤੋਂ ਲੈ ਕੇ, ਪੰਜ ਪਿਆਰੇ, ਜਾਂ ਸਮੁਚਾ ਪੰਥ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਜੋਤਿ-ਜੁਗਤਿ ਦੇ ਯਾਰ੍ਹਵੇਂ ਅਤੇ **ਸਦੀਵੀ ਪ੍ਰਕਾਸ਼-ਰੂਪ** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਦੀ ਉਲੰਙਣਾਂ ਕਰ ਸਕਣ ਦਾ ਅਧਿਕਾਰੀ ਹੈ ? ਖ਼ਾਲਸਾ ਪੰਥ ਦਾ ਅਥਵਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦਾ ਕੀ, ਉਹ ਅੰਤਮ ਦਿਨ ਨਾ ਹੋਵੇਗਾ ਜਦ ਸਿੱਖ ਜਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਅੱਗੇ ਲੱਘ ਖਲੋਤਾ ਅਥਵਾ ਆਪਣੇ ਜਨਮ ਦਾਤਾ ਗੁਰੂ ਪਰਮੇਸ਼ਰ ਤੋਂ ਵੱਡਾ ਬਣ ਬੈਠੇ ?

੨) ਜੱਲ੍ਹਿਆਂ ਵਾਲੇ ਵਿਖੇ ਨਿਰਦੋਸ਼ ਜਨਤਾ ਨੂੰ ਗੋਲੀਆਂ ਨਾਲ ਭੁੰਨ ਦੇਣ ਵਾਲੇ ਜ਼ਾਲਮ ਗੋਰੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਜੀਨੇ ਸਿਰੋਪਾਉ ਦੇ ਕੇ ਨਿਵਾਜਿਆ, ਉਸ ਵਿਰੁੱਧ ਰੌਲ ਕਿਉ ? ਅਜੋਕੇ ਸਿੰਘ ਸਾਹਿਬ ਜ: ਰਣਜੀਤ ਸਿੰਘ ਜੀ ਨੇ ਉਸ ਡੇਰੇਦਾਰ ਸੰਤ ਅਮਰ ਸਿੰਘ ਨਾਨਕਸਰੀਏ ਕੋਲੋਂ ਸਰੋਪਾ ਲਿਆ ਜਿਨ੍ਹਾਂ ਨੇ **(ੳ)** ਸੁਖਮਨੀ ਸਾਹਿਬ ਦੇ ਗੁਟਕੇ ਵਿਚ ਛਾਪਿਆ ਹੋਇਆ ਕਿ ਹੁਣ ਕਲਜੁਗ ਵਿਚ ਸਤਿਗੁਰ ਨਾਨਕ ਨੇ ੭੪ ਜਾਮੇ ਸੰਤਾਂ ਵਿਚ ਰਹਿਣਾ ਹੈ ਅਤੇ ਕਥਿਤ ਤੌਰ ਤੇ ਆਪ ਗੁਰੂ ਨਾਨਕ ਬਣੇ ਬੈਠੇ ਹਨ, **(ਅ)** ਧਰਮ ਸਿਖਾਉਣ ਲਈ ਬਣਾਈ ਗੁਰੂ ਨਾਨਕ ਜੀ ਦੀ ਧਰਮਸ਼ਾਲ ਨੂੰ ਉਦਾਸੀਆਂ ਨਿਰਮਲਿਆਂ ਨੇ ਦੇਵਤੇ ਦੀ ਪੂਜਾ ਵਾਲੇ ਮੰਦਰਾਂ ਵਾਂਗ ਹੀ ਗੁਰੂ ਦੀ ਪੂਜਾ ਵਾਲਾ ਗੁਰਦੁਆਰਾ ਬਣਾ ਦਿੱਤਾ ਸੀ ਪਰ ਨਾਨਕਸਰੀਆਂ ਨੇ **ਗੁਰੂ ਦੁਆਰੇ ਤੋਂ ਹੁਣ ਠਾਠ** ਬਣਾ ਲਈ, **(ੲ)** ਲੰਗਰ ਦੀ ਗੁਰਮਤਿ ਮਰਯਾਦਾ ਮਿਟਾ ਕੇ ਘਰਾਂ ਤੋਂ ਖਾਣਾ ਤਿਆਰ ਕਰਕੇ **ਠਾਠ** ਵਿਚ ਖਾਣ ਦੀ ਮਰਯਾਦਾ ਚਾਲੂ ਕਰ ਲਈ, **(ਸ)** ਸਤਿਗੁਰਾਂ ਦੀ ਮੀਰੀ ਵਾਲੀ ਸ਼ਾਨ ਦਾ ਪ੍ਰਤੀਕ ਨਿਸ਼ਾਨ ਸਾਹਿਬ ਹਟਾ ਦਿੱਤਾ (ਹ) ਸ੍ਰੀ ਗੁਰੂ ਨਾਨਕ ਜੀ ਦੀ ਤਸਵੀਰ ਦੀ ਪੂਜਾ ਦਾ ਗੁਰਮਤਿ ਵਿਰੋਧੀ ਪਖੰਡ ਰਚਾ ਲਿਆ। ਉਨ੍ਹਾਂ ਵਿਰੁੱਧ ਕੋਈ ਹੁਕਨਾਮਾ ਜਾਰੀ ਕਰਨ ਦੇ ਥਾਂ ਉਨ੍ਹਾਂ ਕੋਲੋਂ ੫੧ ਸੌ ਰੁਪੱਯਾ ਲੈਣਾ ਪ੍ਰਵਾਨ ਕਰਕੇ ਉਨ੍ਹਾਂ ਦੇ ਗੁਰਮਤਿ ਵਿਰੋਧੀ ਕਾਰਿਆਂ ਤੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਦਰਬਾਰ ਦੀ ਸਗੋਂ ਮੋਹਰ ਲਾ ਦਿੱਤੀ ?

੩) ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਜੀ ਨੇ ਪੰਥਕ ਸਿੱਖ ਰਹਿਤ ਮਰਯਾਦਾ ਦੀ ਖੰਡਨਾ ਕਰਦਿਆਂ ਗੋਇੰਦਵਾਲ ਸਹਿਬ ਵਿਖੇ ਮੁਰਦਿਆਂ ਦੇ ਫੁੱਲ ਤਾਰਨ ਦੇ ਘਾਟ ਦਾ ਆਪ ਜਾ ਕੇ ਉਦਘਾਟਨ ਕੀਤਾ। ਦਾਦੂ ਜੀ ਦੀ ਕਬਰ ਵੱਲ ਤੀਰ ਝੁਕਉਂਣ ਦਾ ਸਾਕਾ ਵਰਤਾ ਕੇ ਦਸ਼ਮੇਸ਼ ਜੀ ਨੇ ਗੁਰਸਿੱਖਾਂ ਨੂੰ ਉਤਸ਼ਾਹ ਦਿੱਤਾ ਸੀ ਕਿ ਗੁਰਮਤਿ ਦੀ ਖੰਡਨਾਂ ਭਾਵੇਂ ਮੈਂ ਵੀ ਕਰਾਂ ਤਾਂ ਖਾਲਸਾ ਚੁੱਪ ਨਾ ਰਹੇ। ਅੱਜ ਦੇ ਜਥੇਦਾਰ ਸਾਹਿਬ ਦਸ਼ਮੇਸ਼ ਜੀ ਤੋਂ ਵੀ ਅੱਗੇ ਲੰਘ ਤੁਰੇ ਸਨ ਜਿਸ ਦਾ ਹੀ ਨਤੀਜਾ ਹੈ ਕਿ ਕੈਨੇਡਾ ਦੇ ਬੀ ਸੀ ਪ੍ਰਾਂਤ ਦੀਆਂ ਗੁਰਦੁਆਰਾ ਕਮੇਟੀਆਂ ਨੇ ਬਗ਼ਾਵਤ ਕਰ ਦਿੱਤੌ ਅਤੇ ਉਪ੍ਰੋਕਤ ਗੱਲਾਂ ਤੋਂ ਹੋਰ ਵੀ ਕਈ ਕੁਝ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਸ਼ਾਨ ਦੇ ਬਦਨੁਮਾ ਧੱਬਿਆਂ ਵਾਲਾ ਕਈ ਕੁਝ ਅਖ਼ਬਾਰਾਂ ਵਿਚ ਛਪਿਆ ਤੇ ਨਿਰੰਤਰ ਛਪ ਰਿਹਾ ਹੈ। ਕੀ ਇਹ ਗੁਰੂ ਗ੍ਰੰਥ ਸਾਹਿਬ ਤੋਂ ਅੱਗੇ ਲੰਗ ਤੁਰਨ ਦਾ ਹੀ ਕਾਰਨ ਨਹੀਂ ? ਦਾਸ ਵੋਲੋਂ ਭੇਜਿਆ ਜਥੇਦਾਰ ਸਾਹਿਬ ਨਾਲ ਚਿੱਠੀ ਪੱਤਰ ਪੜ੍ਹ ਕੇ ਦਾਸ ਦੀਆਂ ਭੁੱਲਾਂ ਵੱਲ ਤੁਸੀ ਹੀ ਧਿਆਨ ਦਿਵਾ ਦੇਣਾ ਜਥੇਦਾਰ ਸਾਹਿਬ ਵਲੋਂ ਦਾਸ ਨੂੰ ਇੱਕੋ ਇੱਕ ਚਿੱਠੀ ਆਈ ਸੀ ਉਸ ਦੀ ਫੋਟੋ ਕਾਪੀ ਭੇਜ ਰਿਹਾ ਹਾਂ।

੪) ਜਿਵੇ-- ਅੱਗੇ ਅੱਗੇ ਸਾਰਿਨ ਦੀ ਘੂਕ **ਅਤੇ**, ਉਚੇਚੀਆਂ ਝੰਡੀਆਂ ਨਾਲ ਸ਼ੰਗਾਰੀਆਂ ਕਈ ਕਾਰਾਂ ਦੇ ਜਲੂਸ ਵਿਚ ਉਚੇਚੇ ਸ਼ਹੀ ਮਾਣ ਸਤਿਕਾਰ ਦੀ ਪ੍ਰਦਰਸ਼ਨੀ ਨਾਲ ਬਾਹਰ ਲਿਜਾਇਆ ਜਾਣਾਂ ਅਰੰਭ ਕੀਤਾ ਜਾਣਾ ਜਥੇਦਾਰ ਜੀ ਵਲੋਂ ਸਵੀਕਾਰ ਕੀਤਾ ਜਾ ਰਿਹਾ ਹੈ (ਯਾਦ ਰਹੇ ਕਿ ਜਥੇਦਾਰ ਦਰਸ਼ਨ ਸਿੰਘ ਜੀ ਦੀ ਜਾਨ ਨੂੰ ਖ਼ਤਰਾ ਮੰਨਿਆਂ ਜਾਣ ਦੇ ਕਾਰਨ ਉਨ੍ਹਾਂ ਦੀ ਸੁਰੱਖਿਆ ਲਈ ਉਚੇਚੇ ਪ੍ਰਬੰਧ ਕਰਨ ਤੋਂ ਪਹਿਲਾਂ ਜਥੇਦਾਰ ਅਜਨੋਆ ਜੀ ਤੱਕ ਅਜੇਹੀ ਕਿਸੇ ਪ੍ਰਕਾਰ ਦੀ ਉਚੇਚ ਵੇਖਣ ਵਿਚ ਕਦੇ ਨਹੀਂ ਸੀ ਆਈ) । ਕਿਸੇ ਵੀ ਜਥੇਦਾਰ ਲਈ ਸ਼ਾਹਨਾ ਠਾਠ ਦੀ

ਮਰਯਾਦਾ ਬਨਾਉਣ ਤੋ ਪਹਿਲਾਂ, **ਕੀ,** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬ-ਉੱਚਤਾ ਦਰਸਾਉਣ ਵਾਲੀ ਇਸ ਤੋਂ ਵੀ ਕਈ ਗੁਣਾ ਵੱਧ ਆਦਰ ਸਤਿਕਾਰ ਦੀ ਪ੍ਰਦ੍ਸ਼ਨੀ ਵਾਲੀ ਮਰਯਾਦਾ ਬਣਾਈ ਜਾਣ ਦੀ ਲੋੜ ਮੰਨੀ ਜਾਣੀ ਚਾਹੀਦੀ ਸੀ ਕਿ ਨਹੀ ? ਜਥੇਦਾਰ ਸਾਹਿਬ ਵਾਲੇ ਹੀ ਸਤਿਕਾਰ ਨਾਲ ਸਤਿਗੁਰਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲੈ ਜਾਣਾ ਅਰੰਭ ਕਰਨਾ ਤਾਂ ਕਿਤੇ ਰਿਹਾ, ਕੀ ਅਜੇਹੀ ਗੱਲ ਵਿਚਾਰ ਅਧੀਨ ਵੀ ਕਦੇ ਲਿਆਂਦੀ ਹੈ ? ਇਸ ਗੱਲ ਤੇ ਚਾਨਣਾ ਪਾਉਣ ਦੀ ਖੇਚਲ ਕਰਨੀ ਕਿ- ਕੀ ਅਜੋਕਾ ਜਥੇਦਾਰੀ ਪ੍ਰਬੰਧ ਕਿਤੇ ਗੁਰਸਿੱਖਾਂ ਦੀ ਲਹੂ-ਪਸੀਨੇ ਦੀ ਕਮਾਈ ਤੇ ਐਸ਼ ਕਰਨ ਵਾਲਾ, ਉਹੀ ਪੁਰਾਣਾ ਮਹੰਤੀ ਟੋਲਾ...... .................. ਹੀ ਤਾਂ ਨਹੀਂ ਬਣ ਚੁਕਿਆ ਹੋਇਆ ?

੫) ਆਪ ਜੀ ਦੀ ਸੇਵਾ ਵਿਚ ੨੬ ਮਈ ੧੯੯੮ ਨੂੰ ਲਿਖੀ ਪਹਿਲੀ ਚਿੱਠੀ ਵਿਚਲੇ ਇਨ੍ਹਾਂ ਬਚਨਾਂ ਬਾਰੇ--**[ਜਬ ਲਗ ਖਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਆ ਮੈਂ ਸਾਰਾ। ਭ**ਾਵ, ੧੯੪੯, ਤੋਂ ਤੇਜ ਪ੍ਰਤਾਪ ਖੁੱਸ ਜਾਣਾ ਸਿੱਧ ਕਰਦਾ ਹੈ ਕਿ, ਉਸ ਸਮੇਂ ਤੱਕ ਪੁੱਜਣ ਤੋਂ ਪਹਿਲਾਂ ਹੀ ਖ਼ਾਲਸਾ ਆਪਣੀ ਨਿਆਰੀ ਗੁਰਮਤਿ ਮਰਯਾਦਾ, ਨਿਆਰੀ ਜੀਵਨ ਮਰਯਾਦਾ, ਨਿਆਰਾ ਆਚਰਨ ਗਲ ਕੀ, ਆਪਣੀ ਵਿਲੱਖਣਤਾ ਗੁਆਈ ਤੁਰਿਆ ਆ ਰਿਹਾ ਸੀ। ਕਿਉਂਕਿ ਸਤਿਗੁਰਾਂ ਦੇ ਬਚਨਾਂ ਦਾ ਸਿੱਧਾ ਅਰਥ ਏਹੀ ਬਣਦਾ ਹੈ ਕਿ ਖਾਲਸਾ ਜੀ ਕੋਲ **Dooms Day** ਤੱਕ ਨਿਆਰੀਆਂ ਚੜ੍ਹਤਾਂ ਵਾਲਾ ਰਾਜ-ਭਾਗ ਰਹਿਣ ਦਾ ਸਾਧ ਬਚਨ ਹੋ ਚੁੱਕਾ ਸੀ, ਕੇਵਲ ਸ਼ਰਤ ਨਿਆਰਾ ਰਹਿਣ ਦੀ ਸੀ। ਅਤੇ ਫਿਰ-- **ਜਬ ਇਹ ਗਹੇ ਬਿਪ੍ਰਨ ਕੀ ਰੀਤ । ਮੈਂ ਨਾ ਕਰੂੰ ਇਨਕੀ ਪਰਤੀਤ**- -ਜੇ ਇਸ ਨੇ ਬਿੱਪ੍ਰਨ ਕੀ ਰੀਤ ਅਪਣਾ ਲਈ, ਤਾਂ ਇਹ ਖ਼ਾਲਸਾ ਮੇਰੇ ਲਈ ਬੇਪ੍ਰਤੀਤਾ। ਮੈਂ ਇਸ ਦਾ ਕੁਝ ਨਹੀਂ ਲੱਗਦਾ। ਅਤੀਅੰਤ ਚਿੰਤਾਤੁਰ ਹੋ ਕੇ ਨਵੰਬਰ ੧੯੮੪-- ਤੋਂ ਪੜਚੋਲ ਕਰਨੀ ਅਰੰਭ ਕਰ ਦਿੱਤੀ--" **ਕਿਤੇ ਸਚ ਮੁਚ ਖ਼ਾਲਸਾ ਬਿੱਪ੍ਰਨ ਕੀ ਰੀਤ ਦਾ ਧਾਰਨੀ ਵੀ ਤਾਂ ਨਹੀਂ ਬਣ ਚੁੱਕਾ ? ]** ਤੁਹਾਡਾ ਨਿਜੀ ਵਿਚਾਰ ਕੀ ਹੈ ਜੀ?

੬) ਦਾਸ ਦੀ ਚਿੱਠੀ ਦੇ ਉਤਰ ਵਿਚ ਆਪ ਜੀ ਵੋਂਲੋਂ ਆਏ ਪੱਤਰ ਵਿਚ ਇਹੀ ਸੁਨੇਹਾ ਸੀ--ਆਪ ਜੀ ਦੀ ਚਿੱਠੀ ਲਈ ਧਨਵਾਦ। **ਆਪ ਜੀ ਆਪਣੀ ਲਿਖਤ ਅਤੇ ਪਦਮ ਜੀ ਨੂੰ ਲਿਖੀ ਚਿੱਠੀ ਦੀ ਕਾਪੀ ਭੇਜ ਦੇਵੋ**। ਸਤਿਗੁਰੂ ਜੀ ਦੀ ਬਖ਼ਸ਼ਸ਼ ਕੀਤੀ ਬੁੱਧਿ ਅਤੇ ਜੁਗਤਿ ਅਨੁਸਾਰ **ਆਪਣੇ ਵਿਚਾਰ** ਭੇਜਣ ਦੀ ਕੋਸ਼ਸ਼ ਕਰਾਂਗਾ । ਆਪ ਜੀ ਦੀ ਚਿੱਠੀ ਪਾ ਕੇ ਖ਼ੁਸ਼ੀ ਹੋਈ ਕਿਉਂਕਿ ਸਤਿਕਾਰਯੋਗ ਗੁਰਪੁਰਵਾਸੀ ਗਿ: ਗੁਰਬਚਨ ਸਿੰਘ ਜੀ ਨਾਲ ਸਾਡੇ ਕਾਫ਼ੀ ਨਿੱਘੇ ਅਤੇ ਪਿਆਰੇ ਤੱਲਕ ਸਨ। ੧੯੮੪ ਦੇ ਘਲੂਘਾਰੇ ਨੇ ਸਾਨੂੰ ਪਟਨਾ ਸਾਹਿਬ ਤੋਂ ਇਥੇ ਲੈ ਆਂਦਾ ਹੈ।

ਆਪ ਸਭ ਦੀ ਚੜ੍ਹਦੀ ਕਲਾ ਦੀ ਅਰਦਾਸ ਸਹਿਤ ਆਪ ਦਾ ਵੀਰ

ਗੁਰਚਰਨ ਜੀਤ ਸਿੰਘ

ਤੁਹਾਡੇ ਇਸ ਪਿਆਰ ਸੁਨੇਹੇ ਤੋਂ ਦਾਸ ਦੇ ਮਨ ਵਿਚ ਇਹ ਆਸਾਂ ਬੱਝਣੀਆਂ ਕੁਦਰਤੀ ਗੱਲ ਸੀ, ਕਿ, ਤੁਸੀਂ ਦਾਸ ਦੇ ਲਿਖੇ ਸਭ ਕੁਝ ਨੂੰ ਬੜੇ ਧਿਆਨ ਨਾਲ ਪੜ੍ਹ ਕੇ ਉਨ੍ਹਾਂ ਵਿਚ ਗੁਰਮਤਿ ਵਿਰੋਧੀ ਜਾਂ ਸਚਾਈ ਤੋਂ ਉਖੜੇ ਹੋਏ ਬਚਨਾਂ ਦੇ ਅਧਾਰ ਤੇ ਦਾਸ ਨੂੰ ਗੁਰਮਤਿ ਸੇਧ ਦੀ ਬਖ਼ਸ਼ਸ਼ ਕਰੋਗੇ ?

੩) ਫਿਰ ਬਿਨਾਂ ਕਿਸੇ ਠੋਸ ਹਵਾਲੇ ਦੇ ਜਦ ਇਹ ਲਿਖਿਆ ਆ ਜਾਵੇ--ਮੇਰੀ ਜਾਚੇ ਜੇ ਅਸੀ ਆਪਣੇ **ਅਹੰ** ਨੂੰ ਦਰਕਿਨਾਰ ਕਰ ਕੇ ਅਤੇ ਗੁਰੂ ਪੰਥ ਵਲੋਂ ਲਏ ਨਿਰਣਿਆਂ ਨੂੰ ਅਧਾਰ ਬਣਾਈਏ ਤਾਂ ਕੋਈ ਕਾਰਣ ਨਹੀਂ ਕਿ ਸਾਂਝੀ ਪੰਥਕ ਸੋਚ ਨਾ ਨਿਕਲੇ। ਕੀ, ਇਹ ਕਹਿਣਾ ਠੀਕ ਨਹੀਂ ਹੈ ਕਿ, ਗੁਰੂ ਬਾਣੀ ਦੀ ਓਟ ਵਿਚ ਰਹਿ ਕੇ **ਗੁਰਮਤਿ ਦੇ ਅਨੁਸਾਰ ਆਪਣੀ ਸੋਚਣੀ ਬਨਾਉਣ ਦੀ ਜੋਦੜੀ**, ਕੇਵਲ ਤਦ ਹੀ **ਹੰਕਾਰ** ਹੋ ਦਿੱਸਦੀ ਹੈ-- ਜੇ ਅਸੀਂ ਪੰਥਕ ਫ਼ੈਸਲੇ ਨੂੰ ਗੁਰਬਾਣੀ ਤੇ ਵੀ ਲਾਗੂ ਹੋਣ ਦੀ ਦੁਖਦਾਈ **ਦੁਬਿਧਾ** ਵਿਚ ਫਸ ਚੁੱਕੇ ਹੋਈਏ? **ਹਉਮੈ ਹੰਕਾਰ** ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਜੋ ਗਿਆਨ ਦਾਸ ਨੂੰ ਬਖ਼ਸ਼ਸ਼ ਕੀਤਾ ਹੋਇਆ ਹੈ, ਉਹ ਇਸ ਜੋਦੜੀ ਪੱਤਰ ਦੇ ਨਾਲ (੧੨੭ ਸਫ਼ੇ ਤੋਂ ੧੩੯ ਸਫ਼ੇ ਵਾਲੇ ਲੇਖ) ਵੀ ਆਪ ਜੀ ਦੀ ਸੇਵਾ ਵਿਚ ਭੇਜ ਰਿਹਾ ਹਾਂ ਜੀ

੪) ਦਾਸ ਨੂੰ ਅਜੇ ਵੀ ਯਕੀਨ ਹੈ ਕਿ, ਪਦਮ ਸਾਹਿਬ ਵਲੋਂ ਆਇਆ ਉੱਤਰ ਆਪ ਜੀ ਦੇ ਕੋਲ ਪੁੱਜ ਚੁੱਕਾ ਹੈ। ਸ਼ਾਇਦ--ਭੁਲੇਖਾ ਇਹ ਲੱਗ ਰਿਹਾ ਹੈ ਕਿ ਦਾਸ ਦੇ ਲਿਖੇ ਪੱਤਰ ਸ੍ਰੀ ਅਕਾਲ ਸਹਾਇ ਸੁਸਾਇਟੀ ਦੇ ਸਕੱਤਰ --ਗੁਰਮੁਖਿ ਪਿਆਰੇ ਇੰਦਰਬੀਰ ਸਿੰਘ ਦੁਆਰਾ ਭੇਜੇ ਗਏ ਸਨ--ਪਦਮ ਸਾਹਿਬ ਜੀ ਨੇ ਦਾਸ ਨੂੰ ਸੰਬੋਧਨ ਕਰਨਾ ਨਾ ਝਲਿਆ ਅਤੇ ਦਾਸ ਬਾਰੇ ਆਇਆ ਸਾਰਾ ਗੁੱਸਾ ਇੰਦਰਬੀਰ ਸਿੰਘ ਨੂੰ ਸੰਬੋਧਨ ਕਰਕੇ ਲਿਖ ਭੇਜਿਆ--ਫਿਰ ਵੀ ਆਪ ਜੀ ਦੇ ਹੁਕਮ ਦੀ ਪਾਲਣਾ ਵਿਚ ਉਸ **ਖ਼ਤੋ-ਕਿਤਾਬਤ** ਦਾ ਉਤਾਰਾ ਦੋਬਾਰਾ ਹਾਜ਼ਰ ਹੈ--